Downloaded from https:// www.studiestoday.com

कक्षा 11

# ਪੰਜਾਬੀ ਸਾਹਿਤ-ਦਰਪਣ (ਭਾਗ ਪਹਿਲਾ)

## पंजाबी साहित्य दर्पण (भाग–प्रथम)

### ਪੰਜਾਬੀ ਸਾਹਿਤ (ਚੋਣਵਾਂ ਵਿਸ਼ਾ)

iatkch lkfgR; ¼oSdfYid fo"k;)

कक्षा 11
ਪੰਜਾਬੀ ਸਾਹਿਤ-ਦਰਪਣ (ਭਾਗ ਪਹਿਲਾ) पंजाबी साहित्य दर्पण (भाग–प्रथम)

Downloaded from https:// www.studiestoday.com

Downloaded from https:// www.studiestoday.com

# ਪੰਜਾਬੀ ਸਾਹਿਤ-ਦਰਪਣ (ਭਾਗ ਪਹਿਲਾ)

## पंजाबी साहित्य दर्पण (भाग–प्रथम)

**11ਵੀਂ ਸ਼੍ਰੇਣੀ ਲਈ**
**(कक्षा–11)**

ਪੰਜਾਬੀ ਸਾਹਿਤ (ਚੋਣਵਾਂ ਵਿਸ਼ਾ)

### ਸੰਪਾਦਕੀ ਮੰਡਲ

**ਡਾ. ਇਕਬਾਲ ਸਿੰਘ ਗੋਦਾਰਾ (ਸੰਜੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਡਾ. ਚੰਦਰ ਪ੍ਰਕਾਸ਼**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਐੱਮ.ਐੱਮ.ਡੀ.ਡੀ.ਏ.ਵੀ.ਕਾਲਜ
ਗਿੱਦੜਬਾਹਾ(ਪੰਜਾਬ)

**ਗੁਰਦੀਪ ਸਿੰਘ ਖੋਸਾ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮਲਕਾਣਾ ਖੁਰਦ(ਸ਼੍ਰੀ ਗੰਗਾਨਗਰ)

**ਨਵਰਾਜ ਸਿੰਘ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
9 ਐੱਫ.ਐੱਫ.,ਬੜੋਪਲ(ਸ਼੍ਰੀ ਗੰਗਾਨਗਰ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)

**ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ**

Downloaded from https:// www.studiestoday.com

Downloaded from https:// www.studiestoday.com

## ਪਾਠ-ਕ੍ਰਮ ਸਮਿਤੀ

**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)

## ਧੰਨਵਾਦ

**ਸੰਪਾਦਕੀ ਮੰਡਲ ਅਤੇ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ ਉਹਨਾਂ ਸਾਰੇ ਸੁਹਿਰਦ ਰਚਨਾਕਾਰਾਂ ਦਾ ਦਿਲੋਂ ਧੰਨਵਾਦੀ ਅਤੇ ਰਿਣੀ ਹੈ, ਜਿੰਨਾਂ ਦੀ ਅਮੁੱਲ ਸਿਰਜਣਾ ਅਤੇ ਵਿਚਾਰ ਇਸ ਪੁਸਤਕ ਵਿੱਚ ਸੰਗ੍ਰਹਿਤ ਕੀਤੇ ਗਏ ਹਨ।**

Downloaded from https:// www.studiestoday.com

Downloaded from https:// www.studiestoday.com

# ਭੂਮਿਕਾ

ਕਵਿਤਾ, ਸਾਹਿਤ ਦੀ ਪ੍ਰਧਾਨ ਵਿਧਾ ਦੇ ਰੂਪ ਵਿੱਚ ਕਿਸੇ ਸਮੇਂ ਦੇ ਮਨੁੱਖੀ ਸਮੂਹ ਦੀ ਚੇਤਨਾ ਨਾਲ ਸੰਬੰਧਤ ਹੁੰਦੀ ਹੈ। ਕਵਿਤਾ ਮਨੁੱਖ ਦੇ ਆਲੇ-ਦੁਆਲੇ ਨੂੰ ਵੇਖਣ ਅਤੇ ਨਿਰਖਣ-ਪਰਖਣ ਵਾਲੀ ਕਲਾ ਹੁੰਦੀ ਹੈ। ਮਨੁੱਖ ਕੋਲ ਇਹ ਕਲਾ ਸਦੀਆਂ ਪੁਰਾਣੀ ਹੈ। ਇਸ ਕਲਾ ਨੇ ਮਨੁੱਖੀ ਸਮਾਜ ਨੂੰ ਸਮੇਂ-ਸਮੇਂ ਦਿਸ਼ਾ ਪ੍ਰਦਾਨ ਕੀਤੀ ਹੈ।

ਕਿਸੇ ਸਮੇਂ ਦੀ ਯੁੱਗ-ਬਿਰਤੀ ਨੂੰ ਸੰਬੋਧਿਤ ਹੋ ਕੇ ਹੀ ਮਨੁੱਖੀ ਚੇਤਨਾ ਵਿੱਚ ਹਿਲਜੁਲ ਪੈਦਾ ਕੀਤੀ ਜਾ ਸਕਦੀ ਹੈ। ਮੱਧਕਾਲੀ ਪੰਜਾਬੀ ਕਵਿਤਾ ਦਾ ਬੁਨਿਆਦੀ ਚਰਿੱਤਰ ਵੀ ਇਹੀ ਹੈ ਕਿ ਇਸ ਨੇ ਉਸ ਸਮੇਂ ਦੀ ਆਤਮਾ ਨੂੰ ਅਧਿਆਤਮਕ ਮੁਹਾਵਰੇ ਵਿੱਚ ਪ੍ਰਸਤੁਤ ਕੀਤਾ ਹੈ। ਮੱਧਕਾਲੀ ਕਵਿਤਾ ਦੇ ਪਰਮਾਰਥੀ ਸਰੋਕਾਰਾਂ ਦਾ ਮੁਹਾੜ ਵੇਲੇ ਦੇ ਯਥਾਰਥ ਵੱਲ ਹੈ।

ਅਜਿਹੇ ਸਿਧਾਂਤਕ ਅਤੇ ਵਿਹਾਰਕ ਰੂਪ ਗੁਰੂਬਾਣੀ ਵਿੱਚ ਵੇਖੇ ਜਾ ਸਕਦੇ ਹਨ। ਸਿੱਖ ਗੁਰੂ ਸਾਹਿਬਾਨ ਨੇ ਪੰਜਾਬੀ ਕਵਿਤਾ ਦੇ ਮੁਹਾਂਦਰੇ ਨੂੰ ਘੜਿਆ ਅਤੇ ਇਸ ਦਾ ਇੱਕ ਏਜੰਡਾ ਨਿਰਧਾਰਤ ਕੀਤਾ ਹੈ। ਗੁਰੂਆਂ ਦਾ ਸਮਾਂ ਵਿਚਾਰਧਾਰਕ ਸੰਕਟ ਦਾ ਸਮਾਂ ਹੈ; ਸਭਿਆਚਾਰਕ ਭੇੜ ਮੱਚਿਆ ਹੋਇਆ ਹੈ; ਪਛਾਣ ਦੇ ਸੰਕਟ ਖੜ੍ਹੇ ਹੋ ਰਹੇ ਸਨ। ਜ਼ਾਲਮ ਨੇ ਅੱਤ ਕੀਤੀ ਹੋਈ ਹੈ, ਗੁਰੂ ਸਾਹਿਬਾਨ ਅਜਿਹੀ ਅੱਤ ਦਾ ਮੁਕਾਬਲਾ ਕਾਵਿਕ-ਪ੍ਰਵਚਨ ਦੇ ਰੂਪ ਵਿੱਚ ਆਰੰਭ ਕਰਦੇ ਹਨ। ਫ਼ਰੀਦ ਤੋਂ ਚਲੀ ਆ ਰਹੀ ਪੰਜਾਬੀ ਕਵਿਤਾ ਗੁਰੂ ਨਾਨਕ ਬਾਣੀ ਦੇ ਰੂਪ ਵਿੱਚ ਪ੍ਰਮਾਤਮਾ ਨੂੰ ਸੰਬੋਧਤ ਹੈ। ਇਸ ਸੰਬੋਧਨ ਵਿੱਚ ਗੁਰੂ ਸਾਹਿਬਾਨ ਇਕ ਸੰਘਰਸ਼ ਦਾ ਮੁੱਢ ਬੰਨਦੇ ਹਨ। ਗੁਰਮੁਖ ਪਦ ਦੀ ਪ੍ਰਾਪਤੀ ਲਈ ਜੋ ਸੰਘਰਸ਼ ਕੀਤਾ ਜਾਣਾ ਹੈ ਉਸ ਨੇ ਹੀ ਇੱਕ ਆਦਰਸ਼ ਸਮਾਜ ਲਈ ਰਾਹ ਪੱਧਰਾ ਕਰਨਾ ਹੈ। ਗੁਰਬਾਣੀ ਅਜਿਹੇ ਸਮਾਜ ਦਾ ਦ੍ਰਿਸ਼ ਹੀ ਨਹੀਂ ਸਿਰਜਦੀ, ਇਸ ਦੀ ਸਾਜਣਾ ਲਈ ਦਿਸ਼ਾ ਅਤੇ ਦ੍ਰਿਸ਼ਟੀ ਵੀ ਪ੍ਰਦਾਨ ਕਰਦੀ ਹੈ।

ਇਸੇ ਤਰ੍ਹਾਂ ਹੀ ਸੂਫ਼ੀ ਕਵਿਤਾ ਆਪਣੇ ਨਿਵੇਕਲੇ ਅੰਦਾਜ਼ ਵਿੱਚ ਨੇਕ-ਪਾਕ ਵਿਅਕਤੀ ਦੀ ਸੰਕਲਪਣਾ ਕਰਦੀ ਹੈ। ਸੂਫ਼ੀ ਹੋਣ ਲਈ ਨਿੱਜੀ ਅਲਾਮਤਾਂ ਦਾ ਤਿਆਗ ਕਰਕੇ ਪ੍ਰੇਮ ਦਾ ਰਾਹ ਫੜਨਾ ਪੈਂਦਾ ਹੈ। ਸੂਫ਼ੀ ਅਜਿਹੇ ਸਮਾਜ ਦੀ ਕਲਪਣਾ ਕਰਦੇ ਹਨ, ਜਿਸ ਵਿੱਚ ਪ੍ਰੇਮ ਹੋਵੇ। ਪੰਜਾਬੀ ਸੂਫ਼ੀ ਕਵਿਤਾ ਇਸਲਾਮ ਦੇ ਕੱਟੜ ਧਾਰਮਿਕ ਰੂਪ ਦੀ ਥਾਂ ਪੰਜਾਬੀਅਤ ਦਾ ਪੈਗ਼ਾਮ ਸਿਰਜਦੀ ਹੈ। ਪੰਜਾਬੀ ਸੂਫ਼ੀ ਕਵਿਤਾ ਨੇ ਇਸਲਾਮ ਦਾ ਪੰਜਾਬੀਕਰਨ ਕੀਤਾ ਅਤੇ ਇਸ ਤਰ੍ਹਾਂ ਪੰਜਾਬੀ ਕਵਿਤਾ ਦਾ ਚਰਿੱਤਰ, ਨਵਾਂ ਰੂਪ ਅਖਤਿਆਰ ਕਰ ਗਿਆ ਹੈ।

ਪੰਜਾਬੀ ਕਿੱਸਾ ਕਵਿਤਾ ਲੌਕਿਕ ਅਤੇ ਅਲੌਕਿਕ ਪ੍ਰੇਮ ਦੀ ਬਾਤ ਪਾਉਂਦੀ ਹੈ। ਕਿੱਸਾ ਕਵੀ ਪੰਜਾਬੀ ਕਵਿਤਾ ਦੇ ਅਧਿਆਤਮਕ ਦਾਇਰੇ ਨੂੰ ਇੱਕ ਨਵਾਂ ਪਾਸਾਰ ਪ੍ਰਦਾਨ ਕਰਦੇ ਹਨ। ਦੁਨਿਆਵੀ ਇਸ਼ਕ ਦੀ ਬਾਤ ਪਾਉਂਦੇ ਹੋਏ ਉਹ ਪੰਜਾਬੀ ਸਮਾਜ ਦੀਆਂ ਸਮੱਸਿਆਵਾਂ ਨੂੰ ਸੰਬੋਧਤ ਹੁੰਦੇ ਹਨ। ਪੰਜਾਬੀ ਕਿੱਸਾ ਕਵਿਤਾ ਮੱਧਕਾਲੀ ਪੰਜਾਬੀ ਸਭਿਆਚਾਰ ਦੀ ਮੂੰਹ-ਬੋਲਦੀ ਤਸਵੀਰ ਹੈ। ਪੰਜਾਬੀਆਂ ਦੀ ਬੀਰ-ਭਾਵਨਾ ਬੀਰ ਰਸੀ ਕਵਿਤਾ ਵਿੱਚ ਪ੍ਰਗਟ ਹੋਈ ਹੈ। ਵਾਰਾਂ ਅਤੇ ਜੰਗਨਾਮੇ ਪੰਜਾਬੀ ਸਾਹਿਤ ਦਾ ਸਰਮਾਇਆ ਹਨ।

ਇਸ ਪਾਠ-ਪੁਸਤਕ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਮੱਧਕਾਲੀ ਪੰਜਾਬੀ ਕਵੀਆਂ ਵਿੱਚੋਂ ਕੁਝ ਕਵੀਆਂ ਦੀਆਂ ਰਚਨਾਵਾਂ ਦੇ ਅੰਸ਼ ਪੜ੍ਹਣ ਲਈ ਦਿੱਤੇ ਗਏ ਹਨ । ਇਸ ਦਾ ਮਨੋਰਥ ਵਿਦਿਆਰਥੀਆਂ ਨੂੰ ਮੱਧ-ਕਾਲੀ ਪੰਜਾਬੀ ਕਵਿਤਾ ਵੱਲ ਪ੍ਰੇਰਿਤ ਕਰਨਾ ਹੈ।

ਮਨੁੱਖ ਆਪਣੇ ਆਲੇ ਦੁਆਲੇ ਦੇ ਵਰਤ-ਵਰਤਾਰਿਆਂ ਤੋਂ ਹੀ ਸਿੱਖਿਆ ਗ੍ਰਹਿਣ ਕਰਦਾ ਹੈ। ਇਤਿਹਾਸਕ ਘਟਨਾਵਾਂ ਦੀ ਪੁਣ-ਛਾਣ ਵਿਚੋਂ ਭਵਿੱਖ ਦੀ ਯੋਜਨਾਬੰਦੀ ਲਈ ਜੁਗਤਾਂ ਪ੍ਰਾਪਤ ਹੋ ਸਕਦੀਆਂ ਹਨ। ਇਸੇ ਤਰ੍ਹਾਂ ਸਮਾਜਕ ਤੌਰ 'ਤੇ ਹੋ ਚੁੱਕੇ ਆਦਰਸ਼-ਵਿਅਕਤੀ ਵੀ ਪ੍ਰੇਰਨਾ ਦਾ ਸੋਮਾ ਹੁੰਦੇ ਹਨ। ਸਮਕਾਲੀ

Downloaded from https:// www.studiestoday.com

Downloaded from https:// www.studiestoday.com

ਸਮਿਆਂ ਵਿੱਚ ਵਿਚਰ ਰਹੇ ਸੂਝਵਾਨ ਲੋਕਾਂ ਦੀ ਪਛਾਣ ਕਰਨੀ ਸ਼ਖ਼ਸੀ-ਵਿਕਾਸ ਲਈ ਅਤਿ ਜ਼ਰੂਰੀ ਮਸਲਾ ਹੈ। ਇੰਜ ਸਵੈ-ਵਿਕਾਸ ਲਈ ਕਿਸੇ ਨਾ ਕਿਸੇ ਮਾਡਲ ਦੀ ਜ਼ਰੂਰਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਅਕਾਦਮਿਕ ਪੱਧਰ 'ਤੇ ਫੈਲ ਰਹੇ ਬੌਧਿਕ-ਧੁੰਦਲਕੇ ਦਰਮਿਆਨ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਵਿਦਿਆਰਥੀਆਂ ਦੀ ਜਾਣ-ਪਛਾਣ ਉਹਨਾਂ ਸ਼ਖ਼ਸੀਅਤਾਂ ਨਾਲ ਕਰਵਾਈ ਜਾਵੇ, ਜਿਹਨਾਂ ਨੇ ਅਧਿਆਤਮਕ, ਸਮਾਜਕ, ਸਾਹਿਤਕ, ਆਰਥਕ ਖੇਤਰਾਂ ਵਿੱਚ ਨਿਸ਼ਕਾਮ-ਸੇਵਾ, ਬਹਾਦਰੀ ਤੇ ਦੇਸ਼ ਭਗਤੀ, ਧਰਮ, ਸੰਘਰਸ਼, ਗਿਆਨ, ਪੰਜਾਬੀਅਤ ਆਦਿ ਖੇਤਰਾਂ ਵਿੱਚ ਆਦਰਸ਼ਮਈ ਯੋਗਦਾਨ ਪਾਇਆ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਲੋਕ-ਸਮੂਹ ਦੇ ਗਿਆਨ ਦਾ ਆਦਰਸ਼ ਸੋਮਾ ਹੈ। ਇਸ ਵਿਚ ਗੁਰੂ ਬਾਣੀ ਦੇ ਨਾਲ ਹੀ ਭਗਤਾਂ, ਭੱਟਾਂ ਅਤੇ ਸੂਫ਼ੀ ਫ਼ਕੀਰ ਸ਼ੇਖ ਫ਼ਰੀਦ ਦੀ ਬਾਣੀ ਵੀ ਸੰਕਲਿਤ ਕੀਤੀ ਗਈ ਹੈ। ਇਹਨਾਂ ਵਿਚੋਂ ਕੁੱਝ ਇੱਕ ਦਾ ਸੰਬੰਧ ਭਾਵੇਂ ਪੰਜਾਬ ਦੀ ਧਰਤੀ ਨਾਲ ਨਹੀਂ ਪਰ ਫਿਰ ਵੀ ਉਹ ਪੰਜਾਬੀਅਤ ਦੇ ਘੇਰੇ 'ਚ ਆ ਗਏ ਹਨ। ਦਰਅਸਲ ਪੰਜਾਬੀ ਲੋਕਾਂ ਨੇ ਉਹਨਾਂ ਦੇ ਅਧਿਆਤਮਕ ਉੱਤਕਰਸ਼ ਕਰਕੇ ਸਿਰ ਮੱਥੇ 'ਤੇ ਬੈਠਾਇਆ ਹੈ। ਭਗਤ ਧੰਨਾ ਜੀ ਜਨਮ ਰੂਪ ਵਿਚ ਭਾਵੇਂ ਰਾਜਸਥਾਨ ਨਾਲ ਸੰਬੰਧ ਰੱਖਦੇ ਹਨ ਪਰ ਉਹ ਆਪਣੀ ਸਾਧਨਾ ਅਤੇ ਪਰਮਾਰਥੀ ਸਾਦਗੀ ਕਾਰਨ ਪੰਜਾਬੀ ਲੋਕਾਂ ਵਿਚ ਹਰਮਨ ਪਿਆਰੇ ਕਵੀ ਹਨ। ਰਾਜਸਥਾਨ 'ਚ ਹੀ ਨਹੀਂ ਸਗੋਂ ਪੰਜਾਬ ਵਿੱਚ ਵੀ ਭਗਤ ਧੰਨਾ ਜੀ ਸਨਮਾਨਿਤ ਅਧਿਆਤਮਕ ਸ਼ਖ਼ਸੀਅਤ ਹਨ।

ਭਾਈ ਜੈਤਾ ਜੀ ਗੁਰੂ ਸਾਹਿਬਬਾਨ ਦੀ ਮਾਨਵਵਾਦੀ ਦ੍ਰਿਸ਼ਟੀ ਦੇ ਪਾਤਰ ਸਨ। ਆਪਣੀ ਅਦੁੱਤੀ ਸੇਵਾ ਕਰਕੇ ਹੀ ਉਹ ਗੁਰੂ-ਪੁੱਤਰ ਦਾ ਦਰਜਾ ਹਾਸਲ ਕਰ ਗਏ।

ਭਾਈ ਘਨੱਈਆ ਦੀ ਮਾਨਵ-ਪੱਖੀ ਸੋਚ ਦਾ ਕੋਈ ਮੁਕਾਬਲਾ ਨਹੀਂ। ਗੁਰਬਾਣੀ ਦੇ ਸਿਧਾਂਤ ਦਾ ਵਿਵਹਾਰਕ ਰੂਪ ਪ੍ਰਸਤੁਤ ਕਰਦੇ ਹੋਏ, ਭਾਈ ਘਨੱਈਆ ਜ਼ਖਮੀਆਂ ਦੀ ਸੇਵਾ ਬਿਨਾਂ ਕਿਸੇ ਭਿੰਨ-ਭੇਦ ਦੇ ਕਰਦੇ ਹਨ।

ਮਾਈ ਭਾਗੋ ਭਗਤੀ ਅਤੇ ਸ਼ਕਤੀ ਦਾ ਮੁਜ਼ੱਸਮਾ ਹੈ। ਉਹ ਪੰਜਾਬੀ ਔਰਤ ਦਾ ਆਦਰਸ਼ ਰੂਪ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਛੋਹ ਪ੍ਰਾਪਤ ਮਾਧੋ ਦਾਸ ਬੈਰਾਗੀ, ਬੰਦਾ ਸਿੰਘ ਬਹਾਦਰ ਹੋ ਨਿਬੜਿਆ। ਜ਼ੁਲਮ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬੰਦਾ ਸਿੰਘ ਸ਼ਹਾਦਤ ਦੀ ਲਾਸਾਨੀ ਮਿਸਾਲ ਹੈ।

ਧਰਮ-ਕਰਮ ਦੇ ਖੇਤਰ ਤੋਂ ਬਿਨਾਂ ਪੰਜਾਬੀ ਵਿਅਕਤੀਆਂ ਨੇ ਪੰਜਾਬੀ-ਭਾਸ਼ਾ ਚਿੰਤਨ ਵਿਚ ਵੀ ਭਰਪੂਰ ਯੋਗਦਾਨ ਪਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਪੰਜਾਬੀ ਦਾ ਮਹਾਨ ਕੋਸ਼ ਤਿਆਰ ਕਰਕੇ ਇਕ ਸੰਸਥਾ ਵਰਗਾ ਕਾਰਜ ਕੀਤਾ ਹੈ। ਇਹ ਮਹਾਨ ਕੋਸ਼ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦਾ ਪ੍ਰਮਾਣਿਕ ਸੋਮਾ ਹੈ।

ਨਿਆਸਰਿਆਂ ਦੇ ਆਸਰੇ ਵਜੋਂ ਸੇਵਾ ਦੀ ਮੂਰਤ ਭਗਤ ਪੂਰਨ ਸਿੰਘ ਵਰਗੀ ਸ਼ਖ਼ਸੀਅਤ ਦੀ ਮਿਸਾਲ ਤਾਂ ਮਨੁੱਖਤਾ ਦੇ ਇਤਿਹਾਸ ਵਿੱਚ ਦੁਰਲੱਭ ਹੈ।

ਪ੍ਰੋ. ਸਾਹਿਬ ਸਿੰਘ ਨੇ ਆਪਣਾ ਸਮੁੱਚਾ ਜੀਵਨ ਹੀ ਗੁਰਬਾਣੀ ਦੀ ਵਿਆਖਿਆ ਨੂੰ ਸਮਰਪਿਤ ਕਰ ਦਿੱਤਾ। ਉਹਨਾਂ ਦੁਆਰਾ ਗੁਰਬਾਣੀ ਵਿਆਕਰਣ ਵਿਚ ਪਾਇਆ ਯੋਗਦਾਨ ਆਪਣੇ ਆਪ 'ਚ ਗੁਰਬਾਣੀ ਚਿੰਤਨ ਦਾ ਮੀਲ ਪੱਥਰ ਹੈ। ਅਜਿਹੀ ਪ੍ਰਤੀਬੱਧਤਾ ਕਿਸੇ ਦਾ ਵੀ ਪ੍ਰੇਰਨਾ ਸਰੋਤ ਹੋ ਸਕਦੀ ਹੈ।

ਬਲਰਾਜ ਸਾਹਨੀ ਨੇ ਆਪਣੇ ਜੀਵਨ-ਨਿਰਬਾਹ ਲਈ ਫ਼ਿਲਮ ਜਗਤ ਨੂੰ ਚੁਣਿਆ ਪਰ ਉਸ ਦੀ ਰੂਹ 'ਚ ਪੰਜਾਬੀਅਤ ਲਈ ਤੜਪ ਸੀ। ਉਹ ਬੰਬਈ ਦੀ ਫ਼ਿਲਮ-ਨਗਰੀ 'ਚ ਵਿਚਰਦਾ ਅਭਿੱਜ ਰਹਿ ਕੇ ਉੱਚ ਪਾਇ ਦੀ ਪੰਜਾਬੀ ਸਾਹਿਤਕਾਰੀ ਨੂੰ ਸਮਰਪਿਤ ਰਿਹਾ।

Downloaded from https:// www.studiestoday.com

Downloaded from https:// www.studiestoday.com

ਪੰਜਾਬੀ ਲੋਕਾਂ ਦੇ ਖ਼ੂਨ ਵਿਚ ਯੁੱਧ ਦਾ ਚਾਅ ਹੈ। ਬਹਾਦਰੀ ਦੇ ਇਸੇ ਜਜ਼ਬੇ ਕਰਕੇ ਭਾਰਤੀ ਫੌਜਾਂ ਲਈ ਪੰਜਾਬੀ ਲੋਕ ਇਕ ਕੁਦਰਤੀ-ਸਰੋਤ ਰਹੇ ਹਨ। ਯੁੱਧ-ਖੇਤਰ ਵਿਚ ਮੱਲਾਂ ਮਾਰਨ ਵਾਲੇ ਪੰਜਾਬੀਆਂ ਦੀ ਇਕ ਲੰਬੀ-ਸੂਚੀ ਹੈ; ਜਿਸ ਵਿੱਚ ਇੱਕ ਤੋਂ ਇੱਕ ਚੜ੍ਹ ਕੇ ਪੰਜਾਬੀ ਯੋਧਿਆਂ ਦੇ ਨਾਂ ਆਉਂਦੇ ਹਨ, ਜਿੰਨ੍ਹਾਂ ਨੇ ਭਾਰਤੀ ਫੌਜ ਦਾ ਹਿੱਸਾ ਬਣ ਕੇ ਦੁਸ਼ਮਣ ਦੇ ਦੰਦ ਖੱਟੇ ਕੀਤੇ। ਜਨਰਲ ਜਗਜੀਤ ਸਿੰਘ ਅਰੋੜਾ ਯੁੱਧ-ਖੇਤਰ ਦੀ ਅਜਿਹੀ ਹੀ ਸ਼ਖ਼ਸੀਅਤ ਹਨ।

ਪੰਜਾਬੀ ਵਿਅਕਤੀ ਕੇਵਲ ਬਾਹਰੀ ਦੁਸ਼ਮਣ ਨਾਲ ਹੀ ਲੋਹਾ ਨਹੀਂ ਲੈਂਦੇ, ਸਗੋਂ ਉਹ ਲੋਕ-ਦੁਸ਼ਮਣਾਂ ਨੂੰ ਵੀ ਸਿੱਧੇ ਹੋ ਕੇ ਟੱਕਰਦੇ ਹਨ। ਗੁਰਸ਼ਰਨ ਸਿੰਘ(ਭਾਈ ਮੰਨਾ ਸਿੰਘ) ਅਜਿਹਾ ਰੰਗਕਰਮੀ ਹੈ, ਜਿਸਨੇ ਆਪਣਾ ਜੀਵਨ ਲੋਕ-ਸੰਘਰਸ਼ ਨੂੰ ਸਮਰਪਿਤ ਕਰ ਦਿੱਤਾ।

ਪੰਜਾਬੀ ਵਿਅਕਤੀਆਂ ਦੀਆਂ ਪ੍ਰਾਪਤੀਆਂ ਦਾ ਘੇਰਾ ਸਾਹਿਤ-ਸਿਰਜਣਾ ਵਿੱਚ ਵੀ ਕਿਸੇ ਨਾਲੋਂ ਘੱਟ ਨਹੀਂ। ਗੁਰਦਿਆਲ ਸਿੰਘ ਨਾਵਲਕਾਰ ਦੇ ਤੌਰ 'ਤੇ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਸ ਦੇ ਨਾਵਲ ਭਾਰਤੀ ਭਾਸ਼ਵਾਂ ਵਿਚ ਵੀ ਅਨੁਵਾਦ ਹੋਏ ਹਨ। ਸਾਹਿਤਕਾਰੀ ਸੰਬੰਧੀ ਸਾਰੇ ਭਾਰਤੀ ਮਾਨ-ਸਨਮਾਨ ਗੁਰਦਿਆਲ ਸਿੰਘ ਨੇ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾਏ ਹਨ। ਉਹ ਪੰਜਾਬੀਅਤ ਦੀ ਵੱਡੀ ਪ੍ਰਾਪਤੀ ਹੈ।

ਖੇਤੀਬਾੜੀ ਪੰਜਾਬੀ ਲੋਕਾਂ ਦਾ ਪ੍ਰਮੁੱਖ ਕਿੱਤਾ ਹੈ। ਘਰ, ਖੇਤੀਬਾੜੀ ਸੰਬੰਧੀ ਵਿਗਿਆਨਕ ਸੂਝ 20ਵੀਂ ਸਦੀ ਵਿੱਚ ਹੀ ਪੈਦਾ ਹੋਈ ਹੈ। ਖੇਤੀਬਾੜੀ ਨੂੰ ਆਰਥਕ ਦ੍ਰਿਸ਼ਟੀਕੋਣ ਤੋਂ ਵਿਚਾਰਨ ਦੇ ਖੇਤਰ ਵਿਚ ਸਰਦਾਰਾ ਸਿੰਘ ਜੋਹਲ ਅੰਤਰਰਾਸ਼ਟਰੀ ਪੱਧਰ ਦਾ ਖੇਤੀਬਾੜੀ ਅਰਥਸ਼ਾਸ਼ਤਰੀ(Agriculture Economist) ਹੈ। ਸਮਕਾਲੀ ਸਮਿਆਂ ਵਿਚ ਉਸਨੂੰ ਆਪਣੇ ਖੇਤਰ ਦਾ ਸਭ ਤੋਂ ਸਿਆਣਾ ਪੰਜਾਬੀ ਵਿਅਕਤੀ ਕਿਹਾ ਜਾ ਸਕਦਾ ਹੈ।

ਇੰਜ ਸਾਡੀ ਕੋਸ਼ਿਸ਼ ਇਹੀ ਰਹੀ ਹੈ ਕਿ ਪੰਜਾਬੀ ਵਿਦਿਆਰਥੀਆਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਜਾ ਸਕੇ ਕਿ ਪੰਜਾਬੀ ਕੇਵਲ ਖਾਣ-ਪੀਣ, ਪਹਿਨਣ ਦੇ ਹੀ ਸ਼ੌਕੀਨ ਨਹੀਂ, ਸਗੋਂ ਗਿਆਨ-ਵਿਗਿਆਨ ਦੇ ਖੇਤਰਾਂ ਵਿਚ ਵੀ ਉਹਨਾਂ ਨੇ ਭਰਪੂਰ ਮੱਲਾਂ ਮਾਰੀਆਂ ਹਨ।

ਇਹਨਾਂ ਨਿਬੰਧਾਂ ਵਿਚ ਪੰਜਾਬੀ ਸ਼ਖ਼ਸੀਅਤਾਂ ਦੇ ਸੰਖੇਪ ਜੀਵਨੀ-ਮੂਲਕ ਵੇਰਵੇ ਅਤੇ ਪ੍ਰਾਪਤੀਆਂ ਨੂੰ ਦਰਸਾਇਆ ਗਿਆ ਹੈ।ਉਮੀਦ ਹੈ ਕਿ ਇਹ ਨਿਬੰਧ ਵਿਦਿਆਰਥੀਆਂ ਵਿੱਚ ਇਹਨਾਂ ਸ਼ਖ਼ਸੀਅਤਾਂ ਬਾਰੇ ਹੋਰ ਜਾਨਣ ਦੀ ਜਗਿਆਸਾ ਪੈਦਾ ਕਰਨਗੇ।

ਹੁਣ ਇਹ ਜ਼ਿੰਮੇਵਾਰੀ ਅਧਿਆਪਕਾਂ ਦੀ ਹੈ ਕਿ ਉਹ ਇਹਨਾਂ ਸ਼ਖ਼ਸੀਅਤਾਂ ਸੰਬੰਧੀ ਭਰਪੂਰ ਜਾਣਕਾਰੀ ਵਿਦਿਆਰਥੀਆਂ ਤੱਕ ਪਹੁੰਚਦੀ ਕਰਨ...!

ਕਿਸੇ ਭਾਸ਼ਾ ਦੇ ਸਾਹਿਤ ਅਧਿਐਨ ਲਈ ਇੱਕ ਤੋਂ ਵਧੇਰੇ ਮਨੋਰਥ, ਰੁਚੀਆਂ ਜਾਂ ਵਿਧੀਆਂ ਹੋ ਸਕਦੀਆਂ ਹਨ। ਸਾਹਿਤ ਇੱਕ ਕਲਾ ਰੂਪ ਹੈ। ਇਸ ਦਾ ਸਮਾਜਕ, ਰਾਜਨੀਤਕ, ਸਭਿਆਚਾਰਕ, ਮਨੋਵਿਗਿਆਨਕ ਆਧਾਰ ਅਤੇ ਵਿਸ਼ੇਗਤ ਸੰਦਰਭ ਹੁੰਦਾ ਹੈ। ਇੰਝ ਸਾਹਿਤ ਵਿੱਚ ਇੱਕ ਵਿਚਾਰਧਾਰਾ ਹੁੰਦੀ ਹੈ ਅਤੇ ਇਸ ਵਿਚਾਰਧਾਰਾ ਦਾ ਅਭਿਵਿਅੰਜਨ ਕਲਾ-ਜੁਗਤਾਂ ਰਾਹੀਂ ਹੁੰਦਾ ਹੈ। ਸਾਹਿਤ ਇੱਕ ਉਕਤੀ ਦੀ ਬਜਾਇ ਸੁਹਜ-ਬਿੰਬ ਹੁੰਦਾ ਹੈ। ਇਸ ਦਾ ਭਾਵ ਇਹ ਕਿ ਸਾਹਿਤ ਅਧਿਐਨ ਲਈ ਸਾਹਿਤ ਰੂਪ ਅਤੇ ਤੱਤਾਂ ਨੂੰ ਧਿਆਨ ਵਿੱਚ ਲਿਆਉਣਾ ਬਹੁਤ ਜ਼ਰੂਰੀ ਹੁੰਦਾ ਹੈ। ਕਿਸੇ ਸਾਹਿਤ ਦੀ ਇੱਕ ਪਰੰਪਰਾ ਹੁੰਦੀ ਹੈ। ਕਾਲ ਬੱਧ-ਰੂਪ ਵਿੱਚ ਇਸ ਦਾ ਇੱਕ ਇਤਿਹਾਸ ਹੁੰਦਾ ਹੈ।

ਇਸ ਪੁਸਤਕ ਵਿੱਚ ਗਿਆਰਵੀਂ ਦੇ ਵਿਦਿਆਰਥੀਆਂ ਨੂੰ ਪ੍ਰਮੁੱਖ ਤੌਰ ਤੇ ਮੱਧਕਾਲੀ ਸਾਹਿਤ ਰੂਪਾਂ ਜਿਵੇਂ ਵਾਰ, ਕਿੱਸਾ, ਕਾਫ਼ੀ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਸੰਦਰਭ ਵਿੱਚ ਛੰਦਾਂ ਅਤੇ ਅਲੰਕਾਰਾਂ ਦਾ ਗਿਆਨ ਹੋਣਾ ਅਤਿ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਥੇ ਕੁਝ ਚੋਣਵੇਂ ਪੰਜਾਬੀ ਛੰਦਾਂ ਅਤੇ ਅਲੰਕਾਰਾਂ ਨਾਲ ਵੀ ਜਾਣ-ਪਛਾਣ ਕਰਵਾਈ ਗਈ ਹੈ।

Downloaded from https:// www.studiestoday.com

Downloaded from https:// www.studiestoday.com

ਇਸ ਪੁਸਤਕ ਵਿਚ ਨਾਵਲ, ਜੀਵਨੀ ਅਤੇ ਸਫ਼ਰਨਾਮਾ ਵਰਗੇ ਆਧੁਨਿਕ ਸਾਹਿਤ ਰੂਪਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਇਸ ਦਾ ਕਾਰਨ ਇਹ ਕਿ ਇਹਨਾਂ ਆਧੁਨਿਕ ਸਾਹਿਤ ਰੂਪਾਂ ਦੇ ਬੀਜ-ਰੂਪ ਅਤੇ ਰੂੜ੍ਹੀਆਂ ਮੱਧ ਕਾਲੀਨ ਪੰਜਾਬੀ ਸਾਹਿਤ ਰੂਪਾਂ ਵਿੱਚ ਵੀ ਮੌਜੂਦ ਹਨ।

ਕਿਸੇ ਭਾਸ਼ਾ ਦੇ ਭਿੰਨ-ਭਿੰਨ ਸਾਹਿਤ ਰੂਪਾਂ ਦੇ ਵਿਕਾਸ ਅਤੇ ਸਾਹਿਤ ਵਿਸ਼ੇ-ਵਸਤੂ ਦੇ ਸਿਲਸਿਲੇਵਾਰ, ਲੜੀਬੱਧ ਅਧਿਐਨ ਨੂੰ ਸਾਹਿਤ ਦਾ ਇਤਿਹਾਸ ਕਿਹਾ ਜਾਂਦਾ ਹੈ। ਪੰਜਾਬੀ ਸਾਹਿਤ ਦੇ ਵਿਦਵਾਨਾਂ ਨੇ ਸਾਹਿਤ ਅਧਿਐਨ ਦੇ ਇਸ ਪੱਖ ਵੱਲ ਧਿਆਨ ਦਿੱਤਾ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਵਿੱਚ ਡਾ. ਮੋਹਨ ਸਿੰਘ ਦੀਵਾਨਾ, ਮੌਲਾ ਬਖਸ਼ ਕੁਸ਼ਤਾ, ਬਾਵਾ ਬੁੱਧ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੋਪਾਲ ਸਿੰਘ ਦਰਦੀ, ਡਾ. ਬਨਾਰਸੀ ਦਾਸ ਜੈਨ, ਡਾ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ, ਡਾ. ਰਾਜਿੰਦਰ ਸਿੰਘ ਸੇਖੋਂ, ਡਾ. ਬ੍ਰਹਮਜਗਦੀਸ਼ ਸਿੰਘ ਆਦਿ ਨਾਂ ਪ੍ਰਮੁੱਖ ਹਨ।

ਇਹਨਾਂ ਇਤਿਹਾਸਕਾਰਾਂ ਦੁਆਰਾ ਕੀਤੇ ਯਤਨਾਂ ਸਦਕਾ ਮੱਧਕਾਲੀ ਪੰਜਾਬੀ ਸਾਹਿਤ ਦੀ ਜੋ ਇਤਿਹਾਸ-ਰੇਖਾ ਬਣਦੀ ਹੈ, ਉਸ ਨਾਲ ਪੰਜਾਬੀ ਵਿਦਿਆਰਥੀਆਂ ਦੀ ਜਾਣ-ਪਛਾਣ ਬਹੁਤ ਜ਼ਰੂਰੀ ਪ੍ਰਤੀਤ ਹੁੰਦੀ ਹੈ। ਇੱਥੇ ਪੰਜਾਬੀ ਦੇ ਵਿਦਿਆਰਥੀਆਂ ਨੂੰ ਆਦਿ ਕਾਲ ਤੋਂ ਲੈ ਕੇ 1850 ਤੱਕ ਦੇ ਸਾਹਿਤ ਸੰਬੰਧੀ ਇਤਿਹਾਸਮੂਲਕ ਅਤੇ ਵਿਧਾਮੂਲਕ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ।

ਅੰਤ ਸੁਝਵਾਨ ਪਾਠਕਾਂ ਦੇ ਮੁੱਲਵਾਨ ਸੁਝਾਵਾਂ ਦੀ ਖਿੜੇ ਮੱਥੇ ਉਡੀਕ ਰਹੇਗੀ.......।

ਧੰਨਵਾਦ ਸਹਿਤ।

**ਸੰਯੋਜਕ**

Downloaded from https:// www.studiestoday.com

Downloaded from https:// www.studiestoday.com

## ਜਮਾਤ–11

## ਵਿਸ਼ਾ–ਪੰਜਾਬੀ ਸਾਹਿਤ

**ਸਮਾਂ–3:15 ਘੰਟੇ** **ਅੰਕ– 100**

| ਨੰ. | ਸਿੱਖਿਆ ਖੇਤਰ | ਅੰਕ | ਪੀਰੀਅਡ |
|---|---|---|---|
| 1. | ਅਣਡਿੱਠਾ ਪੈਰ੍ਹਾ | 10 | 15 |
| 2. | ਪ੍ਰੈੱਸ-ਨੋਟ | 05 | 15 |
| 3. | ਨਿਬੰਧ ਰਚਨਾ | 10 | 15 |
| 4. | ਪਾਠ–ਪੁਸਤਕ | 75 | 285 |

**1. ਅਣਡਿੱਠਾ ਪੈਰ੍ਹਾ ( 150 ਸ਼ਬਦ)** **(ਅੰਕ–10)**

ਵਾਰਤਕ–ਅੰਸ਼ ਵਿੱਚੋਂ ਸਿਰਲੇਖ ਦੀ ਚੋਣ, ਵਿਸ਼ਾ–ਵਸਤੂ ਬੋਧ ਅਤੇ ਸ਼ਬਦਾਰਥ ਨਾਲ ਸੰਬੰਧਤ ਬਰਾਬਰ ਅੰਕਾਂ ਦੇ ਪੰਜ ਪ੍ਰਸ਼ਨ ਪੁੱਛੇ ਜਾਣਗੇ।

**2. ਪ੍ਰੈੱਸ–ਨੋਟ ( ਦੋ ਵਿੱਚੋਂ ਇੱਕ)** **(ਅੰਕ–05)**

**3. ਨਿਬੰਧ–ਰਚਨਾ** **(ਅੰਕ–10)**

ਕਿਸੇ ਇੱਕ - ਸ਼ਖ਼ਸੀਅਤ, ਸਮਾਜਕ, ਸਭਿਆਚਾਰਕ ਅਤੇ ਸਮਕਾਲੀ –ਵਿਸ਼ੇ ਉੱਪਰ ਅਧਾਰਿਤ (ਚਾਰਾਂ ਵਿੱਚੋਂ ਕੋਈ ਇੱਕ, 200-300 ਸ਼ਬਦ ਸੀਮਾ)

**4. ਪਾਠ–ਪੁਸਤਕ** **(ਅੰਕ–75)**

4.1– **ਕਵਿਤਾ**

(1) ਕਾਵਿ–ਅੰਸ਼ ਉੱਪਰ ਅਧਾਰਿਤ ਵਿਆਖਿਆ ਤੇ ਬੋਧ ਪ੍ਰਸ਼ਨ (ਦੋ ਵਿੱਚੋਂ ਇੱਕ) 10
(2) ਕਵਿਤਾਵਾਂ ਉੱਪਰ ਅਧਾਰਿਤ ਵਿਸ਼ਾ–ਵਸਤੂ ਜਾਂ ਸਾਰ ਸੰਬੰਧੀ ਪ੍ਰਸ਼ਨ (ਦੋ ਵਿੱਚੋਂ ਇੱਕ) 05
(3) ਔਖੇ ਸ਼ਬਦਾਂ ਦੇ ਅਰਥ ( ਅੱਠ ਵਿੱਚੋਂ ਪੰਜ) 05

4.2– **ਵਾਰਤਕ**

(1) ਜੀਵਨੀ–ਮੂਲਕ ਨਿਬੰਧਾਂ ਉੱਪਰ ਅਧਾਰਿਤ ਅਤਿ ਲਘੂ–ਉੱਤਰਾਤਮਿਕ ਪ੍ਰਸ਼ਨ (ਅੱਠ ਵਿੱਚੋਂ ਪੰਜ) 10
(2) ਜੀਵਨੀ–ਮੂਲਕ ਨਿਬੰਧਾਂ ਉੱਪਰ ਅਧਾਰਿਤ ਵਿਸ਼ਾ–ਵਸਤੂ ਜਾਂ ਸਾਰ ਸੰਬੰਧੀ ਨਿਬੰਧਾਤਮਿਕ ਪ੍ਰਸ਼ਨ (ਚਾਰ ਵਿੱਚੋਂ ਦੋ) 10

4.3– **ਸਾਹਿਤ ਰੂਪ–ਵਿਧਾਨ ਅਤੇ ਇਤਿਹਾਸ**

(1) **ਸਾਹਿਤ ਦੇ ਰੂਪ** :–ਕਾਫ਼ੀ, ਵਾਰ, ਕਿੱਸਾ, ਨਾਵਲ, ਜੀਵਨੀ ਅਤੇ ਸਫ਼ਰਨਾਮਾ।(ਅਰਥ ਪਰਿਭਾਸ਼ਾ ਤੇ ਪ੍ਰਕਿਰਤੀ) 05
(2) **ਛੰਦ** :–ਦੋਹਰਾ, ਚੌਪਈ, ਕੋਰੜਾ, ਕਬਿੱਤ, ਦਵਈਆ, ਬੈਂਤ (ਪਰਿਭਾਸ਼ਾ, ਲੱਛਣ ਤੇ ਉਦਾਹਰਨ)। 05
(3) **ਅਲੰਕਾਰ** :– ਅਨੁਪ੍ਰਾਸ, ਉਪਮਾ, ਦ੍ਰਿਸ਼ਟਾਂਤ, ਅਤਿਕਥਨੀ (ਪਰਿਭਾਸ਼ਾ, ਲੱਛਣ ਤੇ ਉਦਾਹਰਨ)। 05

Downloaded from https:// www.studiestoday.com

Downloaded from https:// www.studiestoday.com

(4) ਪੰਜਾਬੀ ਸਾਹਿਤ ਦੇ ਇਤਿਹਾਸ(ਆਰੰਭ ਤੋਂ 1850 ਈ. ਤੱਕ) ਉੱਪਰ ਅਧਾਰਿਤ ਲਘੂ-ਉੱਤਰਾਤਮਿਕ ਪ੍ਰਸ਼ਨ (ਛੇ ਵਿੱਚੋਂ ਚਾਰ) 12

(5) ਨਿਰਧਾਰਿਤ ਕਵਿਤਾ-ਖੰਡ ਵਿੱਚੋਂ ਕਵੀ ਦੇ ਜੀਵਨ ਤੇ ਸਾਹਿਤਕ ਯੋਗਦਾਨ ਉੱਪਰ ਅਧਾਰਿਤ ਨਿਬੰਧਾਤਮਿਕ ਪ੍ਰਸ਼ਨ (ਦੋ ਵਿੱਚੋਂ ਇੱਕ) 08

**ਨਿਰਧਾਰਿਤ ਪਾਠ-ਪੁਸਤਕ :-**

**ਪੰਜਾਬੀ ਸਾਹਿਤ-ਦਰਪਣ (ਭਾਗ ਪਹਿਲਾ)** ਮਾਧਮਿਕ ਸਿੱਖਿਆ ਬੋਰਡ ਰਾਜਸਥਾਨ ਅਜਮੇਰ।

**ਪ੍ਰਮਾਣਿਕ ਸਹਾਇਕ ਪੁਸਤਕਾਂ :-**

1. **ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ** -ਪੰਜਾਬ ਸਕੂਲ ਸਿੱਖਿਆ ਬੋਰਡ।

2. **ਪੰਜਾਬੀ ਵਿਆਕਰਨ** (ਡਾ. ਹਰਕੀਰਤ ਸਿੰਘ, ਗਿਆਨੀ ਲਾਲ ਸਿੰਘ) ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।

3. **ਪੰਜਾਬੀ-ਤੀਜੀ ਭਾਸ਼ਾ ਅਧਿਆਪਨ** (ਬੀ. ਐੱਸ. ਟੀ. ਸੀ. ਦੂਜਾ ਸਾਲ) -ਰਾਜਸਥਾਨ ਰਾਜ ਪਾਠ- ਪੁਸਤਕ ਮੰਡਲ, ਜੈਪੁਰ।

Downloaded from https:// www.studiestoday.com

Downloaded from https:// www.studiestoday.com

# ਤਤਕਰਾ

## ਖੰਡ- 1 (ਕਵਿਤਾ)


1. ਬਾਬਾ ਸ਼ੇਖ ਫ਼ਰੀਦ 2

2. ਸ਼੍ਰੀ ਗੁਰੂ ਨਾਨਕ ਦੇਵ ਜੀ 8

3. ਸ਼੍ਰੀ ਗੁਰੂ ਅਰਜਨ ਦੇਵ ਜੀ 15

4. ਸ਼੍ਰੀ ਗੁਰੂ ਤੇਗ ਬਹਾਦਰ ਜੀ 26

5. ਭਾਈ ਗੁਰਦਾਸ ਜੀ 34

6. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ 41

7. ਸ਼ਾਹ ਹੁਸੈਨ 48

8. ਸਾਈਂ ਬੁਲ੍ਹੇ ਸ਼ਾਹ 54

9. ਵਾਰਸ ਸ਼ਾਹ 61

10. ਹਾਸ਼ਮ ਸ਼ਾਹ 67

11. ਸ਼ਾਹ ਮੁਹੰਮਦ 74


## ਖੰਡ- 2 (ਵਾਰਤਕ)


1. ਸਾਧਨਾ ਤੇ ਸਾਦਗੀ ਦੀ ਮੂਰਤ : ਭਗਤ ਧੰਨਾ ਜੀ 84
(ਹਰਪਾਲ ਸਿੰਘ ਲੱਖੀਆਂ)

2. ਸੂਰਬੀਰਤਾ ਦੀ ਪ੍ਰਤੀਕ : ਮਾਈ ਭਾਗੋ 88
(ਹਰਮੀਤ ਸਿੰਘ ਗਿੱਲ)

3. ਪਰਮ-ਸੰਤ ਤੇ ਅਦੁੱਤੀ ਸੇਵਕ : ਭਾਈ ਘਨੱਈਆ ਜੀ 92
(ਗੁਰਦੀਪ ਸਿੰਘ ਸਿੱਧੂ)

4. ਰੰਘਰੇਟਾ ਗੁਰੂ ਕਾ ਬੇਟਾ : ਭਾਈ ਜੈਤਾ ਜੀ 96
(ਨਵਰਾਜ ਸਿੰਘ ਲੱਖੀਆਂ)

5. ਬੈਰਾਗੀ-ਯੋਧਾ : ਬੰਦਾ ਸਿੰਘ ਬਹਾਦਰ 101
(ਸੋਨੂੰ ਕਪਿਲਾ)

6. ਮਹਾਨ ਕੋਸ਼ ਕਰਤਾ : ਭਾਈ ਕਾਨ੍ਹ ਸਿੰਘ ਨਾਭਾ 106
(ਹੇਮੰਤ ਸਿੰਘ ਮਾਨ)


Downloaded from https:// www.studiestoday.com

Downloaded from https:// www.studiestoday.com

7. ਸੇਵਾ ਦਾ ਪੁੰਜ : ਭਗਤ ਪੂਰਨ ਸਿੰਘ 109
(ਗੁਰਰਾਜ ਸਿੰਘ ਚਹਿਲ)

8. ਉੱਘਾ ਗੁਰਬਾਣੀ ਵਿਆਕਰਨਕਾਰ : ਪ੍ਰੋ. ਸਾਹਿਬ ਸਿੰਘ 113
(ਹਰਜਿੰਦਰ ਸਿੰਘ ਘੜਸਾਣਾ)

9. ਪੰਜਾਬੀਅਤ ਦਾ ਮੁਦੱਈ : ਬਲਰਾਜ ਸਾਹਨੀ 119
(ਡਾ. ਇਕਬਾਲ ਸਿੰਘ ਗੋਦਾਰਾ)

10. ਯੁੱਧ-ਖੇਤਰ ਦਾ ਨਾਇਕ : ਜਨਰਲ ਜਗਜੀਤ ਸਿੰਘ ਅਰੋੜਾ 123
(ਕਰਨਲ ਦਿਲਬਾਗ ਸਿੰਘ)

11. ਲੋਕ ਜਾਗ੍ਰਿਤੀ ਵਾਲਾ ਰੰਗਕਰਮੀ : ਗੁਰਸ਼ਰਨ ਸਿੰਘ 128
(ਡਾ. ਚੰਦਰ ਪ੍ਰਕਾਸ਼)

12. ਲਘੂ ਮਾਨਵ ਦੀ ਆਵਾਜ਼ : ਗੁਰਦਿਆਲ ਸਿੰਘ 133
(ਮਨਿੰਦਰ ਸਿੰਘ ਵਿਰਕ)

13. ਖੇਤੀਬਾੜੀ ਅਰਥ-ਸ਼ਾਸ਼ਤਰੀ : ਡਾ. ਸਰਦਾਰਾ ਸਿੰਘ ਜੌਹਲ 138
(ਡਾ. ਤਰਸੇਮ ਸ਼ਰਮਾ)

**ਲੇਖਕਾਂ ਨਾਲ ਸੰਖੇਪ ਜਾਣ-ਪਛਾਣ** 145

# ਖੰਡ- 3

# ( ਸਾਹਿਤ ਰੂਪ-ਵਿਧਾਨ ਅਤੇ ਇਤਿਹਾਸ)

**1. ਸਾਹਿਤ ਦੇ ਰੂਪ** 156—179

(ੳ) ਕਾਫ਼ੀ 156

(ਅ) ਵਾਰ 158

(ੲ) ਕਿੱਸਾ 163

(ਸ) ਨਾਵਲ 169

(ਹ) ਜੀਵਨੀ 172

(ਕ) ਸਫ਼ਰਨਾਮਾ 176

**2. ਛੰਦ ਅਤੇ ਅਲੰਕਾਰ** 180- 194

(i) ਛੰਦ 180

(ੳ) ਦੋਹਿਰਾ

Downloaded from https:// www.studiestoday.com

Downloaded from https:// www.studiestoday.com

(ਅ) ਚੌਪਈ

(ੲ) ਕੋਰੜਾ

(ਸ) ਕਬਿੱਤ

(ਹ) ਦਵਈਆ

(ਕ) ਬੈਂਤ

(ii) ਅਲੰਕਾਰ 189

(ੳ) ਅਨੁਪ੍ਰਾਸ

(ਅ) ਉਪਮਾ

(ੲ) ਦ੍ਰਿਸ਼ਟਾਂਤ

(ਸ) ਅਤਿਕਥਨੀ

3. ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ (ਆਰੰਭ ਤੋਂ 1850 ਈ. ਤੱਕ) 195-290

(ੳ) ਆਦਿ ਕਾਲ (ਆਰੰਭ ਤੋਂ 1500 ਤੱਕ) 196

(ਅ) ਨਾਨਕ ਕਾਲ (1500 ਈ. – 1700 ਈ. ਤੱਕ) 208

(ੲ) ਉੱਤਰ-ਨਾਨਕ ਕਾਲ (1700 ਈ. – 1800 ਈ. ਤੱਕ) 243

( ਸ) ਸਿੱਖ ਰਾਜ ਕਾਲ (1801 ਈ. – 1850 ਈ. ਤੱਕ) 268

4. ਸਹਾਇਕ ਪੁਸਤਕ ਸੂਚੀ 291

Downloaded from https:// www.studiestoday.com

Downloaded from https:// www.studiestoday.com

# ਖੰਡ- 1
# ਕਵਿਤਾ



Downloaded from https:// www.studiestoday.com

Downloaded from https:// www.studiestoday.com

# 1. ਬਾਬਾ ਸ਼ੇਖ ਫ਼ਰੀਦ
## (1173–1266 ਈ)

ਬਾਬਾ ਸ਼ੇਖ ਫ਼ਰੀਦ ਬਹੁ–ਪੱਖੀ ਸ਼ਖਸੀਅਤ ਅਤੇ ਬਹੁ–ਭਾਸ਼ਾਈ ਸੂਫੀ ਸ਼ਾਇਰ ਹਨ। ਆਪ ਨਾ ਸਿਰਫ ਫਾਰਸੀ, ਪੰਜਾਬੀ ਤੇ ਹਿੰਦੀ ਦੇ ਸੂਫੀ ਸ਼ਾਇਰ ਹੀ ਹਨ, ਬਲਕਿ ਇਕ ਬਾਣੀਕਾਰ ਹਨ। ਆਪ ਦਾ ਪੂਰਾ ਨਾਮ ਸ਼ੇਖ ਫਰੀਦੁੱਦੀਨ ਮਸਊਦ ਗੰਜਿ ਸ਼ਕਰ ਸੀ। ਆਪ ਕਾਬੁਲ ਦੇ ਬਾਦਸ਼ਾਹ ਫਰਖ ਸ਼ਾਹ ਆਦਲ ਦੇ ਖਾਨਦਾਨ ਵਿਚੋਂ ਸਨ। ਆਪ ਦੇ ਦਾਦਾ ਕਾਜੀ ਸਾਈਬ ਪਹਿਲਾਂ ਲਾਹੌਰ ਆਏ ਤੇ ਫਿਰ ਕਸੂਰ ਗਏ ਅਤੇ ਅੰਤ 'ਤੇ ਕਾਠਵਾਲ (ਮੁਲਤਾਨ ਦੇ ਨੇੜੇ) ਦੇ ਕਾਜੀ ਦੀ ਸੇਵਾ ਨਿਭਾਉਣ ਲੱਗੇ। ਇਨ੍ਹਾਂ ਦੇ ਦੇਹਾਂਤ ਮਗਰੋਂ ਬਾਬਾ ਸ਼ੇਖ ਫ਼ਰੀਦ ਦੇ ਪਿਤਾ ਜਮਾਲੁਦੀਨ ਸੁਲੇਮਾਨ ਕਾਠਵਾਲ ਦੇ ਕਾਜੀ ਨਿਯੁਕਤ ਹੋਏ। ਬਾਬਾ ਫਰੀਦ ਦਾ ਜਨਮ 1173 ਈ. ਵਿੱਚ ਬੀਬੀ ਕਰਸੁਮ ਖਾਤੂਨ ਦੀ ਕੁੱਖੋਂ ਪਿਤਾ ਸ਼ੇਖ ਜਮਾਲੁਦੀਨ ਦੇ ਘਰ ਹੋਇਆ।

ਬਾਬਾ ਫ਼ਰੀਦ ਜੀ ਨੇ ਸਥਾਨਕ ਮਦਰੱਸੇ ਵਿੱਚੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਮਗਰੋਂ, ਦਿੱਲੀ ਆ ਕੇ ਸੂਫੀਆਂ ਦੇ ਚਿਸ਼ਤੀ ਸੰਪਰਦਾਇ ਦੇ ਮੁਖੀ ਕੁਤਬੁਦੀਨ ਬਖਤਿਯਾਰ ਕਾਕੀ ਦੇ ਸ਼ਗਿਰਦ ਬਣੇ। ਇਹਨਾਂ ਦੀ ਸੰਗਤ ਵਿੱਚ ਰਹਿ ਕੇ ਆਪ ਨੇ ਆਧਿਆਤਮਕ ਸਿੱਖਿਆ ਦੇ ਮੁੱਢਲੇ ਪੜਾਵਾਂ ਨੂੰ ਪ੍ਰਾਪਤ ਕੀਤਾ ਇੱਥੇ ਰਹਿ ਕੇ ਆਪ ਨੇ ਇਸਲਾਮ ਅਤੇ ਸੂਫੀ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਦੀ ਪ੍ਰਤਿਭਾ ਅਤੇ ਪ੍ਰਾਪਤੀ ਦੇ ਸਨਮੁਖ ਸ਼ੇਖ ਕੁਤਬਦੀਨ ਬਖਤਿਯਾਰ ਕਾਕੀ ਨੇ 1233 ਈ. ਵਿੱਚ ਆਪ ਨੂੰ ਆਪਣੀ ਗੱਦੀ ਬਖਸ਼ ਦਿੱਤੀ। ਫ਼ਰੀਦ ਜੀ ਆਪਣੇ ਨਿੱਘੇ ਸੁਭਾਅ, ਹਲੀਮੀ ਅਤੇ ਮਿੱਠੀ ਜੁਬਾਨ ਕਰਕੇ ਲੋਕਾਂ ਵਿੱਚ ਹਰਮਨ ਪਿਆਰੇ ਸਨ। ਆਪ ਕੁਝ ਦੇਰ ਦਿੱਲੀ ਰਹਿਣ ਮਗਰੋਂ ਹਾਂਸੀ (ਜਿਲ੍ਹਾ ਹਿਸਾਰ) ਆ ਗਏ ਅਤੇ ਫੇਰ ਕਾਠਵਾਲ ਤੇ ਉੱਥੋਂ ਅਜੋਧਨ (ਮੁਲਤਾਨ ਦੇ ਨੇੜੇ) ਆ ਕੇ ਪੱਕੇ ਤੌਰ 'ਤੇ ਵੱਸ ਗਏ। ਆਪ ਜੀ ਦੀ ਅਧਿਆਤਮਕ ਬਖ਼ਸ਼ਿਸ਼ ਕਰਕੇ ਇਹ ਸਥਾਨ ਅੱਜਕਲ੍ਹ ਪਾਕਪਟਨ ਦੇ ਨਾਂ ਨਾਲ ਪ੍ਰਸਿੱਧ ਹੈ। ਇੱਥੇ ਹੀ 1266 ਈ. ਵਿੱਚ ਆਪ ਦਾ ਦੇਹਾਂਤ ਹੋਇਆ।

ਬਾਬਾ ਫ਼ਰੀਦ ਜੀ ਅਰਬੀ, ਫਾਰਸੀ ਦੇ ਵਿਦਵਾਨ ਸਨ। ਆਪ ਦੀਆਂ ਸਾਹਿਤਕ ਰਚਨਾਵਾਂ ਫ਼ਾਰਸੀ ਵਾਰਤਕ (ਰਾਹਤ–ਅਲ–ਕਲੂਬ, ਸਿਰਾਜ– ਉਲ– ਔਲੀਆ, ਫਵਾਇਦ– ਉਸੱਾਲਿਕੈਨ) ਪੰਜਾਬੀ ਸ਼ਬਦ ਤੇ ਸ਼ਲੋਕ ਅਤੇ ਹਿੰਦੀ ਪਦਿਆਂ ਦੇ ਰੂਪ ਵਿਚ ਪ੍ਰਾਪਤ ਹਨ। ਆਪ ਦੇ ਸ਼ਬਦ ਤੇ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਕੀਤੇ। ਚਾਰ ਸਬਦਾਂ ਵਿੱਚੋਂ ਦੋ ਰਾਗ ਆਸਾ ਅਤੇ ਦੋ ਰਾਗ ਸੂਹੀ ਵਿਚ ਅੰਕਿਤ ਕੀਤੇ ਗਏ ਹਨ। ਆਪ ਦੇ 112 ਸ਼ਲੋਕਾਂ ਨਾਲ ਚਾਰ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ) ਜੀ ਦੇ 18 ਸ਼ਲੋਕ ਵੀ ਜੋੜੇ ਗਏ ਹਨ। ਇਹਨਾਂ ਦਾ ਪ੍ਰਯੋਜਨ ਫ਼ਰੀਦ ਜੀ ਦੇ ਪ੍ਰਸੰਗਾਂ ਨੂੰ ਨਿਸ਼ਚਿਤ ਤੇ ਨਿਰਧਾਰਤ ਪਰਿਪੇਖ ਪ੍ਰਦਾਨ ਕਰਨਾ ਹੈ।

ਬਾਬਾ ਫ਼ਰੀਦ ਜੀ ਪੰਜਾਬੀ ਸੂਫ਼ੀ–ਕਾਵਿ ਧਾਰਾ ਦੇ ਮੋਢੀ ਕਵੀ ਹਨ। ਆਪ ਨੇ ਲਹਿੰਦੀ–ਪੰਜਾਬੀ ਵਿਚ ਪੰਜਾਬੀ ਸੂਫੀ ਕਾਵਿ ਦੀ ਰਚਨਾ ਕੀਤੀ। ਇਸ ਲਈ ਆਪ ਦੀ ਬਾਣੀ ਸੂਫੀ ਰਮਜਾਂ ਨੂੰ ਸਧਾਰਨ ਬੋਲ–ਚਾਲ ਦੀ ਭਾਸ਼ਾ ਵਿੱਚ ਸੰਚਾਰਿਤ ਕਰਨ ਦਾ ਯਤਨ ਕਰਦੀ ਹੈ। ਆਪ ਦੀ ਬਾਣੀ ਮਨੁੱਖ ਨੂੰ ਨਿਮਰਤਾ, ਪਿਆਰ ਅਤੇ ਹਮਦਰਦੀ ਭਰਪੂਰ ਸਾਦਾ ਅਤੇ ਸੱਚਾ–ਸੁੱਚਾ ਜੀਵਨ ਜੀਊਣ ਅਤੇ ਰੱਬ ਦੀ ਭਜਨ ਬੰਦਗੀ ਕਰਨ ਦੀ ਪ੍ਰੇਰਨਾ ਦੇਂਦੀ ਹੈ। ਇਸ ਤਰ੍ਹਾਂ ਆਪ ਦੀ ਬਾਣੀ ਚਿਰ ਜੀਵੀ ਜੀਵਨ ਮੁੱਲਾਂ ਦਾ ਪ੍ਰਗਟਾਵਾ ਕਰਦੀ ਹੈ ਅਤੇ ਲੋਕ ਹਿੱਤਾਂ ਦੀ ਵਕਾਲਤ ਕਰਦੀ ਹੈ। ਏਸੇ ਕਰਕੇ ਸਧਾਰਨ ਪਾਠਕ –ਸਰੋਤੇ ਦੀ ਮਨ ਉੱਤੇ ਡੂੰਘਾ ਪ੍ਰਭਾਵ ਪਾਉਂਦੀ ਹੈ।

ਆਪ ਭਾਵੇਂ ਸ਼ਰੀਅਤ ਵਿੱਚ ਰਹਿਣ ਦੀ ਪ੍ਰੇਰਨਾ ਦੇਂਦੇ ਸਨ, ਪਰੰਤੂ ਆਪ ਦੀ ਰਚਨਾ ਵਿੱਚ ਕਿਧਰੇ ਵੀ ਕਟੜਤਾ ਜਾਂ ਸੰਕੀਰਨਤਾ ਦਾ ਰੰਗ ਨਹੀਂ ਉੱਭਰਦਾ। ਆਪ ਦੀ ਬਾਣੀ ਮਾਨਵੀ ਸਤਿਕਾਰ, ਸਹਿਨਸ਼ੀਲਤਾ, ਨੇਕ ਅਮਲ, ਪਰਸਪਰ ਪ੍ਰੇਮ, ਸਰਬ ਸਾਂਝੀਵਾਲਤਾ, ਕਠਿਨ ਸਾਧਨਾ ਮਾਰਗ, ਜੀਵਨ ਤੇ ਮੌਤ ਦੇ ਯਥਾਰਥ ਨੂੰ ਸੰਚਾਰਿਤ ਕਰਨ ਵਾਲੀਆਂ ਕਦਰਾਂ–ਕੀਮਤਾਂ ਦੀ ਰਹਿ–ਨੁਮਾਈ ਕਰਦੀ ਹੈ।

ਆਪ ਦੀ ਭਾਸ਼ਾ ਆਧੁਨਿਕ ਪੰਜਾਬੀ ਦੇ ਬਹੁਤ ਨੇੜੇ ਹੈ। ਬਹੁਤਾ ਰੰਗ ਲਹਿੰਦੀ ਉਪਬੋਲੀ ਵਾਲਾ ਹੈ। ਕਿਧਰੇ – ਕਿਧਰੇ ਫਾਰਸੀ ਅਤੇ ਅਰਬੀ ਦੇ ਸਬਦ ਵੀ ਮਿਲਦੇ ਹਨ। ਫਿਰ ਵੀ ਆਪ ਦੀ ਬੋਲੀ ਸਰਲ, ਠੇਠ ਅਤੇ ਸੰਜਮ ਵਾਲੀ ਹੈ। ਆਪ ਨੇ ਆਪਣੀ ਕਾਵਿ–ਰਚਨਾ ਵਿੱਚ ਬਿੰਬਾ ਅਤੇ ਅਲੰਕਾਰਾ ਦੀ ਚੋਣ ਆਮ ਲੋਕ ਜੀਵਨ ਵਿੱਚੋਂ ਕੀਤੀ ਹੈ।



Downloaded from https:// www.studiestoday.com

Downloaded from https:// www.studiestoday.com

## ਸ਼ਲੋਕ
### ਬੇੜਾ ਬੰਧਿ ਨ ਸਕਿਓ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰ ਜਬ ਊਛਲੈ ਤਬ ਤਰਣੁ ਦੁਹੇਲਾ॥2॥
ਹਥੁ ਨਾ ਲਾਇ ਕਸੁੰਭੜੇ ਜਲਿ ਜਾਸੀ ਢੋਲਾ ॥2॥ ਰਹਾਉ।
ਇੱਕ ਆਪੀਨੈ ਪਤਲੀ ਸਹ ਕੇਰੇ ਬੋਲਾ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨਾ ਮੇਲਾ॥2॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥3॥2॥

**ਸ਼ਬਦ – ਅਰਥ:**

ਬੇੜਾ– ਨਾਮ ਸਿਮਰਨ ਰੁਪੀ ਬੇੜਾ। ਬੰਧਿ ਨਾ ਸਕਿਓ– ਤਿਆਰ ਨਾ ਕਰ ਸਕਿਆ। ਬੰਧਨ ਕੀ ਵੇਲਾ–ਤਿਆਰ ਕਰਨ ਦੀ ਉਮਰੇ। ਭਰਿ–ਭਰਿ ਕੇ ।ਦੁਹੇਲਾ– ਔਖਾ, ਜਲਿ ਜਾਸੀ– ਸੜ ਜਾਵੇਗਾ। ਹਥੁ ਨ ਲਾਇ ਕਸੁੰਭੜੈ– ਭੈੜੇ ਕਸੁੰਭੇ ਨੂੰ ਹੱਥ ਨਾ ਲਾ (ਚੰਦ੍ਰੀ ਮਾਇਆ ਨਾਲ ਨਾ ਜੋੜੀ ਰੱਖ)। ਇੱਕ– ਕਈ ਜੀਵ ਇਸਤਰੀਆਂ। ਆਪੀ ਨੈ– ਆਪਣੇ ਆਪ ਵਿਚ। ਪਤਲੀ– ਕਮਜ਼ੋਰ ਆਤਮਕ ਜੀਵਨ ਵਾਲੀਆਂ। ਕੇਰੇ ਬੋਲਾ– ਨਿਰਾਦਰੀ ਦੇ ਬਚਨ। ਦੁਧਾ ਥਣੀ– ਥਣਾਂ ਵਿਚ ਦੁੱਧ ਆਉਣਾ। ਫਿਰਿ– ਇਹ ਵੇਲਾ ਖੁੰਝਣ ਤੇ। ਸਹੁ– ਖਸਮ, ਪ੍ਰਭੂ। ਅਲਾਏਸੀ– ਬੁਲਾਏਗਾ, ਸੱਦੇਗਾ, ਸੱਦਾ ਭੇਜੇਗਾ। ਹੰਸੁ –ਜੀਵ ਆਤਮਾ। ਡੁੰਮਣਾ–(ਡੁ–ਮਣਾ) ਦੁਚਿੱਤਾ, ਜੱਕੋ–ਤੱਕੇ ਕਰਦਾ। ਅਹਿ ਤਨੁ – ਇਹ ਸਰੀਰ। ਥੀਸੀ– ਹੋ ਜਾਏਗਾ।

**ਅਰਥ:**

ਜਿਸ ਮਨੁੱਖ ਨੇ ਮਾਇਆ ਨਾਲ ਹੀ ਮਨ ਲਾਈ ਰੱਖਿਆ, ਉਹ ਨਾਮ ਰੁਪੀ ਬੇੜਾ ਤਿਆਰ ਕਰਨ ਵਾਲੀ ਉਮਰੇ ਨਾਮ–ਰੂਪ ਬੇੜਾ ਤਿਆਰ ਨਾ ਕਰ ਸਕਿਆ। ਜਦੋਂ ਸਰੋਵਰ ਨਕਾ–ਨਕ ਭਰ ਕੇ ਉਛਲਣ ਲੱਗ ਪੈਂਦਾ ਹੈ ਤਾਂ ਇਸ ਵਿੱਚ ਤਰਨਾ ਔਖਾ ਹੋ ਜਾਂਦਾ ਹੈ (ਭਾਵ, ਜਦੋਂ ਮਨੁੱਖ ਵਿਕਾਰਾਂ ਦੀ ਅੱਤ ਕਰ ਦੇਂਦਾ ਹੈ, ਤਾਂ ਇਹਨਾਂ ਦੇ ਚਸਕੇ ਵਿਚੋਂ ਨਿਕਲਣਾ ਔਖਾ ਹੋ ਜਾਂਦਾ ਹੈ)। ਹੇ ਮਿੱਤਰ ਕਸੁੰਭੇ– ਰੂਪ ਮਾਇਆ ਨੂੰ ਹੱਥ ਨਾ ਲਾ, ਇਹ ਕਸੁੰਭਾ ਸੜ ਜਾਏਗਾ, ਭਾਵ ਇਹ ਚੰਦਰੀ (ਮਾਇਆ ਨਾਲ ਮੋਹ ਪੈਣ ਕਰਕੇ) ਆਪਣੇ ਆਪ ਵਿੱਚ ਕਮਜ਼ੋਰ ਆਤਮਕ ਜੀਵਨ ਵਾਲੀਆਂ ਹੋ ਜਾਂਦੀਆਂ ਹਨ।ਉਹਨਾਂ ਉੱਤੇ ਪਤੀ– ਮਿਲਾਪ ਦੀ ਅਵਸਥਾ ਨਹੀਂ ਆਉਂਦੀ ਤੇ ਮਨੁੱਖ ਜਨਮ ਦਾ ਸਮਾਂ ਖੁੰਝਣ ਤੇ (ਜਦੋਂ ਨਾਮ– ਸਿਮਰਨ ਦਾ ਬੇੜਾ ਤਿਆਰ ਹੋ ਸਕਦਾ ਸੀ) ਪ੍ਰਭੂ ਨਾਲ ਮੇਲ ਨਹੀਂ ਹੋ ਸਕਦਾ। ਫਰੀਦ ਜੀ ਆਖਦੇ ਹਨ ਕਿ ਹੇ ਸਹੇਲੀਓ ।ਜਦੋਂ ਪ੍ਰਭੂ– ਪਤੀ ਦਾ ਸੱਦਾ ਇਸ ਜਗਤ ਵਿਚੋਂ ਤੁਰਨ ਲਈ ਆਵੇਗਾ ਤਾਂ ਮਾਇਆ ਵਿੱਚ ਹੀ ਗ੍ਰਸੀ ਰਹਿਣ ਵਾਲੀ ਜੀਵ– ਇਸਤਰੀ ਦੀ ਆਤਮਾ– ਹੰਸ ਜੱਕੋ– ਤੱਕੇ ਕਰਦਾ ਹੋਇਆ ਇੱਥੋਂ ਤੁਰੇਗਾ ਭਾਵ ਮਾਇਆ ਤੋਂ ਵਿਛੜਨ ਨੂੰ ਚਿੱਤ ਨਹੀਂ ਕਰੇਗਾ ਤੇ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਏਗਾ।

ਫ਼ਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁੱਖ॥
ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ॥

**ਸਬਦ ਅਰਥ:**

ਕਾਠ ਦੀ ਰੋਟੀ – ਕਾਠ ਵਾਂਗ ਸੁੱਕੀ ਰੋਟੀ, ਰੁੱਖੀ– ਮਿੱਸੀ ਰੋਟੀ। ਲਾਵਣੁ–ਭਾਜੀ, ਸਲੂਣਾ। ਘਣੇ – ਬੜੇ। ਚੋਪੜੀ– ਚੰਗੀ, ਚੋਖੀ, ਸੁਆਦਲੀ (ਰੋਟੀ)।



Downloaded from https:// www.studiestoday.com

Downloaded from https:// www.studiestoday.com

**ਅਰਥ:**

ਫ਼ਰੀਦ ਜੀ ਫਰਮਾਉਂਦੇ ਹਨ, ਮੇਰੀ ਰੁੱਖੀ -ਮਿੱਸੀ ਰੋਟੀ, ਮੇਰੀ ਭੁੱਖ ਹੀ ਸਲੂਣਾ ਹੈ। ਜੋ ਲੋਕ ਚੰਗੀ-ਚੋਖੀ ਖਾਂਦੇ ਹਨ, ਉਹ ਬੜੇ ਕਸ਼ਟ ਸਹਿੰਦੇ ਹਨ (ਭਾਵ ਆਪਣੀ ਕਮਾਈ ਦੀ ਸਾਦਾ ਰੋਟੀ ਚੰਗੀ ਹੈ, ਚਸਕੇ ਮਨੁੱਖ ਨੂੰ ਖੁਆਰ ਕਰਦੇ ਹਨ )।

ਰੁੱਖੀ ਸੁੱਖੀ ਖਾਇ ਕੈ ਠੰਡਾ ਪਾਣੀ ਪੀਉ॥
ਫ਼ਰੀਦਾ ਦੇਖਿ ਪਰਾਇ ਚੋਪੜੀ ਨਾ ਤਰਸਾਏ ਜੀਉ॥

**ਸ਼ਬਦ ਅਰਥ:**

ਦੇਖਿ-ਵੇਖ ਕੇ। ਪਰਾਈ- ਕਿਸੇ ਹੋਰ ਵਾਲੀ।

**ਅਰਥ:**

ਹੇ ਫ਼ਰੀਦਾ! ਆਪਣੀ ਕਮਾਈ ਦੀ ਰੁੱਖੀ-ਸੁੱਖੀ ਹੀ ਖਾ ਕੇ ਠੰਢਾ ਪਾਣੀ ਪੀ ਲੈ (ਭਾਵ ਸਬਰ ਸੰਤੋਖ ਕਰ ਲੈ)। ਪਰ ਪਰਾਈ ਸੁਆਦਲੀ ਰੋਟੀ ਵੇਖ ਕੇ ਆਪਣਾ ਮਨ ਨਾ ਤਰਸਾਈ।

ਫ਼ਰੀਦਾ ਥੀਓ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ।
ਇੱਕੁ ਛਿਜਹਿ, ਬਿਆ ਲਤਾੜੀਅਹਿ॥ ਤਾਂ ਸਾਈ ਦੈ ਦਰਿ ਵਾੜੀਅਹਿ॥

**ਸਬਦ ਅਰਥ:**

ਥੀਉ- ਹੋ ਜਾ, ਬਣ ਜਾ। ਪਵਾਹੀ- ਪਹੇ ਦੀ , ਰਸਤੇ ਦੀ, ਦਭੁ- ਘਾਹ। ਜੇ ਸਾਂਈ ਲੋੜਹਿ- ਜੇ ਤੂੰ ਸਾਂਈ (ਮਾਲਕ) ਨੂੰ ਲੱਭਦਾ ਹੈ। ਸਭੁ- ਹਰ ਥਾਂ, ਸਭ ਵਿਚ। ਇਕੁ- ਕਿਸੇ ਦਭੁ ਦੇ ਬੂਟੇ ਨੂੰ। ਛਿਜਹਿ- ਲੋਕ ਤੋੜਦੇ ਹਨ। ਬਿਆ- ਕਈ ਹੋਰ ਦੱਭ ਦੇ ਬੂਟੇ। ਲਤਾੜੀਅਹਿ- ਲਤਾੜੇ ਜਾਂਦੇ ਹਨ। ਸਾਂਈ ਦੇ ਦਰਿ- ਮਾਲਕ ਦੇ ਦਰ 'ਤੇ। ਵਾੜੀਅਹਿ- ਤੂੰ ਵਾੜਿਆ ਜਾਵੇਗਾ। ਭਾਵ ਕਬੂਲ ਕੀਤਾ ਜਾਵੇਗਾ।

**ਅਰਥ:**

ਫਰੀਦ ਜੀ ਆਪਣੇ ਆਪ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ। ਹੇ ਫਰੀਦ! ਜੇ ਤੂੰ ਮਾਲਕ (ਪਰਮਾਤਮਾ) ਨੂੰ ਹਰ ਥਾਂ ਪਛਾਣਨਾ ਚਾਹੁੰਦਾ ਹੈ ਭਾਵ ਸਾਰਿਆ ਵਿੱਚ ਵੇਖਣਾ ਚਾਹੁੰਦਾ ਹੈ ਤਾਂ ਰਸਤੇ ਦੀ ਦੱਭ ਵਰਗਾ ਬਣ ਜਾ, ਜਿਸ ਦੇ ਕਿਸੇ ਇੱਕ ਬੂਟੇ ਨੂੰ ਲੋਕ ਤੋੜਦੇ ਹਨ ਅਤੇ ਕੋਈ ਹੋਰ ਬੂਟਾ ਪੈਰਾਂ ਹੇਠ ਲਤਾੜਿਆ ਜਾਂਦਾ ਹੈ। ਜੇ ਤੂੰ ਆਪਣਾ ਸੁਭਾ ਇਹੋ ਜਿਹਾ ਨਿਮਰਤਾ ਵਾਲਾ ਬਣਾ ਲਵੇਂਗਾ ਤਾਂ ਤੂੰ ਪਰਮਾਤਮਾ ਦੇ ਦਰ 'ਤੇ ਕਬੂਲ ਕੀਤਾ ਜਾਵੇਗਾ।

ਫਰੀਦਾ ਖਾਕੁ ਨਾ ਨਿੰਦੀਐ ਖਾਕੁ ਜੇਡ ਨਾ ਕੋਇ॥
ਜੀਵਦਿਆ ਪੈਰਾਂ ਤਲੈ ਮੁਇਆ ਉਪਰਿ ਹੋਇ॥

**ਸਬਦ ਅਰਥ:**

ਖਾਕੁ- ਮਿੱਟੀ। ਜੇਡ- ਵਰਗਾ।



Downloaded from https:// www.studiestoday.com

Downloaded from https:// www.studiestoday.com

**ਅਰਥ:**

ਹੇ ਫ਼ਰੀਦ! ਮਿੱਟੀ ਨੂੰ ਮਾੜਾ ਨਹੀਂ ਆਖਣਾ ਚਾਹੀਦਾ, ਮਿੱਟੀ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਇਹ ਮਿੱਟੀ ਜਿਉਂਦੇ ਮਨੁੱਖ ਦੇ ਪੈਰਾਂ ਹੇਠ ਹੁੰਦੀ ਹੈ, ਪਰ ਮਨੁੱਖ ਦੇ ਮਰਨ ਉਪਰੰਤ ਉਸ ਦੇ ਉਪਰ ਹੋ ਜਾਂਦੀ ਹੈ। ਇਸ ਸ਼ਲੋਕ ਵਿਚ ਫ਼ਰੀਦ ਜੀ ਨੇ ਨਿਮਰ ਸੁਭਾਅ ਦੀ ਗੱਲ ਕੀਤੀ ਹੈ ਕਿ ਗਰੀਬੀ-ਸੁਭਾਅ ਜਾਂ ਨਿਮਰ ਸੁਭਾਅ ਦੀ ਰੀਸ ਨਹੀਂ ਹੋ ਸਕਦੀ। ਗਰੀਬੀ ਸੁਭਾਅ ਵਾਲਾ ਮਨੁੱਖ ਜਿੰਦਗੀ ਵਿਚ ਭਾਂਵੇਂ ਸਭ ਦੀ ਵਧੀਕੀ ਸਹਾਰਦਾ ਹੈ ਪਰ ਆਪਣੇ ਮਨ ਨੂੰ ਮਾਰਨ ਕਰਕੇ ਆਤਮਿਕ ਅਵਸਥਾ ਵਿੱਚ ਉਹ ਸੱਭ ਤੋਂ ਉੱਚਾ ਹੁੰਦਾ ਹੈ।

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

**ਸ਼ਬਦ ਅਰਥ:**

ਆਪੁ- ਆਪਣੇ ਆਪ ਨੂੰ। ਮੈ-ਮੈਨੂੰ। ਜਗੁ-ਜਗਤ, ਸੰਸਾਰ।

**ਅਰਥ:**

ਜੇ ਤੂੰ ਆਪਣੇ ਆਪ ਨੂੰ ਸਵਾਰ ਲਏਂ ਤਾਂ ਤੂੰ ਮੈਨੂੰ ਮਿਲ ਪਏਗਾ, ਤੇ ਮੇਰੇ ਵਿੱਚ ਜੁੜਿਆ ਹੀ ਤੈਨੂੰ ਸੁਖ ਹੋਵੇਗਾ, ਦੁਨੀਆ ਦੇ ਪਦਾਰਥਾਂ ਵਿੱਚੋਂ ਨਹੀਂ। ਹੇ ਫ਼ਰੀਦ ਜੇ ਤੂੰ ਮੇਰਾ ਬਣ ਜਾਏਂ, ਭਾਵ ਦੁਨੀਆਂ ਵਾਲਾ ਪਿਆਰ ਛੱਡ ਕੇ ਮੇਰੇ ਨਾਲ ਪਿਆਰ ਕਰਨ ਲੱਗ ਪਏ ਤਾਂ ਸਾਰਾ ਜਗਤ (ਸੰਸਾਰ) ਤੇਰਾ ਬਣ ਜਾਏਗਾ ਭਾਵ, ਮਾਇਆ ਤੇਰੇ ਪਿੱਛੇ ਪਿੱਛੇ ਦੌੜੇਗੀ।

ਫ਼ਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

**ਸਬਦ ਅਰਥ:**

ਮੁਝ ਕੂ- ਮੈਨੂੰ। ਸਬਾਇਐ ਜਗਿ- ਸਾਰੇ ਜਗਤ ਵਿਚ। ਊਚੇ ਚੜਿ ਕੈ - ਦੁੱਖ ਤੋਂ ਉੱਚਾ ਹੋ ਕੇ। ਘਰਿ- ਘਰਿ- ਹਰੇਕ ਘਰ ਵਿਚ। ਅਗਿ- ਅੱਗ।

**ਅਰਥ:**

ਹੇ ਫ਼ਰੀਦ! ਮੈਂ ਪਹਿਲਾਂ ਆਪਣੇ ਮਨ ਦੇ ਦੁੱਖ ਤੋਂ ਘਬਰਾ ਕੇ ਇਹ ਸਮਝਿਆ ਕਿ ਦੁੱਖ ਸਿਰਫ ਮੈਨੂੰ ਹੀ ਹੈ ਭਾਵ ਸਿਰਫ ਮੈਂ ਹੀ ਦੁਖੀ ਹਾਂ ਪਰ ਇਹ ਦੁੱਖ ਤਾਂ ਸਾਰੇ ਜਗਤ ਵਿੱਚ ਵਾਪਰ ਰਿਹਾ ਹੈ । ਜਦੋਂ ਮੈਂ ਆਪਣੇ ਦੁੱਖ ਤੋਂ ਉਚੇਰਾ ਉੱਠ ਕੇ ਧਿਆਨ ਮਾਰਿਆ ਤਾਂ ਮੈਂ ਵੇਖਿਆ ਕਿ ਹਰੇਕ ਘਰ ਵਿੱਚ ਇਹੀ ਅੱਗ ਬਲ ਰਹੀ ਹੈ। ਭਾਵ ਹਰੇਕ ਜੀਵ ਹੀ ਦੁੱਖੀ ਹੈ।

ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥



Downloaded from https:// www.studiestoday.com

Downloaded from https:// www.studiestoday.com

**ਸ਼ਬਦ ਅਰਥ:**

ਮਨਿ- ਮਨ ਵਿੱਚ। ਨ ਹਢਾਇ- ਨਾ ਆਉਣ ਦੇ। ਦੇਹੀ- ਸਰੀਰ ਨੂੰ। ਨ ਲਗਈ - ਨਹੀਂ ਲੱਗਦਾ। ਪਲੈ ਸਭੁ ਕਿਛੁ ਪਾਇ- ਹਰੇਕ ਚੀਜ ਸਾਂਭੀ ਰਹਿੰਦੀ ਹੈ, ਪੱਲੇ ਪਈ ਰਹਿੰਦੀ ਹੈ।

**ਅਰਥ:**

ਹੇ ਫ਼ਰੀਦਾ! ਬੁਰਾਈ ਕਰਨ ਵਾਲੇ ਨਾਲ ਵੀ ਤੂੰ ਭਲਾਈ ਕਰ ਅਤੇ ਮਨ ਵਿਚ ਗੁੱਸਾ ਨਾ ਆਉਣ ਦੇ। ਇਸ ਤਰ੍ਹਾਂ ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਅਤੇ ਹਰੇਕ ਪਦਾਰਥ ਭਾਵ ਚੰਗਾ ਗੁਣ ਸਾਂਭਿਆ ਰਹਿੰਦਾ ਹੈ। ਭਾਵ ਦੂਸਰੇ ਦਾ ਭਲਾ ਕਰਨ ਵਾਲਾ ਮਨੁੱਖ ਹੀ ਦਰਗਾਹ ਵਿਚ ਸਤਿਕਾਰ ਹਾਸਿਲ ਕਰਦਾ ਹੈ।

ਫ਼ਰੀਦਾ ਕਿਥੈ ਤੈਡੇ ਮਾਪਿਆ, ਜਿਨੀ ਤੂ ਜਣਿਓਹਿ॥
ਤੈ ਪਾਸਹੁ ਓਇ ਲਦਿ ਗਏ ਤੂ ਅਜੈ ਨ ਪਤੀਣੋਹਿ॥

**ਸ਼ਬਦ ਅਰਥ:**

ਤੈਡੇ- ਤੇਰੇ। ਤੂ - ਤੈਨੂੰ। ਜਣਿਓਹਿ- ਜਨਮ ਦਿੱਤਾ। ਓਇ- ਉਹ ਤੇਰੇ ਮਾਪੇ। ਪਤੀਣੋਹਿ- ਤਸੱਲੀ ਹੋਈ, ਯਕੀਨ ਆਇਆ, ਪਤੀਜਿਆ।

**ਅਰਥ:**

ਹੇ ਫ਼ਰੀਦਾ! ਤੇਰੇ ਆਪਣੇ ਮਾਪੇ ਕਿੱਥੇ ਚਲੇ ਗਏ ਹਨ, ਜਿਨ੍ਹਾਂ ਨੇ ਤੈਨੂੰ ਜਨਮ ਦਿੱਤਾ ਸੀ। ਉਹ ਤੇਰੇ ਮਾਪੇ ਤੇਰੇ ਕੋਲੋਂ (ਪਾਸੋਂ) ਕਦੋਂ ਦੇ ਚਲੇ ਗਏ ਹਨ ਪਰ ਤੈਨੂੰ ਅਜੇ ਵੀ ਯਕੀਨ ਨਹੀ ਆਉਂਦਾ ਕਿ ਤੂੰ ਵੀ ਇੱਥੋਂ ਤੁਰ ਜਾਂਣਾ ਹੈ ਭਾਵ ਮਰ ਜਾਂਣਾ ਹੈ। ਇਸ ਕਰਕੇ ਤੂੰ ਰੱਬ ਦੀ ਬੰਦਗੀ ਵੱਲ ਧਿਆਨ ਕਰ।

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥

**ਸ਼ਬਦ ਅਰਥ:**

ਮਣੀਆ- ਸ਼ਿਰੋਮਣੀ। ਹਉ- ਮੈਂ। ਜਿਤੁ- ਜਿਸ (ਵੇਸ) ਨਾਲ। ਵਸਿ- ਵਸ ਵਿੱਚ। ਕੰਤੁ- ਪ੍ਰੇਮੀ, ਪ੍ਰਮੇਸਵਰ।

**ਅਰਥ:**

ਫ਼ਰੀਦ ਜੀ ਕਹਿੰਦੇ ਹਨ। ਕਿ ਉਹ ਕਿਹੜਾ ਅੱਖਰ ਹੈ? ਉਹ ਕਿਹੜਾ ਗੁਣ ਹੈ? ਉਹ ਕਿਹੜਾ ਸ਼ਿਰੋਮਣੀ ਮੰਤਰ ਹੈ? ਉਹ ਕਿਹੜਾ ਵੇਸ ਮੈਂ ਕਰਾਂ ਜਿਸ ਨਾਲ ਮੇਰਾ ਖਸਮ (ਪਰਮਾਤਮਾ) ਮੇਰੇ ਵਸ ਵਿੱਚ ਆ ਜਾਵੇ।

ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥



Downloaded from https:// www.studiestoday.com

Downloaded from https:// www.studiestoday.com

**ਸ਼ਬਦ ਅਰਥ:**

ਖਵਣੁ- ਸਹਾਰਨਾ। ਜਿਹਬਾ- ਮਿੱਠੀ ਜੀਭ, ਮਿੱਠਾ ਬੋਲਣਾ। ਕੰਤੁ- ਖਸਮ (ਪ੍ਰਮਾਤਮਾ)।

**ਅਰਥ:**

ਫ਼ਰੀਦ ਜੀ ਕਹਿੰਦੇ ਹਨ। ਕਿ ਨਿਊਣਾ ਅੱਖਰ ਹੈ। ਸਹਾਰਨਾ ਗੁਣ ਹੈ। ਮਿੱਠਾ ਬੋਲਣਾ ਸਿਰੋਮਣੀ ਮੰਤਰ ਹੈ। ਜੇ ਇਹ ਤਿੰਨ ਵੱਸ ਕਰ ਲਵੇਂ ਤਾਂ ਤੇਰਾ ਖਸਮ (ਪਰਮਾਤਮਾ) ਤੇਰੇ ਵੱਸ ਵਿਚ ਆ ਜਾਵੇ। ਜਾਂ ਤੂੰ ਇਹ ਤਿੰਨ ਗੁਣ ਤੇਰੇ ਵਿੱਚ ਆ ਜਾਣ ਤਾਂ ਤੂੰ ਆਪਣੇ ਖਸਮ ਨੂੰ ਵੱਸ ਵਿੱਚ ਕਰ ਸਕੇਂਗੀ।

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫ਼ਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

(ਅ) ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

2. ਹੇਠ ਲਿਖੀਆਂ ਕਾਵਿ ਤੁਕਾਂ ਦੀ ਵਿਆਖਿਆ ਕਰੋ:

(ੳ) ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ॥

(ਅ) ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥

3. 'ਬੇੜਾ ਬੰਧਿ ਨ ਸਕਿਓ' ਸ਼ਬਦ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿਚ ਲਿਖੋ।

4. 'ਫ਼ਰੀਦਾ ਥੀਉ ਪਵਾਹੀ ਦਭੁ' ਸ਼ਲੋਕ ਤੋਂ ਮਨੁੱਖ ਨੂੰ ਕੀ ਪ੍ਰੇਰਨਾ ਮਿਲਦੀ ਹੈ?

5. ਦੇਹੀ ਨੂੰ ਰੋਗ ਨਾ ਲੱਗੇ ਇਸ ਲਈ ਫ਼ਰੀਦ ਜੀ ਅਨੁਸਾਰ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ?

6. ਖਾਕੁ ਦੀ ਨਿੰਦਿਆ ਕਿਉਂ ਨਹੀਂ ਕਰਨੀ ਚਾਹੀਦੀ?

7. ਫ਼ਰੀਦ ਜੀ ਅਨੁਸਾਰ ਕੰਤੁ ਨੂੰ ਵੱਸ ਵਿੱਚ ਕਰਨ ਦਾ ਸ਼ਿਰੋਮਣੀ ਮੰਤਰ ਕਿਹੜਾ ਹੈ?

8. ਫ਼ਰੀਦ ਜੀ ਮਨੁੱਖ ਨੂੰ ਮੌਤ ਚੇਤੇ ਕਰਵਾ ਕੇ ਕਿਹੜੀ ਗੱਲ ਲਈ ਸੁਚੇਤ ਕਰਦੇ ਹਨ ਅਤੇ ਕਿਹੋ ਜਿਹੇ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ?

9. ਬਾਬਾ ਸ਼ੇਖ ਫ਼ਰੀਦ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਕਵਿ ਰਚਨਾ ਉੱਤੇ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 2. ਸ਼੍ਰੀ ਗੁਰੂ ਨਾਨਕ ਦੇਵ ਜੀ
## (1469– 1539 ਈ:)

ਸ਼੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ ਅਤੇ ਪੰਜਾਬੀ ਦੇ ਸ੍ਰੇਸ਼ਟ ਕਵੀ ਹੋਏ ਹਨ। ਆਪ ਜੀ ਦਾ ਜਨਮ 15 ਅਪਰੈਲ 1469 ਈ: ਨੂੰ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਖੇ ਮਾਤਾ ਤ੍ਰਿਪਤਾ ਅਤੇ ਪਿਤਾ ਕਲਿਆਣ ਦਾਸ (ਮਹਿਤਾ ਕਾਲੂ) ਦੇ ਘਰ ਹੋਇਆ। ਬਾਬਾ ਨਾਨਕ ਜੀ ਬਚਪਨ ਤੋਂ ਹੀ ਵਿੱਲਖਣ ਸ਼ਖਸੀਅਤ ਦੇ ਮਾਲਕ ਸਨ। ਆਪ ਅਧਿਆਤਮਿਕ ਵਿਚਾਰਾਂ ਦੇ ਧਾਰਨੀ ਸਨ ਅਤੇ ਹਰ ਵੇਲੇ ਰੱਬ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਮਾਤਾ ਪਿਤਾ ਆਪ ਜੀ ਨੂੰ ਦੁਨੀਆਂਦਾਰੀ ਵਿੱਚ ਪ੍ਰਵੀਨ ਦੇਖਣਾ ਚਾਹੁੰਦੇ ਸਨ। ਬਾਲਗ ਅਵਸਥਾ ਵਿੱਚ ਬੀਬੀ ਸੁਲੱਖਣੀ ਨਾਲ ਆਪ ਜੀ ਦਾ ਵਿਆਹ ਹੋਇਆ। ਆਪ ਦੀ ਸੰਤਾਨ ਆਪ ਦੇ ਦੋ ਸਪੁੱਤਰ, ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ ਸਨ।

ਆਪ ਜੀ ਦੇ ਜੀਵਨ ਵਿੱਚ ਆਪ ਦੀ ਵੱਡੀ ਭੈਣ ਬੇਬੇ ਨਾਨਕੀ ਤੇ ਜੀਜਾ ਜੈ ਰਾਮ ਨੇ ਬਹੁਤ ਵੱਡਾ ਯੋਗਦਾਨ ਪਾਇਆ। ਭੈਣ ਦੇ ਕਹੇ ਹੀ ਗੁਰੂ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਚਲੇ ਗਏ ਅਤੇ ਮੋਦੀਖਾਨੇ ਵਿੱਚ ਨੌਕਰੀ ਕੀਤੀ। ਇੱਥੋਂ ਹੀ ਧਰਮ ਪ੍ਰਚਾਰ ਲਈ ਦੇਸ਼ ਵਿਦੇਸ਼ ਦਾ ਰਟਨ ਸ਼ੁਰੂ ਕੀਤਾ। ਆਪ ਦੀਆ ਯਾਤਰਾਂਵਾ- ਫੇਰੀਆਂ ਨੂੰ ਸਿੱਖ ਧਰਮ ਵਿੱਚ ਉਦਾਸੀਆਂ ਨਾਲ ਯਾਦ ਕੀਤਾ ਜਾਂਦਾ ਹੈ। ਉਦਾਸੀਆਂ ਦੇ ਦੌਰਾਨ ਗੁਰੂ ਨਾਨਕ ਦੇਵ ਜੀ ਅਨੇਕ ਰਾਜਿਆ-ਮਹਾਰਾਜਿਆਂ, ਪੰਡਿਤਾਂ, ਮੁੱਲਾਂ-ਮੁਲਾਣਿਆਂ, ਪੁੰਨੀਆਂ-ਪਾਪੀਆਂ, ਅਨੇਕ ਫਿਰਕਿਆਂ, ਵਰਗਾਂ ਤੇ ਧਰਮਾਂ ਦੇ ਲੋਕਾਂ ਨੂੰ ਮਿਲੇ। ਉਹਨਾਂ ਨਾਲ ਵਿਚਾਰ-ਵਟਾਂਦਰਾ ਅਤੇ ਗੋਸਟੀਆਂ ਕੀਤੀਆਂ। ਇਸ ਤਰ੍ਹਾਂ ਆਪ ਨੇ ਲਗ-ਭਗ ਬਾਈ ਸਾਲ ਦੇਸ਼ਾਂ ਪਰਦੇਸ਼ਾਂ ਦੀ ਯਾਤਰਾ ਕੀਤੀ। 1539 ਈ: ਨੂੰ ਕਰਤਾਰਪੁਰ ਵਿਖੇ ਆਪ ਜੋਤੀ ਜੋਤ ਸਮਾ ਗਏ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਨੌ ਸੌ ਚੁਹੱਤਰ (974) ਸ਼ਬਦ ਦਰਜ ਹਨ। ਆਪ ਨੇ ਉੱਨੀ ਰਾਗਾਂ ਵਿਚ ਬਾਣੀ ਰਚੀ। ਆਪ ਦੀ ਬਾਣੀ ਵਿਚ ਫਾਰਸੀ, ਅਰਬੀ, ਹਿੰਦੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਪਰ ਫਿਰ ਵੀ ਇਸ ਦੀ ਠੁੱਕ ਪੰਜਾਬੀ ਹੈ ਅਤੇ ਇਸ ਵਿਚ ਪੰਜਾਬ ਦੀ ਧਰਤੀ ਦੀ ਸੁਗੰਧ ਹੈ। ਆਪ ਨੇ ਸਲੋਕ, ਛੰਦ, ਸੋਹਲੇ, ਵਾਰ, ਬਾਰਾਂਮਾਹ, ਅਸਟਪਦੀਆਂ ਆਦਿ ਕਾਵਿ ਰੂਪਾਂ ਵਿਚ ਬਾਣੀ ਰਚੀ। ਇਸ ਤੋਂ ਇਲਾਵਾ ਜਪੁਜੀ, ਆਸਾ ਦੀ ਵਾਰ, ਸਿਧ ਗੋਸ਼ਟਿ, ਬਾਰਾਂਮਾਹ, ਪੱਟੀ, ਥਿਤੀ ਅਦਿ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਆਪ ਜੀ ਦੀ ਬਾਣੀ ਵਿੱਚ ਰਾਗ ਤੇ ਕਾਵਿ ਦਾ ਸੁੰਦਰ ਸੁਮੇਲ ਹੈ। ਬਿੰਬਾਵਲੀ, ਛੰਦ ਪ੍ਰਬੰਧ ਆਦਿ ਪੱਖੋਂ ਇਹ ਬਾਣੀ ਉੱਚ ਪਾਇ ਦੀ ਹੈ। ਜਨ-ਸਾਧਾਰਨ ਪੱਧਰ ਦੀ ਬੋਲੀ ਵਿੱਚ ਰਚੀ ਗਈ ਬਾਣੀ, ਆਮ ਲੋਕਾਂ ਦੀ ਸਮਝ ਆਉਣ ਵਾਲੀ ਅਤੇ ਅਧਿਆਤਮਿਕਤਾ ਦਾ ਸੁਨੇਹਾ ਦੇਣ ਵਾਲੀ ਹੈ। ਇਸ ਦੇ ਨਾਲ ਹੀ ਬਾਣੀ ਕਮਜ਼ੋਰ ਤੇ ਲਿਤਾੜੇ ਵਰਗ ਦੇ ਹਿੱਤਾਂ ਦੀ ਆਵਾਜ਼ ਵੀ ਬੁਲੰਦ ਕਰਦੀ ਹੈ।

ਗੁਰੂ ਜੀ ਦੀ ਬਾਣੀ ਤੋਂ ਮਨੁੱਖ ਮਾਤਰ ਨੂੰ ਵਹਿਮਾਂ-ਭਰਮਾਂ ਅਤੇ ਝੂਠੇ ਕਰਮ-ਕਾਂਡਾ ਤੋਂ ਮੁਕਤ ਹੋਣ ਅਤੇ ਜੀਵਨ ਪ੍ਰਤੀ ਸੁਹਿਰਦ ਹੋਣ ਦਾ ਉਤਸ਼ਾਹ ਮਿਲਦਾ ਹੈ। ਆਪ ਨੇ ਹੱਕ ਦੀ ਕਮਾਈ ਕਰਨ ਤੇ ਪਰਮਾਤਮਾ ਦੀ ਭਜਨ ਬੰਦਗੀ ਉੱਪਰ ਬਲ ਦਿੱਤਾ ਹੈ। ਕੁਦਰਤ ਦੇ ਕਾਦਰ ਦਾ ਚਮਤਕਾਰ, ਸਾਂਝੀਵਾਲਤਾ ਦਾ ਸੁਨੇਹਾ ਤੇ ਹੱਕ-ਸੱਚ ਦੀ ਅਵਾਜ਼ ਆਦਿ ਆਪ ਦੀ ਰਚਨਾ ਦੇ ਪ੍ਰਭਾਵੀ ਵਿਸ਼ੇ ਹਨ। ਹੱਥਲੇ ਸੰਗ੍ਰਹਿ ਵਿੱਚ ਵਿਦਿਆਰਥੀਆਂ ਦੇ ਗਿਆਨ 'ਚ ਵਾਧਾ ਕਰਨ ਲਈ ਉਹਨਾਂ ਦੀ ਬਾਣੀ ਦਰਜ ਕੀਤੀ ਗਈ ਹੈ।



Downloaded from https:// www.studiestoday.com

Downloaded from https:// www.studiestoday.com

## ਸ਼ਲੋਕ
## ਪਵਣੁ ਗੁਰੂ ਪਾਣੀ ਪਿਤਾ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥
ਦਿਵਸੁ ਰਾਤਿ ਦੁਇ ਦਾਈ ਦਇਆ ਖੇਲੈ ਸਗਲ ਜਗਤੁ ॥
ਚੰਗਿਆਈਆ ਬੁਰਿਆਈਆਂ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥

**ਸ਼ਬਦ ਅਰਥ:**

ਪਵਣੁ- ਹਵਾ, ਸੁਆਸ, ਪ੍ਰਾਣ। ਮਹਤੁ- ਵੱਡੀ। ਦਿਵਸੁ- ਦਿਨ। ਦੁਇ- ਦੋਵੇਂ। ਦਿਵਸੁ ਦਾਇਆ- ਦਿਨ ਖਿਡਾਵਾ ਹੈ। ਰਾਤਿ ਦਾਈ- ਰਾਤ ਖਿਡਾਵੀ ਹੈ। ਸਗਲ - ਸਾਰਾ। ਵਾਚੈ- ਪਰਖਦਾ ਹੈ (ਲਿਖੇ ਹੋਏ) ਪੜ੍ਹਦਾ ਹੈ। ਹਦੂਰਿ- ਅਕਾਲ ਪੁਰਖ ਦੀ ਹਜ਼ੂਰੀ ਵਿੱਚ, ਅਕਾਲ ਪੁਰਖ ਦੇ ਦਰ 'ਤੇ । ਕਰਮੀ- ਕਰਮਾਂ ਅਨੁਸਾਰ। ਕੇ- ਕਈ ਜੀਵ। ਨੇੜੈ- ਅਕਾਲ ਪੁਰਖ ਦੇ ਨਜ਼ਦੀਕ। ਜਿਨੀ- ਜਿਨ੍ਹਾਂ ਮਨੁੱਖਾਂ ਨੇ। ਧਿਆਇਆ- ਸਿਮਰਿਆ ਹੈ। ਮਸਕਤਿ- ਮਸ਼ਕਤਿ, ਮਿਹਨਤ, ਘਾਲ- ਕਮਾਈ। ਘਾਲਿ- ਘਾਲ ਕੇ, ਸਫਲੀ ਕਰ ਗਏ। ਤੇ- ਉਹ ਮਨੁੱਖ। ਮੁਖ ਉਜਲੇ- ਉੱਜਲ ਮੁੱਖ ਵਾਲੇ। ਕੇਤੀ- ਕਈ ਜੀਵ। ਛੁਟੀ- ਮੁਕਤ ਹੋ ਗਏ। ਮਾਇਆ ਦੇ ਬੰਧਨਾਂ ਤੋ. ਰਹਿਤ ਹੋ ਗਏ। ਨਾਲਿ- ਉਹਨਾਂ ਦੀ ਸੰਗਤ ਵਿੱਚ।

**ਅਰਥ:**

ਹਵਾ ਸਰੀਰ ਲਈ ਇਸ ਤਰ੍ਹਾਂ ਹੈ ਜਿਵੇਂ ਜੀਵ ਦੀ ਆਤਮਾ ਲਈ ਗੁਰੂ ਹੈ। ਪਾਣੀ ਸਭ ਜੀਵਾਂ ਦਾ ਪਿਉ ਹੈ ਅਤੇ ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਅਤੇ ਰਾਤ ਦੋਵੇਂ ਖਿਡਾਵਾ ਅਤੇ ਖਿਡਾਵੀ ਹਨ, ਇਹ ਸਾਰਾ ਸੰਸਾਰ ਖੇਡ ਰਿਹਾ ਹੈ ਭਾਵ ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਅਤੇ ਦਿਨੇ ਕਾਰ-ਵਿਹਾਰ ਵਿੱਚ ਲੱਗੇ ਰਹਿੰਦੇ ਹਨ। ਧਰਮਰਾਜ ਅਕਾਲਪੁਰਖ ਦੀ ਹਜ਼ੂਰੀ ਵਿਚ ਜੀਵਾਂ ਦੇ ਕੀਤੇ ਹੋਏ ਚੰਗੇ ਅਤੇ ਮੰਦੇ ਕੰਮ ਵਿਚਾਰਦਾ ਹੈ। ਆਪੋ ਆਪਣੇ ਕੀਤੇ ਹੋਏ ਕਰਮਾਂ ਅਨੁਸਾਰ ਕਈ ਜੀਵ ਅਕਾਲ ਪੁਰਖ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਅਕਾਲ ਪੁਰਖ ਤੋਂ ਦੂਰ ਰਹਿ ਜਾਂਦੇ ਹਨ, ਜਿਨ੍ਹਾਂ ਨੇ ਪਰਮਾਤਮਾ ਦਾ, ਅਕਾਲਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫ਼ਲ ਕਰ ਗਏ ਹਨ। ਅਕਾਲ ਪੁਰਖ ਦੇ ਦਰ 'ਤੇ ਉਹ ਉੱਜਲ ਮੁੱਖ ਵਾਲੇ ਹਨ ਅਤੇ ਹੋਰ ਵੀ ਕਈ ਜੀਵ ਉਹਨਾਂ ਦੀ ਸੰਗਤ ਵਿੱਚ ਰਹਿ ਕੇ 'ਕੂੜ ਦੀ ਪਾਲ' ਢਾਹ ਕੇ ਮਾਇਆ ਦੇ ਬੰਧਨਾਂ ਤੋ. ਅਜ਼ਾਦ ਹੋ ਗਏ ਹਨ। ਭਾਵ ਇਹ ਸੰਸਾਰ ਇੱਕ ਰੰਗ ਭੂਮੀ ਹੈ ਜਿਸ ਵਿੱਚ ਜੀਵ ਖਿਲਾੜੀ ਆਪੋ ਆਪਣੀ ਖੇਡ ਖੇਡ ਰਹੇ ਹਨ। ਹਰੇਕ ਜੀਵ ਦੀ ਖੇਡ ਦੀ ਪੜਤਾਲ ਬੜੇ ਗਹੁ ਨਾਲ ਹੋ ਰਹੀ ਹੈ। ਜਿਹੜੇ ਮਨੁੱਖ ਨਿਰੀ ਮਾਇਆ ਦੀ ਖੇਡ ਹੀ ਖੇਡੀ ਗਏ, ਉਹ ਪ੍ਰਭੂ ਤੋਂ ਵਿੱਥ ਪਾਈ ਗਏ। ਪਰ ਜਿਨ੍ਹਾਂ ਨੇ ਸਿਮਰਨ ਦੀ ਖੇਡ ਖੇਡੀ, ਉਹ ਆਪਣੀ ਮਿਹਨਤ ਸਫ਼ਲ ਕਰ ਗਏ ਅਤੇ ਹੋਰ ਕਈ ਜੀਵਾਂ ਨੂੰ ਇਸ ਸੁਚੱਜੇ ਰਾਹ ਉੱਤੇ ਪਾਉਂਦੇ ਹੋਏ ਆਪ ਵੀ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੋ ਗਏ।

## ਹਕੁ ਪਰਾਇਆ ਨਾਨਕਾ

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥



Downloaded from https:// www.studiestoday.com

Downloaded from https:// www.studiestoday.com

ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥

**ਸ਼ਬਦ ਅਰਥ**

ਹਾਮਾ ਭਰੇ– ਸ਼ਿਫਾਰਸ਼ ਕਰਦਾ ਹੈ। ਮੁਰਦਾਰੁ– ਪਰਾਇਆ ਹੱਕ। ਭਿਸਤਿ– ਬਹਿਸ਼ਤ ਵਿੱਚ। ਛੁਟੈ– ਮੁਕਤੀ ਹਾਸਿਲ ਹੁੰਦੀ ਹੈ। ਕਮਾਇ– ਕਮਾ ਕੇ, ਅਮਲੀ ਜੀਵਨ ਵਿੱਚ ਵਰਤਿਆ। ਮਾਰਣ– ਬਹਿਸ ਆਦਿ ਚਤੁਰਾਈ ਦੀਆਂ ਗੱਲਾਂ। ਗਲੀ ਕੂੜੀਈ – ਝੂਠੀਆਂ ਗੱਲਾਂ, ਕੂੜੀਆਂ ਗੱਲਾਂ। ਪਲੈ ਪਾਇ– ਮਿਲਦਾ ਹੈ।

**ਅਰਥ:**

ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਅਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗੰਬਰ ਤਾਂ ਹੀ ਸਿਫ਼ਾਰਸ਼ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨ ਖਾਵੇ। ਨਿਰੀਆਂ ਗੱਲਾਂ ਕਰਨ ਨਾਲ ਸਵਰਗ ਵਿੱਚ ਨਹੀਂ ਅੱਪੜ ਸਕੀਦਾ। ਸੱਚ ਨੂੰ ਭਾਵ ਜਿਸ ਨੂੰ ਸੱਚਾ ਰਸਤਾ ਆਖਦੇ ਹਨ ਉਸ ਨੂੰ ਅਮਲੀ ਜੀਵਨ ਵਿਚ ਵਰਤਿਆ ਹੀ ਮੁਕਤੀ ਹਾਸਲ ਹੁੰਦੀ ਹੈ। ਬਹਿਸ ਆਦਿ ਗੱਲਾਂ ਦੇ ਮਾਮਲੇ ਹਰਾਮ ਮਾਲ ਵਿੱਚ ਪਾਉਣ ਨਾਲ ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਕੂੜੀਆਂ ਗੱਲਾਂ ਭਾਵ ਝੂਠੀਆਂ ਗੱਲਾਂ ਕਰਨ ਨਾਲ ਕੂੜ ਹੀ ਮਿਲਦਾ ਹੈ।

## ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਮਨਾਇ॥
ਕਰਣੀ ਕਲਮਾ ਆਖਿ ਕੈ ਤਾਂ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੁੜਿਆਰ ਕੂੜੈ ਕੂੜੀ ਪਾਇ॥

**ਸ਼ਬਦ ਅਰਥ:**

ਵਖਤ– ਵਕਤ, ਸਮਾਂ। ਦੁਇ– ਦੂਜੀ। ਖੈਰ ਖੁਦਾਇ– ਰੱਬ ਤੋਂ ਸਭ ਦਾ ਭਲਾ ਮੰਗਣਾ। ਰਾਸਿ– ਸਾਫ। ਸਨਾਇ– ਵਡਿਆਈ। ਪਾਇ– ਪਾਇਆ, ਇੱਜ਼ਤ।

**ਅਰਥ:**

ਮੁਸਲਮਾਨਾਂ ਦੀਆਂ ਪੰਜ ਨਿਮਾਜ਼ਾਂ ਹਨ, ਉਹਨਾਂ ਦੇ ਪੰਜ ਵਕਤ ਹਨ ਤੇ ਪੰਜ ਹੀ ਨਿਮਾਜ਼ਾਂ ਦੇ ਵੱਖੋ ਵੱਖਰੇ ਪੰਜ ਨਾਮ। ਪਰ ਸਾਡੇ ਮਤ ਅਨੁਸਾਰ ਅਸਲ ਨਿਮਾਜ਼ਾਂ ਇਸ ਤਰ੍ਹਾਂ ਹਨ: ਪਹਿਲੀ ਨਿਮਾਜ਼ ਹੈ, ਸੱਚ ਬੋਲਣਾਂ। ਦੂਜੀ ਨਿਮਾਜ਼ ਹੈ, ਹੱਕ ਦੀ ਕਮਾਈ। ਤੀਜੀ ਨਿਮਾਜ਼ ਹੈ, ਰੱਬ ਤੋਂ ਸੱਭ ਦਾ ਭਲਾ ਮੰਗਣਾ। ਨੀਅਤ ਅਤੇ ਮਨ ਨੂੰ ਸਾਫ ਰੱਖਣਾ, ਚੌਥੀ ਨਮਾਜ਼ ਹੈ। ਪਰਮਾਤਮਾ ਦੀ ਸਿਫਤ-ਸਲਾਹ ਅਤੇ ਵਡਿਆਈ ਕਰਨੀ ਪੰਜਵੀਂ ਨਿਮਾਜ਼ ਹੈ। ਇਹਨਾਂ ਪੰਜਾਂ ਨਿਮਾਜ਼ਾਂ ਦੇ ਨਾਲ ਨਾਲ ਉੱਚਾ ਆਚਰਨ ਬਣਾਉਣ ਰੂਪੀ ਕਲਮਾਂ ਪੜ੍ਹੋ ਤਾਂ ਆਪਣੇ ਆਪ ਨੂੰ ਸੱਚਾ ਮੁਸਲਮਾਨ ਅਖਵਾ ਸਕਦੇ ਹੋ।

ਇਹਨਾਂ ਨਿਮਾਜ਼ਾਂ ਅਤੇ ਕਲਮੇ ਤੋਂ ਖੁੰਝੇ ਹੋਏ ਜਿੰਨੇ ਵੀ ਮਨੁੱਖ ਹਨ ਉਹ ਕੂੜ ਦੇ ਵਪਾਰੀ ਹਨ ਅਤੇ ਕੂੜ ਦੀ ਇੱਜ਼ਤ ਵੀ ਕੂੜੀ ਹੁੰਦੀ ਹੈ।

## ਕੈਹਾ ਕੰਚਨੁ ਤੁਟੈ ਸਾਰੁ

ਕੈਹਾ ਕੰਚਨੁ ਤੁਟੈ ਸਾਰੁ॥ ਅਗਨੀ ਗੰਢ ਪਾਏ ਲੋਹਾਰੁ॥



Downloaded from https:// www.studiestoday.com

Downloaded from https:// www.studiestoday.com

ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀ ਗੰਢ ਪਵੈ ਸੰਸਾਰਿ ॥
ਰਾਜਾ ਮੰਗੈ ਦਿਤੈ ਗੰਢ ਪਾਇ ॥ ਭੁਖਿਆ ਗੰਢ ਪਵੈ ਜਾ ਖਾਇ ॥
ਕਾਲਾ ਗੰਢੁ ਨਦੀਆਂ ਮੀਂਹ ਝੋਲ ॥ ਗੰਢ ਪਰੀਤੀ ਮਿਠੇ ਬੋਲ ॥
ਬੇਦਾ ਗੰਢੁ ਬੋਲੇ ਸਚੁ ਕੋਇ ॥ ਮੁਇਆ ਗੰਢ ਨੇਕੀ ਸਤੁ ਹੋਇ ॥
ਏਤੁ ਗੰਢਿ ਵਰਤੈ ਸੰਸਾਰੁ ॥ ਮੂਰਖ ਗੰਢ ਪਵੈ ਮੁਹਿ ਮਾਰ ॥
ਨਾਨਕ ਆਖੇ ਏਹੁ ਬੀਚਾਰੁ ॥ ਸਿਫਤੀ ਗੰਢ ਪਵੈ ਦਰਬਾਰਿ ॥

**ਸ਼ਬਦ ਅਰਥ:**

ਕੰਚਨੁ- ਸੋਨਾ। ਸਾਰੁ- ਲੋਹਾ। ਗੰਢ- ਗਾਂਢਾ। ਗੋਰੀ- ਇਸਤਰੀ, ਵਹੁਟੀ। ਭਤਾਰੁ- ਪਤੀ। ਪੁਤੀ- ਪੁੱਤਰਾਂ ਨਾਲ। ਰਾਜਾ ਮੰਗੈ ਦਿੱਤੈ ਗੰਢ ਪਾਇ- ਜੇ ਰਾਜਾ ਮੰਗੈ ਤੇ ਪਰਜਾ ਅੱਗੋਂ ਦੇਵੇ ਤਾਂ ਦੋਹਾਂ ਦਾ ਆਪਸੀ ਸੰਬੰਧ ਜੁੜਦਾ ਹੈ। ਕਾਲਾ- ਅਕਾਲ। ਕਾਲਾ ਗੰਢ- ਅਕਾਲ ਦਾ ਖਾਤਮਾ। ਮੀਂਹ ਝੋਲ- ਬਹੁਤੇ ਮੀਂਹ ਜੋ ਜ਼ੋਰ ਨਾਲ ਵੱਸਣ। ਬੇਦਾ- ਗਿਆਨ, ਧਾਰਮਿਕ ਪੁਸਤਕਾਂ। ਮੁਇਆ ਗੰਢ- ਮੋਏ ਮਨੁੱਖਾਂ ਦਾ ਦੁਨੀਆ ਨਾਲ ਸੰਬੰਧ। ਸਤੁ- ਦਾਨ। ਏਤੁ ਗੰਢਿ- ਇਸ ਗਾਂਢੇ ਨਾਲ, ਇਸ ਸੰਬੰਧ ਨਾਲ। ਮੂਰਖ ਗੰਢ ਪਵੈ ਮੁਹਿ ਮਾਰ- ਮੂਰਖ ਨਾਲ ਸੰਬੰਧ ਤਦ ਬਣਦਾ ਹੈ ਜੇ ਉਸ ਦੇ ਮੂੰਹ ਉੱਤੇ ਮਾਰ ਪਵੇ। ਦਰਬਾਰਿ- ਪ੍ਰਭੂ ਦੇ ਦਰਬਾਰ ਵਿੱਚ।

**ਅਰਥ:**

ਜੇ ਕੈਹਾਂ, ਸੋਨਾ ਜਾਂ ਲੋਹਾ ਟੁੱਟ ਜਾਏ, ਅੱਗ ਨਾਲ ਸੁਨਾਰ ਜਾਂ ਲੁਹਾਰ (ਆਦਿਕ) ਗਾਂਢਾ ਲਾ ਦੇਂਦਾ ਹੈ। ਜੇ ਵਹੁਟੀ ਨਾਲ ਖਸਮ ਨਾਰਾਜ਼ ਹੋ ਜਾਏ ਤਾਂ ਜਗਤ ਵਿੱਚ ਇਹਨਾਂ ਦਾ ਜੋੜ ਪੁੱਤਰਾਂ ਦੀ ਰਾਹੀਂ ਬਣਦਾ ਹੈ। ਜੇਕਰ ਰਾਜਾ ਪਰਜਾ ਪਾਸੋਂ ਮਾਮਲਾ ਮੰਗਦਾ ਹੈ, ਨਾ ਦਿੱਤਾ ਜਾਏ ਤਾਂ ਰਾਜਾ ਪਰਜਾ ਦੀ ਵਿਗੜਦੀ ਹੈ। ਮਾਮਲਾ ਦਿੱਤਿਆ ਹੀ ਰਾਜਾ ਪਰਜਾ ਦਾ ਮੇਲ ਬਣਦਾ ਹੈ। ਭੁੱਖ ਨਾਲ ਆਤੁਰ ਹੋਏ ਬੰਦੇ ਦਾ ਆਪਣੇ ਸਰੀਰ ਨਾਲ ਤਾਂ ਹੀ ਸੰਬੰਧ ਬਣਿਆ ਰਹਿੰਦਾ ਹੈ। ਜੇ ਉਹ ਰੋਟੀ ਖਾਏ। ਕਾਲਾ ਨੂੰ ਗੰਢ ਪੈਂਦੀ ਹੈ, ਭਾਵ ਕਾਲ ਮੁੱਕ ਜਾਂਦੇ ਹਨ। ਜੇ ਬਹੁਤੇ ਮੀਂਹ ਪੈ ਕੇ ਨਦੀਆਂ ਚੱਲਣ। ਮਿੱਠੇ ਬਚਨਾ ਨਾਲ ਪਿਆਰ ਦੀ ਗੰਢ ਪੈਂਦੀ ਹੈ। (ਭਾਵ, ਪਿਆਰ ਪੱਕਾ ਹੁੰਦਾ ਹੈ)। ਬੇਦ (ਆਦਿਕ ਧਾਰਮਿਕ ਪੁਸਤਕਾਂ) ਨਾਲ ਮਨੁੱਖ ਦਾ ਜੋੜ ਤਦੋਂ ਹੀ ਜੁੜਦਾ ਹੈ, ਜੇ ਮਨੁੱਖ ਸੱਚ ਬੋਲੇ। ਮੁਏ ਬੰਦਿਆਂ ਦਾ ਜਗਤ ਨਾਲ ਸੰਬੰਧ ਬਣਿਆ ਰਹਿੰਦਾ ਹੈ। ਭਾਵ, ਪਿੱਛੋਂ ਲੋਕ ਯਾਦ ਕਰਦੇ ਹਨ ਜੇ ਮਨੁੱਖ ਭਲਾਈ ਤੇ ਦਾਨ ਕਰਦਾ ਰਹੇ। ਮੂੰਹ ਤੇ ਮਾਰ ਪਿਆਂ ਹੀ ਮੂਰਖ ਦੇ ਮੂਰਖਪੁਣੇ ਨੂੰ ਰੋਕ ਪੈਂਦੀ ਹੈ। ਨਾਨਕ ਇਹ ਵਿਚਾਰ ਦੀ ਗੱਲ ਦੱਸਦਾ ਹੈ, ਕਿ ਪਰਮਾਤਮਾ ਦੀ ਸਿਫ਼ਤ - ਸਲਾਹ ਦੀ ਰਾਹੀਂ ਪ੍ਰਭੂ ਦੇ ਦਰਬਾਰ ਵਿੱਚ ਆਦਰ-ਪਿਆਰ ਦਾ ਜੋੜ ਜੁੜਦਾ ਹੈ।

## ਦੁਖੁ ਦਾਰੂ ਸੁਖੁ ਰੋਗ ਭਇਆ

ਦੁਖੁ ਦਾਰੂ ਸੁਖੁ ਰੋਗ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂ ਕਰਤਾ ਕਰਣਾ ਮੈਂ ਨਾਹੀਂ ਜਾ ਹਉ ਕਰੀ ਨ ਹੋਈ ॥
ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤ ਨਾ ਜਾਈ ਲਖਿਆ ॥ ਰਹਾਉ ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬ ਸਿਫਤਿ ਸੁਆਲਿਉ ਜਿਨੀ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥

**ਸ਼ਬਦ ਅਰਥ:**

ਤਾਮਿ- ਤਦੋਂ। ਕਰਣਾ - ਕਰਨਹਾਰ। ਮੈਂ ਨਾਹੀਂ - ਮੈਂ ਕੁਝ ਵੀ ਨਹੀਂ। ਜਾ ਹਉ ਕਰੀ - ਜੇ ਮੈ



Downloaded from https:// www.studiestoday.com

Downloaded from https:// www.studiestoday.com

ਆਪਣੇ ਆਪ ਨੂੰ ਕੁਝ ਸਮਝਾਂ। ਨ ਹੋਈ – ਨਹੀ ਫਬਦਾ, ਇਹ ਗੱਲ ਨਹੀਂ ਫਬਦੀ। ਜਾਤਿ – ਸ੍ਰਿਸ਼ਟੀ। ਜੋਤਿ – ਰੱਬ ਦਾ ਨੂਰ। ਜੋਤਿ ਮਹਿ – ਸਾਰੇ ਜੀਵਾਂ ਵਿੱਚ। ਜਾਤਾ – ਵੇਖਿਆ ਜਾਂਦਾ ਹੈ, ਦਿਸ ਰਿਹਾ ਹੈ। ਅਕਲ – ਸੰਪੂਰਨ। ਕਲਾ– ਟੋਟਾ, ਹਿੱਸਾ।ਅਕਲ ਕਲਾ – ਜਿਸ ਦੇ ਵੱਖੋ–ਵੱਖਰੇ ਟੋਟੇ ਨਾ ਹੋਣ, ਇੱਕ ਰਸ ਸੰਪੂਰਨ ਪ੍ਰਭੂ।ਸੁਆਲਿਉ– ਸੋਹਣੀ, ਸੁੰਦਰ।ਜਿਨ ਕੀਤੀ– ਜਿਸ ਨੇ ਤੇਰੀ ਵਡਿਆਈ ਕੀਤੀ।ਕਹੁ ਕਰਤੇ ਕੀਆ ਬਾਤਾ– ਕਰਤਾਰ ਦੀਆਂ ਗੱਲਾ ਆਖ।

**ਅਰਥ:**

ਪਰਮਾਤਮਾ ਦੀ ਕੁਦਰਤ ਅਜੀਬ ਹੈ, ਬਿਪਤਾ ਜੀਵਾਂ ਦੇ ਰੋਗਾਂ ਦਾ ਇਲਾਜ ਬਣ ਜਾਂਦੀ ਹੈ ਅਤੇ ਸੁੱਖ ਉਹਨਾਂ ਲਈ ਦੁੱਖ ਦਾ ਕਾਰਨ ਹੋ ਜਾਂਦਾ ਹੈ। ਪਰ ਜੇ ਅਸਲੀ ਆਤਮਕ ਸੁੱਖ ਜੀਵ ਨੂੰ ਮਿਲ ਜਾਵੇ ਤਾਂ ਦੁੱਖ ਨਹੀਂ ਰਹਿੰਦਾ।ਪਰਮਾਤਮਾ! ਤੂੰ ਹੀ ਕਰਨਹਾਰ ਸਮਰੱਥ ਹੈ ਤੂੰ ਆਪ ਜੀ ਇਹਨਾਂ ਭੇਤਾਂ ਨੂੰ ਸਮਝਦਾ ਹੈ, ਮੇਰੀ ਕੋਈ ਸਮਰਥਾਂ ਨਹੀਂ ਕਿ ਮੈਂ ਇਹਨਾਂ ਨੂੰ ਸਮਝ ਸਕਾਂ। ਜੇ ਮੈਂ ਆਪਣੇ ਆਪ ਨੂੰ ਕੁਝ ਸਮਝਾਂ ਭਾਵ ਮੈਂ ਇਹ ਖਿਆਲ ਕਰਨ ਲੱਗ ਪਵਾਂ ਕਿ ਮੈਂ ਤੇਰੇ ਭੇਤ ਨੂੰ ਸਮਝ ਸਕਦਾ ਹਾਂ ਤਾਂ ਮੈਨੂੰ ਇਹ ਗੱਲ ਫੱਬਦੀ ਨਹੀਂ। ਕੁਦਰਤ ਵਿੱਚ ਵਸ ਰਹੇ ਪਰਮਾਤਮਾ ਦਾ ਭੇਤ ਨਹੀਂ ਪਾਇਆ ਜਾ ਸਕਦਾ, ਮੈਂ ਪਰਮਾਤਮਾ ਤੋਂ ਸਦਕੇ ਜਾਂਦਾ ਹਾਂ। ਸਾਰੀ ਸ੍ਰਿਸ਼ਟੀ ਵਿੱਚ ਪਰਮਾਤਮਾ ਦਾ ਹੀ ਨੂਰ ਵੱਸ ਰਿਹਾ ਹੈ, ਸਾਰੇ ਜੀਵਾਂ ਵਿੱਚ ਉਸ ਦਾ ਪ੍ਰਕਾਸ ਹੈ, ਪਰਮਾਤਮਾ ਸਭਨਾਂ ਥਾਂਵਾਂ ਉੱਤੇ ਇੱਕ ਰਸ (ਇੱਕ ਸਾਰ) ਵਿਆਪਕ ਹੈ। ਪਰਮਾਤਮਾ! ਤੂੰ ਹਮੇਸ਼ਾ ਥਿਰ ਰਹਿਣ ਵਾਲਾ ਹੈ, ਜਿਸ ਨੇ ਤੇਰੇ ਗੁਣ ਗਾਏ ਹਨ, ਉਹ ਇਸ ਸੰਸਾਰ– ਸਾਗਰ ਤੋਂ ਤਰ ਗਿਆ ਹੈ। ਗੁਰੂ ਨਾਨਕ ਦੇਵ ਜੀ ਪ੍ਰੇਰਨਾ ਦਿੰਦੇ ਹਨ ਕਿ ਤੂੰ ਵੀ ਕਰਤਾਰ ਦੀ ਸਿਫ਼ਤ – ਸਲਾਹ ਕਰ ਤੇ ਆਖ ਕਿ ਪ੍ਰਭੂ ਜੋ ਕੁਝ ਕਰਨ ਚੰਗਾ ਸਮਝਦਾ ਹੈ, ਉਹ ਕਰ ਰਿਹਾ ਹੈ ਭਾਵ ਉਸ ਦੇ ਕੰਮਾਂ ਵਿੱਚ ਕਿਸੇ ਦਾ ਦਖ਼ਲ ਨਹੀਂ ਹੈ।

## ਨਾਵਣ ਚਲੇ ਤੀਰਥੀ

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ॥

**ਸ਼ਬਦ ਅਰਥ:**

ਮਨਿ ਖੋਟੈ – ਖੋਟੇ ਮਨ ਨਾਲ। ਤਨਿ – ਸਰੀਰ ਵਿੱਚ। ਚੋਰ – ਵਿਕਾਰ ਰੂਪੀ ਚੋਰ (ਕਾਮਾਦਿਕ ਚੋਰ)। ਇਕੁ ਭਾਉ – ਇੱਕ ਹਿੱਸਾ। ਲਥੀ – ਮੈਲ ਲਹਿ ਗਈ। ਦੁਇ ਭਾ – ਦੋ ਹਿੱਸੇ। ਹੋਰ – ਹੋਰ ਮੈਲ। ਤੂਮੜੀ – ਤੁੰਮੀ। ਵਿਸੁ – ਜ਼ਹਿਰ। ਨਿਕੋਰ – ਨਿਰੋਲ।

**ਅਰਥ:**

ਜੋ ਖੋਟੇ ਮਨ ਨਾਲ ਤੀਰਥਾਂ ਉੱਤੇ ਨਹਾਉਣ ਤੁਰ ਪਏ ਅਤੇ ਸਰੀਰ ਵਿੱਚ ਵਿਕਾਰਾਂ ਦੇ ਚੋਰ ਵੀ ਉਸੇ ਤਰ੍ਹਾਂ ਟਿਕੇ ਰਹੇ ਤਾਂ ਨਹਾਉਣ ਨਾਲ ਇੱਕ ਹਿੱਸਾ ਮੈਲ ਭਾਵ ਸਰੀਰ ਦੀ ਬਾਹਰਲੀ ਮੈਲ ਤਾਂ ਲਹਿ ਗਈ, ਪਰ ਮਨ ਵਿੱਚ ਅਹੰਕਾਰ ਦੀ ਦੂਣੀ ਮੈਲ ਚੜ੍ਹ ਗਈ ਤੁੰਮੀ ਵਾਲਾ ਹਾਲ ਹੀ ਹੋਇਆ ਉਹ ਬਾਹਰੋਂ ਤਾਂ ਧੋਤੀ ਗਈ ਪਰ ਉਸ ਦੇ ਅੰਦਰ ਨਿਰੋਲ ਵਿਸ ਭਾਵ ਕੁੜੱਤਣ ਟਿਕੀ ਰਹੀ। ਇਸ ਲਈ ਭਲੇ ਮਨੁੱਖ ਤੀਰਥਾਂ ਤੇ ਨਹਾਉਣ ਤੋਂ ਬਿਨਾਂ ਵੀ ਭਲੇ ਹਨ ਅਤੇ ਚੋਰ ਤੀਰਥਾਂ ਉੱਤੇ ਨਹਾ ਕੇ ਵੀ ਚੋਰ ਹੀ ਹਨ।



Downloaded from https:// www.studiestoday.com

Downloaded from https:// www.studiestoday.com

## ਮਾਘਿ ਪੁਨੀਤ ਭਈ

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਣਾ ਸਰਿ ਨਾਵਾ॥
ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥
ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥
ਨਾਨਕ ਮਾਘਿ ਮਹਾਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥

### ਸ਼ਬਦ ਅਰਥ:

ਮਾਘਿ – ਮਾਘ ਮਹੀਨੇ ਵਿੱਚ । ਪੁਨੀਤ– ਪਵਿੱਤਰ। ਤੀਰਥ – ਪਵਿੱਤਰ ਅਸਥਾਨ (ਖ਼ਾਸ ਤੌਰ 'ਤੇ ਉਹ ਜੋ ਕਿਸੇ ਨਦੀ ਆਦਿਕ ਦੇ ਨੇੜੇ ਹੋਵੇ। ਸਹਿਜ – ਸਹਜ ਵਿੱਚ, ਅਡੋਲ ਅਵਸਥਾ ਵਿੱਚ। ਗਹਿ – ਗ੍ਰਹਿਣ ਕਰਕੇ। ਅੰਕਿ – ਅੰਕ ਵਿੱਚ, ਹਿਰਦੇ ਵਿੱਚ। ਸੁਣਿ – ਤੇਰੇ ਗੁਣ ਸੁਣ ਕੇ। ਬੰਕੇ – ਸੋਹਣੇ। ਸਰਿ– ਸਰੋਵਰ ਵਿੱਚ, ਤੀਰਥ ਉੱਤੇ। ਨਾਵਾ– ਨਾਵ੍ਹਾਂ, ਇਸ਼ਨਾਨ ਕਰ ਲੈਂਦਾ ਹਾਂ। ਤਹ – ਉਸ ਆਤਮਕ ਅਵਸਥਾ ਵਿੱਚ। ਬੇਣੀ ਸੰਗਮ – ਤ੍ਰਿਬੇਣੀ, ਗੰਗਾ – ਜਮਨਾ – ਸਰਸਵਤੀ ਤਿੰਨਾਂ ਪਵਿੱਤਰ ਨਦੀਆਂ ਦਾ ਮਿਲਾਣ ਅਸਥਾਨ। ਜਪਿ– ਜਪ ਕੇ। ਜਾਤਾ – ਡੂੰਘੀ ਸਾਂਝ ਪਾ ਲਈ।

### ਅਰਥ:

ਮਾਘ ਮਹੀਨੇ ਵਿੱਚ ਲੋਕ ਪ੍ਰਯਾਗ ਆਦਿਕ ਤੀਰਥਾਂ ਉੱਤੇ ਇਸ਼ਨਾਲ ਕਰਨ ਵਿੱਚ ਪਵਿੱਤਰਤਾ ਮੰਨਦੇ ਹਨ। ਪਰ ਜਿਸ ਜੀਵ ਨੇ ਆਪਣੇ ਹਿਰਦੇ ਵਿੱਚ ਹੀ ਤੀਰਥ ਪਛਾਣ ਲਿਆ ਹੈ, ਉਸ ਦੀ ਜਿੰਦ ਪਵਿੱਤਰ ਹੋ ਜਾਂਦੀ ਹੈ। ਜੋ ਜੀਵ ਪਰਮਾਤਮਾ ਦੇ ਗੁਣ ਆਪਣੇ ਹਿਰਦੇ ਵਿੱਚ ਵਸਾ ਕੇ ਉਸ ਦੇ ਚਰਨਾਂ ਵਿੱਚ ਲੀਨ ਹੁੰਦਾ ਹੈ, ਉਹ ਅਡੋਲ ਅਵਸਥਾ ਵਿਚ ਟਿਕ ਜਾਂਦਾ ਹੈ। ਜਿੱਥੇ ਉਸ ਨੂੰ ਸੱਜਣ – ਪ੍ਰਭੂ ਮਿਲ ਪੈਂਦਾ ਹੈ।

ਪ੍ਰਭੂ ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿੱਚ ਵਸਾ ਕੇ ਤੇਰੀ ਸਿਫ਼ਤ ਸਾਲਾਹ ਸੁਣ ਕੇ ਤੈਨੂੰ ਪਿਆਰਾ ਲੱਗਣ ਲੱਗ ਪਵਾਂ, ਤਾਂ ਮੈਂ ਤੀਰਥ ਉੱਤੇ ਇਸ਼ਨਾਨ ਕਰ ਲਿਆ ਸਮਝਦਾ ਹਾਂ। ਤੇਰੇ ਚਰਨਾਂ ਵਿੱਚ ਲੀਨਤਾ ਵਾਲੀ ਅਵੱਸਥਾ ਹੀ ਗੰਗਾ ਜਮਨਾ ਸਰਸਵਤੀ ਤਿੰਨਾਂ ਨਦੀਆਂ ਦਾ ਮਿਲਾਪ ਥਾਂ ਤ੍ਰਿਬੇਣੀ ਹੈ ਉੱਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ।

ਜਿਸ ਮਨੁੱਖ ਨੇ ਹਰੇਕ ਜੁਗ ਵਿੱਚ ਵਿਆਪਕ ਪਰਮੇਸ਼ਰ ਨਾਲ ਸਾਂਝ ਪਾ ਲਈ ਉੱਸ ਨੇ ਤੀਰਥ – ਇਸ਼ਨਾਨ ਆਦਿ ਸਾਰੇ ਪੁੰਨ ਦਾਨ ਤੇ ਪੂਜਾ ਕਰਮ ਕਰ ਲਏ।

ਮਾਘ ਮਹੀਨੇ ਵਿੱਚ ਤੀਰਥ – ਇਸ਼ਨਾਨ ਆਦਿ ਦੇ ਥਾਂ ਜਿਸ ਨੇ ਪ੍ਰਭੂ ਦਾ ਨਾਮ ਸਿਮਰ ਕੇ ਪ੍ਰਭੂ ਨਾਮ ਦਾ ਮਹਾਂ–ਰਸ ਪੀ ਲਿਆ, ਉਸ ਨੇ ਅਠਾਹਠ ਤੀਰਥਾਂ ਦਾ ਹੀ ਇਸ਼ਨਾਨ ਕਰ ਲਿਆ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਦਿੱਤੀਆਂ ਕਾਵਿ- ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫ਼ਤਿ ਮਨਾਇ॥

(ਅ) ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ॥

2. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਵਿਆਖਿਆ ਕਰੋ:

(ੳ) ਕਾਲਾ ਗੰਢੁ ਨਦੀਆਂ ਮੀਹ ਝੋਲ॥ ਗੰਢ ਪਰੀਤੀ ਮਿਠੇ ਬੋਲ॥

(ਅ) ਗੁਰੁ ਪੀਰ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ॥

(ੲ) ਸਾਧ ਭਲੇ ਅਣ ਨਾਤਿਆ ਚੋਰ ਸਿ ਚੋਰਾ ਚੋਰ॥

3. 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਸ਼ਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾ ਵਿੱਚ ਲਿਖੋ।

4. ਸੱਚਾ ਮੁਸਲਮਾਨ ਸਦਾਉਣ ਲਈ ਨਿਮਾਜ਼ੀ ਨੂੰ ਕਿਹੜੇ - ਕਿਹੜੇ ਗੁਣ ਧਾਰਨ ਕਰਨੇ ਚਾਹੀਦੇ ਹਨ ?

5. 'ਕੈਹਾ ਕੰਚਨੁ ਤੁਟੈ ਸਾਰੁ' ਸ਼ਬਦ ਵਿੱਚ ਕਿਹੜੀਆਂ- ਕਿਹੜੀਆਂ ਗੰਢਾਂ ਦਾ ਜ਼ਿਕਰ ਕੀਤਾ ਗਿਆ ਹੈ ?

6. 'ਹਕੁ ਪਰਾਇਆ ਨਾਨਕਾ' ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਪਰਾਇਆ ਹੱਕ ਨਾ ਖਾਣ ਬਾਰੇ ਜੋ ਵਿਚਾਰ ਦਿੱਤੇ ਹਨ ਆਪਣੇ ਸ਼ਬਦਾਂ ਵਿਚ ਲਿਖੋ।

7. 'ਮਾਘਿ ਪੁਨੀਤ ਭਈ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

8. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੀ ਕਾਵਿ - ਰਚਨਾ ਉੱਤੇ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 3. ਸ਼੍ਰੀ ਗੁਰੂ ਅਰਜਨ ਦੇਵ ਜੀ
## (1563-1606)

ਗੁਰੂ ਨਾਨਕ ਦੇਵ ਜੀ ਨੇ ਜਿਸ ਧਰਮ- ਸਾਧਨਾ ਅਤੇ ਬਾਣੀ ਪਰੰਪਰਾ ਨੂੰ ਆਰੰਭ ਕੀਤਾ ਸੀ, ਉਹ ਅਰਜਨ ਦੇਵ ਜੀ ਤੱਕ ਪਹੁੰਚਦਿਆਂ ਇੱਕ ਵਿਸ਼ਾਲ ਸਭਿਆਚਾਰਕ ਰੂਪ ਧਾਰਨ ਕਰ ਚੁੱਕੀ ਸੀ। ਸਿੱਖ ਧਰਮ ਦੀ ਅੰਤਰ ਆਤਮਾ ਨੂੰ ਮੂਰਤੀਮਾਨ ਕਰਨ ਵਿੱਚ ਆਪ ਦਾ ਰੋਲ ਬਹੁਤ ਮਹੱਤਵਪੂਰਨ ਹੈ। ਆਪ ਜੀ ਨੇ 42-43 ਸਾਲ ਦੀ ਥੋੜ੍ਹੀ ਉਮਰ ਵਿੱਚ ਹੀ ਮਹਾਨ ਕਾਰਜ ਕੀਤੇ। ਆਪ ਨੇ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਤਰਨਤਾਰਨ ਵਿਖੇ ਸਰੋਵਰ ਤੇ ਹਰਿਮੰਦਰ ਦੀ ਉਸਾਰੀ ਕਰਵਾਈ ਆਪ ਜੀ ਦਾ ਸਭ ਤੋਂ ਮਹਾਨ ਕਾਰਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ।

ਆਪ ਜੀ ਜਨਮ 15 ਅਪਰੈਲ 1563 ਈ: ਨੂੰ ਗੋਇੰਦਵਾਲ ਵਿਖੇ ਪਿਤਾ ਸ਼੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਪ੍ਰਿਥੀਚੰਦ ਤੇ ਮਹਾਂਦੇਵ ਆਪ ਦੇ ਦੋ ਵੱਡੇ ਭਰਾ ਸਨ। ਬਚਪਨ ਵਿੱਚ ਆਪ ਦੀ ਪਾਲਣਾ ਆਪ ਜੀ ਦੇ ਨਾਨਾ ਸ਼੍ਰੀ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਹੋਈ ਤੇ ਆਪ ਦੀ ਪ੍ਰਤਿਭਾ ਦੇਖ ਕੇ ਉਹਨਾਂ ਨੇ ਆਪ ਨੂੰ 'ਦੋਹਿਤਾ, ਬਾਣੀ ਦਾ ਬੋਹਿਥਾ' ਦਾ ਵਰ ਦਿੱਤਾ। ਆਪ ਨੇ ਬਾਬਾ ਬੁੱਢਾ ਜੀ ਪਾਸੋਂ ਗੁਰਮੁਖੀ ਅੱਖਰ ਸਿੱਖੇ। ਭਾਈ ਗੁਰਦਾਸ ਆਪ ਦੇ ਸਹਿਪਾਠੀ ਸਨ। ਪੰਡਿਤ ਗੋਪਾਲ ਕੇਸ਼ੋ ਕੋਲੋਂ ਆਪ ਨੇ ਦੇਵਨਾਗਰੀ ਅੱਖਰ ਸਿੱਖੇ ਅਤੇ ਪੰਡਿਤ ਬੇਨੀ ਪ੍ਰਸ਼ਾਦ ਪਾਸੋਂ ਸੰਸਕ੍ਰਿਤ ਵਿੱਦਿਆ ਹਾਸਲ ਕੀਤੀ।

ਆਪ ਜੀ ਸ਼ਾਦੀ 1579 ਈ: ਵਿੱਚ ਬੀਬੀ ਗੰਗਾ ਜੀ ਨਾਲ ਹੋਈ। ਆਪ ਦੇ ਘਰ ਇੱਕੋ ਇੱਕ ਸਪੁੱਤਰ ਸ੍ਰੀ ਹਰਗੋਬਿੰਦ ਸਾਹਿਬ ਨੇ ਜਨਮ ਲਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਨੂੰ ਆਪਣੇ ਸਭ ਸਪੁੱਤਰਾਂ ਵਿੱਚੋਂ ਯੋਗ ਸਮਝ ਕੇ 1581 ਈ: ਵਿੱਚ ਗੁਰਗੱਦੀ ਬਖ਼ਸ਼ੀ।

ਗੁਰੂ ਜੀ ਦੀ ਮਹਿਮਾ ਸਾਰੇ ਉੱਤਰੀ ਭਾਰਤ ਵਿੱਚ ਫੈਲ ਰਹੀ ਸੀ, ਪਰ ਸਮੇਂ ਦੀ ਸਰਕਾਰ ਨੂੰ ਆਪ ਦੀਆਂ ਸਰਗਰਮੀਆਂ ਸੁਖਾਵੀਆਂ ਨਾ ਲੱਗੀਆਂ। ਕੁੱਝ ਕੱਟੜਪੰਥੀਆਂ ਦੀ ਚੁੱਕ ਵਿੱਚ ਆ ਕੇ ਮੁਗ਼ਲ ਬਾਦਸ਼ਾਹ ਜਹਾਂਗੀਰ ਆਪ ਦਾ ਦੋਖੀ ਬਣ ਗਿਆ। ਗੁਰੂ ਜੀ ਨੇ ਉਸ ਦੇ ਬਾਗੀ ਪੁੱਤਰ ਖ਼ੁਸਰੋ ਨੂੰ ਪਨਾਹ ਤੇ ਸਹਾਇਤਾ ਦਿੱਤੀ। ਇਸ ਤੇ ਬਾਦਸ਼ਾਹ ਦੇ ਹੁਕਮ ਅਨੁਸਾਰ ਆਪ ਨੂੰ ਤਸੀਹੇ ਦੇ ਕੇ 1606 ਈ: ਵਿਚ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੀ ਅੰਤਮ ਯਾਦਗਾਰ ਡੇਰਾ ਸਾਹਿਬ ਲਾਹੌਰ ਹੈ। ਭਾਰਤੀ ਇਤਿਹਾਸ ਵਿੱਚ ਧਰਮ ਦੀ ਖ਼ਾਤਰ ਆਪ ਨੇ ਸਭ ਤੋਂ ਪਹਿਲਾਂ ਕੁਰਬਾਨੀ ਦਿੱਤੀ। ਆਪ ਨੂੰ ਸ਼ਹੀਦਾਂ ਦਾ ਸਰਤਾਜ ਕਿਹਾ ਜਾਂਦਾ ਹੈ।

ਆਪ ਬਹੁਤ ਹੀ ਸੁਹਿਰਦ ਅਤੇ ਸੰਵੇਦਨਸ਼ੀਲ ਸਨ। ਆਪ ਦੀ ਨਿਮਰਤਾ, ਸਾਦਾ ਅਤੇ ਮਨੋਹਰ ਸ਼ਖ਼ਸੀਅਤ ਦੀ ਝਲਕ ਆਪ ਦੀ ਬਾਣੀ ਵਿੱਚੋਂ ਸਪੱਸ਼ਟ ਦਿਖਾਈ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਆਕਾਰ ਦੇ ਪੱਖੋਂ ਆਪ ਦੀ ਰਚਨਾ ਸਭ ਗੁਰੂ ਸਾਹਿਬਾਨ ਨਾਲੋਂ ਵੱਧ ਹੈ। ਆਪ ਨੇ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿੱਚੋਂ 30 ਰਾਗਾਂ ਵਿੱਚ ਬਾਣੀ ਰਚੀ ਜਿਸ ਦਾ ਵੇਰਵਾ ਇਸ ਤਰ੍ਹਾਂ ਹੈ: ਪਦੇ 1344, ਛੰਦ 62, ਅਸ਼ਟਪਦੀਆਂ 63, ਸਲੋਕ 46, ਪਉੜੀਆਂ 117, ਲੰਮੇਰੀਆਂ ਬਾਣੀਆਂ 4, ਫੁਟਕਲ ਬਾਣੀਆਂ 7, ਇਹਨਾਂ ਵਿੱਚੋਂ ਸੁਖਮਨੀ ਸਾਹਿਬ, ਬਾਵਨ ਅੱਖਰੀ, ਬਾਰਾਮਾਂਹ, ਥਿਤੀ ਆਪ ਦੀਆਂ ਵੱਡੇ ਆਕਾਰ ਦੀਆਂ ਰਚਨਾਵਾਂ ਹਨ। ਇਸ ਤੋਂ ਇਲਾਵਾ ਡੱਖਣੇ, ਸ਼ਬਦ ਹਜ਼ਾਰੇ, ਸਲੋਕ ਸਹਿਸਕ੍ਰਿਤੀ, ਫੁਨਹੇ, ਪਹਿਰੇ ਆਦਿ ਦੀ ਆਪ ਨੇ ਰਚਨਾ ਕੀਤੀ। ਅਨੇਕਾਂ ਕਾਵਿ ਰੂਪਾਂ ਅਤੇ ਛੰਦਾਂ ਵਿੱਚ ਰਚੀ ਆਪ ਦੀ ਰਚਨਾ ਸਰਲ ਹੋਣ ਕਾਰਨ ਸ਼ਰਧਾਲੂਆਂ ਵਿੱਚ ਬੜੀ ਹਰਮਨ ਪਿਆਰੀ ਹੈ। 'ਸੁਖਮਨੀ ਸਾਹਿਬ' ਤਾਂ ਕਈ ਸ਼ਰਧਾਲੂਆਂ ਦੇ ਨਿਤਨੇਮ ਦਾ ਅੰਗ ਬਣ ਗਈ ਹੈ।

ਹਥਲੇ ਕਾਵਿ ਸੰਗ੍ਰਹਿ ਵਿੱਚ ਦਿੱਤੇ ਗਏ ਸ਼ਬਦਾਂ ਰਾਹੀਂ ਗੁਰੂ ਸਾਹਿਬ ਨੇ ਪ੍ਰਭੂ ਸਿਮਰਨ ਨਾਲ ਹਰਿ ਨਾਮ ਦਾ ਲਾਹਾ ਖੱਟਣ, ਅਬਿਨਾਸੀ ਪ੍ਰਭੂ ਨੂੰ ਆਪਣੇ ਹਿਰਦੇ ਵਿੱਚੋਂ ਖੋਜਣ, ਪਰਮਾਤਮਾ ਦਾ ਨਾਮ ਸਿਮਰ ਕੇ ਆਤਮਕ ਆਨੰਦ ਹਾਸਲ ਕਰਨ, ਪ੍ਰਾਪਤ ਚੀਜ਼ਾਂ ਲਈ ਪਰਮਾਤਮਾ ਦਾ ਸ਼ੁਕਰੀਆਂ ਅਦਾ ਕਰਨ ਦੀਆਂ ਸਿੱਖਿਆਵਾਂ ਦਿੱਤੀਆਂ ਹਨ। ਜੋ ਮਨੁੱਖ ਪ੍ਰਭੂ ਦੇ ਹੁਕਮ ਦੀ ਪਛਾਣ ਕਰ ਲੈਂਦਾ ਹੈ ਉਹ ਉਸਦੇ (ਪ੍ਰਭੂ) ਭੇਤ ਨੂੰ ਪਾ ਲੈਂਦਾ ਹੈ। ਪਰਮਾਤਮਾ ਸਭ ਦਾ ਸਾਂਝਾ ਹੈ। ਉਹ ਬਖ਼ਸ਼ਣ ਹਾਰ ਹੈ। ਉਸ ਦੀ ਕਿਰਪਾ ਨਾਲ ਹੀ ਸਭ ਕੁਝ ਪ੍ਰਾਪਤ ਹੋ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

## ਜਾ ਕਉ ਮੁਸਕਲ ਅਤਿ ਬਣੈ

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥
ਸਾਹਿਬੁ ਨਿਤਾਣਿਆ ਕਾ ਤਾਣੁ ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥
ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥
ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥
ਚਿਤਿ ਆਵੈ ਓਸੁ ਪਾਰਬ੍ਰਹਮ ਤਾ ਨਿਹਚਲ ਹੋਵੈ ਰਾਜੁ ॥੨॥
ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥
ਗਉਣੁ ਕਰੇ ਚਹੁ ਕੁੰਟ ਕਾ ਘੜੀ ਨਾ ਬੈਸਣੁ ਸੋਇ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲ ਹੋਇ ॥੩॥
ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਿਨ ਧਰਿਆ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥੪॥

**ਸ਼ਬਦ ਅਰਥ:**

ਕਉ – ਨੂੰ। ਮੁਸਕਲੁ – ਬਿਪਤਾ। ਅਤਿ – ਵੱਡੀ। ਢੋਈ – ਆਸਰਾ। ਲਾਗੂ – ਮਾਰੂ। ਭਜਿ ਖਲੇ – ਦੌੜ ਗਏ। ਚੁਕੈ – ਮੁੱਕ ਜਾਏ। ਅਸਰਾਉ – ਆਸਰਾ। ਓਸੁ ਚਿਤਿ – ਉਸ ਦੇ ਚਿੱਤ ਵਿੱਚ। ਆਇ ਨਾ ਜਾਈ – ਉਹ ਨਾ ਜੰਮਦਾ ਹੈ, ਨ ਮਰਦਾ ਹੈ। ਥਿਰੁ – ਕਾਇਮ ਰਹਿਣ ਵਾਲਾ। ਸਚੁ – ਸਦਾ ਕਾਇਮ ਰਹਿਣ ਵਾਲਾ ਪਰਮਾਤਮਾ। ਜਾਣੁ – ਪਛਾਣ, ਡੂੰਘੀ ਸਾਂਝ ਬਣਾਉਣਾ। ਦੁਬਲਾ – ਕਮਜ਼ੋਰ। ਪੀਰ – ਪੀੜਾ, ਦੁੱਖ। ਧੀਰ – ਧੀਰਜ, ਹੌਂਸਲਾ, ਧਰਵਾਸ। ਸੁਆਰਥੁ – ਆਪਣੀ ਗ਼ਰਜ਼। ਸੁਆਉ– ਸੁਆਰਥ, ਮਨੋਰਥ। ਨਿਹਚਲੁ–



Downloaded from https:// www.studiestoday.com

Downloaded from https:// www.studiestoday.com

ਅਟੱਲ। ਦੇਹੀ – ਸਰੀਰ। ਵਿਆਪੈ – ਜ਼ੋਰ ਪਾ ਲਏ। ਗ੍ਰਿਸਤਿ – ਗ੍ਰਿਹਸਤ ਵਿੱਚ। ਹਰਖੁ – ਖ਼ੁਸ਼ੀ। ਸੋਗੁ – ਚਿੰਤਾ। ਗਉਣੁ – ਗਮਨ, ਭ੍ਰਮਣ। ਬੈਸਣੁ– ਬੈਠਣਾ, ਆਰਾਮ। ਸੋਇ – ਉਹ ਮਨੁੱਖ। ਕਾਮਿ – ਕਾਮ ਨੇ। ਮੋਹਿ – ਮੋਹ ਨੇ। ਕਿਰਪਨ – ਕੰਜੂਸ। ਲੋਭਿ – ਲੋਭ ਵਿੱਚ। ਕਿਲਵਿਖ – ਪਾਪ। ਉਨਿ – ਉਸ ਨੇ। ਅਘ – ਪਾਪ। ਚਾਰੇ ਕਿਲਵਿਖ – ਚਾਰ ਮੁੱਖ ਪਾਪ (ਬ੍ਰਾਹਮਣ ਕੈਲੀ ਘਾਤ ਕੰਞਕਾ, ਅਣਚਾਰੀ ਕਾ ਧਾਨੁ)। ਅਸੁਰ ਸੰਘਾਰੁ – ਸੰਘਾਰਨ – ਯੋਗ ਅਸੁਰ। ਕਰਨਿ – ਕੰਨ ਵਿੱਚ। ਕਰਨਿ ਧਰਿਆ – ਕੰਨਾਂ ਨਾਲ ਸੁਣ ਕੇ। ਨਿਮਖ – ਅੱਖ ਝਮਕਣ ਜਿਤਨਾ ਸਮਾਂ।

**ਅਰਥ:**

ਜਿਸ ਮਨੁੱਖ ਨੂੰ ਕੋਈ ਭਾਰੀ ਬਿਪਤਾ ਆ ਪਏ ਤੇ ਜਿਸ ਤੋਂ ਬਚਣ ਲਈ ਕੋਈ ਮਨੁੱਖ ਉਸ ਨੂੰ ਸਹਾਰਾ ਨਾ ਦੇਵੇ, ਵੈਰੀ ਉਸ ਦੇ ਮਾਰੂ ਬਣ ਜਾਣ, ਉਸ ਦੇ ਸਾਕ ਸੰਬੰਧੀ ਉਸ ਤੋਂ ਪਰੇ ਦੌੜ ਜਾਣ, ਉਸ ਦਾ ਹਰੇਕ ਕਿਸਮ ਦਾ ਆਸਰਾ ਖ਼ਤਮ ਹੋ ਜਾਏ, ਹਰੇਕ ਤਰ੍ਹਾਂ ਦਾ ਸਹਾਰਾ ਮੁੱਕ ਜਾਏ, ਜੇ ਉਸ ਬਿਪਤਾ ਮਾਰੇ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦੀ ਯਾਦ ਆ ਜਾਏ, ਤਾਂ ਉਸਦਾ ਵਾਲ ਵਿੰਗਾ ਵੀ ਨਹੀਂ ਹੁੰਦਾ। ਮਾਲਕ – ਪ੍ਰਭੂ ਕਮਜ਼ੋਰਾਂ ਦਾ ਸਹਾਰਾ ਹੈ। ਉਹ ਨਾ ਜੰਮਦਾ ਹੈ ਨਾ ਮਰਦਾ ਹੈ। ਮਾਲਕ ਹੀ ਕਾਇਮ ਰਹਿਣ ਵਾਲਾ ਹੈ। ਹੇ ਭਾਈ ! ਗੁਰੂ ਦੇ ਸ਼ਬਦ ਵਿਚ ਜੁੜ ਕੇ, ਉਸ ਸਦਾ ਥਿਰ ਰਹਿਣ ਵਾਲੇ ਪ੍ਰਭੂ ਨਾਲ ਡੂੰਘੀ ਸਾਂਝ ਬਣਾ। ਗੁਰੂ ਜੀ ਫਰਮਾਉਂਦੇ ਹਨ, ਜੋ ਕੋਈ ਮਨੁੱਖ ਅਜਿਹਾ ਕਮਜ਼ੋਰ ਹੋ ਜਾਏ ਕਿ ਭੁੱਖ ਨੰਗ ਦਾ ਦੁੱਖ ਉਸ ਨੂੰ ਹਰ ਵੇਲੇ ਖਾਂਦਾ ਰਹੇ, ਜੇ ਉਸ ਦੇ ਪੱਲੇ ਪੈਸਾ ਨਾ ਹੋਵੇ, ਕੋਈ ਮਨੁੱਖ ਉਸ ਨੂੰ ਹੌਂਸਲਾ ਨਾ ਦੇਵੇ, ਕੋਈ ਮਨੁੱਖ ਉਸ ਦੀ ਲੋੜ – ਗਰਜ਼ ਪੂਰੀ ਨਾ ਕਰੇ, ਉਸ ਪਾਸੋਂ ਆਪਣਾ ਕੋਈ ਕੰਮ ਸਿਰੇ ਨਾ ਚੜ੍ਹ ਸਕੇ, ਅਜਿਹੀ ਦੁਰਦਸ਼ਾ ਵਿੱਚ ਹੁੰਦਿਆਂ ਭੀ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ ਤਾਂ ਉਸ ਦਾ ਅਟੱਲ ਰਾਜ ਬਣ ਜਾਂਦਾ ਹੈ। ਭਾਵ, ਉਸ ਦੀ ਆਤਮਕ ਅਵਸਥਾ ਅਜਿਹੇ ਬਾਦਸ਼ਾਹਾਂ ਵਾਲੀ ਹੋ ਜਾਂਦੀ ਹੈ, ਜਿਨ੍ਹਾਂ ਦਾ ਰਾਜ ਕਦੇ ਨਹੀ ਡੋਲਦਾ।

ਜਿਸ ਮਨੁੱਖ ਨੂੰ ਹਰ ਵੇਲੇ ਬੜੀ ਚਿੰਤਾ ਬਣੀ ਰਹੇ, ਜਿਸ ਦੇ ਸਰੀਰ ਨੂੰ ਕੋਈ ਨਾ ਕੋਈ ਰੋਗ ਗ੍ਰਸੀ ਰੱਖੇ, ਜਿਹੜਾ ਗ੍ਰਿਹਸਤ ਦੇ ਜੰਜਾਲ ਵਿੱਚ ਪਰਿਵਾਰ ਦੇ ਵਿੱਚ ਸਦਾ ਫਸਿਆ ਰਹੇ, ਜਿਸ ਨੂੰ ਕਦੇ ਕੋਈ ਖ਼ੁਸ਼ੀ ਤੇ ਕਦੇ ਕੋਈ ਗ਼ਮ ਘੇਰੀ ਰੱਖਦਾ ਹੈ, ਜਿਹੜਾ ਮਨੁੱਖ ਸਾਰੀ ਧਰਤੀ ਉੱਤੇ ਇਸ ਤਰ੍ਹਾਂ ਭਟਕਦਾ ਫਿਰਦਾ ਹੈ ਕਿ ਉਸ ਨੂੰ ਘੜੀ ਭਰ ਬਹਿਣਾ ਵੀ ਨਸੀਬ ਨਹੀਂ ਹੁੰਦਾ, ਪਰ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ ਤਾਂ ਉਸ ਦਾ ਤਨ ਸ਼ਾਂਤ ਹੋ ਜਾਂਦਾ ਹੈ। ਉਸ ਦਾ ਮਨ ਸੰਤੋਖ ਨਾਲ ਠੰਢਾ ਠਾਰ ਹੋ ਜਾਂਦਾ ਹੈ।

ਜੇ ਕਿਸੇ ਮਨੁੱਖ ਨੂੰ ਕਾਮ ਨੇ, ਕ੍ਰੋਧ ਨੇ, ਮੋਹ ਨੇ ਆਪਣੇ ਵੱਸ ਵਿੱਚ ਕੀਤਾ ਹੋਇਆ ਹੋਵੇ, ਜੇ ਉਸ ਸੂਮ ਦਾ ਪਿਆਰ ਸਦਾ ਲੋਭ ਵਿੱਚ ਹੀ ਹੋਵੇ, ਜੇ ਉਸ ਨੇ ਉਹਨਾਂ ਵਿਕਾਰਾਂ ਦੇ ਵੱਸ ਹੋ ਕੇ ਚਾਰੇ ਹੀ ਉੱਘੇ ਪਾਪ-ਅਪਰਾਧ ਕੀਤੇ ਹੋਏ ਹੋਣ, ਜੇ ਉਹ ਅਜਿਹਾ ਭੈੜਾ ਹੋ ਗਿਆ ਹੋਵੇ ਕਿ ਉਸ ਨੂੰ ਮਾਰ ਦੇਣਾ ਹੀ ਚੰਗਾ ਹੋਵੇ, ਜੇ ਉਸ ਨੇ ਕਦੀ ਭੀ ਕੋਈ ਧਾਰਮਿਕ – ਪੁਸਤਕ, ਕੋਈ ਧਾਰਮਿਕ – ਗੀਤ, ਕੋਈ ਧਾਰਮਿਕ – ਕਵਿਤਾ ਸੁਣੀ ਨਾ ਹੋਵੇ, ਪਰ ਜੇ ਪਰਮਾਤਮਾ ਉਸ ਦੇ ਚਿੱਤ ਵਿੱਚ ਆ ਵੱਸੇ, ਤਾਂ ਉਹ ਅੱਖ ਦੇ ਫੇਰ ਜਿਤਨੇ ਸਮੇਂ ਲਈ ਹੀ ਪ੍ਰਭੂ ਦਾ ਸਿਮਰਨ ਕਰ ਕੇ ਇਹਨਾ ਸਾਰੇ ਵਿਕਾਰਾਂ ਦੇ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।

## ਹਉ ਗੋਸਾਈ ਦਾ ਪਹਿਲਵਾਨੜਾ

ਹਉ ਗੋਸਾਈ ਦਾ ਪਹਿਲਵਾਨੜਾ॥

ਮੈ ਗੁਰ ਮਿਲਿ ਉਚ ਦੁਮਾਲੜਾ॥

ਸਭ ਹੋਈ ਛਿੰਝ ਇਕਠੀਆਂ ਦਯੁ ਬੈਠਾ ਵੇਖੈ ਆਪ ਜੀਉ ॥੧੭॥



Downloaded from https:// www.studiestoday.com

Downloaded from https:// www.studiestoday.com

ਵਾਤ ਵਜਨਿ ਟੰਮਕ ਭੇਰੀਆ॥

ਮਲ ਲਥੇ ਲੈਦੇ ਫੇਰੀਆ॥

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿੱਤੀ ਕੰਡਿ ਜੀਉ ॥੧੮॥

ਸਭ ਇਕਠੇ ਹੋਇ ਆਇਆ॥

ਘਰਿ ਜਾਸਨਿ ਵਾਟ ਵਟਾਇਆ॥

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥

**ਸ਼ਬਦ ਅਰਥ:**

ਹਉ – ਮੈਂ। ਗੋਸਾਈ - ਸ੍ਰਿਸ਼ਟੀ ਦਾ ਮਾਲਕ- ਪ੍ਰਭੂ। ਪਹਿਲਵਾਨੜਾ - ਨਿੱਕਾ ਜਿਹਾ ਅੰਞਾਣ ਪਹਿਲਵਾਨ। ਗੁਰੁ ਮਿਲਿ – ਗੁਰੂ ਨੂੰ ਮਿਲ ਕੇ। ਉਚ ਦੁਮਾਲੜਾ - ਉੱਚੇ ਦੁਮਾਲੇ ਵਾਲਾ (ਨੋਟ: ਅਖਾੜੇ ਵਿੱਚ ਜਿੱਤਣ ਵਾਲੇ ਪਹਿਲਵਾਨ ਨੂੰ 'ਮਾਲੀ' ਮਿਲਦੀ ਹੈ। ਉਹ 'ਮਾਲੀ' ਜਾਂ ਸਿਰੋਪਾ ਉਹ ਆਪਣੇ ਸਿਰ ਉੱਤੇ ਬੰਨ੍ਹ ਕੇ ਉੱਚਾ ਤੁਰਲਾ ਛੱਡ ਕੇ ਅਖਾੜੇ ਵਿੱਚ ਚਾਰ - ਚੁਫ਼ੇਰੇ ਫਿਰਦਾ ਹੈ ਤਾਂ ਕਿ ਲੋਕ ਵੇਖ ਲੈਣ)। ਛਿੰਝ- ਘੋਲ ਵੇਖਣ ਆਏ ਲੋਕਾਂ ਦਾ ਇਕੱਠ। ਦਯੁ – ਪਿਆਰਾ ਪ੍ਰਭੂ। ਵਾਤ - ਮੂੰਹ ਨਾਲ ਵੱਜਣ ਵਾਲੇ ਵਾਜੇ। ਟੰਮਕ – ਛੋਟੇ ਨਗਾਰੇ। ਭੇਰੀ- ਨਗਾਰਾ। ਮਲ- ਮੱਲ, ਪਹਿਲਵਾਨ। ਨਿਹਤੇ- ਕਾਬੂ ਕਰ ਲਏ। ਗੁਰਿ- ਗੁਰੂ ਨੇ। ਕੰਡਿ- ਪਿੱਠ ਉੱਤੇ। ਇਕਠੇ ਹੋਇ - ਇਕੱਠੇ ਹੋ ਕੇ, ਮਨੁੱਖਾ ਜਨਮ ਲੈ ਕੇ। ਘਰਿ - ਪਰਲੋਕ ਘਰ ਵਿੱਚ। ਜਾਸਨਿ- ਜਾਣਗੇ। ਵਾਟ- ਵਟਾਇਆ- ਰਸਤਾ ਬਦਲ ਕੇ, ਵੱਖ- ਵੱਖ ਜੂਨਾਂ ਵਿੱਚ ਪੈ ਕੇ। ਲਾਹਾ - ਲਾਭ, ਨਫ਼ਾ। ਮੂਲੁ – ਅਸਲ ਸਰਮਾਇਆ।

**ਅਰਥ:**

ਮੈਂ ਮਾਲਕ ਪ੍ਰਭੂ ਦਾ ਅੰਞਾਣ ਜਿਹਾ ਪਹਿਲਵਾਨ ਸਾਂ। ਪਰ ਗੁਰੂ ਨੂੰ ਮਿਲ ਕੇ ਮੈਂ ਉੱਚੇ ਦੁਮਾਲੇ ਵਾਲਾ ਬਣ ਗਿਆ ਹਾਂ। ਜਗਤ ਅਖਾੜੇ ਵਿੱਚ ਸਾਰੇ ਜੀਵ ਆ ਇਕੱਠੇ ਹੋਏ ਹਨ ਤੇ ਇਸ ਅਖਾੜੇ ਨੂੰ ਪਿਆਰਾ ਪ੍ਰਭੂ ਆਪ ਬੈਠਾ ਵੇਖ ਰਿਹਾ ਹੈ। ਵਾਜੇ ਵੱਜ ਰਹੇ ਹਨ। ਢੋਲ ਵੱਜ ਰਹੇ ਹਨ, ਨਗਾਰੇ ਵੱਜ ਰਹੇ ਹਨ। ਭਾਵ ਸਾਰੇ ਜੀਵ ਮਾਇਆ ਵਾਲੀ ਦੌੜ- ਭੱਜ ਕਰ ਰਹੇ ਹਨ। ਪਹਿਲਵਾਨ ਆ ਇੱਕਠੇ ਹੋਏ ਹਨ। (ਪਿੜ ਦੇ ਦੁਆਲੇ, ਜਗਤ - ਅਖਾੜੇ ਵਿੱਖ) ਫੇਰੀਆਂ ਲੈ ਰਹੇ ਹਨ। ਮੇਰੀ ਪਿੱਠ ਉੱਤੇ ਮੇਰੇ ਗੁਰੂ ਨੇ ਥਾਪੀ ਦਿੱਤੀ, ਤਾਂ ਮੈਂ ਵਿਰੋਧੀ ਪੰਜੇ (ਕਾਮਾਦਿਕ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਰੂਪੀ ਜੁਆਨ ਕਾਬੂ ਕਰ ਲਏ। ਸਾਰੇ ਨਰ -ਨਾਰੀ ਮਨੁੱਖਾ ਜਨਮ ਲੈ ਕੇ ਆਏ ਹਨ। ਪਰ ਇੱਥੇ ਆਪੋ- ਆਪਣੇ ਕੀਤੇ ਕਰਮਾਂ ਅਨੁਸਾਰ ਪਰਲੋਕ ਘਰ ਵਿੱਚ ਵੱਖ-ਵੱਖ ਜੂਨਾਂ ਵਿੱਚ ਪੈ ਕੇ ਜਾਣਗੇ। ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦੇ ਹਨ। ਉਹ ਇੱਥੋਂ ਹਰਿ ਨਾਮ ਦਾ ਨਫ਼ਾ ਖੱਟ ਕੇ ਜਾਂਦੇ ਹਨ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਪਹਿਲੀ ਰਾਸ - ਪੂੰਜੀ ਭੀ ਗਵਾ ਦਿੰਦੇ ਹਨ। ਪਹਿਲੇ ਕੀਤੇ ਭਲੇ ਕੰਮਾਂ ਦੇ ਸੰਸਕਾਰ ਵੀ ਮੰਦੇ ਕਰਮਾਂ ਦੇ ਰਾਹੀਂ ਮਿਟਾ ਜਾਂਦੇ ਹਨ।

## ਮੇਰਾ ਮਨੁ ਲੋਚੈ

ਮੇਰਾ ਮਨੁ ਲੋਚੈ ਗੁਰਦਰਸਨ ਤਾਈ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ॥

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥



Downloaded from https:// www.studiestoday.com

Downloaded from https:// www.studiestoday.com

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥

ਚਿਰੁ ਹੋਆ ਦੇਖੇ ਸਾਰਿੰਗਪਾਣੀ ॥

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥

ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਜੀਤ ਮੁਰਾਰੇ ਜੀਉ ॥੨॥ ਰਹਾਉ ॥

ਇਕ ਘੜੀ ਨ ਮਿਲਤੇ ਤਾਂ ਕਲਿਜੁਗ ਹੋਤਾ ॥

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥

ਮੋਹਿ ਰੈਣ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥

ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥

ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ਰਹਾਉ ॥੧॥੮॥

**ਸ਼ਬਦ ਅਰਥ:**

ਲੋਚੈ – ਲੋਚਦਾ ਹੈ, ਤਾਂਘਦਾ ਹੈ। ਤਾਈ – ਤਾਈਂ, ਵਾਸਤੇ। ਬਿਲਪ – ਵਿਰਲਾਪ, ਤਰਲੇ। ਨਿਆਈ– ਨਿਆਈਂ, ਵਾਂਗ। ਤ੍ਰਿਖਾ – ਤ੍ਰੇਹ। ਹਉ – ਮੈਂ। ਘੋਲੀ – ਸਦਕੇ। ਘੋਲਿ ਘੁਮਾਈ – ਸਦਕੇ, ਕੁਰਬਾਨ, ਵਾਰੀ। ਸੁਹਾਵਾ – ਸੁਖ ਦੇਣ ਵਾਲਾ, ਸੋਹਣਾ। ਸਹਜ– ਆਤਮਕ ਅਡੋਲਤਾ। ਧੁਨਿ – ਰੌ। ਸਹਜ ਧੁਨਿ– ਆਤਮਕ ਅਡੋਲਤਾ ਦੀ ਰੌ ਪੈਦਾ ਕਰਨ ਵਾਲੀ। ਬਾਣੀ – ਸਿਫ਼ਤ – ਸਲਾਹ। ਸਾਰਿੰਗ – ਪਪੀਹਾ। ਧੰਨੁ – ਭਾਗਾਂ ਵਾਲਾ। ਜਹਾ – ਜਿੱਥੇ। ਕਦਿ – ਕਦੋਂ। ਪ੍ਰਿਅ – ਹੇ ਪਿਆਰੇ। ਪ੍ਰਿਅ ਭਗਵੰਤਾ– ਪਿਆਰੇ ਭਗਵਾਨ। ਤੁਧੁ –ਤੈਨੂੰ। ਮੋਹਿ – ਮੈਨੂੰ। ਰੈਣਿ– ਜ਼ਿੰਦਗੀ ਦੀ ਰਾਤ। ਸਚੇ– ਸਦਾ ਥਿਰ ਰਹਿਣ ਵਾਲੇ। ਭਾਗੁ ਹੋਆ– ਕਿਸਮਤ ਜਾਗ ਪਈ ਹੈ। ਗੁਰਿ – ਗੁਰੂ ਨੇ। ਸੰਤੁ – ਸਾਂਤ– ਮੂਰਤ ਪ੍ਰਭੂ। ਅਬਿਨਾਸੀ – ਨਾਸ਼ ਰਹਿਤ। ਘਰ ਮਹਿ – ਹਿਰਦੇ ਵਿੱਚ ਹੀ। ਕਰੀ – ਕਰੀਂ, ਮੈਂ ਕਰਦਾ ਹਾਂ। ਚਸਾ– ਪਲ ਦਾ ਤ੍ਰੀਹਵਾਂ ਹਿੱਸਾ।

**ਅਰਥ:**

ਗੁਰੂ ਦਰਸ਼ਨ ਕਰਨ ਲਈ ਮੇਰਾ ਮਨ ਬੜੀ ਤਾਂਘ ਕਰ ਰਿਹਾ ਹੈ। ਜਿਵੇਂ ਪਪੀਹਾ ਸਵਾਂਤੀ ਬੂੰਦ ਲਈ ਤਰਲੇ ਲੈਂਦਾ ਹੈ, ਉਸ ਪਪੀਹੇ ਵਾਂਗ ਮੇਰਾ ਮਨ ਗੁਰੂ ਦੇ ਦਰਸ਼ਨ ਲਈ ਤਰਲੇ ਲੈ ਰਿਹਾ ਹੈ। ਪਿਆਰੇ ਸੰਤ ਗੁਰੂ ਦੇ ਦਰਸ਼ਨ ਤੋਂ ਬਿਨਾਂ ਮੇਰੀ ਆਤਮਕ ਤ੍ਰੇਹ ਮਿਟਦੀ ਨਹੀਂ ਭਾਵ ਮੇਰੇ ਮਨ ਨੂੰ ਧੀਰਜ ਨਹੀਂ ਆਉਂਦੀ। ਮੈਂ ਪਿਆਰੇ ਸੰਤ– ਗੁਰੂ ਦੇ ਦਰਸ਼ਨ ਤੋਂ ਕੁਰਬਾਨ ਹਾਂ, ਸਦਕੇ ਜਾਂਦਾ ਹਾਂ। ਹੇ ਪ੍ਰਭੂ ਜੀ, ਤੇਰੇ ਮੁੱਖ ਦਾ ਦਰਸ਼ਨ ਸੁੱਖ ਦੇਣ ਵਾਲਾ ਹੈ (ਠੰਢ ਪਾਣ ਵਾਲਾ ਹੈ)। ਤੇਰੀ ਸਿਫ਼ਤ –ਸਲਾਹ ਮੇਰੇ ਅੰਦਰ ਆਤਮਕ ਅਡੋਲਤਾ ਦੀ ਲਹਿਰ ਪੈਦਾ ਕਰਦੀ ਹੈ। ਤੇਰੇ ਦਰਸ਼ਨ ਕੀਤਿਆਂ ਚਿਰ ਹੋ ਗਿਆ ਹੈ। ਹੇ ਮੇਰੇ ਸੱਜਣ ਪ੍ਰਭੂ। ਹੇ ਮੇਰੇ ਮਿੱਤ੍–



Downloaded from https:// www.studiestoday.com

Downloaded from https:// www.studiestoday.com

ਪ੍ਰਭੂ ਉਹ ਹਿਰਦਾ ਭਾਗਾਂ ਵਾਲਾ ਹੈ, ਜਿਸ ਵਿੱਚ ਤੂੰ ਸਦਾ ਵੱਸਦਾ ਹੈ। ਮੇਰੇ ਸੱਜਣ ਗੁਰੂ ਮੇਰੇ ਮਿਤ੍ਰ-ਪ੍ਰਭੂ। ਮੈਂ ਤੈਥੋਂ ਕੁਰਬਾਨ ਹਾਂ, ਸਦਕੇ ਹਾਂ। ਹੇ ਪਿਆਰੇ ਭਗਵਾਨ ਜਦੋਂ ਮੈਂ ਤੈਨੂੰ ਇਕ ਘੜੀ ਭਰ ਭੀ ਨਹੀਂ ਮਿਲਦਾ ਤਾਂ ਮੇਰੇ ਭਾ ਦਾ ਕਲਿਜੁਗ ਹੋ ਜਾਂਦਾ ਹੈ। ਮੈਂ ਤੇਰੇ ਵਿਛੋੜੇ ਵਿੱਚ ਬਿਹਬਲ ਹਾਂ। ਦੱਸ ਹੁਣ ਤੈਨੂੰ ਮੈਂ ਕਦੋਂ ਮਿਲ ਸਕਾਂਗਾ। ਗੁਰੂ ਦੀ ਸ਼ਰਨ ਤੋਂ ਬਿਨਾਂ ਪਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ। ਤਾਹੀਏ ਗੁਰੂ ਦੇ ਦਰਬਾਰ ਦਾ ਦਰਸ਼ਨ ਕਰਨ ਤੋਂ ਬਿਨਾਂ ਮੇਰੀ ਜ਼ਿੰਦਗੀ ਦੀ ਰਾਤ ਸੌਖੀ ਨਹੀਂ ਲੰਘਦੀ, ਮੇਰੇ ਅੰਦਰ ਸ਼ਾਂਤੀ ਨਹੀਂ ਆਉਂਦੀ। ਮੈਂ ਸਦਾ ਅਟੱਲ ਰਹਿਣ ਵਾਲੇ ਗੁਰੂ ਦੇ ਦਰਬਾਰ ਤੋਂ ਸਦਕੇ ਹਾਂ, ਕੁਰਬਾਨ ਹਾਂ। ਮੇਰੇ ਤਾਂ ਭਾਗ ਜਾਗ ਪਏ ਹਨ। ਗੁਰੂ ਨੇ ਮੈਨੂੰ ਸ਼ਾਂਤੀ ਦਾ ਸੋਮਾ ਪਰਮਾਤਮਾ ਮਿਲਾ ਦਿੱਤਾ ਹੈ। ਗੁਰੂ ਦੀ ਕਿਰਪਾ ਨਾਲ ਉਸ ਅਬਿਨਾਸੀ ਪ੍ਰਭੂ ਨੂੰ ਮੈਂ ਆਪਣੇ ਹਿਰਦੇ ਵਿੱਚ ਹੀ ਲੱਭ ਲਿਆ ਹੈ। ਹੇ ਦਾਸ ਨਾਨਕ! ਆਖ ਕਿ ਹੇ ਪ੍ਰਭੂ। ਮਿਹਰ ਕਰ ਮੈਂ ਤੇਰੇ ਦਾਸਾਂ ਦੀ ਨਿੱਤ ਸੇਵਾ ਕਰਦਾ ਰਹਾਂ, ਤੇਰੇ ਦਾਸਾਂ ਤੋਂ ਮੈਂ ਇੱਕ ਪਲ ਭਰ ਭੀ ਨਾ ਵਿੱਛੁੜਾ, ਇਕ ਚਸਾ- ਭਰ ਭੀ ਨਾ ਵਿੱਛੁੜਾ। ਦਾਸ ਨਾਨਕ ਤੇਰੇ ਦਾਸਾਂ ਤੋਂ ਸਦਕੇ ਹਾਂ, ਕੁਰਬਾਨ ਹਾਂ।

## ਤੂੰ ਮੇਰਾ ਪਿਤਾ

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥

ਤੂ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥

ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥

ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥

ਜੀਅ ਜੰਤ ਸਭਿ ਤੁਧੁ ਉਪਾਏ॥

ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥

ਸਭ ਕਿਛੁ ਕੀਤਾ ਤੇਰਾ ਹੋਵੈ ਨਾ ਹੀ ਕਿਛੁ ਅਸਾੜਾ ਜੀਉ ॥੩॥

ਨਾਮ ਧਿਆਇ ਮਹਾ ਸੁਖੁ ਪਾਇਆ॥

ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥

ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥

**ਸ਼ਬਦ ਅਰਥ:**

ਬੰਧਪੁ- ਰਿਸ਼ਤੇਦਾਰ, ਸਨਬੰਧੀ। ਥਾਈ- ਥਾਂਵਾਂ ਤੇ, ਥਾਈਂ। ਕਾੜਾ - ਚਿੰਤਾ। ਤੇ - ਤੋਂ, ਨਾਲ। ਤੁਧੁ - ਤੈਨੂੰ। ਪਛਾਣਾ - ਪਛਾਣਦਾ ਹਾਂ। ਓਟ- ਆਸਰਾ। ਅਵਰੁ - ਹੋਰ। ਅਖਾੜਾ- ਪਿੜ, ਜਿੱਥੇ ਪਹਿਲਵਾਨ ਕੁਸ਼ਤੀਆਂ ਕਰਦੇ ਹਨ। ਸਭਿ - ਸਾਰੇ। ਉਪਾਏ- ਪੈਦਾ ਕੀਤੇ ਹਨ। ਜਿਤੁ - ਜਿਸ ਪਾਸੇ, ਜਿਸ ਕੰਮ ਵਿਚ। ਤਿਤੁ - ਉਸ ਕੰਮ ਵਿੱਚ। ਅਸਾੜਾ - ਸਾਡਾ। ਧਿਆਇ - ਸਿਮਰ ਕੇ। ਸੀਤਲਾਇਆ - ਠੰਢਾ ਹੋ ਗਿਆ। ਗੁਰਿਪੂਰੈ - ਪੂਰੇ ਗੁਰੂ ਦੇ ਰਾਂਹੀ। ਵਧਾਈ - ਉਤਸ਼ਾਹ, ਆਤਮਕ ਤੌਰ ਤੇ ਵਧਣ ਫੁੱਲਣ



Downloaded from https:// www.studiestoday.com

Downloaded from https:// www.studiestoday.com

ਦੀ ਅਵਸਥਾ। ਬਿਖਾੜਾ– ਬਿਖਮ ਅਖਾੜਾ, ਔਖੀ ਕੁਸ਼ਤੀ।

**ਅਰਥ:**

ਹੇ ਪ੍ਰਭੂ ! ਤੂੰ ਮੇਰਾ ਪਿਉ ਦੇ ਥਾਂ ਹੈ, ਤੂੰ ਹੀ ਮੇਰੀ ਮਾਂ ਦੇ ਥਾਂ ਹੈ। ਤੂੰ ਮੇਰਾ ਰਿਸ਼ਤੇਦਾਰ ਹੈ ਤੂੰ ਹੀ ਮੇਰਾ ਭਰਾ ਹੈ। ਹੇ ਪ੍ਰਭੂ ! ਜਦੋਂ ਤੂੰ ਹੀ ਸਭ ਥਾਵਾਂ ਤੇ ਮੇਰਾ ਰਾਖਾ ਹੈ ਤਾਂ ਕੋਈ ਡਰ ਮੈਨੂੰ ਪੋਹ ਨਹੀਂ ਸਕਦਾ, ਕੋਈ ਚਿੰਤਾ ਮੇਰੇ ਉੱਤੇ ਜ਼ੋਰ ਨਹੀਂ ਪਾ ਸਕਦੀ। ਤੇਰੀ ਮਿਹਰ ਨਾਲ ਹੀ ਮੈਂ ਤੇਰੇ ਨਾਲ ਡੂੰਘੀ ਸਾਂਝ ਪਾ ਸਕਦਾ ਹਾਂ। ਤੂੰ ਹੀ ਮੇਰਾ ਆਸਰਾ ਹੈ, ਤੂੰ ਹੀ ਮੇਰਾ ਫ਼ਖਰ ਦਾ ਥਾਂ ਹੈ। ਤੈਥੋਂ ਬਿਨਾਂ ਤੇਰੇ ਵਰਗਾ ਹੋਰ ਕੋਈ ਨਹੀਂ ਹੈ। ਇਹ ਜਗਤ ਤਮਾਸ਼ਾ, ਇਹ ਜਗਤ ਅਖਾੜਾ ਤੇਰਾ ਹੀ ਬਣਾਇਆ ਹੋਇਆ ਹੈ। ਜਗਤ ਦੇ ਸਾਰੇ ਜੀਅ ਜੰਤ ਤੂੰ ਹੀ ਪੈਦਾ ਕੀਤੇ ਹਨ। ਜਿਸ ਜਿਸ ਕੰਮ ਵਿੱਚ ਤੇਰੀ ਰਜ਼ਾ ਹੋਈ ਤੂੰ ਉਸ ਕੰਮ ਵਿੱਚ ਸਾਰੇ ਜੀਅ ਜੰਤ ਲਾਏ ਹੋਏ ਹਨ। ਜਗਤ ਵਿੱਚ ਜੋ ਕੁਝ ਹੋ ਰਿਹਾ ਹੈ। ਸਭ ਤੇਰਾ ਕੀਤਾ ਹੋ ਰਿਹਾ ਹੈ, ਸਾਡਾ ਜੀਵਾਂ ਦਾ ਕੋਈ ਜ਼ੋਰ ਨਹੀਂ ਚੱਲ ਸਕਦਾ। ਪਰਮਾਤਮਾ ਦਾ ਨਾਮ ਸਿਮਰ ਕੇ ਮੈਂ ਬੜਾ ਆਤਮਕ ਆਨੰਦ ਹਾਸਲ ਕੀਤਾ ਹੈ। ਪ੍ਰਭੂ ਦੇ ਗੁਣ ਗਾ ਕੇ ਮੇਰਾ ਮਨ ਠੰਢਾ – ਠਾਰ ਹੋ ਗਿਆ ਹੈ। ਹੇ ਨਾਨਕ ! ਪੂਰੇ ਗੁਰੂ ਦੀ ਰਾਹੀਂ ਮੇਰੇ ਅੰਦਰ ਆਤਮਕ ਉਤਸ਼ਾਹ ਦਾ ਮਾਨੋ ਢੋਲ ਵੱਜ ਪਿਆ ਹੈ ਤੇ ਮੈਂ ਵਿਕਾਰਾਂ ਨਾਲ ਹੋ ਰਿਹਾ ਔਖਾ ਘੋਲ ਜਿੱਤ ਲਿਆ ਹੈ।

## ਕਿਰਤਿ ਕਰਮ ਕੇ ਵੀਛੁੜੇ

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥

ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥

ਜਿਤੁ ਘਰਿ ਹਰਿ ਕੰਤੁ ਨਾ ਪ੍ਰਗਟਈ ਭਠਿ ਸਾਗਰ ਸੇ ਗ੍ਰਾਮ॥

ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥

ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥

**ਸ਼ਬਦ ਅਰਥ:**

ਕਿਰਤਿ – ਕਮਾਈ। ਕੇ – ਅਨੁਸਾਰ। ਰਾਮ – ਹੇ ਪ੍ਰਭੂ। ਕੁੰਟ – ਪਾਸੇ, ਕੂਟ। ਦਹਦਿਸ – ਦਸ ਪਾਸੇ (ਪੂਰਬ, ਪੱਛਮ, ਉੱਤਰ, ਦੱਖਣ, ਚਾਰ ਨੁੱਕਰਾਂ, ਉਪਰਲਾ ਪਾਸਾ, ਹੇਠਲਾ ਪਾਸਾ)। ਸਾਮ – ਸ਼ਰਨ। ਧੇਨੁ – ਗਾਂ। ਬਾਹਰੀ– ਸੱਖਣੀ, ਬਿਨਾਂ। ਸਾਖ – ਖੇਤੀ, ਫ਼ਸਲ। ਦਾਮ– ਪੈਸੇ, ਧਨ। ਨਾਹ– ਖਸਮ। ਕਤ– ਕਿਵੇਂ, ਕਿੱਥੇ ? ਬਿਸਰਾਮ – ਸੁਖ, ਆਰਾਮ। ਜਿਤੁ ਘਰ – ਜਿਸ ਘਰ ਵਿੱਚ, ਜਿਸ ਹਿਰਦੇ ਵਿੱਚ। ਭਠਿ –



Downloaded from https:// www.studiestoday.com

Downloaded from https:// www.studiestoday.com

ਤਪਦੀ ਭੱਠੀ। ਸੇ– ਵਰਗੇ। ਗ੍ਰਾਮ –ਪਿੰਡ। ਸ੍ਰਬ – ਸਾਰੇ। ਤੰਬੋਲ – ਪਾਨ ਦੇ ਬੀੜੇ। ਸਣੁ – ਸਣੇ, ਸਮੇਤ। ਦੇਹੀ – ਸਰੀਰ। ਖਾਮ – ਕੱਚੇ, ਨਾਸ਼ਵੰਤ। ਜਾਮ –ਜਮ। ਸਭਿ – ਸਾਰੇ। ਸੰਗਿ – ਨਾਲ। ਧਾਮ – ਟਿਕਾਣਾ।

**ਅਰਥ:**

ਅਸੀਂ ਆਪਣੇ ਕਰਮਾਂ ਦੀ ਕਮਾਈ ਅਨੁਸਾਰ ਪਰਮਾਤਮਾ ਨਾਲੋਂ ਵਿਛੜੇ ਹੋਏ ਹਾਂ ਭਾਵ ਪਰਮਾਤਮਾ ਨੂੰ ਵਿਸਾਰੀ ਬੈਠੇ ਹਾਂ, ਹੁਣ ਮਿਹਰ ਕਰ। ਅਸੀਂ ਚਾਰ – ਚੁਫੇਰੇ ਸੁੱਖਾ ਦੀ ਖ਼ਾਤਰ ਭਟਕ ਰਹੇ ਹਾਂ, ਹੁਣ ਥੱਕ ਕੇ ਪਰਮਾਤਮਾ ਤੇਰੀ ਸ਼ਰਨ ਵਿੱਚ ਆਏ ਹਾਂ। ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ, ਜਿਵੇਂ ਪਾਣੀ ਤੋਂ ਬਿਨਾਂ ਖੇਤੀ ਸੁੱਕ ਜਾਂਦੀ ਹੈ। ਉਸ ਵਿੱਚ ਫ਼ਸਲ ਨਹੀਂ ਪੱਕਦੀ ਅਤੇ ਉਸ ਖੇਤੀ ਵਿੱਚੋਂ ਧਨ ਦੀ ਕਮਾਈ ਨਹੀਂ ਹੋ ਸਕਦੀ, ਉਸੇ ਤਰ੍ਹਾਂ ਪਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਹੋਰ ਦਾ ਨਾਮ ਲੈਣ ਕਰਕੇ ਸਾਡਾ ਜੀਵਨ ਵਿਅਰਥ ਚਲਾ ਜਾਂਦਾ ਹੈ। ਉਸ ਸੱਚੇ ਪ੍ਰਭੂ ਨੂੰ ਮਿਲਣ ਤੋਂ ਬਿਨਾਂ ਕਿਸੇ ਹੋਰ ਥਾਂ ਸੁੱਖ ਵੀ ਨਹੀਂ ਮਿਲਦਾ। ਜਿਸ ਹਿਰਦੇ ਘਰ ਵਿੱਚ ਪ੍ਰਭੂ ਨਾ ਆ ਕੇ ਵੱਸੇ, ਉਸ ਲਈ ਵੱਸਦੇ ਪਿੰਡ ਤੇ ਸ਼ਹਿਰ ਤਪਦੀ ਭੱਠੀ ਵਰਗੇ ਹੁੰਦੇ ਹਨ। ਜਿਸ ਤਰ੍ਹਾਂ ਇਸਤਰੀ ਨੂੰ ਆਪਣੇ ਪਤੀ ਤੋਂ ਬਿਨਾਂ ਸਰੀਰ ਦੇ ਸਾਰੇ ਸ਼ਿੰਗਾਰ, ਪਾਨਾਂ ਦੇ ਬੀੜੇ ਤੇ ਹੋਰ ਰਸ ਆਪਣੇ ਸਰੀਰ ਸਮੇਤ ਹੀ ਵਿਅਰਥ ਦਿਸਦੇ ਹਨ, ਉਸੇ ਤਰ੍ਹਾਂ ਮਾਲਕ ਪ੍ਰਭੂ ਦੀ ਯਾਦ ਤੋਂ ਬਿਨਾਂ ਸਾਰੇ ਸੱਜਣ ਮਿੱਤਰ ਜਿੰਦ ਦੇ ਵੈਰੀ ਹੋ ਢੁਕਦੇ ਹਨ। ਤਾਹੀਏਂ ਤਾਂ ਇਹ ਬੇਨਤੀ ਹੈ ਕਿ ਪਰਮਾਤਮਾ! ਸਾਡੇ ਉੱਤੇ ਮਿਹਰ ਕਰਕੇ ਸਾਨੂੰ ਆਪਣੇ ਨਾਮ ਦੀ ਦਾਤ ਬਖ਼ਸ਼, ਆਪਣੇ ਚਰਨਾਂ ਵਿੱਚ ਜੋੜੀ ਰੱਖ, ਹੋਰ ਸਾਰੇ ਆਸਰੇ ਨਾਸ਼ਵੰਤ ਹਨ। ਇੱਕ ਪਰਮਾਤਮਾ ਦਾ ਘਰ ਹੀ ਸਦਾ ਅੱਟਲ ਰਹਿਣ ਵਾਲਾ ਹੈ।

## ਦਸ ਬਸਤੂ ਲੇ ਪਾਛੈ ਪਾਵੈ

ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ ਕਰੇਇ ॥

ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾ ਕਉ ਕੀਜੈ ਸਦ ਨਮਸਕਾਰਾ ॥

ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥

ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥

**ਸ਼ਬਦ ਅਰਥ:**

ਬਸਤੂ – ਚੀਜ਼ਾਂ। ਲੇ – ਲੈ ਕੇ। ਪਾਛੈ ਪਾਵੈ – ਸਾਂਭ ਲੈਂਦਾ ਹੈ। ਬਿਖੋਟਿ – ਖੋਟ ਹੀਨਤਾ, ਇਤਬਾਰ, ਖਰਾਪਨ। ਹਿਰਿ ਲੇਇ – ਖੋਹ ਲਏ। ਮੂੜਾ – ਮੂਰਖ। ਕਹਾ ਕਰੇਇ – ਕੀ ਕਰ ਸਕਦਾ ਹੈ? ਚਾਰਾ– ਪੇਸ਼, ਜ਼ੋਰ, ਤਾਣ। ਸਦ – ਸਦਾ। ਸਰਬ – ਸਾਰੇ। ਤਾਹੂ ਮਨਿ – ਉਸ ਦੇ ਮਨ ਵਿੱਚ । ਵੂਠਾ– ਆ ਵੱਸਦੇ ਹਨ। ਜਿਸੁ ਜਨ – ਜਿਸ ਮਨੁੱਖ ਨੂੰ। ਥੋਕ – ਪਦਾਰਥ। ਤਿਨਿ – ਉਸ (ਮਨੁੱਖ) ਨੇ।

**ਅਰਥ:**

ਮਨੁੱਖ ਪ੍ਰਭੂ ਤੋਂ ਦਸ ਚੀਜ਼ਾਂ ਲੈ ਕੇ ਸਾਂਭ ਲੈਂਦਾ ਹੈ, ਪਰ ਇੱਕ ਚੀਜ਼ ਦੀ ਖ਼ਾਤਰ ਆਪਣਾ ਇਤਬਾਰ ਗਵਾ ਲੈਂਦਾ ਹੈ। ਕਿਉਂਕਿ ਉਹ ਮਿਲੀਆਂ ਹੋਈਆਂ ਦਸ ਚੀਜ਼ਾਂ ਲਈ ਤਾਂ ਪ੍ਰਮਾਤਮਾ ਦਾ ਸ਼ੁਕਰੀਆ ਅਦਾ ਨਹੀਂ ਕਰਦਾ ਤੇ ਜਿਹੜੀ ਇੱਕ ਚੀਜ਼ ਨਹੀਂ ਪ੍ਰਾਪਤ ਹੋਈ ਉਸ ਲਈ ਗਿਲਾ ਕਰਦਾ ਰਹਿੰਦਾ ਹੈ। ਜੇ ਕਰ



Downloaded from https:// www.studiestoday.com

Downloaded from https:// www.studiestoday.com

ਪ੍ਰਭੂ ਇੱਕ ਵੀ ਚੀਜ਼ ਨਾ ਦਏ ਤੇ ਜਿਹੜੀਆਂ ਦਸ ਦਿੱਤੀਆਂ ਹੋਈਆਂ ਹਨ। ਉਹ ਵੀ ਖੋਹ ਲਏ ਤਾਂ ਮਨੁੱਖ ਕੀ ਕਰ ਸਕਦਾ ਹੈ? ਜਿਸ ਮਾਲਕ (ਪ੍ਰਭੂ) ਦੇ ਨਾਲ ਪੇਸ਼ ਨਹੀਂ ਜਾ ਸਕਦੀ ਉਸ ਅੱਗੇ ਹਮੇਸ਼ਾਂ ਸਿਰ ਨਿਵਾਉਣਾ ਚਾਹੀਦਾ ਹੈ ਕਿਉਂਕਿ ਜਿਸ ਮਨੁੱਖ ਦੇ ਮਨ ਵਿੱਚ ਪ੍ਰਭੂ ਪਿਆਰਾ ਵਸਦਾ ਹੈ। ਉਸ ਦੇ ਮਨ ਵਿੱਚ ਸਾਰੇ ਸੁੱਖ ਆ ਵਸਦੇ ਹਨ। ਪਰਮਾਤਮਾ ਜਿਸ ਮਨੁੱਖ ਤੋਂ ਆਪਣਾ ਹੁਕਮ ਮਨਾਉਂਦਾ ਹੈ ਦੁਨੀਆਂ ਦੇ ਸਾਰੇ ਪਦਾਰਥ ਮਾਨੋਂ ਉਸ ਨੇ ਪ੍ਰਾਪਤ ਕਰ ਲਏ ਹਨ।

## ਕੋਈ ਬੋਲੈ ਰਾਮ ਰਾਮ ਕੋਈ ਖੁਦਾਇ

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥

ਕੋਈ ਸੇਵੈ ਗੁਸਈਆ ਕੋਈ ਅਲਾਹਿ॥੧॥

ਕਾਰਣ ਕਰਨ ਕਰੀਮ॥

ਕਿਰਪਾ ਧਾਰਿ ਰਹੀਮ ॥੧॥ ਰਹਾਉ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥੨॥

ਕੋਈ ਪੜੈ ਬੇਦ ਕੋਈ ਕਤੇਬ॥

ਕੋਈ ਓਢੈ ਨੀਲ ਕੋਈ ਸੁਪੇਦ॥੩॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ।

ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥੪॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥

ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੫॥

**ਸ਼ਬਦ ਅਰਥ:**

ਗੁਸਈਆ – ਗੋਸਾਈਂ। ਅਲਾਹਿ – ਅੱਲਾ। ਕਾਰਣ ਕਰਣ– ਜਗਤ ਦਾ ਕਾਰਨ, ਜਗਤ ਦਾ ਮੂਲ । ਕਰਨ – ਜਗਤ। ਕਰੀਮ – ਬਖ਼ਸ਼ਸ਼ ਕਰਨ ਵਾਲਾ। ਕਿਰਪਾ ਧਾਰਿ – ਕਿਰਪਾ ਕਰਨ ਵਾਲਾ। ਰਹੀਮ– ਰਹਿਮ ਕਰਨ ਵਾਲਾ। ਨਾਵੈ – ਇਸ਼ਨਾਨ ਕਰਦਾ ਹੈ। ਤੀਰਥਿ – ਤੀਰਥ ਉੱਤੇ। ਹਜ ਜਾਇ – ਕਾਅਬੇ ਦਾ ਦਰਸ਼ਨ ਕਰਨ ਜਾਂਦਾ ਹੈ। ਸਿਰੁ ਨਿਵਾਇ – ਨਮਾਜ਼ ਪੜ੍ਹਦਾ ਹੈ। ਕਤੇਬ – ਕੁਰਾਨ, ਅੰਜੀਲ ਆਦਿ ਪੱਛਮੀ ਧਰਮਾਂ ਦੇ ਧਾਰਮਿਕ ਗ੍ਰੰਥ। ਓਢੈ – ਪਹਿਨਦਾ ਹੈ। ਨੀਲ – ਨੀਲੇ ਕਪੜੇ। ਸੁਪੇਦ – ਚਿੱਟੇ ਕੱਪੜੇ। ਤੁਰਕੁ – ਮੁਸਲਮਾਨ । ਬਾਛੈ – ਮੰਗਦਾ ਹੈ, ਚਾਹੁੰਦਾ ਹੈ। ਭਿਸਤੁ – ਬਹਿਸ਼ਤ। ਸੁਰਗਿੰਦੂ – ਸੁਰਗਇੰਦੂ, ਇੰਦਰ ਦੇਵਤੇ ਦਾ ਸੁਰਗ। ਜਿਨਿ – ਜਿਸ ਮਨੁੱਖ ਨੇ, ਤਿਨਿ – ਉਸ ਮਨੁੱਖ ਨੇ।

**ਅਰਥ:**

ਜੀਵਾਂ ਨੇ ਆਪੋ ਆਪਣੀਆਂ ਧਰਮ ਪੁਸਤਕਾਂ ਦੀ ਬੋਲੀ ਅਨੁਸਾਰ ਪਰਮਾਤਮਾ ਦੇ ਵੱਖ-ਵੱਖ ਨਾਮ ਰੱਖੇ ਹੋਏ ਹਨ, ਪਰ ਉਹ ਸਭ ਦਾ ਸਾਂਝਾ ਹੈ, ਕੋਈ ਮਨੁੱਖ ਪਰਮਾਤਮਾ ਦਾ ਨਾਮ 'ਰਾਮ ਰਾਮ' ਉਚਾਰਦਾ



Downloaded from https:// www.studiestoday.com

Downloaded from https:// www.studiestoday.com

ਹੈ। ਕੋਈ ਉਸ ਨੂੰ 'ਖੁਦਾਇ-ਖੁਦਾਇ' ਆਖਦਾ ਹੈ। ਕੋਈ ਮਨੁੱਖ ਉਸ ਨੂੰ 'ਗੋਸਾਈ' ਆਖ ਕੇ ਉਸ ਦੀ ਭਗਤੀ ਕਰਦਾ ਹੈ, ਕੋਈ 'ਅੱਲਾ' ਆਖ ਕੇ ਬੰਦਗੀ ਕਰਦਾ ਹੈ।

ਕੋਈ ਮਨੁੱਖ ਕਿਸੇ ਤੀਰਥ ਉੱਤੇ ਇਸ਼ਨਾਨ ਕਰਦਾ ਹੈ, ਕੋਈ ਮਨੁੱਖ ਮੱਕੇ ਹੱਜ ਕਰਨ ਵਾਸਤੇ ਜਾਂਦਾ ਹੈ। ਕੋਈ ਮਨੁੱਖ ਪ੍ਰਭੂ ਦੀ ਮੂਰਤੀ ਬਣਾ ਕੇ ਪੂਜਾ ਕਰਦਾ ਹੈ, ਕੋਈ ਨਮਾਜ਼ ਪੜ੍ਹਦਾ ਹੈ। ਕੋਈ ਵੇਦ ਆਦਿ ਧਰਮ ਪੁਸਤਕ ਪੜ੍ਹਦਾ ਹੈ, ਕੋਈ ਕੁਰਾਨ, ਅੰਜੀਲ ਆਦਿ ਪੜ੍ਹਦਾ ਹੈ। ਕੋਈ (ਮੁਸਲਮਾਨ ਹੋ ਕੇ) ਨੀਲੇ ਕੱਪੜੇ ਪਹਿਨਦਾ ਹੈ, ਕੋਈ (ਹਿੰਦੂ) ਚਿੱਟੇ ਬਸਤ੍ਰ ਪਾਂਦਾ ਹੈ। ਕੋਈ ਮਨੁੱਖ ਆਖਦਾ ਹੈ ਕਿ ਮੈਂ ਮੁਸਲਮਾਨ ਹਾਂ, ਕੋਈ ਆਖਦਾ ਹੈ ਕਿ ਮੈਂ ਹਿੰਦੂ ਹਾਂ। ਕੋਈ ਮਨੁੱਖ ਪਰਮਾਤਮਾ ਪਾਸੋਂ ਬਹਿਸ਼ਤ ਮੰਗਦਾ ਹੈ, ਕੋਈ ਸੁਰਗ ਮੰਗਦਾ ਹੈ। ਜਿਸ ਮਨੁੱਖ ਨੇ ਪਰਮਾਤਮਾ ਦਾ ਹੁਕਮ ਪਛਾਣਿਆ ਹੈ, ਉਸ ਨੇ ਮਾਲਕ ਪ੍ਰਭੂ ਦਾ ਭੇਤ ਪਾ ਲਿਆ ਹੈ ਕਿ ਉਸ ਨੂੰ ਕਿਵੇਂ ਪ੍ਰਸੰਨ ਕਰ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਦਿੱਤੀਆਂ ਕਾਵਿ - ਤੁਕਾਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ:

(ੳ) ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥
ਚਿਤਿ ਆਵੈ ਓਸ ਪਾਰਬ੍ਰਹਮ ਤਾ ਨਿਮਖ ਸਿਮਰਤ ਤਰਿਆ ॥

(ਅ) ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥

2. ਹੇਠਾਂ ਲਿਖੀਆਂ ਕਾਵਿ - ਤੁਕਾਂ ਦੀ ਵਿਆਖਿਆ ਕਰੋ:

(ੳ) ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥

(ਅ) ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥

(ੲ) ਜਿਸੁ ਠਾਕਰੁ ਸਿਉ ਨਾਹੀ ਚਾਰਾ ॥ ਤਾ ਕਉ ਕੀਜੈ ਸਦ ਨਮਸਕਾਰਾ ॥

3. 'ਜਾ ਕਉ ਮੁਸਕਲੁ ਅਤਿ ਬਣੈ' ਸ਼ਬਦ ਦੇ ਆਧਾਰ 'ਤੇ ਦੱਸੋ ਕਿ ਜਿਹੜੇ ਮਨੁੱਖ ਪਰਮਾਤਮਾ ਦੀ ਓਟ ਲੈਂਦੇ ਹਨ, ਉਹਨਾਂ ਦੀ ਆਤਮਿਕ ਅਵਸਥਾ ਕਿਸ ਤਰ੍ਹਾਂ ਦੀ ਹੁੰਦੀ ਹੈ?

4. ਗੁਰੂ ਸਾਹਿਬ ਨੇ 'ਮੇਰਾ ਮਨੁ ਲੋਚੈ' ਸ਼ਬਦ ਵਿੱਚ ਬਿਹਬਲਤਾ ਤੋਂ ਸੰਤੋਖ ਵਲ ਦਾ ਸਫ਼ਰ ਕਿਵੇਂ ਬਿਆਨ ਕੀਤਾ ਹੈ?

5. 'ਦਸ ਬਸਤੂ ਲੇ ਪਾਛੈ ਪਾਵੈ' ਸ਼ਬਦ ਦਾ ਕੇਂਦਰੀ ਭਾਵ ਲਿਖੋ।

6. 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਸ਼ਬਦ ਦਾ ਕੇਂਦਰੀ ਭਾਵ ਲਿਖੋ।

7. 'ਤੂੰ ਮੇਰਾ ਪਿਤਾ' ਸ਼ਬਦ ਦੇ ਆਧਾਰ 'ਤੇ ਦੱਸੋ ਕਿ ਵਿਕਾਰਾਂ ਨਾਲ ਹੋ ਰਿਹਾ ਔਖਾ ਘੋਲ ਕਿਵੇਂ ਅਤੇ ਕਿਸ ਦੀ ਸਹਾਇਤਾ ਨਾਲ ਜਿੱਤਿਆ ਜਾ ਸਕਦਾ ਹੈ?

8. 'ਹਉ ਗੋਸਾਈ ਦਾ ਪਹਿਲਵਾਨੜਾ' ਸ਼ਬਦ ਦਾ ਸਾਰ ਆਪਣੇ ਸ਼ਬਦਾ ਵਿੱਚ ਵਿਸਥਾਰ ਪੂਰਵਕ ਲਿਖੋ।

9. ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੀ ਕਾਵਿ ਰਚਨਾ ਉੱਤੇ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 4. ਸ਼੍ਰੀ ਗੁਰੂ ਤੇਗ ਬਹਾਦਰ ਜੀ

## (1621-1675 ਈ:)

ਸ਼੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਸਨ। ਆਪ ਦਾ ਜਨਮ 1 ਅਪ੍ਰੈਲ 1621 ਈ: ਨੂੰ ਅੰਮ੍ਰਿਤਸਰ ਵਿੱਚ, ਛੇਵੇਂ ਗੁਰੂ ਸ਼੍ਰੀ ਗੁਰੂ ਹਰਗੋਬਿੰਦ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਬਚਪਨ ਤੋਂ ਹੀ ਦਲੇਰ, ਨਿਰਭੈ, ਗੰਭੀਰ ਅਤੇ ਵਿਚਾਰਵਾਨ ਸੁਭਾਅ ਅਤੇ ਧਾਰਮਿਕ ਰੁਚੀਆਂ ਵਾਲੇ ਸਨ। ਅੱਠਵੇਂ ਗੁਰੂ ਸਾਹਿਬ ਦੇ ਜੋਤੀ- ਜੋਤ ਸਮਾਉਣ ਮਗਰੋਂ ਜਦੋਂ ਗੁਰਿਆਈ ਦੇ ਕਈ ਦਾਅਵੇਦਾਰ ਬਣ ਗਏ ਤਾਂ ਗੁਰੂ ਘਰ ਦੇ ਇੱਕ ਅਨਿਨ ਭਗਤ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਗੁਰੂ ਜੋਤ ਦੇ ਦਰਸ਼ਨ ਤੇਗ ਬਹਾਦਰ ਵਿੱਚ ਹੋਏ। ਗੁਰੂ ਜੀ ਨੇ ਗੁਰ - ਗੱਦੀ ਤੇ ਬਿਰਾਜਮਾਨ ਹੋਣ ਮਗਰੋਂ ਅੰਮ੍ਰਿਤਸਰ ਤੋਂ ਜਾ ਕੇ ਸ਼ਿਵਾਲਕ ਦੀਆਂ ਪਹਾੜੀਆਂ ਵਿੱਚ ਆਨੰਦਪੁਰ ਸਾਹਿਬ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇਸ ਉਪਰੰਤ ਆਪ ਯੂ. ਪੀਂ ਬਿਹਾਰ ਅਤੇ ਅਸਾਮ ਵਿੱਚ ਸਿੱਖੀ ਦੇ ਪ੍ਰਚਾਰ ਲਈ ਨਿਕਲ ਪਏ। ਇੱਥੋਂ ਵਾਪਸੀ ਤੇ ਆਪ ਕੁਝ ਦੇਰ ਪਟਨੇ ਰਹੇ ਅਤੇ ਫਿਰ ਪਰਿਵਾਰ ਸਮੇਤ ਆਨੰਦਪੁਰ ਸਾਹਿਬ ਪਰਤ ਆਏ। ਔਰੰਗਜ਼ੇਬ ਦੇ ਜਬਰ ਤੇ ਜ਼ੁਲਮ ਨੂੰ ਠੱਲ ਪਾਉਣ ਅਤੇ ਦਰੜੀ ਕੁਚਲੀ ਜਾ ਰਹੀ ਨਿਮਾਣੀ ਤੇ ਨਿਤਾਣੀ ਹਿੰਦੂ ਕੌਮ ਦੀ ਰੱਖਿਆ ਲਈ 1675 ਈ ਵਿੱਚ ਆਪ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣਾ ਸ਼ੀਸ ਕੁਰਬਾਨ ਕਰ ਦਿੱਤਾ। ਇਸ ਤਰ੍ਹਾਂ ਦੀ ਅਦੁੱਤੀ ਤੇ ਅਜ਼ੀਮ ਸ਼ਹਾਦਤ ਦੀ ਮਿਸਾਲ ਵਿਸ਼ਵ ਦੇ ਇਤਿਹਾਸ ਵਿੱਚ ਨਹੀਂ ਮਿਲਦੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀ ਬਾਣੀ 59 ਸ਼ਬਦਾਂ ਅਤੇ 57 ਸਲੋਕਾਂ ਦੇ ਰੂਪ ਵਿਚ ਅੰਕਿਤ ਹੈ। ਆਪ ਦੀ ਬਾਣੀ ਜੀਵਨ ਯਥਾਰਥ ਦੀ ਗਤੀਸ਼ੀਲਤਾ ਅਤੇ ਪਰਮ ਸੱਤਾ ਦੀ ਸਦੀਵਤਾ ਦੇ ਸਨਮੁਖ ਨਿਰਭਉ ਅਤੇ ਨਿਰਵੈਰ ਰੁਚੀਆਂ ਅਤੇ ਬਿਰਤੀਆਂ ਨੂੰ ਸੰਚਾਰਦੀ ਹੈ। ਆਪ ਦੀ ਬਾਣੀ ਜੀਵ ਨੂੰ ਮਾਨਵੀ ਸੰਬੰਧਾਤਮਤਾ ਅਤੇ ਕੁਦਰਤੀ ਵਰਤਾਰਿਆਂ ਦੀ ਮਾਇਆਵਾਦੀ ਅਲਪ ਕਾਲੀਨਤਾ ਦੇ ਪਰਿਪੇਖਾਂ ਦੀ ਸੋਝੀ ਕਰਵਾਉਂਦੀ ਹੈ। ਬਲਸ਼ਾਲੀ ਹੁੰਦੇ ਹੋਏ 'ਗੋਬਿੰਦ ਦੇ ਗੁਣ' ਗਾਉਣ ਅਤੇ 'ਹਰੀ ਦਾ ਭਜਨ' ਵਰਗੇ ਭਾਵਾਂ ਦੇ ਸੰਚਾਰ ਵਾਲੀ ਗੁਰੂ ਸਾਹਿਬ ਦੀ ਬਾਣੀ ਜੀਵ ਦੇ ਜੀਵਨ - ਵਿਹਾਰ ਦੀ ਵਿਆਕਰਨ ਨੂੰ ਸੰਚਾਰਨ ਵਾਲਾ ਪ੍ਰਵਚਨ ਹੈ।



Downloaded from https:// www.studiestoday.com

Downloaded from https:// www.studiestoday.com

## ਸ਼ਲੋਕ

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ ॥੧॥

**ਸ਼ਬਦ ਅਰਥ:**

ਗੁਨ ਗੋਬਿੰਦ – ਗੋਬਿੰਦ ਦੇ ਗੁਣ। ਅਕਾਰਥ – ਵਿਅਰਥ। ਕੀਨੁ – ਬਣਾ ਲਿਆ। ਕਹੁ – ਆਖ। ਜਿਹ ਬਿਧਿ – ਜਿਸ ਤਰੀਕੇ ਨਾਲ, ਜਿਸ ਤਰ੍ਹਾਂ। ਜਲ ਕਉ – ਪਾਣੀ ਨੂੰ। ਮੀਨ– ਮੱਛੀ।

**ਅਰਥ:**

ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ, ਤਾਂ ਤੂੰ ਆਪਣਾ ਮਨੁੱਖ ਜਨਮ ਨਿਕੰਮਾ ਕਰ ਲਿਆ ਭਾਵ ਵਿਅਰਥ ਹੀ ਗਵਾ ਲਿਆ। ਗੁਰੂ ਜੀ ਆਖਦੇ ਹਨ– ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ ਤੇ ਉਸ ਨੂੰ ਇਉਂ ਜ਼ਿੰਦਗੀ ਦਾ ਆਸਰਾ ਬਣਾ ਜਿਵੇਂ ਪਾਣੀ ਨੂੰ ਮੱਛੀ ਆਪਣੀ ਜ਼ਿੰਦ ਦਾ ਆਸਰਾ ਬਣਾਈ ਰੱਖਦੀ ਹੈ।

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥

**ਸ਼ਬਦ ਅਰਥ:**

ਦਾਰਾ – ਇਸਤਰੀ। ਸੰਪਤਿ ਸਗਲ – ਸਾਰੀ ਜਾਇਦਾਦ, ਸਾਰੀ ਸੰਪੱਤੀ। ਜਿਨਿ ਮਾਨਿ– ਮਤਾਂ ਸਮਝ, ਨਾਹ ਮੰਨ। ਅਪੁਨੀ ਕਰਿ – ਆਪਣੀ ਜਾਣ ਕੇ। ਇਨ ਮਹਿ– ਇਹਨਾਂ ਸਾਰਿਆਂ ਵਿੱਚੋਂ। ਸਾਚੀ ਜਾਨਿ– ਇਹ ਗੱਲ ਪੱਕੀ ਜਾਣ ਲੈ।

**ਅਰਥ:**

ਹੇ ਭਾਈ! ਧਨ, ਇਸਤਰੀ, ਸਾਰੀ ਜਾਇਦਾਦ ਨੂੰ ਆਪਣੀ ਕਰ ਕੇ ਨਾ ਮੰਨ। ਹੇ ਨਾਨਕ! ਇਹ ਗੱਲ ਸੱਚੀ ਸਮਝ ਕਿ ਇਹਨਾਂ ਸਾਰਿਆਂ ਵਿੱਚੋਂ ਇੱਕ ਭੀ ਤੇਰਾ ਸਾਥੀ ਨਹੀਂ ਬਣ ਸਕਦਾ।

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥

ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥

**ਸ਼ਬਦ ਅਰਥ:**

ਪਤਿਤ– ਵਿਕਾਰਾਂ ਵਿੱਚ ਡਿੱਗੇ ਹੋਏ। ਪਤਿਤ ਉਧਾਰਨ– ਵਿਕਾਰੀਆਂ ਨੂੰ ਵਿਕਾਰਾਂ ਤੋਂ ਬਚਾਣ ਵਾਲੇ। ਭੈ ਹਰਨ – ਸਾਰੇ ਡਰ ਦੂਰ ਕਰਨ ਵਾਲੇ। ਅਨਾਥ ਕੇ ਨਾਥ – ਨਖਸਮਿਆਂ ਦੇ ਖਸਮ। ਤਿਹ – ਉਸ ਪਰਮਾਤਮਾ ਨੂੰ। ਸਾਥਿ – ਨਾਲ ਸੰਗ।

**ਅਰਥ:**

ਪ੍ਰਭੂ ਜੀ ਵਿਕਾਰੀਆਂ ਨੂੰ ਵਿਕਾਰਾਂ ਤੋਂ ਬਚਾਉਣ ਵਾਲੇ ਹਨ। ਸਾਰੇ ਡਰ ਦੂਰ ਕਰਨ ਵਾਲੇ ਹਨ



Downloaded from https:// www.studiestoday.com

Downloaded from https:// www.studiestoday.com

ਅਤੇ ਨਿਖਸਮਿਆਂ ਤੇ ਖਸਮ ਹਨ। ਪ੍ਰਭੂ ਨੂੰ ਇਉਂ ਸਮਝਣਾ ਚਾਹੀਦਾ ਹੈ ਕਿ ਉਹ ਸਦਾ ਤੇਰੇ ਨਾਲ ਵੱਸਦਾ ਹੈ।

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ॥

ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ॥੮॥

**ਸ਼ਬਦ ਅਰਥ:**

ਸੰਪੈ – ਸੰਪੱਤੀ, ਧਨ। ਅਰੁ – ਅਤੇ। ਨੀਕੇ – ਸੋਹਣੇ, ਚੰਗੇ। ਧਾਮ – ਘਰ। ਕਾਹਿ ਨ – ਕਿਉਂ ਨਹੀਂ।

**ਅਰਥ:**

ਜਿਸ ਪਰਮਾਤਮਾ ਨੇ ਸਰੀਰ ਦਿੱਤਾ, ਧਨ ਦਿੱਤਾ, ਜਾਇਦਾਦ ਦਿੱਤੀ, ਸੁਖ ਦਿੱਤੇ ਅਤੇ ਸੋਹਣੇ ਘਰ ਦਿੱਤੇ ਹਨ। ਹੇ ਮਨ! ਸੁਣ ਉਸ ਪਰਮਾਤਮਾ ਦਾ ਤੂੰ ਸਿਮਰਨ ਕਿਉਂ ਨਹੀਂ ਕਰਦਾ?

ਪਾਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥੧੧॥

**ਸ਼ਬਦ ਅਰਥ:**

ਪਾਚ ਤਤ – ਮਿੱਟੀ, ਹਵਾ, ਪਾਣੀ ਅੱਗ, ਆਕਾਸ਼। ਕੋ – ਦਾ। ਚਤੁਰ– ਹੇ ਚਤੁਰ ਮਨੁੱਖ, ਚਾਲਾਕ। ਸੁਜਾਨ – ਹੇ ਸਿਆਣੇ ਮਨੁੱਖ। ਜਿਹ ਤੇ – ਜਿਨ੍ਹਾਂ ਤੱਤਾਂ ਤੋਂ। ਤਾਹਿ ਮੈ – ਉਹਨਾਂ ਹੀ ਤੱਤਾਂ ਵਿੱਚ। ਮਾਨੁ – ਮੰਨ ਲੈ।

**ਅਰਥ:**

ਹੇ ਚਤੁਰ ਮਨੁੱਖ! ਹੇ ਸਿਆਣੇ ਮਨੁੱਖ! ਤੂੰ ਜਾਣਦਾ ਹੈ ਕਿ ਤੇਰਾ ਇਹ ਸਰੀਰ ਪਰਮਾਤਮਾ ਨੇ ਪੰਜ ਤੱਤਾਂ ਤੋਂ ਬਣਾਇਆ ਹੈ। ਇਹ ਭੀ ਯਕੀਨ ਜਾਣ ਕਿ ਜਿਨ੍ਹਾਂ ਤੱਤਾਂ ਤੋਂ ਇਹ ਸਰੀਰ ਬਣਿਆ ਹੈ । ਮੁੜ ਉਹਨਾਂ ਵਿੱਚ ਹੀ ਲੀਨ ਹੋ ਜਾਏਗਾ। ਫਿਰ ਇਸ ਸਰੀਰ ਦੇ ਝੂਠੇ ਮੋਹ ਵਿੱਚ ਫਸ ਕੇ ਪਰਮਾਤਮਾ ਦਾ ਸਿਮਰਨ ਕਿਉਂ ਭੁੱਲ ਰਿਹਾ ਹੈ?

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥

**ਸ਼ਬਦ ਅਰਥ:**

ਪਰਸੈ– ਛੂੰਹਦਾ। ਅਭਿਮਾਨੁ – ਹੰਕਾਰ। ਮੂਰਤਿ ਭਗਵਾਨ – ਭਗਵਾਨ ਦਾ ਸਰੂਪ।

**ਅਰਥ:**

ਜਿਸ ਮਨੁੱਖ ਦੇ ਹਿਰਦੇ ਨੂੰ ਸੁੱਖ ਦੁੱਖ ਨਹੀਂ ਪੋਹ ਸਕਦਾ, ਲੋਭ ਮੋਹ, ਅਹੰਕਾਰ ਨਹੀਂ ਪੋਹ ਸਕਦਾ ਭਾਵ ਜਿਹੜਾ ਮਨੁੱਖ ਸੁਖ ਦੁਖ ਵੇਲੇ ਆਤਮਕ ਜੀਵਨ ਵੱਲੋਂ ਨਹੀਂ ਡੋਲਦਾ, ਜਿਸ ਉੱਤੇ ਲੋਭ , ਮੋਹ,



Downloaded from https:// www.studiestoday.com

Downloaded from https:// www.studiestoday.com

ਅਹੰਕਾਰ ਆਪਣਾ ਜ਼ੋਰ ਨਹੀਂ ਪਾ ਸਕਦਾ। ਨਾਨਕ ਆਖਦੇ ਹਨ- ਹੇ ਮਨ! ਸੁਣ ਉਹ ਮਨੁੱਖ ਸਾਖਿਆਤ ਪਰਮਾਤਮਾ ਦਾ ਰੂਪ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬ ॥

**ਸ਼ਬਦ ਅਰਥ:**

ਭੈ - ਡਰਾਵੇ। ਆਨ - ਹੋਰਨਾਂ ਦੇ । ਗਿਆਨੀ - ਆਤਮਕ ਜੀਵਨ ਦੀ ਸੂਝ ਵਾਲਾ ਮਨੁੱਖ। ਤਾਹਿ - ਉਸ ਨੂੰ। ਬਖਾਨਿ - ਆਖ।

**ਅਰਥ:**

ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ ਭਾਵ ਡਰਾਵਿਆਂ ਤੋਂ ਘਬਰਾਉਂਦਾ ਨਹੀਂ । ਹੇ ਮਨ! ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਮਨੁੱਖ ਸਮਝ।

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨ ॥

**ਸ਼ਬਦ ਅਰਥ:**

ਮਮਤਾ - ਮੋਹ, ਅਪਣੱਤ। ਤਜੈ - ਛੱਡਦਾ ਹੈ। ਤਰੈ - ਪਾਰ ਲੰਘ ਜਾਂਦਾ ਹੈ। ਅਉਰਨ - ਹੋਰਨਾਂ ਨੂੰ। ਲੇਤ ਉਧਾਰ - ਬਚਾ ਲੈਂਦਾ ਹੈ।

**ਅਰਥ:**

ਜਿਹੜਾ ਮਨੁੱਖ ਆਪਣੇ ਅੰਦਰੋ ਮਾਇਆ ਦੀ ਮਮਤਾ ਤਿਆਗਦਾ ਹੈ, ਲੋਭ, ਮੋਹ ਅਤੇ ਅਹੰਕਾਰ ਦੂਰ ਕਰਦਾ ਹੈ। ਉਹ ਆਪ ਭੀ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਵਿਕਾਰਾਂ ਤੋਂ ਬਚਾ ਲੈਂਦਾ ਹੈ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੪ ॥

**ਸ਼ਬਦ ਅਰਥ:**

ਬੁਦਬੁਦਾ - ਬੁਲਬੁਲਾ। ਤੇ - ਤੋਂ। ਰਚੀ - ਬਣਾਈ ਹੋਈ ਹੈ। ਮੀਤ - ਹੇ ਮਿੱਤਰ।

**ਅਰਥ:**

ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਅਤੇ ਨਾਸ਼ ਹੁੰਦਾ ਰਹਿੰਦਾ ਹੈ, ਹੇ ਮਿੱਤਰ! ਸੁਣ ਤਿਵੇਂ ਹੀ ਪਰਮਾਤਮਾ ਨੇ ਜਗਤ ਦੀ ਇਹ ਖੇਡ ਬਣਾਈ ਹੋਈ ਹੈ।

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਈ ॥



Downloaded from https:// www.studiestoday.com

Downloaded from https:// www.studiestoday.com

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨ ॥

**ਸ਼ਬਦ ਅਰਥ:**

ਸੰਗੀ-ਸਾਥੀ, ਮੇਲੀ-ਗੇਲੀ। ਸੰਗਿ-ਨਾਲ। ਅੰਤਿ-ਅਖ਼ੀਰ ਵੇਲੇ। ਸਹਾਈ-ਮਦਦਗਾਰ।

**ਅਰਥ:**

ਇਸ ਦੁਨੀਆਂ ਵਿੱਚ ਸੁਖ ਵੇਲੇ ਅਨੇਕਾਂ ਸਾਥੀ (ਮੇਲੀ -ਗੇਲੀ) ਬਣ ਜਾਂਦੇ ਹਨ, ਪਰ ਦੁੱਖ ਵਿੱਚ ਕੋਈ ਭੀ ਨਾਲ ਨਹੀਂ ਹੁੰਦਾ। ਗੁਰੂ ਜੀ ਆਖਦੇ ਹਨ- ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ, ਪਰਮਾਤਮਾ ਅੰਤ ਸਮੇਂ ਭੀ ਮਦੱਦਗਾਰ ਬਣਦਾ ਹੈ।

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥

ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫ ॥

**ਸ਼ਬਦ ਅਰਥ:**

ਬਿਰਧਿ - ਬੁਢੇਪਾ। ਅਰੁ - ਅਤੇ। ਫੁਨਿ - ਫਿਰ। ਤੀਨਿ - ਤਿੰਨ। ਜਾਨਿ- ਜਾਣ ਲੈ, ਸਮਝ ਲੈ। ਬਿਰਥਾ - ਵਿਅਰਥ। ਮਾਨੁ - ਮੰਨ।

**ਅਰਥ:**

ਹੇ ਮਨੁੱਖ! ਬਾਲ ਅਵਸਥਾ, ਜੁਆਨੀ ਦੀ ਅਵਸਥਾ ਅਤੇ ਫਿਰ ਬੁਢੇਪੇ ਦੀ ਅਵਸਥਾ (ਉਮਰ ਦੀਆਂ) ਇਹ ਤਿੰਨ ਅਵਸਥਾਂਵਾਂ ਸਮਝ ਲੈ ਜੋ ਮਨੁੱਖ ਤੇ ਆਉਂਦੀਆਂ ਹਨ। ਪਰ ਇਹ ਚੇਤੇ ਰੱਖ ਕਿ ਪਰਮਾਤਮਾ ਦੇ ਭਜਨ ਤੋਂ ਬਿਨਾਂ ਇਹ ਸਾਰੀਆਂ ਵਿਅਾਰਥ ਜਾਂਦੀਆਂ ਹਨ।

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੧ ॥

**ਸ਼ਬਦ ਅਰਥ:**

ਅਉਰੈ ਕੀ ਅਉਰੈ - ਹੋਰ ਦੀ ਹੋਰ। ਚਾਹਤ - ਇੱਛਾ, ਚਾਹੁੰਦਾ ਹੈ। ਚਿਤਵਤ ਰਹਿਓ - ਤੂੰ ਸੋਚਦਾ ਰਿਹਾ। ਠਗਉਰ - ਠੱਗੀਆਂ, ਠਗ-ਮੂਰੀ, ਠਗ ਬੂਟੀ। ਗਲਿ - ਗਲ਼ ਵਿੱਚ । ਪਰੀ - ਪੈ ਗਈ।

**ਅਰਥ:**

ਮਾਇਆ ਦੇ ਮੋਹ ਵਿੱਚ ਫਸ ਕੇ ਮਨੁੱਖ ਪ੍ਰਭੂ ਸਿਮਰਨ ਦੀ ਥਾਂ ਕੁਝ ਹੋਰ ਹੀ (ਭਾਵ, ਮਾਇਆ ਹੀ ਮਾਇਆ) ਮੰਗਦਾ ਰਹਿੰਦਾ ਹੈ। ਪਰ ਕਰਤਾਰ ਦੀ ਰਜ਼ਾ ਵਿੱਚ ਹੋਰ ਹੀ ਹੋਰ ਹੋ ਜਾਂਦਾ ਹੈ। ਮਨੁੱਖ ਹੋਰਨਾਂ ਨੂੰ ਠੱਗਣ ਦੀਆਂ ਸੋਚਾਂ ਸੋਚਦਾ ਹੈ ਤੇ ਉੱਤੋਂ ਮੌਤ ਦੀ ਫਾਹੀ ਗਲ਼ ਵਿੱਚ ਆ ਪੈਂਦੀ ਹੈ।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥

ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯ ॥



Downloaded from https:// www.studiestoday.com

Downloaded from https:// www.studiestoday.com

**ਸ਼ਬਦ ਅਰਥ:**

ਸੁਖ ਕੇ – ਸੰਸਾਰਕ ਸੁੱਖਾਂ ਦੀ ਪ੍ਰਾਪਤੀ ਦੇ। ਦੁਖ ਕੋ– ਦੁੱਖਾਂ ਦਾ। ਹਰਿ ਭਾਵੈ– ਜੋ ਪ੍ਰਮਾਤਮਾ ਨੂੰ ਚੰਗਾ ਲੱਗੇ।

**ਅਰਥ:**

ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਜਤਨ ਕਰਦਾ ਰਹਿੰਦਾ ਹੈ ਅਤੇ ਦੁੱਖਾਂ ਵਾਸਤੇ ਜਤਨ ਨਹੀਂ ਕਰਦਾ। ਪਰ ਫਿਰ ਵੀ ਪ੍ਰਮਾਤਮਾ ਦੀ ਰਜ਼ਾ ਅਨੁਸਾਰ ਦੁੱਖ ਵੀ ਆ ਪੈਂਦੇ ਹਨ। ਸੁੱਖ ਵੀ ਤਦੋਂ ਹੀ ਮਿਲਦਾ ਹੈ। ਜਦੋਂ ਪ੍ਰਭੂ ਦੀ ਰਜ਼ਾ ਹੋਵੇ। ਗੁਰੂ ਜੀ ਆਖਦੇ ਹਨ– ਹੇ ਮਨ ! ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ। ਜ਼ਰੂਰ ਉਹ ਹੀ ਹੰਦਾ ਹੈ।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥

ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪ ॥

**ਸ਼ਬਦ ਅਰਥ:**

ਕੈ ਮਨਿ – ਦੇ ਮਨ ਵਿੱਚ। ਜਿਹ ਪ੍ਰਾਨੀ ਕੈ ਮਨਿ – ਜਿਸ ਪ੍ਰਾਣੀ ਦੇ ਮਨ ਵਿੱਚ। ਸੂਕਰ ਤਨੁ – ਸੂਰ ਦਾ ਸਰੀਰ। ਸੁਆਨ ਤਨੁ – ਕੁੱਤੇ ਦਾ ਸਰੀਰ। ਤਾਹਿ – ਉਸ ਮਨੁੱਖ ਦਾ।

**ਅਰਥ:**

ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਦੀ ਭਗਤੀ ਨਹੀਂ ਹੈ। ਹੇ ਨਾਨਕ ! ਉਸ ਦਾ ਸਰੀਰ ਉਹੋ ਜਿਹਾ ਹੀ ਸਮਝ ਜਿਹੋ ਜਿਹਾ ਕਿਸੇ ਸੂਰ ਦਾ ਸਰੀਰ ਹੈ ਜਾਂ ਕਿਸੇ ਕੁੱਤੇ ਦਾ ਸਰੀਰ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬ ॥

**ਸ਼ਬਦ ਅਰਥ:**

ਅਰੁ – ਅਤੇ। ਕਰਿ – ਕਰ ਦੇ। ਮਨ ਮੈਂ – ਮਨ ਵਿੱਚ। ਗੁਮਾਨੁ – ਮਾਣਾ। ਤਿਹ – ਉਸ ਦੇ। ਨਿਹਫਲ – ਵਿਅਰਥ। ਕੁੰਚਰ – ਹਾਥੀ।

**ਅਰਥ:**

ਪਰਮਾਤਮਾ ਦਾ ਭਜਨ ਛੱਡ ਕੇ ਮਨੁੱਖ ਤੀਰਥ ਇਸ਼ਨਾਨ ਕਰਕੇ ਵਰਤ ਰੱਖ ਕੇ ਦਾਨ-ਪੁੰਨ ਕਰ ਕੇ ਆਪਣੇ ਮਨ ਵਿੱਚ ਅਹੰਕਾਰ ਕਰਦਾ ਹੈ ਕਿ ਮੈਂ ਧਰਮੀ ਬਣ ਗਿਆ ਹਾਂ। ਪਰ ਉਸ ਦੇ ਇਹ ਸਾਰੇ ਕੀਤੇ ਹੋਏ ਕਰਮ ਇਉਂ ਵਿਅਰਥ ਚਲੇ ਜਾਂਦੇ ਹਨ ਜਿਵੇਂ ਕਿ ਹਾਥੀ ਦਾ ਕੀਤਾ ਹੋਇਆ ਇਸ਼ਨਾਨ। ਕਿਉਂਕਿ ਹਾਥੀ ਦਾ ਸੁਭਾਅ ਹੈ ਕਿ ਉਹ ਨਹਾ ਕੇ ਵੀ ਸੁਆਹ ਮਿੱਟੀ ਆਪਣੇ ਉੱਤੇ ਪਾ ਲੈਂਦਾ ਹੈ।

ਰਾਮੁ ਗਇਓ ਰਾਵਣੁ ਗਇਓ ਜਾ ਕਉ ਬਹੁ ਪਰਵਾਰੁ ॥



Downloaded from https:// www.studiestoday.com

Downloaded from https:// www.studiestoday.com

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉਂ ਸੰਸਾਰ ॥੪੦ ॥

**ਸ਼ਬਦ ਅਰਥ:**

ਗਇਓ- ਚਲਾ ਗਿਆ। ਜਾ ਕਉ- ਜਿਸ ਦਾ। ਬਹੁ ਪਰਵਾਰ- ਵੱਡੇ ਪਰਿਵਾਰ ਵਾਲਾ। ਸੁਪਨੇ ਜਿਉ- ਸੁਪਨੇ ਵਰਗਾ।

**ਅਰਥ:**

ਸ਼੍ਰੀ ਰਾਮ ਚੰਦਰ ਜੀ ਕੂਚ ਕਰ ਗਿਆ, ਰਾਵਣ ਵੀ ਚੱਲ ਵੱਸਿਆ ਜਿਸ ਨੂੰ ਵੱਡੇ ਪਰਿਵਾਰ ਵਾਲਾ ਕਿਹਾ ਜਾਂਦਾ ਹੈ। ਇਸ ਤਰ੍ਹਾਂ- ਇੱਥੇ ਕੋਈ ਵੀ ਸਦਾ ਕਾਇਮ ਰਹਿਣ ਵਾਲਾ ਪਦਾਰਥ ਨਹੀਂ ਹੈ। ਇਹ ਜਗਤ ਤਾਂ ਸੁਪਨੇ ਵਰਗਾ ਹੈ।

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥

ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧ ॥

**ਸ਼ਬਦ ਅਰਥ:**

ਕੀਜੀਐ – ਕਰਨੀ ਚਾਹੀਦੀ ਹੈ। ਅਨਹੋਨੀ – ਨਾ ਹੋਣ ਵਾਲੀ, ਅਸੰਭਵ। ਮਾਰਗੁ – ਰਸਤਾ।

**ਅਰਥ:**

ਉਸ ਘਟਨਾ ਦੀ ਚਿੰਤਾ ਕਰਨੀ ਚਾਹੀਦੀ ਹੈ ਜਿਹੜੀ ਕਦੇ ਵਾਪਰਨ ਵਾਲੀ ਨਾ ਹੋਵੇ, ਮੌਤ ਤਾਂ ਅਟੱਲ ਸੱਚਾਈ ਹੈ। ਜਗਤ ਦੀ ਤਾਂ ਚਾਲ ਹੀ ਇਹ ਹੈ ਕਿ ਇੱਥੇ ਕੋਈ ਵੀ ਜੀਵ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ।

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥

ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭ ॥੧ ॥

**ਸ਼ਬਦ ਅਰਥ:**

ਉਰ – ਹਿਰਦਾ । ਉਰ ਮਹਿ – ਹਿਰਦੇ ਵਿੱਚ। ਗਹਿਓ – ਪੱਕੀ ਤਰ੍ਹਾਂ ਵਸਾ ਲਿਆ। ਜਾ ਕੈ ਸਮ – ਜਿਸ ਦੇ ਬਰਾਬਰ। ਜਿਹ ਸਿਮਰਤ – ਜਿਸ ਹਰਿ ਨਾਮ ਨੂੰ ਸਿਮਰਦਿਆਂ। ਸੰਕਟ – ਦੁੱਖ ਕਲੇਸ਼।

**ਅਰਥ:**

ਹੇ ਪ੍ਰਭੂ ! ਜਿਸ ਮਨੁੱਖ ਨੇ ਤੇਰਾ ਉਹ ਨਾਮ ਆਪਣੇ ਹਿਰਦੇ ਵਿੱਚ ਵਸਾਇਆ ਹੈ। ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਅਤੇ ਜਿਸ ਨੂੰ ਸਿਮਰਿਆਂ ਹਰੇਕ ਦੁੱਖ – ਕਲੇਸ਼ ਦੂਰ ਹੋ ਜਾਂਦਾ ਹੈ, ਉਸ ਮਨੁੱਖ ਨੂੰ ਤੇਰਾ ਦਰਸ਼ਨ ਵੀ ਹੋ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਦਿੱਤੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਪਾਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥

(ਅ) ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

(ੲ) ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

2. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਵਿਆਖਿਆ ਕਰੋ:

(ੳ) ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥

(ਅ) ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨ॥

3. ਗੁਰੂ ਜੀ ਅਨੁਸਾਰ ਕਿਹੋ ਜਿਹਾ ਮਨੁੱਖ 'ਸੋ ਮੂਰਤਿ ਭਗਵਾਨ' ਵਰਗਾ ਹੁੰਦਾ ਹੈ ?

4. ਗੁਰੂ ਤੇਗ ਬਹਾਦਰ ਜੀ ਅਨੁਸਾਰ ਕਿਹੜੇ- ਕਿਹੜੇ ਵਿਕਾਰ ਤਜ ਕੇ ਮਨੁੱਖ ਸੰਸਾਰ ਸਮੁੰਦਰ ਤੋਂ ਪਾਰ ਲੰਘ ਸਕਦਾ ਹੈ ?

5. ਗੁਰੂ ਜੀ ਅਨੁਸਾਰ ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਦੀ ਭਗਤੀ ਨਹੀਂ ਉਸ ਦਾ ਸਰੀਰ ਕਿਹੋ ਜਿਹਾ ਸਮਝਣਾ ਚਾਹੀਦਾ ਹੈ ?

6. 'ਜਿਹ ਸਿਮਰਤ ਸੰਕਟ ਮਿਟੇ ਦਰਸੁ ਤੁਹਾਰੋ ਹੋਇ' ਤੁਕ ਤੋਂ ਕੀ ਭਾਵ ਹੈ ?

7. 'ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥'
ਸ਼ਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

8. ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ॥ ਸ਼ਲੋਕ ਦਾ ਕੇਂਦਰੀ ਭਾਵ ਲਿਖੋ।

9. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਉਹਨਾਂ ਦੀ ਕਾਵਿ ਰਚਨਾ ਉੱਤੇ ਸੰਖੇਪ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 5. ਭਾਈ ਗੁਰਦਾਸ ਜੀ

(1551 ਈ. - 1637 ਈ.)

ਭਾਈ ਗੁਰਦਾਸ ਜੀ ਬਹੁਪੱਖੀ ਸ਼ਖ਼ਸੀਅਤ ਵਾਲੇ ਵਿਦਵਾਨ ਅਤੇ ਸਾਹਿਤ ਸਿਰਜਕ ਸਨ। ਸਿੱਖ ਧਰਮ ਤੇ ਪੰਜਾਬੀ ਸਾਹਿਤ ਵਿੱਚ ਆਪ ਦਾ ਵਿਸ਼ੇਸ਼ ਸਥਾਨ ਹੈ। ਆਪ ਜੀ ਦਾ ਜਨਮ 1551 ਈ: ਵਿੱਚ ਪਿੰਡ ਬਾਸਰਕੇ (ਅੰਮ੍ਰਿਤਸਰ) ਵਿੱਚ ਸ੍ਰੀ ਈਸ਼ਰ ਦਾਸ ਭੱਲਾ ਦੇ ਗ੍ਰਹਿ ਵਿਖੇ ਹੋਇਆ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਹੋਣ ਦੇ ਨਾਲ - ਨਾਲ ਗੁਰੂ ਘਰ ਦੇ ਸੇਵਕ ਅਤੇ ਅਨਿਨ ਭਗਤ ਸਨ। ਗੁਰੂ ਘਰ ਦੇ ਨਿਕਟ ਸਨੇਹੀ ਅਤੇ ਗੁਰਮਤਿ ਦੇ ਮਹਾਨ ਅਨੁਭਵੀ ਵਿਦਵਾਨ ਹੋਣ ਕਰਕੇ ਸਿੱਖ ਇਤਿਹਾਸ ਵਿੱਚ ਆਪ ਦੀ ਵਿਸ਼ੇਸ਼ ਮਹੱਤਤਾ ਹੈ।

ਪੰਜਾਬੀ ਦੇ ਪ੍ਰਸਿੱਧ ਕਵੀ ਭਾਈ ਗੁਰਦਾਸ ਜੀ ਬਹੁ ਭਾਸ਼ਾਈ ਪ੍ਰਤਿਭਾ ਦੇ ਧਾਰਨੀ ਸਨ। ਆਪ ਜੀ ਨੇ ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ ਤੇ ਅਰਬੀ ਭਾਸ਼ਾਵਾਂ ਦਾ ਡੂੰਘਾ ਗਿਆਨ ਪ੍ਰਾਪਤ ਕੀਤਾ। ਆਪ ਜੀ ਦੀ ਇਤਿਹਾਸ ਦੀ ਜਾਣਕਾਰੀ ਵੀ ਕਮਾਲ ਦੀ ਸੀ। ਉਹਨਾਂ ਨੇ ਉਸ ਸਮੇਂ ਦੀਆਂ ਧਾਰਮਿਕ ਪੁਸਤਕਾਂ ਦਾ ਅਧਿਐਨ ਬੜੀ ਡੂੰਘਾਈ ਨਾਲ ਕੀਤਾ ਹੋਇਆ ਸੀ।

ਭਾਈ ਗੁਰਦਾਸ ਜੀ ਗੁਰਮਤਿ ਫਲਸਫੇ ਦੇ ਪ੍ਰਚਾਰਕ ਸਨ। ਬਾਬਾ ਬੁੱਢਾ ਜੀ ਮਗਰੋਂ ਆਪ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ ਗਿਆ। ਸਿੱਖ ਮਤ ਦਾ ਪਰਚਾਰ ਕਰਨ ਲਈ ਆਪ ਨੂੰ ਦੇਸ਼ ਦੇ ਵੱਖੋ- ਵੱਖਰੇ ਖੇਤਰਾਂ ਵਿੱਚ ਭੇਜਿਆ ਗਿਆ। ਗੁਰ-ਘਰ ਦੀ ਸੇਵਾ ਕਰਦਿਆਂ ਆਪ ਜੀ 1637 ਈ: ਵਿੱਚ 86 ਸਾਲਾਂ ਦੀ ਉਮਰ ਬਿਤਾਉਣ ਮਗਰੋਂ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ।

ਭਾਈ ਗੁਰਦਾਸ ਜੀ ਆਦਿ ਗ੍ਰੰਥ ਦੀ ਬੀੜ ਦੇ ਕਾਤਬ (ਲਿਖਾਰੀ) ਸਨ। ਆਪ ਜੀ ਨੇ ਇਹ ਕਾਰਜ ਚਾਰ ਸਾਲਾਂ (1600-1604 ਈ:) ਵਿੱਚ ਸੰਪੂਰਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਜਦੋਂ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਾਰਜ ਅਰੰਭਿਆ ਤਾਂ ਮੂਲ ਪਾਠ ਦੀ ਲਿਖਾਈ ਦਾ ਕੰਮ ਭਾਈ ਗੁਰਦਾਸ ਜੀ ਨੂੰ ਸੌਂਪਿਆ, ਜਿਸ ਨੂੰ ਭਾਈ ਗੁਰਦਾਸ ਜੀ ਨੇ ਬੜੀ ਸਿਆਣਪ ਤੇ ਸ਼ਰਧਾ ਨਾਲ ਕਬੂਲਿਆ ਤੇ ਸੰਪੂਰਨ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਆਪਣੀ ਕਵਿਤਾ ਦੁਆਰਾ ਗੁਰਮਤਿ ਦੇ ਸਿਧਾਂਤਾਂ ਦੀ ਸਰਲ ਵਿਆਖਿਆ ਵੀ ਕੀਤੀ। ਗੁਰਮਤਿ ਮਾਰਗ ਨੂੰ ਗੁਰਬਾਣੀ ਦੇ ਆਸ਼ੇ ਅਨੁਸਾਰ ਸਪੱਸ਼ਟ ਕਰਨ ਦਾ ਯਤਨ ਕੀਤਾ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੀਆਂ ਰਚਨਾਵਾਂ ਨੂੰ 'ਗੁਰਬਾਣੀ ਦੀ ਕੁੰਜੀ' ਦੀ ਪਦਵੀ ਵਾਲੀ ਪ੍ਰਤਿਸ਼ਠਾ ਪ੍ਰਦਾਨ ਕੀਤੀ। ਆਪ ਦੁਆਰਾ ਰਚਿਤ ਵਾਰਾਂ ਵਿੱਚ ਇਤਿਹਾਸ, ਮਿਥਿਹਾਸ ਅਤੇ ਪੌਰਾਣਿਕਤਾ ਦਾ ਸੁੰਦਰ ਸੁਮੇਲ ਹੈ।

ਭਾਈ ਗੁਰਦਾਸ ਜੀ ਦੀ ਕੁੱਲ ਰਚਨਾ 40 ਵਾਰਾਂ ਤੇ 556 ਕਬਿੱਤ ਸਵੱਈਏ ਹਨ। ਇਹਨਾਂ ਵਿੱਚੋਂ ਕਬਿੱਤ, ਸਵੱਈਏ ਬ੍ਰਿਜ ਭਾਸ਼ਾ ਵਿੱਚ ਹਨ ਤੇ ਵਾਰਾਂ ਪੰਜਾਬੀ ਵਿੱਚ। ਇਹ ਵਾਰਾਂ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਤੇ ਵਿਸ਼ੇਸ਼ ਹਨ। ਇਹਨਾਂ ਵਿੱਚ ਗੁਰਮਤਿ ਫਲਸਫੇ ਦੇ ਸਿਧਾਤਾਂ ਦੀ ਵਿਆਖਿਆ ਗੁਰੂ ਚੇਲੇ ਦਾ ਸੰਬੰਧ, ਸੇਵਾ, ਭਗਤੀ, ਨਿਮਰਤਾ, ਗੁਰਮੁਖ ਦੀ ਵਡਿਆਈ ਅਤੇ ਸਮਕਾਲੀ ਸਮਾਜ ਦਾ ਯਥਾਰਥ ਆਦਿ ਅਨੇਕਾਂ ਵਿਸ਼ੇ ਲਏ ਗਏ ਹਨ। ਭਾਈ ਗੁਰਦਾਸ ਜੀ ਨੇ ਧਰੂ ਭਗਤ, ਪ੍ਰਹਿਲਾਦ ਹਰੀ ਚੰਦ ਤੇ ਤਾਰਾ ਰਾਣੀ, ਦ੍ਰੋਪਤੀ, ਸੁਦਾਮਾ, ਜੈਦੇਉ, ਨਾਮਦੇਵ, ਰਵਿਦਾਸ, ਅਹਿਲਿਆ, ਗੌਤਮ, ਗਨਿਕ ਆਦਿ ਨਾਲ ਸੰਬੰਧਿਤ ਪੁਰਾਣ ਕਥਾਵਾਂ ਨੂੰ ਗੁਰਮਤਿ- ਵਿਚਾਰਧਾਰਾ ਦੀ ਪ੍ਰੋੜ੍ਹਤਾ ਲਈ ਵਰਤਿਆ।

ਹਥਲੇ ਕਾਵਿ ਸੰਗ੍ਰਹਿ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਸੱਤ ਪਉੜੀਆਂ ਸ਼ਾਮਲ ਕੀਤੀਆਂ ਗਈਆਂ ਹਨ। ਪਹਿਲੀ ਪਉੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸੰਸਾਰ ਦੇ ਉਧਾਰ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਦੂਜੀ ਪਉੜੀ ਵਿੱਚ ਅਕਿਰਤਘਨ ਨੂੰ ਸਭ ਤੋਂ ਮਾੜਾ ਦੱਸਿਆ ਹੈ।



Downloaded from https:// www.studiestoday.com

Downloaded from https:// www.studiestoday.com

ਤੀਜੀ ਪਉੜੀ ਅਨੁਸਾਰ ਉੱਚੇ ਨੈਤਿਕ ਗੁਣਾਂ ਦੀ ਪ੍ਰਾਪਤੀ ਗੁਰਮੁਖਿ ਸਾਧ ਸੰਗਤ ਵਿੱਚੋਂ ਹੀ ਪ੍ਰਾਪਤ ਕਰਦਾ ਹੈ। ਚੌਥੀ ਪਉੜੀ ਵਿੱਚ ਇਹ ਦੱਸਿਆ ਹੈ ਕਿ ਜਿਹੋ ਜਿਹੀ ਸੰਗਤ ਵਿੱਚ ਰਹੋ ਉਹੋ ਜਿਹੇ ਹੀ ਬਣ ਜਾਈਦਾ ਹੈ। ਪੰਜਵੀਂ ਪਉੜੀ ਅਨੁਸਾਰ ਨਿਮਰਤਾ ਸਭ ਤੋਂ ਵੱਡਾ ਗੁਣ ਹੈ। ਛੇਵੀਂ ਪਉੜੀ ਅਨੁਸਾਰ ਪਰਾਈ ਨਿੰਦਾ ਕਰਨ ਵਾਲਾ ਆਪਣਾ ਨੁਕਸਾਨ ਆਪ ਕਰਦਾ ਹੈ। ਸੱਤਵੀਂ ਪਉੜੀ ਅਨੁਸਾਰ ਮਾਪਿਆ ਦੀ ਖ਼ੁਸ਼ੀ ਪ੍ਰਾਪਤ ਕਰਨੀ ਸਭ ਤੋਂ ਵੱਡਾ ਧਰਮ ਕਰਮ ਹੈ।

## ਸਤਿਗੁਰ ਨਾਨਕ ਪ੍ਰਗਟਿਆ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਆ॥

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ- ਅੰਧੇਰੁ ਪਲੋਆ॥

ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥

ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ॥

ਸਿਧ ਆਸਣਿ ਸਭਿ ਜਗਤ ਕੇ ਨਾਨਕ ਆਦਿ ਮਤੇ ਜੇ ਕੋਆ॥

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥

ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ॥

ਗੁਰਮੁਖ ਕਲਿ ਵਿੱਚ ਪਰਗੁਟ ਹੋਆ॥

### ਸ਼ਬਦ ਅਰਥ:

ਧੁੰਧੁ - ਹਨੇਰਾ, ਅਗਿਆਨਤਾ, ਗੁਬਾਰ। ਪਲੋਆ - ਨੱਸਿਆ। ਬੁਕੇ -ਭਬਕੇ। ਮਿਰਗਾਵਲੀ- ਹਿਰਨਾਂ ਦੀ ਡਾਰ। ਧੀਰਿ ਧਰੋਆ- ਧੀਰਜ ਨਹੀਂ ਸੀ ਰੱਖ ਹੁੰਦਾ। ਆਸਣਿ - ਥਾਂ। ਥਾਪਣਿ - ਗੱਦੀ। ਢੋਆ- ਮੇਲ। ਨਉ ਖੰਡ- ਨੌ ਖੰਡਾ ਵਾਲੀ ਧਰਤੀ। ਕਲਿ- ਕਲਯੁੱਗ।

### ਅਰਥ:

ਜਦੋਂ ਸਤਿਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ ਅਤੇ ਗਿਆਨ ਦਾ ਚਾਨਣ ਹੋ ਗਿਆ। ਜਿਵੇਂ ਸੂਰਜ ਦੇ ਚੜ੍ਹਨ ਨਾਲ ਤਾਰੇ ਛਿਪ ਜਾਂਦੇ ਹਨ ਤੇ ਹਨੇਰਾ ਦੂਰ ਨੱਸ ਜਾਂਦਾ ਹੈ। ਸ਼ੇਰ ਦੀ ਭਬਕਾਰ (ਗਰਜਣ) ਨਾਲ ਹਿਰਨਾਂ ਦੀ ਡਾਰ ਭੱਜ ਜਾਂਦੀ ਹੈ ਤੇ ਧੀਰਜ ਨਹੀਂ ਕਰਦੀ, ਇਸ ਤਰ੍ਹਾਂ ਗੁਰੂ ਜੀ ਦੇ ਆਗਮਨ ਨਾਲ ਪਾਪਾਂ ਨੂੰ ਭਾਜੜ ਪੈ ਗਈ। ਜਿੱਥੇ ਬਾਬਾ ਜੀ ਚਰਨ ਰੱਖਦੇ ਸਨ, ਉਹ ਥਾਂ ਸੇਵਕਾਂ ਲਈ ਪੂਜਣ ਯੋਗ ਬਣ ਜਾਂਦੀ ਸੀ। ਜਗਤ ਦੀਆਂ ਪ੍ਰਸਿੱਧ ਥਾਵਾਂ ਗੁਰੂ ਦੇ ਆਸਣ ਦੇ ਨਾਂ ਨਾਲ ਪ੍ਰਸਿੱਧ ਹੋ ਗਈਆਂ ਅਤੇ ਸਿੱਧਾਂ ਦੇ ਸਾਰੇ ਆਸਣ ਗੁਰੂ ਦੇ ਘਰ ਬਣ ਗਏ। ਘਰ- ਘਰ ਵਿੱਚ ਧਰਮਸ਼ਾਲਾਵਾਂ ਬਣ ਗਈਆਂ ਤੇ ਕੀਰਤਨ ਹੋਣ ਲੱਗ ਪਿਆ। ਬਾਬੇ ਨੇ ਚਾਰੇ ਦਿਸਾਵਾਂ ਤਾਰ ਦਿੱਤੀਆਂ, ਨੌ ਖੰਡ ਪ੍ਰਿਥਵੀ ਵਿਖੇ ਸੱਚ ਦਾ ਪ੍ਰਕਾਸ਼ ਹੋ ਗਿਆ। ਇਸ ਤਰ੍ਹਾਂ ਕਲਯੁੱਗ ਵਿੱਚ ਪੈਦਾ ਹੋਏ ਸ਼ਰੋਮਣੀ ਗੁਰੂ (ਗੁਰੂ ਨਾਨਕ ਦੇਵ ਜੀ) ਨੇ ਸੰਸਾਰ ਦਾ ਉਧਾਰ ਕੀਤਾ।

## ਅਕਿਰਤਘਣ

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ॥



Downloaded from https:// www.studiestoday.com

Downloaded from https:// www.studiestoday.com

ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ ॥

ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ ॥

ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ ॥

ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ ॥

ਭਾਰੇ ਭੁਈਂ ਅਕਿਰਤਘਣ ਮੰਦੀ ਹੂੰ ਮੰਦੇ ॥

**ਸ਼ਬਦ ਅਰਥ:**

ਖਹੰਦੇ– ਛੂੰਹਦੇ। ਕੋਟ– ਕਿਲ੍ਹੇ। ਸਾਇਰਾਂ– ਸਮੁੰਦਰਾਂ। ਨਦ– ਨਦੀ। ਤਰੁਵਰ– ਰੁੱਖ, ਦਰਖਤ। ਫਲੰਦੇ– ਫਲ ਦਿੰਦੇ । ਫਿਰੰਦੇ – ਫਿਰ ਰਹੇ ਹਨ। ਭੁਈਂ– ਧਰਤੀ। ਅਕ੍ਰਿਤਘਣ – ਕੀਤੇ ਗਏ ਉਪਕਾਰ (ਅਹਿਸਾਨ) ਨੂੰ ਨਾ ਸਮਝਣ ਵਾਲਾ।

**ਅਰਥ:**

ਧਰਤੀ ਨੂੰ ਅਸਮਾਨਾਂ ਨਾਲ ਖਹਿੰਦੇ ਉੱਚੇ ਪਰਬਤ (ਪਹਾੜ) ਭਾਰੇ ਨਹੀਂ ਲੱਗਦੇ । ਕਈ ਵੱਡੇ ਵੱਡੇ ਕਿਲ੍ਹੇ ਅਤੇ ਘਰ ਆਦਿ ਵੀ ਭਾਰੇ ਨਹੀਂ ਲੱਗਦੇ। ਨਾ ਹੀ ਵਹਿੰਦੇ ਹੋਏ ਵੱਡੇ –ਵੱਡੇ ਸਮੁੰਦਰ ਅਤੇ ਨਦੀਆਂ ਭਾਰੇ ਲੱਗਦੇ ਹਨ। ਫਲਾਂ ਅਤੇ ਫੁੱਲਾਂ ਨਾਲ ਭਰੇ ਹੋਏ ਰੁੱਖ ਵੀ ਧਰਤੀ ਨੂੰ ਭਾਰੇ ਨਹੀ ਲੱਗਦੇ। ਅਣਗਿਣਤ ਜੀਵ ਜੰਤੂ ਜਿਹੜੇ ਇਸ ਧਰਤੀ ਉੱਤੇ ਇੱਧਰ– ਉੱਧਰ ਘੁੰਮ ਰਹੇ ਹਨ, ਉਹ ਵੀ ਧਰਤੀ ਨੂੰ ਭਾਰੇ ਨਹੀਂ ਲੱਗਦੇ । ਧਰਤੀ ਨੂੰ ਤਾਂ ਸਿਰਫ਼ ਅਕ੍ਰਿਤਘਣ ਵਿਅਕਤੀ ਹੀ ਭਾਰੇ ਅਤੇ ਬੋਝ ਲੱਗਦੇ ਹਨ, ਕਿਉਂਕਿ ਉਹ ਬੁਰਿਆਂ ਤੋਂ ਵੀ ਬੁਰੇ ਹੁੰਦੇ ਹਨ।

## ਦੇਖਿ ਪਰਾਈਆ ਚੰਗੀਆਂ

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ ॥

ਉਸ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ ॥

ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ ॥

ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ ॥

ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਵਾਣੈ ॥

ਗੁਰਮੁਖਿ ਸੁਖ ਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ ॥

ਸਾਧ ਸੰਗਤਿ ਵਿਟਹੁ ਕੁਰਬਾਣੈ ॥

**ਸ਼ਬਦ ਅਰਥ:**

ਪਰਾਈਆਂ ਚੰਗੀਆਂ– ਪਰਾਈਆ ਸੁੰਦਰ। ਉਸੁ ਸੂਅਰ– ਮੁਲਸਮਾਨ ਲਈ ਸੂਰ ਖਾਣ ਦੇ ਬਰਾਬਰ ਹੈ। ਉਸੁ ਗਾਇ ਹੈ– ਹਿੰਦੂ ਲਈ ਗਊ ਦਾ ਮਾਸ ਖਾਣ ਦੇ ਬਰਾਬਰ ਹੈ। ਪਰ ਧਨ– ਪਰਾਇਆ ਮਾਲ, ਦੂਸਰੇ ਦਾ ਹੱਕ ਖਾਣਾ। ਕਲਤ੍ਰ– ਇਸਤਰੀ। ਕੁਟੰਬੁ – ਪਰਿਵਾਰ, ਕੋੜਮਾ। ਧੋਹਿ– ਧੋਹ, ਫਰੇਬ। ਧਿਙਾਣੈ–



Downloaded from https:// www.studiestoday.com

Downloaded from https:// www.studiestoday.com

ਜ਼ਬਰਦਸਤੀ। ਉਸਤਤਿ- ਵਡਿਆਈ। ਨਿੰਦਾ- ਚੁਗਲੀ। ਬੁਰਾ- ਭੈੜਾ। ਵਡ ਪਰਤਾਪੁ- ਵੱਡੇ ਤੇਜ਼ ਵਾਲਾ। ਗਨਿ - ਮੰਨੇ। ਅਹੰਮੇਉ- ਹੰਕਾਰ, ਹਉਮੈ। ਗੁਰਮੁਖਿ- ਗੁਰੂ ਦੀ ਸਿਖਿਆ 'ਤੇ ਚੱਲਣ ਵਾਲਾ ਮਨੁੱਖ। ਰਸ ਰਲੀਆ- ਆਨੰਦ। ਰਵਾਣੈ- ਦੁੱਖ ਦੇਣਾ। ਰਾਜੁ ਜੋਗੁ- ਰਾਜ ਜੋਗ। ਵਿਟਹੁ- ਉਤੋ।

**ਅਰਥ:**

ਗੁਰਸਿੱਖ ਨੂੰ ਚਾਹੀਦਾ ਹੈ ਕਿ ਪਰਾਈਆਂ ਸੁੰਦਰ ਇਸਤਰੀਆਂ ਨੂੰ ਵੇਖ ਕੇ ਵੱਡੀਆਂ ਨੂੰ ਮਾਵਾਂ ਤੇ ਭੈਣਾ ਦੇ ਬਰਾਬਰ ਅਤੇ ਛੋਟੀਆਂ ਨੂੰ ਧੀਆਂ ਦੇ ਬਰਾਬਰ ਸਮਝੇ। ਪਰਾਏ ਧਨ ਨੂੰ ਹਿੰਦੂ ਨੂੰ ਗਊ ਦਾ ਮਾਸ ਖਾਣ ਦੇ ਬਰਾਬਰ ਸਮਝਣਾ ਚਾਹੀਦਾ ਹੈ ਅਤੇ ਮੁਸਲਮਾਨ ਨੂੰ ਸੂਰ ਦਾ ਮਾਸ ਖਾਣ ਦੇ ਬਰਾਬਰ ਸਮਝਣਾ ਚਾਹੀਦਾ ਹੈ। ਗੁਰਸਿੱਖ ਨੂੰ ਪੁੱਤਰ, ਇਸਤਰੀ ਤੇ ਪਰਿਵਾਰ ਦੇ ਮੋਹ ਵਿੱਚ ਪੈ ਕੇ ਕਿਸੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ। ਬੇਗਾਨੀ ਉਸਤਤਿ (ਸਿਫ਼ਤ) ਤੇ ਨਿੰਦਿਆਂ ਨੂੰ ਕੰਨਾਂ ਨਾਲ ਸੁਣ ਕੇ ਵੀ ਉਸ ਨੂੰ ਕਿਸੇ ਨੂੰ ਵੀ ਬੁਰਾ ਨਹੀਂ ਕਹਿਣਾ ਚਾਹੀਦਾ। ਗੁਰਸਿੱਖ ਨੂੰ ਆਪਣੀ ਵੱਡੀ ਸ਼ਾਨ (ਪਰਤਾਪ ਦੇਖ ਕੇ) ਅਤੇ ਹੰਕਾਰ ਕਰ ਕੇ ਦੂਸਰੇ ਨੂੰ ਦੁੱਖ ਨਹੀਂ ਦੇਣਾ ਚਾਹੀਦਾ। ਜੋ ਇਸ ਤਰ੍ਹਾਂ ਦੇ ਕਰਮ ਕਰਦਾ ਹੈ ਉਸ ਨੇ ਸਤਿਗੁਰਾਂ ਪਾਸੋਂ ਸੁੱਖ ਦੀ ਪ੍ਰਾਪਤੀ ਕਰ ਲਈ ਹੈ ਅਤੇ ਉਹ ਰਾਜ ਜੋਗ ਦੀਆਂ ਰੰਗਰਲੀਆਂ ਮਾਣਦਾ ਹੈ। ਅਜਿਹਾ ਗੁਰਮੁੱਖ ਸਾਧ ਸੰਗਤ ਤੋਂ ਕੁਰਬਾਨ ਜਾਂਦਾ ਹੈ, ਜਿਸ ਤੋਂ ਇਹ ਪਦਾਰਥ ਪ੍ਰਾਪਤ ਹੁੰਦੇ ਹਨ। ਭਾਵ ਗੁਰਮੁੱਖ ਨੂੰ ਅਜਿਹੇ ਉੱਚੇ ਨੈਤਿਕ ਗੁਣਾਂ ਦੀ ਪ੍ਰਾਪਤੀ ਸਾਧ-ਸੰਗਤ ਤੋਂ ਹੁੰਦੀ ਹੈ।

## ਜੇਹੀ ਸੰਗਤ ਤੇਹਾ ਫਲ

ਸੋਈ ਤਾਂਬਾ ਰੰਗ ਸੰਗਿ ਜਿਉ ਕੇਹਾ ਹੋਈ॥

ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ॥

ਸੋਈ ਸੀਸੇ ਸੰਗਤੀ ਭੰਗਾਰ ਭੁਲੋਈ॥

ਤਾਂਬਾ ਪਾਰਸਿ ਪਰਸਿਆ ਹੋਇਆ ਕੰਚਨ ਸੋਈ॥

ਸੋਈ ਤਾਂਬਾ ਭਸਮ ਹੋਇ ਅਉਖਧ ਕਰਿ ਭੋਈ॥

ਆਪੇ ਆਪਿ ਵਰਤਦਾ ਸੰਗਤਿ ਗੁਣ ਹੋਈ॥

**ਸ਼ਬਦ ਅਰਥ:**

ਰੰਗ- ਕਲੀ। ਸੰਗਿ - ਸੰਗਤ, ਸਾਥ। ਅਵਲੋਈ- ਦਿਸਦਾ ਹੈ। ਭੰਗਾਰ- ਭਰਤ, ਇੱਕ ਧਾਤ। ਕੰਚਨ- ਸੋਨਾ। ਭਸਮ- ਕੁਸ਼ਤਾ। ਅਉਖਧ- ਦਵਾਈ।

**ਅਰਥ:**

ਜਿਵੇਂ ਤਾਂਬਾ ਕਲੀ ਨਾਲ ਮਿਲ ਕੇ ਕੈਂਹ ਹੋ ਜਾਂਦਾ ਹੈ ਅਤੇ ਜੇ ਜਿਸਤ ਨਾਲ ਮਿਲੇ ਤਾਂ ਉਹ ਪਿੱਤਲ ਰੂਪ ਹੋ ਕੇ ਦਿਸਦਾ ਹੈ। ਉਹ ਜਿਸਤ ਅਤੇ ਕਲੀ ਵਾਲਾ ਤਾਂਬਾ ਸਿੱਕੇ ਨਾਲ ਮਿਲ ਕੇ ਚੰਗਾ ਭਰਤ ਬਣ ਜਾਂਦਾ ਹੈ, ਜੇ ਤਾਂਬਾ ਪਾਰਸ ਨਾਲ ਛੋਹ ਜਾਵੇ ਤਾਂ ਉਹ ਸੋਨਾ ਬਣ ਜਾਂਦਾ ਹੈ। ਉਹੀ ਤਾਂਬਾ ਕੁਸ਼ਤਾ ਹੋ ਕੇ ਦਵਾਈ ਕਹਾਉਂਦਾ ਹੈ । ਇਸ ਤਰ੍ਹਾਂ ਉਹ ਆਪ ਹੀ ਆਪ ਸਭ ਥਾਂ 'ਤੇ ਵਰਤਦਾ ਹੈ, ਪਰ ਗੁਣ ਸੰਗਤ ਦੇ ਕਹੇ ਜਾਂਦੇ ਹਨ। ਭਾਵ ਮਨੁੱਖ ਜਿਸ ਤਰ੍ਹਾਂ ਦੀ ਸੰਗਤ ਵਿੱਚ ਰਹੇਗਾ, ਉਹ ਉਸੇ ਤਰ੍ਹਾਂ ਹੋ ਜਾਏਗਾ।



Downloaded from https:// www.studiestoday.com

Downloaded from https:// www.studiestoday.com

## ਨਿਮਰਤਾ ਦਾ ਗੁਣ

ਸਿਰ ਤਲਵਾਇਆ ਬਿਰਖੁ ਹੈ ਹੋਇ ਸਹਸ ਫਲ ਸੁਫਲ ਫਲੰਦਾ॥
ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਨਿ ਚਲੰਦਾ॥
ਸਿਰ ਉਚਾ ਨੀਵੇ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ॥
ਸਭ ਦੂ ਨੀਵੀ ਧਰਤਿ ਹੋਇ ਅਨੁ ਧਨੁ ਸਭੁ ਸੈਸਾਰੁ ਸੁਹੰਦਾ॥
ਧੰਨੁ ਧਰਤੀ ਓਹੁ ਥਾਉਂ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ॥
ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ॥
ਵਡਭਾਗੀ ਪਾਖਾਕ ਲਹੰਦਾ॥

**ਸ਼ਬਦ ਅਰਥ:**

ਤਲਵਾਇਆ- ਹੇਠਾਂ ਕਰਕੇ। ਨੀਵਾਨਿ ਚਲੰਦਾ- ਨੀਵੇਂ ਪਾਸੇ ਨੂੰ ਚੱਲਣਾ। ਸੰਸਾਰੁ- ਸੰਸਾਰ, ਜਗਤ, ਦੁਨੀਆਂ। ਵਡਭਾਗੀ- ਵੱਡੇ ਭਾਗਾਂ ਵਾਲਾ।

**ਅਰਥ:**

ਸਿਰ ਹੇਠਾਂ ਕਰਕੇ ਦਰਖਤ ਪੈਦਾ ਹੋਇਆ ਹੈ ਇਸ ਲਈ ਉਹ ਹਜ਼ਾਰਾਂ ਫਲਾਂ ਨਾਲ ਸਫਲ਼ ਫਲ਼ਦਾ ਹੈ। ਇੰਜ ਹੀ ਪਾਣੀ ਨੂੰ ਵੀ ਨਿਰਮਲ ਕਹੀਦਾ ਹੈ ਕਿਉਂਕਿ ਉਸ ਦਾ ਸਿਰ ਨੀਵਾਂ ਹੈ ਅਤੇ ਨੀਵਾਂ ਹੋ ਕੇ ਨੀਵੇਂ ਪਾਸੇ ਨੂੰ ਤੁਰਦਾ ਹੈ। ਮਨੁੱਖ ਦਾ ਸਿਰ ਉੱਚਾ ਹੈ ਅਤੇ ਪੈਰ ਨੀਵੇਂ ਹਨ ਪਰ, ਗੁਰਸਿੱਖ ਦਾ ਸਿਰ ਹੀ ਗੁਰਸਿੱਖਾਂ ਦੇ ਪੈਰੀਂ ਪੈਂਦਾ ਹੈ। ਧਰਤੀ ਸਾਰਿਆਂ ਤੋਂ ਨੀਵੀਂ ਹੋਈ ਹੈ ਇਸੇ ਲਈ ਸਾਰਾ ਜਗਤ ਉਸ ਤੋਂ ਹੀ ਅੰਨ-ਧਨ ਪ੍ਰਾਪਤ ਕਰਦਾ ਹੈ ਅਰਥਾਤ ਧਰਤੀ ਨੀਵੀਂ ਹੋ ਕੇ ਹੀ ਤਾਂ ਸਭਨਾਂ ਦੀ ਦਾਤੀ ਬਣੀ ਹੈ। ਧਰਤੀ ਧੰਨ ਹੈ ਅਤੇ ਉਹ ਜਗ੍ਹਾਂ ਵੀ ਧੰਨ ਹੈ ਜਿੱਥੇ ਗੁਰਸਿੱਖ ਸਾਧੂ ਪੈਰ ਰੱਖਦੇ ਹਨ ਕਿਉਂਕਿ ਉਸ ਜਗ੍ਹਾਂ ਨੂੰ 'ਚਰਣ ਧੂੜਿ' ਕਰਕੇ ਪ੍ਰਧਾਨ ਮੰਨਦੇ ਹਨ ਅਤੇ ਸੰਤ ਤੇ ਵੇਦ ਚਰਨ ਧੂੜੀ ਦਾ ਜਸ ਸੁਣਾਉਂਦੇ ਹਨ। ਕੋਈ ਵੱਡੇ ਭਾਗਾਂ ਵਾਲਾ ਹੀ ਚਰਨ ਧੂੜੀ ਨੂੰ ਲੈ ਸਕਦਾ ਹੈ। ਭਾਵ ਜੋ ਨੀਵਾਂ ਹੁੰਦਾ ਹੈ ਉਹ ਸਭ ਤੋਂ ਉੱਤਮ ਹੈ ਅਤੇ ਉਸ ਨੂੰ ਸਭ ਤੋਂ ਉੱਚਾ ਗਿਣਿਆ ਜਾਂਦਾ ਹੈ।

## ਨਿੰਦਕ ਆਪਣੀ ਜੜ੍ਹ ਪੁੱਟਦਾ ਹੈ

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ॥
ਸਪੈ ਦੁਧੁ ਪਿਆਲੀਐ ਵਿਹੁ ਮੁਖਹੁ ਸਟੈ॥
ਪਥਰੁ ਪਾਣੀ ਰਖੀਐ ਮਨਿ ਹਠੁ ਨਾ ਘਟੈ॥
ਚੋਆ ਚੰਦਨੁ ਪਰਹਰੈ ਖਰੁ ਖੇਹ ਪਲਟੈ॥
ਤਿਉ ਨਿੰਦਕ ਪਰਨਿੰਦ ਹੂੰ ਹਠਿ ਮੂਲਿ ਨ ਹਟੈ॥



Downloaded from https:// www.studiestoday.com

Downloaded from https:// www.studiestoday.com

ਆਪਣੇ ਹਥੀਂ ਆਪਣੀ ਜੜ੍ਹ ਆਪਿ ਉਪਟੈ॥

**ਸ਼ਬਦ ਅਰਥ:**

ਵਿਹੁ- ਜ਼ਹਿਰ। ਖਰੁ- ਖੋਤਾ। ਖੇਹ- ਸੁਆਹ, ਮਿੱਟੀ। ਮੂਲਿ- ਕਦੇ ਵੀ।

**ਅਰਥ:**

ਜਿਵੇਂ ਕੁੱਤੇ ਨੂੰ ਤਖ਼ਤ ਉੱਤੇ ਬਹਾਈਏ ਤਾਂ ਉਹ ਫਿਰ ਵੀ ਚੱਕੀ ਹੀ ਚਟਦਾ ਹੈ। ਜਿਵੇਂ ਸੱਪ ਨੂੰ ਦੁੱਧ ਪਿਆਈਏ ਤਾਂ ਉਹ ਮੂੰਹੋਂ ਜ਼ਹਿਰ ਹੀ ਸੁਟਦਾ ਹੈ, ਜਿਵੇਂ ਪੱਥਰ ਨੂੰ ਪਾਣੀ ਵਿੱਚ ਰਖੀਏ ਤਾਂ ਉਸ ਦੀ ਕਠੋਰਤਾ ਨਹੀਂ ਘਟਦੀ, ਜਿਵੇਂ ਖੋਤਾ ਚੋਆ ਅਤਰ ਤੇ ਚੰਦਨ ਆਦਿ ਸੁਗੰਧੀ ਛੱਡ ਕੇ ਮਿੱਟੀ ਵਿੱਚ ਹੀ ਪਸਲੇਟੇ ਮਾਰਦਾ ਹੈ, ਉਸੇ ਤਰ੍ਹਾਂ ਹੀ ਪਰਾਈ ਨਿੰਦਾ ਕਰਨ ਵਾਲਾ ਨਿੰਦਕ ਆਪਣਾ ਹੱਠੀ ਸੁਭਾਅ ਨਹੀ ਛੱਡਦਾ ਅਤੇ ਉਹ ਆਪਣੇ ਹੱਥੀਂ ਆਪਣੀ ਜੜ੍ਹ ਪੁਟਦਾ ਹੈ ਭਾਵ ਉਹ ਆਪਣੇ ਸੁਭਾਅ ਨੂੰ ਨਹੀਂ ਛੱਡਦਾ ਅਤੇ ਅੰਤ ਆਪਣੇ ਆਪ ਨੂੰ ਨਸ਼ਟ ਕਰ ਲੈਂਦਾ ਹੈ।

## ਮਾਪਿਆ ਨੂੰ ਛੱਡ ਕੇ ਕੋਈ ਕਰਮ ਧਰਮ ਸਫਲਾ ਨਹੀਂ

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨਾ ਜਾਣੈ ਕਥਾ ਕਹਾਣੀ॥

ਮਾਂ-ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ॥

ਮਾਂ-ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨਾ ਸੇਵ ਕਮਾਣੀ॥

ਮਾਂ-ਪਿਉ ਪਰਹਰਿ ਨਾਵ੍ਹਣਾ ਅਠਸਠਿ ਤੀਰਥ ਘੁੰਮਣ ਵਾਣੀ॥

ਮਾਂ-ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ॥

ਮਾਂ -ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ॥

ਗੁਰ ਪਰਮੇਸਰੁ ਸਾਰੁ ਨਾ ਜਾਣੀ॥

**ਸ਼ਬਦ ਅਰਥ:**

ਕਮਾਣੀ- ਸਫ਼ਲੀ।

**ਅਰਥ:**

ਜੇਕਰ ਕੋਈ ਮਾਂ ਪਿਉ ਨੂੰ ਛੱਡ ਕੇ ਵੇਦ ਸੁਣਦਾ ਹੈ ਤਾਂ ਉਹ ਉਸ ਦੀ ਕਥਾ ਕਹਾਣੀ ਦਾ ਭੇਦ ਨਹੀਂ ਜਾਣਦਾ, ਜੇਕਰ ਮਾਂ ਪਿਉ ਨੂੰ ਛੱਡ ਕੇ ਤਪ ਕਰਦਾ ਹੈ ਤਾਂ ਉਹ ਉਜਾੜ ਬੀਆਬਾਨ ਵਿੱਚ ਭੁੱਲਾ ਫਿਰਦਾ ਹੈ, ਜੇਕਰ ਮਾਂ ਪਿਉ ਨੂੰ ਛੱਡ ਕੇ ਦੇਵੀ ਦੇਵਤੇ ਦੀ ਪੂਜਾ ਕਰਦਾ ਹੈ ਤਾਂ ਉਸ ਦੀ ਸੇਵਾ ਸਫਲ ਨਹੀਂ ਹੁੰਦੀ ਹੈ। ਜੇਕਰ ਮਾਂ ਪਿਉ ਨੂੰ ਛੱਡ ਕੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਦਾ ਹੈ, ਤਾਂ ਉਹ ਚੁਰਾਸੀ ਦੀ ਘੁੰਮਣ ਘੇਰੀ ਵਿੱਚ ਫਸਿਆ ਹੋਇਆ ਹੈ। ਜੇਕਰ ਮਾਂ ਪਿਉ ਨੂੰ ਛੱਡ ਕੇ ਦਾਨ ਕਰਦਾ ਹੈ ਤਾਂ ਉਹ ਅਗਿਆਨੀ ਪੁਰਸ਼ ਬੇਈਮਾਨ ਹੈ। ਜੇਕਰ ਮਾਂ ਪਿਉ ਨੂੰ ਛੱਡ ਦੇ ਵਰਤ ਰੱਖਦਾ ਹੈ ਤਾਂ ਉਹ ਭਰਮਾਂ ਵਿੱਚ ਪਿਆ ਹੋਇਆ ਮਰ- ਮਰ ਕੇ ਜੰਮਦਾ ਹੈ, ਕਿਉਂਕਿ ਉਸ ਨੇ ਗੁਰੂ ਤੇ ਪਰਮੇਸ਼ਰ ਦੀ ਸਾਰ ਜਾਣੀ ਹੀ ਨਹੀਂ ਹੈ। ਭਾਵ ਸਾਰੇ ਧਰਮ ਕਰਮ ਤਾਂ ਹੀ ਸਫਲ ਹੁੰਦੇ ਹਨ ਜੇਕਰ ਮਾਪਿਆਂ ਦੀ ਖ਼ੁਸ਼ੀ ਵੀ ਨਾਲ ਹੋਵੇ। ਜੇ ਮਾਪੇ ਨਰਾਜ਼ ਹੋਣ ਤਾਂ ਕੋਈ ਵੀ ਧਰਮ-ਕਰਮ ਸਫਲ ਨਹੀਂ ਹੁੰਦਾ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ – ਅੰਧੇਰੁ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ॥

(ਅ) ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ॥
ਸੋਈ ਸੀਸੇ ਸੰਗਤੀ ਭੰਗਾਰ ਭੁਲੋਈ॥
ਤਾਂਬਾ ਪਾਰਸਿ ਪਰਸਿਆ ਹੋਇਆ ਕੰਚਨ ਸੋਈ॥

2. ਹੇਠਾਂ ਦਿੱਤੀਆਂ ਕਾਵਿ – ਤੁਕਾਂ ਦੀ ਵਿਆਖਿਆ ਕਰੋ:

(ੳ) ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ॥

(ਅ) ਗੁਰਮੁਖਿ ਸੁਖ ਫਲ ਪਾਇਆ ਰਾਜੁ ਜੋਗ ਰਸ ਰਲੀਆ ਮਾਣੈ॥

(ੲ) ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ॥

(ਸ) ਸਭ ਦੂ ਨੀਵੀ ਧਰਤਿ ਹੋਇ ਅਨੁ ਧਨੁ ਸਭੁ ਸੈਸਾਰੁ ਸੁਹੰਦਾ॥

3. ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਸੰਸਾਰ ਵਿੱਚ ਕੀ-ਕੀ ਤਬਦੀਲੀ ਆਈ ?

4. 'ਅਕ੍ਰਿਤਘਣ' ਪਉੜੀ ਦਾ ਕੇਂਦਰੀ ਭਾਵ ਲਿਖੋ।

5. 'ਜੇਹੀ ਸੰਗਤ ਤੇਹਾ ਫਲ' ਪਉੜੀ ਵਿੱਚ ਭਾਈ ਗੁਰਦਾਸ ਜੀ ਨੇ ਸੰਗਤ ਦਾ ਫਲ ਦੱਸਣ ਲਈ ਕਿਹੜੀਆਂ – ਕਿਹੜੀਆਂ ਉਦਾਹਰਨਾਂ ਵਰਤੀਆਂ ਹਨ ?

6. 'ਦੇਖਿ ਪਰਾਈਆ ਚੰਗੀਆਂ' ਪਉੜੀ ਵਿੱਚ ਸਾਨੂੰ ਕਿਹੜੀ-ਕਿਹੜੀ ਸਿੱਖਿਆ ਦਿੱਤੀ ਗਈ ਹੈ ?

7. 'ਨਿੰਦਕ ਆਪਣੀ ਜੜ੍ਹ ਪੁੱਟਦਾ ਹੈ' ਪਉੜੀ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ।

8. 'ਮਾਪਿਆਂ ਨੂੰ ਛੱਡ ਕੇ ਕੋਈ ਕਰਮ ਧਰਮ ਸਫਲਾ ਨਹੀਂ' ਪਉੜੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

9. ਭਾਈ ਗੁਰਦਾਸ ਜੀ ਦੇ ਜੀਵਨ ਅਤੇ ਉਹਨਾਂ ਦੀ ਕਾਵਿ ਰਚਨਾ ਉੱਤੇ ਸੰਖੇਪ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 6. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

## (1666 ਈ.– 1708 ਈ.)

ਸਿੱਖਾਂ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ. ਗੁਰੂ ਤੇਗ ਬਹਾਦਰ ਜੀ ਦੇ ਘਰ ਪਟਨਾ ਵਿਖੇ ਹੋਇਆ ।ਆਪ ਜੀ ਦੀ ਮਾਤਾ ਦਾ ਨਾਂ ਮਾਤਾ ਗੁਜਰੀ ਸੀ।ਆਪ ਜੀ ਦੀ ਉਮਰ ਅਜੇ ਨੌਂ ਸਾਲ ਦੀ ਹੀ ਸੀ ਕਿ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਸ ਸਮੇਂ ਦੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਇਸਲਾਮ ਨਾ ਕਬੂਲਣ ਦੇ ਜੁਰਮ ਵਿੱਚ ਸ਼ਹੀਦ ਕਰਵਾ ਦਿੱਤਾ। ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪ ਜੀ ਨੂੰ ਸ਼ਹੀਦ ਕਰਵਾਇਆ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਚਪਨ ਤੋਂ ਹੀ ਮੁਗ਼ਲ ਹਕੂਮਤ ਨਾਲ ਟੱਕਰ ਸ਼ੁਰੂ ਹੋ ਗਈ।ਸੰਨ 1699ਈ: ਵਿੱਚ ਆਪ ਜੀ ਨੇ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾਂ ਕੀਤੀ। ਸਾਰੀ ਉਮਰ ਆਪ ਜੀ ਨੇ ਮੁਗਲ ਸਲਤਨਤ ਵਿਰੁੱਧ ਸੰਘਰਸ਼ ਕਰਦਿਆਂ ਬਿਤਾ ਦਿੱਤੀ।ਆਪ ਜੀ ਦੇ ਵੱਡੇ ਸਾਹਿਬਜ਼ਾਦੇ ਮੁਗ਼ਲ ਸਲਤਨਤ ਦੀਆਂ ਸ਼ਾਹੀ ਫੌਜ਼ਾਂ ਨਾਲ ਲੜਦਿਆਂ ਸ਼ਹੀਦ ਹੋ ਗਏ ਤੇ ਛੋਟੇ ਸਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਨੇ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ।

ਆਪ ਜੀ ਨੇ ਮਨੁੱਖੀ ਪਿਆਰ, ਇਨਸ਼ਾਫ਼ ਤੇ ਲੋਕ ਹਿੱਤ ਲਈ ਅਨਿਆਂ ਅਤੇ ਜ਼ੁਲਮ ਦੇ ਖਿਲਾਫ ਲੜਦੇ ਹੋਏ ਆਪਣਾ ਸਾਰਾ ਜੀਵਨ ਅਤੇ ਸਰਬੰਸ ਵਾਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਮਹਾਨ ਯੋਧਾ, ਜਰਨੈਲ ਅਤੇ ਕੌਮੀ ਆਗੂ ਸਨ ਉੱਥੇ ਆਪ ਮਹਾਨ ਵਿਦਵਾਨ ਅਤੇ ਉੱਚ ਕੋਟੀ ਦੇ ਸਾਹਿਤਕਾਰ ਵੀ ਸਨ। ਆਪ ਨੇ ਸਾਹਿਤਕ ਰਚਨਾ ਰਾਹੀਂ ਕੌਮ ਦੇ ਆਤਮਿਕ, ਸਮਾਜਿਕ ਤੇ ਬੌਧਿਕ ਪੱਖ ਨੂੰ ਬਲ ਪ੍ਰਦਾਨ ਕੀਤਾ। ਇਸ ਤਰ੍ਹਾਂ ਸੰਘਰਸ਼ਮਈ ਜੀਵਨ ਜਿਉਂਦੇ ਹੋਏ ਆਪ ਜੀ 1708ਈ: ਨੂੰ ਹਜ਼ੂਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਆਪ ਜੀ ਦੀ ਰਚੀ ਹੋਈ ਬਾਣੀ ਗੁਰੂ ਗ੍ਰੰਥ ਸਾਹਿਬ ਦਰਜ ਨਹੀਂ। ਆਪਨੇ ਦਸਮ ਗ੍ਰੰਥ ਦੀ ਰਚਨਾ ਕੀਤੀ। ਜਿਸ ਵਿੱਚ ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ, ਜ਼ਫਰਨਾਮਾ, ਸ਼ਸ਼ਤ੍ਰਨਾਮਾ, ਚੰਡੀ ਚਰਿਤ੍ਰ, ਚੌਪਾਈ ਅਤੇ ਹਿਕਾਇਤਾਂ ਆਦਿ ਰਚਨਾਵਾਂ ਸੰਕਲਨ ਕੀਤੀਆਂ ।ਸ਼ਸ਼ਤ੍ਰਨਾਮਾ, ਬਚਿਤ੍ਰ ਨਾਟਕ ਅਤੇ ਚੰਡੀ ਦੀ ਵਾਰ ਵਿੱਚ ਬੀਰ ਰਸ ਦਾ ਤਿੱਖਾ ਪ੍ਰਭਾਵ ਹੈ।

ਫਾਰਸੀ ਵਿੱਚ ਆਪ ਦੀ ਪਸਿੱਧ ਰਚਨਾ 'ਜਫ਼ਰਨਾਮਾ' ਹੈ ਜੋ ਔਰੰਗਜੇਬ ਦੀ ਚਿੱਠੀ ਦਾ ਜੁਆਬ ਹੈ। ਇਹ ਰਚਨਾ ਆਪ ਦੇ ਅਟੱਲ ਭਰੋਸੇ, ਬੀਰਤਾ ਅਤੇ ਨਿਡਰਤਾ ਦੀ ਉੱਤਮ ਮਿਸਾਲ ਹੈ।

'ਚੰਡੀ ਦੀ ਵਾਰ' ਪੰਜਾਬੀ ਦੇ ਸਮੁੱਚੇ ਬੀਰ-ਰਸ ਸਾਹਿਤ ਦਾ ਇੱਕ ਉੱਤਮ ਨਮੂਨਾ ਹੈ। ਹੱਥਲੇ ਕਾਵਿ ਸੰਗ੍ਰਹਿ ਵਿੱਚ ਚੰਡੀ ਦੀ ਵਾਰ ਵਿੱਚੋਂ ਕੁਝ ਪਉੜੀਆਂ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਇਸ ਵਾਰ ਵਿੱਚ ਦੁਰਗਾ ਅਤੇ ਦੈਂਤਾਂ ਦਾ ਯੁੱਧ ਦਿਖਾ ਦੇ ਇਹ ਸੱਚਾਈ ਸਾਹਮਣੇ ਲਿਆਂਦੀ ਹੈ, ਕਿ ਸੱਚ ਦੇ ਸਾਹਮਣੇ ਝੂਠ ਅਤੇ ਜ਼ੁਲਮ ਦੋਨੋਂ ਹਾਰ ਜਾਂਦੇ ਹਨ ਅਤੇ ਅਖ਼ੀਰ ਨੂੰ ਜਿੱਤ ਸੱਚ ਦੀ ਹੁੰਦੀ ਹੈ। ਇਹ ਦ੍ਰਿੜ ਕਰਵਾਇਆ ਗਿਆ ਹੈ ਕਿ ਨੇਕੀ ਤੇ ਬਦੀ ਦੇ ਯੁੱਧ ਵਿੱਚ ਬਦੀ ਹਮੇਸ਼ਾ ਹਾਰਦੀ ਹੈ। ਸਾਨੂੰ ਨੇਕੀ ਦਾ ਲੜ ਫੜਨਾ ਚਾਹੀਦਾ ਹੈ। ਇਸ ਕਾਵਿ ਸੰਗ੍ਰਹਿ ਵਿੱਚ 'ਮਿਤ੍ਰ ਪਿਆਰੇ ਨੂੰ' ਖਿਆਲ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਖ਼ਿਆਲ ਵਿੱਚ ਪ੍ਰਤੀਕਾਂ ਰਾਹੀਂ ਆਪ ਜੀ ਇਹ ਦੱਸਣਾ ਚਾਹੁੰਦੇ ਹਨ ਕਿ ਪਦਾਰਥਕ ਸੁੱਖਾਂ ਨਾਲੋਂ ਆਤਮਿਕ ਸੁੱਖ ਗ੍ਰਹਿਣ ਕਰਨ ਦੀ ਵਧੇਰੇ ਲੋੜ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

## ਚੰਡੀ ਦੀ ਵਾਰ

ਚੋਟ ਪਈ ਦਮਾਮੇ ਦਲਾ ਮੁਕਾਬਲਾ॥

ਦੇਵੀ ਦਸਤ ਨਚਾਈ ਸੀਹਣਿ ਸਾਰ ਦੀ॥

ਪੇਟ ਮਲੰਦੇ ਲਾਈ ਮਹਖੇ ਦੈਂਤ ਨੂੰ॥

ਗੁਰਦੇ ਆਂਦਾ ਖਾਈ ਨਾਲੇ ਰੁਕੜੇ॥

ਜੇਹੀ ਦਿਲ ਵਿੱਚ ਆਈ ਕਹੀ ਸੁਣਾਇ ਕੈ॥

ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤ॥

**ਸ਼ਬਦ ਅਰਥ:**

ਦਮਾਮੇ- ਨਗਾਰੇ। ਦਲਾ- ਫੌਜਾਂ। ਦਸਤ- ਹੱਥ। ਸੀਹਣਿ- ਸ਼ੇਰਨੀ ਭਾਵ ਤਲਵਾਰ। ਮਹਖੇ ਦੈਂਤ- ਮਹਿਖਾਸੁਰ ਦੈਂਤ। ਪੇਟ- ਢਿੱਡ। ਰੁੱਕੜੇ- ਪਸਲੀਆਂ। ਤਾਰੇ ਧੂਮ ਕੇਤ- ਬੋਦੀ ਵਾਲਾ ਤਾਰਾ।

**ਅਰਥ:**

ਦਮਾਮੇ ਤੇ ਚੋਟ ਪਈ ਤਾਂ ਦੋਹਾਂ ਦਲਾਂ ਦਾ ਮੁਕਾਬਲਾ ਹੋਣ ਲੱਗ ਪਿਆ। ਦੇਵੀ ਨੇ ਲੋਹੇ ਦੀ ਤਲਵਾਰ ਹੱਥ ਫੜ ਕੇ ਲਹਿਰਾਈ। ਮਹਿਖਾ ਦੈਂਤ ਤਾਂ ਤਲਵਾਰ ਵੱਜਦਿਆਂ ਹੀ ਪੇਟ ਫੜ ਕੇ ਬੈਠ ਗਿਆ। ਉਸਦੇ ਗੁਰਦੇ ਤੇ ਉਹਦੀਆਂ ਆਂਦਰਾਂ ਬਾਹਰ ਆ ਗਈਆਂ। ਦੁਰਗਾ ਦੀ ਚੱਲ ਰਹੀ ਤਲਵਾਰ ਦੀ ਜਿਹੋ ਜਿਹੀ ਸ਼ੋਭਾ ਕਵੀ ਦੇ ਦਿਲ ਵਿੱਚ ਆਈ, ਉਸ ਨੂੰ ਬਿਆਨ ਕਰ ਦਿੱਤਾ। ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਧੂਮ ਕੇਤੂ 'ਬੋਦੀ ਵਾਲਾ ਤਾਰਾ' ਚੜ੍ਹ ਪਿਆ ਹੋਵੇ।

ਚੋਟਾ ਪਵਨ ਨਗਾਰੇ ਅਣੀਆਂ ਜੁੱਟੀਆਂ॥

ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥

ਵਾਹਨ ਵਾਰੋ ਵਾਰੀ ਸੂਰੇ ਸੰਘਰੇ॥

ਵਗੈ ਰੱਤੁ ਝੁਲਾਰੀ ਜਿਉ ਗੇਰੂ ਬਾਬੁਤ੍ਰਾ॥

ਦੇਖਨ ਬੈਠ ਅਟਾਰੀ ਨਾਰੀ ਰਾਕਸਾਂ॥

ਪਾਈ ਧੂਮ ਸਵਾਰੀ ਦੁਰਗਾ ਦਾਨਵੀ॥

**ਸ਼ਬਦ ਅਰਥ:**

ਅਣੀਆਂ – ਫੌਜ਼ਾਂ। ਦਾਨਵੀ – ਰਾਖਸ਼ਾਂ। ਦੇਵਾਂ – ਦੇਵਤੇ। ਰੱਤੁ- ਲਹੂ । ਗੇਰੂ ਬਾਬੁਤ੍ਰਾ – ਗੇਰੂ ਰੰਗਿਆ ਪਾਣੀ ਵਗਣਾ। ਸੂਰੇ- ਬਹਾਦਰ। ਅਟਾਰੀ- ਚੁਬਾਰੇ। ਧੂਮ- ਸ਼ੋਰ, ਰੌਲਾ। ਸਵਾਰੀ- ਵਾਹਣ, ਘੋੜੇ।

**ਅਰਥ:**



Downloaded from https:// www.studiestoday.com

Downloaded from https:// www.studiestoday.com

ਨਗਾਰਿਆਂ 'ਤੇ ਚੋਟਾਂ ਲੱਗਣ ਨਾਲ ਦੋਹਾਂ ਪਾਸਿਆਂ ਦੀਆਂ ਫੌਜਾਂ ਲੜਾਈ ਦੇ ਮੈਦਾਨ ਵਿੱਚ ਜੁੱਟ ਗਈਆਂ। ਦੇਵਤਿਆਂ ਅਤੇ ਰਾਖਸ਼ਾਂ ਨੇ ਜੰਗ ਕਰਨ ਲਈ ਮਿਆਨਾਂ ਵਿਚੋਂ ਤਲਵਾਰਾਂ ਕੱਢ ਲਈਆਂ। ਜੰਗ ਦੇ ਮੈਦਾਨ ਵਿੱਚ ਸੂਰਮੇ ਆਹਮੋ- ਸਾਹਮਣੇ ਹੋ ਕੇ ਤਲਵਾਰਾਂ ਚਲਾ ਰਹੇ ਸਨ। ਲਹੂ ਇਸ ਤਰ੍ਹਾਂ ਵਗ ਰਿਹਾ ਸੀ ਜਿਵੇਂ ਪਹਾੜਾਂ ਵਿਚੋਂ ਲਾਲ ਰੰਗ ਦਾ ਪਾਣੀ ਵਗਦਾ ਹੈ। ਰਾਕਸ਼ਾਂ ਦੀਆਂ ਨਾਰੀਆਂ ਉੱਚੀਆਂ- ਉੱਚੀਆਂ ਅਟਾਰੀਆਂ ਵਿੱਚ ਬੈਠ ਕੇ ਜੰਗ ਨੂੰ ਵੇਖ ਰਹੀਆਂ ਸਨ। ਜੰਗ ਦੇ ਮੈਦਾਨ ਵਿੱਚ ਦੁਰਗਾ ਅਤੇ ਰਾਖਸ਼ਾਂ ਦੇ ਰੱਥਾਂ ਤੇ ਘੋੜਿਆਂ ਦਾ ਬਹੁਤ ਸ਼ੋਰ ਸੀ।

ਲੱਖ ਨਗਾਰੇ ਵੱਜਣ ਆਹਮੋ ਸਾਹਮਣੇ ॥

ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ ॥

ਸੀਹਾਂ ਵਾਂਗੂ ਗੱਜਨ ਸਭੇ ਸੂਰਮੇ ॥

ਤਣਿ-ਤਣਿ ਕੈਬਰ ਛੱਡਨ ਦੁਰਗਾ ਸਾਹਮਣੇ ॥

**ਸ਼ਬਦ ਅਰਥ:**

ਰੋਹੇ ਰੋਹਲੇ- ਬੜੇ ਗੁੱਸੇ ਵਾਲੇ। ਨਗਾਰੇ- ਧੌਂਸੇ। ਸ਼ੀਹਾਂ- ਸ਼ੇਰਾਂ। ਸੂਰਮੇ- ਬਹਾਦਰ। ਤਣਿ-ਤਣਿ - ਖਿਚ ਕੇ। ਕੈਬਰ - ਤੀਰ।

**ਅਰਥ:**

ਲੜਾਈ ਦੇ ਮੈਦਾਨ ਵਿੱਚ ਆਹਮਣੇ - ਸਾਹਮਣੇ ਲੱਖਾਂ ਨਗਾਰੇ ਵੱਜ ਰਹੇ ਸਨ। ਰਾਖਸ਼ ਬੜੇ ਗੁੱਸੇ ਵਿੱਚ ਸਨ। ਯੁੱਧ ਬੜਾ ਭਿਆਨਕ ਸੀ ਪਰ ਰਾਖਸ਼ ਡਰ ਕੇ ਲੜਾਈ ਦੇ ਮੈਦਾਨ ਵਿਚੋਂ ਭੱਜਣ ਵਾਲੇ ਨਹੀਂ ਸਨ। ਸੂਰਮੇ ਸ਼ੇਰਾਂ ਦੀ ਤਰ੍ਹਾਂ ਗੱਜ ਰਹੇ ਸਨ। ਰਾਖਸ਼ ਖਿੱਚ-ਖਿੱਚ ਦੇ ਦੁਰਗਾ ਵਲ ਤੀਰ ਛੱਡ ਰਹੇ ਸਨ।

ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ ॥

ਧਾਏ ਦੇਵੀ ਸਾਹਮਣੇ ਵੀਰ ਮੁਛਲੀਆਲੇ ॥

ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ ॥

ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ ॥

**ਸ਼ਬਦ ਅਰਥ:**

ਨਾਸਾ- ਨੱਕ। ਮੁਹਿ- ਮੂੰਹ। ਮੁਛਲੀਆਲੇ- ਮੁੱਛਾਂ ਵਾਲੇ। ਸੁਰਪਤ- ਇੰਦਰ ਦੇਵਤਾ। ਘਣੀਅਰ- ਕਾਲੇ ਬੱਦਲ।

**ਅਰਥ:**

ਰਾਖਸ਼ਾਂ ਦੀਆਂ ਨਾਸਾਂ ਉੱਖਲੀਆਂ ਵਰਗੀਆਂ ਅਤੇ ਮੂੰਹ ਆਲਿਆਂ ਵਰਗੇ ਲੱਗਦੇ ਸਨ। ਵੱਡੀਆਂ-ਵੱਡੀਆਂ ਮੁੱਛਾਂ ਵਾਲੇ ਰਾਖਸ਼ ਜੰਗ ਕਰਨ ਲਈ ਦੁਰਗਾ ਸਾਹਮਣੇ ਆਏ। ਇਹੋ ਜਿਹੇ ਬਹਾਦਰ ਸੂਰਮਿਆਂ ਕੋਲੋਂ ਇੰਦਰ ਵੀ ਹਾਰ ਮੰਨ ਚੁੱਕਾ ਸੀ। ਉਹ ਕਿਸੇ ਦੇ ਹਟਾਇਆ ਪਿੱਛੇ ਨਹੀਂ ਹਟਦੇ ਸਨ। ਉਹ ਦੁਰਗਾ ਨੂੰ ਘੇਰ ਕੇ ਇਸ ਤਰ੍ਹਾਂ ਗੱਜ ਰਹੇ ਸਨ ਜਿਵੇਂ ਕਾਲੇ ਬੱਦਲ ਗੱਜਦੇ ਹਨ।



Downloaded from https:// www.studiestoday.com

Downloaded from https:// www.studiestoday.com

ਦੁਹਾ ਕੰਧਾਰਾ ਮੁਹਿ ਜੁੜੇ ਦਲ ਘੁਰੇ ਨਗਾਰੇ ॥

ਓਰੜ ਆਏ ਸੂਰਮੇ ਸਿਰਦਾਰ ਅਣਿਆਰੇ ॥

ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ ॥

ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ ॥

ਲੈ ਕੇ ਬਰਛੀ ਦੁਰਗਾਸ਼ਾਹ ਬਹੁ ਦਾਨਵ ਮਾਰੇ ॥

ਚੜ੍ਹੇ ਰਥੀ ਗਜ ਘੋੜਿਈ ਮਾਰ ਭੁਇ ਤੇ ਡਾਰੇ ॥

ਜਣੁ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ ॥

**ਸ਼ਬਦ ਅਰਥ:**

ਰਣਿਆਰੇ- ਲੜਾਈ ਦੇ ਮੈਦਾਨ ਵਿੱਚ ਲੜਨ ਵਾਲੇ। ਟੋਪ- ਕੁਲਾਹ। ਪਟੇਲਾ- ਲੋਹੇ ਦੀ ਜਾਲੀ ਜੋ ਅੱਖਾਂ ਦੀ ਰੱਖਿਆ ਕਰਦੀ ਹੈ। ਪਾਖਰਾਂ- ਹਾਥੀ, ਘੋੜੇ ਦਾ ਝੁਲ ਜਿਸ ਨਾਲ ਜੰਗ ਵਿੱਚ ਰੱਖਿਆ ਹੁੰਦੀ ਹੈ। ਵਿੰਨ੍ਹ- ਪਰੋਏ। ਗਜ- ਹਾਥੀ।

**ਅਰਥ:**

ਨਗਾਰਾ ਵੱਜਣ ਨਾਲ ਦੋਹਾਂ ਪਾਸਿਆਂ ਦੀਆਂ ਫੌਜਾਂ ਨੇ ਜੰਗ ਸ਼ੁਰੂ ਕਰ ਦਿੱਤੀ। ਫੌਜ਼ਾਂ ਦੇ ਸਰਦਾਰ ਜੰਗ ਕਰਨ ਲਈ ਲੜਾਈ ਦੇ ਮੈਦਾਨ ਵਿੱਚ ਉਤਰ ਆਏ। ਉਹਨਾਂ ਨੇ ਆਪਣੇ ਹੱਥਾਂ ਵਿੱਚ ਤਲਵਾਰਾਂ, ਬਰਛੀਆਂ ਤੇ ਹੋਰ ਸ਼ਸਤਰ ਫੜੇ ਹੋਏ ਸਨ। ਉਹਨਾਂ ਬਹਾਦਰਾਂ ਨੇ ਸਿਰ 'ਤੇ ਟੋਪ, ਲੋਹੇ ਦੀਆਂ ਜਾਲੀਆਂ ਅਤੇ ਘੋੜਿਆਂ ਦੇ ਕਾਠੀਆਂ ਪਾਈਆਂ ਹੋਈਆਂ ਸਨ। ਆਪਣੇ ਸਰੀਰਾਂ ਤੇ ਸੰਜੋਆਂ ਪਹਿਨੀਆਂ ਹੋਈਆਂ ਸਨ। ਦੁਰਗਾ ਨੇ ਆਪਣੀ ਬਰਛੀ ਨਾਲ ਬਹੁਤ ਸਾਰੇ ਰਾਖਸ਼ ਮਾਰ ਦਿੱਤੇ। ਰਥਾਂ ਅਤੇ ਹਾਥੀਆਂ 'ਤੇ ਚੜ੍ਹੇ ਬਹਾਦਰਾਂ ਨੂੰ ਮਾਰ ਕੇ ਧਰਤੀ ਉੱਤੇ ਸੁੱਟ ਦਿੱਤਾ। ਦੁਰਗਾ ਦੀ ਬਰਛੀ ਨਾਲ ਜਖ਼ਮੀ ਹੋਏ ਸੂਰਮੇ ਇਸ ਤਰ੍ਹਾਂ ਲੱਗਦੇ ਸਨ ਜਿਸ ਤਰ੍ਹਾਂ ਹਲਵਾਈ ਨੇ ਵੜੀਆਂ ਨੂੰ ਸੀਖ ਵਿੱਚ ਪਾ ਕੇ ਪ੍ਰੋਇਆ ਹੋਵੇ।

ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲ ਧਉਸਾ ਭਾਰੀ ॥

ਲਈ ਭਗਉਤੀ ਦੁਰਗਾਸ਼ਾਹ ਵਰ ਜਾਗਣ ਭਾਰੀ ॥

ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ ॥

ਸੁੰਭ ਪਲਾਣੋਂ ਡਿੱਗਿਆ ਉਪਮਾ ਬੀਚਾਰੀ ॥

ਡੁਬ ਰੱਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥

ਜਾਣ ਰਜਾਈ ਉਤਰੀ ਪੈਨ੍ਹ ਸੂਹੀ ਸਾਰੀ ॥

**ਸ਼ਬਦ ਅਰਥ:**

ਕੰਧਾਰਾਂ- ਫੌਜਾਂ। ਧਉਸਾ ਭਾਰੀ- ਵੱਡਾ ਨਗਾਰਾ। ਸੁੰਭ- ਰਾਜੇ ਦਾ ਨਾਂ। ਰਤੁ- ਲਹੂ। ਪਲਾਣੋ- ਘੋੜੇ ਦੀ ਕਾਠੀ ਤੋਂ। ਉਪਮਾ- ਤਾਰੀਫ਼। ਰਜਾਈ- ਰਾਇਜ਼ਾਈ, ਸ਼ਹਿਜਾਦੀ। ਸੂਹੀ ਸਾਰੀ- ਲਾਲ ਸਾੜ੍ਹੀ।



Downloaded from https:// www.studiestoday.com

Downloaded from https:// www.studiestoday.com

**ਅਰਥ:**

ਜਦੋਂ ਰਣ ਭੂਮੀ ਵਿੱਚ ਵੱਡਾ ਨਗਾਰਾ ਵੱਜਿਆ ਤਾਂ ਦੋਹਾਂ ਪਾਸਿਆਂ ਦੀਆਂ ਫੌਜਾਂ ਦਾ ਟਾਕਰਾ ਸ਼ੁਰੂ ਹੋ ਗਿਆ। ਦੇਵੀ ਦੁਰਗਾ ਨੇ ਬੜੀ ਚਮਕੀਲੀ ਅਤੇ ਤੇਜ਼ ਤਲਵਾਰ ਆਪਣੇ ਹੱਥ ਵਿੱਚ ਫੜ ਲਈ। ਉਹ ਤੇਜ਼ ਤਲਵਾਰ ਦੁਰਗਾ ਨੇ ਰਾਜੇ ਸ਼ੁੰਭ ਨੂੰ ਮਾਰੀ, ਜਿਸ ਨੇ ਉਸ ਦੇ ਲਹੂ ਨੂੰ ਇਸ ਤਰ੍ਹਾਂ ਪੀਤਾ ਜਿਵੇਂ ਪਿਆਸੀ ਹੋਵੇ। ਸ਼ੁੰਭ ਘੋੜੇ ਦੀ ਕਾਠੀ ਤੋਂ ਡਿੱਗ ਪਿਆ। ਇਸ ਨਜ਼ਾਰੇ ਨੂੰ ਵੇਖ ਕੇ ਕਵੀ ਨੇ ਮਨ ਵਿੱਚ ਤਾਰੀਫ਼ ਕੀਤੀ ਕਿ ਖੂਨ ਨਾਲ ਲਿਬੜੀ ਦੁਰਗਾ ਦੀ ਬਰਛੀ ਸ਼ੁੰਭ ਦੇ ਸਰੀਰ ਵਿੱਚੋਂ ਇਸ ਤਰ੍ਹਾਂ ਨਿਕਲੀ ਜਿਵੇਂ ਕੋਈ ਸ਼ਹਿਜਾਦੀ ਲਾਲ ਰੰਗ ਦੀ ਸਾੜ੍ਹੀ ਪਹਿਨ ਕੇ ਆ ਰਹੀ ਹੋਵੇ।

ਦੁਰਗਾ ਅਤੇ ਦਾਨਵੀ ਭੇੜ ਪਇਆ ਸਬਾਹੀਂ॥

ਸਸਤ੍ਰ ਪਜੂਤੇ ਦੁਰਗਸ਼ਾਹ ਗਹ ਸਭਨੀ ਬਾਹੀਂ॥

ਸ਼ੁੰਭ ਨਿਸ਼ੁੰਭ ਸੰਘਾਰਿਆ ਵਥ ਜੇਹੇ ਸਾਹੀਂ॥

ਫਉਜਾਂ ਰਾਕ ਸਿਆਰੀਆਂ ਦੇਖਿ ਰੋਵਨਿ ਧਾਹੀਂ॥

ਮੁਹਿ ਕੁੜੂਚੇ ਘਾਹ ਦੇ ਛੱਡ ਘੋੜੇ ਰਾਹੀਂ॥

ਭੱਜਦੇ ਹੋਏ ਮਾਰੀਅਨ ਮੁੜ ਝਾਕਨ ਨਾਹੀਂ॥

**ਸ਼ਬਦ ਅਰਥ:**

ਸਬਾਹੀਂ- ਸਵੇਰ ਦੇ ਸਮੇਂ। ਭੇੜ- ਜੰਗ। ਪਜੂਤੇ- ਪਹਿਨੇ, ਪਕੜ ਲਏ। ਸ਼ੁੰਭ ਨਿਸ਼ੁੰਭ- ਦੋ ਸਕੇ ਭਰਾ। ਵਥ- ਵਸਤੂ। ਕੁੜੂਚੇ- ਘਾਹ ਦੇ ਕੂਚੇ।

**ਅਰਥ:**

ਦੁਰਗਾ ਦੇਵੀ ਤੇ ਰਾਖਸ਼ਾਂ ਦਾ ਲੜਾਈ ਦੇ ਮੈਦਾਨ ਵਿੱਚ ਸਵੇਰ ਤੋਂ ਹੀ ਜੰਗ ਸ਼ੁਰੂ ਹੋ ਗਿਆ। ਦੁਰਗਾ ਦੇਵੀ ਨੇ ਸਾਰੀਆਂ ਬਾਹਵਾਂ ਵਿੱਚ ਹਥਿਆਰ ਫੜ ਲਏ। ਸ਼ੁੰਭ ਤੇ ਨਿਸ਼ੁੰਭ ਜੋ ਸ਼ਾਹਾਂ ਦੀ ਤਰ੍ਹਾਂ ਕਈ ਚੀਜ਼ਾਂ ਦੇ ਮਾਲਿਕ ਸਨ, ਉਹਨਾਂ ਨੂੰ ਦੁਰਗਾ ਨੇ ਮਾਰ ਦਿੱਤਾ। ਰਾਖਸ਼ਾਂ ਦੀਆਂ ਫੌਜ਼ਾਂ (ਸ਼ੁੰਭ ਤੇ ਨਿਸ਼ੁੰਭ ਦੀ ਮੌਤ ਦੇਖ ਕੇ) ਧਾਹਾਂ ਮਾਰ ਕੇ ਰੋਣ ਲੱਗ ਪਈਆਂ। ਰਾਖਸ਼ਾਂ ਦੀ ਫੌਜ਼ ਦੇ ਫੌਜੀ ਆਪਣੇ ਮੂੰਹਾਂ ਵਿਚ ਘਾਹ ਦੇ ਕੂਚੇ ਫੜ ਕੇ ਆਪਣਿਆਂ ਘੋੜਿਆਂ ਨੂੰ ਮੈਦਾਨ ਵਿੱਚ ਛੱਡ ਕੇ ਦੌੜ ਗਏ। ਦੌੜੇ ਜਾਂਦੇ ਰਾਖਸ਼ਾਂ ਨੂੰ ਦੁਰਗਾ ਨੇ ਅਜਿਹੀ ਮਾਰ ਮਾਰੀ ਕਿ ਉਨ੍ਹਾਂ ਦੀ ਪਿੱਛੇ ਮੁੜ ਦੇ ਦੇਖਣ ਦੀ ਹਿੰਮਤ ਨਹੀਂ ਹੋਈ।

ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥

ਇੰਦ੍ਰ ਸੱਦ ਬੁਲਾਇਆ ਰਾਜ ਅਭਿਸ਼ੇਖ ਨੋ॥

ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥

ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ॥

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥

ਫੇਰ ਨ ਜੂਨੀ ਆਇਆ ਜਿਨਿ ਇਹ ਗਾਇਆ॥



Downloaded from https:// www.studiestoday.com

Downloaded from https:// www.studiestoday.com

**ਸ਼ਬਦ ਅਰਥ:**

ਪਠਾਇਆ- ਭੇਜ ਦਿੱਤਾ। ਜਮ ਦਾ ਧਾਮ- ਜਮਲੋਕ। ਅਭਿਸ਼ੇਖ- ਰਾਜ ਤਿਲਕ। ਛਤ੍ਰ ਫਿਰਾਇਆ- ਛਤਰ ਝੁਲਾਇਆ।

ਚਉਦਹ ਲੋਕਾਂ- ਸਾਰੀ ਦੁਨੀਆਂ ਵਿੱਚ। ਜਸੁ- ਨੇਕੀ, ਵਡਿਆਈ।

**ਅਰਥ:**

ਦੁਰਗਾ ਦੇਵੀ ਨੇ ਦੋ ਬਹਾਦਰ ਰਾਖਸਾਂ (ਸੁੰਭ ਤੇ ਨਿਸੁੰਭ) ਨੂੰ ਮਾਰ ਕੇ ਜਮ ਲੋਕ ਭੇਜ ਦਿੱਤਾ। ਰਾਜੇ ਇੰਦਰ ਨੂੰ ਰਾਜ ਤਿਲਕ ਦੇਣ ਲਈ ਬੁਲਾ ਲਿਆ। ਰਾਜੇ ਇੰਦਰ ਨੂੰ ਸਵਰਗ ਲੋਕ ਦਾ ਰਾਜ ਸੌਂਪ ਕੇ ਉਸਦੇ ਸਿਰ 'ਤੇ ਛਤਰ ਝੁਲਾਇਆ। ਦੁਰਗਾ ਦਾ ਜਸ ਚੌਦ੍ਹਾਂ ਲੋਕਾਂ (ਸਾਰੇ ਸੰਸਾਰ) ਵਿੱਚ ਫੈਲ ਗਿਆ। ਗੁਰੂ ਜੀ ਕਹਿੰਦੇ ਹਨ ਕਿ ਦੁਰਗਾ ਦੀ ਇਸ ਜਿੱਤ ਦਾ ਜਸ ਅਸਾਂ ਪਉੜੀਆਂ ਵਿੱਚ ਰਚਿਆ ਹੈ। ਜਿਸ ਨੇ ਵੀ ਦੁਰਗਾ ਦੀ ਇਸ ਵਾਰ ਨੂੰ ਗਾਇਆ ਹੈ। ਉਹ ਫਿਰ ਜਨਮ ਵਿੱਚ ਨਹੀਂ ਆਇਆ ਭਾਵ ਉਹ ਇਸ ਸੰਸਾਰ ਤੋਂ ਮੁਕਤ ਹੋ ਗਿਆ ਹੈ।

## ਮਿਤ੍ਰ ਪਿਆਰੇ ਨੂੰ

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ॥

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾ ਦਾ ਰਹਿਣਾ॥

ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗੁ ਕਸਾਈਆ ਦਾ ਸਹਿਣਾ॥

ਯਾਰੜੈ ਦਾ ਸਾਨੂੰ ਸੱਥਰ ਚੰਗਾ ਭਠੁ ਖੇੜਿਆਂ ਦਾ ਰਹਿਣਾ॥

**ਸ਼ਬਦ ਅਰਥ:**

ਮੁਰੀਦ- ਚੇਲਾ। ਖੰਜਰੁ- ਮਾਰਨ ਵਾਲਾ ਹਥਿਆਰ। ਸੱਥਰ- ਭੁੰਜੇ ਸੌਣਾ। ਬਿੰਗ- ਰਮਜ਼, ਸੂਖਮ ਅਰਥ।

**ਅਰਥ:**

ਇਸ ਸ਼ਬਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਵੇਲੇ ਦਾ ਹਾਲ ਦੱਸਿਆ ਹੈ, ਜਦੋਂ ਆਪ ਮਾਛੀਵਾੜੇ ਦੇ ਜੰਗਲਾਂ ਵਿੱਚ ਇਕੱਲੇ ਸਨ। ਪਰਮਾਤਮਾ ਨੂੰ ਯਾਦ ਕਰਦੇ ਹੋਏ ਇਸ ਸ਼ਬਦ ਵਿੱਚ ਕਹਿੰਦੇ ਹਨ ਕਿ ਹੇ ਪਰਮਾਤਮਾ ਤੇਰੇ ਬਿਨਾਂ ਰਜ਼ਾਈਆਂ ਦਾ ਸੁੱਖ ਰੋਗ ਹੈ ਤੇ ਮਹਿਲਾਂ ਵਿੱਚ ਰਹਿਣਾ ਸੱਪਾਂ ਦੀ ਨਗਰੀ ਵਿੱਚ ਰਹਿਣ ਦੇ ਤੁਲ ਹੈ। ਸੁਰਾਹੀ ਤੇ ਪਿਆਲੇ ਮੈਨੂੰ ਸੂਲਾਂ ਅਤੇ ਖੰਜਰ ਲਗਦੇ ਹਨ। ਅਖ਼ੀਰ ਵਿੱਚ ਹੀਰ ਰਾਂਝੇ ਦੀ ਉਦਾਹਰਨ ਰਾਹੀਂ ਆਪਣੀ ਗੱਲ ਕਹਿੰਦੇ ਹਨ ਕਿ ਪਰਮਾਤਮਾ ਦੇ ਘਰ ਵਿੱਚ ਮੈਨੂੰ ਭੁੰਜੇ ਲੇਟਣਾ ਵੀ ਚੰਗਾ ਲੱਗਦਾ ਹੈ। ਪਰਮਾਤਮਾ ਤੋਂ ਬਿਨਾਂ ਮੈਨੂੰ ਅਮੀਰੀ ਵਿੱਚ ਰਹਿਣਾ ਭੱਠ ਵਿੱਚ ਰਹਿਣ ਦੇ ਸਮਾਨ ਲੱਗਦਾ ਹੈ। ਇੱਥੇ ਆਪਣੇ ਆਪ ਨੂੰ ਹੀਰ ਦੇ ਰੂਪ ਵਿੱਚ ਦਰਸਾਉਂਦੇ ਹੋਏ ਕਹਿੰਦੇ ਹਨ ਕਿ ਖੇੜਿਆਂ ਦੀ ਅਮੀਰੀ ਵਿੱਚ ਰਹਿਣ ਨਾਲੋਂ ਜ਼ਿੰਦਗੀ ਆਪਣੇ ਪਿਆਰੇ ਪ੍ਰਭੂ ਨਾਲ ਗ਼ਰੀਬੀ ਵਿੱਚ ਬਿਤਾਉਣੀ ਵਧੇਰੇ ਚੰਗੀ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਚੋਟ ਪਈ ਦਮਾਮੇ ਦਲਾ ਮੁਕਾਬਲਾ॥
ਦੇਵੀ ਦਸਤ ਨਚਾਈ ਸੀਹਣਿ ਸਾਰ ਨੂੰ॥
ਪੇਟ ਮਲੰਦੇ ਲਾਈ ਮਹਖੇ ਦੈਂਤ ਨੂੰ॥
ਗੁਰਦੇ ਆਂਦਾ ਖਾਈ ਨਾਲੇ ਰੁਕੜੇ॥

(ਅ) ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ॥
ਧਾਏ ਦੇਵੀ ਸਾਹਮਣੇ ਵੀਰ ਮੁਛਲੀਆਲੇ॥
ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ॥
ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥

2. ਹੇਠਾਂ ਦਿੱਤੀਆਂ ਕਾਵਿ - ਤੁਕਾਂ ਦੀ ਵਿਆਖਿਆ ਕਰੋ:

(ੳ) ਜਣੁ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ॥

(ਅ) ਡੁੱਬ ਰੱਤੂ ਨਾਲਹੁ ਨਿਕਲੀ ਬਰਛੀ ਦੁਧਾਰੀ॥

(ੲ) ਮੁਹਿ ਕੁੜੂਚੇ ਘਾਹ ਦੇ ਛੱਡ ਘੋੜੇ ਰਾਹੀਂ॥

(ਸ) ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗੁ ਕਸਾਈਆਂ ਦਾ ਸਹਿਣਾ॥

3. ਦੁਰਗਾ ਨੇ ਮਹਿਖਾਸੁਰ ਦੈਂਤ ਦਾ ਅੰਤ ਕਿਵੇਂ ਕੀਤਾ?

4. ਰਾਖਸ਼ਾਂ ਦੇ ਰਾਜੇ ਸ਼ੁੰਭ ਅਤੇ ਦੇਵੀ ਦੁਰਗਾ ਵਿਚਕਾਰ ਹੋਏ ਭਿਆਨਕ ਯੁੱਧ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।

5. ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਦਾ ਕੇਂਦਰੀ ਭਾਵ ਲਿਖੋ।

6. 'ਚੰਡੀ ਦੀ ਵਾਰ' ਦੀ ਨਾਇਕਾ ਦੇਵੀ ਦੁਰਗਾਸ਼ਾਹ ਦੀ ਬਹਾਦਰੀ ਦਾ ਜ਼ਿਕਰ ਆਪਣੇ ਸ਼ਬਦਾਂ ਵਿੱਚਕਰੋ।

7. 'ਮਿਤ੍ਰ ਪਿਆਰੇ ਨੂੰ' ਸ਼ਬਦ ਦਾ ਕੇਂਦਰੀ ਭਾਵ ਲਿਖੋ।

8. 'ਮਿਤ੍ਰ ਪਿਆਰੇ ਨੂੰ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਵਰਨਣ ਕਰੋ।

9. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਕਾਵਿ ਰਚਨਾ ਉੱਤੇ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

# 7. ਸ਼ਾਹ ਹੁਸੈਨ

## (1539 ਈ.- 1593 ਈ.)

ਸ਼ਾਹ ਹੁਸੈਨ ਪੰਜਾਬੀ ਦਾ ਸ਼੍ਰੋਮਣੀ ਸੂਫ਼ੀ ਕਵੀ ਹੋਇਆ ਹੈ। ਉਹਨਾਂ ਦਾ ਜਨਮ 1539 ਈ: ਵਿੱਚ ਸ਼ੇਖ਼ ਉਸਮਾਨ ਢੱਡਾ ਦੇ ਘਰ ਲਾਹੌਰ ਵਿਖੇ ਹੋਇਆ। ਆਪ ਨੇ ਅਬੂ ਬਕਰ ਕੋਲੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਉਹਨਾਂ ਨੇ ਦਸ ਸਾਲ ਦੀ ਉਮਰ ਵਿੱਚ ਹੀ ਕੁਰਾਨ ਜ਼ਬਾਨੀ ਯਾਦ ਕਰ ਲਈ ਸੀ। ਫਿਰ ਉਹਨਾਂ ਨੇ ਖ਼ੂਬ ਬੰਦਗੀ ਤੇ ਤਪੱਸਿਆ ਕੀਤੀ, 36 ਸਾਲ ਦੀ ਉਮਰ ਵਿੱਚ ਉਹ ਸ਼ਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋ ਕੇ ਮਲ੍ਹਾਮਤੀ ਬਣ ਗਏ। ਆਪ ਮਸਤ ਮਲੰਗ ਤਬੀਅਤ ਦੇ ਮਨੁੱਖ ਸਨ।

ਆਪ ਦੇ ਵੱਡੇ ਵਡੇਰੇ ਹਿੰਦੂ ਰਾਜਪੂਤ ਸਨ। ਇਨ੍ਹਾਂ ਦਾ ਗੋਤ 'ਕਲਸਰਾਇ' ਸੀ। ਇਸ ਕਰਕੇ ਆਪ ਨੂੰ ਸ਼ਾਹ ਹੁਸੈਨ ਕਲਸਰਾਇ ਵੀ ਕਿਹਾ ਗਿਆ ਹੈ। ਆਪ ਕਾਦਰੀ ਸਿਲਸਿਲੇ ਦੀ ਇੱਕ ਜਮਾਤ 'ਬਹਿਲੋਲ ਸ਼ਾਹੀ' ਨਾਲ ਸੰਬੰਧਿਤ ਸਨ। ਆਪ ਨੂੰ ਇਸੇ ਜਮਾਤ ਦੀ ਇੱਕ ਉਪਸ਼ਾਖਾ 'ਹੁਸੈਨ ਸ਼ਾਹੀ' ਸਿਲਸਿਲੇ ਦਾ ਬਾਨੀ ਸਮਝਿਆ ਜਾਂਦਾ ਹੈ। ਆਪ ਦੇ ਚਾਰ 'ਖਲੀਫ਼ੇ' ਵੀ ਹੋਏ ਹਨ। ਇਨ੍ਹਾਂ ਦੇ ਨਾਮ ਸਨ: ਖਾਕੀ, ਗ਼ਰੀਬ, ਦੀਵਾਨ ਅਤੇ ਬਿਲਾਵਲ।

ਸ਼ਾਹ ਹੁਸੈਨ ਦੇ ਅਕਬਰ ਅਤੇ ਜਹਾਂਗੀਰ ਨਾਲ ਵੀ ਸੰਬੰਧ ਦੱਸੇ ਜਾਂਦੇ ਹਨ। ਜਹਾਂਗੀਰ ਨੇ ਉਹਨਾਂ ਤੋਂ ਆਪਣੀ ਜੀਵਨੀ ਲਿਖਵਾਉਣ ਲਈ ਉਹਨਾਂ ਦੀ ਸੇਵਾ ਲਈ ਇੱਕ ਨੌਕਰ ਵੀ ਰੱਖ ਦਿੱਤਾ ਸੀ। ਉਹਨਾਂ ਦੀ ਮੌਤ 1593 ਈ: ਵਿੱਚ ਰਾਵੀ ਦੇ ਕੰਢੇ ਸ਼ਾਹਦਰੇ ਵਿੱਚ ਹੋਈ। ਉੱਥੇ ਹੀ ਲਾਹੌਰ ਵਿੱਚ ਉਹਨਾਂ ਦੀ ਕਬਰ ਹੈ, ਜਿੱਥੇ ਹਰ ਸਾਲ ਭਾਰੀ ਮੇਲਾ ਲੱਗਦਾ ਹੈ।

ਸ਼ਾਹ ਹੁਸੈਨ ਨੇ ਪੰਜਾਬੀ ਸੂਫ਼ੀ ਕਾਵਿ ਵਿੱਚ ਕਾਫ਼ੀਆਂ ਦੀ ਸਿਰਜਣਾ ਕਰਕੇ ਆਪਣਾ ਯੋਗਦਾਨ ਪਾਇਆ । ਸ਼ੁਰੂ ਵਿੱਚ ਵਿਦਵਾਨਾਂ ਨੂੰ ਉਨ੍ਹਾਂ ਦੀਆਂ ਕੇਵਲ 45 ਕਾਫ਼ੀਆਂ ਹੀ ਮਿਲੀਆਂ ਪਰ ਬਆਦ ਦੀ ਖੋਜ਼ ਉਪਰੰਤ ਇਨ੍ਹਾਂ ਦੀ ਗਿਣਤੀ 162 ਕਾਫ਼ੀਆਂ ਹੋ ਗਈ। ਸ਼ਾਹ ਹੁਸੈਨ ਨੇ ਕਾਫ਼ੀਆਂ ਦੀ ਰਚਨਾ ਰਾਗਾਂ ਦੀਆਂ ਬੰਦਸ਼ਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ। ਇਹ ਕਾਫ਼ੀਆਂ 34 ਰਾਗਾਂ ਵਿੱਚ ਮਿਲਦੀਆਂ ਹਨ- ਸ਼੍ਰੀ ਰਾਗ, ਗਉੜੀ, ਮਾਝ, ਆਸਾ, ਆਸਾਵਰੀ, ਝੰਝੋਟੀ, ਗੂਜਰੀ, ਦੇਵ ਗੰਧਾਰੀ, ਵਡਹੰਸ, ਸੋਰਠ, ਧਨਾਸਰੀ, ਜੈਜੈਵੰਤੀ, ਤਿਲੰਗ, ਸਿੰਧੜਾ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਢੋਲਾ, ਖਟ, ਪਰਜ, ਜੋਗ, ਤੁਖਾਰੀ, ਦਿਦਾਰਾ, ਭੈਰਉ, ਭੈਰਵੀ, ਬਸੰਤ, ਹਿੰਡੋਲ, ਸਾਰੰਗ, ਕਾਨੜਾ, ਕਾਨੜਾ-ਤਿਲੰਗ, ਕਾਨੜਾ-ਮਾਰੂ, ਜੰਗਲਾ, ਕਲਿਆਨ।

ਆਪ ਨੇ ਆਪਣੀਆਂ ਰਚਨਾਵਾਂ ਵਿੱਚ ਮੁਰਸ਼ਦ ਪ੍ਰੇਮ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਹੈ । ਆਪ ਨੇ ਦਰਦ ਅਤੇ ਵਿਛੋੜੇ ਦੇ ਵਿਸ਼ੇ ਲਏ ਹਨ, ਇਹਨਾਂ ਵਿੱਚ ਗਹਿਰੀ ਹੂਕ ਅਤੇ ਪੀੜ ਹੈ। ਰਾਗਾਂ ਵਿੱਚ ਰਚੀ ਹੋਈ ਆਪ ਦੀ ਕਵਿਤਾ ਗਾਈ ਜਾਣ ਦੀ ਮੁਹਾਰਤ ਰਖਦੀ ਹੈ। ਆਪ ਦੀ ਬੋਲੀ ਸਰਲ, ਸਾਦਾ ਅਤੇ ਠੇਠ ਹੈ। ਬੋਲੀ ਉੱਤੇ ਲਹਿੰਦੀ ਭਾਸ਼ਾ ਦਾ ਪ੍ਰਭਾਵ ਹੈ। ਆਪ ਦੀਆਂ ਕਾਫੀਆਂ ਵਿੱਚ ਗੁਰਬਾਣੀ ਦੀ ਸ਼ੈਲੀ ਅਤੇ ਅਲੰਕਾਰਾਂ ਦਾ ਪ੍ਰਭਾਵ ਹੈ। ਆਪ ਦੁਨੀਆਂ ਦੀ ਨਾਸ਼ਮਾਨਤਾ ਅਤੇ ਅਟੱਲ ਮੌਤ ਨੂੰ ਯਾਦ ਕਰਦੇ ਹੋਏ ਆਪਣੇ ਇਸ਼ਟ ਦੇ ਸੱਚੇ ਪ੍ਰੇਮ ਲਈ ਨਿਮਰਤਾ ਸਹਿਤ ਆਪਣਾ ਆਪਾ ਕੁਰਬਾਨ ਕਰ ਦੇਣਾ ਲੋਚਦੇ ਹਨ।

ਸ਼ਾਹ ਹੁਸੈਨ ਦੀ ਰਚਨਾ ਵਿੱਚ ਵਿਛੋੜੇ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ ਪ੍ਰਗਟਾਇਆ ਗਿਆ ਹੈ। ਹਥਲੇ ਕਾਵਿ- ਸੰਗ੍ਰਹਿ ਵਿੱਚ ਸ਼ਾਮਿਲ ਕੀਤੀਆਂ ਗਈਆਂ ਕਾਫ਼ੀਆਂ ਨਿਮਰਤਾ, ਗ਼ਰੀਬੀ , ਆਜਜ਼ੀ ਅਤੇ ਮਿੱਠਤ ਦੇ ਗੁਣਾਂ ਦੀ ਪ੍ਰੇਰਨਾ ਦਿੰਦੀਆਂ ਹਨ। ਇਹ ਕਾਫੀਆਂ ਫਕੀਰਾਨਾ ਮਸਤੀ ਵਿੱਚ ਆਪੇ ਤੋਂ ਬੇਖ਼ੁਦ ਹੋ ਕੇ ਪਰਮਾਤਮਾ ਨੂੰ ਪਾਉਣ ਦੀ ਸਿੱਖਿਆ ਦਿੰਦੀਆਂ ਹਨ। ਚੁਸਤੀਆਂ ਚਲਾਕੀਆਂ ਛੱਡ ਕੇ ਨਿਮਰਤਾ ਤੇ ਮਿੱਠਤ ਦਾ ਰਸਤਾ ਪਕੜਨ ਦੀ ਤਾਕੀਦ ਕਰਦੀਆਂ ਹਨ। ਉਹਨਾਂ ਨੇ ਪੰਜਾਬੀ ਸਭਿਆਚਾਰ ਦੇ ਪ੍ਰੀਤ ਨਾਇਕਾਂ (ਹੀਰ, ਰਾਂਝਾ, ਸੋਹਣੀ ਮਹੀਵਾਲ ਆਦਿ) ਨੂੰ ਰੱਬ ਤੇ ਮਨੁੱਖ ਜਾਂ ਮੁਰਸ਼ਦ ਤੇ ਮੁਰੀਦ ਦੀ ਸਾਂਝ ਦੇ



Downloaded from https:// www.studiestoday.com

Downloaded from https:// www.studiestoday.com

ਪ੍ਰਤੀਕ ਬਣਾ ਕੇ ਪੇਸ਼ ਕੀਤਾ ਹੈ। ਸ਼ਾਹ ਹੁਸੈਨ ਦੀ ਰਚਨਾ ਵਿਚਲਾ ਸਰੋਦੀ ਅੰਸ਼, ਸਭਿਆਚਾਰਿਕ ਅਮੀਰੀ ਤੇ ਭਾਸ਼ਾਈ ਸੁੰਦਰਤਾ ਇਸ ਨੂੰ ਉੱਤਮ ਕਾਵਿ ਦਾ ਦਰਜਾ ਦਿੰਦੇ ਹਨ।

## ਇੱਥੇ ਰਹਿਣਾ ਨਾਹੀਂ

ਇੱਥੇ ਰਹਿਣਾ ਨਾਹੀਂ, ਕੋਈ ਬਾਤ ਚਲਣ ਦੀ ਕਰੁ ਵੋ। ਰਹਾਉ॥

ਵੱਡੇ ਉੱਚੇ ਮਹਲ ਉਸਾਰਿਓ, ਗੋਰ ਨਿਮਾਣੀ ਘਰੁ ਵੋ।

ਜਿਸ ਦੇਹੀ ਤੂੰ ਮਾਣ ਕਰੇਨੈਂ, ਜਿਉ ਪਰਛਾਵੇ ਢਰੁਵੋ।

ਛੋੜ ਤ੍ਰਿਖਾਇ ਪਕੜਿ ਹਲੀਮੀ, ਭੈ ਸਾਹਿਬ ਥੀਂ ਡਰੁ ਵੋ।

ਕਹੇ ਹੁਸੈਨ ਹਯਾਤੀ ਲੋੜੇ, ਤਾਂ ਮਰਨ ਥੀਂ ਅਗੇ ਮਰ ਵੋ।

**ਸ਼ਬਦ ਅਰਥ:**

ਗੋਰ- ਕਬਰ। ਕਰੇਨੈਂ- ਕਰਦਾ ਹੈ। ਦੇਹੀ- ਸਰੀਰ। ਢਰੁ- ਢਲਦਾ। ਤ੍ਰਿਖਾਇ- ਤ੍ਰਿਸ਼ਨਾ, ਤੇਜ਼ੀ, ਚਲਾਕੀਆਂ। ਹਲੀਮੀ- ਨਿਮਰਤਾ। ਭੈ- ਡਰ। ਸਾਹਿਬ- ਪ੍ਰਮਾਤਮਾ। ਥੀਂ- ਕੋਲੋਂ । ਹਯਾਤੀ- ਜੀਵਨ, ਜ਼ਿੰਦਗੀ। ਮਰਨ ਥੀਂ ਅਗੇ ਮਰ- ਅਭਿਮਾਨ ਛੱਡ ਕੇ ਜੀਵਨ ਬਤੀਤ ਕਰ।

## ਘੁੰਮ ਚਰਖੜਿਆ ਵੇ

ਘੁੰਮ ਚਰਖੜਿਆ ਵੇ,

ਤੇਰੀ ਕੱਤਣ ਵਾਲੀ ਜੀਵੇ, ਨਲੀਆਂ ਵੱਟਣ ਵਾਲੀ ਜੀਵੇ। ਰਹਾਉ।

ਬੁੱਢਾ ਹੋਇਓਂ ਸ਼ਾਹ ਹੁਸੈਨਾ,

ਦੰਦੀ ਝੇਰਾ ਪਈਆਂ।

ਉੱਠ ਸਵੇਰੇ ਢੂੰਡਣਿ ਲਗੋ,

ਸੰਝਿ ਦੀਆਂ ਜੋ ਗਈਆਂ।

ਹਰ ਦਮ ਨਾਮੁ ਸਮਾਲ ਸਾਈਂ ਦਾ,

ਤਾਂ ਤੂੰ ਇਸਥਿਰ ਥੀਵੇਂ।

ਚਰਖਾ ਬੋਲੇ ਸਾਈਂ ਸਾਈਂ,

ਬਾਇੜ ਬੋਲੇ ਤੂੰ।

ਕਹੈ ਹੁਸੈਨ ਫ਼ਕੀਰ ਸਾਈਂ ਦਾ,

ਮੈਂ ਨਾਹੀਂ ਸਭ ਤੂੰ।

**ਸ਼ਬਦ ਅਰਥ:**



Downloaded from https:// www.studiestoday.com

Downloaded from https:// www.studiestoday.com

ਝੇਰਾ- ਵਿਰਲਾ। ਸੰਝਿ- ਸ਼ਾਮ। ਸਮਾਲ- ਸਿਮਰ। ਬਾਇੜ- ਤੱਕਲਾ। ਢੂੰਡਣਿ- ਖੋਜਣ, ਲੱਭਣ। ਹਰ ਦਮ- ਹਰ ਸਮੇਂ।

## ਮੁਸ਼ਕਲ ਘਾਟ ਫ਼ਕੀਰੀ ਦਾ

ਮੁਸ਼ਕਲ ਘਾਟ ਫ਼ਕੀਰੀ ਦਾ ਵੇ,

ਮੁਸ਼ਕਲ ਘਾਟ ਫ਼ਕੀਰੀ ਦਾ।

ਪਾਇ ਕੁਠਾਲੀ ਦੁਰਮਤਿ ਗਾਲੀ,

ਕਰਮ ਜਗਾਇ ਸ਼ਰੀਰੀ ਦਾ ਵੇ। ਰਹਾਉ।

ਛੋਡਿ ਤਕੱਬਰੀ ਪਕੜਿ ਹਲੀਮੀ,

ਰਾਹਿ ਪਕੜੋ ਸ਼ੀਰੀ ਦਾ ਵੇ।

ਕਹੈ ਹੁਸੈਨ ਫ਼ਕੀਰ ਨਿਮਾਣਾ,

ਦਫ਼ਤਰ ਪਾੜੋ ਮੀਰੀ ਦਾ ਵੇ।

**ਸ਼ਬਦ ਅਰਥ:**

ਘਾਟ- ਰਸਤਾ। ਮੁਸ਼ਕਲ- ਔਖਾ। ਕੁਠਾਲੀ- ਮਿੱਟੀ ਦਾ ਬਣਾਇਆ ਬਰਤਨ, ਜਿਸ ਵਿੱਚ ਸੁਨਿਆਰ ਸੋਨਾ, ਚਾਂਦੀ ਆਦਿ ਧਾਤਾਂ ਢਾਲਦੇ ਹਨ। ਦੁਰਮਤਿ- ਨਾਦਾਨੀ, ਮੂਰਖਤਾ। ਕਰਮ- ਭਾਗ। ਸ਼ਰੀਰੀ- ਦੇਹੀ, ਸ਼ਰੀਰ। ਤਕੱਬਰੀ- ਹੰਕਾਰ। ਹਲੀਮੀ- ਨਿਮਰਤਾ, ਨਰਮੀ, ਸ਼ਹਿਣਸ਼ੀਲਤਾ। ਸ਼ੀਰੀ- ਮਿਠਾਸ, ਮਿੱਠੀ ਜ਼ੁਬਾਨ। ਦਫ਼ਤਰ ਪਾੜੋ ਮੀਰੀ ਦਾ- ਵਡੱਪਣ ਦਾ ਮਾਣ ਛੱਡੋ। ਨਿਮਾਣਾ- ਅਹੰਕਾਰ ਰਹਿਤ, ਅਭਿਮਾਨ ਨਾ ਕਰਨ ਵਾਲਾ।

## ਰਹੀਏ ਵੇ ਨਾਲ ਸਜਨ ਦੇ

ਰਹੀਏ ਵੇ ਨਾਲ ਸਜਨ ਦੇ, ਰਹੀਏ ਵੇ। ਰਹਾਉ।

ਲਖ- ਲਖ ਬਦੀਆਂ ਤੇ ਸਉ ਸਉ ਤਾਹਨੇ,

ਸਭੇ ਸਿਰ ਤੇ ਸਹੀਏ ਵੇ।

ਤੋੜੇ ਸਿਰ ਵੰਞੇ ਧੜ ਨਾਲੋਂ,

ਤਾਂ ਹੀ ਹਾਲ ਨ ਕਹੀਏ ਵੇ।

ਸੁਖਨ ਜਿੰਨ੍ਹਾਂ ਦਾ ਹੋਵੈ ਦਾਰੂ, ਹਾਲ ਉਥਾਈਂ ਕਹੀਏ ਵੇ।

ਚੰਦਨ ਰੁਖ ਲਗਾ ਵਿੱਚ ਵੇਹੜੇ,

ਜ਼ੋਰ ਧਿਙਾਣੇ ਖਹੀਏ ਵੇ।



Downloaded from https:// www.studiestoday.com

Downloaded from https:// www.studiestoday.com

ਕਹੈ ਹੁਸੈਨ ਫ਼ਕੀਰ ਸਾਈਂ ਦਾ,

ਜੀਵੰਦਿਆਂ ਮਰ ਰਹੀਓ ਵੋ।

**ਸ਼ਬਦ ਅਰਥ:**

ਸਜਨ- ਪ੍ਰਭੂ ਪਿਆਰਾ। ਬਦੀਆਂ- ਬੁਰਾਈਆਂ, ਭੈੜ। ਤਾਹਨੇ- ਮਿਹਣੇ। ਵੰਞੇ- ਵੱਖਰਾ, ਵੱਖ ਕਰਨਾ, ਦੂਰ ਕਰਨਾ। ਹਾਲ ਨਾ ਕਹੀਏ- ਸੀ ਨਾ ਕਰਨੀ। ਸੁਖਨ - ਬੋਲ। ਸਿਰ ਤੇ ਸਹੀਏ- ਚੁੱਪ ਕਰਕੇ ਬਰਦਾਸ਼ਤ ਕਰਨਾ। ਧਿੰਙਾਣੇ- ਜ਼ਬਰਦਸਤੀ। ਤੋੜੇ- ਭਾਵੇਂ। ਉਥਾਈਂ- ਉੱਥੇ।

## ਪਾਵੇਂਗਾ ਦੀਦਾਰ ਸਾਹਿਬ ਦਾ

ਪਾਵੇਂਗਾ ਦੀਦਾਰ ਸਾਹਿਬ ਦਾ,

ਫ਼ਕੀਰਾ ਹੋਰ ਭੀ ਨੀਵਾਂ ਹੋਇ। ਰਹਾਉ।

ਟੋਪੀ ਮੈਲੀ ਸਾਬਣੁ ਥੋੜਾ,

ਬਹਿ ਕਿਨਾਰੇ ਧੋਇ।

ਮੀਣੀ ਢੱਗੀ ਨਾਮ ਸਾਈਂ ਦਾ,

ਅੰਦਰਿ ਬਹਿ ਕਰਿ ਚੋਇ।

ਉਛਲ ਨਦੀਆਂ ਤਾਰੂ ਹੋਈਆਂ,

ਮੈਂ ਕੰਢੇ ਰਹੀ ਖਲੋਇ।

ਕਹੈ ਹੁਸੈਨ ਫ਼ਕੀਰ ਸਾਈਂ ਦਾ,

ਹੋਣੀ ਹੋਇ ਸੋ ਹੋਇ।

**ਸ਼ਬਦ ਅਰਥ:**

ਸਾਹਿਬ- ਰੱਬ, ਪ੍ਰਮਾਤਮਾ। ਦੀਦਾਰ- ਦਰਸ਼ਨ, ਦੀਦ। ਕਿਨਾਰੇ- ਕੰਢੇ। ਉਛਲ ਨਦੀਆਂ ਤਾਰੂ ਹੋਈਆਂ- ਨਦੀਆਂ ਵਿੱਚ ਉਛਾਲਾ ਆ ਗਿਆ ਹੈ, ਹੁਣ ਇਹਨਾਂ ਨੂੰ ਤਰ ਕੇ ਹੀ ਲੰਘਿਆ ਜਾ ਸਕਦਾ ਹੈ। ਹੋਣੀ ਹੋਇ ਸੋ ਹੋਇ - ਜੋ ਹੋਣਾ ਹੈ ਉਹ ਹੋ ਕੇ ਰਹਿੰਦਾ ਹੈ।

## ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ

ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ।

ਸੂਲਾਂ ਮਾਰ ਦੀਵਾਨੀ ਕੀਤੀ,

ਬਿਰਹੁੰ ਪਾਇਆ ਸਾਡੇ ਖਿਆਲ ਨੀ, ਮੈਂ ਕੈਨੂੰ ਆਖਾਂ।

ਸੂਲਾਂ ਦੀ ਰੋਟੀ, ਦੁੱਖਾਂ ਦਾ ਲਾਵਣ,



Downloaded from https:// www.studiestoday.com

Downloaded from https:// www.studiestoday.com

ਹੱਡਾਂ ਦਾ ਬਾਲਣ ਬਾਲ ਨੀ, ਮੈਂ ਕੈਨੂੰ ਆਖਾਂ।

ਜੰਗਲ ਜੰਗਲ ਫਿਰਾਂ ਢੂੰਢੇਂਦੀ,

ਅਜੇ ਨਾ ਆਇਆ ਮਹੀਂਵਾਲ ਨੀ, ਮੈਂ ਕੈਨੂੰ ਆਖਾਂ।

ਰਾਂਝਣ ਰਾਂਝਣ ਫਿਰਾਂ ਢੂੰਢੇਂਦੀ,

ਰਾਂਝਣ ਮੇਰੇ ਨਾਲ ਨੀ, ਮੈਂ ਕੈਨੂੰ ਆਖਾਂ।

ਕਹੈ ਹੁਸੈਨ ਫ਼ਕੀਰ ਸਾਈਂ ਦਾ,

ਵੇਖ ਨਿਮਾਣਿਆਂ ਦਾ ਹਾਲ ਨੀ, ਮੈਂ ਕੈਨੂੰ ਆਖਾਂ।

**ਸ਼ਬਦ ਅਰਥ:**

ਕੈਨੂੰ- ਕਿਸ ਨੂੰ।ਲਾਵਨ- ਸਲੂਣਾ ਜਾਂ ਸਬਜ਼ੀ।ਢੂੰਢੇਂਦੀ- ਲੱਭਦੀ।ਨਿਮਾਣਿਆ- ਨਿਆਸਰਿਆ।

## ਰੱਬਾ ਮੇਰੇ ਅਉਗੁਣ ਚਿਤਿ ਨ ਧਰੀਂ

ਰੱਬਾ ਮੇਰੇ ਅਉਗੁਣ ਚਿਤਿ ਨ ਧਰੀ। ਰਹਾਉ।

ਅਉਗੁਣਿਆਰੀ ਨੂੰ ਕੋ ਗੁਣ ਨਾਹੀਂ,

ਲੂੰ- ਲੂੰ ਐਬ ਭਰੀ।

ਜਿਉਂ ਭਾਵੈ ਤਿਉਂ ਰਾਖਿ ਪਿਆਰਿਆ,

ਮੈਂ ਤੇਰੇ ਦੁਆਰੈ ਪਰੀ।

ਕਹੈ ਹੁਸੈਨ ਫ਼ਕੀਰ ਨਿਮਾਣਾ,

ਅਦਲੋਂ ਫ਼ਜਲ ਕਰੀਂ।

**ਸ਼ਬਦ ਅਰਥ:**

ਅਉਗੁਣ- ਔਗੁਣ। ਲੂੰ-ਲੂੰ- ਕਣ-ਕਣ। ਐਬ- ਦੋਸ਼, ਔਗੁਣ। ਅਦਲੋਂ ਫਜ਼ਲ ਕਰੀ- ਮੇਰੇ ਵਿੱਚ ਬਹੁਤ ਕਮਜ਼ੋਰੀਆਂ ਹਨ। ਇਸ ਲਈ ਤੂੰ ਮੇਰੇ 'ਤੇ ਮਿਹਰ ਕਰ, ਨਿਆਂ ਕਰ। ਜਿਉਂ ਭਾਵੈ- ਜਿਵੇਂ ਤੂੰ ਚਾਹੁੰਦਾ ਹੈ। ਰਾਖਿ- ਰੱਖ। ਦੁਆਰੈ- ਦਰ ਤੇ। ਪਰੀ- ਢਹਿ ਪਈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਬੁੱਢਾ ਹੋਇਓਂ ਸ਼ਾਹ ਹੁਸੈਨਾ,
ਦੰਦੀ ਝੇਰਾਂ ਪਈਆਂ।
ਉੱਠ ਸਵੇਰੇ ਢੂੰਡਣਿ ਲਗੋ,
ਸੰਝਿ ਦੀਆਂ ਜੋ ਗਈਆਂ।

(ਅ) ਲਖ-ਲਖ ਬਦੀਆਂ ਤੇ ਸਉ ਸਉ ਤਾਹਨੇ,
ਸਭੇ ਸਿਰ ਤੇ ਸਹੀਏ ਵੋ।
ਤੋੜੇ ਸਿਰ ਵੰਞੇ ਧੜ ਨਾਲੋਂ,
ਤਾਂ ਹੀ ਹਾਲ ਨ ਕਹੀਏ ਵੋ।

2. ਹੇਠਾਂ ਦਿੱਤੀ ਕਾਵਿ - ਤੁਕ ਦੀ ਵਿਆਖਿਆ ਕਰੋ:

(ੳ) ਰਾਂਝਣ ਰਾਂਝਣ ਫਿਰਾਂ ਢੂੰਢੇਂਦੀ,
ਰਾਂਝਣ ਮੇਰੇ ਨਾਲ ਨੀ, ਮੈਂ ਕੈਨੂੰ ਆਖਾਂ।

(ਅ) ਮੀਣੀ ਢੱਗੀ ਨਾਮ ਸਾਈਂ ਦਾ,
ਅੰਦਰਿ ਬਹਿ ਕਰਿ ਚੋਇ।

3. 'ਇੱਥੇ ਰਹਿਣਾ ਨਾਹੀਂ' ਕਾਫ਼ੀ ਦਾ ਕੇਂਦਰੀ ਭਾਵ ਲਿਖੋ।

4. 'ਮੁਸ਼ਕਲ ਘਾਟ ਫ਼ਕੀਰੀ ਦਾ' ਕਾਫ਼ੀ ਵਿੱਚ ਕਵੀ ਸ਼ਾਹ ਹੁਸੈਨ ਪਰਮਾਤਮਾ ਨੂੰ ਪਾਉਣ ਲਈ ਕਿਹੜਾ ਢੰਗ ਅਪਨਾਉਣ ਲਈ ਕਹਿੰਦਾ ਹੈ? ਲਿਖੋ।

5. "ਅਉਗੁਣਿਆਰੀ ਨੂੰ ਕੋ ਗੁਣ ਨਾਹੀਂ,
ਲੂੰ ਲੂੰ ਐਬ ਭਰੀ।" ਇਹਨਾਂ ਸਤਰਾਂ ਵਿੱਚ ਕਵੀ ਸ਼ਾਹ ਹੁਸੈਨ ਦਾ ਕਿਹੜਾ ਗੁਣ ਉਭਰ ਕੇ ਸਾਹਮਣੇ ਆਉਂਦਾ ਹੈ? ਲਿਖੋ।

6. ਸ਼ਾਹ ਹੁਸੈਨ ਅਨੁਸਾਰ ਸਾਹਿਬ ਦਾ ਦੀਦਾਰ ਪਾਉਣ ਲਈ ਮਨੁੱਖ ਨੂੰ ਕੀ ਕੀ ਕਰਨਾ ਚਾਹੀਦਾ ਹੈ?

7. 'ਰਹੀਏ ਵੋ ਨਾਲ ਸਜਨ ਦੇ' ਕਾਫੀ ਅਨੁਸਾਰ ਕਿਹੜੇ-ਕਿਹੜੇ ਗੁਣ ਧਾਰਨ ਕਰਕੇ ਸਜਨ ਦੇ ਨਾਲ ਰਿਹਾ ਜਾ ਸਕਦਾ ਹੈ?

8. 'ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ' ਕਾਫ਼ੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

9. ਸ਼ਾਹ ਹੁਸੈਨ ਜੀ ਦੇ ਜੀਵਨ ਅਤੇ ਕਾਵਿ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ।



Downloaded from https:// www.studiestoday.com

Downloaded from https:// www.studiestoday.com

## 8. ਸਾਈਂ ਬੁਲ੍ਹੇ ਸ਼ਾਹ

## (1680 ਈ.– 1758 ਈ.)

ਬੁਲ੍ਹੇ ਸ਼ਾਹ ਸੂਫ਼ੀ ਕਵੀਆਂ ਵਿੱਚ ਇੱਕ ਨਿਵੇਕਲਾ ਕਵੀ ਹੋਇਆ ਹੈ। ਉਸ ਨੇ ਆਪਣੇ ਕਲਾਮ ਨਾਲ, ਪੰਜਾਬੀ ਲੋਕਾਂ ਦੇ ਦਿਲਾਂ ਵਿੱਚ ਬੜਾ ਸਨਮਾਨਯੋਗ ਸਥਾਨ ਪ੍ਰਾਪਤ ਕੀਤਾ। ਸਾਈਂ ਬੁੱਲ੍ਹੇ ਸ਼ਾਹ ਦਾ ਜਨਮ 1680 ਈ ਵਿੱਚ ਪਿੰਡ ਪਾਂਡੋਕੇ ਜ਼ਿਲ੍ਹਾ ਲਾਹੌਰ ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਸਈਅਦ ਮੁਹੰਮਦ ਦਰਵੇਸ਼ ਸੀ ਜੋ ਕਿੱਤੇ ਵੱਜੋਂ ਅਧਿਆਪਕ ਸਨ। ਸਾਈਂ ਬੁਲ੍ਹੇ ਸ਼ਾਹ ਦਾ ਮੁੱਢਲਾ ਨਾਂ ਅਬਦੁੱਲਾ ਸੀ। ਉਸ ਨੇ ਮੁੱਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਹੀ ਪ੍ਰਾਪਤ ਕੀਤੀ। ਇਸ ਤਰ੍ਹਾਂ ਬੁਲ੍ਹੇ ਸ਼ਾਹ ਨੂੰ ਦਰਵੇਸ਼ੀ ਤੇ ਫਕੀਰੀ ਸੁਭਾਅ ਆਪਣੇ ਪਿਤਾ ਪਾਸੋਂ ਵਿਰਸੇ ਵਿੱਚ ਮਿਲਿਆ।

ਫਿਰ ਉਚੇਰੀ ਵਿੱਦਿਆ ਲਈ ਉਸ ਨੂੰ ਕਸੂਰ ਭੇਜਿਆ ਗਿਆ। ਕਸੂਰ ਦੇ ਮੌਲਵੀ ਗੁਲਾਮ ਮੁਰਤਜ਼ਾ ਕੋਲੋਂ ਆਪ ਨੇ ਸੰਸਾਰੀ ਸਿੱਖਿਆ ਪ੍ਰਾਪਤ ਕੀਤੀ। ਇੱਥੇ ਹੀ ਉਸ ਨੇ ਸ਼ਾਹ ਇਨਾਇਤ ਕਾਦਰੀ ਕੋਲੋਂ ਅਗਲੇਰੀ ਵਿਦਿਆ ਹਾਸਿਲ ਕੀਤੀ ਤੇ ਫਿਰ ਉਸੇ ਨੂੰ ਆਪਣਾ ਮੁਰਸ਼ਦ ਧਾਰ ਕੇ ਕਾਦਰੀ ਸੰਪਰਦਾਇ ਵਿੱਚ ਸ਼ਾਮਲ ਹੋ ਗਿਆ।

ਸਾਈਂ ਬੁਲ੍ਹੇ ਸ਼ਾਹ ਦਾ ਸਮਾਂ ਮੁਗਲ ਰਾਜ ਦੀ ਢਹਿੰਦੀ ਕਲਾ ਦਾ ਸਮਾਂ ਸੀ। ਇਸਲਾਮ ਧਰਮ ਦੇ ਆਗੂਆਂ ਵਿੱਚ ਸ਼ਰੱਈ ਕੱਟੜਤਾ ਭਰੀ ਪਈ ਸੀ। ਬੁਲ੍ਹੇ ਸ਼ਾਹ ਆਪਣੇ ਸੂਫ਼ੀ ਵਿਚਾਰਾਂ ਕਾਰਨ ਸ਼ਰ੍ਹਾਂ ਦੀ ਕੋਈ ਪਰਵਾਹ ਨਹੀਂ ਸੀ ਕਰਦਾ। ਇਸ ਕਾਰਨ ਉਸ ਦੇ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਨੇ ਉਸ ਨੂੰ ਆਪਣੇ ਡੇਰੇ ਵਿੱਚੋਂ ਕੱਢ ਦਿੱਤਾ। ਮੁਰਸ਼ਦ ਦੇ ਵਿਛੋੜੇ ਵਿੱਚ ਬੁਲ੍ਹੇ ਸ਼ਾਹ ਤੜਫ ਉੱਠਿਆ ਤੇ ਉਹ ਗਾਉਣ ਲੱਗਾ:

ਤੇਰੇ ਇਸ਼ਕ ਨਚਾਇਆ,

ਕਰ ਥਈਆ– ਥਈਆ।

ਇੱਕ ਦਿਨ ਉਹ ਇਨਾਇਤ ਸ਼ਾਹ ਦੇ ਰਸਤੇ ਵਿੱਚ ਮਜਲਸ ਲਾ ਕੇ ਗਾਉਣ ਲੱਗ ਪਿਆ। ਸੁਰੀਲੀ ਅਵਾਜ਼ ਅਤੇ ਸੋਜ਼ ਦੇ ਖਿੱਚੇ ਇਨਾਇਤ ਸ਼ਾਹ ਕਾਦਰੀ ਨੇ ਬੁਲ੍ਹੇ ਸ਼ਾਹ ਨੂੰ ਸੱਦ ਕੇ ਗਲ਼ ਨਾਲ ਲਾ ਲਿਆ। 1718 ਈ: ਵਿੱਚ ਸ਼ਾਹ ਇਨਾਇਤ ਕਾਦਰੀ ਦੇ ਚਲਾਣੇ ਪਿਛੋਂ ਸਾਈਂ ਬੁਲ੍ਹੇ ਸ਼ਾਹ ਮੁਰਸ਼ਦ ਦੀ ਗੱਦੀ ਤੇ ਬਿਰਾਜਮਾਨ ਹੋਇਆ। ਆਪ ਦਾ ਵਧੇਰੇ ਸਮਾਂ ਲਾਹੌਰ ਵਿੱਚ ਹੀ ਗੁਜਰਿਆ ਅਤੇ 1758 ਈ: ਵਿੱਚ ਆਪ ਦਾ ਦੇਹਾਂਤ ਹੋ ਗਿਆ।

ਬੁਲ੍ਹੇ ਸ਼ਾਹ ਇੱਕ ਫਕੀਰ ਕਵੀ ਸੀ ਤੇ ਉਹਨਾਂ ਦੀ ਕਵਿਤਾ ਨਾਲ ਪੰਜਾਬੀ ਸੂਫ਼ੀ ਕਵਿਤਾ ਆਪਣੇ ਸਿਖਰ ਉੱਤੇ ਪੁਜਦੀ ਹੈ। ਉਹਨਾਂ ਦੀ ਰਚਨਾ ਗਿਣਤੀ ਤੇ ਗੁਣਾਂ ਦੋਹਾਂ ਪੱਖਾਂ ਤੋਂ ਕਾਫ਼ੀ ਮਹਾਨਤਾ ਰਖਦੀ ਹੈ। ਉਹਨਾਂ ਦੀ ਪ੍ਰਾਪਤ ਰਚਨਾ ਦਾ ਵੇਰਵਾ ਇਉਂ ਹੈ: 156 ਕਾਫ਼ੀਆਂ, 48 ਦੋਹੜੇ, 3 ਸੀਹਰਫ਼ੀਆਂ, ਇੱਕ ਬਾਰਾਮਾਹ, 40 ਗੰਢਾ ਤੇ ਇੱਕ ਅਠਵਾਰਾ। ਬੁਲ੍ਹੇ ਸ਼ਾਹ ਦੀ ਬਹੁਤੀ ਪ੍ਰਸਿੱਧੀ ਉਸ ਦੀਆਂ ਕਾਫ਼ੀਆਂ ਕਰ ਕੇ ਹੋਈ ਹੈ।

ਬੁਲ੍ਹੇ ਸ਼ਾਹ ਦੇ ਕਲਾਮ ਵਿੱਚ ਉਹ 'ਮੁਰਸ਼ਦ' ਦੇ ਮਹੱਤਵ ਨੂੰ ਸੰਚਾਰਿਤ ਕਰਦਾ ਹੈ। ਉਸ ਦਾ 'ਇਸ਼ਕ' ਦਾ ਸੰਕਲਪ 'ਭਗਤੀ' ਦੇ ਸਮਭਾਵੀ ਹੈ। ਇਸ ਕਲਾਮ ਵਿੱਚ 'ਮੁਰਸ਼ਦ' ਅਤੇ 'ਇਸ਼ਕ' ਦੇ ਅੰਤਰ-ਸੰਬੰਧਾਂ ਵਿੱਚ ਦੇਹੀ ਤੋਂ ਰੂਹ ਤੱਕ ਦੇ ਸਫ਼ਰ ਦਾ ਵਰਣਨ ਕੀਤਾ ਗਿਆ ਹੈ। ਇਸ ਕਲਾਮ ਵਿੱਚ ਕੁਰਾਨ ਅਤੇ ਹਦੀਸਾਂ ਦੇ ਹਵਾਲੇ ਵੀ ਮਿਲਦੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਬੁਲ੍ਹੇਸ਼ਾਹ ਇਸਲਾਮ ਦੇ ਅਨੁਸ਼ਾਸਨ ਦੀ ਉਲੰਘਣਾ ਨਹੀਂ ਕਰਦਾ, ਸਗੋਂ 'ਕਥਨੀ' ਦੀ ਥਾਂ 'ਕਰਨੀ' ਦੀ ਵਕਾਲਤ ਕਰਦਾ ਹੈ। ਇਸੇ ਲਈ ਉਹ ਸ਼ਰ੍ਹਾਂ ਦੀ ਅਖੌਤੀ ਪਾਬੰਦੀ ਨੂੰ ਸਵੀਕਾਰ ਨਹੀਂ ਕਰਦਾ ਅਤੇ ਧਾਰਮਿਕ ਕੱਟੜਤਾ ਤੇ ਕਰਮ



Downloaded from https:// www.studiestoday.com

Downloaded from https:// www.studiestoday.com

– ਕਾਂਡਾਂ ਨੂੰ ਨਕਾਰਦਾ ਹੈ।

ਬੁਲ੍ਹੇ ਸ਼ਾਹ ਦੀ ਕਵਿਤਾ ਪੰਜਾਬੀ ਸੱਭਿਆਚਾਰ ਦੇ ਅਤਿ ਨੇੜੇ ਹੈ। ਉਸ ਨੇ ਆਪਣੇ ਅਨੁਭਵ ਦੇ ਸੰਚਾਰ ਲਈ ਪੰਜਾਬੀ ਸਭਿਆਚਾਰਕ ਸ਼ਬਦਾਵਲੀ (ਪੇਕਾ, ਸਹੁਰਾ, ਤ੍ਰਿੰਞਣ, ਚਰਖਾ, ਪੂਣੀਆਂ, ਪੂਰ ਆਦਿ) ਦੀ ਵਰਤੋਂ ਕੀਤੀ ਹੈ। ਉਸ ਦੀ ਕਵਿਤਾ ਵਿੱਚ ਲੋਕ ਗੀਤਾਂ ਵਰਗੀ ਰਵਾਨੀ ਹੈ।

ਹਥਲੇ ਕਾਵਿ ਸੰਗ੍ਰਹਿ ਵਿੱਚ ਸ਼ਾਮਿਲ ਕੀਤੀਆਂ ਗਈਆਂ ਕਾਫ਼ੀਆਂ ਵਿੱਚ ਆਪ ਨੇ ਆਪਣੇ ਇਸ਼ਕ ਨੂੰ ਪਾਉਣ ਦੀ ਤਾਂਘ, ਸੱਚ ਬੋਲਣ, ਦੁਨਿਆਵੀ ਕੰਮਾਂ ਵਿੱਚ ਰੁੱਝੇ ਰਹਿਣ ਅਤੇ ਬਾਹਰੀ ਦਿਖਾਵੇ ਦੀ ਨਿਖੇਧੀ ਦੇ ਭਾਵ ਪ੍ਰਗਟ ਕੀਤੇ ਹਨ।

## ਤੇਰਾ ਨਾਮ ਧਿਆਈਦਾ

ਤੇਰਾ ਨਾਮ ਧਿਆਈਦਾ

ਸਾਈਂ ਤੇਰਾ ਨਾਮ ਧਿਆਈਦਾ

ਬੁੱਲ੍ਹੇ ਨਾਲੋਂ ਚੁੱਲ੍ਹਾ ਚੰਗਾ

ਜਿਸ ਪਰ ਤਾਮ ਪਕਾਈਦਾ

ਰਲ ਫਕੀਰਾਂ ਮਜਲਿਸ ਕੀਤੀ

ਭੋਰਾ-ਭੋਰਾ ਖਾਈਦਾ

ਰੰਗੜ ਨਾਲੋਂ ਖੰਗਰ ਚੰਗਾ

ਜਿਸ ਪਰ ਪੈਰ ਘਸਾਈਦਾ

ਬੁੱਲ੍ਹਾ ਸ਼ਹੁ ਨੂੰ ਸੋਈ ਪਾਵੇ

ਜੋ ਬੱਕਰਾ ਬਣੇ ਕਸਾਈ ਦਾ

**ਸ਼ਬਦ ਅਰਥ:**

ਧਿਆਈਦਾ- ਜਪੀ ਦਾ ਹੈ। ਸਾਂਈਂ- ਪਰਮਾਤਮਾ। ਤਾਮ- ਭੋਜਨ, ਖਾਣਾ। ਮਜਲਿਸ- ਮਿਲ ਕੇ ਬੈਠਣਾ। ਭੋਰਾ- ਥੋੜ੍ਹਾ। ਖਿੰਗਰ- ਖੁਰਦਰਾ ਵੱਟਾ ਜਿਸ ਨਾਲ ਪੈਰ ਸਾਫ਼ ਕੀਤੇ ਜਾਂਦੇ ਹਨ। ਘਸਾਈਦਾ- ਰਗੜੀ ਦਾ। ਸ਼ਹੁ- ਪ੍ਰਭੂ। ਬੱਕਰਾ ਬਣੇ ਕਸਾਈ ਦਾ- ਆਪਣਾ ਆਪ ਕੁਰਬਾਨ ਕਰ ਦੇਵੇ।

## ਮੂੰਹ ਆਈ ਬਾਤ ਨਾ ਰਹਿੰਦੀ ਏ

ਝੂਠ ਆਖਾਂ ਤੇ ਕੁਝ ਬਚਦਾ ਏ, ਸੱਚ ਆਖਿਆ ਭਾਂਬੜ ਮਚਦਾ ਏ

ਜੀ ਦੋਹਾਂ ਗੱਲਾਂ ਤੋਂ ਜਚਦਾ ਏ, ਜਚ ਜਚ ਕੇ ਜਿਹਬਾ ਕਹਿੰਦੀ ਏ

ਮੂੰਹ ਆਈ ਬਾਤ ਨਾ ਰਹਿੰਦੀ ਏ

ਜਿਸ ਪਾਇਆ ਭੇਤ ਕਲੰਦਰ ਦਾ, ਰਾਹ ਖੋਜਿਆ ਆਪਣੇ ਅੰਦਰ ਦਾ



Downloaded from https:// www.studiestoday.com

Downloaded from https:// www.studiestoday.com

ਉਹ ਵਾਸੀ ਹੈ ਸੁੱਖ ਮੰਦਰ ਦਾ, ਜਿੱਥੇ ਕੋਈ ਨਾ ਚੜ੍ਹਦੀ ਲਹਿੰਦੀ ਏ

ਮੂੰਹ ਆਈ ਬਾਤ ਨਾ ਰਹਿੰਦੀ ਏ

ਇਕ ਲਾਜ਼ਮ ਬਾਤ ਅਦਬ ਦੀ ਏ, ਸਾਨੂੰ ਬਾਤ ਮਾਲੂਮੀ ਸਭ ਦੀ ਏ

ਹਰ ਹਰ ਵਿਚ ਸੂਰਤ ਰੱਬ ਦੀ ਏ, ਕਿਤੇ ਜ਼ਾਹਰ ਕਿਤੇ ਛੁਪੇਂਦੀ ਏ।

ਮੂੰਹ ਆਈ ਬਾਤ ਨਾ ਰਹਿੰਦੀ ਏ

**ਸ਼ਬਦ ਅਰਥ:**

ਜੱਚਦਾ- ਰੁਕਦਾ। ਜਿਹਬਾ- ਜ਼ੁਬਾਨ। ਕਲੰਦਰ- ਫਕੀਰੀ ਦਾ ਇਕ ਵਿਸ਼ੇਸ ਦਰਜਾ, ਮੁਲਸਮਾਨ ਫਕੀਰਾਂ ਦੇ ਪੰਜ ਦਰਜਿਆਂ ਵਿਚੋਂ ਇੱਕ। ਲਾਜ਼ਮ- ਜਰੂਰੀ, ਮੁਨਾਸਿਬ, ਉਚਿਤ। ਅਦਬ- ਆਦਰ, ਆਦਰ ਸਤਿਕਾਰ। ਜ਼ਾਹਰ- ਪ੍ਰਤੱਖ, ਪ੍ਰਗਟ। ਹਰ ਹਰ ਵਿਚ ਸੂਰਤ ਰੱਬ ਦੀ – ਹਰੇਕ ਮਨੁੱਖ ਦੇ ਅੰਦਰ ਰੱਬ ਵਸਦਾ ਹੈ।

## ਉੱਠ ਜਾਗ ਘੁਰਾੜੇ ਮਾਰ ਨਹੀਂ

ਕਿੱਥੇ ਹੈ ਸੁਲਤਾਨ ਸਿਕੰਦਰ, ਮੌਤ ਨਾ ਛੱਡੇ ਪੀਰ ਪੈਗ਼ੰਬਰ

ਸਭੇ ਛੱਡ ਛੱਡ ਗਏ ਅਡੰਬਰ, ਕੋਈ ਏਥੇ ਪਾਇਦਾਰ ਨਹੀਂ

ਉੱਠ ਜਾਗ ਘੁਰਾੜੇ ਮਾਰ ਨਹੀਂ

ਜੋ ਕੁੱਝ ਕਰਸੇਂ ਸੋ ਕੁਝ ਪਾਸੇਂ, ਨਹੀਂ ਤੇ ਓੜਕ ਪਛੋਤਾਸੇਂ

ਸੁੰਞੀ ਕੂੰਜ ਵਾਂਙ ਕੁਰਲਾਸੇਂ, ਖੰਭਾ ਬਾਝ ਉਡਾਰ ਨਹੀਂ

ਉੱਠ ਜਾਗ ਘੁਰਾੜੇ ਮਾਰ ਨਹੀਂ

ਡੇਰਾ ਕਰਸੇਂ ਉਹਨੀ ਥਾਈਂ, ਜਿਥੇ ਸ਼ੇਰ ਪਲੰਗ ਬਲਾਈਂ

ਖਾਲੀ ਰਹਿਸਣ ਮਹਿਲ ਸਰਾਈਂ, ਫਿਰ ਤੂੰ ਵਿਰਸੇਦਾਰ ਨਹੀਂ

ਉੱਠ ਜਾਗ ਘੁਰਾੜੇ ਮਾਰ ਨਹੀਂ

ਅਸੀਂ ਆਜਜ਼ ਵਿੱਚ ਕੋਟ ਇਲਮ ਦੇ, ਓਸੇ ਆਂਦੇ ਵਿਚ ਕਲਮ ਦੇ

ਬਿਨ ਕਲਮੇ ਦੇ ਨਾਹੀਂ ਕੰਮ ਦੇ, ਬਾਝੋਂ ਕਲਮੇ ਪਾਰ ਨਹੀਂ!

ਉੱਠ ਜਾਗ ਘੁਰਾੜੇ ਮਾਰ ਨਹੀਂ

ਬੁੱਲ੍ਹਾ ਸ਼ੌਹ ਬਿਨ ਕੋਈ ਨਾਹੀਂ, ਏਥੇ ਓਥੇ ਦੋਹੀਂ ਸਰਾਈਂ

ਸੰਭਲ ਸੰਭਲ ਕੇ ਕਦਮ ਟਿਕਾਈ, ਫੇਰ ਆਵਣ ਦੂਜੀ ਵਾਰ ਨਹੀਂ

ਉੱਠ ਜਾਗ ਘੁਰਾੜੇ ਮਾਰ ਨਹੀਂ



Downloaded from https:// www.studiestoday.com

Downloaded from https:// www.studiestoday.com

**ਸ਼ਬਦ ਅਰਥ:**

ਦਰਕਾਰ– ਜ਼ਰੂਰੀ। ਸੁਲਤਾਨ– ਸਮਰਾਟ। ਪਾਏਦਾਰ– ਪੱਕਾ। ਓੜਕ– ਅਖੀਰ, ਅੰਤ ਨੂੰ। ਸੁੰਞੀ– ਇਕੱਲੀ। ਉਡਾਰ– ਉਡਣ ਲਾਇਕ। ਸ਼ੌਹ– ਮਾਲਿਕ, ਰੱਬ। ਏਥੇ ਉੱਥੇ– ਲੋਕ ਪਰਲੋਕ। ਸੰਭਲ– ਸੋਚ ਸਮਝ। ਟਿਕਾਈ– ਰੱਖੀ। ਦੋਈ– ਦੋਵੇਂ।

## ਮਾਟੀ ਕੁਦਮ ਕਰੇਂਦੀ ਯਾਰ

ਮਾਟੀ ਜੋੜਾ ਮਾਟੀ ਘੋੜਾ, ਮਾਟੀ ਦਾ ਅਸਵਾਰ
ਮਾਟੀ ਮਾਟੀ ਨੂੰ ਦੌੜਾਏ, ਮਾਟੀ ਦਾ ਖੜਕਾਰ
ਮਾਟੀ ਕੁਦਮ ਕਰੇਂਦੀ ਯਾਰ
ਮਾਟੀ ਮਾਟੀ ਨੂੰ ਮਾਰਨ ਲੱਗੀ, ਮਾਟੀ ਦੇ ਹਥਿਆਰ
ਜਿਸ ਮਾਟੀ ਪਰ ਬਹੁਤਹ ਮਾਟੀ, ਤਿਸ ਮਾਟੀ ਅਹੰਕਾਰ
ਮਾਟੀ ਕੁਦਮ ਕਰੇਂਦੀ ਯਾਰ
ਮਾਟੀ ਬਾਗ਼ ਬਗ਼ੀਚਾ ਮਾਟੀ, ਮਾਟੀ ਦੀ ਗੁਲਜ਼ਾਰ
ਮਾਟੀ ਮਾਟੀ ਨੂੰ ਵੇਖਣ ਆਈ, ਮਾਟੀ ਦੀ ਏ ਬਹਾਰ
ਮਾਟੀ ਕੁਦਮ ਕਰੇਂਦੀ ਯਾਰ
ਹੱਸ ਖੇਡ ਮੁੜ ਮਾਟੀ ਹੋਈ, ਮਾਟੀ ਪਾਓਂ ਪਸਾਰ
ਬੁੱਲ੍ਹਾ ਇਹ ਬੁਝਾਰਤ ਬੁੱਝੇ, ਲਾਹ ਸਿਰੋਂ ਭੋਏਂ ਮਾਰ
ਮਾਟੀ ਕੁਦਮ ਕਰੇਂਦੀ ਯਾਰ

**ਸ਼ਬਦ ਅਰਥ:**

ਮਾਟੀ– ਮਿੱਟੀ ਦਾ ਬਣਿਆ ਸਰੀਰ। ਕੁਦਮ ਕਰੇਂਦੀ– ਖਰੂਦ ਕਰਦੀ, ਨੱਚਦੀ ਟੱਪਦੀ। ਗੁਲਜ਼ਾਰ– ਫੁਲਵਾੜੀ, ਬਾਗ। ਅਸਵਾਰ– ਸਵਾਰੀ ਕਰਨ ਵਾਲਾ। ਅਹੰਕਾਰ– ਹੰਕਾਰ, ਹਉਮੈ। ਬੁਝਾਰਤ– ਬਾਤ। ਪਸਾਰ– ਪਸਰ ਕੇ।

## ਇਸ਼ਕ ਦੀ ਨਵੀਉਂ ਨਵੀਂ ਬਹਾਰ

ਫੂਕ ਮੁਸੱਲਾ ਭੰਨ ਸੁੱਟ ਲੋਟਾ, ਨਾ ਫੜ ਤਸਬੀ ਕਾਸਾ ਸੋਟਾ
ਆਸ਼ਕ ਕਹਿੰਦੇ ਦੇ ਦੇ ਹੋਕਾ, ਤਰਕ ਹਲਾਲੋਂ ਖਾਹ ਮੁਰਦਾਰ
ਇਸ਼ਕ ਦੀ ਨਵੀਉਂ ਨਵੀਂ ਬਹਾਰ
ਉਮਰ ਗਵਾਈ ਵਿਚ ਮਸੀਤੀ, ਅੰਦਰ ਭਰਿਆ ਨਾਲ ਪਲੀਤੀ



Downloaded from https:// www.studiestoday.com

Downloaded from https:// www.studiestoday.com

ਕਦੇ ਨਮਾਜ਼ ਤੌਹੀਦ ਨਾ ਨੀਤੀ, ਹੁਣ ਕੀ ਕਰਨਾ ਏਂ ਸ਼ੋਰ ਪੁਕਾਰ

ਇਸ਼ਕ ਦੀ ਨਵੀਉਂ ਨਵੀਂ ਬਹਾਰ

ਜਾ ਮੈਂ ਸਬਕ ਇਸ਼ਕ ਦਾ ਪੜ੍ਹਿਆ

ਮਸਜਿਦ ਕੋਲੋਂ ਜੀਉੜਾ ਡਰਿਆ

ਡੇਰੇ ਜਾ ਠਾਕਰ ਦੇ ਵੜਿਆ

ਜਿੱਥੇ ਵੱਜਦਾ ਨਾਦ ਹਜ਼ਾਰ

ਇਸ਼ਕ ਦੀ ਨਵੀਉਂ ਨਵੀਂ ਬਹਾਰ

ਜਾ ਮੈ ਰਮਜ਼ ਇਸ਼ਕ ਦੀ ਪਾਈ

ਮੈਨਾਂ - ਤੂਤੀ ਮਾਰ ਗਵਾਈ

ਅੰਦਰ ਬਾਹਰ ਹੋਈ ਸਫ਼ਾਈ

ਜਿਤ ਵੱਲ ਵੇਖਾਂ ਯਾਰੋ ਯਾਰ

ਇਸ਼ਕ ਦੀ ਨਵੀਉਂ ਨਵੀਂ ਬਹਾਰ

ਹੀਰ ਰਾਂਝਣ ਦੇ ਹੋ ਗਏ ਮੇਲੇ

ਭੁੱਲੀ ਹੀਰ ਢੂੰਢੇਂਦੀ ਬੇਲੇ

ਰਾਂਝਣ ਯਾਰ ਬੁੱਕਲ ਵਿੱਚ ਖੇਲੇ

ਮੈਨੂੰ ਸੁਧ ਰਹੀ ਨਾ ਸਾਰ

ਇਸ਼ਕ ਦੀ ਨਵੀਉਂ ਨਵੀਂ ਬਹਾਰ

**ਸ਼ਬਦ ਅਰਥ:**

ਲੋਟਾ- ਨਮਾਜ਼ ਤੋਂ ਪਹਿਲਾਂ ਹੱਥ ਪੈਰ ਧੋਣ ਲਈ ਵਰਤਿਆ ਜਾਣ ਵਾਲਾ ਟੂਟੀਦਾਰ ਭਾਂਡਾ। ਮੁਸੱਲਾ- ਸਫ਼ ਜਿਸ ਉੱਤੇ ਬੈਠ ਕੇ ਮੁਸਲਮਾਨ ਨਮਾਜ਼ ਪੜ੍ਹਦੇ ਹਨ। ਕਾਸਾ- ਭਿੱਖਿਆ ਮੰਗਣ ਲਈ ਵਰਤਿਆ ਜਾਣ ਵਾਲਾ ਭਾਂਡਾ, ਕਚਕੌਲ।ਆਲਿਮ- ਵਿਦਵਾਨ, ਇਲਮਵਾਲਾ, ਗਿਆਨਵਾਨ।ਤਰਕ- ਛੱਡ ਦੇਹ। ਮੁਰਦਾਰ- ਹਰਾਮ। ਹਲਾਲ- ਜਾਇਜ਼। ਮਸੀਤੀ- ਮਸਜਿਦ। ਪਲੀਤੀ- ਗੰਦਗੀ। ਤੌਹੀਦ- ਰੱਬ ਦੀ ਇਕਤਾ ਅਰਥਾਤ ਇੱਕ ਰੱਬ ਤੇ ਵਿਸ਼ਵਾਸ਼। ਮੈਨਾ-ਤੂਤੀ- ਮੈਂ ਤੇ ਤੂੰ ਦਾ ਭੇਦ। ਰਮਜ਼- ਗੁੱਝਾ ਭੇਤ। ਬੇਲੇ- ਜੰਗਲ। ਬਗਲ- ਕੁੱਛੜ।

## ਮੇਰੀ ਬੁੱਕਲ ਦੇ ਵਿੱਚ ਚੋਰ

ਮੇਰੀ ਬੁੱਕਲ ਦੇ ਵਿੱਚ ਚੋਰ



Downloaded from https:// www.studiestoday.com

Downloaded from https:// www.studiestoday.com

ਸਾਧੋ, ਕੈਹ ਨੂੰ ਕੂਕ ਸੁਣਾਵਾਂ ?
ਨੀ ਮੇਰੀ ਬੁੱਕਲ ਦੇ ਵਿੱਚ ਚੋਰ।
ਕਿਤੇ ਰਾਮਦਾਸ ਕਿਤੇ ਫ਼ਤਹਿ ਮੁਹੰਮਦ,
ਇਹੋ ਕਦੀਮੀਂ ਸ਼ੋਰ।
ਮੁਸਲਮਾਨ ਸਿਵੇ ਤੋਂ ਚਿੜਦੇ,
ਹਿੰਦੂ ਚਿੜਦੇ ਗੋਰ।
ਚੁੱਕ ਗਏ ਸਭ ਝਗੜੇ ਝੇੜੇ,
ਨਿਕਲ ਪਿਆ ਕੋਈ ਹੋਰ।
ਸਾਧੋ ! ਕਿਸ ਨੂੰ ਕੂਕ ਸੁਣਾਵਾਂ ?
ਮੇਰੀ ਬੁੱਕਲ ਦੇ ਵਿੱਚ ਚੋਰ।

ਜਿਸ ਢੂੰਡਿਆ ਤਿਸ ਪਾਇਓ ਨਾਹੀਂ,
ਝੁਰ ਝੁਰ ਹੋਇਆ ਮੋਰ।
ਆਪ ਸਾਹਿਬ ਜਿਸ ਨੂੰ ਭਾਲ ਲਏ,
ਮੈਨੂੰ ਓਸੇ ਦੀ ਗਤ ਜੋਰ।
ਜਿਹੜਾ ਲੇਖ ਮੱਥੇ ਦਾ ਲਿਖਿਆ,
ਕੌਣ ਕਰੇ ਭੰਨ ਤੋੜ।
ਸਾਧੋ ! ਕਿਸ ਨੂੰ ਕੂਕ ਸੁਣਾਵਾਂ ?
ਮੇਰੀ ਬੁੱਕਲ ਦੇ ਵਿੱਚ ਚੋਰ।

ਪੀਰ ਪੀਰਾਂ ਬਗਦਾਦ ਅਸਾਡਾ,
ਮੁਰਸ਼ਦ, ਤਖਤ ਲਾਹੌਰ।
ਉਹ ਅਸੀਂ ਸਭ ਇੱਕੋ ਕੋਈ,
ਆਪ ਗੁੱਡੀ ਆਪ ਡੋਰ।
ਮੈਂ ਦੱਸਨਾ ਤੁਸੀਂ ਪਕੜ ਲਿਆਵੋ,
ਬੁੱਲ੍ਹੇ ਸ਼ਾਹ ਚੁਗਲੀ ਖੋਰ।
ਸਾਧੋ, ਕਿਸ ਨੂੰ ਕੂਕ ਸੁਣਾਵਾਂ,
ਮੇਰੀ ਬੁੱਕਲ ਦੇ ਵਿੱਚ ਚੋਰ।

**ਸ਼ਬਦ ਅਰਥ:**

ਗੋਰ-ਕਬਰ। ਝਗੜੇ-ਝੇੜੇ—ਵਿਰੋਧੀ ਟਕਰਾਅ। ਗਤ- ਮਾਰਗ, ਰਸਤਾ। ਜ਼ੋਰ- ਜੋੜ। ਪੀਰ ਪੀਰਾਂ- ਮੁਰਸ਼ਦ ਦਾ ਪੀਰ (ਸੱਯਦ ਅਬਦੁੱਲ ਕਾਦਰ ਜਿਲ਼ਾਨੀ)। ਮੁਰਸ਼ਦ- ਗੁਰੂ (ਸ਼ਾਹ ਅਨਾਇਤ)।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਕਿਤੇ ਰਾਮਦਾਸ ਕਿਤੇ ਫਤਹਿ ਮੁਹੰਮਦ ਇਹੋ ਕਦੀਮੀ ਸ਼ੋਰ।
ਮਿਟ ਗਿਆ ਦੋਹਾਂ ਦਾ ਝਗੜਾ ਨਿਕਲ ਪਿਆ ਕੁਝ ਹੋਰ।
ਨੀ ਮੇਰੀ ਬੁੱਕਲ ਦੇ ਵਿਚ ਚੋਰ।

(ਅ) ਜਿਸ ਪਾਇਆ ਭੇਤ ਕਲੰਦਰ ਦਾ, ਰਾਹ ਖੋਜਿਆ ਆਪਣੇ ਅੰਦਰ ਦਾ।
ਉਹ ਵਾਸੀ ਹੈ ਸੁੱਖ ਮੰਦਰ ਦਾ, ਜਿੱਥੇ ਕੋਈ ਨਾ ਚੜ੍ਹਦੀ ਲਹਿੰਦੀ ਏ।

(ੲ) ਕਿੱਥੇ ਹੈ ਸੁਲਤਾਨ ਸਿਕੰਦਰ, ਮੌਤ ਨਾ ਛੱਡੇ ਪੀਰ ਪੈਗ਼ੰਬਰ,
ਸਭੇ ਛੱਡ ਗਏ ਅਡੰਬਰ, ਕੋਈ ਏਥੇ ਪਾਇਦਾਰ ਨਹੀਂ।

2. ਹੇਠਾਂ ਦਿੱਤੀਆਂ ਕਾਵਿ – ਸਤਰਾਂ ਦੀ ਵਿਆਖਿਆ ਕਰੋ:

(ੳ) ਬੁੱਲ੍ਹਾ ਸ਼ਹੁ ਨੂੰ ਸੋਈ ਪਾਵੇ, ਜੋ ਬੱਕਰਾ ਬਣੇ ਕਸਾਈ ਦਾ।

(ਅ) ਜਿਸ ਮਾਟੀ ਪਰ ਬਹੁਤੀ ਮਾਟੀ, ਤਿਸ ਮਾਟੀ ਅਹੰਕਾਰ।

(ੲ) ਉਮਰ ਗਵਾਈ ਵਿਚ ਮਸੀਤੀ, ਅੰਦਰ ਭਰਿਆ ਨਾਲ ਪਲੀਤੀ।

3. 'ਮੇਰੀ ਬੁੱਕਲ ਦੇ ਵਿੱਚ ਚੋਰ' ਕਵਿਤਾ ਦਾ ਕੇਂਦਰੀ ਭਾਵ ਲਿਖੋ।

4. 'ਤੇਰਾ ਨਾਮ ਧਿਆਈਂਦਾ ਸਾਈਂ' ਕਵਿਤਾ ਵਿੱਚ ਕਵੀ ਨੇ ਪਰਮਾਤਮਾ ਨੂੰ ਪਾਉਣ ਦਾ ਕਿਹੜਾ ਰਸਤਾ ਦੱਸਿਆ ਹੈ?

5. 'ਮੂੰਹ ਆਈ ਬਾਤ ਨਾ ਰਹਿੰਦੀ ਏ' ਕਵਿਤਾ ਵਿੱਚ ਕਵੀ ਸੱਚ ਜਾਂ ਝੂਠ ਕਹਿਣ ਤੋਂ ਕਿਉਂ ਡਰਦਾ ਹੈ? ਲਿਖੋ।

6. ਇਸ਼ਕ ਦਾ ਸਬਕ ਪੜ੍ਹ ਦੇ ਕਵੀ ਦੀ ਅਵਸਥਾ ਕਿਹੋ ਜਿਹੀ ਹੋ ਗਈ, ਦਾ ਵਰਣਨ ਕਵਿਤਾ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਆਧਾਰ 'ਤੇ ਲਿਖੋ।

7. 'ਉਠ ਜਾਗ ਘੁਰਾੜੇ ਮਾਰ ਨਹੀਂ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

8. 'ਮਾਟੀ ਕੁਦਮ ਕਰੇਂਦੀ ਯਾਰ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

9. ਸਾਈਂ ਬੁਲ੍ਹੇ ਸ਼ਾਹ ਦੀ ਜੀਵਨ ਅਤੇ ਕਾਵਿ ਰਚਨਾ 'ਤੇ ਸੰਖੇਪ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 9. ਵਾਰਸ ਸ਼ਾਹ

## (1722 ਈ.– 1785 ਈ.)

ਵਾਰਸ ਸ਼ਾਹ ਪੰਜਾਬੀ ਸਾਹਿਤ ਦਾ ਇਕ ਪ੍ਰਮੁੱਖ ਕਿੱਸਾ ਕਵੀ ਹੈ। ਉਸ ਨੇ 'ਹੀਰ ਰਾਂਝੇ' ਦੀ ਕਥਾ ਨੂੰ ਲੈ ਕੇ ਕਿੱਸਾ ਲਿਖਿਆ। ਇਹ ਕਿੱਸਾ ਵਾਰਸ ਸ਼ਾਹ ਤੇ ਪੰਜਾਬੀ ਕਿੱਸਾ ਕਾਵਿ ਦੀ ਇਕ ਸ਼ਾਹਕਾਰ ਰਚਨਾ ਹੈ। ਵਾਰਸ ਸ਼ਾਹ ਦੇ ਜੀਵਨ ਬਾਰੇ ਅਜੇ ਤੱਕ ਬਹੁਤੇ ਵੇਰਵੇ ਪ੍ਰਾਪਤ ਨਹੀ ਹੋਏ। ਹੁਣ ਤੱਕ ਦੀ ਖੋਜ ਅਨੁਸਾਰ ਵਾਰਸ ਦਾ ਜਨਮ 1722 ਈ: ਦੇ ਨੇੜੇ-ਤੇੜੇ ਮੰਨਿਆ ਜਾਂਦਾ ਹੈ। ਵਾਰਸ ਸ਼ਾਹ ਜਨਮ ਵਲੋਂ ਸੱਯਦ ਸੀ ਤੇ ਉਸ ਨੇ ਆਪਣਾ ਸਾਰਾ ਜੀਵਨ ਸੂਫ਼ੀ ਫ਼ਕੀਰਾਂ ਵਾਂਗ ਗੁਜਾਰਿਆ। ਅੰਤਲੀ ਉਮਰ ਉਸ ਨੇ ਮਲਕਾ ਹਾਂਸ, ਜ਼ਿਲ੍ਹਾ ਮਿੰਟਗੁਮਰੀ ਦੀ ਇਕ ਮਸੀਤ ਵਿੱਚ ਗੁਜ਼ਾਰੀ ਤੇ ਇੱਥੇ ਹੀ ਉਸ ਨੇ ਆਪਣੀ ਮਹਾਨ ਰਚਨਾ 'ਹੀਰ' ਦੀ ਸਿਰਜਣਾ ਕੀਤੀ। ਉਸ ਦੀ ਮੌਤ ਵੀ ਇਥੇ ਹੀ 1785 ਈ: ਵਿੱਚ ਹੋਈ ਮੰਨੀ ਜਾਂਦੀ ਹੈ। ਮਲਕਾ ਹਾਂਸ ਵਿੱਚ ਵਾਰਸ ਸ਼ਾਹ ਦੀ ਕਬਰ ਹੈ। ਜਿੱਥੇ ਹਰ ਸਾਲ ਮੇਲਾ ਲੱਗਦਾ ਹੈ।

ਪੰਜਾਬੀ ਕਿੱਸਾ ਕਾਵਿ ਵਿਚ ਹੀਰ ਰਾਂਝੇ ਦੀ ਕਥਾ ਸਭ ਤੋਂ ਵੱਧ ਮਕਬੂਲ ਹੋਈ ਹੈ ਅਤੇ ਹੀਰ 'ਤੇ ਲਿਖੇ ਗਏ ਕਿੱਸਿਆਂ ਵਿਚੋਂ ਸਭ ਤੋਂ ਵੱਧ ਪ੍ਰਸਿੱਧੀ ਵਾਰਸ ਦੇ ਕਿੱਸੇ ਨੂੰ ਮਿਲੀ। ਇਸ ਪ੍ਰਸਿੱਧੀ ਦਾ ਕਾਰਨ ਵਾਰਸ ਦਾ ਦ੍ਰਿਸ਼ਟੀਕੋਣ ਵੀ ਹੈ ਤੇ ਉਸ ਦੀ ਕਾਵਿ ਕਲਾ ਵੀ ਹੈ। ਵਾਰਸ ਦੀ ਰਚਨਾ ਨੂੰ ਪੜ੍ਹ ਕੇ ਜਿਹੜੀ ਗੱਲ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ, ਉਹ ਹੈ- ਹੀਰ ਰਾਂਝੇ ਦੇ ਦੁਖਾਂਤ ਦਾ ਸਮਾਜਿਕ ਪ੍ਰਸੰਗ। ਰਾਂਝੇ ਦੇ ਘਰੋਂ ਨਿਕਲਣ ਤੋਂ ਲੈ ਕੇ ਹੀਰ ਰਾਂਝੇ ਦੀ ਮੌਤ ਤਕ ਸਾਰੇ ਦੁਖਾਂਤ ਪ੍ਰਚਲਿਤ ਸਮਾਜਿਕ ਵਰਤਾਰੇ ਦੇ ਕਾਰਨ ਹਨ। ਰਾਂਝੇ ਨੂੰ ਘਰੋਂ ਨਿਕਲਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਸ ਦੇ ਭਰਾ ਪੱਖਪਾਤੀ ਹਨ।

ਵੱਢੀ ਦੇਇ ਕੇ ਭੁਇੰ ਦੇ ਬਣੇ ਵਾਰਸ

ਬੰਜਰ ਜ਼ਿਮੀਂ ਰੰਝੇਟੇ ਨੂੰ ਆਇਆ ਈ।

ਫਿਰ ਹੀਰ ਰਾਂਝੇ ਦੇ ਪਿਆਰ ਦੇ ਰਾਹ ਵਿਚ ਇਹ ਸਮਾਜ, ਬਰਾਦਰੀ ਦੇ ਰੂਪ ਵਿਚ ਰੋੜਾ ਬਣ ਖਲੋਂਦਾ ਹੈ, ਕਿਉਂਕਿ ਉਸ ਸਮੇਂ ਦੇ ਵਰਤਾਰੇ ਅਨੁਸਾਰ ਬਰਾਦਰੀ 'ਰੱਬ ਦਾ ਰੂਪ' ਹੈ ਤੇ ਇਸ ਉੱਤੋਂ ਇੱਕ ਹੀਰ ਤਾਂ ਕੀ ਲੱਖਾਂ ਹੀਰਾਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ:

ਜਿੱਥੇ ਰੱਬ ਦਾ ਨਾਉਂ ਤੇ ਜ਼ਿਕਰ ਆਇਆ,

ਲੱਖ ਬੇਟੀਆਂ ਚਾਇ ਕੁਰਬਾਨ ਕੀਚੈ।

ਸਿਰਫ਼ ਜ਼ਮੀਨ ਦੀ ਵੰਡ ਜਾਂ ਵਿਆਹ ਪ੍ਰਬੰਧ ਹੀ ਨਹੀਂ, ਸਗੋਂ ਮਨੁੱਖੀ ਰਿਸ਼ਤਿਆਂ ਦੇ ਮਕਰ ਫਰੇਬ, ਮੁਲਾਂ-ਮਲਾਣਿਆ ਦਾ ਪਾਖੰਡ ਭਰਿਆ ਜੀਵਨ, ਕਾਜ਼ੀਆਂ ਦੀ ਵੱਢੀ ਖੋਰੀ, ਭੇਖੀ ਜੋਗੀਆਂ ਦਾ ਦੋ ਪੱਖਾ ਜੀਵਨ ਆਦਿ ਇਹਨਾਂ ਸਾਰਿਆਂ ਨੂੰ ਵਾਰਸ ਸ਼ਾਹ ਨੇ ਇਸ ਪ੍ਰੇਮ ਕਹਾਣੀ ਦੇ ਚੌਖਟੇ ਵਿੱਚ ਬੀੜ ਕੇ ਐਸੀ ਚਤਰਾਈ ਨਾਲ ਪੇਸ਼ ਕੀਤਾ ਹੈ ਕਿ ਇੱਕ ਪੂਰੇ ਸਮਾਜ ਦੀ ਅੰਦਰੂਨੀ ਅਤੇ ਬਾਹਰਲੀ ਤਸਵੀਰ ਸਮੱਗਰ ਰੂਪ ਵਿੱਚ ਸਾਡੇ ਸਾਹਮਣੇ ਸਾਕਾਰ ਹੋ ਜਾਂਦੀ ਹੈ।

ਵਾਰਸ ਦੀ ਇਹ ਰਚਨਾ ਬੈਂਤ ਛੰਦ ਵਿੱਚ ਲਿਖੀ ਗਈ ਹੈ। ਉਸ ਦੇ ਬਿਆਨ ਵਿੱਚ ਨਾਟਕੀਅਤਾ, ਤਿੱਖੀ, ਚੋਭ ਤੇ ਵਿਅੰਗ ਕੁਝ ਐਸੀਆਂ ਕਾਵਿ ਜੁਗਤਾਂ ਹਨ ਜੋ ਇਸ ਕਿੱਸੇ ਨੂੰ ਉਸ ਸਮੇਂ ਦੇ ਸਮਾਜ ਦਾ ਯਥਾਰਥਕ ਚਿੱਤਰ ਖਿਚਣ ਵਿੱਚ ਸਹਾਈ ਹੁੰਦੀਆਂ ਹਨ। ਵਾਰਸ ਦੀ ਬੋਲੀ ਕੇਂਦਰੀ ਪੰਜਾਬੀ ਹੈ, ਭਾਵੇਂ ਇਸ ਵਿੱਚ ਅਰਬੀ, ਫ਼ਾਰਸੀ ਦੀ ਸ਼ਬਦਾਵਲੀ ਦੀ ਵੀ ਭਰਮਾਰ ਹੈ।

ਵਾਰਸ ਸ਼ਾਹ ਪੰਜਾਬੀ ਕਿੱਸਾ ਪਰੰਪਰਾ ਦਾ ਹੀ ਸਰਬੋਤਮ ਪ੍ਰਤੀਨਿਧ ਨਹੀਂ ਸਗੋਂ ਉਹ ਪੰਜਾਬੀ



Downloaded from https:// www.studiestoday.com

Downloaded from https:// www.studiestoday.com

ਸਾਹਿਤ ਦੇ ਸਮੁੱਚੇ ਇਤਿਹਾਸ ਵਿੱਚ ਨਵੇਕਲੇ ਸਥਾਨ ਦਾ ਧਾਰਨੀ ਹੈ।

ਹਥਲੇ ਕਾਵਿ ਸੰਗ੍ਰਹਿ ਵਿੱਚ ਇਹਨਾਂ ਸਿਰਲੇਖਾਂ ਅਧੀਨ (ਕਿੱਸੇ ਦਾ ਆਰੰਭ, ਜ਼ਮੀਨ ਦਾ ਵਟਵਾਰਾ, ਭਾਬੀਆਂ ਦਾ ਤਾਹਨਾ, ਰਾਂਝੇ ਦਾ ਆਪਣਾ ਦੇਸ ਛੱਡਣਾ ਤੇ ਭਾਈਆਂ ਦੀ ਸਮਝਾਇਸ, ਰਾਂਝੇ ਦਾ ਮਸੀਤ ਵਿੱਚ ਜਾਣਾ, ਹੀਰ ਦਾ ਮੋਹਿਤ ਹੋਣਾ, ਹੀਰ ਦਾ ਸਿਦਕ, ਕਿੱਸੇ ਦੀ ਸਮਾਪਤੀ) ਵਾਰਸ ਸ਼ਾਹ ਰਚਿਤ ਹੀਰ ਰਾਂਝੇ ਦੇ ਕਿੱਸੇ ਦਾ ਚੋਣਵਾਂ ਅੰਸ਼ ਸ਼ਾਮਿਲ ਕੀਤਾ ਜਾ ਰਿਹਾ ਹੈ।

## ਕਿੱਸੇ ਦਾ ਆਰੰਭ

ਇੱਕ ਤਖ਼ਤ ਹਜ਼ਾਰਿਓਂ ਗੱਲ ਕੀਚੇ, ਜਿੱਥੇ ਰਾਂਝਿਆ ਰੰਗ ਮਚਾਇਆ ਈ।

ਛੈਲ, ਗੱਭਰੂ, ਮਸਤ, ਅਲਬੇਲੜੇ ਨੀ, ਸੁੰਦਰ ਇਕ ਥੀ ਇਕ ਸਵਾਇਆ ਈ।

ਵਾਲੇ, ਕੋਕਲੇ, ਮੁੰਦਰੀ, ਮੰਝ-ਲੁੰਙੀ, ਨਵਾਂ ਠਾਠ ਤੇ ਠਾਠ ਚੜਾਇਆ ਈ।

ਕਿਹੀ ਸ਼ਿਫਤ ਹਜ਼ਾਰੇ ਦੀ ਆਖ ਸੱਕਾਂ, ਗੋਇਆ ਬਹਿਸ਼ਤ ਜ਼ਮੀਨ ਤੇ ਆਇਆ ਈ।

**ਸ਼ਬਦ ਅਰਥ:**

ਰੰਗ ਮਚਾਇਆ ਈ- ਰੌਣਕ ਲਾਈ। ਛੈਲ- ਸੁਹਣੇ, ਬਾਂਕੇ, ਸੁੰਦਰ। ਅਲਬੇਲੜੇ- ਮਸਤ, ਬੇਫਿਕਰ। ਮੰਝ- ਤੇੜ, ਲੱਕ, ਦੁਆਲੇ। ਲੁੰਙੀ- ਤਹਿਮਤ (ਧਾਰੀਦਾਰ)। ਗੋਇਆ- ਮਾਨੋ। ਬਹਿਸ਼ਤ- ਸਵਰਗ।

## ਜ਼ਮੀਨ ਦਾ ਵਟਵਾਰਾ

ਹਜ਼ਰਤ ਕਾਜ਼ੀ ਤੇ ਪੈਂਚ ਸਦਾਇ ਸਾਰੇ, ਭਾਈਆਂ ਜ਼ਿਮੀਂ ਨੂੰ ਕੱਛ ਪਵਾਇਆ ਈ।

ਵੱਢੀ ਦੇ ਕੇ ਜ਼ਮੀਨ ਦੇ ਬਣੇ ਮਾਲਿਕ, ਬੰਜਰ ਜ਼ਿਮੀਂ ਰੰਝੇਟੇ ਨੂੰ ਆਇਆ ਈ।

ਕੱਛਾਂ ਮਾਰ ਸ਼ਰੀਕ ਮਜ਼ਾਕ ਕਰਦੇ, ਭਾਈਆਂ, ਰਾਂਝੇ ਦੀ ਬਾਬ ਬਣਾਇਆ ਈ।

ਗੱਲ ਭਾਬੀਆਂ ਏਹੁ ਬਣਾਇ ਛੱਡੀ, ਮਗਰ ਜੱਟ ਦੇ ਫੱਕੜੀ ਲਾਇਆ ਈ।

**ਸ਼ਬਦ ਅਰਥ:**

ਪੈਂਚ- ਪਿੰਡ ਦੀ ਪੰਚਾਇਤ ਦੇ ਮੈਂਬਰ। ਕੱਛ ਪਵਾਇਆ- ਮਿਣਿਆ ਗਿਆ। ਜ਼ਿਮੀਂ- ਜ਼ਮੀਨ, ਧਰਤੀ। ਵੱਢੀ- ਰਿਸ਼ਵਤ। ਬੰਜ਼ਰ- ਜਿਸ ਧਰਤੀ ਵਿਚ ਪੈਦਾਵਾਰ ਘੱਟ ਹੋਵੇ। ਸ਼ਰੀਕ- ਸਾਕ ਸੰਬੰਧੀ। ਮਜ਼ਾਕ- ਮਖੌਲ। ਬਾਬ- ਬੁਰੀ ਹਾਲਤ। ਫੱਕੜੀ- ਬਦਨਾਮੀ।

## ਭਾਬੀਆਂ ਦਾ ਤਾਹਨਾ

ਸਾਡਾ ਹੁਸਨ ਪਸੰਦ ਨ ਲਿਆਉਨਾ ਏਂ, ਜਾਹ ਹੀਰ ਸਿਆਲ ਵਿਆਹ ਲਿਆਵੀਂ।

ਵਾਹ ਵੰਝਲੀ, ਪ੍ਰੇਮ ਦੀ ਘੱਤ ਜਾਲੀ, ਕਾਈ ਨੱਢੀ ਸਿਆਲ ਦੀ ਫਾਹ ਲਿਆਵੀਂ।

ਤੈਥੇ ਵੱਲ ਹੈ ਰੰਨਾਂ ਵਿਲਾਵਣੇ ਦਾ, ਰਾਣੀ ਕੋਕਿਲਾ ਮਹਿਲ ਤੋਂ ਲਾਹ ਲਿਆਵੀਂ।

ਦਿਨੇ ਬੂਹਿਓਂ ਕੱਢਣੀ ਮਿਲੇ ਨਾਹੀਂ, ਰਾਤੀਂ ਕੰਧ ਪਿਛਵਾੜਿਓਂ ਢਾਹ ਲਿਆਵੀਂ।



Downloaded from https:// www.studiestoday.com

Downloaded from https:// www.studiestoday.com

ਵਾਰਸ ਸ਼ਾਹ ਨੂੰ ਨਾਲ ਲੈ ਜਾਇ ਕੇ ਤੇ, ਜਿਹੜਾ ਦਾਉ ਲੱਗੇ ਸੋਈ ਲਾ ਲਿਆਵੀਂ।

**ਸ਼ਬਦ ਅਰਥ:**

ਵੰਝਲੀ- ਬੰਸਰੀ। ਕਾਈ- ਕੋਈ। ਫਾਹ ਲਿਆਈਂ- ਕੱਢ ਲਿਆਈਂ, ਭਜਾ ਲਿਆਈਂ। ਤੈਥੋਂ- ਤੈਨੂੰ। ਵੱਲ- ਢੰਗ, ਤਰੀਕਾ। ਦਾਉ- ਮੌਕਾ, ਅਵਸਰ।

## ਰਾਂਝੇ ਦਾ ਆਪਣਾ ਦੇਸ ਛੱਡਣਾ ਤੇ ਭਾਈਆਂ ਦੀ ਸਮਝਾਇਸ

ਆਖ ਰਾਂਝਿਆ ਭਾ ਕੀ ਬਣੀ ਤੇਰੇ ? ਦੇਸ ਆਪਣਾ ਛੱਡ ਸਿਧਾਰ ਨਾਹੀਂ।

ਵੀਰਾਂ, ਅੰਬੜੀ ਜਾਇਆ ! ਤੂੰ ਜਾ ਨਾਹੀ ਸਾਨੂੰ ਨਾਲ ਫ਼ਿਰਾਕ ਦੇ ਮਾਰ ਨਾਹੀਂ।

ਏਹ ਬਾਂਦੀਆਂ ਤੇ ਅਸੀ ਵੀਰ ਤੇਰੇ, ਕੋਈ ਹੋਰ ਵਿਚਾਰ-ਵਿਚਾਰ ਨਾਹੀਂ।

ਬਖ਼ਸ਼ ਏਹ ਗੁਨਾਹ ਤੂੰ ਭਾਬੀਆਂ ਨੂੰ, ਕੌਣ ਜੰਮਿਆਂ ਜੋ ਗੁਨਹਿਗਾਰ ਨਾਹੀਂ।

ਭਾਈਆਂ ਬਾਝ ਨ ਮਜਲਸਾਂ ਸੋਂਹਦੀਆਂ ਨੇ, ਅਤੇ ਭਾਈਆਂ ਬਾਝ ਬਹਾਰ ਨਾਹੀਂ।

ਭਾਈ ਮਰਨ ਤਾਂ ਪੈਂਦੀਆਂ ਭੱਜ ਬਾਹਾਂ, ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ।

ਲੱਖ ਓਟ ਹੈ ਭਾਈਆਂ ਵਸਦਿਆਂ ਦੀ, ਭਾਈਆਂ ਜੀਵਦਿਆਂ ਦੇ ਕਾਈ ਹਾਰ ਨਾਹੀਂ।

ਭਾਈ ਢਾਹੁੰਦੇ, ਭਾਈ ਉਸਾਰਦੇ ਨੇ, ਵਾਰਿਸ ਭਾਈਆਂ ਬਾਝੋਂ ਬੇਲੀ ਯਾਰ ਨਾਹੀਂ।

**ਸ਼ਬਦ ਅਰਥ:**

ਭਾ ਕੀ- ਹਾਲ ਕੀ। ਸਿਧਾਰ- ਛਡ ਕੇ ਜਾ। ਫਿਰਾਕ- ਵਿਛੋੜੇ। ਬਾਂਦੀਆਂ- ਗੋਲੀਆਂ, ਨੌਕਰਾਣੀਆਂ। ਮਜਲਸ- ਮਹਿਫਲ, ਇਕੱਠ। ਸੋਂਹਦੀਆਂ- ਸੋਹਣੀਆਂ ਲੱਗਦੀਆਂ। ਬਹਾਰ- ਖੁਸ਼ੀ। ਪਰ੍ਹੇ- ਇੱਕਠ। ਓਟ- ਸਹਾਰਾ। ਕਾਈ ਹਾਰ- ਕਿਸੇ ਤਰ੍ਹਾਂ ਦੀ ਨਕਾਮਯਾਬੀ। ਬਾਝੋਂ- ਬਿਨਾਂ। ਬੇਲੀ- ਦੋਸਤ।

## ਰਾਂਝੇ ਦਾ ਮਸੀਤ ਵਿੱਚ ਜਾਣਾ

ਵਾਹ ਲਾਇ ਰਹੇ ਭਾਈ ਭਾਬੀਆਂ ਵੀ, ਰਾਂਝਾ ਉੱਠ ਹਜ਼ਾਰਿਓਂ ਧਾਇਆ ਈ।

ਭੁੱਖ ਨੰਗ ਨੂੰ ਝਾਗ ਕੇ ਪੰਧ ਕਰਦਾ, ਰਾਤੀਂ ਵਿੱਚ ਮਸੀਤ ਦੇ ਆਇਆ ਈ।

ਹੱਥ ਵੰਝਲੀ ਪਕੜ ਕੇ ਰਾਤ ਅੱਧੀ, ਰਾਂਝੇ ਮਜ਼ਾ ਭੀ ਖ਼ੂਬ ਬਣਾਇਆ ਈ।

ਰੰਨ ਮਰਦ ਨਾ ਪਿੰਡ ਵਿੱਚ ਰਹਿਆ ਕੋਈ, ਸੱਭੇ ਗਿਰਦ ਮਸੀਤ ਦੇ ਧਾਇਆ ਈ।

ਵਾਰਿਸ਼ ਸ਼ਾਹ ਮੀਆਂ ਪੰਡ ਝਗੜਿਆਂ ਦੀ, ਪਿੱਛੋਂ ਮੁਲਾਂ ਮਸੀਤ ਦਾ ਆਇਆ ਈ।

**ਸ਼ਬਦ ਅਰਥ:**

ਵਾਹ ਲਾਇ ਰਹੇ- ਜਤਨ ਕੀਤੇ। ਧਾਇਆ- ਦੌੜਿਆ। ਪੰਧ- ਰਸਤਾ। ਭੁੱਖ ਨੰਗ- ਗ਼ਰੀਬੀ।



Downloaded from https:// www.studiestoday.com

Downloaded from https:// www.studiestoday.com

ਝਾਗ ਕੇ – ਤਹਿ ਕਰਕੇ। ਵੰਝਲੀ– ਬੰਸਰੀ।

## ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ

ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ, ਪਰੀ ਆਦਮ ਤੇ ਕਹਿਰਵਾਨ ਹੋਈ।
ਰਾਂਝੇ ਉੱਠ ਕੇ ਆਖਿਆ,'ਵਾਹ ਸੱਜਣ' ! ਹੀਰ ਹੱਸ ਕੇ ਤੇ ਮਿਹਰਬਾਨ ਹੋਈ।
ਕੱਛੇ ਵੰਝਲੀ ਕੰਨਾਂ ਦੇ ਵਿਚ ਵਾਲੇ, ਜ਼ੁਲਫ ਮੁੱਖੜੇ ਤੇ ਪਰੇਸ਼ਾਨ ਹੋਈ।
ਸੂਰਤ ਯੂਸਫ ਦੀ ਵੇਖ ਤੈਮੂਸ ਬੇਟੀ, ਸਣੇ ਮਾਲ ਕੇ ਬਹੁਤ ਹੈਰਾਨ ਹੋਈ।
ਨੈਣ ਮਸਤ ਕਲੇਜੜੇ ਵਿਚ ਧਾਣੇ, ਹੀਰ ਘੋਲ ਘੱਤੀ ਕੁਰਬਾਨ ਹੋਈ।
ਭਲਾ ਹੋਇਆ ਮੈ ਤੈਨੂੰ ਨਾ ਮਾਰ ਬੈਠੀ, ਕਾਈ ਨਹੀਂ ਉ ਗਲ ਬੇ-ਸ਼ਾਨ ਹੋਈ।

**ਸ਼ਬਦ ਅਰਥ:**

ਕੂਕੇ– ਉੱਚੀ ਉੱਚੀ ਬੋਲਣਾ। ਛੰਮਕਾਂ– ਸੋਟੀਆਂ। ਕਹਿਰਵਾਨ– ਕ੍ਰੋਧ ਵਿਚ ਆਉਣਾ, ਗੁੱਸੇ ਵਿਚ ਆਉਣਾ। ਜ਼ੁਲਫ– ਵਾਲਾਂ ਦੀ ਲਿਟ। ਯੂਸਫ– ਹਜ਼ਰਤ ਯਾਕੂਬ ਦਾ ਪੁੱਤਰ ਹਜ਼ਰਤ ਯੂਸਫ ਜੋ ਸੁੰਦਰਤਾ ਲਈ ਪ੍ਰਸਿੱਧ ਸੀ। ਜ਼ੂਲੈਖਾਂ ਉਸ ਉੱਤੇ ਮੋਹਿਤ ਹੋ ਗਈ ਸੀ। ਤੈਮੂਸ ਬੇਟੀ– ਜ਼ੁਲੈਖਾਂ। ਮਾਲਕੇ– ਇਕ ਸੌਦਾਗਰ ਜਿਸ ਨੇ ਯੂਸਫ ਨੂੰ ਖਰੀਦਿਆ ਸੀ।

## ਹੀਰ ਦਾ ਸਿਦਕ

ਹੀਰ ਆਖਦੀ ਜੋਗੀਆ ! ਝੂਠ ਆਖੇ ਕੌਣ ਵਿਛੜੇ ਯਾਰ ਮਿਲਾਉਂਦਾ ਈ।

ਏਹਾ ਕੋਈ ਨਾ ਮਿਲਿਆ ਮੈਂ ਢੂੰਢ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ।

ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ, ਜਿਹੜਾ ਜੀਉ ਦਾ ਰੋਗ ਗਵਾਉਂਦਾ ਈ।

ਭਲਾ ਦੱਸ ਖਾਂ ਚਿਰੀ ਵਿਛੁੰਨਿਆਂ ਨੂੰ, ਕਦੋਂ ਰੱਬ ਸੱਚਾ ਘਰੀਂ ਲਿਆਉਂਦਾ ਈ।

**ਸ਼ਬਦ ਅਰਥ:**

ਢੂੰਢ ਥੱਕੀ– ਲੱਭ-ਲੱਭ ਕੇ ਹੰਭ ਗਈ ਹਾਂ। ਗਿਆਂ ਨੂੰ – ਵਿਛੜ ਜਾਣ, ਤੁਰ ਜਾਣ। ਮੋੜ– ਵਾਪਸ। ਜੀਉ– ਦਿਲ, ਮਨ। ਚਿਰੀ– ਬਹੁਤ ਦੇਰ। ਵਿਛੁੰਨਿਆਂ– ਵਿਛੜਿਆਂ ਹੋਇਆ ਨੂੰ।

## ਕਿੱਸੇ ਦੀ ਸਮਾਪਤੀ

ਖ਼ਤਮ ਰੱਬ ਦੇ ਕਰਮ ਨਾਲ ਹੋਈ, ਫ਼ਰਮਾਇਸ਼ ਪਿਆਰੜੇ ਯਾਰ ਦੀ ਸੀ।

ਐਸਾ ਸ਼ਿਅਰ ਕੀਤਾ ਪੁਰ-ਮਗਜ਼, ਮੌਜੀ, ਜੇਹੀ ਮੋਤੀਆਂ-ਲੜੀ ਸਵਾਰ ਦੀ ਸੀ।

ਤੂਲ ਖੋਲ੍ਹ ਕੇ ਜ਼ਿਕਰ ਬਿਆਨ ਕਹਿਆ, ਜਿਹਾ ਰੰਗ ਦੇ ਖੂਬ ਬਹਾਰ ਦਾ ਸੀ।

ਤਫਸੀਲ ਦੇ ਨਾਲ ਬਿਆਨ ਕੀਤਾ, ਜੇਹੀ ਜ਼ੀਨਤ ਲਾਲ ਦੇ ਹਾਰ ਦੀ ਸੀ।

ਜੇ ਕੋਈ ਪੜੇ ਸੋ ਬਹੁਤ ਪ੍ਰਸੰਨ ਹੋਵੇ, ਵਾਹਵਾ ਸਭ ਖਲਕ ਪੁਕਾਰ ਦੀ ਸੀ।

ਵਾਰਸ ਸ਼ਾਹ ਨੂੰ ਸਿੱਕ ਦੀਦਾਰ ਦੀ ਸੀ, ਜੇਹੀ ਹੀਰ ਨੂੰ ਭੜਕਨਾ ਯਾਰ ਦੀ ਸੀ।



Downloaded from https:// www.studiestoday.com

Downloaded from https:// www.studiestoday.com

**ਸ਼ਬਦ ਅਰਥ:**

ਰੱਬ ਦੇ ਕਰਮ ਨਾਲ-ਪਰਮਾਤਮਾ ਦੀ ਮਿਹਰ ਨਾਲ। ਤੂਲ ਖੋਲ ਕੇ- ਪੂਰਾ ਖੋਲ ਕੇ ਬਿਆਨ ਕਰਨਾ। ਤਫਸੀਲ-ਵਿਸਥਾਰ। ਜੀਨਤ- ਸ਼ੋਭਾ, ਸੁੰਦਰਤਾ। ਖ਼ਲਕ- ਦੁਨੀਆਂ। ਦੀਦਾਰ- ਦਰਸ਼ਨ। ਭੜਕਨਾ- ਤੜਫ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਭਾਈਆਂ ਬਾਝ ਨ ਮਜਲਸਾਂ ਸੋਂਹਦੀਆਂ ਨੇ ਅਤੇ ਭਾਈਆਂ ਬਾਝ ਬਹਾਰ ਨਾਹੀਂ।

ਭਾਈ ਮਰਨ ਤਾਂ ਪੈਂਦੀਆਂ ਭੱਜ ਬਾਹਾਂ, ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ।

(ਅ) ਹੀਰ ਆਖਦੀ ਜੋਗੀਆ! ਝੂਠ ਆਖੇ ਕੌਣ ਵਿਛੜੇ ਯਾਰ ਮਿਲਾਉਂਦਾ ਈ।

ਏਹਾ ਕੋਈ ਨਾ ਮਿਲਿਆ ਮੈਂ ਢੂੰਢ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ।

2. ਹੇਠਾਂ ਦਿੱਤੀਆਂ ਕਾਵਿ – ਸਤਰਾਂ ਦੀ ਵਿਆਖਿਆ ਕਰੋ:

(ੳ) ਕਿਹੀ ਸਿਫ਼ਤ ਹਜ਼ਾਰੇ ਦੀ ਆਖ ਸੱਕਾਂ, ਗੋਇਆ ਬਹਿਸ਼ਤ ਜ਼ਮੀਨ ਤੇ ਆਇਆ ਈ।

(ਅ) ਲਖ ਓਟ ਹੈ ਭਾਈਆਂ ਵਸਦਿਆਂ ਦੀ, ਭਾਈਆਂ ਜੀਂਵਦਿਆਂ ਦੇ ਕਾਈ ਹਾਰ ਨਾਹੀਂ।

(ੲ) ਰਾਂਝੇ ਉਠ ਕੇ ਆਖਿਆ, 'ਵਾਹ ਸੱਜਣ'! ਹੀਰ ਹੱਸ ਕੇ ਮਿਹਰਬਾਨ ਹੋਈ।

3. ਵਾਰਸ਼ ਸ਼ਾਹ ਨੇ ਤਖ਼ਤ ਹਜ਼ਾਰੇ ਦੀ ਜੋ ਸਿਫ਼ਤ ਆਪਣੇ ਕਿੱਸੇ ਵਿਚ ਕੀਤੀ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

4. ਰਾਂਝੇ ਦੇ ਭਾਈਆਂ ਨੇ ਆਪਣੇ ਭਰਾ (ਰਾਂਝੇ) ਨੂੰ ਕਿਹੋ ਜਿਹੀ ਜ਼ਮੀਨ ਦਿੱਤੀ ਸੀ?

5. ਰਾਂਝੇ ਦੀਆਂ ਭਾਬੀਆਂ ਨੇ ਉਸ ਨੂੰ ਕਿਹੜੇ ਕਿਹੜੇ ਤਾਹਨੇ ਮਾਰੇ?

6. ਜਦੋਂ ਰਾਂਝਾ ਆਪਣਾ ਦੇਸ ਛੱਡ ਕੇ ਜਾ ਰਿਹਾ ਸੀ, ਤਦੋਂ ਉਸ ਦੇ ਭਾਈਆਂ ਦੁਆਰਾ ਕੀਤੀ ਸਮਝਾਇਸ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

7. 'ਰਾਂਝੇ ਉੱਤੇ ਹੀਰ ਦਾ ਮੋਹਿਤ ਹੋਣਾ' ਸਿਰਲੇਖ ਹੇਠ ਦਿੱਤੀਆਂ ਤੁਕਾਂ ਦਾ ਕੇਂਦਰੀ ਭਾਵ ਲਿਖੋ।

8. ਅਪਾਣੀ ਪਾਠ ਪੁਸਤਕ ਵਿੱਚ ਦਿੱਤੇ ਗਏ ਹੀਰ ਰਾਂਝੇ ਦੇ ਕਿੱਸੇ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

9. ਵਾਰਸ਼ ਸ਼ਾਹ ਦੇ ਜੀਵਨ ਅਤੇ ਉਹਨਾਂ ਦੀ ਕਾਵਿ ਰਚਨਾ ਉੱਤੇ ਸੰਖੇਪ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## 10. ਹਾਸ਼ਮ ਸ਼ਾਹ

## (1735 ਈ.– 1843 ਈ.)

ਆਪ ਦਾ ਪੂਰਾ ਨਾਮ ਸੱਯਦ ਮੁਹੰਮਦ ਹਾਸ਼ਮ ਸੀ। ਆਪ ਦਾ ਜਨਮ ਪਿੰਡ ਜਗਦੇਉ ਕਲਾ ਤਹਿਸੀਲ ਅਜਨਾਲਾ ਜਿਲਾ ਅੰਮ੍ਰਿਤਸਰ ਵਿੱਚ ਹਾਜੀ ਮੁਹੰਮਦ ਸ਼ਰੀਫ ਦੇ ਘਰ ਹੋਇਆ। ਆਪ ਦੇ ਜੀਵਨ ਕਾਲ ਸੰਬੰਧੀ ਵਿਦਵਾਨਾਂ ਵਿੱਚ ਮਤਭੇਦ ਹਨ। ਕਈ ਵਿਦਵਾਨ ਆਪ ਦਾ ਜੀਵਨ ਕਾਲ 1752–53 ਤੋਂ 1821 ਈ: ਤੱਕ ਮੰਨਦੇ ਹਨ। ਆਪ ਕਿੱਤੇ ਵੱਜੋਂ ਹਕੀਮ ਸਨ ਤੇ ਉਹਨਾਂ ਦੀ ਦੂਰ-ਦੂਰ ਤੱਕ ਪ੍ਰਸਿੱਧੀ ਸੀ। ਉਹਨਾਂ ਦੀ ਕਬਰ ਪਿੰਡ ਥਰਪਾਲ ਜ਼ਿਲਾ ਸਿਆਲਕੋਟ ਵਿੱਚ ਹੈ। ਹਾਸ਼ਮ ਸ਼ਾਹ ਨੂੰ ਪੰਜਾਬੀ ਭਾਸ਼ਾ ਤੋਂ ਇਲਾਵਾ ਅਰਬੀ, ਫ਼ਾਰਸੀ ਦਾ ਡੂੰਘਾ ਗਿਆਨ ਸੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਉਹ ਕਿੱਸਾ ਕਵੀ ਤੇ ਸੂਫੀ ਕਵੀ, ਦੋਹਾਂ ਕਰਕੇ ਜਾਣਿਆ ਜਾਂਦਾ ਹੈ। ਉਸ ਦੀਆਂ ਰਚਨਾਵਾਂ ਦਾ ਵੇਰਵਾ ਇਉਂ ਹੈ: ਸੱਸੀ ਪੁੰਨੂੰ, ਸ਼ੀਰੀ ਫਰਹਾਦ, ਲੈਲਾ ਮੰਜਨੂੰ ਤੇ ਸੋਹਣੀ ਮਹੀਂਵਾਲ, ਦੋਹੜੇ, ਡਿਉਢਾਂ, ਹੀਰ ਹਾਸ਼ਮ, ਬਾਰਾਂ ਮਾਹ ਹਾਸ਼ਮ, ਸੀਹਰਫੀਆਂ ਮਸਨਵੀ ਹਾਸ਼ਮ, ਬਿਆਜ ਹਾਸ਼ਮ, ਸਲੋਕ ਹਾਸ਼ਮ। ਪਰ ਇਨ੍ਹਾਂ ਵਿੱਚੋਂ ਪ੍ਰਸਿੱਧੀ ਹਾਸ਼ਮ ਦੇ ਕਿੱਸੇ ਸੱਸੀ ਪੁੰਨੂੰ ਦੇ ਦੋਹੜਿਆਂ ਨੂੰ ਹੀ ਮਿਲੀ ਹੈ।

ਕਿੱਸਾ ਕਾਵਿ ਵਿੱਚ ਸੱਸੀ ਹਾਸ਼ਮ ਦੀ ਸਭ ਤੋਂ ਪ੍ਰਸਿੱਧ ਰਚਨਾ ਹੈ। ਇਸ ਰਚਨਾ ਦਾ ਮੀਰੀ ਗੁਣ ਬਿਰਹਾ ਵਰਣਨ ਹੈ। ਇਸੇ ਗੁਣ ਸਦਕਾ ਉਸ ਨੂੰ 'ਸੋਜ਼ ਦਾ ਸ਼ਾਇਰ' ਵੀ ਕਿਹਾ ਜਾਂਦਾ ਹੈ। ਸੱਸੀ ਪੁੰਨੂੰ ਦੇ ਕਿੱਸੇ ਦੀ ਸੰਖੇਪਤਾ ਤੇ ਸੰਜਮਤਾ ਉਸ ਦੇ ਕੁਝ ਹੋਰ ਅਜਿਹੇ ਗੁਣ ਹਨ ਜੋ ਇਸ ਨੂੰ ਲੋਕ ਪ੍ਰਿਯ ਬਣਾਉਂਦੇ ਹਨ।

ਹਾਸ਼ਮ ਦੇ ਦੋਹੜਿਆਂ ਤੇ ਡਿਓਢਾਂ ਨੂੰ ਉਸ ਦੇ ਕਿੱਸਿਆਂ ਨਾਲੋਂ ਵੱਧ ਪ੍ਰਸਿਧੀ ਮਿਲੀ। ਹਾਸ਼ਮ ਦਾ ਸੂਫ਼ੀਆਨਾ ਰੰਗ ਇਹਨਾਂ ਦੋਹੜਿਆਂ ਵਿੱਚ ਹੀ ਉਜਾਗਰ ਹੁੰਦਾ ਹੈ। ਆਪ ਦੇ ਦੋਹੜਿਆਂ ਨੂੰ 'ਦਰਿਆਇ ਹਕੀਕਤ' ਦਾ ਨਾਂ ਵੀ ਦਿੱਤਾ ਗਿਆ ਹੈ। ਇਹਨਾਂ ਦੋਹੜਿਆਂ ਵਿਚ ਆਪ ਨੇ ਸੰਸਾਰ ਦੀ ਨਾਸ਼ਮਾਨਤਾ ਅਤੇ ਇਸ਼ਕ ਹਕੀਕੀ ਆਦਿ ਸੰਬੰਧੀ ਵਿਚਾਰ ਦਰਸਾਏ ਹਨ। ਆਪ ਆਪਣੇ ਇਸ਼ਟ ਦੇ ਪ੍ਰੇਮ ਨੂੰ ਹੀ ਮੁਕਤੀ ਦਾ ਮਾਰਗ ਮੰਨਦੇ ਹਨ ਅਤੇ ਆਪ ਦੀ ਰਚਨਾ ਵਿਚ ਪਰਮਾਤਮਾ ਦੇ ਮਿਲਾਪ ਦੀ ਪ੍ਰਬਲ ਤਾਂਘ ਪ੍ਰਗਟ ਹੁੰਦੀ ਹੈ। ਉਹਨਾਂ ਦੇ ਦੋਹੜਿਆਂ ਵਿੱਚ ਸੂਫ਼ੀ ਸਿਧਾਂਤ ਦਾ ਅਧਿਆਤਮਕ, ਸਦਾਚਾਰਕ ਤੇ ਵਿਹਾਰਕ ਤੱਤ ਉੱਘੜ ਕੇ ਸਾਹਮਣੇ ਆਉਂਦਾ ਹੈ। ਆਪ ਜੀ ਦੀ ਬੋਲੀ ਠੇਠ, ਸਾਦਾ, ਸੰਜਮ ਤੇ ਵੇਦਨਾਂ ਭਰਪੂਰ ਹੈ। ਦੋਹੜਿਆਂ ਵਿੱਚ ਲੋਕ-ਉਕਤੀ ਜਾਂ ਅਖਾਣ ਬਣਨ ਦੀ ਸਮਰੱਥਾ ਹੈ। ਜਿਵੇਂ:

ਮੂਰਖ ਲੋਕ ਸਦਾ ਸੁੱਖ ਸੌਂਦੇ ਅਤੇ ਰੋਜ਼ ਕਮਾਵਣ ਪੈਸਾ।

ਹਾਸ਼ਮ ਦੀਆਂ ਡਿਓਢਾਂ ਵੀ ਉਸ ਦੇ ਉਚੇਰੇ ਕਾਵਿ ਸ਼ਿਲਪ ਦੀਆਂ ਲਿਖਾਇਕ ਹਨ। ਇਹਨਾਂ ਵਿਚਲੀ ਵੇਦਨਾ ਦਾ ਸੁਰ ਤੇ ਇਸ ਵੇਦਨਾ ਨੂੰ ਨਾਟਕੀ ਅੰਦਾਜ਼ ਵਿੱਚ ਪੇਸ਼ ਕਰਨ ਦੀ ਕਲਾ ਹਾਸ਼ਮ ਦੀਆਂ ਡਿਓਢਾਂ ਦਾ ਪ੍ਰਮੁੱਖ ਗੁਣ ਹੈ:

ਕਾਮਲ ਸ਼ੌਕ ਮਾਹੀ ਦਾ ਮੈਨੂੰ

ਨਿਤ ਰਹੇ ਜਿਗਰ ਵਿਚ ਵਸਦਾ।

ਲੂੰ ਲੂੰ ਰਸਦਾ।

ਰਾਂਝਣ ਬੇਪਰਵਾਹੀ ਕਰਦਾ

ਅਤੇ ਕੋਈ ਗੁਨਾਹ ਨਾ ਦਸਦਾ ਉਠ ਉਠ ਨਸਦਾ।



Downloaded from https:// www.studiestoday.com

Downloaded from https:// www.studiestoday.com

ਮਾਰੂਥਲ ਵਿੱਚ ਤੜਫਦੀ ਵਿਲਕਦੀ ਸੱਸੀ ਦਾ ਸ਼ਾਬਦਿਕ ਚਿੱਤਰ ਕਮਾਲ ਦਾ ਖਿਚਿਆ ਹੈ:

ਕੁਝ ਡਿੱਗਦੀ, ਕੁਝ ਢਹਿੰਦੀ, ਬਹਿੰਦੀ,
ਉੱਠਦੀ ਤੇ ਦਮ ਲੈਂਦੀ।

ਜਿਉਂ ਕਰ ਤੋਟ ਸ਼ਰਾਬੋਂ ਆਵੇ,

ਫੇਰ ਉੱਤੇ ਵਲ ਵਹਿੰਦੀ।

ਢੂੰਡੇ ਖੋਜ ਸ਼ੁਤਰ ਦਾ ਕਿਤ ਵਲ,

ਹਰਗਿਜ਼ ਭਾਲ ਨਾ ਪੈਂਦੀ।

ਹਥਲੇ ਕਾਵਿ ਸੰਗ੍ਰਹਿ ਵਿੱਚ ਹਾਸ਼ਮ ਸ਼ਾਹ ਦਾ ਕਿੱਸਾ 'ਸੱਸੀ ਪੁੰਨੂੰ' ਸ਼ਾਮਿਲ ਕੀਤਾ ਗਿਆ ਹੈ, ਜੋ ਉਹਨਾਂ ਦੀ ਕਾਵਿ ਕਲਾ ਦਾ ਉੱਤਮ ਨਮੂਨਾ ਹੈ।



Downloaded from https:// www.studiestoday.com

Downloaded from https:// www.studiestoday.com

## ਕਿੱਸਾ ਸੱਸੀ ਪੁੰਨੂੰ

ਤੁਰਸਾਂ ਮੂਲ ਨਾ ਮੁੜਸਾਂ ਰਾਹੋਂ, ਜਾਨ ਤਲੀ ਪੁਰ ਧਰਸਾਂ।

ਜਬ ਲਗ ਸਾਸ ਨਿਰਾਸ ਨਾ ਹੋਵਾਂ, ਮਰਨੋਂ ਮੂਲ ਨਾ ਡਰਸਾਂ।

ਜੇ ਰੱਬ ਕੂਕ ਸੱਸੀ ਦੀ ਸੁਣਸੀ, ਜਾਇ ਮਿਲਾਂ ਪਗ ਪਰਸਾਂ।

ਹਾਸ਼ਮ ਨਹੀਂ ਸ਼ਹੀਦ ਹੋ ਵੈਸਾਂ, ਥਲ ਮਾਰੂ ਵਿੱਚ ਮਰਸਾਂ।

**ਸ਼ਬਦ ਅਰਥ:**

ਤੁਰਸਾਂ- ਤੁਰਾਂਗੀ, ਜਾਵਾਂਗੀ। ਮੂਲ ਨਾ ਮੁੜਸਾਂ- ਕਦੀ ਵੀ ਵਾਪਸ ਨਾ ਆਵਾਂਗੀ। ਜਾਨ ਤਲੀ ਪੁਰ ਧਰਸਾਂ- ਜਾਨ ਕੁਰਬਾਨ ਕਰ ਦੇਵਾਂਗੀ। ਕੂਕ- ਪੁਕਾਰ। ਪਗ- ਪੈਰ। ਡਰਸਾਂ- ਡਰਾਂਗੀ। ਥਲ- ਰੇਤੀਲਾ।

ਫੜਿਆ ਪੰਧ ਹੋਈ ਤਦ ਪਾਂਧਣ, ਟੁੱਟ ਗਈ ਡੋਰ ਪਤੰਗੋ।

ਸੱਸੀ ਉਹ ਨਾ ਧਰਦੀ ਆਹੀ, ਭੁਇੰ ਪਰ ਪੈਰ ਪਲੰਘੋ।

ਦਿਲ ਤੋਂ ਖਉਫ਼ ਉਤਾਰ ਸਿਧਾਈ, ਵਾਂਗੂੰ ਸ਼ੇਰ ਪਲੰਗੋ।

ਹਾਸ਼ਮ ਜੇ ਦਮ ਜਾਣ ਖਲਾਸੀ, ਹੋਗੁਸੁ ਕੈਦ ਫਿਰੰਗੋ।

**ਸ਼ਬਦ ਅਰਥ:**

ਪੰਧ- ਰਸਤਾ। ਪਾਂਧਣ- ਰਾਹੀ। ਡੋਰ- ਧਾਗਾ। ਪਤੰਗੋ- ਪਤੰਗ। ਭੁਇੰ- ਜ਼ਮੀਨ। ਖਉਫ਼- ਡਰ। ਪਲੰਗੋ- ਚੀਤਾ। ਦਮ - ਸਾਹ, ਪ੍ਰਾਣ।

ਕਰ ਅਸਬਾਬ ਲਇਆ ਸ਼ਹਿਜ਼ਾਦੀ, ਫੜਿਆ ਰਾਹ ਸ਼ੁਤਰ ਦਾ।

ਪਾਣੀ, ਖੂਨ, ਖੁਰਾਕ ਕਲੇਜਾ, ਰਹਿਬਰੁ, ਦਰਦ ਹਿਜਰ ਦਾ

ਗਲ ਵਿਚ ਵਾਲ, ਅੱਖੀ ਵਿਚ ਸੁਰਖੀ, ਸੋਜ਼ ਜਨੂੰਨ ਕਹਿਰ ਦਾ।

ਹਾਸ਼ਮ ਵੇਖ ਹਵਾਲ ਕਲੇਜਾ, ਘਾਇਲ ਸ਼ਮਸ ਕਮਰ ਦਾ।

**ਸ਼ਬਦ ਅਰਥ:**

ਸ਼ਹਿਜ਼ਾਦੀ- ਰਾਜਕੁਮਾਰੀ। ਸ਼ੁਤਰ ਦਾ- ਉਠ ਜਾਂ ਡਾਚੀ। ਰਹਿਬਰੁ- ਰਾਹ ਦੱਸਣ ਵਾਲਾ। ਹਿਜਰ- ਵਿਛੋੜਾ। ਜਨੂੰਨ- ਇਸ਼ਕ। ਘਾਇਲ- ਜਖ਼ਮੀ। ਸਮਸ- ਸੂਰਜ। ਕਮਰ- ਚੰਦ।

ਚਮਕੀ ਆਣ ਦੁਪਹਿਰੀ ਵੇਲੇ, ਗਰਮੀ ਗਰਮ ਬਹਾਰੇ।

ਤਪਦੀ ਵਾਉ ਵਗੇ ਅਸਮਾਨੋ, ਪੰਛੀ ਮਾਰਿ ਉਤਾਰੇ।



Downloaded from https:// www.studiestoday.com

Downloaded from https:// www.studiestoday.com

ਆਤਸ਼ ਦਾ ਦਰਿਆਉ ਖਲੋਤਾ, ਥਲ ਮਾਰੂ ਵਲਿ ਚਾਰੇ।

ਹਾਸ਼ਮ ਫੇਰ ਪਿਛਾਂਹ ਨਾ ਮੁੜਦੀ, ਲੂੰ ਲੂੰ ਹੋਤ ਪੁਕਾਰੇ॥

**ਸ਼ਬਦ ਅਰਥ:**

ਤਪਦੀ- ਗਰਮ।ਵਾਉ- ਹਵਾ।ਆਤਸ਼- ਅੱਗ।ਥਲਮਾਰੂ- ਭਿਆਨਕ ਤੇ ਜਾਨ ਦੀ ਖੌਅ ਥਲ ਦੀ ਰੇਤ।ਲੂੰ ਲੂੰ - ਰੋਮ ਰੋਮ।ਹੋਤ- ਪੁੰਨੂੰ।

ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।

ਮਾਰੂ ਰੇਤ ਤਪੇ ਵਿੱਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।

ਸੂਰਜ ਭੱਜ ਵੜਿਆ ਵਿਚ ਬਦਲੀਂ, ਡਰਦਾ ਲਿਸ਼ਕ ਨਾ ਮਾਰੇ।

ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨਾ ਹਾਰੇ।

**ਸ਼ਬਦ ਅਰਥ:**

ਨਾਜ਼ਕ- ਨਰਮ। ਭਠਿਆਰੇ- ਦਾਣੇ ਭੁੰਨਣ ਵਾਲੇ। ਯਕੀਨ- ਭਰੋਸਾ, ਵਿਸ਼ਵਾਸ। ਸਿਦਕ- ਸਬਰ।

ਦਿਲ ਵਿਚ ਤਪਸ਼ ਥਲਾਂ ਦੀ ਗਰਮੀ ਆਣ ਫਿਰਾਕ ਰੰਞਾਣੀ।

ਕਿਚਰਕੁ ਨੈਣ ਕਰਨ ਦਿਲਬਰੀਆਂ, ਚੋਣ ਲਬਾਂ ਵਿਚ ਪਾਣੀ।

ਫਿਰ ਫਿਰ ਡਾਢ ਕਰੇ ਹਠ ਦਿਲ ਦਾ, ਪਰ ਜਦ ਬਹੁਤ ਵਿਹਾਣੀ।

ਹਾਸ਼ਿਮ ਯਾਦ ਭੰਬੋਰ ਪਇਉਸ, ਟੁੱਟ ਗਿਆ ਮਾਨ ਨਿਮਾਣੀ।

**ਸ਼ਬਦ ਅਰਥ:**

ਫਿਰਾਕ- ਵਿਛੋੜਾ। ਰੰਞਾਣੀ- ਰੰਜ ਨਾਲ ਭਰੀ ਹੋਈ। ਕਿਚਰਕੁ- ਕਿੰਨੇ ਕੁ ਚਿਰ ਤੱਕ। ਦਿਲਬਰੀਆਂ- ਦਿਲਾਸਾ।ਡਾਢ- ਡਾਹਢਾ।ਹਠ- ਜ਼ਿਦ।ਭੰਬੋਰ- ਸੱਸੀ ਦੇ ਵਤਨ ਦਾ ਨਾਂ, ਇੱਕ ਸ਼ਹਿਰ ਦਾ ਨਾਂ। ਵਿਹਾਣੀ- ਵਰਤ ਚੁੱਕੀ, ਹੋ ਚੁੱਕੀ। ਨਿਮਾਣੀ- ਵਿਚਾਰੀ।

ਜੇ ਜਾਣਾ ਛੱਡ ਜਾਣ ਸੁੱਤੀ ਨੂੰ, ਇੱਕ ਪਲ ਪਲਕ ਨਾ ਝਮਕਾਂ।

ਗਰਦ ਹੋਵਾਂ ਵਿਚ ਗਰਦ ਥਲਾਂ ਦੀ, ਵਾਂਗ ਜਵਾਹਰ ਦਮਕਾਂ।

ਜਲ ਵਾਂਗ ਰਲ ਦੇਣ ਦਿਖਾਲੀ, ਥਲ ਮਾਰੂ ਦੀਆਂ ਚਮਕਾਂ।

ਹਾਸ਼ਮ ਕੌਣ ਸੱਸੀ ਬਿਨ ਦੇਖੇ, ਏਸ ਇਸ਼ਕ ਦੀਆਂ ਰਮਕਾਂ।

**ਸ਼ਬਦ ਅਰਥ:**



Downloaded from https:// www.studiestoday.com

Downloaded from https:// www.studiestoday.com

ਪਲ- ਸਮੇਂ ਦੀ ਇਕਾਈ, ਥੋੜਾ ਜਿੰਨਾ ਸਮਾਂ। ਪਲਕ- ਅੱਖਾਂ। ਗਰਦ- ਮਿੱਟੀ, ਧੂੜ। ਦਮਕਾਂ- ਲਿਸ਼ਕਾਂ। ਰਮਕਾਂ- ਰਮਜ਼ਾਂ।

ਕੁਝ ਡਿੱਗਦੀ ਕੁਝ ਢਹਿੰਦੀ ਉੱਠਦੀ, ਬਹਿੰਦੀ ਤੇ ਦਮ ਲੈਂਦੀ।
ਜਿਉਂ ਕਰ ਤੋਟ ਸ਼ਰਾਬੋਂ ਆਵੇ, ਫੇਰ ਉੱਤੇ ਵੱਲ ਵੈਂਦੀ।
ਢੂੰਡੇ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ।
ਹਾਸ਼ਮ ਜਗਤ ਨਾ ਕਿਉਂ ਕਰ ਗਾਵੇ, ਪ੍ਰੀਤ ਸੰਪੂਰਨ ਜੈਂਦੀ।

**ਸ਼ਬਦ ਅਰਥ:**

ਤੋਟ- ਨਸ਼ੇ ਦਾ ਟੁੱਟਣਾ। ਸ਼ੁਤਰ- ਊਠ। ਕਿਤ ਵਲ- ਕਿਹੜੇ ਪਾਸੇ। ਹਰਗਿਜ਼- ਬਿਲਕੁਲ ਭੀ। ਭਾਲ ਨਾ ਪੈਂਦੀ- ਪਤਾ ਨਾ ਲਗਦਾ। ਜੈਂਦੀ- ਜਿਸ ਦੀ।

ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਮਰ ਦੋਜ਼ਖ ਵਲ ਜਾਵੇ।
ਜਾਂ ਉਸ ਨਿਹੁੰ ਲੱਗੇ ਵਿੱਚ ਬਿਰਹੋਂ, ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਰਵਾਨਾਂ, ਤੁਖਮ ਜ਼ਮੀਨੋਂ ਜਾਵੇ।

**ਸ਼ਬਦ ਅਰਥ:**

ਓੜਕ ਵਕਤ- ਆਖਰੀ ਸਮਾਂ। ਕਹਿਰ- ਜ਼ੁਲਮ, ਭਿਆਨਕਤਾ। ਦੋਜ਼ਖ- ਨਰਕ। ਕਰਵਾਨਾਂ- ਊਠਾਂ ਵਾਲੇ। ਤੁਖਮ- ਬੀਜ। ਜਮੀਨੋਂ ਜਾਵੇ- ਨਾਸ ਹੋ ਜਾਵੇ। ਨਿਹੁੰ - ਪਿਆਰ। ਬਿਰਹੋਂ- ਵਿਛੋੜਾ।

ਫਿਰ ਦਿਲ ਸਮਝ ਕਰੇ ਲੱਖ ਤੋਬਾ, ਬਹੁਤ ਬੇਅਦਬੀ ਹੋਈ।
ਜਿਸ ਪੁਰ ਯਾਰ ਕਰੇ ਅਸਵਾਰੀ, ਤਿਸ ਦੇ ਜੇਡ ਨਾ ਕੋਈ।
ਕੋ ਮੈ ਵਾਂਗ ਨਿਕਰਮਣ ਨਾਹੀ, ਕਿਤ ਵਲ ਮਿਲੇ ਨਾ ਢੋਈ।
ਹਾਸ਼ਮ ਕੌਂਤ ਮਿਲੇ ਹੱਸ ਜਿਸ ਨੂੰ, ਜਾਣ ਸੁਹਾਗਣ ਸੋਈ।

**ਸ਼ਬਦ ਅਰਥ:**

ਬੇਅਦਬੀ- ਨਿਰਾਦਰ। ਜੇਡ- ਬਰਾਬਰ। ਨਿਕਰਮਣ- ਬਦਕਿਸਮਤ। ਢੋਈ- ਸਹਾਰਾ। ਕੌਂਤ- ਕੰਤ।

ਸਿਰ ਧਰ ਖੋਜ ਉੱਤੇ ਗ਼ਸ਼ ਆਇਆ ਮੌਤ ਸੱਸੀ ਦੀ ਆਈ।
ਖ਼ੁਸ਼ ਰਹੁ ਯਾਰ ਅਸਾਂ ਤੁਧ ਕਾਰਣ, ਥਲ ਵਿਚ ਜਾਨ ਗਵਾਈ।
ਡਿਗਦੀ ਸਾਰ ਗਿਆ ਦਮ ਨਿਕਲ, ਤਨ ਥੋਂ ਜਾਨ ਸਿਧਾਈ।



Downloaded from https:// www.studiestoday.com

Downloaded from https:// www.studiestoday.com

ਹਾਸ਼ਮ ਕਰ ਲੱਖ- ਲੱਖ ਸ਼ੁਕਰਾਨੇ, ਇਸ਼ਕ ਵਲੋ ਰਹਿ ਆਈ।

**ਸ਼ਬਦ ਅਰਥ:**

ਗ਼ਸ਼ ਆਇਆ- ਬੇਹੋਸ਼ ਹੋ ਗਈ। ਧਰ - ਰੱਖਣਾ। ਦਮ- ਜਾਨ। ਤਨ- ਸਰੀਰ। ਸਿਧਾਈ- ਨਿਕਲ ਗਈ, ਚਲੀ ਗਈ। ਰਹਿ ਆਈ - ਇੱਜ਼ਤ ਦਾ ਰਹਿ ਜਾਣਾ, ਵਚਨ ਤੇ ਖਰਾ ਉੱਤਰਨਾ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਮਾਰੂ ਰੇਤ ਤਪੇ ਵਿਚ ਥਲ ਦੇ, ਜਿਉਂ ਜੌਂ ਭੁੰਨਣ ਭਠਿਆਰੇ।
ਸੂਰਜ ਭੱਜ ਵੜਿਆ ਵਿਚ ਬਦਲੀਂ, ਡਰਦਾ ਲਿਸ਼ਕ ਨਾ ਮਾਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨਾ ਹਾਰੇ।

(ਅ) ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਮਰ ਦੋਜ਼ਖ ਵਲ ਜਾਵੇ।
ਜਾ ਉਸ ਨਿਹੁੰ ਲੱਗੇ ਵਿੱਚ ਬਿਰਹੋਂ, ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਰਵਾਨਾਂ, ਤੁਖਮ ਜ਼ਮੀਨੋਂ ਜਾਵੇ।

2. ਹੇਠਾਂ ਦਿੱਤੀਆਂ ਕਾਵਿ - ਤੁਕਾਂ ਦੀ ਵਿਆਖਿਆ ਕਰੋ:

(ੳ) ਤਪਦੀ ਵਾਉ ਵਗੇ ਅਸਮਾਨੋਂ, ਪੰਛੀ ਮਾਰਿ ਉਤਾਰੇ।

(ਅ) ਗਰਦ ਹੋਵਾਂ ਵਿਚ ਗਰਦ ਥਲਾਂ ਦੀ, ਵਾਂਗ ਜਵਾਹਰ ਦਮਕਾਂ।

(ੲ) ਖ਼ੁਸ਼ ਰਹੁ ਯਾਰ ਅਸਾਂ ਤੁਧ ਕਾਰਣ, ਥਲ ਵਿੱਚ ਜਾਨ ਗਵਾਈ।

(ਸ) ਹਾਸ਼ਮ ਯਾਦ ਭੰਬੋਰ ਪਇਉਸ, ਟੁੱਟ ਗਿਆ ਮਾਣ ਨਿਮਾਣੀ।

3. ਸੱਸੀ ਆਪਣੇ ਪਿਆਰੇ ਪੁੰਨੂੰ ਨੂੰ ਮਿਲਣ ਲਈ ਕਿਹੋ ਜਿਹਾ ਇਰਾਦਾ ਰੱਖਦੀ ਹੈ ? ਲਿਖੋ।

4. ਕਵੀ ਨੇ ਮਾਰੂਥਲ ਵਿੱਚ ਜਾ ਰਹੀ ਸੱਸੀ ਦਾ ਸ਼ਬਦ ਚਿੱਤਰ ਕਿਵੇਂ ਪੇਸ਼ ਕੀਤਾ ਹੈ ? ਲਿਖੋ।

5. ਕਿੱਸਾ 'ਸੱਸੀ ਪੁੰਨੂੰ' ਦਾ ਕੇਂਦਰੀ ਭਾਵ ਲਿਖੋ।

6. ਸੱਸੀ ਗੁੱਸੇ ਵਿੱਚ ਆ ਕੇ ਡਾਚੀ ਨੂੰ ਕੀ ਆਖ ਬੈਠਦੀ ਹੈ ਅਤੇ ਫਿਰ ਪਛਤਾਵਾ ਕਿਵੇਂ ਕਰਦੀ ਹੈ ?

7. ਹਾਸ਼ਮ ਅਨੁਸਾਰ ਇਹ ਜਗਤ ਕਿੰਨ੍ਹਾਂ ਦੇ ਗੀਤ ਗਾਉਂਦਾ ਹੈ ਅਤੇ ਸੁਹਾਗਣ ਕਿਸ ਨੂੰ ਸਮਝਿਆ ਜਾਂਦਾ ਹੈ ?

8. ਹਾਸ਼ਮ ਰਚਿਤ ਕਿੱਸਾ 'ਸੱਸੀ ਪੁੰਨੂੰ' ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

9. ਹਾਸ਼ਮ ਸ਼ਾਹ ਦੇ ਜੀਵਨ ਅਤੇ ਕਾਵਿ ਰਚਨਾ 'ਤੇ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

# 11. ਸ਼ਾਹ ਮੁਹੰਮਦ

## (1780 ਈ.– 1862 ਈ.)

ਸ਼ਾਹ ਮੁਹੰਮਦ ਦੇਸ਼ ਪਿਆਰ ਦਾ ਕਵੀ ਸੀ। ਉਹ ਆਪਣੇ ਸਮੇਂ ਦਾ ਪ੍ਰਬੀਨ ਤੇ ਘੋਖੀ ਜਾਣਕਾਰ, ਉੱਤਮ ਤੇ ਸੁਲਝਿਆ ਹੋਇਆ ਕਵੀ ਤੇ ਕੌਮੀ ਭਾਵਾਂ ਵਿਚ ਰੰਗਿਆ ਹੋਇਆ ਮਨੁੱਖ ਸੀ। ਉਸ ਨੇ ਸੱਚ ਨੂੰ ਪਛਾਣਿਆ ਤੇ ਸਾਹਿਤ ਨੂੰ ਰਾਸ਼ਟਰ ਨਿਰਮਾਣ ਦੀ ਪ੍ਰੇਰਨਾ ਦਾ ਸੋਮਾ ਬਣਾਇਆ।

ਸ਼ਾਹ ਮੁਹੰਮਦ ਦਾ ਜਨਮ 1780-82 ਦੇ ਨੇੜੇ ਤੇੜੇ ਕੁਰੈਸ਼ ਪਰਿਵਾਰ ਵਿੱਚ ਹੋਇਆ। ਉਸ ਦੇ ਵੱਡੇ ਵਡੇਰੇ ਮੁਗਲਕਾਲ ਵਿੱਚ ਕਾਰਦਾਰ ਤੇ ਕਾਜ਼ੀ ਰਹੇ। ਸ਼ਾਹ ਮੁਹੰਮਦ ਪਿੰਡ ਵਡਾਲਾ ਵੀਰਮ ਜਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ। ਉਹ ਉੱਘੇ ਵਿਦਵਾਨ ਘਰਾਣੇ ਨਾਲ ਸੰਬੰਧਿਤ ਸੀ। ਉਸਦਾ ਇੱਕ ਰਿਸ਼ਤੇਦਾਰ ਮਹਾਰਾਜਾ ਰਣਜੀਤ ਸਿੰਘ ਦਾ ਤੋਪਚੀ ਸੀ।

ਸ਼ਾਹ ਮੁਹੰਮਦ ਨੇ 'ਅੰਗਰੇਜਾਂ ਤੇ ਸਿੰਘਾਂ ਦੀ ਲੜਾਈ' ਦੇ ਨਾਲ ਸੱਸੀ ਪੁੰਨੂੰ ਬਾਰੇ ਇੱਕ ਕਿੱਸਾ ਵੀ ਲਿਖਿਆ ਸੀ, ਪਰ ਉਸ ਦੀ ਪ੍ਰਸਿੱਧੀ 'ਜੰਗਨਾਮਾ ਸ਼ਾਹ ਮੁਹੰਮਦ' ਕਰਕੇ ਹੀ ਹੋਈ। ਪੰਜਾਬ ਦੇ ਸਾਂਸਕ੍ਰਿਤਕ ਤੇ ਇਤਿਹਾਸਕ ਵਿਰਸੇ ਦੀ ਝਲਕ ਉਸ ਦੀ ਪਕੇਰੀ ਸੂਝ ਦੀ ਹੀ ਲਿਖਾਇਕ ਹੈ। ਸ਼ਾਹ ਮੁਹੰਮਦ ਦਾ ਸਮਾਂ ਰਣਜੀਤ ਸਿੰਘ ਕਾਲ ਮਿੱਥਿਆ ਗਿਆ ਹੈ। ਸ਼ਾਹ ਮੁਹੰਮਦ ਪੰਜਾਬ ਦੀ ਸਾਂਝੀ ਸ਼ੰਸਕ੍ਰਿਤੀ ਦਾ ਉਪਾਸਕ ਮਾਲੂਮ ਹੁੰਦਾ ਹੈ। ਅੰਗਰੇਜ਼ ਦੇ ਪੰਜਾਬ ਵਿੱਚ ਆਉਣ ਨਾਲ ਪੰਜਾਬ ਦੀ ਸਾਂਝੀ ਸੰਸਕ੍ਰਿਤੀ ਨੂੰ ਸੱਟ ਵੱਜੀ, ਉਸਦਾ ਤੀਬਰ ਅਹਿਸਾਸ ਸ਼ਾਹ ਮੁਹੰਮਦ ਦੀ ਰਚਨਾ ਵਿਚ ਹੈ। ਉਸ ਨੇ ਅੰਗਰੇਜਾਂ ਦੇ ਪੰਜਾਬ ਵਿਚ ਦਾਖਲੇ ਨੂੰ ਇੱਕ ਮੁਸੀਬਤ ਸਮਝਿਆ। ਉਹ ਬਿਆਨ ਕਰਦਾ ਹੈ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,

ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।

ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,

ਕਦੇ ਨਹੀ ਸੀ, ਤੀਸਰੀ ਜਾਤ ਆਈ।

ਸ਼ਾਹ ਮੁਹੰਮਦ ਦਾ ਦਿਹਾਂਤ 1862 ਈ: ਵਿੱਚ ਹੋਇਆ। ਜੰਗਨਾਮਾ ਸ਼ਾਹ ਮੁਹੰਮਦ ਉਸ ਦੀ ਆਖਰੀ ਰਚਨਾ ਸੀ। ਇਹ ਆਪਣੀ ਸਰਲਤਾ, ਕਲਾਤਮਕਤਾ ਅਤੇ ਪੰਜਾਬ ਪਿਆਰ ਕਾਰਨ ਪੰਜਾਬੀ ਵਾਰ ਸਾਹਿਤ ਵਿੱਚ ਅਮਰ ਪਦਵੀ ਦਾ ਅਧਿਕਾਰੀ ਬਣ ਗਿਆ।

ਜੰਗਨਾਮਾ 'ਜੰਗ ਸਿੰਘਾਂ ਤੇ ਫਰੰਗੀਆਂ' ਕਵਿਤਾ ਵੀ ਹੈ ਅਤੇ ਇਤਿਹਾਸਕ ਦਸਤਾਵੇਜ਼ ਵੀ। ਉਸ ਨੂੰ ਪੰਜਾਬੀਅਤ ਨਾਲ ਗੂੜਾ ਪਿਆਰ ਸੀ। ਇਸੇ ਕਰਕੇ ਉਸ ਨੇ ਅੰਗਰੇਜ਼ਾਂ ਦੀਆਂ ਜਿੱਤਾਂ ਤੇ ਬੀਰਤਾ ਨੂੰ ਕੇਵਲ ਸੰਕੇਤਾਂ ਰਾਹੀਂ ਬਿਆਨ ਕੀਤਾ ਹੈ, ਪਰ ਪੰਜਾਬੀਆਂ ਦੀ ਬਹਾਦਰੀ ਨੂੰ ਬੜੇ ਵਿਸਥਾਰ ਤੇ ਜ਼ੋਰ ਨਾਲ ਬਿਆਨ ਕੀਤਾ ਹੈ, ਉਹ ਲਿਖਦਾ ਹੈ:-

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,

ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,



Downloaded from https:// www.studiestoday.com

Downloaded from https:// www.studiestoday.com

ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਜੰਗਨਾਮੇ ਵਿੱਚ ਰਾਜਿਆ, ਰਾਣੀਆਂ, ਰਾਜਕੁਮਾਰਾਂ ਤੇ ਅਹਿਲਕਾਰਾਂ ਦੇ ਪਾਤਰਾਂ ਦੇ ਸਹੀ ਰੂਪ ਬੜੀ ਨਿਧੜਕਤਾ ਨਾਲ ਸੰਜਮ ਭਰੇ ਸ਼ਬਦਾਂ ਵਿੱਚ ਚਿਤਰੇ ਹਨ, ਜਿਵੇਂ:

ੳ) ਲਹਿਣਾ ਸਿੰਘ ਸਰਦਾਰ ਮਜੀਠੀਆ ਸੀ
ਵੱਡਾ ਅਕਲ ਦਾ ਕੋਟ ਕਮਾਲ ਮੀਆਂ।

ਅ) ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ।

ਸ਼ਾਹ ਮੁਹੰਮਦ ਨੇ ਕਿੱਸੇ ਦੀ ਰਚਨਾ ਪੰਜਾਬੀਆਂ ਦੇ ਹਰਮਨ ਪਿਆਰੇ ਛੰਦ 'ਬੈਂਤ' ਵਿਚ ਕੀਤੀ ਅਤੇ ਲੋਕ ਬੋਲੀ ਦੀ ਵਰਤੋਂ ਕੀਤੀ। ਉਹ ਪਹਿਲਾ ਕਵੀ ਹੈ ਜਿਸ ਨੇ ਅੰਗਰੇਜ਼ੀ ਦੇ ਪ੍ਰਚਲਿਤ ਹੋ ਚੁੱਕੇ ਸ਼ਬਦਾਂ ਨੂੰ ਆਪਣੀ ਰਚਨਾ ਵਿੱਚ ਵਰਤਿਆ।

ਹਥਲੇ ਕਾਵਿ-ਸੰਗ੍ਰਹਿ ਵਿੱਚ ਉਹਨਾਂ ਦੁਆਰਾ ਰਚਿਤ ਜੰਗਨਾਮੇ ਵਿੱਚੋਂ ਪ੍ਰਮੁੱਖ ਅੰਸ਼ਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇੰਜ ਵਿਦਿਆਰਥੀ ਉਸ ਸਮੇਂ ਦੇ ਪੰਜਾਬ ਦੀ ਸਥਿਤੀ ਤੋਂ ਜਾਣੂ ਹੋ ਸਕਣਗੇ।



Downloaded from https:// www.studiestoday.com

Downloaded from https:// www.studiestoday.com

## ਜੰਗਨਾਮਾ ਸਿੰਘਾਂ ਤੇ ਫਰੰਗੀਆਂ

ਏਥੇ ਆਇਆ ਨੂੰ ਦੁਨੀਆਂ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਹੀ ਰੂਪ ਦੁਨੀਆਂ,
ਸਦਾ ਰਹਿਣ ਨ ਕਾਲੜੇ ਕੇਸ ਮੀਆਂ।

**ਸ਼ਬਦ ਅਰਥ:**

ਦਗੇਬਾਜ਼- ਧੋਖੇਬਾਜ਼।ਬਾਲ- ਬਚਪਨ।ਐਸ਼- ਮੌਜਾਂ।ਵਰੇਸ- ਉਮਰ।ਦੌਲਤਾਂ- ਧਨ,ਅਮੀਰੀ। ਫੀਲ- ਹਾਥੀ।ਰੂਪ- ਸੁੰਦਰਤਾ, ਜੋਬਨ।

ਇਕ ਰੋਜ਼ ਵਡਾਲੇ ਦੇ ਵਿਚ ਬੈਠੇ,
ਚੱਲੀ ਆਣ ਅੰਗਰੇਜ਼ ਦੀ ਬਾਤ ਆਈ।
ਸਾਨੂੰ ਆਖਿਆ ਹੀਰੇ ਤੇ ਨੂਰ ਖਾਂ ਨੇ,
ਜਿੰਨ੍ਹਾਂ ਨਾਲ ਸਾਡੀ ਮੁਲਕਾਤ ਆਈ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰਾਂ ਦੋਹਾਂ ਦੇ ਉੱਤੇ ਅਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

**ਸ਼ਬਦ ਅਰਥ:**

ਬਾਤ ਆਈ- ਗੱਲਬਾਤ ਹੋਈ। ਅਫ਼ਾਤ- ਮੁਸੀਬਤ। ਰਾਜ਼ੀ- ਖੁਸ, ਮਿਲਜੁਲ ਕੇ ਰਹਿਣਾ। ਤੀਸਰੀ ਜ਼ਾਤ- ਤੀਜੀ ਕੌਮ (ਅੰਗਰੇਜ਼ ਵੱਲ ਸੰਕੇਤ)।

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।



Downloaded from https:// www.studiestoday.com

Downloaded from https:// www.studiestoday.com

ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,

ਹਿੰਦੁਸਤਾਨੀ ਦੇ ਪੂਰਬੀ ਦੱਖਣੀ ਜੀ।

ਨੰਦਨ ਟਾਪੂਆਂ ਵਿਚ ਕੁਰਲਾਟ ਹੋਈ,

ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

ਸ਼ਾਹ ਮੁਹੰਮਦਾ ਲਾਟ ਹੁਣ ਕਹਿਣ ਲੱਗਾ,

ਰੱਤ ਸਿੰਘ ਸਿਪਾਹੀ ਵੀ ਚੱਖਣੀ ਜੀ।

**ਸ਼ਬਦ ਅਰਥ:**

ਲਾਟ- ਲਾਰਡ ਹਾਰਡਿੰਗ (ਗਵਰਨਰ ਜਨਰਲ)। ਲਸ਼ਕਰ- ਫ਼ੌਜਾਂ। ਸੱਖਣੀ- ਖ਼ਾਲੀ। ਰੱਤ- ਲਹੂ।

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,

ਤੋਪਾਂ ਮਾਰੀਆਂ ਨੀਰ ਦੇ ਆਏ ਪੱਲੇ।

ਫੂਕ ਸੁੱਟੀਆਂ ਸਾਰੀਆਂ ਮੈਗਜ਼ੀਨਾਂ,

ਸਿੰਘ ਉੱਠ ਦੇ ਪੱਤਰਾਂ ਹੋਏ ਚੱਲੇ।

ਛੈਲਦਾਰੀਆਂ ਤੰਬੂਆਂ ਛੱਡ ਦੌੜੇ,

ਕੋਈ ਚੀਜ਼ ਲਈ ਨਹੀਂ ਮੂਲ ਪੱਲੇ।

ਓੜਕ ਲਿਆ ਮੈਦਾਨ ਫਰੰਗੀਆਂ ਨੇ,

ਸ਼ਾਹ ਮੁਹੰਮਦਾ ਰਣੋਂ ਨਹੀਂ ਮੂਲ ਹੱਲੇ।

**ਸ਼ਬਦ ਅਰਥ:**

ਨੀਰ ਦੇ ਆਏ ਪੱਲੇ- ਦਰਿਆ ਦੇ ਕੰਢੇ ਤੇ। ਪੱਤਰਾ ਹੋਏ- ਭੱਜ ਨਿਕਲੇ। ਓੜਕ - ਅੰਤ ਨੂੰ। ਰਣੋਂ- ਯੁੱਧ ਭੂਮੀ।

ਘਰੋਂ ਗਏ ਫਰੰਗੀ ਦੇ ਮਾਰਨੇ ਨੂੰ,

ਬੇੜੇ ਤੋਪਾਂ ਦੇ ਸਭ ਖੁਹਾਇ ਆਏ।

ਛੇੜ ਆਫਤਾਂ ਨੂੰ ਮਗਰ ਲਾਇਓ ਨੇ,

ਸਗੋਂ ਆਪਣਾ ਆਪ ਗਵਾਇ ਆਏ।

ਖੁਸ਼ੀ ਵਸਦਾ ਸ਼ਹਿਰ ਲਾਹੌਰ ਸਾਰਾ,



Downloaded from https:// www.studiestoday.com

Downloaded from https:// www.studiestoday.com

ਸਗੋਂ ਕੁੰਜੀਆਂ ਹੱਥ ਫੜਾਇ ਆਏ।

ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਸੀ,

ਤੁਸੀ ਚੰਗੀਆਂ ਪੂਰੀਆਂ ਪਾਇ ਆਏ।

**ਸ਼ਬਦ ਅਰਥ:**

ਫਰੰਗੀ- ਅੰਗਰੇਜ਼। ਆਫਤਾਂ- ਬਲਾਵਾਂ। ਚੰਗੀਆਂ ਪੂਰੀਆਂ- ਅਪਮਾਨ ਭਰੀ ਹਾਰ।

ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ,

ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ।

ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,

ਜੈਸੇ ਬੇਲਿਉਂ ਨਿਕਲਦੇ ਸ਼ੇਰ ਮੀਆਂ।

ਚੜ੍ਹੇ ਸਭ ਮਝੈਲ ਦੁਆਬੀਏ ਜੀ,

ਜਿਨ੍ਹਾਂ ਕਿਲ੍ਹੇ ਨਿਵਾਏ ਨੇ ਢੇਰ ਮੀਆਂ।

ਸ਼ਾਹ ਮੁਹੰਮਦਾ ਚੜੇ ਜਮੂਰਖਾਨੇ,

ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

**ਸ਼ਬਦ ਅਰਥ:**

ਕੂਚ- ਚੜ੍ਹਾਈ ਕਰਨਾ। ਛੈਲ ਬਾਂਕੇ- ਬਹਾਦਰ ਗੱਭਰੂ। ਬੇਲਿਉ- ਜੰਗਲ। ਕਿਲ੍ਹੇ ਨਿਵਾਏ ਨੇ ਢੇਰ- ਬਹੁਤ ਸਾਰੇ ਕਿਲੇ ਫਤਹਿ ਕਰ ਲੈਣਾ।

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,

ਅੱਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ।

ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,

ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,

ਬੰਨ੍ਹ ਸ਼ਸਤਰੀ ਜੋੜ ਵਿਛੋੜ ਸੁੱਟੇ।

ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,

ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

**ਸ਼ਬਦ ਅਰਥ:**



Downloaded from https:// www.studiestoday.com

Downloaded from https:// www.studiestoday.com

ਪਲਟਨਾਂ- ਫ਼ੌਜੀ ਟੁਕੜੀਆਂ। ਹੱਲੇ- ਹਮਲੇ। ਗੋਰਿਆਂ- ਅੰਗਰੇਜ਼ਾਂ।

ਓਧਰ ਆਪ ਫ਼ਰੰਗੀ ਨੂੰ ਭਾਂਜ ਆਈ,

ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।

ਚੱਲੇ ਤੋਪਖਾਨੇ ਸਾਰੇ ਗੋਰਿਆਂ ਦੇ,

ਮਗਰ ਹੋਈ ਬੰਦੂਕਾਂ ਦੀ ਫੰਡ ਮੀਆਂ।

ਕਿੰਨੇ ਜਾਇ ਕੇ ਲਿਆਇ ਕੇ ਖ਼ਬਰ ਦਿੱਤੀ,

ਨੰਦਨ ਹੋਇ ਬੈਠੀ ਤੇਰੀ ਰੰਡ ਮੀਆਂ।

ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,

ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।

**ਸ਼ਬਦ ਅਰਥ:**

ਭਾਂਜ- ਭੱਜਣਾ। ਕੰਡ- ਪਿੱਠ। ਫੰਡ- ਵਾਛੜ। ਰੰਡ- ਰੰਡੀ ਭਾਵ ਵਿਧਵਾ। ਝੰਡ- ਸਿਰ ਦੇ ਵਾਲ।

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,

ਦੋਵੇਂ ਪਾਦਸ਼ਾਹੀ ਫੌਜਾਂ ਭਾਰੀਆਂ ਨੀ।

ਅਜ ਹੋਵੇ ਸਰਕਾਰ ਤਾਂ ਮੁੱਲ ਪਵੇ,

ਜੇੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।

ਸਣੇ ਆਦਮੀ ਗੋਲੀਆਂ ਨਾਲ ਉੱਡਣ,

ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,

ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।

**ਸ਼ਬਦ ਅਰਥ:**

ਭਾਰੀਆਂ- ਵੱਡੀਆਂ, ਸ਼ਕਤੀਸਾਲੀ। ਤੇਗਾਂ- ਕਿਰਪਾਨਾਂ। ਤੇਗ ਮਾਰਨੀ- ਤਲਵਾਰ ਦੇ ਜੌਹਰ ਵਿਖਾਉਣਾ। ਸਣੇ- ਸਮੇਤ। ਅੰਬਾਰੀਆਂ- ਹੌਦੇ।

ਕਈ ਸੂਰਮੇ ਮਾਰ ਕੇ ਮੋਏ ਉਥੇ,



Downloaded from https:// www.studiestoday.com

Downloaded from https:// www.studiestoday.com

ਜਿੰਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਉ ਡੋਬੇ,
ਸ਼ੱਰੇ ਮਾਰਿਓ ਨੇ ਤੋਪਾਂ ਚੰਗੀਆਂ ਦੇ।
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨ ਰੱਬ ਲਿਆਵੇ,
ਵਿਚ ਜੰਗ ਦੇ ਨਾਲ ਫਰੰਗੀਆਂ ਦੇ।

**ਸ਼ਬਦ ਅਰਥ:**

ਸੂਰਮੇ- ਸੂਰਬੀਰ, ਬਹਾਦਰ। ਮੋਏ- ਸ਼ਹੀਦ ਹੋ ਗਏ। ਸ਼ੱਰੇ- ਗੋਲੀਆਂ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਹੇਠਾਂ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

(ੳ) ਸਿੰਘਾਂ ਮਾਰ ਕੇ ਕਟਕ ਮੁਕਾਇ ਦਿੱਤੇ,
ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਨੰਦਨ ਟਾਪੂਆਂ ਵਿੱਚ ਕੁਰਲਾਟ ਹੋਈ,
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।

(ਅ) ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਘੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫ਼ਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਾਸਤਰੀ ਜੋੜ ਵਿਛੋੜ ਸੁੱਟੇ।

2. ਹੇਠਾਂ ਦਿੱਤੀਆਂ ਕਾਵਿ - ਸਤਰਾਂ ਦੀ ਵਿਆਖਿਆ ਕਰੋ:

(ੳ) ਕਿੰਨੇ ਜਾਇ ਕੇ ਲਿਆਇ ਕੇ ਖ਼ਬਰ ਦਿੱਤੀ,
ਨੰਦਨ ਹੋਇ ਬੈਠੀ ਤੇਰੀ ਰੰਡ ਮੀਆਂ।

(ਅ) ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਅਫ਼ਾਤ ਆਈ।

(ੲ) ਏਥੇ ਆਇਆ ਨੂੰ ਦੁਨੀਆ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।

(ਸ) ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

3. ਸ਼ਾਹ ਮੁਹੰਮਦ ਦੁਨੀਆਂ ਦਾ ਕਿਹੋ ਜਿਹਾ ਚਿੱਤਰ ਪੇਸ਼ ਕਰਦਾ ਹੈ?

4. ਸ਼ਾਹ ਮੁਹੰਮਦ ਦੇ ਸਮੇਂ ਪੰਜਾਬ ਵਿੱਚ ਕਿਸ ਕਿਸ ਧਰਮ ਦੇ ਲੋਕ ਰਹਿੰਦੇ ਸਨ? ਕਵੀ ਦਾ ਤੀਸਰੀ ਜ਼ਾਤ ਤੋਂ ਕੀ ਭਾਵ ਹੈ?

5. ਸਿੰਘ ਹਾਰ ਕੇ ਜਦੋਂ ਘਰ ਵਾਪਸ ਆਏ ਤਾਂ ਲੋਕਾਂ ਨੇ ਕੀ ਕੀ ਤਾਹਨੇ ਮਿਹਣੇ ਦਿੱਤੇ?



Downloaded from https:// www.studiestoday.com

Downloaded from https:// www.studiestoday.com

6. ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਸਿੰਘਾਂ ਦੀ ਚੜ੍ਹਾਈ ਦਾ ਵਰਨਣ ਕਿਵੇਂ ਕੀਤਾ ਹੈ ਅਤੇ ਸਰਦਾਰਾਂ ਦੇ ਪੁੱਤਾਂ ਦੀ ਤੁਲਨਾ ਕਿਸ ਨਾਲ ਕੀਤੀ ਹੈ ?

7. ਲਾਟ ਆਪਣੇ ਲਸ਼ਕਰ ਨੂੰ ਕਿਵੇਂ ਹੱਲਾ ਸ਼ੇਰੀ ਦਿੰਦਾ ਹੈ ? ਉਸ ਦਾ ਫੌਜ ਉੱਤੇ ਕੀ ਅਸਰ ਹੁੰਦਾ ਹੈ ?

8. ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਯੁੱਧ ਦਾ ਜੋ ਚਿੱਤਰ ਖਿੱਚਿਆ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

9. ਸ਼ਾਹ ਮੁਹੰਮਦ ਦੇ ਜੀਵਨ ਅਤੇ ਕਾਵਿ ਰਚਨਾ ਤੇ ਸੰਖੇਪ ਨੋਟ ਲਿਖੋ ।



Downloaded from https:// www.studiestoday.com

Downloaded from https:// www.studiestoday.com

# ਖੰਡ- 2
# (ਵਾਰਤਕ)



Downloaded from https:// www.studiestoday.com

Downloaded from https:// www.studiestoday.com

## 1. ਸਾਧਨਾ ਤੇ ਸਾਦਗੀ ਦੀ ਮੂਰਤ : ਭਗਤ ਧੰਨਾ ਜੀ

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ ਦੀ ਬਾਣੀ ਦੇ ਨਾਲ ਭੱਟ ਸਾਹਿਬਾਨ, ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਤੇ ਪੰਦਰਾਂ ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ। ਭਗਤ ਸਾਹਿਬਾਨਾਂ ਵਿੱਚੋਂ ਦੋ ਭਗਤ ਰਾਜਸਥਾਨ ਦੇ ਹਨ- ਭਗਤ ਪੀਪਾ ਜੀ ਤੇ ਭਗਤ ਧੰਨਾ ਜੀ। ਭਗਤ ਪੀਪਾ ਜੀ ਗਾਗਰੌਨਗੜ੍ਹ ਰਿਆਸਤ ਦੇ ਹੁਕਮਰਾਨ ਸਨ ਪਰ ਧੰਨਾ ਜੀ ਇੱਕ ਕਿਸਾਨ ਸਨ। ਉਹਨਾਂ ਦੀ ਰੋਜ਼ੀ ਰੋਟੀ ਦਾ ਵਸੀਲਾ ਖੇਤੀ ਤੇ ਪਸ਼ੂ ਪਾਲਣ ਸੀ।

ਧੰਨਾ ਜੀ ਦੀ ਜ਼ਿੰਦਗੀ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਭਗਤ ਜੀ ਦਾ ਜਨਮ ਅਪ੍ਰੈਲ 1416 ਈ. ਵਿੱਚ ਰਾਜਸਥਾਨ ਦੇ ਜ਼ਿਲ੍ਹਾ ਟੌਂਕ ਦੇ ਇਕ ਪਿੰਡ ਧੂੰਆਂ ਕਲਾਂ ਵਿੱਚ ਹੋਇਆ ਸੀ। ਭਗਤ ਜੀ ਦੇ ਪਿਤਾ ਦਾ ਨਾਂ ਭੋਲਾ ਜੀ ਤੇ ਮਾਤਾ ਦਾ ਨਾਂ ਧੰਨੋ ਜੀ ਸੀ।

ਪਿੰਡ ਧੂੰਆਂ ਕਲਾਂ ਦੇ ਰਕਬੇ ਅੰਦਰ ਭਗਤ ਜੀ ਦੇ ਖੇਤ ਵੀ ਹਨ। ਉੱਥੇ ਉਹਨਾਂ ਦੀ ਯਾਦ ਵਿੱਚ ਇੱਕ ਮੰਦਰ ਵੀ ਬਣਿਆ ਹੋਇਆ ਹੈ। ਕਹਿੰਦੇ ਹਨ ਜਿੱਥੇ ਮੰਦਰ ਹੈ, ਇੱਥੇ ਇੱਕ ਥੜ੍ਹਾ ਹੁੰਦਾ ਸੀ, ਜਿੱਥੇ ਖੇਤਾਂ 'ਚ ਕੰਮ ਕਰਦੇ ਸਮੇਂ ਜਾਂ ਪਸ਼ੂ ਚਰਾਉਂਦੇ ਸਮੇਂ, ਭਗਤ ਧੰਨਾ ਜੀ ਭਗਤੀ ਅਤੇ ਆਰਾਮ ਕਰਿਆ ਕਰਦੇ ਸਨ। ਉਹਨਾਂ ਦੇ ਖੇਤ ਵਿੱਚ ਇੱਕ ਖੂਹ ਹੁੰਦਾ ਸੀ, ਜਿਹੜਾ ਅੱਜ ਵੀ ਉੱਥੇ ਮੌਜੂਦ ਹੈ।

ਥੋੜ੍ਹੇ ਸਾਲ ਪਹਿਲਾਂ ਸੰਤ ਲੱਖਾ ਸਿੰਘ ਜੀ ਸਰਹਾਲੀ ਵਾਲਿਆਂ ਨੇ ਭਗਤ ਧੰਨਾ ਜੀ ਦੀ ਯਾਦ ਵਿੱਚ ਉੱਥੇ ਇੱਕ ਗੁਰਦੁਆਰਾ ਸਾਹਿਬ ਬਣਾਇਆ ਹੈ। ਸੰਤਾਂ ਦੀ ਇੱਛਾ ਸੀ ਕਿ ਗੁਰਦੁਆਰਾ ਭਗਤ ਜੀ ਦੀ ਜ਼ਮੀਨ ਵਿੱਚ ਬਣੇ। ਪਰ ਉਸ ਜ਼ਮੀਨ ਦੀ ਸੰਭਾਈ ਕਰਦੀ, ਆਸੇ-ਪਾਸੇ ਦੇ ਕਈ ਪਿੰਡਾਂ ਦੀ ਪੰਚਾਇਤ ਨੇ, ਉਸ ਜ਼ਮੀਨ ਵਿੱਚੋਂ ਥਾਂ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਸੰਤ ਜੀ ਨੇ ਉਸ ਜ਼ਮੀਨ ਦੇ ਬਿਲਕੁਲ ਨਾਲ ਲੱਗਦੀ ਜ਼ਮੀਨ ਮਹਿੰਗੇ ਭਾਅ ਖ਼ਰੀਦ ਕੇ, ਉੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ। ਜਿੱਥੇ ਹੁਣ ਹਰ ਸਾਲ ਭਗਤ ਧੰਨਾ ਜੀ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਜਦੋਂ ਇਸ ਇਲਾਕੇ ਵਿੱਚ ਬੀਸਲਪੁਰ ਬੰਨ੍ਹ (ਡੈਮ) ਬਣਿਆ ਤਾਂ ਸਿੰਚਾਈ ਲਈ ਉਸ ਇਲਾਕੇ ਵਿੱਚ ਨਹਿਰਾਂ ਕੱਢੀਆਂ ਗਈਆਂ। ਇੱਕ ਕੱਸੀ ਭਗਤ ਜੀ ਦੇ ਖੇਤ ਵਿੱਚ ਦੀ ਬਣੀ ਤਾਂ ਉਹਨਾਂ ਦੇ ਖੇਤ ਦਾ ਕੁਝ ਹਿੱਸਾ ਬਣ ਰਹੇ ਗੁਰਦੁਆਰਾ ਸਾਹਿਬ ਵੱਲ ਰਹਿ ਗਿਆ। ਧੰਨਾ ਜੀ ਦਾ ਖੂਹ ਵੀ ਉਸ ਹਿੱਸੇ ਵਿੱਚ ਹੈ। ਹੁਣ ਪੰਚਾਇਤ ਨੇ ਉਹ ਜਗ੍ਹਾ ਵੀ ਧੰਨਾ ਜੀ ਦੀ ਯਾਦ ਵਿੱਚ ਬਣੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਸੌਂਪ ਦਿੱਤੀ ਹੈ।

ਜ਼ਿਲ੍ਹਾ ਜੈਪੁਰ ਦੀ ਤਹਿਸੀਲ ਫਾਗੀ ਵਿੱਚ ਚੋਰੂ ਨਾਂ ਦਾ ਇੱਕ ਪਿੰਡ ਹੈ। ਉੱਥੋਂ ਦੇ ਲੋਕਾਂ ਦਾ ਯਕੀਨ ਤੇ ਕਹਿਣਾ ਹੈ ਕਿ ਭਗਤ ਧੰਨਾ ਜੀ ਚੌਰੂ ਪਿੰਡ ਵਿੱਚ ਪੈਦਾ ਹੋਏ ਸਨ। ਉੱਥੇ ਵੀ ਹੁਣ, ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣ ਰਿਹਾ ਹੈ ਤੇ ਪਿੰਡ ਵਾਲਿਆਂ ਵੱਲੋਂ ਇਕ ਮੰਦਰ ਦੀ ਉਸਾਰੀ ਵੀ ਹੋ ਰਹੀ ਹੈ। ਸੰਭਵ ਹੈ ਕਿ ਪਹਿਲਾਂ ਧੰਨਾ ਜੀ ਦੇ ਵਡੇਰੇ ਉੱਥੇ ਰਹਿੰਦੇ ਰਹੇ ਹੋਣ ਤੇ ਫੇਰ ਉੱਥੋਂ ਧੂੰਆਂ ਕਲਾਂ ਚਲੇ ਗਏ ਹੋਣ ਜਾਂ ਚੋਰੂ ਉਹਨਾਂ ਦਾ ਨਾਨਕਾ ਪਿੰਡ ਹੋਵੇ।

ਭਗਤ ਧੰਨਾ ਜੀ ਦੇ ਨਾਂ ਨਾਲ ਬਹੁਤ ਸਾਰੀਆਂ ਸਾਖੀਆਂ ਜੁੜੀਆਂ ਹੋਈਆਂ ਹਨ। ਜੋ ਆਲੇ-ਦੁਆਲੇ ਦੇ ਪਿੰਡਾਂ ਵਿੱਚ ਪ੍ਰਸਿੱਧ ਹਨ। ਕੁਝ ਸੱਚੀਆਂ ਵੀ ਹੋ ਸਕਦੀਆ ਹਨ; ਪਰ ਲੱਗਦਾ ਹੈ ਕਿ



Downloaded from https:// www.studiestoday.com

Downloaded from https:// www.studiestoday.com

ਜ਼ਿਆਦਾਤਰ ਸ਼ਰਧਾਲੂਆਂ ਵੱਲੋਂ ਸ਼ਰਧਾ ਪੱਖੋਂ ਬਣਾਈਆਂ ਗਈਆਂ ਹਨ। ਇਹ ਸਾਖੀਆਂ ਦਰਸਾਉਂਦੀਆਂ ਹਨ ਕਿ ਭਗਤ ਜੀ ਪਹਿਲਾਂ ਬੁੱਤ-ਪੂਜਾ ਕਰਦੇ ਹੋਣਗੇ ਅਤੇ ਫੇਰ ਹੋਰ ਭਗਤਾਂ ਦੀ ਸੰਗਤ ਤੇ ਬਾਣੀ ਦੇ ਪ੍ਰਭਾਵ ਸਦਕਾ ਉਹਨਾਂ ਦੇ ਖਿਆਲ ਪਰਿਵਰਤਿਤ ਹੋ ਗਏ ਹੋਣਗੇ। ਮਨ ਬਦਲਣ 'ਤੇ ਉਹਨਾਂ ਨੇ ਹੋਰ ਭਗਤਾਂ ਨਾਲ ਕਾਸ਼ੀ ਜਾ ਕੇ ਦੀਖਿਆ ਲਈ ਤੇ ਇੱਕ ਸਰਬ ਸ਼ਕਤੀਮਾਨ ਰੱਬ ਦੀ ਪੂਜਾ ਕਰਨ ਲੱਗੇ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਵੇਲੇ ਬਾਣੀਕਾਰਾਂ ਦਾ ਧਰਮ ਤੇ ਜ਼ਾਤ ਨਹੀਂ ਵੇਖੀ, ਸਗੋਂ ਉਹਨਾਂ ਦੀ ਰਚਨਾ ਵੇਖੀ। ਵੱਡੀ ਗੱਲ ਇਹ ਵੀ ਹੈ ਕਿ ਗੁਰੂ ਸਾਹਿਬਾਨ ਤੇ ਦੂਸਰੇ ਬਾਣੀਕਾਰਾਂ ਨੇ ਜਿਸ ਜੀਵਨ-ਜਾਚ ਦਾ ਢੰਗ ਲੋਕਾਈ ਨੂੰ ਦੱਸਿਆ ਹੈ, ਆਪ ਵੀ ਉਸ ਅਨੁਸਾਰ ਹੀ ਵਿਚਰਦੇ ਸਨ।

ਉਹਨਾਂ ਦੀ ਬਾਣੀ ਤੇ ਗੁਰਬਾਣੀ ਵਿਚਕਾਰ ਵਿਚਾਰਧਾਰਕ ਸਾਂਝ ਕਰਕੇ ਹੀ, ਗੁਰੂ ਅਰਜਨ ਦੇਵ ਜੀ ਨੇ ਇਹਨਾਂ ਦੇ ਤਿੰਨ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ। ਸਿੱਖ ਜਦੋਂ ਗੁਰੂਆਂ ਦੀ ਬਾਣੀ ਅੱਗੇ ਸਿਰ ਝੁਕਾਉਂਦੇ ਹਨ ਤਾਂ ਉਹਨਾਂ ਦਾ ਸਿਰ ਭਗਤਾਂ ਦੀ ਬਾਣੀ ਅੱਗੇ ਵੀ ਝੁਕ ਜਾਂਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਉਹਨਾਂ ਦੀ ਬਾਣੀ ਵੱਲ ਝਾਤ ਮਾਰੀਏ ਤਾਂ ਪਹਿਲੇ ਸ਼ਬਦ ਵਿੱਚ ਉਹ ਸਮਝਾਉਂਦੇ ਹਨ- ਮਨੁੱਖ ਦਾ ਮਨ ਲਾਲਚ 'ਚ ਫਸਿਆ ਰਹਿੰਦਾ ਹੈ। ਪੰਜੇ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਜ਼ਹਿਰ ਦੇ ਬਰਾਬਰ ਹਨ, ਪਰ ਇਹ ਲਾਲਚੀ ਮਨ ਨੂੰ ਮਿੱਠੇ ਜਾਪਦੇ ਹਨ। ਵਿਕਾਰੀ ਮਨੁੱਖ ਨੇ ਆਵਾਗਵਨ ਤੋਂ ਛੁਟਕਾਰਾ ਪਾਉਣ ਦੀ ਜੁਗਤ ਨਹੀਂ ਸਿੱਖੀ। ਮਨ 'ਚ ਪ੍ਰਭੂ ਦਾ ਨਾਮ ਨਹੀਂ ਵਸਾਇਆ। ਮੁਕਤੀ ਤਾਂ ਗੁਰੂ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਪ੍ਰਭੂ ਦੀ ਮਿਹਰ ਨਾਲ ਚੰਗੀ ਸੰਗਤ 'ਚ ਬੈਠ ਕੇ ਮਨ ਵਿੱਚ ਗਿਆਨ ਦਾ ਵਾਸਾ ਹੁੰਦਾ ਹੈ। ਨਾਮ ਜਪ ਕੇ, ਭਗਤੀ ਅਪਣਾ ਕੇ ਆਤਮਾ ਦੇ ਸੁੱਖ ਦੀ ਪਛਾਣ ਹੁੰਦੀ ਹੈ-

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥ ੩ ॥

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥

ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥ ੪ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੪੮੭)

ਦੂਜੇ ਸ਼ਬਦ ਰਾਹੀਂ ਵੀ ਪ੍ਰਭੂ ਸਿਮਰਨ ਲਈ ਕਿਹਾ ਗਿਆ ਹੈ, ਕਿਉਂਕਿ ਪ੍ਰਭੂ ਹੀ ਦੁਨੀਆਂ ਨੂੰ ਰਚਣ ਵਾਲਾ ਹੈ, ਹੋਰ ਕੋਈ ਹਸਤੀ ਨਹੀਂ। ਉਹ ਰੋਜ਼ੀ ਦਿੰਦਾ ਹੈ, ਸਾਰਿਆਂ ਦੀ ਪਾਲਣਾ ਕਰਦਾ ਹੈ ਤੇ ਸਾਰਿਆਂ ਦੇ ਅੰਦਰ ਵਸਦਾ ਹੈ, ਕੱਛੂਕੁੰਮੀ ਆਪ ਪਾਣੀ ਚ ਰਹਿੰਦੀ ਹੈ ਤੇ ਉਸਦੇ ਬੱਚੇ ਬਾਹਰ ਪੱਤਣ 'ਤੇ ਪਲਦੇ ਹਨ। ਕੀੜਾ ਪੱਥਰ ਵਿੱਚ ਹੁੰਦਾ ਹੈ, ਉਸ ਨੂੰ ਉੱਥੇ ਹੀ ਖ਼ੁਰਾਕ ਮਿਲਦੀ ਹੈ। ਪ੍ਰਭੂ ਸਭ ਦਾ ਫ਼ਿਕਰ ਰੱਖਦਾ ਹੈ ਤੇ ਸਭ ਨੂੰ ਦਿੰਦਾ ਹੈ-

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥

ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧ ॥

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥



Downloaded from https:// www.studiestoday.com

Downloaded from https:// www.studiestoday.com

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥ ੨ ॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ ੩ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੪੮੮)

ਜਿੱਥੇ ਭਗਤ ਤ੍ਰਿਲੋਚਨ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਦੇ ਸ਼ਬਦ ਆਰਤੀ 'ਚ ਗਾਏ ਜਾਂਦੇ ਹਨ, ਉੱਥੇ ਭਗਤ ਧੰਨਾ ਜੀ ਦਾ ਤੀਜਾ ਸ਼ਬਦ ਵੀ ਉਹਨਾਂ ਨਾਲ ਹੀ ਗਾਇਆ ਜਾਂਦਾ ਹੈ। ਇਸ ਸ਼ਬਦ 'ਚ ਭਗਤ ਜੀ ਨੇ ਆਪਣੀ ਸਿੱਧ-ਪੱਧਰੀ ਆਦਤ ਅਨੁਸਾਰ ਪ੍ਰਮਾਤਮਾ ਤੋਂ ਆਪਣੀ ਜ਼ਿੰਦਗੀ 'ਚ ਲੋੜੀਂਦੀਆਂ ਚੀਜਾਂ ਮੰਗੀਆਂ ਹਨ, ਜੋ ਜੀਵਨ ਦੀ ਲੋੜ ਹੈ। ਇਹਨਾਂ ਬਿਨਾਂ ਮਨੁੱਖ ਜ਼ਿੰਦਾ ਨਹੀਂ ਰਹਿ ਸਕਦਾ, ਜਿਵੇ ਦਾਲ, ਘਿਉ, ਜੁੱਤੀ, ਕੱਪੜਾ,ਅਨਾਜ, ਦੁੱਧ ਪੀਣ ਵਾਸਤੇ ਗਾਂ, ਮਹਿੰ ਤੇ ਸਵਾਰੀ ਵਾਸਤੇ ਘੋੜੀ। ਭਗਤ ਜੀ ਦੀ ਧੰਨਤਾ ਇਸ ਗੱਲ ਵਿੱਚ ਵੀ ਹੈ ਕਿ ਜਿੱਥੇ ਕਈ ਧਾਰਮਕ ਰਹਿਬਰ ਔਰਤ ਨੂੰ ਭਗਤੀ ਦੇ ਰਾਹ ਦਾ ਰੋੜਾ ਸਮਝਦੇ ਹਨ, ਉੱਥੇ ਭਗਤ ਜੀ ਪ੍ਰਭੂ ਤੋਂ ਗ੍ਰਹਿਣੀ ਦੀ ਵੀ ਮੰਗ ਕਰਦੇ ਹਨ ਤਾਂ ਕਿ ਘਰ ਗ੍ਰਹਿਸਤੀ ਚੱਲ ਸਕੇ। ਭਗਤ ਜੀ ਨੂੰ ਵਿਸ਼ਵਾਸ਼ ਹੈ ਕਿ ਪ੍ਰਮਾਤਮਾ ਭਗਤੀ ਕਰਨ ਵਾਲਿਆਂ ਦੇ ਕੰਮ ਆਪ ਸੁਆਰਦਾ ਹੈ ਤੇ ਜੋ ਮੰਗੋ ਉਹ ਦਿੰਦਾ ਹੈ-

ਦਾਲਿ ਸੀਧਾ ਮਾਗਉ ਘੀਉ ॥

ਹਮਰਾ ਖੁਸੀ ਕਰੈ ਨਿਤ ਜੀਉ ॥

ਪਨ੍ਹੀਆ ਛਾਦਨੁ ਨੀਕਾ ॥

ਅਨਾਜ ਮਗਉ ਸਤ ਸੀ ਕਾ ॥੧ ॥

ਗਊ ਭੈਸ ਮਗਉ ਲਾਵੇਰੀ ॥

ਇਕ ਤਾਜਨਿ ਤੁਰੀ ਚੰਗੇਰੀ ॥

ਘਰ ਕੀ ਗੀਹਨਿ ਚੰਗੀ ॥

ਜਨੁ ਧੰਨਾ ਲੇਵੈ ਮੰਗੀ ॥੨ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੬੯੫)

ਭਗਤ ਧੰਨਾ ਜੀ ਨੇ ਗ੍ਰਹਿਸਤੀ ਜੀਵਨ ਜੀਵਿਆ, ਕਿਰਤ ਨੂੰ ਮਹੱਤਤਾ ਦਿੱਤੀ, ਨਾਮ ਜਪ ਕੇ ਮਨ ਪ੍ਰਭੂ ਨਾਲ ਜੋੜ ਲਿਆ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਭਗਤ ਧੰਨਾ ਜੀ ਦਾ ਪ੍ਰਮਾਤਮਾ ਪ੍ਰਤੀ ਯਕੀਨ, ਸ਼ਰਧਾ ਤੇ ਭੋਲੇਪਨ ਦਾ ਵਰਨਣ ਕਰਦਿਆਂ ਫੁਰਮਾਇਆ ਹੈ-



Downloaded from https:// www.studiestoday.com

Downloaded from https:// www.studiestoday.com

ਧੰਨੈ ਸੇਵਿਆ ਬਾਲ ਬੁਧਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ (੧੧੯੨)

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ (੪੮੮)

ਇੱਕ ਸਿਧੇ-ਸਾਦੇ ਜੱਟ ਨੇ ਭਗਤੀ ਕਰਕੇ ਸਰਬ ਸ਼ਕਤੀਮਾਨ ਰੱਬ ਨੂੰ ਜਾਣ ਲਿਆ ਸੀ; ਪਾ ਲਿਆ ਸੀ। ਇਹ ਹੀ ਉਹਨਾਂ ਦੀ ਅਸਲ ਵਡਿਆਈ ਹੈ।

## ਅਭਿਆਸ–ਪ੍ਰਸ਼ਨ

1. ਭਗਤ ਧੰਨਾ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?
2. ਆਰਤੀ ਵਿੱਚ ਕਿਹੜੇ-ਕਿਹੜੇ ਭਗਤਾਂ ਦੇ ਸ਼ਬਦ ਗਾਏ ਜਾਂਦੇ ਹਨ ?
3. ਆਪਣੇ ਪਹਿਲੇ ਸ਼ਬਦ ਵਿੱਚ ਭਗਤ ਧੰਨਾ ਜੀ ਕੀ ਸਮਝਾਉਂਦੇ ਹਨ ?
4. ਭਗਤ ਧੰਨਾ ਜੀ ਦਾ ਚੋਰੂ ਪਿੰਡ ਨਾਲ ਕੀ ਸੰਬੰਧ ਜੋੜਿਆ ਜਾਂਦਾ ਹੈ ?
5. 'ਸਾਧਨਾ ਤੇ ਸਾਦਗੀ ਦੀ ਮੂਰਤ : ਭਗਤ ਧੰਨਾ ਜੀ' ਜੀਵਨੀ-ਮੂਲਕ ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ?



Downloaded from https:// www.studiestoday.com

Downloaded from https:// www.studiestoday.com

## 2. ਸੂਰਬੀਰਤਾ ਦੀ ਪ੍ਰਤੀਕ : ਮਾਈ ਭਾਗੋ

'ਸੂਰਬੀਰਤਾ' ਕਿਸੇ ਦੇਸ਼, ਕੌਮ ਤੇ ਸਮਾਜ ਦਾ ਅਮੁੱਲ ਸਰਮਾਇਆ ਹੁੰਦੀ ਹੈ। ਇਹ ਅਮੀਰ ਵਿਰਾਸਤ ਜ਼ੱਦੀ-ਪੁਸ਼ਤੀ ਸੰਸਕਾਰਾਂ ਵਿਚੋਂ ਹੀ ਪੁੰਗਰਦੀ ਤੇ ਪਰਵਾਨ ਚੜ੍ਹਦੀ ਹੈ। ਸੂਰਬੀਰਤਾ ਹੀ ਮਨੁੱਖ ਨੂੰ ਅਣਖ-ਆਬਰੂ ਖ਼ਾਤਰ ਕੁਰਬਾਨੀ ਕਰਨ ਦੇ ਸਮਰੱਥ ਬਣਾਉਂਦੀ ਹੈ । ਪੰਜਾਬ ਦਾ ਸਿੱਖ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ। ਸਿੱਖ ਧਰਮ ਦੇ ਛੇਵੇਂ ਗੁਰੂ ਸ਼੍ਰੀ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਜੀਵਨ ਫ਼ਲਸਫ਼ੇ ਰਾਹੀਂ ਕੌਮ ਨੂੰ, ਮੀਰੀ ਤੇ ਪੀਰੀ ਨਾਂ ਦੀਆਂ ਦੋ ਕਿਰਪਾਨਾਂ ਪ੍ਰਦਾਨ ਕਰ ਕੇ, ਪ੍ਰਤੀਕ ਰੂਪ ਵਿੱਚ ਭਗਤੀ ਅਤੇ ਸ਼ਕਤੀ ਸੰਕਲਪ ਨਾਲ ਜੋੜਿਆ। ਅੱਗੇ ਜਾ ਕੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪੰਥ(1699 ਈ.) ਦੀ ਸਥਾਪਨਾ ਕਰਕੇ ਇਸੇ ਸੰਕਲਪ ਨੂੰ ਸਿੱਖ ਧਰਮ ਦਾ ਸਥਾਈ ਅੰਗ ਬਣਾਉਂਦੇ ਹਨ। ਗੁਰੂ ਸਾਹਿਬਾਨਾਂ ਦੇ ਪੂਰਨਿਆਂ 'ਤੇ ਚਲਦਿਆਂ ਜਿੱਥੇ ਸਿੰਘ ਸੂਰਮਿਆਂ ਨੇ ਦੇਸ਼,ਕੌਮ ਤੇ ਧਰਮ ਦੀ ਖਾਤਿਰ ਆਪਣੀਆਂ ਜਾਨਾਂ ਵਾਰੀਆਂ ਹਨ, ਉੱਥੇ ਸਿੱਖ ਬੀਬੀਆਂ ਨੇ ਵੀ ਆਪਣਾ ਬਣਦਾ ਯੋਗਦਾਨ ਪਾਇਆ ਹੈ। ਇਸੇ ਕੜੀ ਅੰਦਰ ਸੂਰਬੀਰਤਾ ਦੀ ਪ੍ਰਤੀਕ ਮਾਈ ਭਾਗੋ ਦਾ ਜ਼ਿਕਰ ਆਉਂਦਾ ਹੈ।

ਮਾਈ ਭਾਗੋ ਦਾ ਸਿੱਖ ਇਤਿਹਾਸ ਵਿਚ ਗੌਰਵਮਈ ਸਥਾਨ ਹੈ। ਆਪ ਦਾ ਸੰਬੰਧ ਪੰਜਾਬ ਦੇ ਜ਼ਿਲ੍ਹੇ ਤਰਨਤਾਰਨ ਦੇ ਪ੍ਰਸਿੱਧ ਪਿੰਡ 'ਝਬਾਲ' ਨਾਲ ਜੁੜਿਆ ਹੋਇਆ ਹੈ। ਆਪ ਝਬਾਲ ਦੇ ਮੰਨੇ ਪ੍ਰਮੰਨੇ ਚੌਧਰੀ ਅਬਲ ਖ਼ੈਰ ਦੇ ਪਰਿਵਾਰ ਵਿਚੋਂ ਸਨ। ਉਹ ਪਹਿਲਾਂ ਹਿੰਦੂ ਸੀ ਤੇ ਬਾਅਦ ਵਿਚ ਮੁਸਲਮਾਨੀ ਸ਼ਾਸਨ ਵਿਵਸਥਾ ਦੇ ਪ੍ਰਭਾਵ ਅਧੀਨ ਸੁਲਤਾਨੀ ਮੱਤ (ਸਖ਼ੀ ਸਰਵਰ) ਨਾਲ ਜੁੜ ਗਿਆ। ਇਨ੍ਹਾਂ ਦੇ ਪੰਜ ਪੁੱਤਰਾਂ ਵਿਚੋਂ ਦੋ ਪੁੱਤਰਾਂ 'ਪੇਰੋਸ਼ਾਹ' ਤੇ 'ਬਾਬਾ ਲੰਗਾਹ' ਨੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸੰਪਰਕ ਵਿਚ ਆਉਣ ਸਦਕਾ ਸਿੱਖ ਧਰਮ ਅਪਣਾ ਲਿਆ ਸੀ । ਬਾਬਾ ਲੰਗਾਹ ਜੀ ਬਾਅਦ ਵਿਚ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮੇਂ ਸ਼ਹੀਦ ਹੋਏ ਸਨ। ਦੂਜੇ ਭਰਾ ਪੇਰੋਸ਼ਾਹ ਦੇ ਪੁੱਤਰ ਮਾਲ੍ਹੋ ਸ਼ਾਹ ਦੇ ਘਰ ਵਿੱਚ ਲੜਕੀ ਦਾ ਜਨਮ ਹੋਇਆ, ਜੋ ਅੱਗੇ ਜਾਕੇ ਸਿੱਖ ਇਤਿਹਾਸ ਵਿਚ ਮਾਈ ਭਾਗੋ ਦੇ ਨਾਂ ਨਾਲ ਪ੍ਰਸਿੱਧ ਹੋਈ। ਇੱਕਲੀ ਧੀ ਹੋਣ ਕਾਰਨ ਉਨ੍ਹਾਂ ਦਾ ਬਚਪਨ ਦਾ ਨਾਂ 'ਭਾਗਭਰੀ' ਰੱਖਿਆ ਗਿਆ। ਇਸ ਤਰ੍ਹਾਂ ਪਰਿਵਾਰਿਕ ਵਿਰਾਸਤ ਵਿੱਚੋਂ ਹੀ ਉਨ੍ਹਾਂ ਨੂੰ ਸਿੱਖੀ ਸੰਸਕਾਰ ਪ੍ਰਾਪਤ ਹੁੰਦੇ ਹਨ।

ਮਾਈ ਭਾਗੋ, ਚਾਂਦ ਬੀਬੀ ਤੇ ਰਜ਼ੀਆ ਸੁਲਤਾਨਾ ਵਾਂਗ ਬਚਪਨ ਤੋਂ ਹੀ ਮਰਦਾਵਾਂ ਸੁਭਾਅ ਰੱਖਦੀ ਸੀ। ਉਹ ਹਿੰਮਤੀ ਤੇ ਨਿਡਰ ਸੁਭਾਅ ਦੀ ਮਾਲਕ ਸੀ। **ਭਾਈ ਵੀਰ ਸਿੰਘ** ਜੀ ਆਪਣੀ ਪੁਸਤਕ 'ਕਲਗੀਧਰ ਚਮਤਕਾਰ' ਵਿਚ ਮਾਈ ਭਾਗੋ ਦੇ ਮੁੱਢਲੇ ਜੀਵਨ ਸੰਬੰਧੀ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਇਨ੍ਹਾਂ ਦੇ ਪਰਿਵਾਰ ਵਿਚ ਮਾਤਾ ਪਿਤਾ ਰਾਹੀਂ ਸਿੱਖ ਪੰਥ ਨਾਲ ਸੰਬੰਧਿਤ ਸਾਰੀਆ ਖਬਰਾਂ ਪਹੁੰਚਦੀਆਂ ਸਨ। ਮੰਨਿਆ ਜਾਂਦਾ ਹੈ ਕਿ ਜਦੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰ-ਗੱਦੀ ਸੌਂਪੀ ਗਈ ਸੀ, ਉਦੋਂ ਘਰ ਵਾਲਿਆਂ ਦੇ ਨਾਲ 'ਮਾਈ ਭਾਗੋ' ਵੀ ਆਨੰਦਪੁਰ ਸਾਹਿਬ ਮੌਜੂਦ ਸੀ। ਇਸ ਤਰ੍ਹਾਂ ਮਾਈ ਭਾਗੋ ਦੇ ਪਰਿਵਾਰ ਦਾ ਗੁਰੂ ਘਰ ਨਾਲ ਬੜਾ ਗੂੜ੍ਹਾ ਸੰਬੰਧ ਸੀ ।

ਮਾਈ ਭਾਗੋ ਦੇ ਜੀਵਨ ਸੰਬੰਧੀ ਇਤਿਹਾਸ ਵਿੱਚੋਂ ਤਾਰੀਖਾਂ ਦਾ ਕੋਈ ਵੇਰਵਾ ਪ੍ਰਾਪਤ ਨਹੀਂ ਹੁੰਦਾ। ਮਹਾਂਕਵੀ ਭਾਈ ਸੰਤੋਖ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਤੇ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਆਏ ਵੇਰਵਿਆਂ ਤੋਂ ਉਨ੍ਹਾਂ ਦੇ ਜੀਵਨ ਸੰਬੰਧੀ ਕੁਝ ਜਾਣਕਾਰੀ ਪ੍ਰਾਪਤ ਹੁੰਦੀ ਹੈ। ਭਾਈ ਵੀਰ ਸਿੰਘ ਜੀ ਨੇ 'ਕਲਗੀਧਰ ਚਮਤਕਾਰ' ਵਿਚ ਮਾਈ ਭਾਗੋ ਦਾ ਪੇਕਾ ਪਿੰਡ ਝਬਾਲ ਤੇ ਸਹੁਰਾ ਪਿੰਡ ਪੱਟੀ ਦੇ ਕਿਸੇ ਚੰਗੇ ਘਰਾਣੇ ਵਿਚ ਦੱਸਿਆ ਹੈ। ਗਿਆਨੀ ਪ੍ਰਤਾਪ ਸਿੰਘ ਉਹਨਾਂ ਦਾ ਸਹੁਰਾ ਪਿੰਡ ਭੂਰੇ ਨੂੰ ਦੱਸਦੇ ਹਨ। ਜਦੋਂ ਕਿ ਹੋਰ ਕਈ ਵਿਦਵਾਨ ਸੁਰ ਸਿੰਘ ਵਾਲਾ ਦਾ ਵੀ ਜ਼ਿਕਰ ਕਰਦੇ ਹਨ। ਇਹਨਾਂ ਦੇ ਪਤੀ ਦਾ ਨਾਂ



Downloaded from https:// www.studiestoday.com

Downloaded from https:// www.studiestoday.com

ਨਿਧਾਨ ਸਿੰਘ (ਵੜੈਚ) ਦੱਸਿਆ ਜਾਂਦਾ ਹੈ। ਮਾਈ ਭਾਗੋ ਨੂੰ ਪੰਜ ਗੁਰੂ ਸਾਹਿਬਾਨਾਂ-ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ ।ਉਨ੍ਹਾਂ ਦੇ ਪਿਤਾ ਭਾਈ ਮਾਲੋ ਸ਼ਾਹ ਜੀ ਛੇਵੇਂ ਗੁਰੂ ਹਰਿਗੋਬਿੰਦ ਸਿੰਘ ਜੀ ਦੀ ਸੈਨਾ ਵਿੱਚ ਭਰਤੀ ਹੋਕੇ ਮੁਗਲਾਂ ਵਿਰੁੱਧ ਬੜੀ ਬਹਾਦਰੀ ਨਾਲ ਲੜਾਈਆਂ ਲੜੇ ਸਨ। ਇਸੇ ਕਾਰਨ ਮਾਈ ਭਾਗੋ ਨੂੰ ਵੀ ਬਚਪਨ ਵਿੱਚ ਹੀ ਆਪਣੇ ਪਿਤਾ ਵਾਂਗ ਸ਼ਸਤਰਾਂ ਦਾ ਅਭਿਆਸ ਕਰਨ ਦਾ ਸ਼ੌਂਕ ਸੀ, ਜੋ ਅੱਗੇ ਸੂਰਬੀਰਤਾ ਦੇ ਗੁਣ ਵਿੱਚ ਤਬਦੀਲ ਹੁੰਦਾ ਹੈ ।

ਸਿੱਖ ਇਤਿਹਾਸ ਦੀ ਇੱਕ ਵਿੱਲਖਣ ਘਟਨਾ ਕਾਰਨ ਮਾਈ ਭਾਗੋ ਸਾਡੇ ਚੇਤਿਆਂ ਵਿੱਚ ਸੁਰਜੀਤ ਹੈ ।ਜਦੋਂ ਆਨੰਦਪੁਰ ਸਾਹਿਬ ਦੀ ਚੌਥੀ ਜੰਗ ਸਮੇਂ ਮੁਗਲਾਂ ਨੇ ਸਿੱਖ ਫ਼ੌਜ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਲਿਆ ਸੀ ਤੇ ਕੋਈ ਵੀ ਚੀਜ਼ ਨਾ ਬਾਹਰੋਂ ਅੰਦਰ, ਨਾ ਅੰਦਰੋਂ ਬਾਹਰ ਆ ਜਾ ਸਕਦੀ ਸੀ ਤਾਂ ਭੁੱਖ ਤੋਂ ਤੰਗ ਆਕੇ ਮਾਝੇ ਦੇ ਕੁਝ ਸਿੰਘ ਬੇਦਾਵਾ ਲਿਖ ਕੇ ਮੈਦਾਨ-ਏ-ਜੰਗ ਵਿੱਚੋਂ ਵਾਪਸ ਆ ਜਾਂਦੇ ਹਨ। ਉਸ ਸਮੇਂ ਮਾਈ ਭਾਗੋ ਘੋੜੇ ਤੇ ਸਵਾਰ ਹੋ ਕੇ, ਹੱਥ ਵਿਚ ਕ੍ਰਿਪਾਨ ਫ਼ੜ ਉਨ੍ਹਾਂ ਨੂੰ ਧ੍ਰਿਕਾਰਦੀ ਹੈ ਤੇ ਵੰਗਾਂ ਪਾਕੇ ਘਰ ਵਿਚ ਬੈਠਣ ਦੀਆਂ ਲਾਹਨਤਾਂ ਪਾਉਂਦੀ ਹੋਈ, ਸਿੱਖ ਬੀਬੀਆ ਨੂੰ ਇਕੱਠੀਆਂ ਕਰਕੇ ਮੈਦਾਨ-ਏ-ਜੰਗ ਵਿਚ ਜਾਣ ਦਾ ਨਿਰਨਾ ਕਰਦੀ ਹੈ ਤਾਂ ਵਾਪਸ ਆਏ ਸਿੰਘਾਂ ਦਾ ਜ਼ਮੀਰ ਝੰਜੋੜਿਆ ਜਾਂਦਾ ਹੈ ਤੇ ਉਹ ਪਛਤਾਵਾ ਕਰਦੇ ਹੋਏ ਵਾਪਸ ਮੈਦਾਨ-ਏ-ਜੰਗ ਵਿਚ ਜੂਝਣ ਲਈ ਤਿਆਰ-ਬਰ-ਤਿਆਰ ਹੋ ਜਾਂਦੇ ਹਨ। ਪ੍ਰਸਿੱਧ ਪੰਜਾਬੀ ਕਵੀ ਵਿਧਾਤਾ ਸਿੰਘ ਤੀਰ ਇਸ ਸੰਬੰਧੀ ਲਿਖਦੇ ਹਨ-

ਮਾਝੇ ਵਿੱਚ ਝਬਾਲ ਦੀ ਰਹਿਣ ਵਾਲੀ,

ਅਣਖ ਪੁਤਲੀ ਇੱਕ ਸੀ ਮਾਈ ਭਾਗੋ।

ਸੱਚੀ ਸਿੰਘਣੀ ਰੂਹ ਦਸ਼ਮੇਸ਼ ਜੀ ਦੀ,

ਸ਼੍ਰੀ ਸਾਹਿਬ ਦੇਵਾਂ ਜੀ ਦੀ ਜਾਈ ਭਾਗੋ।

ਸੁਣ ਸੁਣ ਕਰਤੂਤ ਬੇਦਾਵਿਆਂ ਦੀ,

ਅੱਖ ਸੋਚ ਅੰਦਰ ਨੀਵੀਂ ਪਾਈ ਭਾਗੋ।

ਫੇਰ ਉਹ ਭੱਜੀ ਪਿੰਡੋਂ ਪਿੰਡ ਪੁੱਜੀ,

ਅੱਗ ਜੋਸ਼ ਦੀ ਨਵੀਂ ਮਘਾਈ ਭਾਗੋ।

ਗੱਲ ਗੱਲ ਕਰਦੀ, ਜਾਵੇ ਜੋਸ਼ ਭਰਦੀ,

ਸੁੱਤੀ ਵੀਰਤਾ ਫੇਰ ਜਗਾਈ ਭਾਗੋ।

ਟੁੱਟ ਆਏ ਭਰਾਵਾਂ ਦੇ ਹਾਲ ਉੱਤੇ,

ਜਾਵੇ ਅੱਖੀਂਓ ਨੀਰ ਵਹਾਈ ਭਾਗੋ।

ਜਥਾ ਜੋੜ ਲਿੱਤਾ ਇਹਨਾਂ ਦਿਨਾਂ ਅੰਦਰ,



Downloaded from https:// www.studiestoday.com

Downloaded from https:// www.studiestoday.com

ਗੱਲ ਆਪਣੀ ਰੱਖ ਵਖਾਈ ਭਾਗੋ।

ਤੀਰ ਜਾਲਮਾਂ ਦਾ ਲੱਕ ਤੋੜਣੇ ਨੂੰ,

ਲੱਕ ਬੰਨ੍ਹ ਮੈਦਾਨ ਵਿੱਚ ਆਈ ਭਾਗੋ।

ਇਸ ਤਰ੍ਹਾਂ ਮਾਈ ਭਾਗੋ ਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਬੇਦਾਵਾ ਦੇ ਕੇ ਆਏ ਸਿੰਘ (ਕੁੱਲ੍ਹ ਚਾਲੀ ਸਿੰਘ) ਕੂਚ ਕਰਦੇ ਹਨ, ਜੋ 'ਖਿਦਰਾਣੇ ਦੀ ਢਾਬ' (ਹੁਣ ਸ਼੍ਰੀ ਮੁਕਤਸਰ ਸਾਹਿਬ) ਵਿਖੇ ਮੁਗ਼ਲ ਫ਼ੌਜਾਂ ਦਾ ਵੀਰਤਾਪੂਰਵਕ ਟਾਕਰਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰਦੇ ਹਨ। ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਯੁੱਧ ਵਾਲੀ ਥਾਂ ਅੱਪੜਦੇ ਹਨ ਤਾਂ ਭਾਈ ਮਹਾਂ ਸਿੰਘ ਜੀ ਜੋ ਜ਼ਖਮੀ ਹਾਲਤ ਵਿੱਚ ਸਨ, ਗੁਰੂ ਜੀ ਨੂੰ ਬੇਨਤੀ ਕਰਦੇ ਹਨ ਕਿ ਸਾਡੀ ਗਲਤੀ ਨੂੰ ਬਖ਼ਸ਼ ਲਵੋ। ਗੁਰੂ ਜੀ ਉਹਨਾਂ ਦੀ ਕੁਰਬਾਨੀ ਸਵੀਕਾਰਦੇ ਹੋਏ, ਬੇਦਾਵਾ ਪਾੜ ਕੇ ਟੁੱਟੀ ਗੰਢ ਦਿੰਦੇ ਹਨ। ਇਸ ਅਸਥਾਨ 'ਤੇ ਹੁਣ 'ਗੁਰਦੁਆਰਾ ਟੁੱਟੀ ਗੰਢੀ ਸਾਹਿਬ' ਸ਼ੁਸ਼ੋਭਿਤ ਹੈ। ਜੋ ਭਾਈ ਮਹਾਂ ਸਿੰਘ ਤੇ ਚਾਲੀ ਮੁਕਤਿਆਂ ਦੀ ਇਤਿਹਾਸਿਕ ਘਟਨਾ ਦੀ ਸਾਖੀ ਭਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੁਹ ਪ੍ਰਾਪਤ ਖਿਦਰਾਣੇ ਦੀ ਢਾਬ ਹੁਣ ਸ਼੍ਰੀ ਮੁਕਤਸਰ ਸਾਹਿਬ ਦੇ ਨਾਂ ਵਜੋਂ ਪੰਜਾਬ ਦੇ ਜਿਲ੍ਹਿਆਂ ਵਿੱਚ ਸ਼ੁਮਾਰ ਹੈ।

ਯੁੱਧ ਦੇ ਮੈਦਾਨ ਵਿੱਚ ਮਾਈ ਭਾਗੋ ਜੀ ਬੁਰੀ ਤਰ੍ਹਾਂ ਫਟੜ ਹੋ ਜਾਂਦੇ ਹਨ। ਗੁਰੂ ਦੇ ਸਿੰਘ ਉਹਨਾਂ ਦਾ ਦਮਦਮਾ ਸਾਹਿਬ ਲਿਜਾ ਕੇ ਇਲਾਜ ਕਰਵਾਉਂਦੇ ਹਨ। ਸਵਸਥ ਹੋਣ ਉਪਰੰਤ ਅੰਮ੍ਰਿਤ ਛਕਾ ਕੇ ਉਹਨਾਂ ਦਾ ਨਾਂ 'ਭਾਗ ਕੌਰ' ਰੱਖ ਦਿੱਤਾ ਜਾਂਦਾ ਹੈ। ਇਸ ਜੰਗ ਵਿਚ ਮਾਤਾ ਭਾਗ ਕੌਰ ਦੇ ਪਤੀ ਤੇ ਦੋ ਭਰਾ ਵੀ ਸ਼ਹੀਦੀਆਂ ਪ੍ਰਾਪਤ ਕਰਦੇ ਹਨ। ਇਸ ਪਿੱਛੋਂ ਆਪ ਗੁਰੂ ਸਾਹਿਬ ਤੇ ਸਿੰਘਾਂ ਦੇ ਜੱਥੇ ਨਾਲ ਰਾਜਸਥਾਨ ਵਿੱਚੋਂ ਲੰਘਦੇ ਹੋਏ; ਦੱਖਣ ਵੱਲ ਸ਼੍ਰੀ ਹਜੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਚਲੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਮਾਈ ਭਾਗੋ ਜੀ ਬਿਦਰ (ਕਰਨਾਟਕਾ) ਦੇ ਇਕ ਸਥਾਨ 'ਜਨਵਾੜੇ' ਵਿਖੇ ਆਪਣਾ ਟਿਕਾਣਾ ਬਣਾ ਲੈਂਦੇ ਹਨ ਅਤੇ ਇੱਥੇ ਹੀ ਉਹ ਆਪਣੇ ਅੰਤਿਮ ਸਵਾਸ ਤਿਆਗਦੇ ਹਨ। ਉੱਥੇ ਇਨ੍ਹਾਂ ਦੀ ਯਾਦ ਵਿਚ ਇੱਕ ਸੁੰਦਰ ਗੁਰਦੁਆਰਾ ਸਾਹਿਬ ਤਪ ਅਸਥਾਨ ਮਾਈ ਭਾਗੋ ਸ਼ੁਸੋਭਿਤ ਹੈ ।ਇਸ ਤੋਂ ਬਿਨਾਂ ਤਖਤ ਸ਼੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ) ਵਿਖੇ 'ਬੁੰਗਾ ਮਾਈ ਭਾਗੋ' ਉਹਨਾਂ ਦੀ ਯਾਦਗਾਰ ਵਜੋਂ ਸਥਿਤ ਹੈ।

ਮਾਈ ਭਾਗੋ ਜੀ ਦਾ ਸਮੁੱਚਾ ਜੀਵਨ ਪੰਜਾਬੀ ਕੌਮ ਦੇ ਇਤਿਹਾਸ ਵਿਚ ਉੱਚ ਸਥਾਨ ਦਾ ਧਾਰਨੀ ਹੈ, ਜਿਹੜਾ ਭਟਕੇ ਹੋਏ ਮਨੁੱਖਾਂ ਨੂੰ ਆਪਣੇ ਫ਼ਰਜਾਂ ਦਾ ਰਾਹ ਤਾਂ ਦਿਖਾਉਂਦਾ ਹੀ ਹੈ, ਸਗੋਂ ਇਸਤਰੀ ਨੂੰ ਕਮਜ਼ੋਰ ਤੇ ਅਰਧਾਂਗਣੀ ਮੰਨਣ ਵਾਲਿਆ ਨੂੰ ਵੰਗਾਰਦਾ ਹੋਇਆ, ਇਸਤਰੀ ਜਾਤੀ ਲਈ ਮਾਣਮੱਤੀ ਸੂਰਬੀਰਤਾ ਦਾ ਪ੍ਰਤੀਕ ਵੀ ਸਿਰਜਦਾ ਹੈ। ਭਾਈ ਵੀਰ ਸਿੰਘ ਜੀ ਉਹਨਾਂ ਦੀ ਪ੍ਰਸ਼ੰਸ਼ਾ ਵਿੱਚ ਲਿਖਦੇ ਹਨ-

ਤੂੰ ਚਾਨਣ, ਸਾਗਰ ਘਰ ਚਾਨਣ

ਰਸਤਾ ਖੁੰਝਣ ਵਾਲਿਆਂ ਨੂੰ

ਤੂੰ ਬੇੜੀ ਵੱਟ ਪਾਰ ਲੰਘਾ ਦਿੱਤਾ

ਤੂੰ ਮੀਨਾਰ, ਮੁਨਾਰਾ ਚਾਨਣ

ਤੂੰ ਪਾਂਧੀਆਂ ਦਾ ਤਾਰਾ



Downloaded from https:// www.studiestoday.com

Downloaded from https:// www.studiestoday.com

ਮਾਈ ਭਾਗੋ ਦੁਆਰਾ ਅਣਖ ਤੇ ਸਿੱਦਕ ਦੀ ਰੱਖਿਆ ਲਈ ਕੀਤਾ ਇਹ ਕਾਰਨਾਮਾ ਨਿਸ਼ਚੈ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਂਵਾਕ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥' ਨੂੰ ਸਾਕਾਰ ਕਰਦਾ ਹੋਇਆ ਇਸਤਰੀ ਦੀ ਸਮਾਨਤਾ ਤੇ ਮਹਾਨਤਾ ਲਈ ਮੀਲ ਦਾ ਪੱਥਰ ਸਾਬਿਤ ਹੁੰਦਾ ਹੈ।

## ਅਭਿਆਸ–ਪ੍ਰਸ਼ਨ

1. ਮਾਈ ਭਾਗੋ ਦੇ ਪਰਿਵਾਰਕ ਪਿਛੋਕੜ ਬਾਰੇ ਦਸੋ ?
2. ਭਾਈ ਵੀਰ ਸਿੰਘ ਜੀ ਮਾਈ ਭਾਗੋ ਦੇ ਜੀਵਨ ਸੰਬੰਧੀ ਕਿਹੜੀ-ਕਿਹੜੀ ਜਾਣਕਾਰੀ ਦਿੰਦੇ ਹਨ ?
3. ਮਾਈ ਭਾਗੋ ਸਿੱਖ ਇਤਿਹਾਸ ਵਿੱਚ ਕਿਹੜੀ ਘਟਨਾ ਕਾਰਨ ਯਾਦ ਕੀਤੀ ਜਾਂਦੀ ਹੈ ?
4. ਮਾਈ ਭਾਗੋ ਦੇ ਅੰਤਿਮ ਸਮੇਂ ਉੱਪਰ ਟਿੱਪਣੀ ਕਰੋ।
5. 'ਸੂਰਬੀਰਤਾ ਦੀ ਪ੍ਰਤੀਕ : ਮਾਈ ਭਾਗੋ' ਜੀਵਨੀ-ਮੂਲਕ ਨਿਬੰਧ ਉੱਪਰ ਸੰਖੇਪ ਝਾਤ ਪਾਉ।



Downloaded from https:// www.studiestoday.com

Downloaded from https:// www.studiestoday.com

# 3. ਪਰਮ-ਸੰਤ ਤੇ ਅਦੁੱਤੀ ਸੇਵਕ : ਭਾਈ ਘਨੱਈਆ ਜੀ

ਸਿੱਖ ਇਤਿਹਾਸ ਵਿੱਚ ਜਿੱਥੇ ਅਨੇਕਾਂ ਬ੍ਰਹਮ-ਗਿਆਨੀ, ਬਹਾਦਰ ਯੋਧੇ ਅਤੇ ਸੰਤ-ਪੁਰਸ਼ ਆਪਣੇ-ਆਪਣੇ ਮਹਾਨ ਕਾਰਜਾਂ ਸਦਕਾ ਅਮਰ ਹੋ ਗਏ, ਉੱਥੇ ਆਪਣੀ ਨਿਸ਼ਕਾਮ ਸੇਵਾ ਕਾਰਨ, ਭਾਈ ਘਨੱਈਆ ਜੀ ਦਾ ਨਾਂ ਵੀ ਸਾਰੇ ਜਗਤ ਵਿੱਚ ਇੱਕ ਚਾਨਣ-ਮੁਨਾਰੇ ਵਜੋਂ ਕਾਇਮ ਹੋ ਗਿਆ। ਗੁਰਬਾਣੀ ਦਾ ਫ਼ੁਰਮਾਨ ਹੈ-

"ਸੇਵਾ ਕਰਤ ਹੋਇ ਨਿਹਕਾਮੀ॥

ਤਿਸ ਕਉ ਹੋਤ ਪਰਾਪਤਿ ਸੁਆਮੀ॥" (ਅੰਗ ੨੮੬)

ਭਾਵ ਜੋ ਬਿਨਾਂ ਕਿਸੇ ਲੋਭ-ਲਾਲਚ ਦੇ ਸੇਵਾ ਕਰੇ, ਉਸ ਨੂੰ ਹੀ ਪ੍ਰਭੂ ਮਿਲਦਾ ਹੈ। ਇਹ ਤੁਕ ਭਾਈ ਘਨੱਈਆ ਜੀ 'ਤੇ ਬਿਲਕੁਲ ਢੁੱਕਦੀ ਹੈ। ਆਪ ਜੀ ਨੇ ਨਿਸ਼ਕਾਮ ਸੇਵਾ ਦੀ ਅਜਿਹੀ ਅਦੁੱਤੀ ਮਿਸਾਲ ਕਾਇਮ ਕੀਤੀ, ਜਿਸ ਦੀ ਉਦਾਹਰਨ ਸਾਰੀ ਦੁਨੀਆਂ 'ਚੋਂ ਮਿਲਣੀ ਮੁਸ਼ਕਿਲ ਹੈ। ਜੇਕਰ ਆਪ ਜੀ ਨੂੰ ਸੇਵਾ ਦੇ ਪੁੰਜ, ਤਿਆਗ ਦੀ ਮੂਰਤੀ ਅਤੇ ਪ੍ਰੇਮ ਦੇ ਪੁਜਾਰੀ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿ-ਕਥਨੀ ਨਹੀਂ ਹੋਵੇਗੀ।

ਭਾਈ ਘਨੱਈਆ ਜੀ ਦਾ ਜਨਮ ਸੰਨ 1647 ਈ. ਵਿੱਚ ਪੱਛਮੀਂ ਪੰਜਾਬ(ਵਜ਼ੀਰਾਬਾਦ) ਦੇ ਨੇੜੇ ਪਿੰਡ ਸੋਧਰਾ ਵਿਖੇ ਇੱਕ ਖੱਤਰੀ ਪਰਿਵਾਰ ਵਿੱਚ ਹੋਇਆ। ਆਪ ਜੀ ਦੇ ਪਿਤਾ ਜੀ ਇੱਕ ਵਪਾਰੀ ਸਨ। ਉਹ ਸ਼ਾਹੀ ਫ਼ੌਜਾਂ ਨੂੰ ਰਸਦ-ਪਾਣੀ ਪਹੁੰਚਾਉਣ ਦਾ ਕੰਮ ਕਰਦੇ ਸਨ। ਆਪ ਜੀ ਦੇ ਮਾਤਾ-ਪਿਤਾ ਗੁਰੂ-ਘਰ ਦੇ ਸ਼ਰਧਾਲੂ ਸਨ।

ਭਾਈ ਘਨੱਈਆ ਨੂੰ ਭਾਈ ਨਨੂਆ ਜੀ ਦੀ ਸੰਗਤ ਨਸੀਬ ਹੋਈ। ਭਾਈ ਨਨੂਆ ਜੀ, ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਨਿੰਨ ਭਗਤ ਸਨ। ਸਿੱਖੀ ਸਿਦਕ ਅਤੇ ਗੁਰਬਾਣੀ ਪ੍ਰਤੀ ਪ੍ਰੇਮ, ਆਪ ਜੀ ਨੇ ਭਾਈ ਨਨੂਆ ਜੀ ਦੀ ਰਹਿਨੁਮਾਈ ਹੇਠ ਹੀ ਪ੍ਰਾਪਤ ਕੀਤਾ। ਉਂਨ੍ਹਾ ਦੀ ਸੰਗਤ ਸਦਕਾ ਹੀ ਆਪ ਜੀ ਅੰਦਰ ਦਇਆ, ਪ੍ਰੇਮ, ਭਗਤੀ, ਸੇਵਾ ਅਤੇ ਸਿਮਰਨ ਦੀ ਚੇਟਕ ਲੱਗੀ। ਭਾਈ ਨਨੂਆ ਜੀ ਪਾਸੋਂ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸਲੋਕ ਸੁਣੇ, ਜਿੰਨਾਂ ਦਾ ਆਪ ਦੇ ਜੀਵਨ 'ਤੇ ਬਹੁਤ ਪ੍ਰਭਾਵ ਪਿਆ।

ਜਿਵੇਂ-ਜਿਵੇਂ ਭਾਈ ਘਨੱਈਆ ਜੀ ਵੱਡੇ ਹੁੰਦੇ ਗਏ, ਤਿਵੇਂ-ਤਿਵੇਂ ਉਨ੍ਹਾਂ ਅੰਦਰ ਨਿਸ਼ਕਾਮ ਸੇਵਾ ਦੀ ਲਗਨ ਵਧਦੀ ਗਈ। ਗਰੀਬਾਂ, ਕਮਜ਼ੋਰਾਂ ਅਤੇ ਅਨਾਥਾਂ ਦੀ ਸੇਵਾ ਕਰਕੇ ਆਪ ਜੀ ਨੂੰ ਆਨੰਦ ਮਿਲਦਾ ਸੀ। ਰੱਜੇ-ਪੁੱਜੇ ਘਰਾਣੇ ਨਾਲ ਸੰਬੰਧ ਰੱਖਦੇ ਹੋਏ ਵੀ, ਆਪ ਜੀ ਦੇ ਹਿਰਦੇ ਅੰਦਰ ਮਜ਼ਲੂਮਾਂ ਅਤੇ ਬੇਸਹਾਰਿਆਂ ਲਈ ਦਇਆ ਸੀ। ਥੱਕੇ-ਮਾਂਦੇ ਮੁਸਾਫ਼ਰਾਂ ਦੇ ਪੈਰ ਦਬਾਉਣ ਨਾਲ ਆਪ ਨੂੰ ਤਸੱਲੀ ਮਿਲਦੀ ਸੀ। ਸਾਧੂਆਂ-ਸੰਤਾਂ ਦੀ ਸੰਗਤ ਆਪ ਨੂੰ ਭਾਉਂਦੀ ਸੀ।

ਭਾਈ ਘਨੱਈਆ ਜੀ ਦੀਆਂ ਇਹ ਗੱਲਾਂ ਆਪ ਜੀ ਦੇ ਮਾਪਿਆਂ ਨੂੰ ਚੰਗੀਆਂ ਨਹੀਂ ਲੱਗਦੀਆਂ ਸਨ। ਇਸ ਵਿੱਚ ਉਹ ਆਪਣੀ ਬੇ-ਇੱਜ਼ਤੀ ਸਮਝਦੇ ਸਨ। ਆਪ ਜੀ ਨੂੰ ਅਜਿਹੇ ਕੰਮਾਂ ਤੋਂ ਵਰਜਦੇ ਰਹਿੰਦੇ ਸਨ। ਭਾਈ ਘਨੱਈਆ ਜੀ ਨੇ ਆਪਣਾ ਇਰਾਦਾ ਨਹੀਂ ਬਦਲਿਆ ਅਤੇ ਨਿਸ਼ਕਾਮ ਸੇਵਾ ਵਿੱਚ ਜੁਟੇ ਰਹੇ। ਹੌਲੀ-ਹੌਲੀ ਆਪ ਜੀ ਦੇ ਮਾਤਾ-ਪਿਤਾ ਵੀ ਲੋਕ-ਭਲਾਈ ਦੇ ਕੰਮਾਂ ਵਿੱਚ ਆਪ ਜੀ ਨਾਲ ਸਹਿਮਤ ਹੋ ਗਏ। ਉਹ ਗਰੀਬਾਂ ਅਤੇ ਲੋੜਵੰਦਾਂ ਦੀ ਮਦਦ ਲਈ ਆਪ ਜੀ ਨੂੰ ਧਨ ਅਤੇ ਹੋਰ ਮਦਦ ਦੇਣ ਲੱਗ ਪਏ।



Downloaded from https:// www.studiestoday.com

Downloaded from https:// www.studiestoday.com

ਇੱਕ ਦਿਨ ਅਜਿਹਾ ਸਮਾਂ ਆਇਆ ਕਿ ਆਪ ਜੀ ਦੇ ਪਿਤਾ ਨੱਥੂ ਰਾਮ ਜੀ ਇਸ ਦੁਨੀਆਂ ਤੋਂ ਚਲਾਣਾ ਕਰ ਗਏ। ਸਾਰੇ ਭਰਾਵਾਂ ਵਿੱਚੋਂ ਵੱਡਾ ਹੋਣ ਕਾਰਨ ਸਾਰੀਆਂ ਪਰਿਵਾਰਕ ਜ਼ੁੰਮੇਵਾਰੀਆਂ ਆਪ ਦੇ ਸਿਰ ਆ ਪਈਆਂ। ਭਾਵੇਂ ਆਪ ਸੰਸਾਰਕ ਝਮੇਲਿਆਂ ਤੋਂ ਦੂਰ ਰਹਿਣਾ ਚਾਹੁੰਦੇ ਸਨ, ਪਰ ਘਰ ਵਾਲਿਆਂ ਦੇ ਜ਼ੋਰ ਦੇਣ 'ਤੇ ਆਪ ਜੀ ਨੇ ਆਪਣੇ ਪਿਤਾ-ਪੁਰਖੀ ਕੰਮ-ਧੰਦੇ ਨੂੰ ਸੰਭਾਲਿਆ। ਇਸ ਸਮੇਂ ਗੁਰ-ਗੱਦੀ ਉਪਰ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਬਿਰਾਜਮਾਨ ਸਨ।

ਭਾਈ ਘਨੱਈਆ ਜੀ ਦੀ ਨਿਸ਼ਕਾਮ ਸੇਵਾ ਬਾਰੇ ਅਨੇਕਾਂ ਸਾਖੀਆਂ ਮਿਲਦੀਆਂ ਹਨ। ਇੱਕ ਵਾਰ ਆਪ ਬਾਕੀ ਸੰਗਤ ਨਾਲ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿੱਚ ਪੁੱਜੇ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ। ਗੁਰੂ ਜੀ ਨੇ ਆਪ ਵੱਲ ਰੂਹਾਨੀ ਨਜ਼ਰ ਨਾਲ ਤੱਕਿਆ। ਆਪ ਜੀ ਨੂੰ ਇੱਕ ਪਾਣੀ ਦਾ ਘੜਾ ਭਰ ਕੇ ਲਿਆਉਣ ਲਈ ਆਖਿਆ। ਆਪ ਪਾਣੀ ਦਾ ਘੜਾ ਭਰ ਕੇ ਲਿਆਏ। ਗੁਰੂ ਜੀ ਨੇ ਥੋੜਾ ਜਿਹਾ ਪਾਣੀ ਹੱਥ ਧੋਣ ਲਈ ਵਰਤਿਆ ਅਤੇ ਬਾਕੀ ਪਾਣੀ ਡੋਲ੍ਹ ਦਿੱਤਾ। ਫਿਰ ਭਾਈ ਸਾਹਿਬ ਨੂੰ ਇੱਕ ਹੋਰ ਘੜਾ ਭਰ ਕੇ ਲਿਆਉਣ ਲਈ ਆਖਿਆ। ਭਾਈ ਸਾਹਿਬ ਇੱਕ ਹੋਰ ਘੜਾ ਭਰ ਲਿਆਏ। ਗੁਰੂ ਜੀ ਨੇ ਪੈਰ ਧੋਤੇ ਬਾਕੀ ਘੜਾ ਡੋਲ੍ਹ ਦਿੱਤਾ। ਇਸ ਤਰ੍ਹਾਂ ਕਈ ਵਾਰ ਹੋਇਆ। ਭਾਈ ਘਨੱਈਆ ਜੀ ਨੇ ਗੁਰੂ ਜੀ ਦੀ ਕਰਨੀ 'ਤੇ ਕੋਈ ਗ਼ਿਲਾ ਜਾਂ ਕਿੰਤੂ-ਪ੍ਰੰਤੂ ਨਹੀਂ ਕੀਤਾ। ਗੁਰੂ ਜੀ ਪ੍ਰਤੀ ਆਪ ਦੇ ਵਿਸ਼ਵਾਸ਼ ਅਤੇ ਭਰੋਸੇ ਵਿੱਚ ਕੋਈ ਕਮੀ ਨਹੀਂ ਆਈ।

ਅਸਲ ਵਿੱਚ ਗੁਰੂ ਜੀ ਭਾਈ ਘਨੱਈਆ ਜੀ ਦੇ ਧੀਰਜ ਦੀ ਪਰੀਖਿਆ ਲੈ ਰਹੇ ਸਨ। ਗੁਰੂ ਜੀ ਜਾਨਣਾ ਚਾਹੁੰਦੇ ਸਨ ਕਿ ਜੇ ਅੱਜ ਉਨ੍ਹਾਂ ਦੁਆਰਾ ਪਾਣੀ ਡੋਲ੍ਹ ਦੇਣਾ ਭਾਈ ਸਾਹਿਬ ਨੂੰ ਬੁਰਾ ਲੱਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਉਹ ਸਮ-ਦ੍ਰਿਸ਼ਟੀ ਨਾਲ ਸਭ ਨੂੰ ਪਾਣੀ ਕਿਵੇਂ ਪਿਲਾਉਣਗੇ ? ਭਾਈ ਸਾਹਿਬ ਇਸ ਪਰੀਖਿਆ ਵਿੱਚ ਖ਼ਰੇ ਉੱਤਰੇ। ਆਪ ਜੀ ਨੂੰ ਸੰਗਤਾਂ ਅਤੇ ਘੋੜਿਆਂ ਦੀ ਸੇਵਾ ਬਖ਼ਸ਼ੀ ਗਈ। ਆਪ ਜਿਤਨਾ ਚਿਰ ਸ਼੍ਰੀ ਆਨੰਦਪੁਰ ਸਾਹਿਬ ਰਹੇ, ਸੰਗਤਾਂ ਅਤੇ ਘੋੜਿਆਂ ਦੀ ਮਨ ਲਾ ਕੇ ਸੇਵਾ ਕਰਦੇ ਰਹੇ।

ਭਾਈ ਸਾਹਿਬ ਦੀ ਨਿਸ਼ਕਾਮ ਸੇਵਾ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਇਕ ਦਿਨ ਗੁਰੂ ਜੀ ਤਬੇਲੇ ਵਿੱਚ ਆਏ। ਭਾਈ ਸਾਹਿਬ, ਜੋ ਘੋੜਿਆਂ ਦੀ ਸੇਵਾ ਵਿੱਚ ਲੱਗੇ ਹੋਏ ਸਨ, ਨੂੰ ਆਪਣੇ ਪਾਸ ਬੁਲਾਇਆ। ਭਾਈ ਸਾਹਿਬ ਨੇ ਆਉਂਦਿਆਂ ਹੀ ਆਪਣਾ ਸਿਰ ਗੁਰੂ ਜੀ ਦੇ ਚਰਨਾਂ ਵਿੱਚ ਨਿਵਾ ਦਿੱਤਾ। ਗੁਰੂ ਜੀ ਆਪ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਦੇ ਹੋਏ ਆਖਣ ਲੱਗੇ, "ਜੋ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।" ਗੁਰੂ ਜੀ ਦੇ ਹੁਕਮ ਅਨੁਸਾਰ ਆਪ ਕੱਬਲਪੁਰ(ਅਟਕ) ਜ਼ਿਲ੍ਹੇ ਵਿੱਚ ਪੁੱਜੇ। ਇੱਥੇ ਪਹਾੜੀ ਉੱਤੇ ਵੱਸਦੇ ਪਿੰਡ ਕਵ੍ਹਾ(ਕਵਹਾ) ਵਿੱਚ ਧਰਮ ਪ੍ਰਚਾਰ ਲਈ ਇੱਕ ਕੇਂਦਰ ਸਥਾਪਿਤ ਕੀਤਾ। ਆਪ ਜੀ ਨੇ ਮਾਨਵ-ਸੇਵਾ ਨੂੰ ਹੀ ਆਪਣਾ ਮੁੱਖ ਉਦੇਸ਼ ਮਿੱਥ ਲਿਆ। ਬਿਨਾਂ ਕਿਸੇ ਜਾਤੀ ਭੇਦ-ਭਾਵ ਦੇ ਲੋਕਾਂ ਦੀ ਸੇਵਾ ਕੀਤੀ। ਗਰੀਬਾਂ ਅਤੇ ਲੋੜਵੰਦਾਂ ਦੀ ਮਦਦ ਕੀਤੀ। ਮੁਸਾਫ਼ਰਾਂ ਲਈ ਪਾਣੀ ਅਤੇ ਹੋਰ ਸਹੂਲਤਾਂ ਦਾ ਵੀ ਪ੍ਰਬੰਧ ਕਰਦੇ ਰਹੇ।

ਜਦੋਂ ਭਾਈ ਘਨੱਈਆ ਜੀ ਨੂੰ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਬਾਰੇ ਪਤਾ ਲੱਗਿਆ ਤਾਂ ਆਪ ਜੀ ਦੇ ਦਿਲ 'ਤੇ ਗਹਿਰਾ ਅਸਰ ਹੋਇਆ। ਆਪ ਆਪਣੇ ਆਸ਼ਰਮ ਕਵਹਾ ਤੋਂ ਸ਼੍ਰੀ ਆਨੰਦਪੁਰ ਸਾਹਿਬ ਆ ਗਏ। ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਦੀਦਾਰ ਕਰਨ ਉਪਰੰਤ ਆਪ ਇੱਥੇ ਹੀ ਠਹਿਰ ਗਏ ਅਤੇ ਗੁਰੂ-ਘਰ ਦੀ ਸੇਵਾ ਵਿੱਚ ਲੱਗ ਗਏ। ਮੋਢਿਆਂ 'ਤੇ ਪਾਣੀ ਦੀ ਮਸ਼ਕ ਰੱਖ ਕੇ ਬੜੇ ਚਾਅ ਨਾਲ ਸੰਗਤਾਂ ਨੂੰ ਜਲ ਛਕਾਉਂਦਿਆਂ ਅਸੀਸਾਂ ਅਤੇ ਜਸ ਪ੍ਰਾਪਤ ਕਰਦੇ।

ਭਾਵੇਂ ਭਾਈ ਸਾਹਿਬ ਜੀ ਨੇ ਗੁਰੂ-ਘਰ ਵਿੱਚ ਹਰ ਪ੍ਰਕਾਰ ਦੀ ਸੇਵਾ ਕੀਤੀ, ਪਰ ਇੱਕ ਅਦੁੱਤੀ



Downloaded from https:// www.studiestoday.com

Downloaded from https:// www.studiestoday.com

ਅਤੇ ਲਾ-ਮਿਸਾਲ ਸੇਵਾ ਜੰਗ ਦੇ ਮੈਦਾਨ ਵਿੱਚ ਕੀਤੀ। ਮੁਗਲ਼ ਅਤੇ ਸਿੱਖ ਫੌਜਾਂ ਵਿਚਕਾਰ ਛਿੜੇ ਜੰਗ ਦੌਰਾਨ ਜੋ ਸਿਪਾਹੀ ਜ਼ਖ਼ਮੀ ਹੋ ਜਾਂਦੇ ਸਨ, ਭਾਈ ਸਾਹਿਬ ਪਾਣੀ ਦੀ ਮਸ਼ਕ ਲੈ ਕੇ ਉੱਥੇ ਪਹੁੰਚ ਜਾਂਦੇ ਸਨ। ਤੀਰਾਂ ਅਤੇ ਗੋਲੀਆਂ ਦੀ ਪ੍ਰਵਾਹ ਕੀਤੇ ਬਿਨਾਂ ਫੱਟੜ ਸਿਪਾਹੀਆਂ ਨੂੰ ਪਾਣੀ ਪਿਲਾਉਂਦੇ ਸਨ। ਪਾਣੀ ਪੀ ਕੇ ਤੜਫਦੇ ਸਿਪਾਹੀ ਫਿਰ ਖੜੇ ਹੋ ਜਾਂਦੇ ਅਤੇ ਲੜਨ ਲਈ ਹਥਿਆਰ ਚੁੱਕ ਲੈਂਦੇ ਸਨ। ਭਾਈ ਸਾਹਿਬ ਇਹ ਕੰਮ ਧਰਮ ਅਤੇ ਜਾਤੀ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਸਮ-ਦ੍ਰਿਸ਼ਟੀ ਨਾਲ ਕਰ ਰਹੇ ਸਨ। ਉੱਨ੍ਹਾਂ ਅੰਦਰ ਕਿਸੇ ਲਈ ਕੋਈ ਵਿਤਕਰਾ ਨਹੀਂ ਸੀ। ਉਹਨਾਂ ਲਈ ਕੋਈ ਵੈਰੀ ਜਾਂ ਬਿਗਾਨਾ ਨਹੀਂ ਸੀ, ਸਗੋਂ ਸਾਰੇ ਹੀ ਇੱਕ ਹੀ ਨਿਰੰਕਾਰ ਦਾ ਰੂਪ ਲੱਗਦੇ ਸਨ। ਆਪ ਨੇ ਅਨੇਕਤਾ ਵਿੱਚ ਇੱਕ ਨੂੰ ਸਮਝ ਲਿਆ ਸੀ।

ਜਦੋਂ ਸਿੰਘਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉੱਨ੍ਹਾਂ ਨੂੰ ਬਹੁਤ ਗੁੱਸਾ ਆਇਆ। ਉਹ ਆਪ ਜੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਲੈ ਗਏ। ਉੱਨਾਂ ਭਾਈ ਜੀ ਦੀ ਸ਼ਿਕਾਇਤ ਕਰਦੇ ਹੋਏ ਕਿਹਾ, " ਮਹਾਰਾਜ ! ਜਿੰਨ੍ਹਾਂ ਦੁਸ਼ਮਣਾਂ ਨੂੰ ਅਸੀਂ ਜੰਗ ਦੇ ਮੈਦਾਨ ਵਿੱਚ ਜ਼ਖ਼ਮੀ ਕਰਕੇ ਸੁੱਟ ਦਿੰਦੇ ਹਾਂ, ਭਾਈ ਸਾਹਿਬ ਜੀ ਉੱਨ੍ਹਾਂ ਨੂੰ ਪਾਣੀ ਪਿਲਾ ਕੇ ਫਿਰ ਖੜਾ ਕਰ ਦਿੰਦੇ ਹਨ।"

ਗੁਰੂ ਜੀ ਨੇ ਭਾਈ ਸਾਹਿਬ ਨੂੰ ਇਸ ਗੱਲ ਦਾ ਜਵਾਬ ਦੇਣ ਲਈ ਕਿਹਾ। ਆਪ ਹੱਥ ਜੋੜ ਕੇ ਖੜੇ ਹੋ ਗਏ ਅਤੇ ਬੜੀ ਹਲੀਮੀ ਨਾਲ ਕਿਹਾ, "ਪਾਤਸ਼ਾਹ ! ਮੈਂ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਸੀ ਪਿਲਾਇਆ। ਮੈਂ ਜਿਸ ਨੂੰ ਵੀ ਪਾਣੀ ਪਿਲਾਇਆ ਹੈ, ਮੈਨੂੰ ਤਾਂ ਉਸ ਵਿੱਚ ਆਪ ਦਾ ਹੀ ਰੂਪ ਨਜ਼ਰੀ ਆਇਆ ਹੈ, ਰੱਬ ਦਾ ਰੂਪ ਨਜ਼ਰੀਂ ਆਇਆ ਹੈ। ਮੈਨੂੰ ਕੋਈ ਵੀ ਵੈਰੀ ਨਹੀਂ ਲੱਗਦਾ। ਸਾਰੇ ਜੀਅ ਉਸ ਪ੍ਰਭੂ ਦੀ ਹੀ ਜੋਤ ਹਨ, ਇਹ ਆਪ ਜੀ ਤੋਂ ਹੀ ਸਿੱਖਿਆ ਹੈ।"

ਭਾਈ ਘਨੱਈਆ ਜੀ ਤੋਂ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਸ਼ਿਕਾਇਤ ਕਰਨ ਵਾਲਿਆ ਨੂੰ ਬੜੇ ਪਿਆਰ ਨਾਲ ਸਮਝਾਇਆ ਕਿ ਭਾਈ ਸਾਹਿਬ ਠੀਕ ਕਹਿੰਦੇ ਹਨ। ਉਹਨਾਂ ਨੇ ਗੁਰਬਾਣੀ ਦੇ ਸਹੀ ਸੰਦੇਸ਼ ਨੂੰ ਸਮਝ ਲਿਆ ਹੈ। ਗੁਰੂ ਜੀ ਨੇ ਕਿਹਾ, "ਸਾਡੀ ਦੁਸ਼ਮਣੀ ਜ਼ੁਲਮ ਅਤੇ ਅੱਤਿਆਚਾਰ ਦੇ ਵਿਰੁੱਧ ਹੈ, ਕਿਸੇ ਧਰਮ ਜਾਂ ਇਨਸਾਨ ਵਿਰੁੱਧ ਨਹੀਂ। ਗੁਰੂ ਜੀ ਨੇ ਭਾਈ ਘਨੱਈਆਂ ਜੀ ਨੂੰ ਇੱਕ ਮਲ੍ਹਮ-ਪੱਟੀ ਦਿੰਦੇ ਹੋਏ ਕਿਹਾ, "ਅੱਗੇ ਤੋਂ ਜ਼ਖ਼ਮੀਆਂ ਨੂੰ ਪਾਣੀ ਪਿਲਾਉਣ ਦੇ ਨਾਲ-ਨਾਲ ਉਹਨਾਂ ਦੀ ਮਲ੍ਹਮ -ਪੱਟੀ ਵੀ ਕਰ ਦਿਆ ਕਰੋ।"

ਸੰਨ੍ਹ 1705 ਈ. ਵਿੱਚ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਆਪ ਆਪਣੇ ਪੁਰਾਣੇ ਆਸ਼ਰਮ ਕਵਹਾ ਚਲੇ ਗਏ। ਏਥੇ ਆਪ ਨਾਮ-ਸਿਮਰਨ ਅਤੇ ਲੋਕ-ਭਲਾਈ ਦੇ ਕੰਮਾਂ ਵਿੱਚ ਜੁਟ ਗਏ। ਲੋਕਾਂ ਨੂੰ ਗੁਰਮਤ ਅਨੁਸਾਰ ਜੀਵਨ ਜਿਉਣ ਦਾ ਉਪਦੇਸ਼ ਦਿੰਦੇ। ਆਪ ਜੀ ਨੇ ਦੱਸਿਆ ਕਿ ਹੰਕਾਰ ਅਤੇ ਮਨ ਦੀ ਮੈਲ ਦੂਰ ਕਰਨ ਲਈ ਨਿਸ਼ਕਾਮ ਸੇਵਾ ਕਰਨਾ ਬਹੁਤ ਜ਼ਰੂਰੀ ਹੈ। ਸੰਨ੍ਹ 1718 ਈ. ਵਿੱਚ ਆਪ ਇਸ ਸੰਸਾਰ ਤੋਂ ਚਲਾਣਾ ਕਰ ਗਏ।

ਆਪ ਜੀ ਦੇ ਸੁਰਗਵਾਸ ਤੋਂ ਬਾਅਦ ਆਪ ਜੀ ਦੇ ਸੇਵਕ ਸੇਵਾ ਰਾਮ ਨੇ ਆਪ ਜੀ ਦੇ ਦੱਸੇ ਰਸਤੇ 'ਤੇ ਚਲਦਿਆਂ ਧਰਮ ਪ੍ਰਚਾਰ ਕੀਤਾ ਤੇ ਆਪ ਦੁਆਰਾ ਚਲਾਈ ਸੰਪਰਦਾ 'ਸੇਵਾ-ਪੰਥ' ਨੂੰ ਸੁਰਜੀਤ ਰੱਖਿਆ। ਅੱਜ ਵੀ ਪੰਜਾਬ ਅੰਦਰ ਇਸ ਦੇ ਬਹੁਤ ਸਾਰੇ ਕੇਂਦਰ ਹਨ। ਜੋ ਲੋੜਵੰਦਾਂ ਅਤੇ ਬੇਸਹਾਰਿਆਂ ਦੀ ਸੇਵਾ ਕਰ ਰਹੇ ਹਨ।

ਇਸ ਤਰ੍ਹਾਂ ਸੇਵਾ ਸਿਮਰਨ ਦੇ ਧਨੀ, ਸ਼ਾਂਤੀ ਦੇ ਦੂਤ, ਅਤੇ ਤਿਆਗ ਦੀ ਮੂਰਤ ਭਾਈ ਘਨੱਈਆ ਜੀ ਨੇ ਆਪਣਾ ਸਾਰਾ ਜੀਵਨ ਲੋਕ-ਕਲਿਆਣ ਵਿੱਚ ਲਾ ਦਿੱਤਾ। ਇਸ ਲਈ ਮਾਨਵ-ਕਲਿਆਣ ਲਈ



Downloaded from https:// www.studiestoday.com

Downloaded from https:// www.studiestoday.com

ਬਣੀਆਂ ਸੰਸਥਾਵਾਂ ਦੇ ਅਸਲ ਜਨਮ-ਦਾਤਾ ਭਾਈ ਸਾਹਿਬ ਨੂੰ ਕਿਹਾ ਜਾ ਸਕਦਾ ਹੈ। ਪੰਥ ਰਤਨ ਭਾਈ ਸੰਤ ਸਿੰਘ ਮਸਕੀਨ ਅਨੁਸਾਰ, "ਭਾਈ ਘਨੱਈਆ ਜੀ ਸਿੱਖ ਜਗਤ ਦੇ ਇਤਿਹਾਸ ਵਿੱਚ ਉਹ ਮਹਾਨ ਹਸਤੀ ਹਨ, ਜਿੰਨ੍ਹਾਂ ਨੂੰ ਪਰਮ-ਸੰਤ ਕਹਿਣ ਵਿੱਚ ਕੋਈ ਸੰਕੋਚ ਨਹੀਂ ਹੋ ਸਕਦਾ।" ਸੋ ਨਿਸ਼ਚੇ ਹੀ ਆਪ ਅਜਿਹੇ ਅਦੁੱਤੀ ਸੇਵਕ ਸਨ , ਜਿੰਨ੍ਹਾਂ ਦਾ ਇਸ ਦੁਨੀਆਂ ਵਿੱਚ ਕੋਈ ਸਾਨੀ ਨਹੀਂ ਹੈ।

## ਅਭਿਆਸ ਪ੍ਰਸ਼ਨ

1. ਭਾਈ ਘਨੱਈਆ ਜੀ ਦੇ ਜਨਮ ਅਤੇ ਨਿਵਾਸ ਬਾਰੇ ਦੱਸੋ।
2. ਭਾਈ ਘਨੱਈਆ ਜੀ ਕਿਹੜੇ ਗੁਰੂ ਸਾਹਿਬਾਨ ਜੀ ਦੀ ਪ੍ਰੇਰਣਾ ਸਦਕਾ ਨਿਸ਼ਕਾਮ ਸੇਵਾ ਵਿੱਚ ਜੁੜਦੇ ਹਨ ? ਵਿਸਥਾਰ ਵਿੱਚ ਬਿਆਨ ਕਰੋ।
3. ਜੰਗ ਦੇ ਮੈਦਾਨ ਵਿੱਚ ਭਾਈ ਘਨੱਈਆ ਜੀ ਕੀ ਕਰਦੇ ਸਨ ?ਵਰਨਣ ਕਰੋ।
4. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਸ਼ਿਕਾਇਤ ਦੇ ਜਵਾਬ ਵਿੱਚ ਭਾਈ ਸਾਹਿਬ ਕੀ ਆਖਦੇ ਹਨ ?
5. ਭਾਈ ਘਨੱਈਆ ਜੀ ਦੀ ਸ਼ਖ਼ਸੀਅਤ ਦੇ ਗੁਣਾਂ ਉੱਪਰ ਟਿੱਪਣੀ ਕਰੋ।
6. 'ਪਰਮ-ਸੰਤ ਤੇ ਅਦੁੱਤੀ ਸੇਵਕ : ਭਾਈ ਘਨੱਈਆ ਜੀ' ਜੀਵਨੀ-ਮੂਲਕ ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।



Downloaded from https:// www.studiestoday.com

Downloaded from https:// www.studiestoday.com

## 4. ਰੰਘਰੇਟਾ ਗੁਰੂ ਕਾ ਬੇਟਾ : ਭਾਈ ਜੈਤਾ ਜੀ

ਭਾਈ ਜੈਤਾ ਜੀ ਹਜ਼ਾਰਾਂ-ਲੱਖਾਂ ਸ਼ਰਧਾਲੂਆਂ ਵਾਂਗ ਗੁਰੂ ਨਾਨਕ ਦੇ ਘਰ ਦਾ ਇੱਕ ਸ਼ਰਧਾਲੂ ਸੀ, ਪਰੰਤੂ ਉਹਨਾਂ ਨੇ ਅਜਿਹਾ ਕ੍ਰਿਸ਼ਮਾ ਕੀਤਾ ਕਿ ਉਹ ਰੰਘਰੇਟੇ ਤੋਂ ਗੁਰੂ ਕਾ ਬੇਟਾ ਬਣ ਗਿਆ। ਇਹਨਾਂ ਦੇ ਖ਼ਾਨਦਾਨ ਦੀ ਸ਼ਰਧਾ ਕਈ ਪੀੜੀਆਂ ਤੋਂ ਗੁਰੂ ਘਰ ਨਾਲ ਜੁੜੀ ਹੋਈ ਸੀ। ਗੁਰੂ ਤੇਗ਼ ਬਹਾਦਰ ਜੀ ਜਦੋਂ ਧਰਮ ਪ੍ਰਚਾਰ ਯਾਤਰਾ ਉੱਪਰ ਜਾਂਦੇ ਸਨ ਤਾਂ ਕਈ ਵਾਰ ਭਾਈ ਜੈਤਾ ਜੀ ਦਾ ਪਿਤਾ ਸਦਾਨੰਦ ਸਮੇਤ ਪਰਿਵਾਰ ਉਹਨਾਂ ਦੇ ਨਾਲ ਹੁੰਦਾ ਸੀ। ਭਾਈ ਜੈਤਾ ਜੀ ਦੀ ਮਾਤਾ ਦਾ ਨਾਂ ਲਾਜਵੰਤੀ ਸੀ, ਪਰੰਤੂ ਮਾਤਾ ਗੁਜਰੀ ਜੀ ਉਸ ਦੇ ਮਿੱਠੇ, ਪਿਆਰੇ ਤੇ ਚੰਗੇ ਸੁਭਾਅ ਕਰਕੇ, ਉਸ ਨੂੰ ਪ੍ਰੇਮੋ ਆਖ ਕੇ ਬੁਲਾਇਆ ਕਰਦੇ ਸੀ। ਇਸ ਕਰਕੇ ਉਸ ਦਾ ਇਹ ਨਾਂ ਹੀ ਆਮ ਲੋਕਾਂ ਵਿੱਚ ਜਾਣਿਆ ਜਾਣ ਲੱਗ ਪਿਆ ਸੀ। ਭਾਈ ਸਦਾ ਨੰਦ ਗੁਰੂ ਘਰ ਦਾ ਸ਼ਰਧਾਲੂ ਹੋਣ ਦੇ ਨਾਲ-ਨਾਲ ਇੱਕ ਚੰਗਾ ਪ੍ਰਚਾਰਕ ਵੀ ਸੀ।

ਉਸ ਸਮੇਂ ਔਰੰਗਜ਼ੇਬ ਹਿੰਦੁਸਤਾਨ ਦਾ ਬਾਦਸ਼ਾਹ ਸੀ ਅਤੇ ਉਸ ਦੀ ਦਿਲੀ ਇੱਛਾ ਸੀ ਕਿ ਉਸ ਦੇ ਰਾਜ ਦੀ ਹਦੂਦ 'ਚ ਇੱਕੋ ਹੀ ਧਰਮ ਹੋਵੇ-ਇਸਲਾਮ ਧਰਮ। ਉਸ ਦੀ ਇਹ ਇੱਛਾ ਉਸ ਦਾ ਜਨੂੰਨ ਬਣ ਗਈ ਤੇ ਇਸ ਨੂੰ ਪੂਰਾ ਕਰਨ ਲਈ ਉਹ ਹੱਦੋਂ ਵੱਧ ਕੱਟੜ ਤੇ ਜ਼ਾਲਮ ਬਣ ਗਿਆ। (ਇਤਿਹਾਸਕਾਰ ਆਰ.ਐੱਲ. ਸਭਰਵਾਲ ਲਿਖਦਾ ਹੈ ਕਿ ਜਾਤ-ਪਾਤ ਦੇ ਕੀਟਾਣੂ ਉਸ ਵਕਤ ਹਿੰਦੂ ਸਮਾਜ ਨੂੰ ਬੁਰੀ ਤਰ੍ਹਾਂ ਚਿੰਬੜੇ ਹੋਏ ਸਨ ਭਾਵ ਹਿੰਦੁਸਤਾਨ ਦੀ ਵੱਸੋਂ ਅਨੇਕਾਂ ਜਾਤਾਂ ਵਿੱਚ ਵੰਡੀ ਹੋਣ ਕਰਕੇ ਕਮਜ਼ੋਰ ਹੋ ਗਈ ਸੀ।)

ਆਪਣੀ ਦਿਲੀ ਇੱਛਾ ਦੀ ਪੂਰਤੀ ਦਾ ਹੁਕਮ ਔਰੰਗਜ਼ੇਬ ਨੇ ਕਸ਼ਮੀਰ ਦੇ ਸੂਬੇਦਾਰ ਨੂੰ ਵੀ ਦਿੱਤਾ ਸੀ। ਇਸ ਹੁਕਮ ਨੂੰ ਮੰਨਦਿਆਂ ਉਹ ਕਸ਼ਮੀਰ ਦੇ ਪੰਡਤਾਂ ਨੂੰ ਲਾਲਚ ਦੇ ਕੇ, ਡਰਾ-ਧਮਕਾ ਕੇ ਜਾਂ ਹੋਰਨਾਂ ਤਰੀਕਿਆਂ ਨਾਲ ਤੰਗ ਕਰਕੇ ਇਸਲਾਮ ਧਰਮ ਧਾਰਨ ਕਰਨ ਲਈ ਮਜ਼ਬੂਰ ਕਰ ਰਿਹਾ ਸੀ। ਜੇ ਕੋਈ ਉਸ ਸਾਹਮਣੇ ਅੜਦਾ ਸੀ ਤਾਂ ਉਸ ਨੂੰ ਮਾਰ ਦਿੱਤਾ ਜਾਂਦਾ ਸੀ।

ਇਸ ਜ਼ੁਲਮ ਤੋਂ ਛੁਟਕਾਰਾ ਪਾਉਣ ਲਈ ਪੰਡਤਾਂ ਦਾ ਇੱਕ ਵਫ਼ਦ ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ਼ ਬਹਾਦਰ ਹੀ ਕੋਲ ਆਨੰਦਪੁਰ ਸਾਹਿਬ ਵਿਖੇ ਹਾਜ਼ਰ ਹੋਇਆ ਤੇ ਆਪਣਾ ਦੁੱਖ ਦੱਸ ਕੇ ਉਹਨਾਂ ਤੋਂ ਸਹਾਇਤਾ ਮੰਗੀ। ਗੁਰੂ ਸਾਹਿਬ ਉਹਨਾਂ ਦੀਆਂ ਗੱਲਾਂ ਸੁਣ ਕੇ ਬੜੇ ਦੁਖੀ ਹੋਏ ਤੇ ਉਹਨਾਂ ਨੂੰ ਧੀਰਜ ਦਿੱਤਾ। ਕਵੀ ਕੰਕਣ ਦੇ ਸ਼ਬਦਾਂ ਵਿੱਚ:

ਤਿਨਹਿ ਗੁਰੂ ਧੁਨ ਧੀਰਜ ਦੀਨਾ।

ਸ੍ਰੋਤ ਪੀਏਗਾ ਇਹ ਕਮੀਨਾ।

ਅਬ ਹਮ ਇਸਕੀ ਪਿਆਸ ਮਿਟਾਵੈ।

ਸੁਰਿ ਪੁਰ ਜਾਵਹਿ ਧਰਮ ਬਚਾਵੈ।

ਗੁਰੂ ਜੀ ਨੇ ਪੰਡਤ ਵਾਪਸ ਭੇਜ ਦਿੱਤੇ ਤੇ ਸਮਝਾਇਆ ਕਿ ਉਹ ਸੂਬੇਦਾਰ ਨੂੰ ਜਾ ਕੇ ਆਖ ਦੇਣ:

ਪ੍ਰਿਥਮ ਕਰੋ ਗੁਰੂ ਮੁਸਲਮਾਨ,

ਮਗਰ ਹੋਵੇਗਾ ਸਗਲ ਜਹਾਨ। (ਪ੍ਰਾਚੀਨ ਪੰਥ ਪ੍ਰਕਾਸ਼)



Downloaded from https:// www.studiestoday.com

Downloaded from https:// www.studiestoday.com

ਇਹ ਗੱਲ ਪੰਡਤਾਂ ਨੇ ਲਾਹੌਰ ਦੇ ਸੂਬੇਦਾਰ ਨੂੰ ਆਖੀ, ਉਸ ਨੇ ਅੱਗੇ ਕਸ਼ਮੀਰ ਦੇ ਸੂਬੇਦਾਰ ਨੂੰ ਅਤੇ ਇਫ਼ਤਿਖਾਰ ਖਾਂ ਨੇ ਇਹ ਰਿਪੋਰਟ ਔਰੰਗਜ਼ੇਬ ਕੋਲ ਪਹੁੰਚਾਈ। ਔਰੰਗਜ਼ੇਬ ਨੇ ਹੋਰ ਅੱਤਿਆਚਾਰ ਬੰਦ ਕਰਕੇ, ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।

ਗੁਰੂ ਜੀ ਗ੍ਰਿਫ਼ਤਾਰ ਹੋਣ ਵਾਸਤੇ ਆਪ ਹੀ ਦਿੱਲੀ ਵੱਲ ਚੱਲ ਪਏ। ਉਹਨਾਂ ਦੇ ਨਾਲ ਹੋਰਨਾਂ ਸ਼ਰਧਾਲੂਆਂ ਤੋਂ ਬਿਨਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਉਦੈ ਜੀ, ਭਾਈ ਜੈਤਾ ਜੀ ਅਤੇ ਭਾਈ ਗੁਰਦਿੱਤਾ ਜੀ ਸਨ। ਗੁਰੂ ਜੀ ਨੂੰ ਕੈਦ ਕਰ ਲਿਆ ਗਿਆ। ਹਰ ਤਰ੍ਹਾਂ ਦੇ ਲਾਲਚ ਦੇ ਕੇ ਅਤੇ ਜ਼ੁਲਮ ਕਰ-ਕਰ ਕੇ ਉਹਨਾਂ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਗਈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸੁਣ ਕੇ ਚਾਂਦਨੀ ਚੌਂਕ ਦਿੱਲੀ ਦਾ ਕੋਤਵਾਲ ਖ਼ਵਾਜਾ ਅਬਦੁੱਲ ਰਹਿਮਾਨ ਖਾਂ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਉਸ ਨੇ ਇਕ ਦਿਨ ਭਾਈ ਜੈਤਾ ਜੀ ਅਤੇ ਕੁਝ ਹੋਰ ਸ਼ਰਧਾਲੂਆਂ ਨੂੰ ਗੁਰੂ ਜੀ ਨਾਲ ਮਿਲਵਾਇਆ। ਗੁਰੂ ਜੀ ਨੇ ਭਾਈ ਜੈਤਾ ਜੀ ਨੂੰ ਆਪਣੀ ਬਾਣੀ, ਸੁਨੇਹਾ ਅਤੇ ਗੁਰਿਆਈ ਦੀ ਸਮੱਗਰੀ ਦੇ ਕੇ ਆਨੰਦਪੁਰ ਸਾਹਿਬ ਭੇਜਿਆ। ਇਹ ਭੇਟ ਭਾਈ ਜੈਤਾ ਜੀ ਤੋਂ ਪ੍ਰਾਪਤ ਕਰ ਕੇ, ਗੋਬਿੰਦ ਰਾਏ ਜੀ ਨੇ ਉਹਨਾਂ ਨੂੰ ਉਸ ਵੇਲੇ ਵਾਪਸ ਦਿੱਲੀ ਵੱਲ ਤੋਰ ਦਿੱਤਾ।(ਕਈ ਵਿਦਵਾਨਾਂ ਮੁਤਾਬਿਕ ਇਹ ਵਸਤਾਂ ਗੁਰੂ ਜੀ ਨੇ ਆਪਣੇ ਇੱਕ ਸਿੱਖ 'ਬ੍ਰਹਮ ਭੱਟ' ਰਾਹੀਂ ਭੇਜੀਆਂ ਸਨ।)

ਗੁਰੂ ਤੇਗ਼ ਬਹਾਦਰ ਜੀ ਉਪਰ ਹੋਰ ਸਖ਼ਤੀ ਹੋਈ ਤੇ ਉਹਨਾਂ ਨੂੰ ਤਿੰਨ ਸ਼ਰਤਾਂ 'ਚੋਂ ਇੱਕ ਸ਼ਰਤ ਮੰਨਣ ਲਈ ਆਖਿਆ ਗਿਆ-

**ਉਹ ਇਸਲਾਮ ਧਰਮ ਧਾਰਨ ਕਰ ਲੈਣ।**

**ਕੋਈ ਕਰਾਮਾਤ ਵਿਖਾ ਦੇਣ।**

**ਮੌਤ ਦਾ ਸਾਹਮਣਾ ਕਰਨ।**

ਗੁਰੂ ਜੀ ਨੇ ਹਿੰਦੂ ਧਰਮ ਨੂੰ ਬਚਾਉਣ ਵਾਸਤੇ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰਨ ਨੂੰ ਤਰਜੀਹ ਦਿੱਤੀ। ਇਸ ਤਰ੍ਹਾਂ ਉਹਨਾਂ ਨੇ ਤੀਜੀ ਸ਼ਰਤ ਪ੍ਰਵਾਨ ਕੀਤੀ ਤੇ ਸ਼ਹਾਦਤ ਦਾ ਜਾਮ ਪੀਣ ਵਾਸਤੇ ਤਿਆਰ ਹੋ ਗਏ। ਇਹ ਸੁਣ ਕੇ ਹਕੂਮਤ ਨੇ ਉਹਨਾਂ ਨਾਲ ਕੈਦ, ਉਹਨਾਂ ਦੇ ਤਿੰਨ ਸਿੱਖਾਂ ਨੂੰ ਉਹਨਾਂ ਦੇ ਸਾਹਮਣੇ ਤਸੀਹੇ ਦੇ-ਦੇ ਕੇ (ਆਰੇ ਨਾਲ ਚੀਰ ਕੇ, ਤੇਲ ਦੇ ਉਬਲਦੇ ਕੜਾਹੇ 'ਚ ਬਿਠਾ ਕੇ, ਰੂੰ ਵਿੱਚ ਲਪੇਟ ਕੇ ਅੱਗ ਲਾ ਕੇ) ਸ਼ਹੀਦ ਕੀਤਾ। ਹਕੂਮਤ ਸੋਚਦੀ ਸੀ ਸ਼ਾਇਦ ਗੁਰੂ ਜੀ ਡਰ ਜਾਣਗੇ ਤੇ ਈਨ ਮੰਨ ਕੇ ਦੀਨ ਛੱਡ ਦੇਣਗੇ;ਪਰੰਤੂ ਉਹ ਤਾਂ ਕੁਰਬਾਨੀ ਦੇਣ ਲਈ ਹੀ ਦਿੱਲੀ ਆਏ ਸਨ।

ਅਖੀਰ ਲੋਕਾਂ ਦੇ ਭਾਰੀ ਇਕੱਠ ਦੇ ਸਾਹਮਣੇ ਵੀਰਵਾਰ 11 ਨਵੰਬਰ 1675 ਈ. ਨੂੰ ਸਮਾਣੇ ਦੇ ਜੱਲਾਦ ਸੱਯਦ ਜ਼ਲਾਲਦੀਨ ਨੇ ਤਲਵਾਰ ਨਾਲ ਗੁਰੂ ਜੀ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ। ਕਿਸੇ ਹੋਰ ਧਰਮ ਲਈ ਜਾਣ ਵਾਰਨੀ, ਗੁਰੂ ਜੀ ਦਾ ਅਨੋਖਾ ਕਾਰਨਾਮਾ ਸੀ। ਕੁਰਬਾਨੀ ਦੀ ਹੱਦ ਸੀ ਤੇ ਅਨੋਖੀ ਸ਼ਹਾਦਤ ਸੀ। ਇਸ ਲਈ ਉਹਨਾਂ ਨੂੰ 'ਹਿੰਦ ਦੀ ਚਾਦਰ' ਆਖ ਕੇ ਯਾਦ ਕੀਤਾ ਜਾਂਦਾ ਹੈ। ਗੁਰੂ ਜੀ ਦੀ ਸ਼ਹੀਦੀ ਪਿੱਛੋਂ ਹਕੂਮਤ ਨੇ ਉੱਥੇ ਪਹਿਰਾ ਲਾ ਦਿੱਤਾ ਤਾਂ ਕਿ ਕੋਈ ਸਿੱਖ ਆਪਣੇ ਅਕੀਦੇ ਮੁਤਾਬਿਕ ਉਹਨਾਂ ਦਾ ਸਸਕਾਰ ਨਾ ਕਰ ਸਕੇ।

ਇਸ ਘਟਨਾ ਪਿੱਛੋਂ ਗੁਰੂ ਕੇ ਸਿੱਖ ਭਾਈ ਕਲਿਆਣੇ ਦੀ ਧਰਮਸ਼ਾਲਾ 'ਚ ਇਕੱਠੇ ਹੋਏ ਤੇ ਉਹਨਾਂ



Downloaded from https:// www.studiestoday.com

Downloaded from https:// www.studiestoday.com

ਨੇ ਗੁਰੂ ਜੀ ਦੀ ਦੇਹ ਚੁੱਕਣ ਦੀ ਵਿਉਂਤ ਬਣਾਈ। ਉਹਨਾਂ ਸਿੱਖਾਂ 'ਚ ਭਾਈ ਜੈਤਾ ਜੀ, ਭਾਈ ਲੱਖੀ ਸ਼ਾਹ ਜੀ ਵਣਜਾਰਾ ਤੋਂ ਬਿਨਾਂ ਹੋਰ ਵੀ ਕਈ ਸਿੱਖ ਸਨ।

ਆਖਿਆ ਜਾਂਦਾ ਹੈ ਕਿ ਉਸ ਪਿੱਛੋਂ ਬੜੀ ਤੇਜ਼ ਹਨੇਰੀ ਆਈ ਅਤੇ ਝੱਖੜ ਝੁੱਲਿਆ। ਇਸ ਖ਼ਰਾਬ ਮੌਸਮ ਦਾ ਲਾਹਾ ਲੈਂਦਿਆਂ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਪਾਵਨ ਸੀਸ ਚੁੱਕਿਆ, ਕੱਪੜੇ ਵਿੱਚ ਲਪੇਟਿਆ ਅਤੇ ਆਨੰਦਪੁਰ ਸਾਹਿਬ ਦੇ ਰਾਹ ਪੈ ਗਿਆ। ਗੁਰੂ ਜੀ ਦੇ ਪਾਵਨ ਧੜ ਨੂੰ ਲੱਖੀ ਸ਼ਾਹ ਵਣਜਾਰਾ, ਆਪਣੇ ਗੱਡੇ ਉੱਪਰ ਘਰ ਲੈ ਗਿਆ, ਜੋ ਦਿੱਲੀ ਵਿੱਚ ਹੀ ਸੀ। ਲੱਖੀ ਸ਼ਾਹ ਨੇ ਆਪਣੇ ਪਰਿਵਾਰ ਨਾਲ ਸਲਾਹ ਕਰਕੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਕਰਨ ਲਈ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ। ਇਸ ਤਰ੍ਹਾਂ ਸ਼ਹਾਦਤ ਪਿੱਛੋਂ ਗੁਰੂ ਜੀ ਦੀ ਦੇਹ ਦੀ ਬੇਅਦਬੀ ਹੋਣੋਂ ਬਚ ਗਈ।

ਉਸ ਸਮੇਂ ਆਮ ਤੌਰ 'ਤੇ ਦੁਸ਼ਮਣ ਦਾ ਸਿਰ ਵੱਢ ਕੇ ਉਸਨੂੰ ਠੁੱਡੇ ਮਾਰੇ ਜਾਂਦੇ ਸਨ। ਜਾਂ ਚੁਰਾਹਿਆਂ ਤੇ ਟੰਗਿਆ ਜਾਂਦਾ ਸੀ। ਭਾਈ ਜੈਤਾ ਜੀ, ਗੁਰੂ ਜੀ ਦਾ ਸੀਸ ਲੈ ਕੇ ਰਾਹੋਂ-ਕੁਰਾਹ ਹੁੰਦੇ, ਚਲਦੇ ਗਏ। ਉਹਨਾਂ ਨੇ ਆਪਣਾ ਪਹਿਲਾ ਪੜਾਅ ਕਰਨਾਲ ਦੇ ਨੇੜੇ 'ਤ੍ਰਾਵੜੀ' ਪਿੰਡ ਵਿੱਚ ਕੀਤਾ ਅਤੇ ਉਹਨਾਂ ਦਾ ਆਖਰੀ ਪੜ੍ਹਾਅ ਕੀਰਤਪੁਰ ਸਾਹਿਬ ਸੀ। ਰਾਹ 'ਚ ਉਹ ਅੰਬਾਲੇ, ਨਾਭੇ ਆਦਿ ਥਾਵਾਂ 'ਤੇ ਪੜਾਅ ਕਰਦੇ ਰਹੇ। ਗੁਰੂ ਜੀ ਦੀ ਕਿਰਪਾ ਨਾਲ ਗੁਰੂ ਦੇ ਸ਼ਰਧਾਲੂਆਂ ਨੇ ਉਸ ਦਾ ਬੜਾ ਸਾਥ ਦਿੱਤਾ।

ਜਦੋਂ ਗੋਬਿੰਦ ਰਾਏ ਅਤੇ ਸੰਗਤਾਂ ਨੂੰ ਪਤਾ ਲੱਗਿਆ ਕਿ ਭਾਈ ਜੈਤਾ ਜੀ ਗੁਰੂ ਦਾ ਸੀਸ ਲੈ ਕੇ ਆਇਆ ਹੈ ਤਾਂ ਸਾਰੀਆਂ ਸੰਗਤਾਂ ਅਤੇ ਰਿਸ਼ਤੇਦਾਰ ਕੀਰਤਪੁਰ ਸਾਹਿਬ ਪੁੱਜ ਗਏ। ਗੋਬਿੰਦ ਰਾਏ ਜੀ ਨੇ ਭਾਈ ਜੈਤੇ ਨੂੰ ਜੱਫ਼ੀ ਵਿੱਚ ਲਿਆ ਤੇ 'ਰੰਘਰੇਟਾ ਗੁਰੂ ਕਾ ਬੇਟਾ' ਦੀ ਉਪਾਧੀ ਦਿੱਤੀ। ਇਸ ਤੋਂ ਪਿੱਛੋਂ ਭਾਈ ਜੈਤਾ ਆਨੰਦਪੁਰ ਸਾਹਿਬ, ਗੋਬਿੰਦ ਰਾਏ ਜੀ ਕੋਲ ਹੀ ਟਿਕ ਗਿਆ ਅਤੇ ਸ਼ਹੀਦ ਹੋਣ ਤੱਕ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣਾ ਜਰਨੈਲ ਬਣਾਇਆ ਤੇ ਸਦਾ ਆਪਣੇ ਕੋਲ ਹੀ ਰੱਖਿਆ ਤੇ ਆਪਣਾ ਭਰਾ ਹੀ ਜਾਨਿਆ।

ਧੰਨ ਜੈਤੇ ਤੂੰ ਰਾਖੀ ਸਿਖੀ, ਖੰਨਿਓਂ ਤਿਖੀ ਵਾਲੋਂ ਨਿੱਕੀ

ਤੁਮ ਰੰਘਰੇਟੇ ਗੁਰੂ ਕੇ ਬੇਟੇ, ਰਹੋ ਪੰਥ ਸੰਗ ਸਦਾ ਅਮੇਟੇ (ਪੰਥ ਪ੍ਰਕਾਸ਼)

ਇਤਿਹਾਸਕਾਰ ਆਰ.ਐੱਲ.ਸਭਰਵਾਲ ਲਿਖਦਾ ਹੈ, "ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਿਹਾਇਸ਼ ਸਥਾਨ, ਸ਼੍ਰੀ ਆਨੰਦਪੁਰ ਸਾਹਿਬ ਵਿਖੇ ਆਪਣੇ ਘਰ ਕੋਲ ਜਿੱਥੇ ਗੁਰਦੁਆਰਾ ਆਨੰਦਗੜ੍ਹ ਸਾਹਿਬ ਹੈ, ਉੱਥੇ ਭਾਈ ਜੈਤਾ ਜੀ ਦਾ ਬੁੰਗਾ ਆਪਣੇ ਹੱਥੀਂ ਬਣਵਾ ਕੇ ਦਿੱਤਾ ਸੀ। ਜੋ ਅੱਜ ਵੀ ਉਸੇ ਤਰ੍ਹਾਂ ਪੂਰੀ ਸ਼ਾਨੋ ਸ਼ੌਕਤ ਨਾਲ ਖੜ੍ਹਾ ਹੈ। ਇਹ ਬੁੰਗਾ ਕਿਲ੍ਹਾ ਸਾਹਿਬ ਦੀ ਪਿਛਲੀ ਦੀਵਾਰ ਨਾਲ ਲਗਦਾ ਹੈ।............... ਹਰ ਆਉਣ ਵਾਲਾ ਵਿਅਕਤੀ ਜਾਂ ਸਮੂਹ ਸੰਗਤ ਜੋ ਗੁਰੂ ਜੀ ਦੇ ਦਰਸ਼ਨ ਕਰਨ ਆਉਂਦੀ, ਉਸ ਕੋਲੋਂ ਪਹਿਲਾਂ ਭਾਈ ਜੈਤਾ ਜੀ ਪੁੱਛ ਪੜਤਾਲ ਕਰਦੇ ਸਨ ਤੇ ਇਸ ਦੀ ਪੂਰੀ ਜਾਣਕਾਰੀ ਗੁਰੂ ਜੀ ਨੂੰ ਦਿੰਦੇ ਸਨ। ਗੁਰੂ ਜੀ ਦਾ ਹੁਕਮ ਪ੍ਰਾਪਤ ਕਰਨ ਉਪਰੰਤ ਹੀ ਉਹਨਾਂ ਨੂੰ ਅੰਦਰ ਜਾਣ ਦੀ ਇਜ਼ਾਜਤ ਦਿੱਤੀ ਜਾਂਦੀ ਸੀ।"

ਜਦੋਂ ਗੁਰੂ ਜੀ ਨੇ ਰਣਜੀਤ ਨਗਾਰਾ ਬਣਾਇਆ ਤਾਂ ਭਾਈ ਜੈਤਾ ਜੀ ਨੂੰ ਇਸ ਦਾ ਨਗਾਰਚੀ ਥਾਪਿਆ ਗਿਆ ਸੀ। ਇਹ ਸੇਵਾ ਭਾਈ ਜੈਤਾ ਜੀ ਸ਼ਹੀਦ ਹੋਣ ਤੱਕ ਨਿਭਾਉਂਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਧਰਮਾਂ ਨੂੰ ਪਰਖਿਆ ਤੇ ਉਹਨਾਂ 'ਚੋਂ ਚੰਗੀਆਂ ਗੱਲਾਂ ਲੈ ਕੇ



Downloaded from https:// www.studiestoday.com

Downloaded from https:// www.studiestoday.com

ਖ਼ਾਲਸੇ ਦੀ ਸਿਰਜਣਾ ਕੀਤੀ। ਖੰਡੇ-ਬਾਟੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਨੂੰ ਛਕਾਇਆ ਅਤੇ ਉਹਨਾਂ ਤੋਂ ਆਪ ਛਕਿਆ। ਇਸ ਪਿੱਛੋਂ ਭਾਈ ਜੈਤਾ ਜੀ ਨੇ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ ਤੇ ਉਹ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਿਆ।

ਭਾਈ ਜੀਵਨ ਸਿੰਘ ਨੇ ਸਾਰੇ ਧਰਮ-ਯੁੱਧਾਂ 'ਚ ਗੁਰੂ ਜੀ ਦਾ ਸਾਥ ਦਿੱਤਾ। ਪਹਿਲੀ ਲੜਾਈ ਭੰਗਾਣੀ ਦੀ ਲੜੀ, ਜਿੱਤ ਕੇ ਆਏ ਤਾਂ ਮਾਤਾ ਲਾਜਵੰਤੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਹੁਣ ਮੇਰੇ ਪੁੱਤਰ ਜੈਤੇ ਦਾ ਵਿਆਹ ਰਚਾ ਦਿਉ ਤਾਂ ਗੁਰੂ ਜੀ ਨੇ ਇੱਕ ਸਿੱਖ ਖਜ਼ਾਨ ਸਿੰਘ ਦੀ ਪੁੱਤਰੀ ਰਾਜ ਕੁਮਾਰੀ ਨਾਲ ਆਨੰਦਪੁਰ ਸਾਹਿਬ ਵਿੱਚ ਹੀ ਉਹਨਾਂ ਦਾ ਵਿਆਹ ਕਰਵਾ ਦਿੱਤਾ।

ਉਸ ਤੋਂ ਪਿੱਛੋਂ ਵੀ ਨਦੌਣ ਦਾ ਜੰਗ, ਹੁਸੈਨੀ ਦਾ ਜੰਗ, ਬੰਸਾਲੀ ਦੀ ਜੰਗ ਤੇ ਪਹਾੜੀ ਰਾਜਿਆਂ ਨਾਲ ਨਿਰਮੋਹੀ ਦਾ ਜੰਗ ਆਦਿ 'ਚ ਗੁਰੂ ਜੀ ਦੇ ਮੋਢੇ ਨਾਲ ਮੋਢਾ ਜੋੜਕੇ ਉਹਨਾਂ ਨੇ ਬਹਾਦਰੀ ਦੇ ਜੌਹਰ ਵਿਖਾਏ। ਲਗਭਗ ਸਾਰੀਆਂ ਲੜਾਈਆਂ ਉਹਨਾਂ ਨੇ ਮੂਹਰਲੀ ਕਤਾਰ 'ਚ ਹੋ ਕੇ ਲੜੀਆਂ ਅਤੇ ਦੁਸ਼ਮਣਾਂ ਦੀਆਂ ਇੱਛਾਵਾਂ ਨੂੰ ਪੂਰਾ ਨਹੀਂ ਹੋਣ ਦਿੱਤਾ।

ਇਤਿਹਾਸਕਾਰ ਹਰਨਾਮ ਦਾਸ ਸਹਿਰਾਈ ਭਾਈ ਜੈਤਾ ਜੀ ਬਾਰੇ ਲਿਖਦਾ ਹੈ, "ਜੈਤਾ ਇੱਕ ਆਵਾਜ਼ ਸੀ, ਜਿਹੜੀ ਕੰਠ ਵਿੱਚੋਂ ਨਹੀਂ ਸੀ ਨਿਕਲੀ। ਜੈਤਾ ਇੱਕ ਤੂਫ਼ਾਨ ਸੀ, ਲਹਿਰਾਂ ਦੀ ਬੁੱਕਲ 'ਚ ਲੁਕਿਆ ਹੋਇਆ। 'ਜੈਤਾ ਇੱਕ ਜਵਾਲਾ ਸੀ' ਪਹਾੜਾਂ ਦੀ ਹਿੱਕ ਵਿੱਚ ਲੁਕੀ ਹੋਈ। ਜੈਤਾ ਜੀ ਦੀ ਉਹਨਾਂ ਮਹਾਂਪੁਰਸ਼ਾਂ ਨਾਲ ਰਹਿਣੀ-ਬਹਿਣੀ ਸੀ, ਜਿੰਨਾਂ ਇੱਕ ਨਵੀਂ ਕੌਮ ਦੀ ਸਿਰਜਣਾ ਕਰਨੀ ਸੀ। ਜੈਤਾ ਜੀ ਨੇ ਮਾਂ ਦੇ ਦੁੱਧ ਨਾਲ ਲੋਰੀਆਂ ਲਈਆਂ ਸਨ। ਬਹਾਦਰ ਯੋਧਿਆਂ ਦੀਆਂ ਵੀਰ-ਗਾਥਾਵਾਂ ਸੁਣਾ ਕੇ ਦੱਸਣ ਵਾਲੀ ਸੀ ਮਾਤਾ ਨਾਨਕੀ ਜੀ। ਜੈਤਾ ਮਾਤਾ ਗੁਜ਼ਰੀ ਦੇ ਵਿਹੜੇ ਵਿੱਚ ਜੁਆਨ ਹੋਇਆ। "

ਭਾਈ ਜੈਤਾ ਜੀ ਨੂੰ ਗੁਰੂ ਜੀ ਦੇ ਦੀਦਾਰ ਕਰਨ ਤੇ ਨਾਮ ਬਾਣੀ ਸੁਣਨ ਦੀ ਏਨੀ ਜ਼ਿਆਦਾ ਤਾਂਘ ਹੁੰਦੀ ਸੀ ਕਿ ਉਹਨਾਂ ਨੂੰ ਖਾਣਾ-ਪੀਣਾ ਵੀ ਵਿਸਰ ਜਾਂਦਾ ਸੀ।

ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਵੇਲੇ ਗੁਰੂ ਜੀ ਦਾ ਪਰਿਵਾਰ ਵਿੱਛੜ ਗਿਆ। ਗੁਰੂ ਸਾਹਿਬ ਬਹੁਤ ਥੋੜੇ(ਲਗਭਗ 40) ਸਿੰਘਾਂ ਨਾਲ ਚਮਕੌਰ ਸਾਹਿਬ ਇੱਕ ਪੁਰਾਣੀ ਕੱਚੀ ਗੜ੍ਹੀ 'ਚ ਚਲੇ ਗਏ। ਉਸ ਗੜ੍ਹੀ ਨੂੰ ਦੁਸ਼ਮਣ ਦੀਆਂ ਫੌਜਾਂ ਨੇ ਘੇਰ ਲਿਆ ਸੀ, ਜਿੰਨਾਂ ਦੀ ਗਿਣਤੀ ਹਜ਼ਾਰਾਂ 'ਚ ਸੀ। ਇਸ ਔਖੀ ਘੜੀ 'ਚ ਦੋਵੇਂ ਭਰਾ ਭਾਈ ਜੀਵਨ ਸਿੰਘ ਅਤੇ ਭਾਈ ਸੰਗਤ ਸਿੰਘ ਉਹਨਾਂ ਦੇ ਨਾਲ ਸਨ। ਜਦੋਂ ਗੜ੍ਹੀ 'ਚ ਸਿਰਫ ਅੱਠ ਸਿੰਘ ਰਹਿ ਗਏ ਤਾਂ ਪੰਜ ਸਿੰਘਾਂ ਨੇ ਗੁਰੂ ਸਾਹਿਬ ਨੂੰ ਹੁਕਮ ਦਿੱਤਾ ਕਿ ਉਹ ਗੜ੍ਹੀ 'ਚੋਂ ਚਲੇ ਜਾਣ। ਇਕੱਲੇ-ਇਕੱਲੇ ਸਿੰਘ ਦੇ ਕਹਿਣ ਤੇ ਗੁਰੂ ਸਾਹਿਬ ਉੱਥੋਂ ਜਾਣ ਲਈ ਤਿਆਰ ਨਹੀਂ ਹੋਏ। ਉਹ ਉੱਥੇ ਹੀ ਸ਼ਹੀਦ ਹੋਣਾ ਚਾਹੁੰਦੇ ਸਨ। ਚਮਕੌਰ ਦੀ ਜੰਗ 'ਚ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚੋਂ ਅਖੀਰਲਿਆਂ ਸਿੰਘਾਂ 'ਚ ਭਾਈ ਜੀਵਨ ਸਿੰਘ ਜੀ ਸਨ। ਉਹਨਾਂ ਨੇ ਗੜ੍ਹੀ 'ਚੋਂ ਬਾਹਰ ਨਿਕਲ ਕੇ ਅਨੇਕਾਂ ਦੁਸ਼ਮਣਾ ਨੂੰ ਮਾਰਿਆ ਤੇ ਜੂਝਦੇ ਹੋਏ ਆਪ ਸ਼ਹੀਦੀ ਪ੍ਰਾਪਤ ਕਰ ਗਏ।

ਜੀਵਨ ਸਿੰਘ ਰੰਗਰੇਟੜੇ ਰਣ ਮਹਿ ਪਵੈ ਨਿਸੰਗ।
ਮੁਹ ਮੁਹ ਤਲਵਾਰਾਂ ਖਾਧੀਆਂ, ਟੁਕ ਮੂਲ ਨਾ ਮੋੜੇ ਅੰਗ।

ਭਾਈ ਜੀਵਨ ਸਿੰਘ ਜ਼ਿੰਦਗੀ ਦੇ ਅਖ਼ੀਰ ਤੱਕ ਗੁਰੂ ਘਰ ਦੇ ਵਿਸ਼ਵਾਸ਼ ਪਾਤਰ ਬਣੇ ਰਹੇ। ਆਉਣ ਵਾਲੀਆਂ ਪੀੜੀਆਂ ਉਹਨਾਂ ਦੇ ਜੀਵਨ ਦੇ ਸੰਘਰਸ਼ ਅਤੇ ਕੁਰਬਾਨੀਆਂ ਤੋਂ ਹਮੇਸ਼ਾ ਪ੍ਰੇਰਨਾ ਲੈਂਦੀਆਂ ਰਹਿਣਗੀਆਂ।



Downloaded from https:// www.studiestoday.com

Downloaded from https:// www.studiestoday.com

## ਅਭਿਆਸ ਪ੍ਰਸ਼ਨ

1. ਭਾਈ ਜੈਤਾ ਜੀ ਦੇ ਮਾਤਾ ਪਿਤਾ ਦਾ ਨਾਂ ਦੱਸੋ।
2. ਸ਼੍ਰੀ ਗੁਰੂ ਤੇਗ ਬਹਾਦਰ ਜੀ ਜਦੋਂ ਗ੍ਰਿਫ਼ਤਾਰ ਹੋਣ ਲਈ ਦਿੱਲੀ ਵੱਲ ਗਏ ਤਾਂ ਉਹਨਾਂ ਨਾਲ ਹੋਰ ਕਿਹੜੇ-ਕਿਹੜੇ ਸ਼ਰਧਾਲੂ ਸਨ ?
3. ਸ਼੍ਰੀ ਗੁਰੂ ਤੇਗ ਬਹਾਦਰ ਜੀ  ਅੱਗੇ ਕਿਹੜੀਆਂ ਤਿੰਨ ਸ਼ਰਤਾਂ ਰੱਖੀਆਂ ਗਈਆਂ ?
4. ਭਾਈ ਜੈਤਾ ਜੀ ਦਾ ਪਹਿਲਾ ਅਤੇ ਆਖਰੀ ਪੜਾਅ ਕਿੱਥੇ ਸੀ ?
5. ਭਾਈ ਜੈਤਾ ਜੀ ਨੇ ਕਿਹੜੇ ਕਿਹੜੇ ਯੁੱਧਾਂ ਵਿੱਚ ਭਾਗ ਲਿਆ ?
6. ਭਾਈ ਜੈਤਾ ਜੀ ਦੀ ਸ਼ਹੀਦੀ ਕਿੱਥੇ ਹੋਈ ?
7. 'ਰੰਘਰੇਟਾ ਗੁਰੂ ਕਾ ਬੇਟਾ : ਭਾਈ ਜੈਤਾ ਜੀ' ਜੀਵਨੀ-ਮੂਲਕ ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ।



Downloaded from https:// www.studiestoday.com

Downloaded from https:// www.studiestoday.com

## 5. ਬੈਰਾਗੀ–ਯੋਧਾ : ਬੰਦਾ ਸਿੰਘ ਬਹਾਦਰ

ਬੰਦਾ ਸਿੰਘ ਬਹਾਦਰ ਦਾ ਜਨਮ 16 ਅਕਤੂਬਰ 1670 ਈਸਵੀ ਵਿੱਚ ਹੋਇਆ। ਪਿਤਾ ਰਾਮਦੇਵ ਪੁੰਛ ਜਿਲ੍ਹੇ ਦੇ ਪਿੰਡ ਰਾਜੌਰੀ ਦੇ ਰਾਜਪੂਤ ਭਾਰਦਵਾਜ ਸਨ ਤੇ ਖੇਤੀਬਾੜੀ ਦਾ ਕੰਮ ਕਰਦੇ ਸੀ। ਉਸ ਦਾ ਪਹਿਲਾਂ ਨਾਂ ਲਛਮਣ ਦੇਵ ਸੀ, ਅਤੇ ਉਹ ਵੀ ਖੇਤੀ ਕਰਦਾ ਸੀ। ਪਿਤਾ ਜੀ ਦੀਆਂ ਧਾਰਮਿਕ ਰੁਚੀਆਂ ਦਾ ਪ੍ਰਭਾਵ ਲਛਮਣ ਦੇਵ 'ਤੇ ਵੀ ਪਿਆ ਅਤੇ ਉਹ ਘਰ-ਬਾਰ ਤਿਆਗ ਕੇ ਔਘੜ ਨਾਥ ਦੇ ਡੇਰੇ ਵਿੱਚ ਸ਼ਾਮਲ ਹੋ ਗਿਆ। ਫਿਰ ਉਹ ਨਾਸਿਕ ਹੁੰਦਾ ਹੋਇਆ ਨਾਂਦੇੜ ਆ ਗਿਆ। ਸਾਧੂਆਂ ਨੇ ਉਸਦਾ ਨਾਮ ਮਾਧੋ ਦਾਸ ਰੱਖਿਆ।

ਬੰਦਾ ਸਿੰਘ ਬਹਾਦਰ ਦੀ ਗੁਰੂ ਗੋਬਿੰਦ ਸਿੰਘ ਨਾਲ ਪਹਿਲੀ ਮੁਲਾਕਾਤ ਉਸ ਸਮੇਂ ਹੋਈ ਜਦੋਂ ਉਹ ਮਾਧੋ ਦਾਸ ਬੈਰਾਗੀ ਦੇ ਰੂਪ 'ਚ ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕੰਢੇ ਇਕ ਆਸ਼ਰਮ ਚਲਾ ਰਿਹਾ ਸੀ। ਉਸ ਦੀ ਪ੍ਰਸਿੱਧੀ ਰਿੱਧੀਆਂ-ਸਿੱਧੀਆਂ ਦੇ ਮਾਲਕ ਵਜੋਂ ਹੋ ਚੁੱਕੀ ਸੀ। ਗੁਰੂ ਸਾਹਿਬ ਨੇ ਉਸ ਦੀ ਸਾਧਨਾ, ਸਮਰੱਥਾ ਅਤੇ ਤਾਕਤ ਨੂੰ ਇੱਕ ਦਿਸ਼ਾ ਪ੍ਰਦਾਨ ਕੀਤੀ। ਗੁਰੂ ਗੋਬਿੰਦ ਸਿੰਘ, ਮਾਧੋ ਦਾਸ ਦੇ ਆਸ਼ਰਮ ਪਹੁੰਚੇ ਅਤੇ ਉਸ ਦੀ ਉਡੀਕ ਵਿੱਚ ਉਸ ਦੇ ਆਸਨ ਉੱਤੇ ਬਿਰਾਜ਼ਮਾਨ ਹੋ ਗਏ। ਜਦੋਂ ਮਾਧੋ ਦਾਸ ਵਾਪਸ ਆਇਆ ਤਾਂ ਉਹ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦਾ ਮੁਰੀਦ ਬਣ ਗਿਆ। ਇਹ ਮੁਲਾਕਾਤ ਬੜੇ ਨਾਟਕੀ ਅੰਦਾਜ਼ ਵਾਲੀ ਸੀ–

ਬੰਦਾ– ਤੁਸੀਂ ਕੌਣ ਹੋ ?

ਗੁਰੂ ਜੀ– ਉਹੀ ਜਿਸ ਨੂੰ ਤੂੰ ਜਾਣਦਾ ਹੈ।

ਬੰਦਾ– ਕਿਸਨੂੰ ਜਾਣਦਾ ਹਾਂ ਮੈਂ ?

ਗੁਰੂ ਜੀ– ਜਿਸ ਦੀ ਤਲਾਸ਼ ਵਿੱਚ ਤੂੰ ਥਾਂ-ਥਾਂ ਭਟਕਿਆ।

ਬੰਦਾ– ਕਿਤੇ ਤੁਸੀਂ ਗੁਰੂ ਗੋਬਿੰਦ ਸਿੰਘ ਤਾਂ ਨਹੀਂ ?

ਗੁਰੂ ਜੀ– ਉਹੀ ਹਾਂ, ਤੂੰ ਦੱਸ ਕੌਣ ਹੈ ?

ਬੰਦਾ– ਜੀ ਮੈਂ ਤੁਹਾਡਾ ਬੰਦਾ ਹਾਂ।

ਗੁਰੂ ਜੀ– ਬੰਦਾ ਹੈਂ ਤਾਂ ਬੰਦਿਆਂ ਜਿਹੇ ਕੰਮ ਕਰ।

ਮਾਧੋ ਦਾਸ ਗੁਰੂ ਚਰਨਾਂ ਵਿੱਚ ਡਿੱਗ ਪਿਆ। ਗੁਰੂ ਜੀ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾਇਆ ਅਤੇ ਬੰਦਾ ਸਿੰਘ ਨਾਮ ਰੱਖਿਆ। ਉਨ੍ਹਾਂ ਪੰਜਾਬ ਵਿੱਚ ਮੁਗਲਾਂ ਦੇ ਹੋ ਰਹੇ ਜ਼ੁਲਮਾਂ ਬਾਰੇ ਉਸਨੂੰ ਦੱਸਿਆ ਅਤੇ ਇਸ ਨੂੰ ਖਤਮ ਕਰਨ ਲਈ ਕਿਹਾ। ਉਸ ਨੂੰ ਗੁਰੂ ਜੀ ਨੇ ਹੁਕਮਨਾਮਾ, ਪੰਜ ਤੀਰ, ਨਿਸ਼ਾਨ ਸਾਹਿਬ ਤੇ ਨਗਾਰਾ ਬਖ਼ਸ਼ਿਆ। ਥਾਪੀ ਦੇ ਕੇ ਬਹਾਦਰ ਦਾ ਖਿਤਾਬ ਦਿੱਤਾ। ਭਾਈ ਨੰਦ ਸਿੰਘ, ਭਾਈ ਕਾਨ੍ਹ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ, ਭਾਈ ਰਣ ਸਿੰਘ, ਪੰਜ ਪਿਆਰੇ ਅਤੇ 25 ਹੋਰ ਸਿੰਘ ਉਨ੍ਹਾਂ ਨਾਲ ਭੇਜੇ। ਕੇਵਲ 25-30 ਸਿੰਘਾਂ ਨਾਲ ਬੰਦਾ ਸਿੰਘ ਚੱਲਿਆ ਪਰ ਪੰਜਾਬ ਪਹੁੰਚਦੇ-ਪਹੁੰਚਦੇ ਉਸ ਨਾਲ 5000 ਸਿੰਘ ਹੋ ਗਏ। ਉਸਨੇ ਇੱਕ-ਇੱਕ ਕਰਕੇ ਮੁਗਲਾਂ ਦੇ ਅਧੀਨ ਪਰਗਨਿਆਂ ਨੂੰ ਆਪਣੇ ਅਧੀਨ ਕੀਤਾ।



Downloaded from https:// www.studiestoday.com

Downloaded from https:// www.studiestoday.com

ਸਭ ਤੋਂ ਪਹਿਲਾਂ ਸੋਨੀਪਤ ਸ਼ਹਿਰ ਉੱਤੇ ਧਾਵਾ ਕੀਤਾ ਅਤੇ ਇਸ ਸ਼ਹਿਰ ਉੱਤੇ ਨਿਸ਼ਾਨ ਸਾਹਿਬ ਲਹਿਰਾ ਦਿੱਤਾ ਗਿਆ। ਇਸ ਪਿੱਛੋਂ ਸਮਾਣੇ ਸ਼ਹਿਰ ਵੱਲ ਕੂਚ ਕਰਨ ਦਾ ਫੈਸਲਾ ਕੀਤਾ, ਰਸਤੇ ਵਿੱਚ ਪਤਾ ਚੱਲਿਆ ਕਿ ਕੈਥਲ ਵਿਖੇ ਭਾਰੀ ਖਜ਼ਾਨਾ ਪਿਆ ਹੈ। ਕੈਥਲ ਉੱਤੇ ਚੜ੍ਹਾਈ ਕਰਕੇ ਸਾਰਾ ਧਨ ਦੌਲਤ ਕਬਜ਼ੇ ਹੇਠ ਕਰ ਲਿਆ।

ਸਮਾਣਾ ਸ਼ਹਿਰ ਸੱਯਦਾਂ ਦਾ ਘੁੱਗ ਵੱਸਦਾ ਅਮੀਰ ਸ਼ਹਿਰ ਸੀ। ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬਜਾਦਿਆਂ ਨੂੰ ਸੱਯਦਾਂ ਦੁਆਰਾ ਸ਼ਹੀਦ ਕੀਤਾ ਗਿਆ ਸੀ। ਸਮਾਣੇ ਦੇ ਆਲੇ-ਦੁਆਲੇ ਤਕੜੀ ਉੱਚੀ ਕੰਧ ਸੀ ਤੇ ਸ਼ਹਿਰ ਦਾ ਹਰ ਘਰ ਇੱਕ ਗੜ੍ਹੀ ਵਾਂਗ ਸੀ। ਸੁਰੱਖਿਆ ਪੱਖੋਂ, ਅਮੀਰ ਸੱਯਦਾਂ ਨੇ ਆਤਮ ਰੱਖਿਆ ਲਈ ਆਪਣੇ ਘਰਾਂ ਨੂੰ ਨਿੱਕੇ-ਨਿੱਕੇ ਕਿਲ੍ਹਿਆਂ ਵਾਂਗ ਉਸਾਰਿਆ ਸੀ। 11 ਨਵੰਬਰ 1709 ਨੂੰ ਸ਼ੁੱਕਰਵਾਰ ਦੇ ਦਿਨ ਸਵੇਰ ਸਾਰ ਇਸ ਸਿੱਖ ਜਰਨੈਲ ਨੇ ਸਮਾਣਾ 'ਤੇ ਹੱਲਾ ਬੋਲ ਦਿੱਤਾ। ਸਿੱਖਾਂ ਨੇ ਸੱਯਦਾਂ ਨੂੰ ਇਹ ਮੌਕਾ ਹੀ ਨਹੀਂ ਦਿੱਤਾ ਕਿ ਉਹ ਦਰਵਾਜੇ ਬੰਦ ਕਰ ਸਕਦੇ। ਸ਼ਹਿਰ ਅੰਦਰ ਦਸ ਹਜ਼ਾਰ ਦੀ ਗਿਣਤੀ ਵਿੱਚ ਸੱਯਦ ਅਤੇ ਮੁਗ਼ਲ ਕਤਲ ਕੀਤੇ ਗਏ। ਮੁੜ ਕੇ ਇਹ ਸ਼ਹਿਰ ਠੀਕ ਢੰਗ ਨਾਲ ਕਦੀ ਵੀ ਨਹੀਂ ਵੱਸ ਸਕਿਆ। ਸਮਾਣੇ ਦਾ ਫੌਜ਼ਦਾਰ ਫ਼ਤਹਿ ਸਿੰਘ ਨੂੰ ਥਾਪ ਦਿੱਤਾ। ਹੁਣ ਅਗਲਾ ਨਿਸ਼ਾਨਾ ਸਰਹੰਦ ਦੀ ਸ਼ਾਨ ਨੂੰ ਪੈਰਾਂ ਵਿੱਚ ਰੋਲਣ ਦਾ ਸੀ।

ਘੁੜਾਮੀਆਂ ਦੇ ਵੰਗਾਰਣ 'ਤੇ ਬੰਦਾ ਸਿੰਘ ਨੇ ਘੁੜਾਮ ਉੱਤੇ ਚੜ੍ਹਾਈ ਕਰ ਦਿੱਤੀ। ਮੁਗ਼ਲ ਬੜੀ ਬਹਾਦਰੀ ਨਾਲ ਲੜੇ, ਪਰ ਪਛਾੜ ਦਿੱਤੇ ਗਏ। ਘੁੜਾਮ ਸ਼ਹਿਰ ਤਬਾਹ ਹੋ ਗਿਆ। ਕਪੂਰੀ ਉੱਤੇ ਹੱਲਾ ਬੋਲ ਕੇ ਕਦਮੁੱਦੀਨ ਜਾਲਮ ਨੂੰ ਸੋਧ ਦਿੱਤਾ ਗਿਆ।

ਸਢੌਰੇ ਦਾ ਹਾਕਮ ਉਸਮਾਨ ਖਾਨ ਬੜਾ ਜ਼ਾਲਮ ਸੀ। ਉਸ ਨੇ ਨੇਕ ਦਿਲ ਇਨਸਾਨ ਪੀਰ ਬੁੱਧੂ ਸ਼ਾਹ ਨੂੰ ਤਸੀਹੇ ਦੇ-ਦੇ ਕੇ ਮਾਰਿਆ ਸੀ, ਕਿਉਂਕਿ ਉਸ ਨੇ ਭੰਗਾਣੀ ਦੇ ਯੁੱਧ ਵਿੱਚ ਗੁਰੂ ਜੀ ਦੀ ਫੌਜੀ ਸਹਾਇਤਾ ਕੀਤੀ ਸੀ। ਸਢੌਰੇ ਉੱਤੇ ਹੱਲਾ ਬੋਲ ਦਿੱਤਾ ਗਿਆ ਤਾਂ ਜ਼ੁਲਮ ਦੇ ਸਤਾਏ ਲੋਕ ਵੱਡੀ ਗਿਣਤੀ ਵਿੱਚ ਬੰਦਾ ਸਿੰਘ ਦੀਆਂ ਫੌਜਾਂ ਨਾਲ ਆ ਰਲੇ ਅਤੇ ਜਾਲਮਾਂ ਦਾ ਨਾਸ਼ ਕਰ ਦਿੱਤਾ।

ਵਜ਼ੀਰ ਖਾਨ ਸਿੱਖਾਂ ਦੀਆਂ ਇਨ੍ਹਾਂ ਸਰਗਰਮੀਆਂ ਉੱਤੇ ਲਗਾਤਾਰ ਨਜ਼ਰ ਰੱਖ ਰਿਹਾ ਸੀ; ਉਹ ਭੈਭੀਤ ਸੀ। ਉਸ ਨੇ ਦੇਖਿਆ ਕਿ ਬੰਦਾ ਸਿੰਘ ਦੀਆਂ ਫੌਜਾਂ ਦਾ ਮੁਕਾਬਲਾ ਕਰਨ ਦੀ ਕਿਸੇ 'ਚ ਸੱਤਿਆ ਨਹੀਂ ਰਹੀ।

ਵਜ਼ੀਰ ਖਾਨ ਚਿੰਤਾਗ੍ਰਸਤ ਤਾਂ ਸੀ, ਪਰ ਉਹ ਚੰਗਾ ਹੌਂਸਲੇ ਵਾਲਾ ਲੜਾਕਾ ਸੀ। ਉਸ ਨੇ ਕਿਲ੍ਹੇ ਦੀ ਸੁਰੱਖਿਆ ਦਾ ਬੰਦੋਬਸਤ ਕਰ ਲਿਆ। ਸਰਹੰਦ ਦੁਆਲੇ ਵਲੀ ਫਸੀਲ ਉੱਪਰ ਫੌਜ ਤੈਨਾਤ ਕਰ ਦਿੱਤੀ। ਉਸ ਪਾਸ ਤੋਪਾਂ ਵੀ ਸਨ; ਬੰਦੂਕਾਂ ਸਨ। ਪਰ, ਜੋ ਸਿੰਘਾਂ ਪਾਸ ਸੀ ਉਹ ਵਜ਼ੀਰ ਖਾਨ ਦੇ ਸਿਪਾਹੀਆਂ ਪਾਸ ਨਹੀਂ ਸੀ। ਉਹ ਸੀ, ਸ਼ਹਾਦਤ ਦਾ ਅਨੁਪਮ ਚਾਅ; ਜਲਦੀ ਗੁਰੂ ਚਰਨਾਂ ਵਿੱਚ ਜਾਈਏ; ਉਸ ਗੁਰੂ ਦੇ ਚਰਨਾਂ ਵਿੱਚ ਜਿਸ ਨੇ ਸਿੱਖਾਂ ਲਈ ਆਪਣਾ ਕੁੱਝ ਵੀ ਲੁਕਾ ਕੇ, ਬਚਾ ਕੇ ਨਹੀਂ ਸੀ ਰੱਖਿਆ।

ਵਜ਼ੀਰ ਖਾਨ ਪਾਸ ਪੰਦਰਾਂ ਹਜ਼ਾਰ ਦੀ ਆਪਣੀ ਫੌਜ ਸੀ ਤੇ ਏਨੀ ਕੁ ਉਸ ਨੇ ਆਪਣੇ ਪਰਗਨਿਆਂ ਤੋਂ ਮੰਗਵਾ ਲਈ। ਉਸ ਨੇ ਇੱਕ ਸਾਜਿਸ਼ ਤਹਿਤ ਆਪਣੇ ਦੀਵਾਨ ਸੁੱਚਾ ਨੰਦ ਤੇ ਭਤੀਜੇ ਨੂੰ ਇੱਕ ਹਜ਼ਾਰ ਦੀ ਫੌਜ ਦੇ ਕੇ ਬੰਦਾ ਸਿੰਘ ਪਾਸ ਭੇਜਿਆ। ਉਸ ਨੇ ਬੰਦਾ ਸਿੰਘ ਪਾਸ ਆ ਕੇ ਕਿਹਾ, "ਮੈਂ ਆਪਣੇ ਬਜ਼ੁਰਗਾਂ ਦੀਆਂ ਕਰਤੂਤਾਂ ਤੋਂ ਸ਼ਰਮਿੰਦਾ ਹੋ ਕੇ ਗੁਰੂ ਪੰਥ ਦੀ ਸ਼ਰਣ ਵਿੱਚ, ਵਜ਼ੀਰ ਖਾਂ ਵਿਰੁੱਧ ਬਗਾਵਤ



Downloaded from https:// www.studiestoday.com

Downloaded from https:// www.studiestoday.com

ਕਰਕੇ ਆਇਆ ਹਾਂ।" ਉਸ ਨੂੰ ਹਦਾਇਤ ਸੀ ਕਿ ਚੌਕਸ ਰਹੇ, ਜਦੋਂ ਦਾਅ ਲੱਗੇ ਬੰਦਾ ਸਿੰਘ ਨੂੰ ਕਤਲ ਕਰ ਦੇਵੇ।

ਵਜ਼ੀਰ ਖਾਨ ਨੇ ਫੈਂਸਲਾ ਕੀਤਾ ਕਿ ਸਰਹੰਦ ਬੰਦਾ ਸਿੰਘ ਨੂੰ ਪੁੱਜਣ ਹੀ ਨਹੀਂ ਦੇਣਾ।

ਬੰਦਾ ਸਿੰਘ ਨੇ ਆਪਣੀਆਂ ਸੈਨਿਕ ਟੁਕੜੀਆਂ ਦੀ ਵੰਡ ਕਰ ਕੇ ਭਾਈ ਬਾਜ ਸਿੰਘ, ਭਾਈ ਫਤਿਹ ਸਿੰਘ, ਭਾਈ ਧਰਮ ਸਿੰਘ, ਭਾਈ ਆਲੀ ਸਿੰਘ ਤੇ ਭਾਈ ਕਰਮ ਸਿੰਘ ਹੱਥ ਕਮਾਨ ਸੌਂਪ ਦਿੱਤੀ। ਆਪ ਉੱਚੀ ਟਿੱਬੀ 'ਤੇ ਚੜ੍ਹ ਗਿਆ ਤਾਂ ਕਿ ਯੁੱਧ ਨੂੰ ਚਾਰੇ ਪਾਸਿਓਂ ਦੇਖ ਕੇ ਜ਼ਰੂਰੀ ਹਦਾਇਤਾਂ ਜਾਰੀ ਕਰ ਸਕੇ। ਚਾਰੇ ਪਾਸਿਓਂ ਸਿੰਘਾਂ ਨੇ ਮੁਗਲਾਂ ਨੂੰ ਪਛਾੜਨਾ ਸ਼ੁਰੂ ਕਰ ਦਿੱਤਾ। ਬਾਜ ਸਿੰਘ ਨੇ ਆਪਣਾ ਘੋੜਾ ਸਰਪਟ ਦੌੜਾ ਕੇ ਵਜ਼ੀਰ ਖਾਨ ਪਾਸ ਲੈ ਆਂਦਾ ਤੇ ਆਹਮੋ-ਸਾਹਮਣਾ ਯੁੱਧ ਸ਼ੁਰੂ ਹੋ ਗਿਆ। ਬਾਜ ਸਿੰਘ ਨੇ ਵਜ਼ੀਰ ਖਾਨ ਉੱਤੇ ਨੇਜੇ ਨਾਲ ਹੱਲਾ ਕੀਤਾ, ਨੇਜਾ ਘੋੜੇ ਦੇ ਮੱਥੇ ਵਿੱਚ ਜਾ ਖੁੱਭਾ। ਵਜ਼ੀਰ ਖਾਨ ਦੇ ਪਿਛਲੇ ਪਾਸੇ ਘੋੜਾ ਦੌੜਾ ਕੇ ਫਤਿਹ ਸਿੰਘ ਆ ਗਿਆ ਤੇ ਉਸ ਨੇ ਐਨ ਨਜ਼ਦੀਕ ਆ ਕੇ ਦੋਵਾਂ ਹੱਥਾਂ ਨਾਲ ਤਲਵਾਰ ਦਾ ਏਡਾ ਸਖਤ ਵਾਰ ਕੀਤਾ ਕਿ ਵਜ਼ੀਰ ਖਾਨ ਦੇ ਟੋਟੇ ਹੋ ਗਏ। ਇਹ ਘਟਨਾ 12 ਮਈ 1710 ਈਸਵੀ ਸ਼ੁੱਕਰਵਾਰ ਨੂੰ ਵਾਪਰੀ। ਮਲੇਰਕੋਟਲੇ ਦਾ ਨਵਾਬ ਸ਼ੇਰ ਖਾਨ ਵੀ ਇਸ ਦਿਨ ਇਸ ਯੁੱਧ ਵਿੱਚ, ਲੜਦਾ ਹੋਇਆ ਮਾਰਿਆ ਗਿਆ। ਯੁੱਧ ਵਿੱਚ ਹੋਈ ਭਾਰੀ ਤਬਾਹੀ ਬਾਰੇ ਖ਼ਾਫੀ ਖ਼ਾਨ ਲਿਖਦਾ ਹੈ ਕਿ ਮੌਤਾਂ ਦੀ ਗਿਣਤੀ ਦਾ ਕੋਈ ਹਿਸਾਬ ਨਹੀਂ ਸੀ, ਥੋੜ੍ਹ ਕੁ ਹੀ ਕਿਸਮਤ ਵਾਲੇ ਬਚ ਸਕੇ ਅਤੇ ਉਹ ਕੇਵਲ ਜਾਨਾਂ ਬਚਾ ਪਾਏ; ਨਾ ਸ਼ਸਤਰ ਲਿਜਾ ਸਕੇ ਨਾ ਘੋੜੇ।

ਜਦੋਂ ਸਿੱਖ ਫੌਜਾਂ ਧਨ ਲੁੱਟ ਰਹੀਆਂ ਸਨ, ਬਾਬਾ ਜੀ ਨੇ ਭਾਈ ਆਲੀ ਸਿੰਘ ਨੂੰ ਬੁਲਾਇਆ ਤੇ ਕਿਹਾ ਸਾਨੂੰ ਉਸ ਧਨ ਕੋਲ ਲੈ ਚੱਲ ਜਿਸ ਵਰਗਾ ਕਿਸੇ ਸੰਸਾਰ ਵਿੱਚ ਹੋਰ ਨਹੀਂ ਹੈ। ਆਲੀ ਸਿੰਘ ਉਸ ਕੰਧ ਕੋਲ ਲੈ ਗਿਆ ਜਿਸ ਵਿੱਚ ਸਾਹਿਬਜਾਦਿਆਂ ਨੂੰ ਚਿਣਿਆ ਗਿਆ ਸੀ। ਬੰਦਾ ਸਿੰਘ ਨੇ ਜੋੜੇ ਉਤਾਰੇ। ਇੱਕ-ਇੱਕ ਇੱਟ ਉੱਤੇ ਹੰਝੂਆਂ ਦੀ ਮੁਹਰ ਲਾਈ ਤੇ ਕਿਹਾ, "ਇਹ ਖ਼ਜ਼ਾਨਾ ਮੈਨੂੰ ਨਸੀਬ ਹੋਇਆ ਹੈ। ਕੌਣ ਧਨੀ ਹੈ ਸਾਡੇ ਜਿਹਾ? ਇਹ ਸੰਭਾਲ ਕੇ ਜਾਵਾਂਗੇ। ਇਹ ਹੀਰੇ ਗੁਆਚਣੇ ਨਹੀਂ ਚਾਹੀਦੇ।" ਉਹਨਾਂ ਨੇ ਸਤਿਕਾਰ ਨਾਲ ਇੱਟਾਂ ਰੱਖੀਆਂ ਅਤੇ ਨਿਸ਼ਾਨੀ ਵਜੋਂ ਇਸ ਥਾਂ ਉੱਪਰ ਮਿੱਟੀ ਦਾ ਉੱਚਾ ਥੜ੍ਹਾ ਉਸਾਰ ਦਿੱਤਾ। ਗੰਗਾ-ਜਮਨਾ ਤੋਂ ਲੈ ਕੇ ਰਾਵੀ ਤੱਕ ਅਤੇ ਸ਼ਿਵਾਲਕ ਪਹਾੜੀਆਂ ਤੋਂ ਲੈ ਕੇ ਰਾਜਸਥਾਨ ਦੀਆਂ ਹੱਦਾਂ ਤੱਕ, ਖਾਲਸਾ ਫੌਜਾਂ ਦਾ ਦਬਦਬਾ ਪੂਰੀ ਤਰ੍ਹਾਂ ਕਾਇਮ ਹੋ ਗਿਆ।

ਬੰਦਾ ਸਿੰਘ ਬਹਾਦਰ ਨੇ ਸਰਕਾਰ ਖਾਲਸਾ ਦਾ ਸਿੱਕਾ ਅਤੇ ਸੰਮਤ ਜਾਰੀ ਕੀਤਾ-

ਦੇਗ ਤੇਗੋ ਫਤਿਹੋ ਨੁਸਰਤਿ ਬੇਦਿਰੰਗ।

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਇਸ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਦੱਖਣ ਦੀ ਬਗਾਵਤ ਦਬਾਉਣ ਲਈ ਗਿਆ ਹੋਇਆ ਸੀ। ਬਾਦਸ਼ਾਹ ਨੇ 17 ਜੂਨ 1710 ਨੂੰ ਪੰਜਾਬ ਵੱਲ ਕੂਚ ਕੀਤਾ ਅਤੇ ਸੱਠ ਹਜ਼ਾਰ ਦੀ ਫੌਜ ਤਿਆਰ ਕਰਨ ਦਾ ਹੁਕਮ ਕੀਤਾ।

ਇਸ ਸਮੇਂ ਤੱਕ ਮੁਗਲ ਫੌਜਾਂ ਅਤੇ ਬੰਦਾ ਸਿੰਘ ਦਰਮਿਆਨ ਸਢੌਰਾ, ਸਰਹਿੰਦ ਆਦਿ ਉੱਪਰ ਕਬਜਿਆਂ ਨੂੰ ਲੈ ਕੇ ਸੰਘਰਸ਼ ਚਲਦਾ ਰਿਹਾ। ਬੰਦੇ ਨੇ ਇਸ ਸੰਘਰਸ਼ ਵਿੱਚ ਆਪਣੀ ਘਾਤ ਲਗਾ ਕੇ ਹਮਲਾ ਕਰਨ ਦੀ ਯੁੱਧ ਕਲਾ ਦਾ ਕਮਾਲ ਦਿਖਾਇਆ। ਜਦੋਂ ਬਾਦਸ਼ਾਹ ਦਾ ਡੇਰਾ ਸਢੌਰੇ ਪੁੱਜਾ ਤਾਂ ਥਾਨੇਸਰ ਅਤੇ



Downloaded from https:// www.studiestoday.com

Downloaded from https:// www.studiestoday.com

ਸਰਹੰਦ ਤੋਂ ਹਟ ਕੇ ਆਏ ਸਿੰਘ ਲੋਹਗੜ੍ਹ ਆ ਗਏ ਸਨ। ਬੰਦਾ ਸਿੰਘ ਵੀ ਏਥੇ ਹੀ ਪੁੱਜ ਗਿਆ ਸੀ ਅਤੇ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਮੋਰਚਾਬੰਦੀ ਨੂੰ ਮਜਬੂਤ ਕਰਵਾ ਰਿਹਾ ਸੀ।

ਪਹਿਲੀ ਦਸੰਬਰ 1710 ਨੂੰ ਸਵੇਰੇ ਪਹੁ ਫੁਟਾਲੇ ਤੋਂ ਪਹਿਲਾਂ ਹੀ ਜਮਦਾਤੁਲ ਮੁਲਕ ਮੁਇਨ ਖ਼ਾਨ ਨੇ ਧਾਵਾ ਬੋਲ ਦਿੱਤਾ ਅਤੇ ਥੋੜ੍ਹੇ ਜਿਹੇ ਤਰੱਦਦ ਨਾਲ ਹੀ ਲੋਹਗੜ੍ਹ ਅਤੇ ਸਤਾਰਾਗੜ੍ਹ ਉੱਤੇ ਕਬਜ਼ਾ ਕਰ ਲਿਆ। ਉਹ ਇਸ ਵੇਲੇ ਬੜੀ ਖੁਸ਼ੀ ਵਿੱਚ ਸੀ। ਉਸ ਨੂੰ ਯਕੀਨ ਸੀ ਕਿ ਉਹ ਛੇਤੀ ਹੀ ਸਿੰਘਾ ਦੇ ਸਰਦਾਰ ਬੰਦਾ ਸਿੰਘ ਨੂੰ ਮੋਇਆ ਜਾਂ ਜਿਉਂਦਾ ਬਾਦਸ਼ਾਹ ਦੇ ਪੇਸ਼ ਕਰੇਗਾ। ਪਰ ਕੌਣ ਅੰਦਾਜ਼ਾ ਲਾ ਸਕਦਾ ਹੈ ਉਸ ਦੀ ਨਿਰਾਸ਼ਤਾ, ਘਬਰਾਹਟ ਅਤੇ ਦੁੱਖ ਦਾ ਜਦ ਮੁਨਇਮ ਖਾਨ ਨੂੰ ਪਤਾ ਲੱਗਾ ਕਿ ਬਾਜ਼ ਤਾਂ ਉਡਾਰੀ ਲਾ ਗਿਆ ਹੈ ਅਤੇ ਪਿੱਛੇ ਇਸ ਗੱਲ ਦਾ ਨਾਉਂ ਨਿਸ਼ਾਨ ਭੀ ਨਹੀਂ ਕਿ ਉਹ ਕਿਧਰ ਨੂੰ ਚਲਾ ਗਿਆ ਹੈ ? ਬੰਦਾ ਸਿੰਘ ਬਹਾਦਰ ਆਪਣੀਆਂ ਫੌਜਾਂ ਸਮੇਤ ਨਾਹਨ ਵੱਲ ਦੀਆਂ ਪਹਾੜੀਆਂ ਵੱਲ ਚਲਾ ਗਿਆ।

17-18 ਫਰਵਰੀ 1712 ਦੀ ਰਾਤ ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਘਰੇਲੂ ਖਾਨਜੰਗੀ ਤੋਂ ਬਾਅਦ ਫਰੁੱਖਸੀਆਰ ਤਖਤ ਤੇ ਬੈਠਾ। ਉਹ ਬੰਦਾ ਸਿੰਘ ਦੀਆਂ ਕਾਰਵਾਈਆਂ ਤੋਂ ਚਿੰਤਾਤੁਰ ਸੀ। ਉਸ ਨੇ ਲਾਹੌਰ ਦੇ ਸੂਬੇਦਾਰ ਅਬਦੁੱਸਮਦ ਖਾਨ ਪਾਸ ਸੰਦੇਸ਼ ਭੇਜਿਆ ਕਿ ਬੰਦਾ ਸਿੰਘ ਨੂੰ ਜਿਉਂਦਾ ਜਾਂ ਮੁਰਦਾ ਪੇਸ਼ ਕੀਤਾ ਜਾਵੇ।

ਬੰਦਾ ਸਿੰਘ ਆਪਣੇ ਸਿੱਖ ਸਾਥੀਆਂ ਨਾਲ ਗੁਰਦਾਸਪੁਰ ਜਿਲ੍ਹੇ ਵਿੱਚ ਸੀ। ਉਸ ਨੂੰ ਪਤਾ ਲੱਗਾ ਕਿ ਮੁਗਲ ਫੌਜਾਂ ਉਸ ਦਾ ਪਿੱਛਾ ਕਰਦੀਆਂ ਆ ਰਹੀਆਂ ਹਨ। ਗੁਰਦਾਸ ਨੰਗਲ ਨਾਂ ਦੇ ਪਿੰਡ ਵਿੱਚ ਦੁਨੀਚੰਦ ਦੀ ਹਵੇਲੀ ਸੀ। ਇਹ ਕੋਈ ਕਿਲ੍ਹਾ ਨਹੀਂ ਸੀ, ਬਸ ਆਲੇ-ਦੁਆਲੇ ਉੱਚੀ ਕੰਧ ਸੀ ਅਤੇ ਵਿਚਕਾਰ ਖੁੱਲ੍ਹਾ ਵਿਹੜਾ। ਬੰਦਾ ਸਿੰਘ ਨੇ ਇਸ ਦੀ ਦੀਵਾਰ ਨੂੰ ਮਜਬੂਤ ਕਰ ਲਿਆ। ਆਖਰ ਨਵਾਬ 25 ਹਜਾਰ ਦੀ ਸੈਨਾ ਲੈ ਕੇ ਆ ਗਿਆ ਤੇ ਇਸ ਕੱਚੀ ਗੜ੍ਹੀ ਨੂੰ ਘੇਰ ਲਿਆ। ਬੰਦਾ ਸਿੰਘ ਪਾਸ ਬਹੁਤ ਥੋੜੀ ਸੈਨਾ ਅਤੇ ਹਥਿਆਰ ਸਨ। ਖਾਣ-ਪੀਣ ਦਾ ਸਾਮਾਨ ਵੀ ਬਹੁਤਾ ਨਹੀਂ ਸੀ। 14 ਅਪ੍ਰੈਲ 1715 ਨੂੰ ਪਿਆ ਇਹ ਘੇਰਾ ਅੱਠ ਮਹੀਨੇ ਤੱਕ ਰਿਹਾ, ਕੋਈ ਅੰਦਰ ਜਾਣ ਦੀ ਹਿੰਮਤ ਨਾ ਕਰ ਸਕਿਆ। ਆਖਰ, 7 ਦਸੰਬਰ 1715 ਨੂੰ ਬੰਦਾ ਸਿੰਘ ਆਪਣੇ ਭੁੱਖੇ-ਤਿਹਾਏ ਸਾਢੇ ਸੱਤ ਸੌ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।

ਬਾਬਾ ਬੰਦਾ ਸਿੰਘ ਨੂੰ ਲੋਹੇ ਦੀਆਂ ਜੰਜ਼ੀਰਾਂ ਵਿੱਚ ਜਕੜ ਕੇ, ਪਿੰਜਰੇ ਵਿੱਚ ਬੰਦ ਕਰਕੇ ਹਾਥੀ ਉੱਤੇ ਬਿਠਾਇਆ ਗਿਆ। ਉਸ ਦੇ ਨਾਲ ਹੀ ਇੱਕ ਨੰਗੀ ਤਲਵਾਰ ਫੜੀ ਸਿਪਾਹੀ ਬਿਠਾਇਆ ਗਿਆ ਤਾਂ ਕਿ ਜੰਜ਼ੀਰਾਂ ਤੇ ਪਿੰਜਰਾ ਤੋੜ ਕੇ ਜੇ ਬੰਦਾ ਸਿੰਘ ਦੌੜਨ ਦਾ ਯਤਨ ਕਰੇ ਤਾਂ ਉਸ ਨੂੰ ਕਤਲ ਕਰ ਦਿੱਤਾ ਜਾਏ। 29 ਫਰਵਰੀ 1716 ਨੂੰ ਵੱਡੇ ਜਲੂਸ ਦੀ ਸ਼ਕਲ ਵਿੱਚ ਉਹ ਦਿੱਲੀ ਲਾਲ ਕਿਲ੍ਹੇ ਕੋਲ ਦੀ ਲੰਘਾਏ ਗਏ।

ਆਖ਼ਰ 9 ਜੂਨ 1716 ਨੂੰ ਬੰਦਾ ਸਿੰਘ ਨੂੰ ਸ਼ਹੀਦ ਕਰਨ ਦਾ ਫੈਸਲਾ ਹੋਇਆ। ਉਸ ਨਾਲ 26 ਸਿੱਖ ਜਰਨੈਲ ਹੋਰ ਸਨ। ਇਨ੍ਹਾਂ ਨੂੰ ਪਹਿਲਾਂ ਵਾਂਗ ਹੀ ਜਲੂਸ ਦੀ ਸ਼ਕਲ ਵਿੱਚ ਕੁਤਬ ਮੀਨਾਰ ਲਾਗੇ ਲਿਜਾਇਆ ਗਿਆ। ਬੰਦਾ ਸਿੰਘ ਨੂੰ ਵੀ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰਨਾ ਹੈ ਕਿ ਮੌਤ; ਤਾਂ ਬੰਦਾ ਸਿੰਘ ਨੇ ਕਿਹਾ- 'ਮੌਤ'। ਉਸ ਦਾ ਚਾਰ ਸਾਲਾਂ ਦਾ ਬੇਟਾ ਅਜੈਪਾਲ ਸਿੰਘ ਉਸ ਦੀ ਗੋਦ ਵਿੱਚ ਬਿਠਾਇਆ ਗਿਆ ਤੇ ਹੱਥ ਵਿੱਚ ਛੁਰਾ ਫੜਾ ਕੇ ਹੁਕਮ ਦਿੱਤਾ ਕਿ ਇਸ ਨੂੰ ਕਤਲ ਕਰ। ਉਸ ਦੇ ਸਾਹਮਣੇ ਜੱਲਾਦ ਨੇ ਬੱਚੇ ਦੀ ਛਾਤੀ ਵਿੱਚ ਛੁਰਾ ਮਾਰ ਉਸ ਦਾ ਤੜਪਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿੱਚ



Downloaded from https:// www.studiestoday.com

Downloaded from https:// www.studiestoday.com

ਤੁੰਨਣ ਦਾ ਯਤਨ ਕੀਤਾ। ਪਰ ਆਫ਼ਰੀਨ ਉਸ ਗੁਰੂ ਕੇ ਸਿੰਘ ਦੇ ਜੋ ਵਾਹਿਗੁਰੂ ਦੀ ਰਜ਼ਾ ਵਿੱਚ ਅਡੋਲ ਰਿਹਾ।

ਬੰਦਾ ਸਿੰਘ ਬਹਾਦਰ ਦੇ ਕਤਲ ਸਮੇਂ ਪਹਿਲਾਂ ਉਸ ਦੀ ਸੱਜੀ ਅੱਖ ਕੱਢੀ; ਫਿਰ ਖੱਬੀ, ਫਿਰ ਉਸ ਦਾ ਖੱਬਾ ਪੈਰ ਅਤੇ ਦੋਵੇਂ ਹੱਥ ਕੱਟ ਦਿੱਤੇ ਗਏ। ਫੇਰ ਭਖਦੇ ਲਾਲ ਗਰਮ ਲੋਹੇ ਦਿਆਂ ਚਿਮਟਿਆਂ ਨਾਲ ਉਸ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ-ਖਿੱਚ ਕੇ ਤੋੜੀਆਂ ਗਈਆਂ। ਅੰਤ ਉਸ ਦਾ ਸਿਰ ਕੱਟ ਦਿੱਤਾ ਗਿਆ।

ਇਹੋ ਜਿਹੇ ਲਾਸਾਨੀ ਸ਼ਹੀਦ ਇਤਿਹਾਸ ਵਿੱਚ ਬੜੇ ਘੱਟ ਪਰ ਸਿੱਖਾਂ ਵਿੱਚ ਬਹੁਤ ਹੋਏ ਹਨ। ਉਹ ਸ਼ਹੀਦ ਹੋ ਗਿਆ। ਭਾਵੇਂ ਉਸ ਨੂੰ ਹਕੂਮਤ ਕਰਨ ਦਾ ਬੜਾ ਘੱਟ ਸਮਾਂ ਮਿਲਿਆ, ਪਰ ਬੰਦਾ ਪੰਜਾਬ ਦੇ ਲਤਾੜੇ ਹੋਏ ਲੋਕਾਂ ਦੀਆਂ ਅੱਖਾਂ ਵਿੱਚ ਸਵੈਮਾਣ ਅਤੇ ਆਜ਼ਾਦੀ ਦੇ ਚਰਾਗ ਬਾਲ ਗਿਆ।

## ਅਭਿਆਸ–ਪ੍ਰਸ਼ਨ

1. ਬੰਦਾ ਬਹਾਦਰ ਦੇ ਬਚਪਨ ਤੇ ਜਨਮ ਬਾਰੇ ਨੋਟ ਲਿਖੋ।
2. ਗੁਰੂ ਗੋਬਿੰਦ ਸਿੰਘ ਜੀ ਦੀ ਬੰਦਾ ਬਹਾਦਰ ਨਾਲ ਹੋਈ ਮੁਲਾਕਾਤ ਦਾ ਵਰਨਣ ਕਰੋ।
3. ਬੰਦਾ ਬਹਾਦਰ ਨੂੰ ਕਿਸ ਤਰ੍ਹਾਂ ਸ਼ਹੀਦ ਕੀਤਾ ਗਿਆ?
4. ਛੋਟੇ ਸਾਹਿਜ਼ਾਦਿਆਂ ਦੀ ਸ਼ਹੀਦੀ ਵਾਲੀ ਥਾਂ ਤੇ ਬੰਦਾ ਬਹਾਦਰ ਨੇ ਕਿਸ ਸਿਜਦਾ ਕੀਤਾ?
5. 'ਬੈਰਾਗੀ-ਯੋਧਾ : ਬੰਦਾ ਸਿੰਘ ਬਹਾਦਰ' ਜੀਵਨੀ ਮੂਲਕ ਨਿਬੰਧ ਦਾ ਸਾਰ ਲਿਖੋ।



Downloaded from https:// www.studiestoday.com

Downloaded from https:// www.studiestoday.com

# 6. ਮਹਾਨ ਕੋਸ਼ ਕਰਤਾ : ਭਾਈ ਕਾਨ੍ਹ ਸਿੰਘ ਨਾਭਾ

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੀ ਜਦੋਂ ਗੱਲ ਤੁਰਦੀ ਹੈ ਤਾਂ ਸਾਡੀਆਂ ਅੱਖਾਂ ਸਾਹਮਣੇ ਭਾਈ ਕਾਨ੍ਹ ਸਿੰਘ ਨਾਭਾ ਦੀ ਬਹੁਪੱਖੀ ਸ਼ਖ਼ਸੀਅਤ ਉੱਘੜ ਆਉਂਦੀ ਹੈ। ਭਾਈ ਸਾਹਿਬ ਸਾਹਿਤਕ, ਸਮਾਜਕ, ਧਾਰਮਕ, ਰਾਜਨੀਤਕ ਗੁਣਾਂ ਦੇ ਧਾਰਨੀ ਹੋਣ ਦੇ ਨਾਲ-ਨਾਲ ਉੱਚ ਕੋਟੀ ਦੇ ਸ਼ਿਕਾਰੀ ਅਤੇ ਸੰਗੀਤ ਰਸੀਏ ਵੀ ਸਨ।

ਆਪ ਜੀ ਦਾ ਜਨਮ ਅਗਸਤ 1861 ਈ. ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਸਰਦਾਰ ਨਾਰਾਇਣ ਸਿੰਘ ਅਤੇ ਮਾਤਾ ਦਾ ਨਾਂ ਸ਼੍ਰੀਮਤੀ ਹਰਿ ਕੌਰ ਸੀ। ਇਹਨਾਂ ਦਾ ਜਨਮ ਨਾਨਕੇ ਪਿੰਡ ਸਬਜ ਬਨੇਰਾ(ਬਨੇਰਾ ਖੁਰਦ) ਵਿਖੇ ਹੋਇਆ ਜੋ ਉਸ ਸਮੇਂ ਪਟਿਆਲਾ ਰਿਆਸਤ ਦੇ ਅਧੀਨ ਸੀ। ਭਾਈ ਮੀਂਹਾਂ ਸਿੰਘ ਅਤੇ ਭਾਈ ਬਿਸ਼ਨ ਸਿੰਘ ਆਪ ਦੇ ਛੋਟੇ ਭਰਾਤਾ ਸਨ ਅਤੇ ਬੀਬੀ ਕਾਨ੍ਹ ਕੌਰ ਇਹਨਾਂ ਦੀ ਭੈਣ ਸੀ। ਇਹਨਾਂ ਦਾ ਪਰਿਵਾਰ ਪਿਛਲੀਆਂ ਤਿੰਨ-ਚਾਰ ਪੀੜ੍ਹੀਆਂ ਤੋਂ ਲਾਹੌਰ, ਨਾਭਾ ਅਤੇ ਪਟਿਆਲਾ ਦੇ ਰਾਜ ਦਰਬਾਰਾਂ ਨਾਲ ਜੁੜਿਆ ਹੋਇਆ ਸੀ। ਆਪ ਦਾ ਪਾਲਣ ਪੋਸ਼ਣ ਅਤੇ ਵਿੱਦਿਆ ਦੀ ਪ੍ਰਾਪਤੀ ਬੜੇ ਹੀ ਸਭਿਅਕ ਅਤੇ ਸੁਖਾਵੇਂ ਮਾਹੌਲ ਵਿੱਚ ਹੋਈ। ਆਪ ਪੰਜਾਬੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਉਰਦੂ ਅਤੇ ਫ਼ਾਰਸੀ ਦੇ ਚੰਗੇ ਗਿਆਤਾ ਸਨ।

ਭਾਈ ਸਾਹਿਬ ਨੇ ਨਾਭਾ ਅਤੇ ਪਟਿਆਲਾ ਰਿਆਸਤ ਵਿੱਚ ਵੱਖ-ਵੱਖ ਅਹੁਦਿਆਂ ਉੱਪਰ ਕੰਮ ਕੀਤਾ। ਰਿਆਸਤ ਨਾਲ ਸੰਬੰਧਤ ਹਰ ਕੰਮ ਨੂੰ ਉਹ ਬੜੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਕਰਦੇ ਸਨ। ਨਾਭਾ ਰਿਆਸਤ ਨਾਲ ਸੰਬੰਧਤ ਕੁਝ ਇਲਾਕਿਆਂ ਦਾ ਝਗੜਾ ਅੰਗਰੇਜ਼ ਸਰਕਾਰ ਨਾਲ ਚੱਲ ਰਿਹਾ ਸੀ। ਇਸ ਕੇਸ ਨੂੰ ਨਾਭਾ ਰਿਆਸਤ ਦੇ ਹੱਕ 'ਚ ਕਰਨ ਲਈ ਭਾਈ ਸਾਹਿਬ ਨੇ ਇਸ ਕੇਸ ਦੀ ਪੈਰਵੀ ਇੱਕ ਪ੍ਰਪੱਕ ਨੀਤੀਘਾੜੇ ਦੇ ਤੌਰ ਤੇ ਅੰਗਰੇਜ਼ ਸਰਕਾਰ ਅੱਗੇ ਕਰ ਕੇ ਰਿਆਸਤ ਦੇ ਹੱਕਾਂ ਦੀ ਰਾਖੀ ਕੀਤੀ। ਉਹਨਾਂ ਦੀ ਨੀਤੀ ਤੋਂ ਪ੍ਰਭਾਵਿਤ ਹੋ ਕੇ ਕਰਨਲ ਡਨਲਪ ਸਮਿੱਥ ਨੇ ਨਾਭਾ ਰਿਆਸਤ ਦੇ ਹੁਕਮਰਾਨ ਮਹਾਰਾਜਾ ਹੀਰਾ ਸਿੰਘ ਨੂੰ ਭਾਈ ਕਾਨ੍ਹ ਸਿੰਘ ਬਾਰੇ ਲਿਖਿਆ,

"I have always had a high regard for Sardar Kahan Singh. I never met any official in any of the Phulkian states who so faithfully served the interests of both his chief and his state." (ਮੇਰੀ ਨਿਗਾਹ ਵਿੱਚ ਸਰਦਾਰ ਕਾਨ੍ਹ ਸਿੰਘ ਦੀ ਬਹੁਤ ਇੱਜ਼ਤ ਹੈ। ਮੈਨੂੰ ਫੁਲਕੀਆ ਰਿਆਸਤਾਂ 'ਚ ਅਜਿਹਾ ਕੋਈ ਅਫ਼ਸਰ ਨਹੀਂ ਮਿਲਿਆ, ਜੋ ਆਪਣੇ ਮਹਾਰਾਜਾ ਤੇ ਉਸ ਦੀ ਰਿਆਸਤ ਦੇ ਕੰਮ ਨੂੰ ਏਨੀ ਇਮਾਨਦਾਰੀ ਨਾਲ ਕਰਦਾ ਹੋਵੇ।)

ਇਹਨਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਦੇ ਪ੍ਰਚਾਰ ਪ੍ਰਸਾਰ ਲਈ ਲੋੜੀਂਦੇ ਯਤਨ ਕੀਤੇ। ਇਸ ਦਾ ਮੁੱਖ ਕਾਰਨ ਪਰਿਵਾਰ ਦਾ ਗੁਰਸਿੱਖੀ ਜੀਵਨ ਵਾਲਾ ਪਿਛੋਕੜ ਸੀ। ਭਾਈ ਸਾਹਿਬ ਦੇ ਭਰਾ ਦੀ ਪੋਤਰੀ ਸ਼੍ਰੀਮਤੀ ਹਰਬੰਸ ਕੌਰ ਜਿਹੜੀ ਕਿ ਪਿੰਡ ਜਗਤੇਵਾਲਾ, ਤਹਿਸੀਲ ਸ਼੍ਰੀਕਰਨਪੁਰ ਜਿਲ੍ਹਾ ਸ਼੍ਰੀ ਗੰਗਾਨਗਰ ਵਿਖੇ ਵਿਆਹੀ ਹੋਈ ਸੀ, ਦੱਸਦੀ ਹੁੰਦੀ ਸੀ ਕਿ ਉਸ ਦੇ ਪੜਦਾਦਾ ਸਰਦਾਰ ਨਾਰਾਇਣ ਸਿੰਘ ਜੀ ਇੱਕੋ ਹੀ ਬੈਠਕ ਵਿੱਚ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਸਮੁੱਚਾ ਪਾਠ ਕਰ ਲੈਂਦੇ ਸਨ। ਉਹਨਾਂ ਦੇ ਦੱਸਣ ਮੁਤਾਬਿਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਮੁੱਚਾ ਪਾਠ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਨੇ ਵੀ ਉਹਨਾਂ ਤੋਂ ਇੱਕੋ ਬੈਠਕ ਵਿੱਚ ਹੀ ਸੁਣਿਆ ਸੀ। ਭਾਈ ਸਾਹਿਬ ਨੇ ਸ਼੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਅਧੀਨ ਵੀ ਕੰਮ ਕੀਤਾ ਅਤੇ ਗੁਰਮਤਿ ਦੇ ਪ੍ਰਚਾਰ ਲਈ ਖ਼ਾਲਸਾ ਦੀਵਾਨ ਨਾਭਾ ਦੀ ਸਥਾਪਨਾ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਆਰਥਕ ਠੁੰਮਣਾ ਦੇਣ ਲਈ ਉਹਨਾਂ ਦੁਆਰਾ ਕੀਤਾ ਗਿਆ ਉਪਰਾਲਾ



Downloaded from https:// www.studiestoday.com

Downloaded from https:// www.studiestoday.com

ਕਦੇ ਵੀ ਨਹੀਂ ਭੁਲਾਇਆ ਜਾ ਸਕਦਾ।

ਅੰਗਰੇਜ਼ੀ ਵਿਦਵਾਨ ਮੈਕਾਲਿਫ਼ ਨੇ ਗੁਰਮਤਿ ਅਤੇ ਗੁਰਬਾਣੀ ਬਾਰੇ ਭਾਈ ਸਾਹਿਬ ਤੋਂ ਬਹੁਤ ਕੁਝ ਗ੍ਰਹਿਣ ਕੀਤਾ। ਉਹਨਾਂ ਦੀ ਪ੍ਰਸਿੱਧ ਪੁਸਤਕ 'ਸਿੱਖ ਧਰਮ'(The Sikh Religion) ਭਾਈ ਸਾਹਿਬ ਦੀ ਸਹਾਇਤਾ ਤੋਂ ਬਿਨਾਂ ਕਦੇ ਵੀ ਪੂਰੀ ਨਹੀਂ ਸੀ ਹੋ ਸਕਦੀ। ਇਸ ਲਈ ਉਹਨਾਂ ਨੇ ਜਦੋਂ ਇਹ ਪੁਸਤਕ ਪ੍ਰਕਾਸ਼ਿਤ ਕਰਵਾਈ ਤਾਂ ਇਸ ਦੇ ਸਾਰੇ ਹੱਕ-ਹਕੂਕ ਭਾਈ ਕਾਨ੍ਹ ਸਿੰਘ ਨਾਭਾ ਦੇ ਨਾਂ ਕਰ ਦਿੱਤੇ।

'ਰਾਜ ਧਰਮ' ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚੀ ਗਈ ਪਹਿਲੀ ਕਿਰਤ ਹੈ। ਜਿਹੜੀ ਨਾਭਾ ਰਿਆਸਤ ਵੱਲੋਂ ਪ੍ਰਕਾਸ਼ਿਤ ਕਰਵਾ ਕੇ ਪਰਜਾ ਵਿੱਚ ਵੰਡੀ ਗਈ। ਨਾਟਕ ਭਾਵਾਰਥ ਦੀਪਿਕਾ ਟੀਕਾ, ਹਮ ਹਿੰਦੂ ਨਹੀਂ, ਗੁਰਮਤਿ ਪ੍ਰਭਾਕਰ, ਗੁਰਮਤਿ ਸੁਧਾਕਰ, ਸਮਸਯਾ ਪੂਰਤੀ, ਗੁਰਾ ਗਿਰਾ ਕਸੌਟੀ, ਪਹਾੜ ਯਾਤ੍ਰਾ, ਵਿਲਾਇਤ ਯਾਤ੍ਰਾ, ਸ਼ਰਾਬ ਨਿਖੇਧ, ਇੱਕ ਜੋਤਿਸ਼ ਗ੍ਰੰਥ, ਗੁਰਮਤ ਮਾਰਤੰਡ, ਗੁਰ ਮਹਿਮਾ ਸੰਗ੍ਰਹਿ, ਅਨੇਕਾਰਥ ਕੋਸ਼, ਨਾਮਮਾਲਾ ਕੋਸ਼, ਸੱਦ ਪਰਮਾਰਥ, ਗੁਰਛੰਦ ਦਿਵਾਕਰ, ਗੁਰਸ਼ਬਦਾਲੰਕਾਰ, ਰੂਪਦੀਪ ਪਿੰਗਲ ਭਾਈ ਸਾਹਿਬ ਦੀਆਂ ਹੋਰ ਪੁਸਤਕਾਂ ਹਨ। ਇਹ ਪੁਸਤਕਾਂ ਸਿਰਫ਼ ਗੁਰਮਤਿ ਸਿਧਾਂਤਾਂ ਜਾਂ ਧਰਮ ਦੀ ਗੱਲ ਹੀ ਨਹੀਂ ਕਰਦੀਆਂ, ਸਗੋਂ ਸਮੇਂ ਅਨੁਸਾਰ ਵਿਗਿਆਨਕ ਸਿਧਾਂਤਾਂ ਦੀ ਗੱਲ ਵੀ ਛੂੰਹਦੀਆਂ ਹਨ। 'ਜੋਤਿਸ਼ ਦੀ ਪੁਸਤਕ' ਨਾਮਕ ਕਿਰਤ 'ਚ ਲੇਖਕ ਨੇ ਤਾਰਾ ਵਿਗਿਆਨ ਬਾਬਤ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਹੈ।

ਗੁਰਮਤਿ ਪ੍ਰਭਾਕਰ ਨਾਮਕ ਪੁਸਤਕ 'ਚ ਉਹਨਾਂ ਨੇ ਵਹਿਮਾਂ-ਭਰਮਾਂ ਦਾ ਖੰਡਨ ਬੜੇ ਹੀ ਤਾਰਕਿਕ ਤਰੀਕੇ ਨਾਲ ਕੀਤਾ ਹੈ। ਭਾਈ ਸਾਹਿਬ ਨੇ ਦੇਸ਼ ਦੇ ਪਹਾੜੀ ਖੇਤਰਾਂ ਤੋਂ ਬਿਨਾਂ ਤਿੰਨ ਵਾਰ ਇੰਗਲੈਂਡ ਤੇ ਇਕ ਵਾਰ ਅਫ਼ਗਾਨੀਸਤਾਨ ਦੀ ਯਾਤਰਾ ਕੀਤੀ। ਪਹਾੜੀ ਖੇਤਰਾਂ ਦੀ ਯਾਤਰਾ ਦਾ ਬਿਰਤਾਂਤ ਉਹਨਾਂ ਨੇ ਪਹਾੜ ਯਾਤ੍ਰਾ ਦੇ ਨਾਂ ਹੇਠ ਪੇਸ਼ ਕੀਤਾ ਹੈ ਅਤੇ 1907,1908 ਤੇ 1910 ਦੀਆਂ ਤਿੰਨ ਇੰਗਲੈਂਡ ਫੇਰੀਆਂ ਦਾ ਵਰਨਣ ਉਹਨਾਂ ਨੇ ਵਿਲਾਇਤ ਯਾਤ੍ਰਾ ਨਾਮਕ ਪੁਸਤਕ ਵਿੱਚ ਕੀਤਾ ਹੈ।

ਭਾਈ ਸਾਹਿਬ ਦੀ ਪ੍ਰਸਿੱਧੀ ਉਹਨਾਂ ਦੁਆਰਾ ਰਚਿਤ ਮਹਾਨ ਕੋਸ਼ ਕਰਕੇ ਹੈ। ਜਿਸ ਦਾ ਪੂਰਾ ਨਾਂ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਹੈ। ਇਹ ਕੋਸ਼ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਪੰਜ ਦਹਾਕੇ ਹੰਢਾਉਣ ਤੋਂ ਬਾਅਦ 20 ਮਈ 1912 ਈ. ਨੂੰ ਲਿਖਣਾ ਸ਼ੁਰੂ ਕੀਤਾ। ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਉਹਨਾਂ ਨੇ ਕਸ਼ਮੀਰ ਵਰਗੇ ਪਹਾੜੀ ਰਮਨੀਕ ਸਥਾਨ ਦੀ ਚੋਣ ਕੀਤੀ। 13 ਸਾਲ 8 ਮਹੀਨੇ ਅਤੇ 17 ਦਿਨਾਂ ਦੀ ਘੋਰ ਤਪੱਸਿਆ ਤੋਂ ਬਾਅਦ 6 ਫਰਵਰੀ 1926 ਈ. ਵਿੱਚ ਇਹ ਇਤਿਹਾਸਕ ਲਿਖਤ ਮੁਕੰਮਲ ਕੀਤੀ ਗਈ।

ਇਸ ਕੋਸ਼ ਨੂੰ ਪ੍ਰਕਾਸ਼ਿਤ ਕਰਨ ਦਾ ਕੰਮ 26 ਅਕਤੂਬਰ 1927 ਈ. ਨੂੰ ਸ਼ੁਰੂ ਹੋਇਆ ਅਤੇ 2 ਸਾਲ 5 ਮਹੀਨੇ ਅਤੇ 18 ਦਿਨਾਂ ਦੀ ਸਖਤ ਮਿਹਨਤ ਤੋਂ ਬਾਅਦ 13 ਅਪ੍ਰੈਲ 1930 ਈ. ਨੂੰ ਇਹ ਚਾਰ ਜਿਲਦਾਂ ਵਿੱਚ ਛਪ ਕੇ ਤਿਆਰ ਹੋਇਆ। ਪਹਿਲੀ ਛਪਾਈ ਵੇਲੇ ਇਸ ਕੋਸ਼ ਦੇ 3338 ਪੰਨੇ ਸਨ। ਇਸ ਕੋਸ਼ ਦੀ ਛਪਾਈ ਸੁਦਰਸ਼ਨ ਪ੍ਰੈਸ ਅੰਮ੍ਰਿਤਸਰ ਦੇ ਮਾਲਕ ਲਾਲਾ ਧਨੀ ਰਾਮ ਚਾਤ੍ਰਿਕ ਨੇ ਬੜੀ ਹੀ ਲਗਨ ਨਾਲ, ਬਹੁਤ ਹੀ ਘੱਟ ਉਜਰਤ ਉੱਪਰ ਕੀਤੀ।

ਇਸ ਕੋਸ਼ ਵਿੱਚ ਭਾਈ ਸਾਹਿਬ ਨੇ ਜਿਹੜੀ ਜਾਣਕਾਰੀ ਪ੍ਰਦਾਨ ਕੀਤੀ ਹੈ ਉਹ ਆਪਣੀ ਮਿਸਾਲ ਆਪ ਹੈ। ਅੱਜ ਭਾਵੇਂ ਪੰਜਾਬੀ ਭਾਸ਼ਾ ਵਿੱਚ ਅਨੇਕਾਂ ਕੋਸ਼ ਤਿਆਰ ਹੋ ਚੁੱਕੇ ਹਨ, ਪਰੰਤੂ ਇਸ ਕਿਰਤ ਵਿੱਚ ਦਿੱਤੀ ਹੋਈ ਜਾਣਕਾਰੀ ਉੱਪਰ ਕੋਈ ਵੀ ਕਿੰਤੂ/ਪ੍ਰੰਤੂ ਨਹੀਂ ਕਰ ਸਕਦਾ। ਇਹੀ ਕਾਰਨ ਹੈ ਕਿ ਇਸ ਕੋਸ਼



Downloaded from https:// www.studiestoday.com

Downloaded from https:// www.studiestoday.com

ਦੀ ਸਾਰਥਕਤਾ ਅੱਜ ਵੀ ਉਤਨੀ ਹੀ ਹੈ, ਜਿਤਨੀ 1930 ਈ. ਵਿੱਚ ਸੀ। ਦੂਜੀ ਵਾਰ ਇਸ ਕੋਸ਼ ਦੀ ਛਪਾਈ ਆਧੁਨਿਕ ਤਰੀਕੇ ਨਾਲ ਭਾਸ਼ਾ ਵਿਭਾਗ ਪੰਜਾਬ ਵੱਲੋਂ 1960 ਈ. ਵਿੱਚ ਕਰਵਾਈ ਗਈ। ਇਸ ਨੂੰ ਚਾਰ ਜਿਲਦਾਂ ਦੀ ਥਾਂ ਇੱਕ ਜਿਲਦ ਵਿੱਚ ਛਾਪਿਆ ਗਿਆ ਅਤੇ ਭਾਈ ਸਾਹਿਬ ਵੱਲੋਂ ਕੀਤੇ ਗਏ ਵਾਧਿਆਂ ਨੂੰ ਅਖੀਰ ਵਿੱਚ 'ਨਵੇਂ ਵਾਧੇ' ਸਿਰਲੇਖ ਅਧੀਨ ਦਰਜ਼ ਕੀਤਾ ਗਿਆ।

ਡਾ. ਦੇਵਿੰਦਰ ਸਿੰਘ ਵਿਦਿਆਰਥੀ ਦੇ ਸ਼ਬਦਾਂ ਵਿੱਚ, "ਭਾਈ ਕਾਨ੍ਹ ਸਿੰਘ ਦਾ ਜੀਵਨ ਘੜੀ ਵਾਂਗ ਸਦਾ ਨਿਯਮਿਤ ਟੋਰ ਟੁਰਨ ਦਾ ਆਦੀ ਸੀ। ਉਹਨਾਂ ਦਾ ਕੰਮ ਕਰਨ ਦਾ ਵੇਲਾ, ਖਾਣ-ਪਾਣ ਦਾ ਵੇਲਾ, ਸੌਣ, ਜਾਗਣ ਅਤੇ ਸੈਰ ਕਰਨ ਦਾ ਵੇਲਾ, ਸਭ ਦੇ ਸਭ ਨਿਸ਼ਚਿਤ ਸਨ। ਕਦੇ ਉਨਾਂ ਵਿੱਚ ਫ਼ਰਕ ਆਉਣ ਦਾ ਮੌਕਾ ਉਹਨਾਂ ਨਹੀਂ ਉਪਜਣ ਦਿੱਤਾ। ਉਹਨਾਂ ਦੀ ਸਤਿਗੁਰ ਅੱਗੇ ਸਦਾ ਇਹੋ ਅਰਦਾਸ ਰਹਿੰਦੀ ਸੀ ਕਿ ਜਦੋਂ ਉਸ ਦਾ ਅੰਤ ਸਮਾਂ ਨੇੜੇ ਆਏ ਤਾਂ ਉਸ ਨੂੰ ਅੱਡੀਆਂ ਨਾ ਰਗੜਣੀਆਂ ਪੈਣ। ਕਿਹਾ ਜਾਂਦਾ ਹੈ ਕਿ ਗੁਰੂ ਆਪਣੇ ਸਿੱਖ ਦੀ ਹਰ ਬੇਨਤੀ ਮੰਨ ਲੈਂਦਾ ਹੈ, ਉਹਨਾਂ ਦੀ ਬੇਨਤੀ ਵੀ ਮੰਨੀ ਗਈ ਸੀ।"

ਮਹਾਨ ਕੋਸ਼ ਦੇ ਇਸ ਮਹਾਨ ਲਿਖਾਰੀ ਦੀ ਬੇਨਤੀ ਪ੍ਰਵਾਨ ਹੋਈ ਅਤੇ ਉਹ ਸਿਹਤਮੰਦ ਅਵਸਥਾ ਵਿੱਚ ਹੀ ਅਚਾਨਕ 23 ਨਵੰਬਰ, 1938 ਨੂੰ ਅਕਾਲ ਚਲਾਣਾ ਕਰ ਗਏ।

## ਅਭਿਆਸ-ਪ੍ਰਸ਼ਨ

1. ਭਾਈ ਕਾਨ੍ਹ ਸਿੰਘ ਨਾਭਾ ਦੇ ਮੁੱਢਲੇ ਜੀਵਨ ਉੱਪਰ ਚਾਨਣਾ ਪਾਉ।
2. ਭਾਈ ਕਾਨ੍ਹ ਸਿੰਘ ਨਾਭਾ ਦੀਆਂ ਪੰਜ ਪੁਸਤਕਾਂ ਦੇ ਨਾਂ ਲਿਖੋ।
3. ਮਹਾਨ ਕੋਸ਼ ਬਾਰੇ ਸੰਖੇਪ ਜਾਣਕਾਰੀ ਦਿਉ।
4. ਅੰਗਰੇਜ਼ੀ ਵਿਦਵਾਨ ਮੈਕਾਲਿਫ਼ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਸੰਬੰਧਾਂ ਬਾਰੇ ਤੁਸੀਂ ਕੀ ਜਾਣਦੇ ਹੋ?
5. 'ਮਹਾਨ ਕੋਸ਼ ਕਰਤਾ: ਭਾਈ ਕਾਨ੍ਹ ਸਿੰਘ ਨਾਭਾ' ਜੀਵਨੀ-ਮੂਲਕ ਨਿਬੰਧ ਦਾ ਸੰਖੇਪ ਸਾਰ ਲਿਖੋ।



Downloaded from https:// www.studiestoday.com

Downloaded from https:// www.studiestoday.com

## 7. ਸੇਵਾ ਦਾ ਪੁੰਜ : ਭਗਤ ਪੂਰਨ ਸਿੰਘ

ਭਗਤ ਪੂਰਨ ਸਿੰਘ ਜੀ 20ਵੀਂ ਸਦੀ ਦੇ ਮਹਾਂ-ਮਾਨਵ ਸਨ, ਜਿੰਨਾਂ ਨੇ ਸਾਰਾ ਜੀਵਨ ਦੀਨ ਦੁਖੀਆਂ ਦੀ ਸੇਵਾ ਵਿੱਚ ਲਾ ਦਿੱਤਾ। ਉਹਨਾਂ ਨੂੰ ਵੀਹਵੀਂ ਸਦੀ ਦਾ ਭਾਈ ਘਨੱਈਆ ਵੀ ਆਖਿਆ ਜਾਂਦਾ ਹੈ। ਭਗਤ ਪੂਰਨ ਸਿੰਘ ਨੇ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ ਸਿਧਾਂਤਾਂ ਦੀ ਸਹੀ ਅਰਥਾਂ ਵਿੱਚ ਪਾਲਣਾ ਕੀਤੀ। ਸੰਸਾਰ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਨੇ ਆਪ ਦੁਆਰਾ ਚਲਾਈ ਜਾ ਰਹੀ ਲੂਲਿਆਂ, ਲੰਗੜਿਆਂ, ਅਪਾਹਿਜਾਂ, ਦੀਨ ਦੁਖੀਆਂ ਦੀ ਸੰਸਥਾ 'ਪਿੰਗਲਵਾੜਾ ਸ਼੍ਰੀ ਅੰਮ੍ਰਿਤਸਰ' ਨੂੰ ਤੀਰਥ ਸਥਾਨ ਦਾ ਦਰਜਾ ਦਿੱਤਾ ਹੈ। ਆਪ ਅਨੁਸਾਰ "ਉਸ ਸੈਲਾਨੀ ਜਾਂ ਯਾਤਰੂ ਦੀ ਯਾਤਰਾ ਹੀ ਅਧੂਰੀ ਹੈ, ਜਿਹੜਾ ਦਰਬਾਰ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਪਿੰਗਲਵਾੜੇ ਹੋ ਕੇ ਨਹੀ ਜਾਂਦਾ।"

ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਦਾ ਜਨਮ 3 ਜੂਨ 1908 ਈ. ਨੂੰ ਲਾਲਾ ਛਿੱਬੂ ਮੱਲ ਖੱਤਰੀ ਅਤੇ ਮਾਤਾ ਮਹਿਤਾਬ ਕੌਰ ਦੇ ਘਰ ਪਿੰਡ ਰਾਜੋਵਾਲ(ਰੋਹਣੋ) ਨੇੜੇ ਖੰਨਾ, ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਦਾ ਬਚਪਨ ਦਾ ਨਾਂ ਰਾਮ ਜੀ ਦਾਸ ਸੀ। ਲਾਲਾ ਛਿੱਬੂ ਮੱਲ ਪਹਿਲਾਂ ਵੀ ਵਿਆਹੇ ਹੋਏ ਸਨ ਤੇ ਉਹਨਾਂ ਦਾ ਇੱਕ ਪੁੱਤਰ ਵੀ ਸੀ। ਭਗਤ ਪੂਰਨ ਸਿੰਘ ਦੀ ਮਾਤਾ ਮਹਿਤਾਬ ਕੌਰ ਜੱਟ ਪਰਿਵਾਰ ਨਾਲ ਸੰਬੰਧਤ ਸੀ।

ਵਪਾਰ ਨਾਲ ਜੁੜੇ ਹੋਣ ਕਾਰਨ ਆਪ ਦੇ ਪਿਤਾ ਦੀ ਸੋਚ ਮੁਨਾਫ਼ਾ ਕਮਾਉ ਸੀ, ਪਰ ਮਾਤਾ ਦੇ ਧਾਰਮਿਕ ਵਿਚਾਰਾਂ ਨੇ ਭਗਤ ਪੂਰਨ ਸਿੰਘ ਦੀ ਜ਼ਿੰਦਗੀ ਵਿੱਚ ਕਰਾਮਾਤੀ ਤਬਦੀਲੀ ਲਿਆਂਦੀ। ਉਹਨਾਂ ਦੀ ਘਾਲ ਕਮਾਈ ਸਦਕਾ ਰਾਮ ਜੀ ਦਾਸ ਵਰਗੇ ਅਬੋਧ ਅਣਜਾਣ ਬਾਲਕ ਵਿੱਚੋਂ ਮਹਾਂ-ਮਾਨਵ ਭਗਤ ਪੂਰਨ ਸਿੰਘ ਦੇ ਸਦੀਵੀਂ ਨਕਸ਼ ਉਜਾਗਰ ਹੋਏ। 'ਨਮਸ਼ਕਾਰ ਹੈ ਐਸੀ ਜਨਨੀ(ਮਹਿਤਾਬ ਕੌਰ) ਦੀ ਕੁੱਖ ਨੂੰ ਜਿਸ ਨੇ ਭਗਤ ਜੀ ਵਰਗੇ ਕੋਹਿਨੂਰ ਹੀਰੇ ਨੂੰ ਜਨਮ ਦਿੱਤਾ।'

ਭਗਤ ਜੀ ਬਚਪਨ ਵਿੱਚ ਹਿੰਦੂ ਅਤੇ ਸਿੱਖ ਦੋਹਾਂ ਸੰਸਕਾਰਾਂ ਦਾ ਪਾਲਨ ਕਰਦੇ ਸਨ। ਬਚਪਨ ਵਿੱਚ ਉਹ ਪੱਕੇ ਸਨਾਤਨੀ ਸਨ ਅਤੇ ਬਿਨਾਂ ਨਾਗਾ ਮੰਦਰ ਜਾਇਆ ਕਰਦੇ ਸਨ। ਪਰ ਹੌਲੀ-ਹੌਲੀ ਭਗਤ ਜੀ ਸਿੱਖੀ ਨਾਲ ਜੁੜ ਗਏ। ਇਸ ਦੀ ਇੱਕ ਵਜ੍ਹਾ ਤਾਂ ਮਾਤਾ ਦਾ ਸਿੱਖ ਪਰਿਵਾਰ 'ਚੋ ਹੋਣਾ ਅਤੇ ਦੂਸਰੀ ਫ਼ਤਹਿਗੜ੍ਹ ਸਾਹਿਬ ਦਾ ਸ਼ਹੀਦੀ ਜੋੜ ਮੇਲਾ ਬਣੀ- 14 ਸਾਲਾਂ ਦੀ ਉਮਰ ਵਿੱਚ ਜਦ ਭਗਤ ਜੀ ਫ਼ਤਹਿਗੜ੍ਹ ਸਾਹਿਬ ਨਤਮਸਤਕ ਹੋਣ ਲਈ ਗਏ ਤਾਂ ਉੱਥੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਵੀ ਆਪਣੇ ਲਾਮ-ਲਸ਼ਕਰ ਨਾਲ ਪਹੁੰਚੇ ਹੋਏ ਸਨ। ਜਦ ਉਹ ਬਾਲਕ ਪੂਰਨ ਸਿੰਘ ਦੇ ਨਜ਼ਦੀਕ ਆ ਕੇ ਬੈਠੇ, ਉਹਨਾਂ ਦਾ ਇੱਕ ਸਿੱਖ ਅੰਗ ਰੱਖਿਅਕ ਸੁਰੱਖਿਆ ਕਾਰਨਾਂ ਕਰਕੇ ਭਗਤ ਜੀ ਦੇ ਸਾਹਮਣੇ ਸਤਰਕ ਖੜ੍ਹਾ ਸੀ, ਜਦ ਬਾਲਕ ਪੂਰਨ ਸਿੰਘ ਦਾ ਧਿਆਨ ਉਸ ਸਿੱਖ ਸਿਪਾਹੀ ਵੱਲ ਗਿਆ ਤਾਂ ਉਹ ਉਸ ਦੀ ਸ਼ਖਸੀਅਤ ਵੇਖ ਕੇ ਦੰਗ ਰਹਿ ਗਏ। ਉਸ ਦਾ ਕੱਦ ਲੰਮਾ, ਫ਼ੌਜੀ ਵਰਦੀ, ਗੋਰਾ ਨਿਛੋਹ ਰੰਗ ਅਤੇ ਸਿਰ ਉੱਪਰ ਖੂਬਸੂਰਤ ਪਗੜੀ ਬੰਨ੍ਹੀ ਹੋਈ ਸੀ। ਬਹੁਤ ਹੀ ਸਲੀਕੇ ਨਾਲ ਧਾਗਾ ਪਾ ਕੇ ਬੰਨ੍ਹੀ ਹੋਈ ਦਾਹੜੀ ਨਾਲ ਉਸ ਦੀ ਦਿੱਖ ਲਾਸਾਨੀ ਨਜ਼ਰ ਆ ਰਹੀ ਸੀ। ਅਡੋਲ ਖੜੋਤਾ ਹੋਣ ਸਦਕਾ ਉਸ ਦੀਆਂ ਬਿਰਤੀਆਂ ਇਕਾਗਰ ਹੋਈਆਂ ਪਈਆਂ ਸਨ ਤੇ ਚਿਹਰਾ ਤੇਜੱਸਵੀ ਲੱਗ ਰਿਹਾ ਸੀ। ਉਸ ਨੂੰ ਵੇਖਣ ਤੋਂ ਬਾਅਦ ਬਾਲਕ ਪੂਰਨ ਸਿੰਘ ਉੱਪਰ ਸਭ ਤੋਂ ਪਹਿਲਾ ਤੇ ਅੰਤਿਮ ਪ੍ਰਭਾਵ ਇਹੀ ਪਿਆ ਕਿ ਇਹ ਆਭਾ, ਇਹ ਛਵੀ ਸਿਰਫ਼ ਸਿੱਖੀ ਸਰੂਪ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਉਸ ਦਿਨ ਤੋਂ ਹੀ ਅੰਤਲੇ ਸੁਆਸਾਂ ਤਕ ਭਗਤ ਜੀ ਨੇ ਸਿੱਖੀ ਸਰੂਪ ਨੂੰ ਅਪਨਾਈ ਰੱਖਿਆ, ਨਾ ਸੇਵਾ ਛੱਡੀ, ਨਾ ਸਿੱਖੀ ਤੇ ਨਾ ਹੀ ਸ਼੍ਰੀ ਗੁਰੂ ਰਾਮਦਾਸ ਜੀ ਦਾ ਦਰ।



Downloaded from https:// www.studiestoday.com

Downloaded from https:// www.studiestoday.com

ਭਗਤ ਜੀ ਦੇ ਜੀਵਨ ਵਿੱਚ ਹੈਰਾਨੀਜਨਕ ਉਤਰਾਅ-ਚੜਾਅ ਆਏ। ਉਹਨਾਂ ਦੇ ਪਿਤਾ ਜੋ ਸਰਕਾਰ ਨੂੰ 52 ਰੁਪਏ ਆਮਦਨ ਕਰ ਦੇ ਤੌਰ 'ਤੇ ਦਿਆ ਕਰਦੇ ਸਨ, 1913 ਦੇ ਅਕਾਲ ਵਿੱਚ ਮਾਇਕ ਪੱਖੋਂ ਕੰਗਾਲ ਹੋ ਗਏ। ਭਗਤ ਜੀ ਉਸ ਸਮੇਂ ਪ੍ਰਇਮਰੀ ਦੇ ਵਿਦਿਆਰਥੀ ਸਨ, ਉਹ ਪਰਿਵਾਰ 'ਤੇ ਆਏ ਇਸ ਸੰਕਟ ਤੋਂ ਅਣਜਾਣ ਸਨ ਕਿਉਂਕਿ ਉਹਨਾਂ ਦੀ ਉਮਰ ਤਾਂ ਸਿਰਫ਼ ਪੜ੍ਹਣ, ਖੇਡਣ ਤੇ ਖਾਣ-ਪੀਣ ਦੀ ਸੀ। ਜਦ ਲਾਲਾ ਜੀ ਢੇਰੀ ਢਾਹ ਕੇ ਬਹਿ ਗਏ ਤਾਂ ਆਪ ਦੀ ਮਾਤਾ ਜੀ ਨੇ ਪਤੀ ਨੂੰ ਹੌਂਸਲਾ ਦਿੱਤਾ। ਸਾਧਨ ਸੰਪੰਨ ਪਰਿਵਾਰ ਦੀ ਔਰਤ ਮਹਿਤਾਬ ਕੌਰ ਨੂੰ ਲੋਕਾਂ ਦੇ ਘਰ ਜਾ ਕੇ ਭਾਂਡੇ ਵੀ ਮਾਂਜਣੇ ਪਏ, ਪਰ ਉਹਨਾਂ ਬਿਲਕੁਲ ਸ਼ਰਮ ਮਹਿਸੂਸ ਨਾ ਕੀਤੀ। ਉਹਨਾਂ ਨੇ ਭਗਤ ਜੀ ਨੂੰ ਖੰਨਾ ਦੇ ਆਰੀਆ ਬੋਰਡਿੰਗ ਸਕੂਲ ਦੇ ਵਿੱਚ ਦਾਖ਼ਲ ਕਰਵਾ ਦਿੱਤਾ ਅਤੇ ਆਪ ਪਤੀ ਨਾਲ ਸੈਂਕੜੇ ਮੀਲ ਦੂਰ ਮਿੰਟਗੁਮਰੀ ਇੱਕ ਡਾਕਟਰ ਦੇ ਘਰ ਘਰੇਲੂ ਨੌਕਰ ਜਾ ਲੱਗੇ। ਮਾਤਾ ਨੇ ਜਾਣ ਤੋਂ ਪਹਿਲਾਂ ਪੁੱਤਰ ਨੂੰ ਹੌਂਸਲਾ ਦਿੰਦਿਆ ਕਿਹਾ ਕਿ ਪੁੱਤਰ ਤੂੰ ਪੜਾਈ ਜਾਰੀ ਰੱਖ, ਤੈਨੂੰ ਖਰਚੇ ਦੀ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ। ਭਗਤ ਜੀ ਬੋਰਡਿੰਗ ਹਾਊਸ ਵਿੱਚ 10ਵੀਂ ਤੱਕ ਰਹੇ।

ਮਾਂ-ਬਾਪ ਤੋਂ ਦੂਰ ਰਹਿਣ ਅਤੇ ਮਾਤਾ ਦੀ ਪ੍ਰੇਰਣਾ ਸਦਕਾ ਕੁੱਲ੍ਹ ਦੁਨੀਆਂ ਹੀ ਉਹਨਾਂ ਨੂੰ ਆਪਣਾ ਘਰ ਤੇ ਨਜ਼ਦੀਕੀ ਰਿਸ਼ਤੇਦਾਰਾਂ ਵਾਂਗ ਜਾਪੀ । ਉਹਨਾਂ ਨੂੰ ਅਹਿਸਾਸ ਹੋਇਆ ਕਿ ਭਗਤੀ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਅਤਿਅੰਤ ਅਨਿਵਾਰੀ ਕਾਰਜ ਹੈ। ਭਗਤ ਜੀ ਨੇ1934 ਈ. ਵਿੱਚ 31 ਸਾਲ ਦੀ ਉਮਰ ਵਿੱਚ ਸੰਤ ਅੱਛਰ ਸਿੰਘ(ਜਿਹੜੇ ਗੁਰਦੁਆਰਾ ਡੇਰਾ ਸਾਹਬ ਲਾਹੌਰ ਦੇ ਮੁੱਖ ਸੇਵਾਦਾਰ ਸਨ) ਦੀ ਪ੍ਰੇਰਣਾ ਸਦਕਾ ਗੁਰਦੁਆਰੇ ਦੇ ਬਾਹਰ ਅਪਾਹਿਜ ਬੱਚੇ ਨੂੰ ਅਪਨਾ ਲਿਆ। ਇਸ ਘਟਨਾ ਨੂੰ ਉਹਨਾਂ ਦੇ ਮਹਾਨ ਮਿਸ਼ਨ ਦੀ ਆਧਾਰਸ਼ਿਲਾ ਆਖਿਆ ਜਾ ਸਕਦਾ ਹੈ। ਇਹੀ ਬੱਚਾ ਪਿਆਰਾ ਸਿੰਘ ਦੇ ਰੂਪ ਵਿੱਚ ਭਗਤ ਪੂਰਨ ਸਿੰਘ ਜੀ ਦੇ ਨਾਲ-ਨਾਲ ਰਿਹਾ। 23 ਜੂਨ 1930 ਨੂੰ ਉਹਨਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਮੌਤ ਤੋਂ ਪਹਿਲਾਂ ਉਹਨਾਂ ਨੇ ਭਗਤ ਜੀ ਨੂੰ ਅਸ਼ੀਰਵਾਦ ਦਿੱਤਾ ਅਤੇ ਬਚਨ ਵੀ ਲਿਆ ਕਿ ਜੋ ਰਾਹ ਤੂੰ ਦੀਨ-ਦੁਖੀਆਂ ਦੀ ਸੇਵਾ ਦਾ ਫੜਿਆ ਹੈ, ਉਸ ਤੋਂ ਕਦੇ ਵੀ ਨਹੀਂ ਥਿੜਕਣਾ, ਮੇਰਾ ਅਸ਼ੀਰਵਾਦ ਤੇ ਪ੍ਰਮਾਤਮਾ ਦੀ ਕਿਰਪਾ ਸਦਾ ਤੇਰੇ ਅੰਗ-ਸੰਗ ਰਹੇਗੀ।

ਬਾਲਕ ਪਿਆਰਾ ਸਿੰਘ ਦੀ ਸੇਵਾ ਕਰਦਿਆਂ ਜਦ 13 ਵਰ੍ਹੇ ਬੀਤ ਗਏ ਤਾਂ ਉਸ ਸਮੇਂ ਭਗਤ ਜੀ ਦੀ ਉਮਰ ਲਗਭਗ 44 ਸਾਲ ਸੀ। ਉਸ ਸਮੇਂ ਆਪ ਦੇ ਮਨ ਵਿੱਚ ਇੱਕ ਅਜਿਹੀ ਸੰਸਥਾ ਦੀ ਸਥਾਪਨਾ ਕਰਨ ਦਾ ਸੰਕਲਪ ਆਇਆ ਜਿੱਥੇ ਬੇਆਸਰੇ, ਗ਼ਰੀਬ, ਰੋਗੀ, ਪਿੰਗਲੇ ਅਤੇ ਜ਼ਾਲਮ ਸਮਾਜ ਵੱਲੋਂ ਸਤਾਈਆਂ ਇਸਤਰੀਆਂ ਸਵੈ-ਮਾਨ ਨਾਲ ਰਹਿ ਸਕਣ। ਇਹ ਪ੍ਰੇਰਨਾ ਭਗਤ ਨੂੰ ਡੈਨਮਾਰਕ ਦੇ ਵਸਨੀਕ ਹੋਲਬੋਇਲ(ਜਿਹੜਾ ਮਾਮੂਲੀ ਡਾਕੀਆ ਸੀ, ਤੇ ਇਕੱਲੇ ਨੇ ਹੀ ਆਪਣੇ ਦੇਸ਼ ਦੇ ਤਪਦਿਕ ਦੇ ਸ਼ਿਕਾਰ ਰੋਗੀਆਂ ਦੀ ਸਿਹਤਯਾਬੀ ਲਈ ਮਹਾਨ ਕਾਰਜ ਕੀਤਾ) ਤੋਂ ਮਿਲੀ।

1947 ਦੇ ਫਸਾਦਾਂ ਵੇਲੇ ਗੁਰਦੁਆਰਾ ਡੇਰ੍ਹਾ ਸਾਹਿਬ ਲਾਹੌਰ ਵਿਖੇ ਲੂਲਿਆਂ-ਲੰਗੜਿਆਂ ਦੀ ਸੇਵਾ ਦਾ ਕੰਮ ਭਗਤ ਜੀ ਅਤੇ ਉਹਨਾਂ ਦੇ ਸਾਥੀ ਬੜੇ ਉਤਸ਼ਾਹ ਨਾਲ ਕਰ ਰਹੇ ਸਨ। ਜਦ ਹਾਲਾਤ ਵਿਗੜਦੇ ਜਾਪੇ ਤਾਂ ਆਪ ਨੇ ਵੀ ਲੂਲ੍ਹੇ ਬਾਲਕ ਪਿਆਰਾ ਸਿੰਘ ਨੂੰ ਪਿੱਠ 'ਤੇ ਬਿਠਾਇਆ ਤੇ ਲਾਹੌਰ ਸਟੇਸ਼ਨ ਵੱਲ ਚਾਲੇ ਪਾ ਦਿੱਤੇ ਤਾਂ ਕਿ, ਅੰਮ੍ਰਿਤਸਰ ਦੀ ਗੱਡੀ ਫੜੀ ਜਾ ਸਕੇ। ਹਾਲਾਤ ਬਹੁਤ ਹੀ ਤਨਾਅਪੂਰਨ ਸਨ। ਸਟੇਸ਼ਨ ਉੱਤੇ ਉਹਨਾਂ ਨੂੰ ਬਜ਼ੁਰਗ ਪਾਠੀ ਬੀਮਾਰੀ ਦੀ ਹਾਲਤ ਵਿੱਚ ਮਿਲਿਆ। ਭਗਤ ਜੀ ਨੇ ਉਸ ਨੂੰ ਵੀ ਗੱਡੀ 'ਤੇ ਚੜਾਇਆ ਤੇ ਬਚਦੇ ਬਚਾਉਂਦੇ ਅੰਮ੍ਰਿਤਸਰ ਆ ਪਹੁੰਚੇ। 30 ਸਾਲਾਂ ਦੇ ਕਰੀਬ ਗੁਰਦੁਆਰਾ ਡੇਰ੍ਹਾ ਸਾਹਿਬ ਬੇਸਹਾਰਿਆ ਅਪਾਹਿਜਾਂ ਦੀ ਸੇਵਾ ਕਰਨ ਵਾਲਾ ਮਹਾਨ ਪੁਰਸ਼ ਫ਼ਿਰਕੂ ਜਨੂੰਨ ਦੀ ਮੱਚਦੀ ਅੱਗ ਵਿੱਚੋਂ ਏਹੀ ਇੱਕੋ ਜਾਇਦਾਦ ਹੈਵਾਨਾਂ ਤੋਂ ਬਚਾ ਕੇ ਲਿਆ ਸਕਿਆ।



Downloaded from https:// www.studiestoday.com

Downloaded from https:// www.studiestoday.com

ਅੰਮ੍ਰਿਤਸਰ ਪਹੁੰਚਣ ਸਮੇਂ ਉਹਨਾਂ ਕੋਲ ਕੇਵਲ ਡੇਢ ਰੁਪਇਆ ਸੀ। ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਖੇ ਰਿਫ਼ਿਊਜੀ ਕੈਂਪ ਚਲ ਰਿਹਾ ਸੀ, ਜਿੱਥੇ ਲਗਭਗ 25000 ਦੇ ਕਰੀਬ ਬੇਸਹਾਰਾ ਲੋਕ ਰਹਿ ਰਹੇ ਸਨ। ਉਸ ਕੈਂਪ ਵਿੱਚ ਅਨੇਕਾਂ ਬਿਮਾਰ ਲਾਚਾਰ ਬੁੱਢੇ ਮਰ ਰਹੇ ਸਨ।

ਸਰਕਾਰ ਵੱਲੋਂ ਕੋਈ ਖਾਸ ਮਦਦ ਨਹੀਂ ਸੀ ਪਹੁੰਚ ਰਹੀ। ਭਗਤ ਜੀ ਨੇ ਗੁਰੂ ਦਾ ਹੁਕਮ ਸਮਝ ਕੇ ਲੁਕਾਈ ਦੀ ਸੇਵਾ ਆਰੰਭ ਕਰ ਦਿਤੀ। ਉਹਨਾਂ ਨੇ ਕੈਂਪ ਦੇ ਆਸਪਾਸ ਘਰਾਂ 'ਚੋਂ ਸ਼ਾਮ-ਸਵੇਰੇ ਭੋਜਨ ਮੰਗ ਕੇ ਲਿਆਉਣਾ ਆਰੰਭ ਕਰ ਦਿੱਤਾ। ਉਹ ਸਮਾਂ ਏਨਾਂ ਭਿਆਨਕ ਸੀ ਕਿ ਤੰਦਰੁਸਤ ਵਿਅਕਤੀ ਭੁੱਖੇ ਮਰ ਰਹੇ ਸਨ, ਅਪਾਹਿਜਾਂ ਨੂੰ ਕੌਣ ਸੰਭਾਲਦਾ? ਇਸ ਕੈਂਪ ਵਿੱਚ ਉਹਨਾਂ ਨੇ ਅਪਾਹਿਜਾਂ ਦੀ ਸੇਵਾ-ਸੰਭਾਲ ਉਚੇਚੇ ਤੌਰ ਤੇ ਕੀਤੀ। ਜਦ ਕੈਂਪ ਬੰਦ ਹੋਇਆ ਤਾਂ ਲੋਕਾਂ ਨੇ ਵੱਖ-ਵੱਖ ਥਾਵਾਂ 'ਤੇ ਢੋ-ਆਸਰਾ ਬਣਾ ਲਿਆ, ਪਰ ਅਨਾਥ ਬਿਮਾਰ ਤੇ ਲੂਲ੍ਹੇ ਵਿਅਕਤੀ ਕਿੱਥੇ ਜਾਂਦੇ ? ਅੰਤ ਲਗਭਗ 12 ਬਿਮਾਰ ਅਪਾਹਿਜਾਂ ਤੇ ਪਿਆਰਾ ਸਿੰਘ ਨੂੰ ਪਿੱਠ ਤੇ ਚੁੱਕ ਕੇ ਭਗਤ ਜੀ ਨੇ ਚੀਫ਼ ਖਾਲਸਾ ਦੀਵਾਨ ਦੇ ਬਾਹਰ ਡੇਰਾ ਲਾ ਲਿਆ। ਅੰਨ ਪਾਣੀ ਦੀ ਸੇਵਾ ਲੋਕਾਂ ਕੋਲੋਂ ਮੰਗ ਕੇ ਚਲਦੀ ਰਹੀ, ਪਰ ਹੁਣ ਉਹਨਾਂ ਦੇ ਮਨ ਵਿੱਚ ਇੱਕ ਅਜਿਹਾ ਘਰ ਬਨਾਉਣ ਦਾ ਸੁਪਨਾ ਪੈਦਾ ਹੋਇਆ, ਜਿੱਥੇ ਬੇਸਹਾਰਾ ਲੋਕ ਨਿਸ਼ਚਿੰਤ ਰਹਿ ਸਕਣ। ਇੱਥੇ ਹੀ ਆਪ ਦਾ ਪੁਰਾਣੇ ਸਾਥੀਆਂ ਸੇਵਾਦਾਰ ਗੁਰਬਚਨ ਸਿੰਘ ਕੁੰਡਾ ਤੇ ਨਰਾਇਣ ਸਿੰਘ ਨਾਲ ਮੇਲ ਹੋਇਆ, ਉਹਨਾਂ ਨੇ ਵੀ ਭਗਤ ਜੀ ਵਾਂਗ ਮਨੁੱਖਤਾ ਦਾ ਪੱਲਾ ਫੜ੍ਹਿਆ। ਤਿੰਨੋਂ ਜਣੇ ਸ਼ਾਮ ਸਵੇਰੇ ਭੋਜਨ ਦਾ ਪ੍ਰਬੰਧ ਕਰਦੇ ਤੇ ਵਿਹਲੇ ਸਮੇਂ ਕੋਹੜੀਆਂ ਤੇ ਬੀਮਾਰਾਂ ਨੂੰ ਲੈਕੇ ਵੱਖ-ਵੱਖ ਡਾਕਟਰਾਂ ਕੋਲ ਇਲਾਜ ਲਈ ਜਾਂਦੇ। ਜਦ ਰੇਲਵੇ ਸਟੇਸ਼ਨ ਦੇ ਕੋਲ ਸਮਾਂ ਕੱਟਣਾ ਮੁਸ਼ਕਿਲ ਹੋਇਆ ਤਾਂ ਇੱਕ ਅਕਤੂਬਰ 1947 ਵਾਲੇ ਦਿਨ ਉਹਨਾਂ ਨੇ ਵੀ.ਜੇ. ਹਸਪਤਾਲ ਦੇ ਨਜ਼ਦੀਕ ਹੁਸੈਨਪੁਰਾ ਫਾਟਕ ਕੋਲ ਡੇਰਾ ਲਾ ਲਿਆ। ਇੱਥੇ ਇੱਕ ਸੰਘਣਾ ਬੋਹੜ ਸੀ, ਜਿੱਥੇ ਮਰੀਜਾਂ ਨੂੰ ਛੱਤ ਵਰਗਾ ਆਸਰਾ ਲੱਭ ਗਿਆ। ਫਿਰ ਕੁਝ ਸਮੇਂ ਬਾਅਦ ਹੁਸੈਨਪੁਰੇ ਕੋਲ ਇੱਕ ਖਾਲੀ ਕੋਠੀ ਵਿੱਚ ਆਸਰਾ ਲੈ ਲਿਆ। ਪਰ ਥਾਂ ਅਤੇ ਬਿਸਤਰਿਆਂ ਦੀ ਘਾਟ ਕਾਰਨ ਕਾਲੂ ਨਾਂ ਦੇ ਬੱਚੇ ਦੀ ਠੰਡ ਲੱਗਣ ਨਾਲ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਭਗਤ ਹੋਰਾਂ ਨੇ ਪੱਕਾ ਟਿਕਾਣਾ ਬਣਾਉਣ ਦੀ ਸੋਚ ਲਈ।

ਇਸ ਸਮੇਂ ਤੱਕ ਉਹਨਾਂ ਕੋਲ 50 ਤੋਂ ਵੱਧ ਬੇਸਹਾਰਾ ਤੇ ਰੋਗੀ ਇਕੱਠੇ ਹੋ ਚੁੱਕੇ ਸਨ। ਮਿਊਂਸੀਪਲ ਕਮੇਟੀ ਵਾਲਿਆਂ ਨੇ ਭਗਤ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਇਹ ਥਾਂ ਛੱਡ ਕੇ ਖਾਲੀ ਪਈ ਸਿਨੇਮੇ ਦੀ ਇਮਾਰਤ ਵਿੱਚ ਚਲੇ ਜਾਉ। ਭਗਤ ਹੋਰਾਂ ਨੂੰ ਪਤਾ ਲੱਗਾ ਕਿ ਸਿਨੇਮਾ ਵੀ ਬੋਲੀ ਤੇ ਵੇਚਿਆ ਜਾਏਗਾ, ਤਾਂ ਉਹਨਾਂ ਸਿਨੇਮੇ ਨੂੰ ਖਰੀਦਣ ਦਾ ਮਨ ਬਣਾ ਲਿਆ, ਪਰ ਪੰਜਾਹ ਹਜ਼ਾਰ ਦੀ ਰਕਮ ਦਾ ਪ੍ਰਬੰਧ ਕਰਨਾ ਸੌਖਾ ਨਹੀਂ ਸੀ। ਉਹਨਾਂ ਨੇ ਮਾਸਟਰ ਤਾਰਾ ਸਿੰਘ ਜਿਹੜੇ ਉਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਸਨ, ਤੱਕ ਪਹੁੰਚ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਦੀ ਮਦਦ ਨਾਲ ਮਤਾ ਪੁਆ ਕੇ ਸਿਨੇਮਾ ਪਿੰਗਲਵਾੜੇ ਨੂੰ ਸੌਂਪ ਦੇਣ ਤਾਂ ਕਿ ਮਨੁੱਖਤਾ ਦੀ ਸੇਵਾ ਦਾ ਕਾਰਜ ਨਿਰਵਿਘਨ ਚਲਦਾ ਰਹੇ। ਮਾਸਟਰ ਜੀ ਮੰਨ ਗਏ। ਪਰ ਆਸਰਾ ਲੈਣ ਵਾਲਿਆਂ ਦੀ ਗਿਣਤੀ ਵੱਧ ਜਾਣ ਕਾਰਣ ਸਿਨੇਮੇ ਦੀ ਥਾਂ ਵੀ ਭਗਤ ਜੀ ਨੂੰ ਛੋਟੀ ਜਾਪਣ ਲੱਗੀ। ਇਸ ਕਰਕੇ ਉਹਨਾਂ ਫਿਰ ਮਾਸਟਰ ਤਾਰਾ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਹਸਪਤਾਲ ਦੇ ਨੇੜੇ ਖੁੱਲ੍ਹੀ ਥਾਂ ਲੈ ਦਿਉ। ਪਰ ਇਸ ਮਕਸਦ ਵਿੱਚ ਉਹਨਾਂ ਨੂੰ ਚਾਰ ਸਾਲ ਕਾਮਯਾਬੀ ਨਾ ਮਿਲੀ।

ਭਗਤ ਪੂਰਨ ਸਿੰਘ ਜੀ ਦੀ ਨਿਸ਼ਕਾਮ ਸੇਵਾ ਦੀ ਖੁਸ਼ਬੋ ਦੂਰ-ਦੂਰ ਤੱਕ ਫੈਲ ਚੁੱਕੀ ਸੀ । ਉਸ ਵੇਲੇ ਦੇ ਭਾਰਤ ਸਰਕਾਰ ਦੇ ਮੁੜ ਵਸਾਉ ਮਹਿਕਮੇ ਦੇ ਮੰਤਰੀ ਸ਼੍ਰੀ ਮਿਹਰ ਚੰਦ ਖੰਨਾ ਦੇ ਯਤਨਾਂ ਸਦਕਾ ਪਿੰਗਲਵਾੜੇ ਨੂੰ 40,000 ਰੁਪਏ ਇਮਾਰਤ ਲਈ ਦਿੱਤੇ ਗਏ ਤੇ ਕਾਰਖ਼ਾਨੇ ਦੀ ਜਗ੍ਹਾ ਇਸ ਮਹਿਕਮੇ ਵੱਲੋਂ ਪਿੰਗਲਵਾੜੇ ਨੂੰ ਸੌਂਪ ਦਿੱਤੀ ਗਈ । ਇਸ ਤਰ੍ਹਾਂ ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ। 6 ਮਾਰਚ 1957 ਨੂੰ ਜਦ ਇਮਾਰਤ ਮੁਕੰਮਲ ਹੋ ਗਈ ਤਾਂ ਭਗਤ ਜੀ ਨੇ 'ਆਲ ਇੰਡੀਆਂ ਪਿੰਗਲਵਾੜਾ ਸੁਸਾਇਟੀ' ਦੇ ਨਾਂ ਹੇਠਾਂ ਇਸ ਨੂੰ ਰਜਿਸਟਰਡ ਕਰਵਾ ਦਿੱਤਾ। ਇਹ ਪਿੰਗਲਵਾੜਾ ਸੁਸਾਇਟੀ ਉਦੋਂ ਤੋਂ ਲੈ ਕੇ ਹੁਣ ਤੱਕ ਲਗਾਤਾਰ ਬੇਸਹਾਰਾ ਅਤੇ ਅਪਾਹਿਜਾਂ ਦਾ ਆਸਰਾ ਬਣੀ ਹੋਈ ਹੈ ਤੇ ਮਨੁੱਖੀ ਸੇਵਾ ਭਾਵਨਾ ਦਾ



Downloaded from https:// www.studiestoday.com

Downloaded from https:// www.studiestoday.com

ਪ੍ਰਤੀਕ ਬਣ ਚੁੱਕੀ ਹੈ।

ਮਹਾਨ ਮਨੁੱਖੀ ਸੇਵਕ ਹੋਣ ਦੇ ਨਾਲ-ਨਾਲ ਭਗਤ ਪੂਰਨ ਸਿੰਘ ਜੀ ਇੱਕ ਸੰਵੇਦਨਸ਼ੀਲ ਲੇਖਕ ਵੀ ਸਨ। ਉਹਨਾਂ ਨੇ ਆਪਣੀ ਕਲਮ ਨਾਲ ਮਨੁੱਖੀ ਸਰੋਕਾਰਾਂ ਨੂੰ ਬਿਆਨ ਕਰਕੇ ਆਪਣੀ ਬੌਧਿਕਤਾ ਦਾ ਸਬੂਤ ਦਿੱਤਾ ਹੈ। ਭਗਤ ਪੂਰਨ ਸਿੰਘ ਦੀ ਸ਼ਖ਼ਸੀਅਤ ਦਾ ਇੱਕ ਨਿਵੇਕਲਾ ਪੱਖ ਇਹ ਵੀ ਹੈ ਕਿ ਉਹਨਾਂ ਨੇ ਸਰਕਾਰੀ ਦਫ਼ਤਰਾਂ ਵਿੱਚੋਂ ਵਰਤੇ ਹੋਏ ਕਾਗਜ਼/ਪੱਤਰ ਇੱਕਠੇ ਕਰ ਕੇ ਮਨੁੱਖੀ ਜ਼ਿੰਦਗੀ ਦੇ ਅਨਮੋਲ ਸੋਮਿਆਂ (ਰੁੱਖਾਂ ਅਤੇ ਪਾਣੀ) ਦੀ ਸੰਭਾਲ ਸੰਬੰਧੀ ਸੰਦੇਸ਼ ਲਿਖ-ਲਿਖ ਲੋਕਾਂ ਨੂੰ ਜਾਗਰੂਕ ਕੀਤਾ।

ਆਪ ਨੂੰ ਭਾਰਤ ਸਰਕਾਰ ਵੱਲੋਂ 'ਪਦਮ ਸ਼੍ਰੀ' ਪੁਰਸਕਾਰ ਨਾਲ ਸਨਮਾਨਿਆ ਗਿਆ, ਪਰ ਆਪ ਨੇ 1984 ਵਿੱਚ ਸ਼੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੇ ਰੋਸ ਵਜੋਂ ਇਹ ਸਨਮਾਨ ਵਾਪਸ ਕਰ ਦਿੱਤਾ।

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਉਮਰ ਮਨੁੱਖਤਾ ਦੀ ਸੇਵਾ ਦੇ ਲੇਖੇ ਲਾਉਂਦਿਆਂ ਨਿੱਜੀ ਜ਼ਿੰਦਗੀ ਤਿਆਗ ਦਿੱਤੀ। ਉਹਨਾਂ ਲਈ ਸਮੁੱਚੀ ਲੋਕਾਈ ਹੀ ਉਹਨਾਂ ਦਾ ਪਰਿਵਾਰ ਸੀ, ਇਸੇ ਭਾਵਨਾ ਤਹਿਤ ਉਹ ਅਵਿਵਾਹਤ ਰਹੇ। ਇਸ ਸੰਸਥਾ ਦਾ ਜ਼ਿੰਮਾ ਬੀਬੀ ਇੰਦਰਜੀਤ ਕੌਰ ਨੂੰ ਸੌਂਪ ਕੇ 5 ਅਗਸਤ 1992 ਨੂੰ ਇਹ ਮਨੁੱਖਤਾ ਦੀ ਸੇਵਾ ਦਾ ਮੁਜੱਸਮਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ।

## ਅਭਿਆਸ-ਪ੍ਰਸ਼ਨ

1. ਭਗਤ ਪੂਰਨ ਸਿੰਘ ਜੀ ਦੇ ਬਚਪਨ ਸੰਬੰਧੀ ਸੰਖੇਪ ਜਾਣਕਾਰੀ ਦਿਉ।
2. ਭਗਤ ਪੂਰਨ ਸਿੰਘ ਜੀ ਸਿੱਖੀ ਵੱਲ ਕਿਵੇਂ ਆਕਰਸ਼ਿਤ ਹੋਏ ?
3. ਭਗਤ ਪੂਰਨ ਸਿੰਘ ਜੀ ਨੇ ਪਿੰਗਲਵਾੜਾ ਸੰਸਥਾ ਕਿਵੇਂ ਸਥਾਪਿਤ ਕੀਤੀ ?
4. ਭਗਤ ਪੂਰਨ ਸਿੰਘ ਜੀ ਨੇ ਮਨੁੱਖਤਾ ਦੀ ਸੇਵਾ ਦਾ ਕਾਰਜ ਕਿੱਥੇ ਤੇ ਕਿਉਂ ਆਰੰਭਿਆ ? ਵਰਨਣ ਕਰੋ।
5. ਪਿਆਰਾ ਸਿੰਘ ਕੌਣ ਸੀ ਅਤੇ ਭਗਤ ਪੂਰਨ ਸਿੰਘ ਜੀ ਨਾਲ ਉਸ ਦਾ ਕੀ ਸੰਬੰਧ ਸੀ ?
6. ਭਗਤ ਪੂਰਨ ਸਿੰਘ ਜੀ ਦੇ ਕਿਹੜੇ-ਕਿਹੜੇ ਸਾਥੀਆਂ ਨੇ ਉਹਨਾਂ ਨਾਲ ਮਹਾਨ ਸੰਸਥਾ ਪਿੰਗਲਵਾੜਾ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ ?
7. ਮਾਸਟਰ ਤਾਰਾ ਸਿੰਘ ਨੇ ਭਗਤ ਪੂਰਨ ਸਿੰਘ ਜੀ ਦੀ ਮਦਦ ਕਿਵੇਂ ਕੀਤੀ ?
8. 'ਸੇਵਾ ਦਾ ਪੁੰਜ : ਭਗਤ ਪੂਰਨ ਸਿੰਘ' ਜੀਵਨੀ-ਮੂਲਕ ਨਿਬੰਧ ਦਾ ਸੰਖੇਪ ਵੇਰਵਾ ਦਿਉ।



Downloaded from https:// www.studiestoday.com

Downloaded from https:// www.studiestoday.com

## 8. ਉੱਘਾ ਗੁਰਬਾਣੀ ਵਿਆਕਰਨਕਾਰ : ਪ੍ਰੋ.ਸਾਹਿਬ ਸਿੰਘ

'ਵਿਦਵਾਨ' ਸ਼ਬਦ 'ਵਿਧ' ਧਾਤੂ ਤੋਂ ਵਿਕਸਤ ਹੋਇਆ ਹੈ, ਜਿਸ ਦੇ ਭਾਸ਼ਾਈ ਵਿਆਕਰਨਾਂ ਵਿੱਚ ਵਿਸ਼ੇਸ਼ਣ ਵਜੋਂ ਅਰਥ 'ਜਾਨਣ-ਵਾਲਾ','ਵਿਦਿਆ ਵਿੱਚ ਮੁਹਾਰਤ ਰੱਖਣ ਵਾਲਾ' ਆਦਿ ਲਏ ਜਾਂਦੇ ਹਨ। ਵਿਦਵਾਨ 'ਦੇਸ਼','ਧਰਮ' ਦੇ ਥੰਮ੍ਹ ਹੋਇਆ ਕਰਦੇ ਹਨ। ਸਮੇਂ-ਸਮੇਂ ਧਰਮ ਜਾਂ ਦੇਸ਼ ਵਿੱਚ ਉਪਜੀਆਂ ਸਮੱਸਿਆਵਾਂ, ਗਲਤ-ਵਿਆਖਿਆਵਾਂ ਆਦਿ ਨਾਲ ਨਜਿੱਠਣ ਲਈ ਅਗਵਾਈ ਕਰਦੇ ਹਨ। ਪ੍ਰੋ. ਸਾਹਿਬ ਸਿੰਘ ਵੀਹਵੀਂ ਸਦੀ ਦੇ ਅਜਿਹੇ ਹੀ ਮਹਾਨ ਗੁਰਬਾਣੀ ਵਿਆਕਰਨਕਾਰ, ਅਮਲੀ ਜੀਵਨ ਵਾਲੇ ਅਤੇ ਤੁਰਦੀ ਫਿਰਦੀ ਯੂਨੀਵਰਸਿਟੀ ਸਨ। ਜਿੰਨਾ ਦੀ ਸਾਧਨਾ ਅਤੇ ਘਾਲਣਾ ਸਾਹਵੇਂ ਸਿਰ ਆਪ-ਮੁਹਾਰੇ ਝੁਕ ਜਾਂਦਾ ਹੈ। ਅਜਿਹੇ ਮਹਾਨ ਵਿਆਕਰਨਕਾਰ ਦੇ ਜੀਵਨ ਅਤੇ ਰਚਨਾ ਸੰਬੰਧੀ ਜਾਨਣਾ ਵਿਦਿਆਰਥੀਆਂ ਦੀ ਜਗਿਆਸਾ ਅਤੇ ਉਤਸ਼ਾਹ ਦਾ ਸਬੱਬ ਹੋ ਸਕਦਾ ਹੈ।

ਪ੍ਰੋ. ਸਾਹਿਬ ਸਿੰਘ ਦਾ ਜਨਮ ਪਿੰਡ ਤੇ ਤਹਿਸੀਲ ਫੱਤੇਵਾਲੀ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ 16 ਫਰਵਰੀ 1892 ਨੂੰ ਪਿਤਾ ਹੀਰਾ ਨੰਦ ਅਤੇ ਮਾਤਾ ਨਿਹਾਲ ਦੇਈ ਦੇ ਗ੍ਰਹਿ ਵਿਖੇ ਹੋਇਆ। ਇਸ ਬਾਲਕ ਦੇ ਜਨਮ ਤੋਂ ਪਹਿਲਾਂ ਹੀਰਾ ਨੰਦ ਜੀ ਦੇ ਘਰ ਕਈ ਬੱਚਿਆਂ ਨੇ ਜਨਮ ਲਿਆ ਸੀ, ਪਰੰਤੂ ਜਨਮ ਸਮੇਂ ਇਕ-ਇਕ ਕਰਕੇ ਇਹ ਬੱਚੇ ਮਰ ਗਏ ਸਨ। ਉਸ ਸਮੇਂ ਪ੍ਰਚਲਤ ਵਹਿਮ ਤੋਂ ਪ੍ਰੇਰਿਤ ਹੋ ਕੇ, ਸਨਾਤਨ ਧਰਮ ਅਨੁਸਾਰ ਇਸ ਬਾਲਕ ਦੇ ਗਲ ਵਿੱਚ ਨੱਥ ਪਾ ਦਿੱਤੀ, ਜਿੱਥੋਂ ਬਾਲਕ ਦਾ ਨਾਮ 'ਨੱਥੂ ਰਾਮ' ਪੈ ਗਿਆ। ਬਾਲਕ ਨੱਥੂ ਰਾਮ(ਸਾਹਿਬ ਸਿੰਘ) ਦੇ ਜਨਮ ਨੂੰ ਕੁੱਝ ਹੀ ਦਿਨ ਹੋਏ ਸਨ ਕਿ ਹੀਰਾ ਨੰਦ ਜੀ ਪਰਿਵਾਰ ਸਮੇਤ ਫੱਤੇਵਾਲੀ ਪਿੰਡ ਛੱਡ ਕੇ, ਤਹਿਸੀਲ ਰੱਈਆ ਦੇ ਪਿੰਡ 'ਥਰਪਾਲ' ਆ ਗਏ। ਇੱਥੇ ਆ ਕੇ ਹੀਰਾ ਨੰਦ ਜੀ ਨੇ ਦੁਕਾਨ ਪਾ ਕੇ ਪੱਕਾ ਬਸੇਰਾ ਕਰ ਲਿਆ।

ਪੰਜਾਬੀ ਸਾਹਿਤ ਦੇ ਜਾਣਕਾਰਾਂ ਵਿੱਚ ਪਿੰਡ ਥਰਪਾਲ ਪ੍ਰਸਿੱਧ ਹੈ, ਕਿਉਂਕਿ ਪੰਜਾਬੀ ਦੇ ਪ੍ਰਸਿੱਧ ਕਵੀ 'ਹਾਸ਼ਮ' ਨੂੰ ਇਹ ਪਿੰਡ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਨਾਮ ਵਜੋਂ ਦਿੱਤਾ ਗਿਆ ਸੀ। ਜਦੋਂ ਬਾਲਕ ਨੱਥੂ ਰਾਮ ਚਾਰ ਕੁ ਸਾਲਾਂ ਦਾ ਹੋਇਆ ਤਾਂ ਉਸ ਨੂੰ ਮੁੱਢਲੀ ਤਾਲੀਮ ਲਈ ਕਵੀ 'ਹਾਸ਼ਮ' ਦੇ ਸਪੁੱਤਰ 'ਹਯਾਤ ਸ਼ਾਹ' ਪਾਸ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਭਗਤ ਕਬੀਰ ਜੀ ਦੇ ਬੋਲ 'ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥' ਅਨੁਸਾਰ ਇਸ ਬਾਲਕ ਨੇ ਸ਼ੁਰੂ ਤੋਂ ਹੀ ਵਿੱਦਿਆ ਦੇ ਖੇਤਰ ਵਿੱਚ ਚਮਕਣਾ ਆਰੰਭ ਕਰ ਦਿੱਤਾ। ਕੁੱਝ ਸਮਾਂ 'ਹਯਾਤ ਸ਼ਾਹ' ਪਾਸੋਂ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਤਹਿਸੀਲ ਰੱਈਆ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ। ਸੰਨ 1902 ਵਿੱਚ ਨੱਥੂ ਰਾਮ ਨੇ ਪੰਜਵੀਂ ਜਮਾਤ ਪਾਸ ਕੀਤੀ। ਪਿਤਾ ਹੀਰਾ ਨੰਦ ਜੀ ਆਰਥਿਕ ਪੱਖੋਂ ਬਹੁਤ ਕਮਜ਼ੋਰ ਸਨ। ਇਸ ਗੱਲ ਨੂੰ ਭਾਂਪ ਕੇ ਸਕੂਲ ਦੇ ਹੈਡ ਮਾਸਟਰ 'ਜ਼ਲਾਲਦੀਨ' ਹੀਰਾ ਨੰਦ ਨੂੰ ਬਾਲਕ ਦੀ ਪੜ੍ਹਾਈ ਲਗਾਤਾਰ ਜ਼ਾਰੀ ਰੱਖਣ ਬਾਬਤ ਪ੍ਰੇਰਦੇ ਰਹਿੰਦੇ ਸਨ। ਪੰਜਵੀਂ ਜਮਾਤ ਪਾਸ ਕਰਨ ਤੋਂ ਬਾਅਦ ਬਾਲਕ ਨੱਥੂ ਰਾਮ ਨੂੰ ਹੀਰਾ ਨੰਦ ਨੇ ਆਰਥਿਕ ਮੰਦਹਾਲੀ ਨਾਲ ਜੱਦੋ-ਜਹਿਦ ਕਰਦਿਆਂ ਫ਼ਤਹਿਗੜ੍ਹ ਦੇ ਵਰਨੈਕੂਲਰ ਨਾਮ ਦੇ ਮਿਡਲ ਸਕੂਲ ਵਿਖੇ ਛੇਵੀਂ ਜਮਾਤ ਵਿੱਚ ਦਾਖਲ ਕਰਵਾ ਦਿੱਤਾ। ਨੱਥੂ ਰਾਮ ਵਿੱਚ ਮਿਹਨਤੀ ਅਤੇ ਲਾਇਕ ਵਿਦਿਆਰਥੀ ਦੇ ਗੁਣ ਭਰਪੂਰ ਮਾਤਰਾ ਵਿੱਚ ਸਨ, ਜਿਸ ਕਰਕੇ ਉਹ ਕਾਜ਼ੀ ਜ਼ਲਾਲਦੀਨ ਦੇ ਚਹੇਤੇ ਵਿਦਿਆਰਥੀ ਸਨ, ਮਿਡਲ ਸਕੂਲ ਦੇ ਉਸਤਾਦ ਪੰਡਿਤ ਸ਼ਿਵਦਿਆਲ ਜੀ ਨੱਥੂ ਰਾਮ ਨੂੰ ਵੱਧ-ਚੜ੍ਹ ਕੇ ਮਿਹਨਤ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ। ਨੱਥੂ ਰਾਮ ਆਪਣੀ ਜਮਾਤ ਵਿੱਚ ਸਭ ਤੋਂ ਛੋਟਾ ਅਤੇ ਮਾੜਕੂ ਜਿਹਾ ਵਿਦਿਆਰਥੀ ਸੀ। ਤੁਲਸੀ ਰਾਮ ਉਸ ਦਾ ਨਿੱਘਾ ਮਿੱਤਰ ਸੀ, ਜਿਸ ਨਾਲ ਉਹ ਆਪਣੇ ਘਰ ਦੀ ਆਰਥਕ ਮੰਦਹਾਲੀ ਦਾ ਜ਼ਿਕਰ ਕਰ ਲਿਆ ਕਰਦਾ ਸੀ। ਦੋਹਾਂ ਵਿੱਚ ਦੁੱਖਾਂ-ਸੁੱਖਾਂ ਦੀ ਚੰਗੀ ਸਾਂਝ ਸੀ।



Downloaded from https:// www.studiestoday.com

Downloaded from https:// www.studiestoday.com

ਪਿੰਡ ਥਰਪਾਲ ਤੋਂ ਗੋਤਾ ਫਤਹਿਗੜ੍ਹ ਤਕਰੀਬਨ 8 ਕਿਲੋਮੀਟਰ ਦੀ ਵਿੱਥ 'ਤੇ ਸੀ। ਘਰੋਂ ਸਕੂਲ ਜਾਂਦਿਆਂ-ਆਉਂਦਿਆਂ ਨੂੰ ਰਾਹ ਵਿੱਚ ਫੌਜੀ ਮਿਲਦੇ ਹੁੰਦੇ ਸਨ। ਫੌਜੀਆਂ ਵਿੱਚ ਸਿੱਖ ਅਤੇ ਮੁਸਲਮਾਨ ਵੀ ਹੁੰਦੇ ਸਨ। ਸਿੱਖ-ਫੌਜੀਆਂ ਦੇ ਸਿਰਾਂ 'ਤੇ ਸੱਜੀਆਂ ਸੋਹਣੀਆਂ ਦਸਤਾਰਾਂ ਅਤੇ ਸੁਹੱਪਣ ਨੱਥੂ ਰਾਮ ਨੂੰ ਪ੍ਰਭਾਵਿਤ ਕਰਦਾ ਸੀ। ਹਰ ਰੋਜ਼ ਦੇ ਇਸ ਸਿਲਸਲੇ ਕਰਕੇ ਨੱਥੂ ਰਾਮ ਦੇ ਮਨ ਵਿੱਚ ਕੇਸ ਰੱਖਣ ਅਤੇ ਸੁਹਣੀ ਦਸਤਾਰ ਸਜਾਉਣ ਦੇ ਵਿਚਾਰ ਆਉਣ ਲੱਗੇ। ਇਸ ਦਿਲੀ-ਵਲਵਲੇ ਨੂੰ ਨੱਥੂਰਾਮ ਨੇ ਜਮਾਤੀ-ਮਿੱਤਰ ਤੁਲਸੀ ਰਾਮ ਨਾਲ ਸਾਂਝਾ ਕੀਤਾ। ਤੁਲਸੀ ਰਾਮ ਨੇ ਵੀ ਨੱਥੂ ਰਾਮ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ। ਆਖ਼ਰ ਫ਼ੈਸਲਾ ਹੋਇਆ, ਦੋਵੇਂ ਕੇਸ ਰੱਖ ਸਾਬਤ-ਸੂਰਤ ਕੇਸਾਧਾਰੀ ਬਣ ਜਾਣਗੇ। ਦੋਹਾਂ ਨੇ ਆਪਣੇ-ਆਪਣੇ ਨਾਮ ਵੀ ਚੁਣ ਲਏ। ਨੱਥੂ ਰਾਮ ਨੇ ਆਪਣਾ ਨਾਮ 'ਸਾਹਿਬ ਸਿੰਘ' ਚੁਣਿਆ ਅਤੇ ਤੁਲਸੀ ਰਾਮ ਨੇ ਆਪਣਾ ਨਾਮ 'ਜਗਜੋਧ ਸਿੰਘ' ਰੱਖ ਲਿਆ।

ਨੱਥੂ ਰਾਮ ਦਾ ਇੱਕ ਨਜ਼ਦੀਕੀ ਰਿਸ਼ਤੇਦਾਰ(ਦਾਦੀ ਦੀ ਭੈਣ ਦਾ ਦੋਹਤਰਾ) ਜਿਸਦਾ ਨਾਮ 'ਮਹਾਰਾਜ' ਸੀ। ਚੜ੍ਹਦੀ-ਉਮਰ ਵਿੱਚ ਹੀ ਉਹ ਸਾਧੂ ਬਣ ਗਿਆ ਸੀ। ਪਰ ਸਮਾਂ ਪਾ ਕੇ, ਸਿੱਖੀ ਦੇ ਸੁਨਹਿਰੀ ਅਸੂਲਾਂ ਤੋਂ ਪ੍ਰਭਾਵਿਤ ਹੋ ਕੇ, ਉਹ ਸਿੰਘ ਸਜ ਗਿਆ ਅਤੇ ਆਪਣਾ ਨਾਂ ਬਦਲ ਕੇ 'ਧਰਮ ਸਿੰਘ' ਰੱਖ ਲਿਆ। ਇਕ ਦਿਨ ਧਰਮ-ਸਿੰਘ, ਨੱਥੂ ਰਾਮ ਦੇ ਘਰ ਆਇਆ। ਨੱਥੂ ਰਾਮ, ਧਰਮ ਸਿੰਘ ਨੂੰ ਸਿੱਖੀ ਸਰੂਪ ਵਿੱਚ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ। ਕੇਸ-ਰੱਖਣ ਅਤੇ ਸਿੰਘ ਸਜਣ ਦੇ ਜਿਹੜੇ ਸੰਸਕਾਰ, ਮਿਡਲ ਸਕੂਲ ਦੀ ਪੜ੍ਹਾਈ ਦੌਰਾਨ ਜਨਮੇ ਸਨ, ਉਹ ਮੁੜ ਕੇ ਸੁਰਜੀਤ ਹੋ ਗਏ। ਨੱਥੂ ਰਾਮ ਨੇ ਆਪਣੇ ਵਲਵਲੇ ਧਰਮ ਸਿੰਘ ਨਾਲ ਸਾਂਝੇ ਕੀਤੇ ਅਤੇ ਤੁਲਸੀ ਰਾਮ ਦਾ ਵੀ ਜ਼ਿਕਰ ਕੀਤਾ। ਧਰਮ ਸਿੰਘ ਨੇ ਹੱਲਾ-ਸ਼ੇਰੀ ਦਿੱਤੀ। ਸੰਨ 1906 ਵਿੱਚ ਧਰਮ ਸਿੰਘ ਦੇ ਸਹਿਯੋਗ ਸਦਕਾ ਨੱਥੂ ਰਾਮ ਅਤੇ ਤੁਲਸੀ ਰਾਮ ਸਿੰਘ-ਸਭਾ ਦੇ ਦੀਵਾਨ ਵਿੱਚ ਹਾਜ਼ਰ ਹੋਏ ਅਤੇ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ। ਉਹਨਾਂ ਨੇ ਆਪਣੇ ਚੁਣੇ ਹੋਏ ਨਾਂ 'ਸਾਹਿਬ ਸਿੰਘ' ਅਤੇ 'ਜਗਜੋਧ ਸਿੰਘ' ਰੱਖ ਲਏ।

ਪ੍ਰੋ. ਸਾਹਿਬ ਸਿੰਘ ਦੀ ਜੀਵਨੀ 'ਮੇਰੀ ਜੀਵਨ ਕਹਾਣੀ' ਵਿੱਚ ਮਿਲਦੇ ਵੇਰਵੇ ਮੁਤਾਬਿਕ, ਜ਼ਿਲ੍ਹਾ ਸਿਆਲਕੋਟ ਵਿੱਚ ਉਸ ਸਮੇਂ ਕੁੱਲ੍ਹ ਚਾਰ ਮਿਡਲ ਸਕੂਲ ਸਨ। ਅੱਠਵੀਂ ਜਮਾਤ ਦਾ ਇਮਤਿਹਾਨ ਜਨਵਰੀ 1905 ਵਿੱਚ ਸਿਆਲਕੋਟ ਵਿੱਚ ਹੋਇਆ। ਪੂਰੀ ਰਾਵਲਪਿੰਡੀ ਵਿੱਚ ਨੱਥੂ ਰਾਮ ਪਹਿਲੇ ਦਰਜ਼ੇ 'ਤੇ ਆਇਆ। ਇਸ ਉਪਲਬਧੀ ਵਜੋਂ ਛੇ ਰੁਪਏ ਮਹੀਨਾ ਵਜ਼ੀਫਾ ਵੀ ਮਿਲਿਆ। ਆਮ ਵਜ਼ੀਫਾ ਚਾਰ ਰੁਪਏ ਹੁੰਦਾ ਸੀ ਪਰ ਅੱਵਲ ਆਉਣ ਕਾਰਣ ਸਾਰਿਆਂ ਤੋਂ ਵੱਧ ਵਜ਼ੀਫਾ ਨੱਥੂ ਰਾਮ ਨੂੰ ਮਿਲਣਾ, ਉਸ ਦੀ ਸਖ਼ਤ ਮਿਹਨਤ ਦਾ ਪ੍ਰਤੱਖ ਸਬੂਤ ਸੀ।

ਨੱਥੂ ਰਾਮ ਦੀ ਲਿਆਕਤ ਅਤੇ ਮਸ਼ੱਕਤ ਨੇ ਪਿਤਾ ਹੀਰਾਨੰਦ ਨੂੰ ਹੋਰ ਹੌਂਸਲਾ ਬਖਸ਼ਿਆ। ਘਰ ਵਿੱਚ ਅੱਤ ਦੀ ਗਰੀਬੀ ਹੋਣ ਦੇ ਬਾਵਜੂਦ ਵੀ ਪਿਤਾ ਹੀਰਾਨੰਦ ਨੇ ਹੌਂਸਲਾ ਕਰਕੇ ਨੱਥੂ ਰਾਮ ਨੂੰ 'ਪਸਰੂਰ' ਹਾਈ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਇਹ ਸਕੂਲ ਪਿੰਡ ਥਰਪਾਲ ਤੋਂ 35 ਕਿਲੋਮੀਟਰ ਦੀ ਦੂਰੀ 'ਤੇ ਸੀ।

ਸਾਹਿਬ ਸਿੰਘ ਨੂੰ ਪੰਜਾਬੀ ਨਹੀਂ ਸੀ ਆਉਂਦੀ, ਕਿਉਂਕਿ ਉਹਨਾਂ ਦਿਨਾਂ ਵਿੱਚ ਉਰਦੂ-ਫ਼ਾਰਸੀ ਵਿੱਚ ਹੀ ਪੜ੍ਹਾਈ ਕਰਾਈ ਜਾਂਦੀ ਸੀ। ਸਾਹਿਬ ਸਿੰਘ ਨੇ ਸਿੱਖ ਬਣਨ ਤੋਂ ਬਾਅਦ ਪੰਜਾਬੀ ਦੇ ਸਾਰੇ ਅੱਖਰ ਸਿੱਖ ਕੇ ਗੁਟਕੇ ਤੋਂ ਪਾਠ ਕਰਨਾ ਆਰੰਭ ਕੀਤਾ। ਪੰਜਾਬੀ ਸਿੱਖਣ ਤੋਂ ਬਾਅਦ ਸਾਹਿਬ ਸਿੰਘ ਨੇ ਮਨ ਬਣਾਇਆ ਕਿ ਸੰਸਕ੍ਰਿਤ ਸਿੱਖੀ ਜਾਏ। ਇਸ ਫੈਂਸਲੇ ਬਾਰੇ ਸਾਰੇ ਜਮਾਤੀਆਂ ਨੇ ਵਰਜਿਆ ਕਿ ਨੌਵੀਂ ਦੀ ਪੜ੍ਹਾਈ ਵਿੱਚ ਸੰਸਕ੍ਰਿਤ (ਨਵਾਂ ਮਜ਼ਮੂਨ) ਨਹੀਂ ਪੜ੍ਹ ਸਕੇਂਗਾ। ਐਪਰ ਦ੍ਰਿੜ੍ਹ ਇਰਾਦੇ ਨਾਲ ਸਾਹਿਬ ਸਿੰਘ ਨੇ 'ਦੇਵਨਾਗਰੀ' ਦੇ ਸਾਰੇ ਅੱਖਰ ਸਿੱਖ ਲਏ। ਵਰਨ-ਮਾਲਾ ਸਿੱਖਣ ਉਪਰੰਤ ਸਾਹਿਬ ਸਿੰਘ ਸੰਸਕ੍ਰਿਤ



Downloaded from https:// www.studiestoday.com

Downloaded from https:// www.studiestoday.com

ਸਿਖਾਉਣ ਵਾਲੇ ਪੰਡਿਤ ਨੂੰ ਮਿਲਿਆ। ਪੰਡਿਤ ਨੇ ਦੋ ਕਿਤਾਬਾਂ 'ਲਘੂ-ਕੋਸ਼' ਅਤੇ 'ਅਮਰ-ਕੋਸ਼' ਪੜ੍ਹਨ ਲਈ ਦਿੱਤੀਆਂ। ਸਾਹਿਬ ਸਿੰਘ ਨੇ ਦਿਨ-ਰਾਤ ਮਿਹਨਤ ਕਰਕੇ, ਸੰਸਕ੍ਰਿਤ ਦਾ ਤਿੰਨ-ਸਾਲਾ ਸਿਲੇਬਸ ਤਿੰਨ ਮਹੀਨਿਆਂ ਵਿੱਚ ਹੀ ਮੁਕਾ ਲਿਆ। ਨੌਂਵੀਂ ਜਮਾਤ ਦਾ ਪਹਿਲਾ ਤ੍ਰੈ-ਮਾਸਿਕ ਇਮਤਿਹਾਨ ਹੋਇਆ ਤਾਂ ਸਾਹਿਬ ਸਿੰਘ ਸੰਸਕ੍ਰਿਤ ਵਿੱਚ ਪਹਿਲੇ ਦਰਜ਼ੇ 'ਤੇ ਆਇਆ।

ਸਾਹਿਬ ਸਿੰਘ ਨੌਂਵੀਂ ਜਮਾਤ ਵਿੱਚ ਪੜ੍ਹ ਰਿਹਾ ਸੀ ਤੇ ਉਮਰ ਸਿਰਫ 15 ਸਾਲਾਂ ਦੀ ਹੀ ਸੀ ਕਿ ਉਸ ਦਾ ਵਿਆਹ ਕਰ ਦਿੱਤਾ ਗਿਆ। ਸਾਹਿਬ ਸਿੰਘ ਦੇ ਦੋ ਛੋਟੇ ਭਰਾ ਅਤੇ ਤਿੰਨ ਛੋਟੀਆਂ ਭੈਣਾਂ ਸਨ। ਵਿਆਹ ਤੋਂ ਕੁੱਝ ਸਮਾਂ ਬਾਅਦ ਹੀ ਪਿਤਾ ਜੀ ਅਕਾਲ-ਚਲਾਣਾ ਕਰ ਗਏ। ਪਿਤਾ ਦੀ ਮੌਤ ਕਾਰਨ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਦੀ ਪੰਜਾਲੀ ਸਭ ਤੋਂ ਵੱਡੇ ਸਾਹਿਬ ਸਿੰਘ ਤੇ ਆਣ ਪਈ। ਸਿਦਕ ਅਤੇ ਸਬਰ ਦੇ ਧਾਰਨੀ ਸਾਹਿਬ ਸਿੰਘ ਨੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆਂ, ਆਪਣੀ ਪੜ੍ਹਾਈ ਜਾਰੀ ਰੱਖੀ। ਦਸਵੀਂ ਦੇ ਇਮਤਿਹਾਨ ਵਿੱਚ ਵੀ ਸਾਹਿਬ ਸਿੰਘ ਅੱਵਲ ਦਰਜ਼ੇ 'ਤੇ ਆਇਆ।

ਸਾਹਿਬ ਸਿੰਘ ਨੇ ਡਾਕਖ਼ਾਨੇ ਵਿੱਚ ਨੌਕਰੀ ਲਈ ਦਰਖ਼ਾਸਤ ਭੇਜੀ ਹੋਈ ਸੀ। ਉੱਥੋਂ ਉਸ ਨੂੰ ਇੰਟਰਵਿਊ ਲਈ ਸੱਦਾ ਆ ਗਿਆ। ਜਿਸ ਖਾਤਰ ਉਸ ਨੂੰ ਸਿਆਲਕੋਟ ਬੁਲਾਇਆ ਗਿਆ ਸੀ। ਉਸ ਨੇ ਜਾਣ ਦਾ ਮਨ ਬਣਾ ਲਿਆ ਪਰ ਆਰਥਿਕ ਤੰਗੀ ਫਿਰ ਇਸ ਵਿੱਚ ਰੁਕਾਵਟ ਬਣ ਗਈ। ਸੋ ਉਸ ਨੇ ਆਪਣੇ ਗੁਆਂਢ ਵਿੱਚ ਰਹਿਣ ਵਾਲੀ ਇਸਤਰੀ (ਜਿਸ ਦਾ ਨਾਂ ਭਾਨੀ ਦੱਸਿਆ ਗਿਆ ਹੈ) ਪਾਸੋਂ 20 ਰੁਪਏ ਉਧਾਰ ਲੈ ਕੇ ਨਵੀਂ ਜੁੱਤੀ ਬਣਵਾ ਕੇ, ਸਿਆਲਕੋਟ ਨੂੰ ਚਾਲਾ ਪਾ ਦਿੱਤਾ। ਤੁਰਦੇ-ਤੁਰਦੇ ਸ਼ਾਮ ਪੈ ਗਈ ਸੀ। ਥੱਕ ਹਾਰ ਕੇ ਸਾਹਿਬ ਸਿੰਘ ਪਸਰੂਰ ਦੇ ਲਾਗੇ ਬੋਰਡਿੰਗ ਹਾਊਸ ਦੇ ਸਾਹਮਣੇ ਸੜਕ ਉੱਤੇ ਹੀ ਲੰਮਾ ਪੈ ਗਿਆ। ਅਚਾਨਕ ਸਕੂਲ ਦੇ ਡੱਰਿਲ ਮਾਸਟਰ ਪ੍ਰਗਟ ਸਿੰਘ ਉਧਰੋਂ ਲੰਘੇ। ਉਹਨਾਂ ਤੁਰੰਤ ਸਾਹਿਬ ਸਿੰਘ ਨੂੰ ਪਛਾਣ ਲਿਆ ਅਤੇ ਹੈਰਾਨ ਹੋ ਕੇ ਉਸਦਾ ਹਾਲ-ਚਾਲ ਪੁੱਛਿਆ। ਸਾਹਿਬ ਸਿੰਘ ਨੇ ਰੋ-ਰੋ ਕੇ ਸਾਰੀ ਵਿੱਥਿਆ ਸੁਣਾ ਦਿੱਤੀ । ਪ੍ਰਗਟ ਸਿੰਘ ਬੜੇ ਹੀ ਨੇਕ-ਦਿਲ ਇਨਸਾਨ ਸਨ, ਉਹਨਾਂ ਆਪਣੇ ਪਾਸੋਂ ਸਾਹਿਬ ਸਿੰਘ ਨੂੰ ਦੋ ਰੁਪਏ ਦਿੱਤੇ ਅਤੇ ਉਸਨੂੰ ਯੱਕੇ ਤੇ ਬਿਠਾ ਕੇ ਆਏ। ਉਸ ਨੇ ਸਿਆਲਕੋਟ ਪਹੁੰਚ ਕੇ ਗੁਰਦੁਆਰੇ ਰਾਤ ਕੱਟੀ ਅਤੇ ਦਫ਼ਤਰ ਜਾ ਕੇ ਇੰਟਰਵਿਊ ਦਿੱਤੀ। ਉਸ ਨੇ ਫ਼ਾਰਸੀ, ਗੁਰਮੁਖੀ, ਦੇਵਨਾਗਰੀ, ਲੰਡੇ ਅਤੇ ਅੰਗ੍ਰੇਜ਼ੀ ਲਿਪੀਆਂ ਸੰਬੰਧੀ ਆਪਣੇ ਗਿਆਨ ਬਾਰੇ ਦੱਸਿਆ। ਸੁਪਰਡੈਂਟ ਇਹ ਸੁਣ ਬਹੁਤ ਖੁਸ਼ ਹੋਇਆ, ਸਾਹਿਬ ਸਿੰਘ ਨੂੰ ਡਾਕਖਾਨੇ ਦੀ ਨੌਕਰੀ 'ਤੇ ਰੱਖ ਲਿਆ।

ਸਾਹਿਬ ਸਿੰਘ ਦੇ ਮਨ ਅੰਦਰ ਪੜ੍ਹਾਈ ਕਰਨ ਦੀ ਰੁਚੀ ਅਜੇ ਵੀ ਪ੍ਰਬਲ ਸੀ। ਅਖੀਰ ਉਸ ਨੇ ਡਾਕਖਾਨੇ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਘਰ-ਪਰਿਵਾਰ ਵਾਲੇ ਬਹੁਤ ਘਬਰਾਏ ਅਤੇ ਰੋਏ ਕਿ ਸਾਹਿਬ ਸਿੰਘ ਨੇ ਨੌਕਰੀ ਨੂੰ ਐਵੇਂ ਹੀ ਲੱਤ ਮਾਰ ਦਿੱਤੀ ਪਰੰਤੂ ਸਾਹਿਬ ਸਿੰਘ ਇਸ ਉਦਾਸ ਪਰਿਵਾਰਕ ਮਾਹੌਲ ਦੀ ਪਰਵਾਹ ਕੀਤੇ ਬਗ਼ੈਰ ਲਾਹੌਰ ਚਲਾ ਗਿਆ ਅਤੇ ਕਾਲਜ ਵਿੱਚ ਜਾ ਦਾਖਲਾ ਲਿਆ। ਕਾਲਜ ਦੀ ਪੜ੍ਹਾਈ ਦੌਰਾਨ ਕਈ ਭਲੇ ਪੁਰਸ਼ਾਂ ਨੇ ਸਾਹਿਬ ਸਿੰਘ ਦੀ ਵਿੱਤੀ ਮਦਦ ਕੀਤੀ। ਪੜ੍ਹਾਈ ਵਿੱਚ ਲਾਇਕ ਹੋਣ ਕਰਕੇ, ਸਾਹਿਬ ਸਿੰਘ ਨੂੰ ਵਜ਼ੀਫ਼ਾ ਵੀ ਮਿਲਿਆ ਅਤੇ ਕਾਲਜ ਦੀ ਬੀ.ਏ ਦੀ ਫ਼ੀਸ ਵੀ ਮੁਆਫ਼ ਹੋ ਗਈ। ਸੰਨ 1915 ਵਿੱਚ ਬੀ.ਏ ਮੁਕੰਮਲ ਹੋਈ, ਸਾਹਿਬ ਸਿੰਘ ਕਾਲਜ਼ 'ਚ ਸੰਸਕ੍ਰਿਤ ਵਿੱਚੋਂ ਪਹਿਲੇ ਦਰਜ਼ੇ 'ਤੇ ਆਇਆ।

ਸਰਗੋਧਾ ਜ਼ਿਲੇ 'ਚ ਫਰੂਕਾ ਨਗਰ ਵਿੱਚ ਇਕ ਖਾਲਸਾ ਹਾਈ ਸਕੂਲ ਖੁੱਲ੍ਹਿਆ। ਉਸ ਸਕੂਲ ਵਿੱਚ ਇਕ ਮਾਸਟਰ ਦੀ ਜ਼ਰੂਰਤ ਸੀ। ਸਾਹਿਬ ਸਿੰਘ ਦੇ ਅਰਜ਼ੀ ਭੇਜਣ 'ਤੇ ਉਸ ਨੂੰ 75 ਰੁਪਏ ਦੀ ਤਨਖ਼ਾਹ ਉੱਤੇ ਸਕੂਲ ਵਿੱਚ ਰੱਖ ਲਿਆ ਗਿਆ। 8 ਸਤੰਬਰ 1915 ਨੂੰ ਸਕੂਲ ਵਿੱਚ ਡਿਊਟੀ ਆਰੰਭ



Downloaded from https:// www.studiestoday.com

Downloaded from https:// www.studiestoday.com

ਕੀਤੀ। ਇਸ ਸਕੂਲ ਵਿੱਚ ਸਾਹਿਬ ਸਿੰਘ ਨੇ 3 ਮਈ 1917 ਤੱਕ ਕੰਮ ਕੀਤਾ। ਪਰਿਵਾਰ ਉੱਤੇ ਚੜ੍ਹੇ ਕਰਜ਼ ਨੂੰ ਲਾਹਿਆ। ਸਾਰਿਆਂ ਤੋਂ ਲਏ ਪੈਸੇ ਵਿਆਜ ਸਮੇਤ ਮੋੜ ਦਿੱਤੇ। ਸਾਰੇ ਕਰਜ਼ ਲਾਹੁਣ ਮਗਰੋਂ ਕੁੱਝ ਰਕਮ ਘਰ ਦੀ ਹੱਟੀ 'ਤੇ ਵੀ ਲਾਈ। 5 ਮਈ 1917 ਨੂੰ ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਾ ਵਿੱਚ ਨੌਕਰੀ ਕਰ ਲਈ । ਕਾਲਜ ਵਿੱਚ ਉਹਨਾਂ ਨੂੰ ਸੰਸਕ੍ਰਿਤ ਅਤੇ ਗੁਰਬਾਣੀ ਪੜਾਉਣ ਦਾ ਮੌਕਾ ਮਿਲਿਆ।

ਸੰਨ 1920 ਵਿੱਚ ਸਰਦਾਰ ਜੋਧ ਸਿੰਘ ਕਾਲਜ ਦੇ ਪ੍ਰਿੰਸੀਪਲ ਬਣੇ। ਪ੍ਰਿੰਸੀਪਲ ਤੋਂ ਪਹਿਲਾਂ ਜੋਧ ਸਿੰਘ ਜੀ ਧਾਰਮਿਕ ਸਿੱਖਿਆ ਦੇ ਪ੍ਰੋਫ਼ੈਸਰ ਸਨ। ਸਾਹਿਬ ਸਿੰਘ ਨੂੰ ਜੋਧ ਸਿੰਘ ਆਪਣੀਆਂ ਅਤੇ ਹੋਰ ਵਿਦਵਾਨਾਂ ਦੀਆਂ ਲਿਖੀਆਂ ਪੁਸਤਕਾਂ ਪੜ੍ਹਨ ਲਈ ਦੇਣ ਲੱਗੇ ਤਾਂ ਜੋ ਸਾਹਿਬ ਸਿੰਘ ਦੀ ਰੁਚੀ ਗੁਰਮਤਿ ਵੱਲ ਉਤਸ਼ਾਹਿਤ ਹੋਵੇ। ਕਾਲਜ ਦੇ ਗੁਰਦੁਆਰੇ ਵਿੱਚ ਜੋਧ ਸਿੰਘ ਕਥਾ ਕਰਿਆ ਕਰਦੇ ਸਨ। ਸਾਹਿਬ ਸਿੰਘ ਉਹਨਾਂ ਨੂੰ ਹਰ ਰੋਜ਼ ਸੁਣਿਆ ਕਰਦੇ, ਨਾਲ-ਨਾਲ ਜ਼ਰੂਰੀ ਗੱਲਾਂ ਕਾਪੀ 'ਤੇ ਨੋਟ ਕਰ ਲੈਂਦੇ। ਸੰਸਕ੍ਰਿਤ, ਫ਼ਾਰਸੀ ਆਦਿ ਭਾਸ਼ਾਵਾਂ ਵਿੱਚ ਨਿਪੁੰਨਤਾ ਹੋਣ ਕਰਕੇ ਸਾਹਿਬ ਸਿੰਘ ਨੂੰ ਬਹੁਤ ਛੇਤੀ ਹੀ ਭਾਸ਼ਾਈ ਤੌਰ 'ਤੇ ਬੜੀ ਨਿੱਗਰ ਜਾਣਕਾਰੀ ਪ੍ਰਾਪਤ ਹੋਣ ਲੱਗ ਪਈ। ਸਾਹਿਬ ਸਿੰਘ ਨੇ ਸਭ ਤੋਂ ਪਹਿਲਾਂ 'ਧਰਮ ਅਤੇ ਸਦਾਚਾਰ' ਲੇਖ ਲਿਖਿਆ। ਇਹ ਲੇਖ ਸਿੱਖ ਜਗਤ ਵਿੱਚ ਬਹੁਤ ਸਲਾਹਿਆ ਗਿਆ।

ਖਾਲਸਾ ਹਾਈ ਸਕੂਲ, ਗੁਜਰਾਂਵਾਲਾ ਦੇ ਗੁਰਦੁਆਰੇ ਵਿੱਚ ਦਸੰਬਰ 1920 'ਚ ਅਖੰਡ-ਪਾਠ ਅਰੰਭ ਹੋਇਆ। ਪਾਠ ਕਰਨ ਵਾਲਿਆਂ 'ਚ ਸਾਹਿਬ ਸਿੰਘ ਵੀ ਸ਼ਾਮਿਲ ਸੀ। ਪਾਠ ਕਰਦਿਆਂ ਸਾਹਿਬ ਸਿੰਘ ਨੇ ਕਈ ਪੰਗਤੀਆਂ ਗੌਰ ਕੀਤੀਆਂ, ਜਿੰਨ੍ਹਾਂ ਵਿੱਚੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾਂ 965 'ਤੇ ਇੱਕ ਪੰਗਤੀ ਵਿਸ਼ੇਸ਼ ਕਰਕੇ ਦ੍ਰਿਸ਼ਟੀਗੋਚਰ ਹੁੰਦੀ ਹੈ-

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ॥

ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ॥

ਉਪਰੋਕਤ ਪੰਗਤੀ ਵਿੱਚ 'ਆਹਰ' ਸ਼ਬਦ ਕਈ ਰੂਪਾਂ ਵਿੱਚ ਨਜ਼ਰੀਂ ਪੈਂਦਾ ਹੈ। ਇਥੋਂ ਸਾਹਿਬ ਸਿੰਘ ਨੂੰ ਗੁਰਬਾਣੀ ਵਿਆਕਰਨ ਵੱਲ ਲਗਨ ਲੱਗੀ। ਉਸ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਕੇ ਵਿਆਕਰਨ ਸੰਬੰਧੀ ਨੁਕਤੇ ਨੋਟ ਕਰਨੇ ਆਰੰਭ ਕੀਤੇ। ਸੰਸਕ੍ਰਿਤ ਤੇ ਫ਼ਾਰਸੀ ਵਿਆਕਰਨਾਂ ਵਿੱਚ ਮੁਹਾਰਤ ਹੋਣ ਕਾਰਨ, ਬਹੁਤ ਛੇਤੀ ਹੀ ਗੁਰਬਾਣੀ ਵਿਆਕਰਨ ਸੰਬੰਧੀ ਸੂਝ ਵਧ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੀਤ ਸਕੱਤਰ ਦੀ ਲੋੜ ਸੀ। ਸਾਹਿਬ ਸਿੰਘ ਨੇ ਖਾਲਸਾ ਕਾਲਜ, ਗੁਜਰਾਂਵਾਲਾ ਨੂੰ ਅਸਤੀਫ਼ਾ ਭੇਜ ਦਿੱਤਾ ਅਤੇ ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਵਿਖੇ ਮੀਤ ਸਕੱਤਰ ਲੱਗ ਗਏ। ਸ਼੍ਰੋਮਣੀ ਕਮੇਟੀ ਦੀ ਨੌਕਰੀ ਕਰਦਿਆਂ ਕਈ ਮੋਰਚੇ ਲੱਗੇ। ਜਿਵੇਂ-'ਦਰਬਾਰ ਸਾਹਿਬ ਦੀਆਂ ਚਾਬੀਆਂ ਦਾ ਮੋਰਚਾ', 'ਗੁਰੂ ਕੇ ਬਾਗ ਦਾ ਮੋਰਚਾ' ਆਦਿ-ਆਦਿ। ਗੁਰੂ ਕੇ ਬਾਗ ਦੇ ਮੋਰਚੇ ਵਿੱਚ ਸਾਹਿਬ ਸਿੰਘ 26 ਅਗਸਤ 1922 ਨੂੰ ਗ੍ਰਿਫਤਾਰ ਕਰ ਲਿਆ ਗਿਆ। 14 ਮਾਰਚ 1923 ਤੱਕ ਜੇਲ੍ਹ ਵਿੱਚ ਰਿਹਾ। ਆਖ਼ਰ ਮੋਰਚਿਆਂ ਵਿੱਚ ਸਿੰਘਾਂ ਦੀ ਜਿੱਤ ਹੋਈ ਅਤੇ ਅੰਗਰੇਜ ਸਰਕਾਰ ਨੂੰ ਮੂੰਹ ਦੀ ਖਾਣੀ ਪਈ। 1929 ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਉਹਨਾ ਨੂੰ ਨੌਕਰੀ ਮਿਲ ਗਈ। ਕਾਲਜ ਵਿੱਚ ਕਈ ਵਿਦਵਾਨ ਸੱਜਣ ਮਿਲੇ। ਜਿਸ ਸਦਕਾ ਹਰ ਰੋਜ਼ ਕਥਾ ਅਤੇ ਗੁਰਮਤਿ ਵਿਚਾਰ ਹੁੰਦੀ; ਸਾਹਿਬ ਸਿੰਘ ਗੁਰਬਾਣੀ ਵਿਆਕਰਨ ਦੇ ਨੁਕਤੇ ਸਮੂਹ ਵਿਦਵਾਨ ਸੱਜਣਾਂ ਨਾਲ ਸਾਂਝੇ ਕਰਦਾ ਰਹਿੰਦਾ ਸੀ। ਉਸ ਵੱਲੋਂ ਸਭ ਤੋਂ ਪਹਿਲਾਂ 1930 ਵਿੱਚ 'ਭੱਟ ਸਵੱਈਏ ਸਟੀਕ' ਅਤੇ 'ਜਪੁ ਸਟੀਕ' ਸ਼੍ਰੋਮਣੀ ਕਮੇਟੀ ਦੀ ਮਦਦ



Downloaded from https:// www.studiestoday.com

Downloaded from https:// www.studiestoday.com

ਨਾਲ ਛਾਪੇ ਗਏ। ਸਿੱਖ ਜਗਤ ਵਿੱਚ ਇਸ ਸੇਵਾ ਨੂੰ ਬਹੁਤ ਮਾਣ ਦਿੱਤਾ ਗਿਆ।

ਸੰਨ 1931 ਵਿੱਚ ਸ਼੍ਰੋਮਣੀ ਕਮੇਟੀ ਨੇ ਅਖ਼ਬਾਰਾਂ ਰਾਹੀਂ ਇਹ ਐਲਾਨ ਕੀਤਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਭ ਤੋਂ ਵਧੀਆ ਵਿਆਕਰਨ ਲਿਖਣ ਵਾਲੇ ਨੂੰ ਇੱਕ ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਕਾਰਜ ਲਈ ਸਮਾਂ ਇੱਕ ਸਾਲ ਨਿਯਤ ਕੀਤਾ ਗਿਆ। ਸਾਹਿਬ ਸਿੰਘ ਜੀ ਉਪਰੋਕਤ ਵਿਸ਼ੇ ਦੀ ਖੋਜ਼ ਵਿੱਚ 1920 ਤੋਂ ਹੀ ਲੱਗੇ ਹੋਏ ਸੀ। ਸਿਹਤ ਬਹੁਤ ਖਰਾਬ ਹੁੰਦਿਆਂ ਵੀ ਉਹਨਾਂ ਇਹ ਕਾਰਜ ਬੰਦ ਨਹੀਂ ਕੀਤਾ। 1932 ਵਿੱਚ ਉਹਨਾਂ ਬਹੁਤ ਮਿਹਨਤ ਕਰਕੇ ਇਸ ਕਾਰਜ ਨੂੰ ਇਕ ਪੁਸਤਕ ਦੇ ਰੂਪ ਵਿੱਚ ਮੁਕੰਮਲ ਕਰ ਲਿਆ। ਇਸ ਪੁਸਤਕ ਨੇ ਸਿੱਖ ਜਗਤ ਵਿੱਚ ਭਰਪੂਰ ਮਾਣ ਖੱਟਿਆ। ਵਿਆਕਰਨਕਾਰਾਂ ਵਿੱਚ ਵੀ ਉਕਤ ਪੁਸਤਕ ਦੀ ਸ਼ਲਾਘਾ ਬਹੁਤ ਜ਼ੋਰ-ਸ਼ੋਰ ਨਾਲ ਹੋਈ। ਸ਼੍ਰੋਮਣੀ ਕਮੇਟੀ ਨੇ ਆਪਣੇ ਕੀਤੇ ਐਲਾਨ ਅਨੁਸਾਰ ਸਾਹਿਬ ਸਿੰਘ ਨੂੰ ਇੱਕ ਹਜ਼ਾਰ ਦਾ ਇਨਾਮ ਦੇ ਦਿੱਤਾ।

ਕਾਲਜ ਵਿੱਚ ਪੜ੍ਹਾਉਂਦਿਆਂ ਹੋਇਆਂ 1947 ਈ. ਤੱਕ ਉਸ ਨੇ ਗੁਰਬਾਣੀ ਵਿਆਕਰਨ ਦੇ ਆਧਾਰ 'ਤੇ ਕਈ ਬਾਣੀਆਂ ਦੇ ਟੀਕੇ ਲਿਖ ਕੇ ਛਪਵਾ ਦਿੱਤੇ। ਗੁਰਬਾਣੀ ਵਿਆਕਰਨ ਨੇਮਾਂ ਉੱਪਰ ਆਧਾਰਿਤ ਅਤੇ ਸਿਧਾਂਤਕ ਪੱਖੋਂ ਬਹੁਤ ਸਪਸ਼ਟ ਹੋਣ ਕਾਰਨ ਉਪਰੋਕਤ ਅਰਥਾਂ ਨੂੰ ਬਹੁਤ ਸਲਾਹਿਆ ਗਿਆ। 1951 ਤੋਂ ਬਾਅਦ ਸਾਹਿਬ ਸਿੰਘ ਜੀ ਨੇ ਗੁਰ-ਇਤਿਹਾਸ ਲਿਖਣਾ ਸ਼ੁਰੂ ਕੀਤਾ। 12 ਅਕਤੂਬਰ 1952 ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਰਿਟਾਇਰ ਹੋ ਗਏ। ਰਿਟਾਇਰ ਹੁੰਦਿਆਂ ਹੀ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬਣੇ। ਕਾਲਜ ਦੀ ਸੇਵਾ ਨਿਭਾਉਂਦਿਆ ਦਸ ਗੁਰੂ ਸਾਹਿਬਾਨਾਂ ਦਾ ਇਤਿਹਾਸ ਲਿਖ ਕੇ ਪ੍ਰਕਾਸ਼ਿਤ ਕਰਵਾਇਆ।

ਉਸ ਨੇ ਜਨਵਰੀ 1957 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਟੀਕ ਲਿਖਣਾ ਪ੍ਰਾਰੰਭ ਕੀਤਾ। ਲਗਾਤਾਰ ਬੈਠਕ ਨਾਲ ਸਿਹਤ ਵਿਗੜ ਗਈ ਪਰ ਉਸਨੇ ਸਟੀਕ ਦਾ ਕੰਮ ਜਾਰੀ ਰੱਖਿਆ। 16 ਫ਼ਰਵਰੀ 1962 ਨੂੰ ਪਹਿਲੀ ਪੋਥੀ ਛਪ ਗਈ, ਜਿਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ 1 ਪੰਨੇ ਤੋਂ ਲੈ ਕੇ 150 ਪੰਨਿਆਂ ਤੱਕ ਵਿਆਖਿਆ ਕੀਤੀ ਗਈ ਸੀ। ਉਸ ਦੀ ਸਿਹਤ ਖਰਾਬ ਹੋਣ ਕਾਰਨ ਕਈ ਵਾਰ ਲਿਖਣ ਕਾਰਜ ਰੁਕ ਵੀ ਜਾਂਦਾ, ਜਦੋਂ ਉਹ ਆਪਣੇ ਆਪ ਨੂੰ ਠੀਕ ਮਹਿਸੂਸ ਕਰਦਾ, ਤਾਂ ਫਿਰ ਲਿਖਣਾ ਆਰੰਭ ਕਰ ਦਿੰਦਾ। ਨਵੰਬਰ 1964 ਨੂੰ ਦਸਵੀਂ ਪੋਥੀ ਪ੍ਰਕਾਸ਼ਿਤ ਹੋਣ ਨਾਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸਟੀਕ 'ਗੁਰੂ ਗ੍ਰੰਥ ਸਾਹਿਬ ਦਰਪਨ' ਨਾਂ ਹੇਠ ਸਾਹਮਣੇ ਆਇਆ।

ਸੰਨ 1965 ਵਿੱਚ ਸੰਪੂਰਨ ਸਟੀਕ ਲਿਖਣ ਲਈ ਬੈਂਕਾਕ ਸਿੰਘ ਸਭਾ ਨੇ 2000 ਰੁਪਏ ਦਾ ਇਨਾਮ ਸਾਹਿਬ ਸਿੰਘ ਨੂੰ ਭੇਜਿਆ। ਇਸ ਮਹਾਨ ਕਾਰਜ ਦੇ ਸਨਮਾਨ ਵਜੋਂ ਪੰਜਾਬੀ ਯੂਨੀਵਰਸਟੀ ਪਟਿਆਲਾ ਵੱਲੋਂ 6 ਜਨਵਰੀ 1971 ਨੂੰ ਸਾਹਿਬ ਸਿੰਘ ਨੂੰ 'ਡੀ. ਲਿਟ.' ਦੀ ਡਿਗਰੀ ਪ੍ਰਦਾਨ ਕੀਤੀ ਗਈ।

ਸਖ਼ਤ ਬੀਮਾਰੀ ਨਾਲ ਜੂਝਦਿਆਂ 29 ਅਕਤੂਬਰ 1977 ਨੂੰ ਪ੍ਰੋਫੈਸਰ ਸਾਹਿਬ ਸਿੰਘ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਸਾਦਗੀ, ਸਬਰ, ਸੰਤੋਖ ਤੇ ਸੀਮਤ ਲੋੜਾਂ ਦੇ ਧਾਰਨੀ ਪ੍ਰੋ. ਸਾਹਿਬ ਸਿੰਘ ਅੱਜ ਵੀ ਮਨੁੱਖੀ ਸਮਾਜ ਲਈ ਪ੍ਰੇਰਣਾ ਦੇ ਸਰੋਤ ਹਨ। ਗੁਰਬਾਣੀ ਪ੍ਰਤੀ ਕੀਤੀ ਸੇਵਾ ਲਈ ਉਹਨਾਂ ਦਾ ਨਾਂ ਜਗਤ ਵਿੱਚ ਸਦੀਵੀ ਅਮਰ ਰਹੇਗਾ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਪ੍ਰੋ. ਸਾਹਿਬ ਸਿੰਘ ਦੇ ਜਨਮ ਅਤੇ ਮੁੱਢਲੇ ਜੀਵਨ ਬਾਰੇ ਚਰਚਾ ਕਰੋ।
2. ਪ੍ਰੋ. ਸਾਹਿਬ ਸਿੰਘ ਨੂੰ ਸਿੰਘ ਸਜਣ ਦੀ ਪ੍ਰੇਰਣਾ ਕਿੱਥੋਂ ਮਿਲੀ?
3. ਪ੍ਰੋ. ਸਾਹਿਬ ਸਿੰਘ ਨੇ ਡਾਕਖਾਨੇ ਦੀ ਨੌਕਰੀ ਕਿਉਂ ਛੱਡੀ?
4. ਪ੍ਰੋ. ਸਾਹਿਬ ਸਿੰਘ ਦੀ ਗੁਰਬਾਣੀ ਵਿਆਕਰਨ ਵਿੱਚ ਰੁਚੀ ਕਿਵੇਂ ਪੈਦਾ ਹੋਈ?
5. ਪ੍ਰੋ. ਸਾਹਿਬ ਸਿੰਘ ਦੀਆਂ ਰਚਨਾਵਾਂ ਅਤੇ ਮਿਲ ਚੁੱਕੇ ਸਨਮਾਨਾਂ ਦਾ ਵੇਰਵਾ ਦਿਉ।
6. ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਸਟੀਕ ਕਦੋਂ ਤੇ ਕਿਵੇਂ ਹੋਂਦ ਵਿੱਚ ਆਇਆ?
7. 'ਉੱਘਾ ਗੁਰਬਾਣੀ ਵਿਆਕਰਨਕਾਰ : ਪ੍ਰੋ. ਸਾਹਿਬ ਸਿੰਘ' ਜੀਵਨੀ ਮੂਲਕ ਨਿਬੰਧ ਉੱਪਰ ਸੰਖੇਪ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

## 9. ਪੰਜਾਬੀਅਤ ਦਾ ਮੁੱਦਈ : ਬਲਰਾਜ ਸਾਹਨੀ

ਬਲਰਾਜ ਸਾਹਨੀ ਇੱਕ ਪ੍ਰਤਿਭਾਵਾਨ ਅਦਾਕਾਰ, ਨਿਰਦੇਸ਼ਕ. ਕਲਾਕਾਰ ਅਤੇ ਸੁਹਿਰਦ ਲੋਕ-ਸੇਵਕ ਸੀ। ਭਾਰਤੀ ਹਿੰਦੀ ਸਿਨੇਮੇ ਦੇ ਇਤਿਹਾਸ ਵਿੱਚ ਉਸ ਦਾ ਮਹੱਤਵਪੂਰਨ ਸਥਾਨ ਹੈ। ਪਰ ਇਸ ਤੋਂ ਵੀ ਵਧੇਰੇ ਉਹ ਪੰਜਾਬੀ ਦਾ ਉੱਚਕੋਟੀ ਦਾ ਸਾਹਿਤਕਾਰ ਹੋ ਨਿੱਬੜਿਆ ਹੈ। ਬਲਰਾਜ ਦਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਪਿਆਰ ਉਸ ਦੇ ਜੀਵਨ ਵੇਰਵਿਆਂ ਵਿੱਚ ਝਲਕਦਾ ਹੈ। ਜੀਵਨ ਦਾ ਵੱਡਾ ਭਾਗ ਉਹ ਪੰਜਾਬ ਤੋਂ ਦੂਰ ਰਿਹਾ, ਪਰ ਆਤਮਕ ਤੌਰ ਤੇ ਇਹ ਦੂਰੀ ਕਦੇ ਵੀ ਉਸ ਦੇ ਪੰਜਾਬ ਪਿਆਰ ਵਿੱਚੋਂ ਮਨਫ਼ੀ ਨਹੀਂ ਹੋਈ। ਕਿੱਤਾ-ਮੁਖੀ ਜ਼ਿੰਮੇਵਾਰੀਆਂ ਵਿੱਚੋਂ ਜਦੋਂ ਵੀ ਵਿਹਲ ਦਾ ਮੌਕਾ ਬਣਦਾ, ਬਲਰਾਜ ਪੰਜਾਬ ਵੱਲ ਉਡਾਰੀ ਮਾਰ ਲੈਂਦਾ। ਇਹ ਉਡਾਰੀ ਪਰਵਾਸੀ ਪਰਿੰਦਿਆਂ ਦੀ ਵਤਨ ਵਾਪਸੀ ਵਰਗੀ ਹੁੰਦੀ।

ਪੰਜਾਬੀ ਮਾਤ-ਭਾਸ਼ਾ ਦੇ ਹੁਨਰਮੰਦ ਸਪੁੱਤਰ ਬਲਰਾਜ ਸਾਹਨੀ ਦਾ ਜਨਮ 1 ਮਈ 1913 ਈ. ਨੂੰ ਰਾਵਲਪਿੰਡੀ ਵਿਖੇ ਕੱਟੜ ਆਰੀਆ ਸਮਾਜੀ ਲਾਲਾ ਹਰਬੰਸ ਲਾਲ ਦੇ ਘਰ ਹੋਇਆ। ਇਹਨਾਂ ਦਾ ਪਿਛੋਕੜ ਭੇਰੇ ਨਗਰ ਨਾਲ ਸੰਬੰਧਤ ਸੀ, ਜੋ ਪਾਕਿਸਤਾਨ ਦਾ ਇਤਿਹਾਸਕ ਪਿੰਡ ਹੈ। ਬਲਰਾਜ ਸਾਹਨੀ ਦੀ ਮੁੱਢਲੀ ਵਿੱਦਿਆ ਰਾਵਲਪਿੰਡੀ ਤੋਂ ਥੋੜ੍ਹੀ ਦੂਰ ਸਥਿਤ ਗੁਰੂਕੁਲ ਵਿੱਚ ਸੰਪੂਰਨ ਹੋਈ, ਜਿੱਥੇ ਸੰਸਕ੍ਰਿਤ ਭਾਸ਼ਾ ਦੀ ਉਚੇਚੀ ਤਾਲੀਮ ਦਿੱਤੀ ਜਾਂਦੀ ਸੀ। ਪਰ ਬਲਰਾਜ ਸਾਹਨੀ ਇਸ ਵਿਦਿਅਕ ਮਾਹੌਲ ਤੋਂ ਸੰਤੁਸ਼ਟ ਨਹੀਂ ਸੀ। ਇਸ ਕਰਕੇ ਬਲਰਾਜ ਸਾਹਨੀ ਅਤੇ ਉਸ ਦੇ ਛੋਟੇ ਭਰਾ ਨੂੰ ਡੀ.ਏ.ਵੀ. ਸਕੂਲ ਰਾਵਲਪਿੰਡੀ ਵਿਖੇ ਦਾਖਲ ਕਰਵਾ ਦਿੱਤਾ ਗਿਆ। ਗੌਰਮਿੰਟ ਕਾਲਜ ਲਾਹੌਰ ਵਿੱਚ ਦਾਖਲਾ ਲੈਣ ਤੋਂ ਬਾਅਦ ਉਸ ਨੂੰ ਫਿਲਮਾਂ ਦੇਖਣ ਦੀ ਚੇਟਕ ਲੱਗ ਗਈ। ਬੀ.ਏ. ਕਰਨ ਤੋਂ ਬਾਅਦ ਉਸ ਦੇ ਪਿਤਾ ਜੀ ਨੇ ਜੱਦੀ-ਪੁਸ਼ਤੀ ਵਪਾਰ ਨੂੰ ਸੰਭਾਲਨ ਵਾਸਤੇ ਉਸ ਨੂੰ ਰਾਵਲਪਿੰਡੀ ਵਾਪਸ ਬੁਲਾ ਲਿਆ। ਪਰ ਸਾਹਿਤਕ ਰੁਚੀਆਂ ਦੇ ਮਾਲਕ ਬਲਰਾਜ ਦਾ ਦਿਲ ਪੁਸ਼ਤੈਨੀ ਧੰਧੇ ਵਿੱਚ ਨਾ ਲੱਗਾ ਤੇ ਉਹ ਜ਼ਿੱਦ ਕਰ ਕੇ ਐੱਮ.ਏ. ਅੰਗਰੇਜੀ ਦੀ ਪੜ੍ਹਾਈ ਲਈ ਦੁਬਾਰਾ ਗੌਰਮਿੰਟ ਕਾਲਜ ਲਾਹੌਰ ਜਾ ਦਾਖਲ ਹੋਇਆ।

ਇਸ ਸਮੇਂ ਲਾਹੌਰ ਵਿੱਚ ਨਾਟਕ ਅਤੇ ਰੰਗਮੰਚੀ ਗਤੀਵਿਧੀਆਂ ਦਾ ਬੋਲਬਾਲਾ ਸੀ। ਸ਼੍ਰੀ ਜੀ.ਡੀ.ਸੋਂਧੀ, ਪ੍ਰੋ. ਬੁਖਾਰੀ, ਪ੍ਰੋ. ਆਈ.ਸੀ.ਨੰਦਾ ਅਤੇ ਸ਼੍ਰੀ ਮਤੀ ਨੌਰਾ ਰਿਚਰਡਜ਼ ਆਦਿ ਰੰਗਕਰਮੀ ਸਰਗਰਮ ਭੂਮਿਕਾ ਨਿਭਾ ਰਹੇ ਸਨ। ਬਲਰਾਜ ਸਾਹਨੀ ਵੀ ਹੌਲੀ-ਹੌਲੀ ਇਹਨਾਂ ਦੇ ਸੰਪਰਕ ਵਿੱਚ ਆ ਗਿਆ। ਇਹਨਾਂ ਮਹਾਨ ਰੰਗਕਰਮੀਆਂ ਨੇ ਉਸ ਦੀ ਪ੍ਰਤਿਭਾ ਨੂੰ ਪਛਾਣ ਲਿਆ ਅਤੇ ਉਸ ਦੀ ਕਲਾ ਰੁਚੀ ਨੂੰ ਨਿਖਾਰਨ ਦਾ ਯਤਨ ਆਰੰਭ ਕਰ ਦਿੱਤਾ। ਪਰ ਐੱਮ.ਏ. ਦੀ ਪੜ੍ਹਾਈ ਪੂਰੀ ਕਰਨ ਉਪਰੰਤ ਉਹ ਵਾਪਸ ਰਾਵਲਪਿੰਡੀ ਆ ਗਿਆ।

ਵਾਪਸ ਪਰਤਣ ਤੋਂ ਬਾਅਦ ਉਸ ਦਾ ਦਿਲ ਘਰੇਲੂ ਮਾਹੌਲ ਅਤੇ ਧੰਧਿਆਂ ਵਿੱਚ ਨਾ ਲੱਗਾ। ਲਾਹੌਰ ਦੇ ਰੰਗਮੰਚੀ ਮਾਹੌਲ ਦੇ ਅਸਰ ਹੇਠ ਉਸ ਦੇ ਦਿਲ ਵਿੱਚ ਫ਼ਿਲਮੀ ਕਲਾਕਾਰ ਵਜੋਂ ਉਭਰਨ ਦੀ ਪ੍ਰਬਲ ਇੱਛਾ ਪੈਦਾ ਹੋ ਚੁੱਕੀ ਸੀ। ਇਸ ਇੱਛਾ ਦੀ ਪੂਰਤੀ ਲਈ ਉਹ ਘਰਦਿਆਂ ਨੂੰ ਬਿਨਾਂ ਦੱਸਿਆਂ ਕਲਕੱਤੇ ਚਲਾ ਗਿਆ। ਕਲਕੱਤੇ ਦਾ ਮਹਾਂਨਗਰੀ ਜੀਵਨ ਉਸ ਨੂੰ ਆਪਣੀ ਪਹੁੰਚ ਤੋਂ ਦੂਰ ਜਾਪਿਆ ਅਤੇ ਉਹ ਉੱਥੇ ਕੁਝ ਦਿਨ ਗੁੰਮਨਾਮੀ ਦੀ ਅਵਸਥਾ ਵਿੱਚ ਜੀਅ ਕੇ ਵਾਪਸ ਘਰ ਪਰਤਨ ਲਈ ਮਜ਼ਬੂਰ ਹੋ ਗਿਆ।

ਉਸ ਦੇ ਮਾਤਾ-ਪਿਤਾ ਉਸ ਦੀ ਅਜਿਹੀ ਅਵਸਥਾ ਅਤੇ ਭਟਕਣ ਤੋਂ ਬਹੁਤ ਚਿੰਤਤ ਸਨ। ਉਹਨਾਂ ਨੇ ਉਸ ਦਾ ਮਨ ਪਰਿਵਾਰਕ ਰਿਸ਼ਤਿਆਂ ਅਤੇ ਰੁਝੇਵਿਆਂ ਵੱਲ ਮੋੜਨ ਲਈ ਦਮਯੰਤੀ ਨਾਂ ਦੀ ਲੜਕੀ ਨਾਲ ਉਸ ਦਾ ਵਿਆਹ ਕਰ ਦਿੱਤਾ। ਪਰ ਉਸ ਦੀ ਮੰਜ਼ਿਲ ਤਾਂ ਰੰਗਮੰਚੀ ਦੁਨੀਆ ਸੀ। ਜਿਸ ਬਾਰੇ



Downloaded from https:// www.studiestoday.com

Downloaded from https:// www.studiestoday.com

ਉਸ ਨੇ ਆਪਣੀ ਪਤਨੀ ਨੂੰ ਵੀ ਖੁੱਲ੍ਹ ਕੇ ਦੱਸ ਦਿੱਤਾ। ਉਸ ਦੀ ਪਤਨੀ ਅਗਾਂਹ ਵਧੂ ਵਿਚਾਰਾਂ ਵਾਲੀ ਸੀ। ਕੁਝ ਸਮੇਂ ਬਾਅਦ ਦੋਵੇਂ ਪਤੀ-ਪਤਨੀ ਰਾਵਲਪਿੰਡੀ ਛੱਡ ਕੇ ਲਾਹੌਰ ਆ ਗਏ। ਏਥੇ ਉਹਨਾਂ ਨੇ ਮੰਡੇ ਮਾਰਨਿੰਗ ਨਾਂ ਦਾ ਅੰਗਰੇਜ਼ੀ ਹਫਤਾਵਰੀ ਅਖਬਾਰ ਕੱਢਣਾ ਸ਼ੁਰੂ ਕੀਤਾ। ਪਰ ਇਹ ਬਹੁਤੀ ਦੇਰ ਚੱਲ ਨਾ ਸਕਿਆ। ਇਸ ਪਿੱਛੋਂ ਦੋਵੇਂ ਮੀਆਂ ਬੀਵੀ ਸ਼ਾਂਤੀ ਨਿਕੇਤਨ ਪੁੱਜ ਗਏ। ਏਥੇ ਆ ਕੇ ਬਲਰਾਜ ਸਾਹਨੀ ਨੇ ਅਧਿਆਪਕ ਦੀ ਨੌਕਰੀ ਕੀਤੀ।

ਕਰੜੇ ਸੰਘਰਸ਼ ਵਿੱਚੋਂ ਲੰਘਣ ਤੋਂ ਬਾਅਦ 1940 ਈ. ਵਿੱਚ ਉਸ ਨੂੰ ਬੀ.ਬੀ.ਸੀ. ਲੰਦਨ ਵਿੱਚ ਨੌਕਰੀ ਮਿਲ ਗਈ। ਇਸ ਨੌਕਰੀ ਨੇ ਉਸ ਦੀ ਜ਼ਿੰਦਗੀ 'ਚ ਵੱਡਾ ਬਦਲਾਅ ਲਿਆਂਦਾ। ਇਸ ਸਮੇਂ ਦੌਰਾਨ ਉਸ ਦੀ ਵਾਕਫੀ ਸੰਸਾਰ ਦੇ ਮਸ਼ਹੂਰ ਸਾਹਿਤਕਾਰਾਂ, ਅਦਾਕਾਰਾਂ ਅਤੇ ਚਿੰਤਕਾਂ ਨਾਲ ਹੋਈ ਅਤੇ ਕਲਾਤਮਕ ਮਾਹੌਲ ਵਿੱਚ ਵਿਚਰਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਉਸ ਨੇ ਬਹੁਤ ਸਾਰੀਆਂ ਰੂਸੀ ਫਿਲਮਾਂ ਦੇਖੀਆਂ। ਸਿੱਟੇ ਵਜੋਂ ਉਸ ਨੂੰ ਅੰਗਰੇਜ਼ੀ ਥੀਏਟਰ ਵਿੱਚ ਵਰਤੀਆਂ ਜਾਂਦੀਆਂ ਤਕਨੀਕਾਂ ਅਤੇ ਅਦਾਕਾਰੀ ਦੀਆਂ ਸੂਖਮ ਰਮਜ਼ਾਂ ਦਾ ਪਤਾ ਚੱਲਿਆ। ਅਜਿਹੇ ਵਾਤਾਵਰਨ ਸਦਕਾ ਉਸ ਦੀ ਅੰਦਰਲੀ ਕਲਾ ਨੂੰ ਜਾਗ ਲੱਗ ਗਈ। ਚੀਨੀ ਪੀਪਲਜ ਥੀਏਟਰ ਦੀ ਆਮ ਲੋਕਾਂ ਤੱਕ ਸਾਰਥਕ ਪਹੁੰਚ ਤੋਂ ਪ੍ਰੇਰਿਤ ਹੋ ਕੇ ਸਾਹਨੀ ਦੇ ਮਨ ਵਿੱਚ ਅਜਿਹੀ ਥੀਏਟਰ ਭਾਰਤ ਵਿੱਚ ਕਾਇਮ ਕਰਨ ਦੀ ਇੱਛਾ ਜਾਗੀ।

ਅਪਰੈਲ 1944 ਵਿੱਚ ਬਲਰਾਜ ਵਾਪਸ ਭਾਰਤ ਪਰਤ ਆਇਆ। ਆਉਂਦਿਆਂ ਹੀ ਦੋਹਾਂ ਜੀਆਂ ਨੂੰ 'ਨੀਚਾ ਨਗਰ' ਨਾਂ ਦੀ ਫਿਲਮ ਵਿੱਚ ਮੁੱਖ ਪਾਤਰਾਂ ਦਾ ਰੋਲ ਮਿਲ ਗਿਆ। ਇਹਨਾਂ ਦਿਨਾਂ ਵਿੱਚ ਹੀ ਭਾਰਤ ਵਿੱਚ 'ਇਪਟਾ' (Indian People's Theatrical Association) ਨਾਂ ਦੀ ਰੰਗਮੰਚੀ ਸੰਸਥਾ ਸਰਗਰਮ ਸੀ। ਇਸ ਸੰਸਥਾ ਦਾ ਕਾਰਜ ਖੇਤਰ ਵੀ ਚੀਨੀ ਪੀਪਲਜ਼ ਥੀਏਟਰ ਵਾਲਾ ਹੀ ਸੀ। ਬਲਰਾਜ ਸਾਹਨੀ ਇਸ ਸੰਸਥਾ ਨਾਲ ਜੁੜ ਗਿਆ ਅਤੇ ਆਪਣੀ ਮਿਹਨਤ ਨਾਲ ਇਸ ਨੂੰ ਸਿਖਰ ਉੱਤੇ ਪਹੁੰਚਾਇਆ। ਇਹ ਸਮਾਂ ਬਲਰਾਜ ਸਾਹਨੀ ਲਈ ਆਰਥਕ ਔਕੜਾਂ ਭਰਿਆ ਸੀ। ਮਾਇਕ ਤੰਗੀ ਕਾਰਨ ਉਹ ਨਿਰਾਸ਼ ਵੀ ਸੀ ਪਰ ਪਤਨੀ ਦੀ ਹੱਲਾਸ਼ੇਰੀ ਸਦਕਾ ਉਹ ਡੋਲਿਆ ਨਹੀਂ ਅਤੇ ਮਿਹਨਤ ਜਾਰੀ ਰੱਖੀ।

ਛੇਤੀ ਹੀ ਬਲਰਾਜ ਸਾਹਨੀ ਦੀ ਕਿਸਮਤ ਨੇ ਪਲਟਾ ਖਾਧਾ ਅਤੇ ਉਸ ਨੂੰ ਕਈ ਫਿਲਮਾਂ ਵਿੱਚ ਕੰਮ ਕਰਨ ਦਾ ਸੱਦਾ ਆ ਗਿਆ। ਇਹ ਫਿਲਮਾਂ ਸਨ-ਜਸਟਿਸ, ਦੂਰ ਚਲੇ, ਧਰਤੀ ਕੇ ਲਾਲ, ਗੁੜੀਆ। ਖੁਸ਼ਹਾਲ ਦਿਨਾਂ ਦੀ ਆਮਦ ਹੋਈ, ਪਰ ਕਿਸਮਤ ਨੂੰ ਕੁਝ ਹੋਰ ਹੀ ਮੰਜ਼ੂਰ ਸੀ। ਉਸ ਦੀ ਪ੍ਰੇਰਨਾ-ਸ਼ਕਤੀ ਅਤੇ ਜ਼ਿੰਦਗੀ ਦੀ ਜੋਤ ਰੂਪੀ ਪਤਨੀ ਦਮਯੰਤੀ ਦੀ ਮੌਤ ਹੋ ਗਈ। ਮਾਨਸਿਕ ਤੌਰ 'ਤੇ ਟੁੱਟਿਆ ਬਲਰਾਜ ਆਪਣੇ ਬੱਚਿਆਂ ਨੂੰ ਲੈ ਕੇ ਵਾਪਸ ਰਾਵਲਪਿੰਡੀ ਆ ਗਿਆ। ਮੁਸੀਬਤਾਂ ਹਾਲੇ ਰੁਕੀਆਂ ਨਹੀਂ ਸਨ। ਦੇਸ਼-ਵੰਡ ਨੇ ਰਹਿੰਦੀ ਕਸਰ ਵੀ ਕੱਢ ਦਿੱਤੀ। ਬਲਰਾਜ ਦਾ ਸਾਰਾ ਟੱਬਰ ਖਿੰਡ-ਪੁੰਡ ਗਿਆ। ਉਹ ਆਰਥਕ ਤੌਰ 'ਤੇ ਵੀ ਬਰਬਾਦ ਹੋ ਗਏ, ਕਿਉਂਕਿ ਉਹਨਾਂ ਨੂੰ ਆਪਣਾ ਘਰ-ਬਾਰ ਅਤੇ ਜਾਇਦਾਦ ਛੱਡ ਕੇ ਭਾਰਤ ਆਉਣਾ ਪੈ ਗਿਆ ਸੀ। ਇਹ ਸਮਾਂ ਕਸ਼ਟਾਂ ਭਰਿਆ ਸੀ।

ਭਾਰਤ ਆ ਕੇ ਸੰਤੋਸ਼ ਨਾਲ ਉਸ ਦਾ ਦੂਜਾ ਵਿਆਹ ਕਰ ਦਿੱਤਾ ਗਿਆ। ਸੰਤੋਸ਼ ਵੀ ਵਧੀਆ ਕਲਾਕਾਰ ਤੇ ਕਵਿੱਤਰੀ ਸੀ। ਉਸ ਨੇ ਵੀ ਬਲਰਾਜ ਦਾ ਭਰਪੂਰ ਸਾਥ ਨਿਭਾਇਆ। ਇੱਧਰ ਆ ਕੇ ਵੀ ਉਸ ਨੂੰ ਲੰਮਾ ਸੰਘਰਸ਼ ਕਰਨਾ ਪਿਆ। ਆਖ਼ਿਰਕਾਰ ਜ਼ਿੰਦਗੀ ਦੀ ਰੌਂਅ ਪਰਤੀ ਅਤੇ ਉਸ ਨੂੰ 'ਹਲਚਲ', 'ਹਮਲੋਕ' ਤੇ 'ਦੋ ਬੀਘਾ ਜ਼ਮੀਨ' ਨਾਂ ਦੀਆਂ ਫ਼ਿਲਮਾਂ ਵਿੱਚ ਬਤੌਰ ਨਾਇਕ ਕੰਮ ਮਿਲ ਗਿਆ। 'ਦੋ ਬੀਘਾ ਜ਼ਮੀਨ' ਫਿਲਮ ਨੇ ਉਸ ਨੂੰ ਫਰਸ਼ ਤੋਂ ਅਰਸ਼ ਤੇ ਪਹੁੰਚਾ ਦਿੱਤਾ। ਉਸ ਦੀ ਕਲਾ ਦਾ ਲੋਹਾ ਮੰਨਿਆ ਗਿਆ। ਇਸ ਪਿੱਛੋਂ ਉਸ ਨੇ 'ਬਾਜ਼ੀ', 'ਬਾਜੂਬੰਦ', 'ਭਾਬੀ', 'ਹੀਰਾ ਮੋਤੀ', 'ਬਦਨਾਮ', 'ਔਲਾਦ', 'ਟਕਸਾਲ', 'ਗਰਮ ਕੋਟ', 'ਆਕਾਸ਼', 'ਰਾਹੀ', 'ਦੁਨੀਆ', 'ਪ੍ਰਦੇਸੀ', 'ਹਕੀਕਤ', 'ਸੀਮਾ', 'ਅਨੁਰਾਧਾ', 'ਵਕਤ', 'ਤਲਾਸ਼', 'ਏਕ ਫੂਲ ਦੋ ਮਾਲੀ', 'ਪਰਾਇਆ ਧਨ', 'ਨਾਨਕ ਦੁਖੀਆ ਸਭ ਸੰਸਾਰ', 'ਤਾਂਗੇਵਾਲਾ',



Downloaded from https:// www.studiestoday.com

Downloaded from https:// www.studiestoday.com

'ਸਤਲੁਜ ਦੇ ਕੰਢੇ', 'ਜਵਾਬ', 'ਛੋਟੀ ਬਹਿਣ', 'ਗਰਮ ਹਵਾ', 'ਨੌਨਿਹਾਲ', 'ਹੰਸ ਤੇ ਜ਼ਖਮ', 'ਭਾਬੀ ਕੀ ਚੂੜੀਆਂ', 'ਅਮਨ', 'ਪਵਿੱਤਰ ਪਾਪੀ' ਆਦਿ ਫਿਲਮਾਂ ਵਿੱਚ ਕੰਮ ਕੀਤਾ।

ਬਲਰਾਜ ਸਾਹਨੀ ਬਚਪਨ ਤੋਂ ਹੀ ਸਾਹਿਤ ਪ੍ਰੇਮੀ ਸੀ। ਸ਼ੁਰੂ ਵਿੱਚ ਭਾਵੇਂ ਉਹ ਅੰਗਰੇਜੀ ਵਿੱਚ ਲਿਖਣ ਪੜਣ ਦਾ ਸ਼ੌਂਕ ਰੱਖਦਾ ਸੀ, ਪਰੰਤੂ ਬੌਧਿਕ ਅਮੀਰੀ ਤੋਂ ਬਾਅਦ ਉਸ ਨੂੰ ਮਾਂ-ਬੋਲੀ ਦੀ ਮਹੱਤਤਾ ਦਾ ਅਹਿਸਾਸ ਹੋ ਗਿਆ। ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਜਸਵੰਤ ਸਿੰਘ ਕੰਵਲ, ਕਰਤਾਰ ਸਿੰਘ ਦੁੱਗਲ, ਦਵਿੰਦਰ ਸਤਿਆਰਥੀ ਤੇ ਬਲਵੰਤ ਗਾਰਗੀ ਦੀ ਸੰਗਤ ਨੇ ਉਸ ਨੂੰ ਪੰਜਾਬੀ ਸਾਹਿਤ ਨਾਲ ਪੱਕੇ ਤੌਰ ਤੇ ਜੋੜ ਦਿੱਤਾ। ਪੰਜਾਬ ਅਤੇ ਪੰਜਾਬੀ ਉਸ ਲਈ ਰੂਹ ਦੀ ਭੁੱਖ ਸੀ। ਮੇਰਾ ਪਾਕਿਸਤਾਨੀ ਸਫ਼ਰਨਾਮਾ ਅਤੇ ਮੇਰਾ ਰੂਸੀ ਸਫ਼ਰਨਾਮਾ ਉਸ ਦੀਆਂ ਜ਼ਿਕਰਯੋਗ ਸਾਹਿਤਕ ਕਿਰਤਾਂ ਹਨ। ਇਸ ਤੋਂ ਇਲਾਵਾ ਮੇਰੀ ਫਿਲਮੀ ਆਤਮਕਥਾ, ਗੈਰ ਜ਼ਜ਼ਬਾਤੀ ਡਾਇਰੀ,ਯਾਦਾਂ ਦੇ ਝਰੋਖੇ, ਮੇਰਾ ਜੀਵਨ ਦ੍ਰਿਸ਼ਟੀਕੋਣ, ਇਤਿਹਾਸ ਦੀ ਪੈੜ, ਸਿਨੇਮਾ ਤੇ ਸਟੇਜ ਆਦਿ ਉਸ ਦੀਆਂ ਉੱਚ-ਪਾਏ ਦੀਆਂ ਰਚਨਾਵਾਂ ਹਨ। ਕੀ ਇਹ ਸੱਚ ਹੈ ਬਾਪੂ ? ਉਸ ਦੁਆਰਾ ਲਿਖਿਆ ਗਿਆ ਨਾਟਕ ਹੈ। ਉਸ ਨੂੰ ਪ੍ਰਾਪਤ ਪਦਮ ਸ਼੍ਰੀ ਐਵਾਰਡ (1969) ਅਤੇ ਸੋਵੀਅਤ ਯੂਨੀਅਨ- ਸੋਵੀਅਤ ਲੈਂਡ ਨਹਿਰੂ ਪੁਰਸਕਾਰ(1969) ਉਸ ਦੀ ਬਹੁਪੱਖੀ ਸ਼ਖ਼ਸੀਅਤ ਅਤੇ ਉੱਚਪਾਏ ਦੀ ਲੇਖਣੀ ਦੀ ਗਵਾਹੀ ਭਰਦੇ ਹਨ।

ਜ਼ਿੰਦਗੀ ਦੇ ਆਖਰੀ ਸਮੇਂ ਵੀ ਉਹ ਆਪਣੀ ਮਾਤ-ਭੂਮੀ ਪੰਜਾਬ ਲਈ ਤਾਂਘਦਾ ਰਿਹਾ। ਉਸ ਨੇ ਪੰਜਾਬੀ ਦੇ ਇੱਕ ਲੇਖਕ ਮੁਖਤਾਰ ਗਿੱਲ ਨੂੰ ਪੱਤਰ ਲਿਖਿਆ, "ਪਿਆਰੇ ਮੁਖਤਾਰ ! ਤੇਰਾ ਉਲ੍ਹਾਮਾ ਲਾਹੁਣ ਐਤਕੀਂ ਵਿਸਾਖੀ ਤੇ ਜ਼ਰੂਰ ਆਵਾਂਗਾ। 12 ਤਾਰੀਖ ਤੱਕ ਪੁੱਜ ਜਾਵਾਂਗਾ ਤੇਰੇ ਕੋਲ-ਵਿਸਾਖੀ ਵੇਖਾਂਗਾ, ਮੰਡੀ ਤੇ ਭੰਗੜੇ...... ਹਾਂ ਸੱਚ ਢਾਡੀਆਂ ਦੀਆਂ ਵਾਰਾਂ ਸੁਣਵਾਉਣ ਦਾ ਵਾਇਦਾ ਯਾਦ ਹੀ ਨਾ ? ਐਤਕੀਂ ਲੋਪੋਕੀ ਦਾ ਮੇਲਾ ਵੇਖਾਂਗੇ। ਆਪਣੇ ਪੰਜਾਬ ਆ ਕੇ ਪੰਜਾਬੀ ਬੋਲਾਂ ਤੇ ਸੁਣਾਂਗਾ। ਗਿੱਧੇ, ਭੰਗੜੇ, ਛਿੰਜਾਂ ਵੇਖਾਂਗਾ...... ਆਪਣਾ ਨਾਵਲ ਮੁਕੰਮਲ ਕਰਾਂਗਾ..... ਪੰਜਾਬੀ ਰੰਗਮੰਚ ਲਈ ਨਵੇਂ ਕਲਾਕਾਰ ਲੱਭਾਂਗਾ।"

ਅਚਾਨਕ ਪਏ ਦਿਲ ਦੇ ਦੌਰੇ ਕਾਰਨ ਉਸ ਦੀ ਦਿਲੀ ਖਾਹਿਸ਼ ਪੂਰੀ ਨਹੀਂ ਹੋ ਸਕੀ। 13 ਅਪ੍ਰੈਲ 1973 ਨੂੰ ਵਿਸਾਖੀ ਵਾਲੇ ਦਿਨ ਪੰਜਾਬ ਆਉਣ ਦੀਆਂ ਅਧੂਰੀਆਂ ਸਧਰਾਂ ਮਨ ਵਿੱਚ ਲੈ ਕੇ ਇਹ ਜਿੰਦਾ-ਦਿਲ ਇਨਸਾਨ ਸਦਾ ਲਈ ਸਾਥੋਂ ਵਿੱਛੜ ਗਿਆ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਬਲਰਾਜ ਸਾਹਨੀ ਦੇ ਮੁੱਢਲੇ ਜੀਵਨ ਉੱਪਰ ਚਾਨਣਾ ਪਾਉ।
2. ਉਹਨਾਂ ਦਸ ਫ਼ਿਲਮਾਂ ਦਾ ਨਾਂ ਲਿਖੋ, ਜਿੰਨ੍ਹਾਂ ਵਿੱਚ ਬਲਰਾਜ ਸਾਹਨੀ ਨੇ ਅਦਾਕਾਰੀ ਕੀਤੀ ?
3. ਬਲਰਾਜ ਸਾਹਨੀ ਦੀਆਂ ਸਾਹਿਤਕ ਰਚਨਾਵਾਂ ਉੱਪਰ ਨੋਟ ਲਿਖੋ।
4. ਬਲਰਾਜ ਸਾਹਨੀ ਨੇ ਅਦਾਕਾਰੀ ਦੀ ਸੂਖ਼ਮ ਜਾਣਕਾਰੀ ਕਿਥੋਂ ਪ੍ਰਾਪਤ ਕੀਤੀ ?
5. 'ਪੰਜਾਬੀਅਤ ਦਾ ਮੁਦੱਈ : ਬਲਰਾਜ ਸਾਹਨੀ' ਜੀਵਨੀ-ਮੂਲਕ ਨਿਬੰਧ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।



Downloaded from https:// www.studiestoday.com

Downloaded from https:// www.studiestoday.com

# 10. ਯੁੱਧ-ਖੇਤਰ ਦਾ ਨਾਇਕ : ਜਨਰਲ ਜਗਜੀਤ ਸਿੰਘ ਅਰੋੜਾ

ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਭਾਰਤੀ ਸੈਨਾ ਦਾ ਮਹਾਨ ਜਰਨੈਲ ਸੀ। ਉਸ ਨੇ ਸਾਰਾ ਜੀਵਨ ਦੇਸ਼ ਦੀ ਸੁਰੱਖਿਆ ਅਤੇ ਸਮਾਜ ਦੀ ਭਲਾਈ ਨੂੰ ਅਰਪਣ ਕੀਤਾ। ਜਨਰਲ ਅਰੋੜਾ ਦਾ ਜਨਮ 13 ਫਰਵਰੀ 1916 ਨੂੰ ਸਿੱਖ ਪਰਿਵਾਰ ਵਿੱਚ ਜ਼ਿਹਲਮ ਜਿਲ੍ਹੇ ਦੇ ਪਿੰਡ ਕਾਲਾ ਗੁਜਰਾਂ(ਪਾਕਿਸਤਾਨ) ਵਿਖੇ ਹੋਇਆ। ਉਸ ਦੇ ਪਿਤਾ ਪੇਸ਼ੇ ਵਜੋਂ ਇੰਜਨੀਅਰ ਸਨ।

ਜਨਰਲ ਜਗਜੀਤ ਸਿੰਘ ਅਰੋੜਾ ਪੜ੍ਹਾਈ ਮੁਕੰਮਲ ਕਰਕੇ ਇੰਡੀਅਨ ਮਿਲਟਰੀ ਅਕਾਦਮੀ ਦੇਹਰਾਦੂਨ ਤੋਂ ਟ੍ਰੇਨਿੰਗ ਪ੍ਰਾਪਤ ਕਰਨ ਉਪਰੰਤ 1939 ਈ. ਵਿੱਚ ਪੰਜਾਬ ਰੈਜੀਮੈਂਟ ਦੀ ਪਹਿਲੀ ਬਟਾਲੀਅਨ ਵਿੱਚ ਅਧਿਕਾਰੀ ਬਣਿਆ। ਅਰੋੜਾ ਨੇ ਪਲਟਨ ਵਿੱਚ ਆਪਣੇ ਫ਼ਰਜ ਬਾਖੂਬੀ ਨਿਭਾਏ ਅਤੇ ਸਖਤ ਮਿਹਨਤ ਸਦਕਾ ਆਪਣੇ ਆਪ ਨੂੰ ਇੱਕ ਨਿੱਘੇ ਸੁਭਾਅ ਵਾਲੇ ਸਖ਼ਤ ਸੈਨਿਕ ਅਫਸਰ ਦੇ ਸਾਂਚੇ ਵਿੱਚ ਢਾਲਿਆ।

ਸਤੰਬਰ 1939 ਦੇ ਪਹਿਲੇ ਦਿਨ ਜਰਮਨੀ ਨੇ ਪੋਲੈਂਡ ਤੇ ਹੱਲਾ ਬੋਲ ਦਿੱਤਾ ਅਤੇ ਦੂਜੇ ਸੰਸਾਰ ਯੁੱਧ ਦਾ ਸੰਖ ਵਜਾ ਦਿੱਤਾ। ਜਨਰਲ ਜਗਜੀਤ ਸਿੰਘ ਅਰੋੜਾ ਦੀ ਪਲਟਨ ਬਰਮਾ ਦੀ ਲੜਾਈ ਵਿੱਚ ਸ਼ਾਮਿਲ ਹੋ ਗਈ, ਜਿੱਥੇ ਉਸ ਨੇ ਛੋਟੀਆਂ ਫੌਜੀ ਟੁਕੜੀਆਂ ਦੀ ਕਮਾਨ ਬੜੀ ਮੁਸਤੈਦੀ ਨਾਲ ਸੰਭਾਲੀ ਅਤੇ ਆਪਣੀ ਕਾਬਲੀਅਤ ਨੂੰ ਸਾਬਿਤ ਕੀਤਾ।

1947 ਵਿੱਚ ਦੇਸ਼ ਵੰਡ ਸਮੇਂ ਫੌਜੀ ਯੂਨਿਟਾਂ ਵੀ ਦੋਨਾਂ ਦੇਸ਼ਾਂ ਵਿੱਚ ਵੰਡੀਆਂ ਗਈਆਂ ਅਤੇ ਪੰਜਾਬ ਰੈਜੀਮੈਂਟ ਭਾਰਤੀ ਸੈਨਾ ਦਾ ਹਿੱਸਾ ਬਣੀ। ਜਨਰਲ ਅਰੋੜਾ ਨੇ ਪੰਜਾਬ ਰੈਜੀਮੈਂਟ ਵਲੋਂ 1947 ਦੀ ਭਾਰਤ-ਪਾਕਿ ਲੜਾਈ ਵਿੱਚ ਹਿੱਸਾ ਲਿਆ। 1962 ਦੀ ਇੰਡੋ-ਚਾਈਨਾ ਲੜਾਈ ਵਿੱਚ ਬਤੌਰ ਬ੍ਰਿਗੇਡੀਅਰ ਕਮਾਨ ਸੰਭਾਲੀ। ਜਨਰਲ ਅਰੋੜਾ ਨੇ ਸਟਾਫ ਅਤੇ ਕਮਾਂਡ ਦੋਹਾਂ ਵਿੱਚ ਆਲ੍ਹਾ ਦਰਜੇ ਦੀਆਂ ਸੇਵਾਵਾਂ ਦਿੰਦੇ ਹੋਏ 1965 ਦੀ ਹਿੰਦ-ਪਾਕਿ ਜੰਗ ਵਿੱਚ ਬਤੌਰ ਜੇਤੂ ਕਮਾਂਡਰ ਭੂਮਿਕਾ ਨਿਭਾਈ। ਇਹ ਪੂਰਵੀ ਪਾਕਿਸਤਾਨ(ਬੰਗਲਾ ਦੇਸ਼) ਦਾ ਘਮਾਸਾਨ, ਜਨਰਲ ਅਰੋੜਾ ਦਾ ਐਸਿਡ ਟੈਸਟ ਯੁੱਧ ਸੀ, ਜਿਸ ਵਿੱਚ ਉਸ ਨੇ ਆਪਣੀ ਮਾਨਵੀ ਸੂਝ-ਬੂਝ ਦੇ ਨਾਲ-ਨਾਲ ਇੱਕ 'ਬੁੱਧੀਜੀਵੀ ਫੌਜੀ' ਹੋਣ ਦਾ ਸਬੂਤ ਦਿੱਤਾ। ਯੁੱਧ ਦਾ ਪਿਛੋਕੜ ਅਤੇ ਧਰਾਤਲ ਭਾਰਤ ਦੀ ਵੰਡ ਬਾਅਦ ਪਕਿਸਤਾਨ ਨੂੰ ਦਿੱਤੀ ਗਈ ਦਵੈਤ-ਭੁਗੋਲਿਕ ਭੂਮੀ ਸੀ। ਫ਼ੈਸਲੇ ਅਨੁਸਾਰ ਇੱਕ ਪਾਸੇ ਪੱਛਮੀਂ ਪਾਕਿਸਤਾਨ(ਲਾਹੌਰੀ ਖੇਤਰ) ਪੰਜਾਬ ਨਾਲੋਂ ਅਲੱਗ ਕਰਕੇ ਦਿੱਤਾ ਗਿਆ ਸੀ; ਦੂਸਰੇ ਪਾਸੇ ਪੂਰਬੀ ਪਾਕਿਸਤਾਨ(ਢਾਕਾ ਖੇਤਰ)ਬੰਗਾਲ ਨਾਲੋਂ ਅਲੱਗ ਕੀਤਾ ਗਿਆ ਸੀ।

ਲਾਹੌਰ ਖੇਤਰੀ ਪਾਕਿਸਤਾਨ ਦੇ ਲੋਕ ਅਤੇ ਸਿਆਸਤਦਾਨ ਪੂਰਬੀ ਪਾਕਿਸਤਾਨ ਨੂੰ ਭਾਸ਼ਾਈ ਆਧਾਰ ਉੱਤੇ ਅਤੇ ਨਸਲੀ ਵਿਤਕਰੇ ਕਾਰਨ ਅਪਨਾਉਣ ਤੋਂ ਇਨਕਾਰੀ ਰਹੇ। ਜਿਸ ਦੇ ਫਲਸਰੂਪ ਪੂਰਬੀ ਪਾਕਿਸਤਾਨੀ(ਢਾਕਾ ਖੇਤਰ) ਲੋਕ ਪੱਛਮੀਂ ਪਾਕਿਸਤਾਨ ਪ੍ਰਤੀ ਅਪਣੱਤ ਤੋਂ ਵਾਂਝੇ ਹੋ ਗਏ ਅਤੇ ਇਹਨਾਂ ਲੋਕਾਂ ਅੰਦਰ ਇੱਕ ਆਕ੍ਰੋਸ਼ ਪੈਦਾ ਹੋ ਗਿਆ। 1969 ਵਿੱਚ ਪਾਕਿਸਤਾਨ 'ਚ ਰਾਸ਼ਟਰਪਤੀ ਯਹੀਆ ਖਾਨ ਦੀ ਹਕੂਮਤ ਸੀ। ਪੂਰਬੀ ਪਾਕਿਸਤਾਨ ਦੇ ਬਾਸ਼ਿੰਦਿਆਂ ਨੂੰ ਧਾਰਮਿਕ, ਸਮਜਿਕ ਅਤੇ ਰਾਜਨੀਤਕ ਘੁਟਣ ਵਾਲੇ ਮਾਹੌਲ ਵਿੱਚੋਂ ਗੁਜਰਨਾ ਪੈ ਰਿਹਾ ਸੀ, ਕਿਉਂਕਿ ਤਤਕਾਲੀਨ ਹਕੂਮਤ ਲੋਕ ਲਹਿਰ ਨੂੰ ਦਬਾਉਣ ਲਈ ਇਸ ਦੇ ਆਗੂਆਂ ਉੱਪਰ ਤਸ਼ੱਦਦ ਕਰ ਰਹੀ ਸੀ। ਪਾਕਿਸਤਾਨੀ ਹਕੂਮਤ ਇਸ ਅੰਦੋਲਨ ਨੂੰ ਦਬਾਉਣ ਵਿੱਚ ਬੁਰੀ ਤਰ੍ਹਾਂ ਨਾਕਾਮਯਾਬ ਰਹੀ। 1971 ਵਿੱਚ ਪੂਰਬੀ ਪਾਕਿਸਤਾਨ ਦੀਆਂ ਫੌਜਾਂ ਦੀ ਕਮਾਨ ਲੈਫਟੀਨੈਂਟ ਜਨਰਲ ਏ.ਏ.ਕੇ ਨਿਆਜ਼ੀ ਨੂੰ ਦਿੱਤੀ ਗਈ, ਉਸ ਨੇ ਅੱਤਿਆਚਾਰ ਦੀਆਂ ਹੱਦਾਂ ਪਾਰ ਕਰ ਦਿੱਤੀਆਂ।



Downloaded from https:// www.studiestoday.com

Downloaded from https:// www.studiestoday.com

ਇਸ ਦੇ ਸਿੱਟੇ ਵਜੋਂ ਪੂਰਬੀ ਪਾਕਿਸਤਾਨ ਵਿੱਚੋਂ ਤਕਰੀਬਨ 90 ਲੱਖ ਸ਼ਰਨਾਰਥੀ ਭਾਰਤ ਅੰਦਰ ਦਾਖਲ ਹੋ ਗਏ। ਇਹਨਾਂ ਹਲਾਤਾਂ ਵਿੱਚ ਮੌਕੇ ਦੀ ਨਜ਼ਾਕਤ ਨੂੰ ਵੇਖਦੇ ਹੋਏ ਭਾਰਤੀ ਹਕੂਮਤ ਅਤੇ ਫੌਜ ਨੇ ਦਰਪੇਸ਼ ਸਥਿਤੀ ਨੂੰ ਨਜਿੱਠਨ ਦੀ ਤਿਆਰੀ ਕਰ ਲਈ। ਜਨਰਲ ਅਰੋੜਾ ਭਾਰਤੀ ਫੌਜ ਦੀ ਪੂਰਬੀ ਕਮਾਨ ਦੇ ਜਨਰਲ ਆਫੀਸਰ ਕਮਾਂਡਿੰਗ ਇੰਨ ਚੀਫ(GOC-In-Chief) ਸਨ। ਉਸ ਨੇ ਕਲਕੱਤਾ ਵਿਖੇ ਆਪਣੇ ਹੈੱਡ ਕੁਆਟਰ ਤੋਂ ਹਜ਼ਾਰਾਂ ਟਨ ਬਾਰੂਦ, ਤੇਲ ਆਦਿ ਦੇ ਭੰਡਾਰ ਪੂਰਬੀ ਪਾਕਿਸਤਾਨ ਦੇ ਚਾਰੇ ਤਰਫ਼ ਜਮ੍ਹਾਂ ਕਰਨੇ ਸ਼ੁਰੂ ਕਰ ਦਿੱਤੇ।

ਇਸ ਸਮੇਂ ਭਾਰਤੀ ਰਾਜਨੇਤਾ ਪੂਰਬੀ ਪਾਕਿਸਤਾਨ ਦੇ ਹਾਲਾਤਾਂ ਤੋਂ ਦੁਨੀਆਂ ਨੂੰ ਜਾਣੂ ਕਰਵਾ ਰਹੇ ਸਨ ਅਤੇ ਨਾਲੋ-ਨਾਲ ਜਨਰਲ ਅਰੋੜਾ ਆਪਣੀ ਕਮਾਨ ਨੂੰ ਅਭਿਆਸ, ਆਸ ਅਤੇ ਸ਼ਾਬਾਸ਼ ਦੁਆਰਾ ਯੁੱਧ ਲਈ ਤਿਆਰ ਕਰ ਰਿਹਾ ਸੀ। ਉਹ ਮੌਜੂਦਾ ਆਰਮੀ ਚੀਫ ਜਨਰਲ ਮਾਨਿਕ ਸ਼ਾਹ ਨੂੰ ਹਾਲਾਤ ਨਾਲ ਲਗਾਤਾਰ ਜੋੜ ਰਿਹਾ ਸੀ। ਦੂਜੇ ਪਾਸੇ ਜਨਰਲ ਏ.ਏ.ਕੇ.ਨਿਆਜੀ ਆਪਣੇ ਆਕਾ ਰਾਸ਼ਟਰਪਤੀ ਯਹੀਆ ਖਾਨ ਦਾ ਹੁਕਮ ਵਜਾ ਰਿਹਾ ਸੀ ਅਤੇ ਪੂਰਬੀ ਪਾਕਿਸਤਾਨੀਆਂ ਦਾ "ਖੂਨ ਬਦਲ ਦਿਉ" ਦੇ ਹੁਕਮ ਨੂੰ ਕਰਤੂਤੀ ਜਾਮਾ ਪਹਿਨਾ ਰਿਹਾ ਸੀ। ਇਹ ਮੰਦਭਾਗਾ ਵਰਤਾਰਾ ਪਾਕਿਸਤਾਨ ਦੀ ਸੈਨਾ(Operation Search Light) ਆਪਣੇ ਅਧੀਨ ਪੂਰਬੀ ਪਾਕਿਸਤਾਨ ਦੇ ਵਾਸੀਆਂ ਉੱਪਰ ਵਰਤਾ ਰਹੀ ਸੀ।

ਆਵਾਮੀ ਲੀਗ ਨੇ ਤਤਕਾਲੀ ਆਮ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕੀਤੀ ਸੀ, ਪਰੰਤੂ ਰਾਸ਼ਟਰਪਤੀ ਯਹੀਆ ਖਾਨ ਤੇ ਉਸ ਦੇ ਸਮਰਥਕ ਸ਼ੇਖ ਮੁਜੀਬ-ਉਰ-ਰਹਿਮਾਨ ਨੂੰ ਸੱਤਾ ਦੇਣ ਦੀ ਬਜਾਇ, ਖਤਮ ਕਰਨ ਦੀਆਂ ਸਕੀਮਾਂ ਬਣਾ ਰਹੇ ਸਨ। ਸ਼ੇਖ ਮੁਜੀਬ-ਉਰ-ਰਹਿਮਾਨ ਬਹੁਤ ਸੂਝਵਾਨ, ਦੇਸ਼ ਭਗਤ ਅਤੇ ਸਤਿਕਾਰਤ ਨੇਤਾ ਸੀ। ਯਹੀਆ ਖਾਨ ਨੇ ਉਸ ਨੂੰ ਨਜ਼ਰ ਬੰਦ ਕਰ ਦਿੱਤਾ ਅਤੇ ਆਵਾਮੀ ਲੀਗ ਦੇ ਨੇਤਾਵਾਂ, ਸਮਰਥਕਾਂ ਨੂੰ ਚੁਣ-ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਦੇਸ਼ ਵਿੱਚ ਹਾਹਾਕਾਰ ਮੱਚ ਗਈ। ਇਸ ਜੁਲਮ ਦੇ ਟਾਕਰੇ ਲਈ ਬੰਗਾਲੀ ਫੌਜੀ ਅਫਸਰ ਕਰਨਲ ਮੁਹੰਮਦ ਅੱਤਾ-ਉੱਲ ਉਸਮਾਨੀ ਦੀ ਕਮਾਨ ਹੇਠ 'ਮੁਕਤੀ-ਵਾਹਿਨੀ' ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਪੂਰਬੀ ਪਕਿਸਤਾਨ ਦੇ ਜਾਂਬਾਜ਼ ਨੌਜਵਾਨ ਅਤੇ ਪੂਰਬੀ ਪਾਕਿਸਤਾਨ ਵਿੱਖੇ ਤਾਇਨਾਤ ਪਾਕਿਸਤਾਨੀ ਫੌਜ ਦੇ ਭਗੌੜੇ ਸੈਨਿਕ ਸ਼ਾਮਲ ਸਨ।

ਮਾਮਲਾ ਬੇਸ਼ਕ ਪਾਕਿਸਤਾਨ ਦਾ ਅੰਦਰੂਨੀ ਸੀ, ਪਰੰਤੂ ਇਸ ਦਾ ਮਾੜਾ ਅਸਰ ਗੁਆਂਢੀ ਦੇਸ਼ਾਂ, ਖਾਸ ਕਰਕੇ ਭਾਰਤ ਉੱਪਰ ਪੈ ਰਿਹਾ ਸੀ। 3 ਦਸੰਬਰ 1971 ਨੂੰ ਆਖਰ ਜੰਗ ਸ਼ੁਰੂ ਹੋ ਗਈ।

ਜਨਰਲ ਅਰੋੜਾ ਦੀ ਕਮਾਨ ਦੇ ਅਧਿਕਾਰੀ ਅਤੇ ਜਵਾਨ ਜੋਸ਼ ਨਾਲ ਭਰੇ ਹੋਏ ਸਨ। ਜਨਰਲ ਅਰੋੜਾ ਦੀ ਫੌਜੀ ਕਾਬਲੀਅਤ, ਸਾਦਾਪਨ, ਦੇਸ਼ ਪ੍ਰੇਮ ਅਤੇ 'ਨਿਸ਼ਚੈ ਕਰ ਅਪਨੀ ਜੀਤ ਕਰੋਂ' ਦਾ ਹੁਕਮਨਾਮਾ ਹਰ ਸੈਨਿਕ ਨੂੰ ਅਥਾਹ ਹੌਂਸਲਾ ਬਖ਼ਸ਼ ਰਿਹਾ ਸੀ। ਭਾਰਤੀ ਸੈਨਾ ਨੇ 1971 ਦੀ ਭਾਰਤ-ਪਾਕਿ ਜੰਗ ਇੱਕ ਧਰਮ ਯੁੱਧ ਜਾਣ ਕੇ ਲੜੀ। ਭਾਰਤੀ ਪੂਰਬੀ ਕਮਾਨ ਨੇ ਨੀਤੀਗਤ ਫ਼ੈਸਲੇ ਅਨੁਸਾਰ ਚਹੁਤਰਫਾ ਸੈਨਿਕ ਤਰਕੀਬਾਂ(Formations) ਅਨੁਸਾਰ ਹਮਲਾ ਕੀਤਾ। ਇਹ ਰਣਨੀਤੀ ਬੜੀ ਕਾਰਗਰ ਸਾਬਤ ਹੋਈ। ਭਾਰਤੀ ਜਵਾਨਾਂ ਨੇ ਸੱਚੇ ਭਾਰਤੀ ਸਪੂਤ ਹੋਣ ਦਾ ਸਬੂਤ ਦਿੰਦੇ ਹੋਏ 16 ਦਸੰਬਰ 1971 ਦੇ ਦਿਨ ਪਾਕਿਸਤਾਨੀ ਫੌਜ ਨੂੰ ਗੋਡਿਆਂ ਭਾਰ ਕਰ ਦਿੱਤਾ। ਇਸ ਜੰਗ ਦੌਰਾਨ ਪਾਕਿਸਤਾਨੀ ਜਨਰਲ ਨਿਆਜ਼ੀ ਨੇ ਯੁੱਧ ਦੇ ਅੰਤਿਮ ਦਿਨਾਂ ਵਿੱਚ ਯੁੱਧ-ਵਿਰਾਮ ਦਾ ਸੁਝਾਅ ਵੀ ਦਿੱਤਾ। ਪਰ, ਜਨਰਲ ਅਰੋੜਾ ਨੂੰ ਕੇਵਲ ਬਿਨਾਂ ਸ਼ਰਤ ਆਤਮ-ਸਮਰਪਣ ਹੀ ਮਨਜ਼ੂਰ ਸੀ, ਜਿਸ ਕਰਕੇ ਪਾਕਿਸਤਾਨੀ ਫੌਜ ਦੀ ਕੋਈ ਵਾਹ ਨਾ ਚੱਲੀ। ਅੰਤ 16 ਦਸੰਬਰ 1971 ਨੂੰ ਢਾਕਾ ਵਿਖੇ ਜਨਰਲ ਨਿਆਜ਼ੀ ਨੇ ਆਪਣਾ .38(ਪੁਆਂਇੰਟ ਤਿੰਨ ਅੱਠ) ਪਿਸਤੌਲ ਜਨਰਲ ਅਰੋੜਾ ਦੇ ਹਵਾਲੇ ਕਰਦੇ ਹੋਏ 90,000 ਸੈਨਿਕਾਂ ਸਹਿਤ ਆਤਮ-ਸਮਰਪਣ ਕਰ ਦਿੱਤਾ।



Downloaded from https:// www.studiestoday.com

Downloaded from https:// www.studiestoday.com

ਇਹ ਤੱਥ ਦੱਸਣਾ ਵੀ ਲਾਜ਼ਮੀ ਹੈ ਕਿ ਜਨਰਲ ਨਿਆਜ਼ੀ ਤੇ ਜਨਰਲ ਅਰੋੜਾ ਦੋਵੇਂ ਸਹਿਪਾਠੀ ਸਨ। ਇਹਨਾਂ ਨੇ ਸਟਾਫ ਕਾਲਜ ਕੋਇਟਾ ਤੋਂ ਉੱਚ ਦਰਜੇ ਦੀ ਫੌਜੀ ਟਰੇਨਿੰਗ ਹਾਸਲ ਕੀਤੀ ਸੀ। ਦੋਹਾਂ ਨੇ ਆਪਣੇ-ਆਪਣੇ ਦੇਸ਼ ਦੀਆਂ ਫੌਜਾਂ ਦੇ ਦਸਤੂਰਾਂ ਦੀ ਪਾਲਣਾ ਕਰਦੇ ਹੋਏ ਜੀ.ਓ.ਸੀ. ਇੰਨ ਕਮਾਂਡ(GOC-In-Command) ਦਾ ਅਹੁਦਾ ਸੰਭਾਲਿਆ। ਜਨਰਲ ਨਿਆਜ਼ੀ ਦੇ ਆਤਮ-ਸਮਰਪਣ ਉਪਰੰਤ ਜਨਰਲ ਅਰੋੜਾ ਨੇ ਆਪਣੇ ਆਪ ਨੂੰ ਜੇਤੂ ਜਰਨੈਲ ਦੀ ਚਮਕ-ਦਮਕ ਵਿੱਚ ਕੈਦ ਨਹੀਂ ਹੋਣ ਦਿੱਤਾ, ਸਗੋਂ ਮੈਦਾਨ-ਏ-ਜੰਗ ਵਿੱਚ ਹੰਢਾਈ ਸਾਵੀ ਫੌਜੀ ਵਰਦੀ ਵਿੱਚ ਆਪਣੇ ਮਾਤਹਿਤ ਕਮਾਨ ਅਧਿਕਾਰੀਆਂ ਨੂੰ ਨਾਲ ਲੈ ਕੇ (ਤਿੰਨੋਂ ਸੈਨਾਵਾਂ ਦੇ ਆਲਾ ਕਮਾਂਡਰਾਂ ਸਹਿਤ) ਇੱਕ ਸਾਦੀ ਜਿਹੀ ਮੇਜ਼ ਸਾਹਮਣੇ, ਦੋ ਸਾਦੀਆਂ ਜਿਹੀਆਂ ਕੁਰਸੀਆਂ ਲਗਾ ਕੇ ਹਾਰੇ ਹੋਏ ਦੁਸ਼ਮਣ ਨੂੰ ਬਰਾਬਰ ਬਿਠਾਇਆ। ਇੱਥੋਂ ਤੱਕ ਕੇ ਜਨਰਲ ਨਿਆਜ਼ੀ ਨੂੰ ਦਸਤਖਤ ਕਰਨ ਲਈ ਪੈੱਨ ਵੀ ਖ਼ੁਦ ਮੁਹੱਈਆ ਕਰਵਾਇਆ।

1971 ਦੀ ਭਾਰਤ-ਪਾਕਿ ਜੰਗ 3-16 ਦਸੰਬਰ ਤੱਕ, ਦੋ ਹਫਤੇ ਤੋਂ ਵੀ ਅਲਪ ਸੀ। ਜਿਸ ਵਿੱਚ ਜਨਰਲ ਅਰੋੜਾ ਨੇ ਪੂਰਬੀ ਪਾਕਿਸਤਾਨ ਦੇ ਜਨਰਲ ਨਿਆਜ਼ੀ(ਟਾਈਗਰ) ਦਾ ਸ਼ਰਤ-ਮੁਕਤ ਆਤਮ-ਸਮਰਪਣ ਕਬੂਲਿਆ ਅਤੇ ਦੁਨੀਆ ਵਿੱਚ ਇੱਕ ਨਵੇਂ ਮੁਲਕ, ਬੰਗਲਾ ਦੇਸ਼ ਨੇ ਹਟਕੋਰੇ ਭਰਿਆ ਪਹਿਲਾ ਸਾਹ ਲਿਆ। 16 ਦਸੰਬਰ 1971 ਦੇ ਦਿਨ ਪਾਕਿਸਤਾਨ ਦੀ ਪੂਰਬੀ ਬਾਂਹ ਅਲੱਗ ਕਰ ਦਿੱਤੀ ਗਈ ਸੀ, ਪਰ ਇਸ ਕੌਤਕ ਨੂੰ ਅੰਜ਼ਾਮ ਦੇਣ ਵਾਲੇ ਜੇਤੂ ਜਰਨੈਲ ਦੇ ਚਿਹਰੇ ਉੱਪਰ ਮੁਸਕਾਨ ਦਾ ਨਾਮੋ-ਨਿਸ਼ਾਨ ਵੀ ਨਹੀਂ ਸੀ।

ਜਨਰਲ ਜਗਜੀਤ ਸਿੰਘ ਦਾ ਵਿਰਸਾ ਅਣਮੁੱਲਾ ਹੈ। ਉਸ ਨੇ ਵਰਦੀ ਵਿੱਚ ਰਹਿ ਕੇ ਹੀ ਨਹੀਂ, ਸਗੋਂ ਬਾਅਦ ਵਿੱਚ ਵੀ ਸੱਚ ਦਾ ਸਾਥ ਦਿੱਤਾ। ਉਹ ਇੱਕ ਅਣਥੱਕ, ਨਿਧੜਕ ਯੋਧਾ ਸੀ, ਜੋ ਦੇਸ਼ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ-ਮੁਨਾਰੇ ਦਾ ਕੰਮ ਕਰਦਾ ਰਹੇਗਾ। ਭਾਰਤ ਸਰਕਾਰ ਨੇ ਵੀ ਜਨਰਲ ਅਰੋੜਾ ਦੀ ਕਾਬਲੀਅਤ ਦਾ ਮਾਣ ਕਰਦੇ ਹੋਏ ਉਸ ਨੂੰ 'ਪਰਮ ਵਿਸ਼ਿਸ਼ਟ ਸੇਵਾ ਮੈਡਲ'(PVSM) ਅਤੇ 'ਪਦਮ ਭੂਸ਼ਨ' ਵਰਗੇ ਸਨਮਾਨ ਦਿੱਤੇ।

ਉਂਜ ਤਾਂ ਹਰ ਸੈਨਿਕ ਦਾ ਦੂਸਰੇ ਸੈਨਿਕ ਨਾਲ ਰਿਸ਼ਤਾ ਹੁੰਦਾ ਹੈ। ਪਰੰਤੂ ਮੈਂ ਉਸ ਪਲ ਨੂੰ ਨਹੀਂ ਭੁੱਲ ਸਕਦਾ ਜਦੋਂ ਜੂਨ 1983 ਦੇ ਦਿਨ ਜਰਨਲ ਜਗਜੀਤ ਸਿੰਘ ਅਰੋੜਾ ਨੇ ਜਨਰਲ ਨਿਆਜ਼ੀ ਦਾ ਪਿਸਟਲ ਇੰਡੀਅਨ ਮਿਲਟਰੀ ਅਕਾਦਮੀ ਨੂੰ ਭੇਂਟ ਕੀਤਾ ਸੀ। 1971 ਦੀ ਲੜਾਈ ਦੇ ਦਿਨਾਂ ਵਿੱਚ ਜਨਰਲ ਜਗਜੀਤ ਸਿੰਘ ਅਰੋੜਾ ਦਾ ਨਾਮ ਹਰ ਜ਼ੁਬਾਨ 'ਤੇ ਸੀ। ਸਲਾਮ ਹੈ-ਭਾਰਤੀ ਫੌਜ ਦੇ ਇਸ ਨਾਯਾਬ ਹੀਰੇ ਨੂੰ!

ਜਨਰਲ ਜਗਜੀਤ ਸਿੰਘ ਅਰੋੜਾ ਦੀ ਸ਼ਾਨਦਾਰ ਸ਼ਖ਼ਸੀਅਤ ਨੂੰ ਸਮਰਪਿਤ ਮੈਂ ਆਪਣੇ ਸ਼ਰਧਾਮਈ ਜਜ਼ਬਾਤਾਂ ਦਾ ਪ੍ਰਗਟਾਵਾ ਚੰਦ ਸਵੈ-ਰਚਿਤ ਆਪਮੁਹਾਰੀਆਂ ਕਾਵਿ-ਸਤਰਾਂ ਰਾਹੀਂ ਕਰ ਰਿਹਾ ਹਾਂ-

ਯਹੀਆ ਖਾਨ ਕੁਪੱਤਿਆ ਯਾਰਾ,

ਕਾਹਤੋਂ ਸ਼ਰਮ ਤੂੰ ਲਾਹੀ ਆ।

ਮੱਥਾ ਭਾਰਤ ਦੇ ਨਾਲ ਲਾ ਕੇ,

ਗਲ ਵਿੱਚ ਫਾਹੀ ਪਾਈ ਆ।



Downloaded from https:// www.studiestoday.com

Downloaded from https:// www.studiestoday.com

ਹੁਣ ਤੂੰ ਭੱਜ ਕਿਧਰ ਨੂੰ ਭੱਜਦੈ,
ਫੌਜਾਂ ਚਾਰ ਚੁਫੇਰੇ ਨੇ।
ਹਿੰਦੀ ਸਾਡੇ ਵੀਰਾਂ ਲਈ ਤੇਰੇ ਪਾਕੀ ਸੈਨਿਕ,
ਤਿੱਤਰ ਬਟੇਰੇ ਨੇ।

ਤੇਰਾ ਨਿਆਜ਼ੀ ਵਾਂਗ ਪਿਆਜ਼ੀ,
ਪੁੱਟ ਕੇ ਮੂਧਾ ਪਾ ਦਿੱਤਾ।
ਤੇਰੇ ਕਰਕੇ ਪਾਕਿ ਹੋ ਗਿਆ ਟੋਟੇ-ਟੋਟੇ,
ਬੰਗਲਾ ਦੇਸ਼ ਬਣਾ ਦਿੱਤਾ।

ਸਾਡਾ ਸਵਾ ਲੱਖ ਜਗਜੀਤ,
ਅਰੋੜਾ ਭਾਰੂ ਪੈ ਜਾਊਗਾ।
ਭੈਣੀ ਵਾਲਾ ਕਾਵਿ-ਸੁਨੇਹਾ,
ਰਾਗ ਮਾਰੂ ਵਿੱਚ ਕਹਿ ਜਾਊਗਾ।

ਹੈ ਜਗਜੀਤ ਅਰੋੜਾ ਜਨਰਲ,
ਹੀਰੋ ਇਸ ਕਹਾਣੀ ਦਾ।
ਜੈ-ਹਿੰਦ! ਜੈ-ਹਿੰਦ! ਕਰਦਾ ਹੈ ਅੱਜ,
ਸਰਕਾਰੀ ਸਕੂਲ ਕਟਾਣੀ ਦਾ।

**ਜੈ-ਹਿੰਦ!**



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਜਨਰਲ ਜਗਜੀਤ ਸਿੰਘ ਅਰੋੜਾ ਭਾਰਤੀ ਫੌਜ ਦੀ ਕਿਸ ਰੈਜੀਮੈਂਟ ਵਿੱਚ ਅਤੇ ਕਦੋਂ ਸ਼ਾਮਿਲ ਹੋਇਆ ?
2. ਜਨਰਲ ਅਰੋੜਾ ਨੇ 1971 ਤੋਂ ਪਹਿਲਾਂ ਕਿਹੜੀ ਜੰਗ ਵਿੱਚ ਹਿੱਸਾ ਲਿਆ ?
3. 1971 ਦੇ ਯੁੱਧ ਤੋਂ ਬਾਅਦ ਪੂਰਬੀ ਪਾਕਿਸਤਾਨ ਕਿਹੜੇ ਦੇਸ਼ ਦੇ ਰੂਪ ਵਿੱਚ ਦੁਨੀਆ ਦੇ ਨਕਸ਼ੇ ਤੇ ਆਇਆ ?
4. ਜਨਰਲ ਜਗਜੀਤ ਸਿੰਘ ਅਰੋੜਾ ਨੂੰ ਕਿਹੜੇ-ਕਿਹੜੇ ਫੌਜੀ ਸਨਮਾਨ ਪ੍ਰਾਪਤ ਹੋਏ ?
5. ਜਨਰਲ ਅਰੋੜਾ ਅਤੇ ਜਨਰਲ ਨਿਆਜ਼ੀ ਦਰਮਿਆਨ ਕਿਹੜੀ ਸਾਂਝ ਸੀ ?
6. 'ਯੁੱਧ ਖੇਤਰ ਦਾ ਨਾਇਕ : ਜਨਰਲ ਜਗਜੀਤ ਸਿੰਘ ਅਰੋੜਾ' ਜੀਵਨੀ ਮੂਲਕ ਨਿਬੰਧ ਦਾ ਸਾਰ ਲਿਖੋ।



Downloaded from https:// www.studiestoday.com

Downloaded from https:// www.studiestoday.com

## 11. ਲੋਕ ਜਾਗ੍ਰਿਤੀ ਵਾਲਾ ਰੰਗਕਰਮੀ : ਗੁਰਸ਼ਰਨ ਸਿੰਘ

ਗੁਰਸ਼ਰਨ ਸਿੰਘ ਪੰਜਾਬੀ ਨਾਟ-ਖੇਤਰ 'ਚ ਵਿਸ਼ੇਸ਼ ਨਾਂ ਹੈ। ਪੰਜਾਬੀ ਰੰਗਮੰਚ ਨੂੰ ਵਡਮੁੱਲੀ ਦੇਣ ਕਰਕੇ ਭਾਈ ਮੰਨਾ ਸਿੰਘ, ਭਾਅ ਜੀ, ਪੰਜਾਬੀ ਰੰਗਮੰਚ ਦਾ ਸ਼ੈਕਸਪੀਅਰ, ਪੰਜਾਬੀ ਰੰਗਮੰਚ ਦਾ ਬਾਬਾ ਬੋਹੜ, ਲੋਕ ਸੱਭਿਆਚਾਰ ਦਾ ਮਹਾਂ-ਨਾਇਕ, ਪੰਜਾਬੀ ਰੰਗਮੰਚ ਦਾ ਬੇਤਾਜ਼ ਬਾਦਸ਼ਾਹ, ਕਾਮਰੇਡ ਗੁਰਸ਼ਰਨ ਸਿੰਘ ਆਦਿ ਨਾਵਾਂ-ਵਿਸ਼ੇਸ਼ਣਾਂ ਨਾਲ ਵੀ ਜਾਣਿਆ ਜਾਂਦਾ ਹੈ। ਗੁਰਸ਼ਰਨ ਸਿੰਘ ਮਹਿਜ਼ ਨਾਟਕਕਾਰ ਹੀ ਨਹੀਂ ਸੀ ਬਲਕਿ ਇੱਕੋ ਸਮੇਂ ਇੰਜੀਨੀਅਰ, ਨਾਟਕਕਾਰ, ਅਦਾਕਾਰ, ਪ੍ਰਕਾਸ਼ਕ, ਸੰਪਾਦਕ, ਲੋਕ ਆਗੂ, ਪ੍ਰਬੰਧਕ ਆਦਿ ਅਨੇਕਾਂ ਭੂਮਿਕਾਵਾਂ ਵਜੋਂ ਕਾਰਜਸ਼ੀਲ ਰਿਹਾ। ਲੋਕ ਹਿੱਤਾਂ ਨਾਲ ਜੁੜੀਆਂ ਸਮਾਜਿਕ ਸੰਸਥਾਵਾਂ-ਜੱਥੇਬੰਦੀਆਂ ਨਾਲ ਉਨ੍ਹਾਂ ਦੀ ਖਾਸ ਨੇੜਤਾ ਰਹੀ ਹੈ, ਵਿਚਾਰਧਾਰਕ ਪੱਧਰ 'ਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਇਸ ਰੰਗਕਰਮੀ ਦੀ ਇੱਛਾ ਸੀ ਕਿ ਸਾਰੀਆਂ ਖੱਬੇ ਪੱਖੀ ਧਿਰਾਂ ਸਾਂਝਾ ਫਰੰਟ ਬਣਾ ਕੇ ਸੰਘਰਸ਼ਸ਼ੀਲ ਰਾਹ ਅਖਤਿਆਰ ਕਰਨ। ਇੰਜ ਗੁਰਸ਼ਰਨ ਸਿੰਘ ਦੀ ਸ਼ਖ਼ਸੀਅਤ 'ਚ ਬਹੁਤ ਕੁਝ ਸਮੋਇਆ ਹੋਇਆ ਸੀ। ਉਹ ਤੁਰਦੀ ਫਿਰਦੀ ਸੰਸਥਾ ਸੀ।

ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ, 1929 ਨੂੰ ਡਾ. ਗਿਆਨ ਸਿੰਘ ਦੇ ਘਰ ਮੁਲਤਾਨ (ਪਾਕਿਸਤਾਨ) ਵਿਖੇ ਹੋਇਆ। ਮੁੱਢਲੀ ਸਿੱਖਿਆ ਮੁਲਤਾਨ ਤੋਂ ਹੀ ਹਾਸਿਲ ਕੀਤੀ। ਇੱਥੇ ਪੜ੍ਹਦਿਆਂ ਪੰਜਾਬੀ ਤੇ ਉਰਦੂ ਜ਼ਬਾਨਾਂ 'ਚ ਵੀ ਮੁਹਾਰਤ ਹਾਸਿਲ ਕੀਤੀ। ਉਚੇਰੀ ਸਿੱਖਿਆ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਐੱਮ.ਐੱਸ.ਸੀ. (ਆਨਰਜ਼) ਟੈਕਨੀਕਲੀ ਕੈਮਿਸਟ੍ਰੀ ਕਰਨ ਉਪਰੰਤ 1951 'ਚ ਭਾਖੜਾ ਨੰਗਲ ਵਿਖੇ ਸੀਮਿੰਟ ਲੈਬਾਰਟਰੀ 'ਚ ਨੌਕਰੀ ਪ੍ਰਾਪਤ ਕੀਤੀ।

ਨੌਕਰੀ ਦੌਰਾਨ ਉਸਦੀ ਜ਼ਿੰਦਗੀ 'ਚ ਵਾਪਰੀ ਇੱਕ ਛੋਟੀ ਜਿਹੀ ਘਟਨਾ ਨੇ ਉਸਨੂੰ ਰੰਗਮੰਚੀ ਗਤੀਵਿਧੀਆਂ ਵੱਲ ਪ੍ਰੇਰਿਤ ਕੀਤਾ। ਭਾਖੜਾ ਡੈਮ 'ਚ ਚੱਲ ਰਹੇ ਕਾਰਜ ਦੌਰਾਨ ਜਦੋਂ ਲੋਹੜੀ ਦੇ ਮੌਕੇ ਕਾਮਿਆਂ ਨੇ ਛੁੱਟੀ ਦੀ ਮੰਗ ਕੀਤੀ ਤਾਂ ਮੈਨੇਜਮੈਂਟ ਨੇ ਛੁੱਟੀ ਤੋਂ ਇਨਕਾਰ ਕਰ ਦਿੱਤਾ। ਮਜ਼ਦੂਰਾਂ ਨੇ ਛੁੱਟੀ ਦੀ ਇਵਜ਼ ਵਿੱਚ ਅਗਲੇ ਦਿਨ ਅੱਠ ਤੋਂ ਬਾਰ੍ਹਾਂ ਘੰਟੇ ਕੰਮ ਕਰਨ ਦੀ ਗੱਲ ਵੀ ਕਹੀ ਪਰ ਉਨ੍ਹਾਂ ਦੀ ਮੰਗ ਨੂੰ ਠੁਕਰਾ ਦਿੱਤਾ ਗਿਆ। ਗੁਰਸ਼ਰਨ ਭਾਅ ਨੂੰ ਇਸ ਘਟਨਾ ਨੇ ਕਾਫ਼ੀ ਪਰੇਸ਼ਾਨ ਕੀਤਾ। ਇਹ ਗੱਲ 1954 ਈ. ਦੀ ਹੈ। ਗੁਰਸ਼ਰਨ ਸਿੰਘ ਨੇ ਮਜ਼ਦੂਰਾਂ ਦੇ ਹੱਕ 'ਚ ਨਿੱਤਰਦਿਆਂ, ਇਸ ਘਟਨਾ 'ਤੇ ਅਧਾਰਿਤ 'ਲੋਹੜੀ ਦੀ ਹੜਤਾਲ' ਨਾਟਕ ਖੇਡਿਆ। ਇਸ ਨਾਟਕ ਨੂੰ ਉੱਥੋਂ ਦੀ ਲੇਬਰ ਕਲੱਬ ਦੇ ਮੈਂਬਰਾਂ ਦੁਆਰਾ ਖੇਡਿਆ ਗਿਆ। ਪੇਸ਼ਕਾਰੀ ਸਮੇਂ ਹਜ਼ਾਰਾਂ ਦੀ ਗਿਣਤੀ 'ਚ ਪਹੁੰਚੇ ਬੱਚਿਆਂ, ਔਰਤਾਂ, ਮਰਦਾਂ ਤੇ ਬਜ਼ੁਰਗਾਂ ਨੇ ਇਸਨੂੰ ਭਰਵਾਂ ਹੁੰਗਾਰਾ ਦਿੱਤਾ। ਇੱਥੇ ਹੀ ਭਾਅ ਜੀ ਨੇ ਨੋਟ ਕੀਤਾ ਕਿ ਲੋਕਾਂ ਦੀ ਗੱਲ ਨੂੰ ਨਾਟਕ ਜ਼ਰੀਏ ਸੌਖੇ ਤਰੀਕੇ ਪੇਸ਼ ਕੀਤਾ ਜਾ ਸਕਦਾ ਹੈ। ਉਸ ਕੋਲ ਮਾਰਕਸੀ ਫ਼ਲਸਫ਼ੇ ਦਾ ਗਿਆਨ ਤੇ ਵਿਗਿਆਨਿਕ ਸੂਝ ਪਹਿਲਾਂ ਤੋਂ ਹੀ ਮੌਜੂਦ ਸੀ ਕਿਉਂਕਿ ਉਹ ਨੌਂਵੀਂ ਸ਼੍ਰੇਣੀ ਤੋਂ ਹੀ ਕਮਿਊਨਿਸਟ ਪਾਰਟੀ ਨਾਲ ਜੁੜ ਕੇ ਕਾਰਡ ਹੋਲਡਰ ਬਣ ਗਿਆ ਸੀ। ਉਹ ਸਮਾਜ ਨੂੰ ਇਸ ਨਾਟ ਵਿਧਾ ਰਾਹੀਂ ਬਦਲਣਾ ਚਾਹੁੰਦਾ ਸੀ। ਇਹੀ ਕਾਰਨ ਹੈ ਕਿ 'ਲੋਹੜੀ ਦੀ ਹੜਤਾਲ' ਤੋਂ ਸ਼ੁਰੂ ਹੋਇਆਂ ਇਹ ਸਫ਼ਰ ਅੰਤਿਮ ਸਮੇਂ ਤੱਕ ਜਾਰੀ ਰਿਹਾ।

ਗੁਰਸ਼ਰਨ ਸਿੰਘ ਨੇ ਨਾਟਕਾਂ ਤੋਂ ਬਿਨਾਂ ਦੋ ਵਿਗਿਆਨਿਕ ਪੁਸਤਕਾਂ 'ਐਟਮ ਤੇ ਐਟਮ ਸ਼ਕਤੀ', 'ਧਰਤੀ ਤਾਰੇ ਤੇ ਆਕਾਸ਼' ਵੀ ਲਿਖੀਆਂ। 'ਐਟਮ ਤੇ ਐਟਮ ਸ਼ਕਤੀ' ਪੁਸਤਕ ਨੂੰ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਵੀ ਕੀਤਾ ਗਿਆ। 'ਸਮਤਾ', 'ਸਰਕਲ' ਵਰਗੇ ਮੈਗਜ਼ੀਨ ਦੀ ਸੰਪਾਦਕ ਜ਼ਿੰਮੇਵਾਰੀ ਨੂੰ ਵੀ ਤਨਦੇਹੀ ਨਾਲ ਨਿਭਾਇਆ। ਜਿੱਥੇ ਪੰਜਾਬੀ ਟ੍ਰਿਬਿਊਨ, ਦੇਸ ਸੇਵਕ ਜਿਹੇ ਅਖ਼ਬਾਰਾਂ ਲਈ ਹਫ਼ਤਾਵਾਰੀ ਕਾਲਮ ਲਿਖੇ ਉੱਥੇ ਨੇ 'ਬਲਰਾਜ ਸਾਹਨੀ ਪੁਸਤਕਮਾਲਾ ਪ੍ਰਕਾਸ਼ਨ' ਅਧੀਨ ਕਈ ਨਵੇਂ-ਪੁਰਾਣੇ ਲੇਖਕਾਂ



Downloaded from https:// www.studiestoday.com

Downloaded from https:// www.studiestoday.com

ਦੀਆਂ ਸਮਾਜਵਾਦੀ ਲਿਖਤਾਂ ਦਾ ਪ੍ਰਕਾਸ਼ਨ ਕਰਦਿਆਂ, ਆਮ ਲੋਕਾਂ ਤੱਕ ਪਹੁੰਚਾਉਣ ਦਾ ਉੱਦਮ ਕੀਤਾ। 'ਬੱਸ ਕੰਡਕਟਰ' ਟੈਲੀ ਫ਼ਿਲਮ ਅਤੇ 'ਮਨ ਜੀਤੈ ਜਗੁ ਜੀਤ' ਫ਼ਿਲਮ ਵਿਚ ਅਦਾਕਾਰੀ ਕਰਕੇ ਆਪਣੀ ਬਹੁਪੱਖੀ ਪ੍ਰਤਿਭਾ ਦਾ ਲੋਹਾ ਮਨਵਾਇਆ।

ਗੁਰਸ਼ਰਨ ਸਿੰਘ ਦੀ ਬਹੁਮੁੱਲੀ ਪ੍ਰਤਿਭਾ ਕਰਕੇ ਉਸਨੂੰ ਬੇਸ਼ੁਮਾਰ ਮਾਣ ਸਨਮਾਨ ਹਾਸਲ ਹੋਏ। ਜਿਨ੍ਹਾਂ 'ਚੋਂ ਕੁਝ ਵਿਸ਼ੇਸ਼ ਇਸ ਪ੍ਰਕਾਰ ਹਨ– 'ਘੁੰਮਣਘੇਰੀ' ਨਾਟਕ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੁਰਸਕ੍ਰਿਤ (1960), 'ਸ਼੍ਰੋਮਣੀ ਨੁੱਕੜ ਨਾਟਕਕਾਰ' ਦਾ ਖਿਤਾਬ, ਭੁਪਾਲ ਪ੍ਰਦੇਸ਼ ਵਿੱਚ ਹੋਏ 'ਸਟਰੀਟ ਥੀਏਟਰ' ਮੁਕਾਬਿਲਆਂ 'ਚੋਂ (1981), 'ਇੰਟਰਨੈਸ਼ਨਲ ਲਿਟਰੇਰੀ ਟਰੱਸਟ ਕੈਨੇਡਾ ਵੱਲੋਂ ਮਨਜੀਤ ਮੈਮੋਰੀਅਲ ਐਵਾਰਡ' (1983), ਆਲ ਇੰਡੀਆ ਹਾਰਮਨੀ ਐਵਾਰਡ, ਨਵੀਂ ਦਿੱਲੀ (1988), ਕਰਤਾਰ ਸਿੰਘ ਧਾਲੀਵਾਲ ਪੁਰਸਕਾਰ (1991), ਮੰਚਣ ਆਰਟਸ ਵੱਲੋਂ ਡਾ. ਫੁੱਲ ਮੈਮੋਰੀਅਲ ਮੰਚਣ ਐਵਾਰਡ (1992), ਡਾ. ਰਵੀ ਮੈਮੋਰੀਅਲ ਐਵਾਰਡ (2000), ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਡੀ. ਲਿੱਟ ਦੀ ਡਿਗਰੀ ਨਾਲ ਸਨਮਾਨਿਤ (2010), ਉਮਰ ਭਰ ਦੀਆਂ ਪ੍ਰਾਪਤੀਆਂ ਲਈ ਪੰਜਾਬ ਕਲਾ ਪਰਿਸ਼ਦ ਵੱਲੋਂ ਸਨਮਾਨਿਤ (2011) ਆਦਿ ਆਦਿ।

ਅੱਧੀ ਸਦੀ ਤੋਂ ਵਧੀਕ ਸਮਾਂ ਨਾਟ ਸਿਰਜਣਾ ਦੇ ਲੇਖੇ ਲਾਉਂਦਿਆਂ ਹੋਇਆਂ 200 ਦੇ ਕਰੀਬ ਨਾਟ ਰਚਨਾਵਾਂ ਤੇ ਹਜ਼ਾਰਾਂ ਪੇਸ਼ਕਾਰੀਆਂ ਪੰਜਾਬੀ ਰੰਗਮੰਚ ਦੀ ਝੋਲੀ ਪਾਈਆਂ। ਪੰਜਾਬ ਦਾ ਸ਼ਾਇਦ ਹੀ ਕੋਈ ਪਿੰਡ/ਇਲਾਕਾ ਹੋਵੇ ਜਿੱਥੇ ਉਸ ਨੇ ਨਾਟਕ ਜ਼ਰੀਏ ਪਹੁੰਚ ਸਥਾਪਤੀ ਨਾ ਕੀਤੀ ਹੋਵੇ। ਉਸ ਨੇ ਪੰਜਾਬੀ ਨਾਟਕ ਨੂੰ ਗੁੰਝਲਦਾਰ ਤਕਨੀਕਾਂ ਤੋਂ ਬਾਹਰ ਕੱਢ ਕੇ ਜਿਸ ਸ਼ੈਲੀ ਨੂੰ ਈਜ਼ਾਦ ਕੀਤਾ ਉਸਨੂੰ 'ਨੁੱਕੜ ਨਾਟ ਸ਼ੈਲੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬੀ 'ਚ ਉਸ ਦੇ ਇਸ ਸ਼ੈਲੀ ਨਾਲ ਸੰਬੰਧਿਤ ਨਾਟਕਾਂ ਦੀ ਸੂਚੀ ਬਹੁਤ ਲੰਬੀ ਹੈ। ਬਾਬਾ ਬੋਲਦਾ ਹੈ, ਕਰਫ਼ਿਊ, ਚੰਡੀਗੜ੍ਹ ਪੁਆੜੇ ਦੀ ਜੜ੍ਹ, ਕੁਰਸੀ ਮੋਰਚਾ ਤੇ ਹਵਾ 'ਚ ਲਟਕਦੇ ਲੋਕ, ਭੰਡ ਕੈਨੇਡਾ ਆਏ ਆਦਿ ਆਦਿ ਸਿਰਫ਼ ਉਦਾਹਰਣ ਮਾਤਰ ਹਨ।

1975 'ਚ ਜਦੋਂ ਦੇਸ਼ ਭਰ 'ਚ ਐਮਰਜੈਂਸੀ ਲੱਗੀ ਤਾਂ ਜ਼ਮਹੂਰੀ ਹੱਕਾਂ ਦੀ ਆਵਾਜ਼ ਉਠਾਉਣ ਵਾਲੇ ਅਗਰਦੂਤਾਂ ਨੂੰ ਦਬਾਉਣ ਲਈ ਕਈ ਹਥਕੰਡੇ ਅਪਣਾਏ ਗਏ। ਗੁਰਸ਼ਰਨ ਭਾਅ ਜੀ ਨੂੰ ਵੀ ਲੋਕ ਆਵਾਜ਼ ਦੇ ਪੈਰੋਕਾਰ ਬਣਨ ਦਾ ਖ਼ਮਿਆਜ਼ਾ 19 ਸਤੰਬਰ, 1975 ਨੂੰ ਨੌਕਰੀ ਤੋਂ ਬਰਖ਼ਾਸਤ ਹੋ ਕੇ ਭੁਗਤਣਾ ਪਿਆ। 1977 'ਚ ਪੰਜਾਬ 'ਚ ਬਣੀ ਨਵੀਂ ਸਰਕਾਰ ਵੱਲੋਂ ਉਸਨੂੰ ਨੌਕਰੀ 'ਤੇ ਫਿਰ ਬਹਾਲ ਕੀਤਾ ਗਿਆ, ਪਰ 1981 'ਚ ਉਸ ਨੇ ਆਪਣੀ ਮਰਜ਼ੀ ਨਾਲ ਨੌਕਰੀ ਤੋਂ ਸੇਵਾਮੁਕਤੀ ਲੈ ਕੇ ਆਪਣਾ ਜੀਵਨ ਲੋਕ ਸਰਗਰਮੀਆਂ ਨੂੰ ਸਮਰਪਿਤ ਕਰ ਦਿੱਤਾ।

ਸਮਾਜ 'ਚ ਵਾਪਰਦੀ ਹਰ ਘਟਨਾ 'ਤੇ ਨੋਟਿਸ ਲੈਂਦਿਆਂ ਨਾਟਕ ਦੀ ਸਿਰਜਣਾ ਕਰਦਿਆਂ 'ਨੁੱਕੜ ਨਾਟਕ' ਦੀ ਵਿਧਾ ਨੂੰ ਹਥਿਆਰ ਵਜੋਂ ਵਰਤਿਆ।

ਨੁੱਕੜ ਨਾਟਕ ਸਾਹਿਤ ਦੀ ਅਜਿਹੀ ਸ਼ਸ਼ਕਤ ਵਿਧਾ ਹੈ, ਜਿਸਦੇ ਅੰਤਰਗਤ ਸਮਾਜ 'ਚ ਵਾਪਰਦੀ ਹਰ ਸਮਕਾਲੀ ਵਕਤੀ ਸਮੱਸਿਆ/ਘਟਨਾ ਨੂੰ ਆਧਾਰ ਸ੍ਰੋਤ ਬਣਾਇਆ ਜਾਂਦਾ ਹੈ। ਜਿੰਨ੍ਹਾਂ ਦਾ ਸੰਬੰਧ ਰਾਜਸੀ ਸਰੋਕਾਰਾਂ, ਵਿਵਸਥਾ/ਸਥਾਪਤੀ ਵਿਰੋਧ ਨਾਲ ਹੁੰਦਾ ਹੈ, ਸੋ ਇਸ ਵਿੱਚ ਨਾਟਕਕਾਰ/ਨਿਰਦੇਸ਼ਕ ਤਟਫਟ ਸਿਰਜਣ ਦੀ ਪ੍ਰਕਿਰਿਆ ਤਹਿਤ ਨੁੱਕੜ ਨਾਟਕ ਦੀ ਸਿਰਜਣਾ ਕਰਦਾ ਹੈ। ਇੰਜ ਇਹ ਵੀ ਵਿਚਾਰ ਦਿੱਤਾ ਜਾਂਦਾ ਹੈ ਕਿ ਸਮੇਂ ਦੇ ਵਹਾਅ ਨਾਲ ਇਸਦਾ ਮਹੱਤਵ ਘੱਟ ਜਾਂਦਾ ਹੈ, ਫਿਰ ਵੀ ਇਸਦੀ ਅਹਿਮੀਅਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜਿੱਥੋਂ ਤੱਕ ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕਾਂ (ਸਿਉਂਕ, ਪਾਣੀ, ਬੇਰੁਜ਼ਗਾਰ, ਤੰਦੂਰ) ਆਦਿ ਆਦਿ ਦਾ ਸੰਬੰਧ ਹੈ, ਇਹ ਅੱਜ ਵੀ ਸਮੇਂ ਦੀ ਪ੍ਰਾਸੰਗਿਕਤਾ



Downloaded from https:// www.studiestoday.com

Downloaded from https:// www.studiestoday.com

'ਤੇ ਖਰੇ ਉੱਤਰਦੇ ਹਨ। ਇਨ੍ਹਾਂ ਨਾਟਕਾਂ 'ਚ ਭਾਅ ਜੀ ਨੇ ਸਮਾਜਿਕ ਅਲਾਮਤਾਂ (ਅਨਪੜ੍ਹਤਾ, ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਘਟੀਆ ਰਾਜਨੀਤੀ, ਜਾਤਪਾਤ, ਲੁੱਟ-ਖਸੁੱਟ, ਫਿਰਕਾਪ੍ਰਸਤੀ, ਪੁਲਿਸ ਸ਼ੋਸ਼ਣ ਆਦਿ) ਸੰਬੰਧੀ ਚਰਚਾ ਹੀ ਨਹੀਂ ਕੀਤੀ ਸਗੋਂ ਸਥਾਪਤੀ ਹੋਂਦ ਵਿੱਚ ਬਦਲਾਉ ਲਈ ਸੁਝਾਉ ਵੀ ਦਿੱਤਾ। ਜਦੋਂ ਉਸ ਨੇ ਆਪਣੇ ਨਾਟਕਾਂ ਦਾ ਮੁਹਾਨ ਪਿੰਡਾਂ ਵੱਲ ਕਰ ਲਿਆ ਤਾਂ ਸਟੇਜ ਦੇ ਬੰਧਨਾਂ ਤੇ ਸਿਧਾਂਤਾਂ ਨੂੰ ਤਿਆਗ ਦਿੱਤਾ। ਪਿੰਡਾਂ 'ਚ ਜਿੱਥੇ ਵੀ ਖਾਲੀ ਥਾਂ, ਥੜ੍ਹਾ, ਸੱਥ, ਧਰਮਸ਼ਾਲਾ, ਸਕੂਲ, ਵਿਹੜਾ ਆਦਿ ਜਗ੍ਹਾ ਮਿਲੀ, ਉਸ ਨੇ ਆਪਣਾ ਮੰਚ ਬਣਾ ਲਿਆ। ਜਨਤਕ ਥੀਏਟਰ ਨੂੰ ਤਰਜੀਹ ਦਿੰਦਿਆਂ ਕੁਰਸੀ, ਮੰਜਾ, ਸੋਟੀ, ਟੋਪੀ, ਸਟੂਲ ਆਦਿ ਸਧਾਰਨ ਵਸਤਾਂ ਨੂੰ ਵੀ ਮੰਚ ਸਮੱਗਰੀ ਵਜੋਂ ਵਰਤਿਆ। ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਨਾਟਕ ਨੂੰ ਮਿਸ਼ਨ ਮੰਨਿਆ।

ਆਮ ਵੇਖਣ 'ਚ ਇਹ ਵੀ ਆਉਂਦਾ ਹੈ ਕਿ ਵੱਖ-ਵੱਖ ਸ਼ਹਿਰਾਂ/ਕਸਬਿਆਂ, ਵੱਖ-ਵੱਖ ਯੂਨੀਵਰਸਿਟੀਆਂ ਦੇ ਨਾਟ ਅਦਾਰੇ, ਸ਼ੌਕੀਆਂ ਨਾਟ ਮੰਡਲੀਆਂ ਵੱਲੋਂ ਨੁੱਕੜ ਨਾਟਕ ਤਿਆਰ ਕਰ ਲਏ ਜਾਂਦੇ ਹਨ, ਜੋ ਅਧਿਕਤਰ ਅਲਿਖਤੀ ਰੂਪ 'ਚ ਹੁੰਦੇ ਹਨ, ਘੱਟ ਵੱਧ ਹੀ ਸਕ੍ਰਿਪਟ ਦਾ ਹਿੱਸਾ ਬਣਦੇ ਹਨ। ਗੁਰਸ਼ਰਨ ਸਿੰਘ ਦੇ ਨੁੱਕੜ ਨਾਟਕਾਂ ਸੰਬੰਧੀ ਇਹ ਸੁਖਦ ਗੱਲ ਹੈ ਕਿ ਉਸ ਦੀਆਂ ਸਾਰੀਆਂ ਸਕ੍ਰਿਪਟਾਂ ਨੂੰ 'ਕੇਵਲ ਧਾਲੀਵਾਲ' ਨੇ ਸਾਂਭਣ ਦਾ ਯਤਨ ਕਰ ਲਿਆ ਹੈ/ਕਰ ਰਿਹਾ ਹੈ। ਇੱਥੇ ਇਹ ਵੀ ਨੁਕਤਾ ਵਿਚਾਰਨ ਵਾਲਾ ਹੈ ਕਿ ਉਸ ਨੂੰ ਭਾਰਤ 'ਚ 'ਨੁਕੜ ਨਾਟਕ ਦੇ ਸਮਰਾਟ' ਦਾ ਰੁਤਬਾ ਵੀ ਹਾਸਿਲ ਹੈ।

ਉਸ ਨੇ ਸਰਕਾਰੀ ਪ੍ਰਸ਼ਾਸਨ 'ਚ ਵਾਪਰਦੀ ਹਰੇਕ ਗਲਤ ਘਟਨਾ ਦਾ ਬੇਖੌਫ਼ ਖੰਡਨ ਕੀਤਾ। ਸਮੇਂ ਦੀਆਂ ਸਰਕਾਰਾਂ ਨਾਲ ਦਸਤਪੰਜਾ ਲੈਂਦਿਆਂ ਜੇਲ ਵੀ ਕੱਟੀ। ਸਮਾਜਿਕ ਚੇਤਨਾ ਫੈਲਾਉਣ ਲਈ ਉਹ ਆਪਣੇ ਨਾਇਕਾਂ (ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸ਼ਹੀਦ ਭਗਤ ਸਿੰਘ) ਦੇ ਸੁਪਨਿਆਂ ਦਾ ਸਮਾਜ ਬਣਾਉਣ ਲਈ ਨਾਟਕਾਂ ਦਾ ਹੜ੍ਹ ਲੈ ਆਉਂਦਾ ਹੈ। ਹਾਲਾਂਕਿ ਕਈ ਰੰਗਕਰਮੀ/ ਵਿਦਵਾਨ ਤਕਨੀਕੀ ਪੱਖਾਂ ਤੋਂ ਉਸ ਦੇ ਨਾਟਕਾਂ ਤੇ ਕਿੰਤੂ ਕਰਦੇ ਹਨ। ਪਰ ਹਕੀਕਤ ਵਿੱਚ ਉਸ ਦੇ ਨਾਟਕਾਂ ਨੂੰ ਵਾਚਣ ਲਈ ਸਮੇਂ ਦੇ ਇਤਿਹਾਸ 'ਚੋਂ ਗੁਜ਼ਰਨਾ ਪੈਂਦਾ ਹੈ। ਗੁਰਸ਼ਰਨ ਸਿੰਘ ਨੇ ਉਸ ਸਮੇਂ ਨਾਟਕਾਂ ਦੀਆਂ ਪੇਸ਼ਕਾਰੀਆਂ ਕੀਤੀਆਂ ਜਦੋਂ ਲੋਕ ਸ਼ਾਮ ਪੈਣ 'ਤੇ ਘਰੋਂ ਬਾਹਰ ਨਹੀਂ ਨਿਕਲਦੇ ਸਨ। ਮਿੱਟੀ ਦਾ ਮੁੱਲ, ਮੋਚੀ ਦਾ ਪੁੱਤ, ਉਣੇ ਤੋਂ ਸੱਖਣੇ, ਸਵੇਰ ਦੀ ਲੋਅ, ਗ਼ਰੀਬ ਲੋਕ, ਕੰਮੀਆਂ ਦਾ ਵਿਹੜਾ ਆਦਿ ਉਸ ਦੇ ਨਾਟਕ ਲੋਕ ਹਿੱਤਾਂ ਨਾਲ ਜੁੜੇ ਹੋਣ ਦਾ ਪ੍ਰਮਾਣ ਹਨ।

ਜਿੱਥੋਂ ਤੱਕ ਉਸ ਦੇ ਰਾਜਸੀ ਸਰੋਕਾਰਾਂ ਬਾਰੇ ਨਾਟਕਾਂ ਦਾ ਵਿਚਾਰ ਹੈ ਸ਼ਾਇਦ ਉਹ ਵਿਸ਼ਵ ਦਾ ਪਹਿਲਾ ਨਾਟਕਕਾਰ ਹੋਵੇ ਜਿਸਨੇ ਨੇਤਾਵਾਂ ਦਾ ਪ੍ਰਤੱਖ ਨਾਂ ਲੈ ਕੇ ਉਨ੍ਹਾਂ ਦੀਆਂ ਕੂਟਨੀਤੀਆਂ ਦੀ ਭੰਡੀ ਕੀਤੀ ਹੋਵੇ। ਉਹ ਰਾਜਸੀ ਚਿਹਰਿਆਂ ਤੋਂ ਮਖੌਟੇ ਲਾਹ ਕੇ ਉਨ੍ਹਾਂ ਦੀ ਅਸਲੀਅਤ ਨੂੰ ਨੰਗਾ ਕਰਦਾ ਹੈ। ਉਹ ਨੇਤਾ ਲੋਕਾਂ ਦੁਆਰਾ ਲਾਏ ਜਾਂਦੇ 'ਲਾਰਿਆਂ' ਦੀ ਪੋਲ ਖੋਲ੍ਹਦਾ ਹੈ। ਇੰਜ ਰਾਜਸੀ ਖੇਤਰ 'ਚ ਵਾਪਰੀ 'ਤੰਦੂਰ' ਘਟਨਾ 'ਤੇ ਉਹ ਕਿੰਤੂ ਕਰਦਾ ਹੈ ਕਿ ਕਿਸ ਤਰ੍ਹਾਂ ਰਾਜਨੀਤਿਕ ਲੋਕ ਆਪਣੀਆਂ ਅਹੁਦੇਦਾਰੀਆਂ ਹਥਿਆਉਣ ਲਈ ਘਰ ਦੀਆਂ ਔਰਤਾਂ ਨੂੰ ਵੀ ਦਾਅ 'ਤੇ ਲਾਉਂਦੇ ਹਨ। ਜੰਗੀ ਰਾਮ ਦੀ ਹਵੇਲੀ, ਤਮਾਸ਼ਾ-ਏ-ਹਿੰਦੁਸਤਾਨ, ਹਵਾਲੀ ਗੋਲੇ ਆਦਿ ਨਾਟਕਾਂ 'ਚੋਂ ਉਦਾਹਰਣਾਂ ਤਲਾਸ਼ਣੀਆਂ ਕਠਿਨ ਨਹੀਂ ਹਨ।

ਧਰਮ ਤੇ ਇਤਿਹਾਸ ਲੋਕ ਮਾਨਸਿਕਤਾ ਦਾ ਵਿਸ਼ੇਸ਼ ਅੰਗ ਹੁੰਦੇ ਹਨ, ਇਸ ਲਈ ਜੋ ਵੀ ਕਲਾ, ਸਾਹਿਤ ਤੇ ਇਤਿਹਾਸ ਨੂੰ ਆਧਾਰ ਬਣਾ ਕੇ ਉਸਾਰੀ ਜਾਂਦੀ ਹੈ, ਉਹ ਲੋਕ ਮਨ ਨੂੰ ਹਲੂਣਦੀ ਜ਼ਰੂਰ ਹੈ, ਇਤਿਹਾਸ ਜਿੱਥੇ ਪਰੰਪਰਾ ਨਾਲ ਜੋੜਦਾ ਹੈ, ਉੱਥੇ ਭਵਿੱਖ ਸੰਬੰਧੀ ਵੀ ਸੁਚੇਤ/ਚੇਤੰਨ ਕਰਦਾ ਹੈ। ਗੁਰਸ਼ਰਨ ਸਿੰਘ ਨੇ ਵੀ ਆਪਣੀ ਨਾਟਕੀ ਕਲਾ ਦਾ ਆਗਾਜ਼ ਇਹੋ ਜਿਹੇ ਤਰੀਕੇ ਨਾਲ ਕੀਤਾ ਸੀ। ਉਸ ਨੇ ਗੁਰੂ



Downloaded from https:// www.studiestoday.com

Downloaded from https:// www.studiestoday.com

ਸਾਹਿਬਾਨਾਂ ਦੀ ਵਿਚਾਰਧਾਰਾ ਨੂੰ ਵਿਗਿਆਨਕ ਜ਼ਾਵੀਏ ਤੇ ਪੇਸ਼ ਕਰਨ ਦਾ ਪ੍ਰਯਤਨ ਕੀਤਾ ਹੈ। ਗੁਰੂ ਨਾਇਕ ਨੂੰ ਮੰਚ ਤੋਂ ਗੈਰਹਾਜ਼ਰ ਕਰਕੇ ਉਨ੍ਹਾਂ ਦੀ ਵਿਚਾਰਧਾਰਕ ਚੇਤਨਾ ਨੂੰ ਲੋਕ ਬੋਲੀ, ਲੋਕ ਸ਼ੈਲੀ 'ਚ ਪ੍ਰਸਤੁਤ ਕਰਨ ਦਾ ਤਕੜਾ ਹੰਭਲਾ ਮਾਰਿਆ। ਗੁਰਦਿਆਲ ਸਿੰਘ ਫੁੱਲ ਦੇ ਨਾਟਕ ਜਿਨ ਸਚਿ ਪਲੇ ਹੋਇ, ਸਭ ਕੁਝ ਹੋਤ ਉਪਾਇ, ਸੀਸ ਤਲੀ ਤੇ, ਤੱਤੀ ਤਵੀ, ਪਰਖ, ਕਿਵ ਕੂੜੈ ਤੁਟਹਿ ਪਾਲ, ਚਾਂਦਨੀ ਚੌਂਕ, ਧਮਕ ਨਗਾਰੇ ਦੀ ਆਦਿ ਨਾਟਕਾਂ ਦੀਆਂ ਪੇਸ਼ਕਾਰੀਆਂ ਕਰਕੇ ਜਨਸੰਚਾਰ ਦਾ ਹਿੱਸਾ ਬਣਾਇਆ। ਉਸ ਨੇ ਧਾਰਮਿਕ/ਇਤਿਹਾਸਕ ਨਾਟਕਾਂ ਨੂੰ ਰਾਜਸੀ ਪੁੱਠ 'ਚ ਢਾਲਿਆ। ਉਸ ਦੇ ਨਾਟਕ ਇਤਿਹਾਸ ਦੀ ਪੁਨਰ ਵਿਆਖਿਆ ਕਰਦੇ ਹਨ। ਆਜ਼ਾਦੀ ਪਰਵਾਨਿਆਂ ਦੀਆਂ ਕੁਰਬਾਨੀਆਂ ਧਮਕ ਨਗਾਰੇ ਦੀ, ਗ਼ਦਰ ਦੀ ਗੂੰਜ, ਗ਼ਦਰ ਦੀ ਲਹਿਰ, ਬੁੱਤ ਜਾਗ ਪਿਆ ਆਦਿ ਨਾਟਕਾਂ ਦਾ ਹਿੱਸਾ ਬਣਦੀਆਂ ਹਨ। ਆਉ ਰਾਣੀ ਜੀ, ਰਾਜ ਸਾਹਬਾਂ ਦਾ ਆਦਿ ਨਾਟਕ ਸਰਕਾਰੀ ਪਾਬੰਦੀਆਂ ਦੇ ਬਾਵਜੂਦ ਵੀ ਖੇਡੇ ਗਏ। ਇਹ ਉਨ੍ਹਾਂ ਦੇ ਨਾਟਕਾਂ ਦਾ ਹੀ ਅਸਰ ਹੈ ਕਿ ਜਨਮ ਸਰਟੀਫਿਕੇਟਾਂ 'ਚ ਮਾਂ ਦੇ ਨਾਂ ਦਾ ਕਾਲਮ ਸ਼ੁਰੂ ਹੋਇਆ। ਇੱਕ ਵਾਰ ਉਸ ਨੇ ਇਸ ਵਿਸ਼ੇ ਸੰਬੰਧੀ ਨਾਟਕ ਖੇਡਿਆ ਤਾਂ ਮੌਕੇ 'ਤੇ ਮੌਜੂਦਾ ਸਮੇਂ ਦੇ ਸਿੱਖਿਆ ਮੰਤਰੀ ਨੇ ਇਹ ਫ਼ੈਸਲਾ ਲਿਆ ਕਿ ਕਾਲਮਾਂ 'ਚ ਮਾਂ ਦਾ ਨਾਂ ਦਰਜ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਲੁਧਿਆਣੇ ਵਰਗੇ ਇਲਾਕੇ 'ਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਲੱਗੇ ਬੁੱਤ ਪਿੱਛੇ ਵੀ ਗੁਰਸ਼ਰਨ ਭਾਅ ਜੀ ਦੀ ਨਾਟਕਕਾਰੀ ਦੇ ਯੋਗਦਾਨ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਗੁਰਸ਼ਰਨ ਭਾਅ ਜੀ ਨੇ ਮਿਹਨਤਕਸ਼ ਕਿਰਤੀਆਂ ਦੀ ਧਿਰ, ਲਿਤਾੜੇ, ਨਪੀੜੇ, ਲੁਟੀਂਦੇ-ਕੁਟੀਂਦੇ ਲੋਕਾਂ ਦੀ ਧਿਰ ਦੇ ਹੱਕ ਸੱਚ ਲਈ ਅਨੇਕਾਂ ਨਾਟਕ ਲਿਖੇ। ਔਰਤਾਂ, ਦਲਿਤਾਂ, ਪ੍ਰਵਾਸੀ ਮਜ਼ਦੂਰਾਂ, ਖੇਤ ਅਤੇ ਸਨਅਤੀ ਮਜ਼ਦੂਰ, ਬੇਜ਼ਮੀਨੇ ਗਰੀਬ ਕਿਸਾਨ, ਦਰਜਾ ਚਾਰ ਮੁਲਾਜ਼ਮ ਆਦਿ ਵਰਗਾਂ ਦੀਆਂ ਨਿੱਕੀਆਂ-ਨਿੱਕੀਆਂ ਸਮੱਸਿਆਵਾਂ ਨੂੰ ਨਾਟਕ 'ਚ ਪੇਸ਼ ਕਰਕੇ ਸਮਾਜਿਕ ਬਦਲਾਉ ਦਾ ਸੁਨੇਹਾ ਦਿੱਤਾ।

ਮਾਨਵੀ ਸਰੋਕਾਰਾਂ ਨਾਲ ਗੜੂੰਦ ਉਸਦੀ ਲੇਖਨ-ਕਲਾ ਨਵੇਂ-ਆਯਾਮ ਸਿਰਜਦੀ ਹੈ। ਵਿਦੇਸ਼ੀ ਨਾਟਕਾਂ ਦੇ ਅਨੁਵਾਦ ਤੋਂ ਲੈ ਕੇ ਪੰਜਾਬੀ ਗਲਪ, ਕਾਵਿ ਰਚਨਾਵਾਂ ਦਾ ਰੂਪਾਂਤਰਨ ਕਰਦਿਆਂ ਅਜਿਹੀਆਂ ਨਾਟ-ਸਕ੍ਰਿਪਟਾਂ ਦੀ ਸਿਰਜਣਾ ਕੀਤੀ, ਜਿਹੜੀਆਂ ਮੌਲਿਕ ਰਚਨਾਵਾਂ ਦਾ ਦਰਜਾ ਰੱਖਦੀਆਂ ਹਨ। ਜੋਗਾ ਸਿੰਘ ਦੀ ਕਵਿਤਾ 'ਮੁਨਸ਼ੀ ਖਾਨ' ਤੇ ਆਧਾਰਤ 'ਨਾਟਕ ਮੁਨਸ਼ੀ ਖਾਨ ਦਾ', ਪਾਸ਼ ਦੀਆਂ ਕਵਿਤਾਵਾਂ 'ਤੇ ਆਧਾਰਤ 'ਵੱਡੀ ਹਵੇਲੀ 'ਚੋਂ ਕੋਈ ਧਾਹਾਂ ਮਾਰਦੀ ਨਿਕਲੀ', ਸਰਵਮੀਤ ਦੀ ਕਹਾਣੀ 'ਕਲਾਣ' ਉੱਪਰ ਆਧਾਰਤ 'ਨਵਾਂ ਜਨਮ', ਸੋਹਣ ਸਿੰਘ ਸੀਤਲ ਰਚਿਤ 'ਤੂਤਾਂ ਵਾਲਾ ਖੂਹ', ਨਾਨਕ ਸਿੰਘ ਦੇ ਨਾਵਲ ਉੱਤੇ ਆਧਾਰਤ 'ਕੋਈ ਹਰਿਆ ਬੂਟ ਰਹੀਓ ਰੀ' ਆਦਿ ਅਨੇਕਾਂ ਉਦਾਹਰਨਾਂ ਹਨ। ਉਸਨੇ ਪੰਜਾਬੀ ਨਾਟਕ-ਰੰਗਮੰਚ ਨੂੰ ਪ੍ਰਫੁੱਲਿਤ ਕਰਨ ਲਈ ਬਿਨਾਂ ਕਿਸੇ ਤਾਮ-ਝਾਮ ਦੇ ਨੁਕੜ ਸ਼ੈਲੀ ਅਖਤਿਆਰ ਕੀਤੀ।

ਰੰਗਮੰਚ ਰਾਹੀਂ ਸਮਾਜਕ-ਰਾਜਸੀ ਜਾਗ੍ਰਿਤੀ ਲਿਆਉਣ ਲਈ ਸਮਰਪਿਤ ਬਹੁਪੱਖੀ ਸ਼ਖ਼ਸੀਅਤ ਗੁਰਸ਼ਰਨ ਸਿੰਘ 27 ਸਤੰਬਰ, 2011 ਨੂੰ ਸਾਥੋਂ ਸਦਾ ਲਈ ਵਿੱਛੜ ਗਿਆ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਗੁਰਸ਼ਰਨ ਸਿੰਘ ਦਾ ਜਨਮ ਕਦੋਂ ਹੋਇਆ ?
2. ਗੁਰਸ਼ਰਨ ਸਿੰਘ ਨੂੰ ਕਿਸ ਘਟਨਾ ਨੇ ਪ੍ਰਭਾਵਿਤ ਕੀਤਾ ?
3. ਗੁਰਸ਼ਰਨ ਸਿੰਘ ਦੀਆਂ ਵਿਗਿਆਨਕ ਪੁਸਤਕਾਂ ਦੇ ਨਾਮ ਲਿਖੋ ?
4. ਗੁਰਸ਼ਰਨ ਸਿੰਘ ਨੂੰ ਨੌਕਰੀ ਤੋਂ ਬਰਖ਼ਾਸਤ ਕਿਉਂ ਕੀਤਾ ਗਿਆ ?
5. ਗੁਰਸ਼ਰਨ ਸਿੰਘ ਸਮਾਜਿਕ ਚੇਤਨਾ ਲਿਆਉਣ ਲਈ ਆਪਣਾ ਨਾਇਕ ਕਿਸ ਨੂੰ ਮੰਨਦਾ ਹੈ ?
6. 'ਲੋਕ ਜਾਗ੍ਰਿਤੀ ਵਾਲਾ ਰੰਗਕਰਮੀ: ਗੁਰਸ਼ਰਨ ਸਿੰਘ' ਜੀਵਨੀ-ਮੂਲਕ ਨਿਬੰਧ ਦਾ ਸੰਖੇਪ ਸਾਰ ਲਿਖੋ।



Downloaded from https:// www.studiestoday.com

Downloaded from https:// www.studiestoday.com

# 12. ਲਘੂ ਮਾਨਵ ਦੀ ਆਵਾਜ਼ : ਗੁਰਦਿਆਲ ਸਿੰਘ

ਗਲਪਕਾਰ ਗੁਰਦਿਆਲ ਸਿੰਘ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸਾਹਿਤਕਾਰ ਹਨ। ਉਹ ਅਜਿਹੇ ਚੋਣਵੇਂ ਸਾਹਿਤਕਾਰਾਂ ਵਿੱਚੋਂ ਇੱਕ ਹਨ; ਜਿਨ੍ਹਾਂ ਦੀਆਂ ਰਚਨਾਵਾਂ ਨੂੰ ਸਧਾਰਨ ਪਾਠਕ ਤੋਂ ਲੈ ਕੇ ਪ੍ਰੋੜ੍ਹ ਵਿਦਵਾਨਾਂ ਨੇ ਗੰਭੀਰਤਾ ਨਾਲ ਵਿਚਾਰਿਆ, ਸਮਝਿਆ ਤੇ ਸਲਾਹਿਆ ਹੈ। ਭਾਰਤੀ ਉਪ-ਮਹਾਂਦੀਪ ਦੇ ਉਹ ਉਨ੍ਹਾਂ ਸਾਹਿਤਕਾਰਾਂ ਵਿੱਚੋਂ ਇਕ ਹੈ ਜਿਨ੍ਹਾਂ ਨੇ ਅਜ਼ਾਦੀ ਤੋਂ ਪਿੱਛੋਂ ਦੇ ਗਲਪ ਸਾਹਿਤ ਵਿੱਚ ਉਪ-ਭਾਸ਼ਾ ਨੂੰ ਰਚਨਾਤਮਿਕ ਪ੍ਰਗਟਾਵੇ ਦਾ ਮਾਧਿਅਮ ਬਣਾਇਆ। ਉਸ ਦੀਆਂ ਰਚਨਾਵਾਂ ਵਿੱਚ ਸਮਾਜ ਅਤੇ ਸੱਭਿਆਚਾਰ ਦੀ ਬਦਲਦੀ ਸਥਿਤੀ ਅਨੁਸਾਰ ਬਦਲਦੀ ਮਨੁੱਖੀ ਮਾਨਸਿਕ ਦਸ਼ਾ ਦਾ ਭਰਵੇਂ ਰੂਪ ਵਿੱਚ ਵਰਣਨ ਹੋਇਆ ਹੈ। ਗ੍ਰਾਮੀਣ-ਸੰਸਕ੍ਰਿਤੀ ਨੂੰ ਉਸਨੇ ਇਸਦੀ ਸਮੱਗ੍ਰਤਾ ਅਤੇ ਗਤੀਸ਼ੀਲਤਾ ਵਿੱਚ ਪੇਸ਼ ਕੀਤਾ ਹੈ। ਗੁਰਦਿਆਲ ਸਿੰਘ ਦੀ ਵਿਲੱਖਣਤਾ ਇਸ ਸੰਸਕ੍ਰਿਤੀ ਨੂੰ ਨਵੇਕਲੀ ਗਲਪ ਦ੍ਰਿਸ਼ਟੀ ਤੋਂ ਚਿਤਰਨ ਵਿੱਚ ਹੈ। ਇਸੇ ਦ੍ਰਿਸ਼ਟੀ ਕਰਕੇ ਉਸਦੇ ਸਾਹਿਤ ਵਿੱਚ 'ਲਘੂ-ਮਾਨਵ' ਦਾ ਭਰਮਾਂ ਅਤੇ ਸੰਪੂਰਨ ਚਰਿੱਤਰ ਉਘੜਿਆ। ਸਮਾਜਿਕ ਆਧਾਰ ਤੇ ਉੱਸਰੇ ਰਿਸ਼ਤੇ ਆਰਥਿਕ ਕਾਰਨਾਂ ਕਰਕੇ ਕਿਵੇਂ ਬਦਲਦੇ ਜਾਂਦੇ ਹਨ; ਇਸ ਦੀਆਂ ਅਨੇਕ ਮਿਸਾਲਾਂ ਗੁਰਦਿਆਲ ਸਿੰਘ ਦੇ ਸਾਹਿਤ ਵਿੱਚ ਮੌਜੂਦ ਹਨ।

ਉਸ ਦਾ ਜਨਮ 10 ਜਨਵਰੀ, 1933 ਨੂੰ ਪਿੰਡ ਭੈਣੀ ਫੱਤਾਹ, ਜ਼ਿਲ੍ਹਾ ਫਰੀਦਕੋਟ (ਪੰਜਾਬ) ਵਿਖੇ ਮਾਤਾ ਸ਼੍ਰੀਮਤੀ ਨਿਹਾਲ ਕੌਰ ਅਤੇ ਪਿਤਾ ਸ.ਜਗਤ ਸਿੰਘ ਦੇ ਘਰ ਹੋਇਆ। ਉਸ ਦਾ ਜੱਦੀ ਪਿੰਡ ਡੇਲਿਆਂ ਵਾਲੀ, ਤਹਿਸੀਲ ਜੈਤੋਂ, ਜ਼ਿਲ੍ਹਾ ਫ਼ਰੀਦਕੋਟ (ਪੰਜਾਬ) ਹੈ। ਛੋਟੀ ਉਮਰ ਵਿੱਚ ਹੀ ਆਪ ਜੀ ਦੀ ਸ਼ਾਦੀ ਜਨਵਰੀ, 1946 ਵਿੱਚ ਸ਼੍ਰੀਮਤੀ ਬਲਵੰਤ ਕੌਰ (ਨਿੱਕੀ) ਨਾਲ ਹੋਈ। ਵਿਆਹੁਤਾ ਜੀਵਨ ਦੀਆਂ ਪਰਿਵਾਰਕ-ਆਰਥਿਕ ਜਿੰਮੇਵਾਰੀਆਂ ਨੂੰ ਨਿਭਾਉਣ ਲਈ ਉਹਨਾਂ ਗਲੀ-ਗਲੀ ਘੁੰਮ ਕੇ ਚਕਲੇ-ਬੇਲਣੇ, ਨੂਣਦਾਨੀਆਂ ਅਤੇ ਹੋਰ ਘਰੇਲੂ ਸਮਾਨ ਵੇਚਿਆ। ਫੇਰੀ ਲਾਉਣ ਦੇ ਇਸ ਕੰਮ ਵਿੱਚੋਂ ਜਦੋਂ ਥੋੜਾ ਲਾਭ ਹੋਇਆ ਤਾਂ ਉਹਨਾਂ ਨੇ ਮੰਜੇ, ਖੇਤੀ ਸੰਦ ਅਤੇ ਬਲਦਾਂ ਵਾਲੇ ਗੱਡੇ ਬਣਾਉਣੇ ਸ਼ੁਰੂ ਕਰ ਦਿੱਤੇ। ਸਮੇਂ ਦੀ ਤੋਰ ਨਾਲ ਤੁਰਦਿਆਂ ਉਹਨਾਂ ਪਾਣੀ ਦੀਆਂ ਟੈਂਕੀਆਂ ਅਤੇ ਕਣਕ ਸੰਭਾਲਣ ਵਾਲੇ ਢੋਲ ਆਦਿ ਵੀ ਆਪਣੇ ਹੱਥੀਂ ਬਣਾਏ। ਬਹੁਤ ਕਮਜ਼ੋਰ ਸ਼ਰੀਰ ਹੋਣ ਦੇ ਬਾਵਜੂਦ ਹਥੌੜੇ ਨਾਲ ਸਾਲਾਂ ਬੱਧੀ ਕੰਮ ਕਰਨ ਦਾ ਸ਼ਰੀਰਕ ਨੁਕਸਾਨ ਇਹ ਹੋਇਆ ਕਿ ਉਹਨਾਂ ਦੀ ਸੱਜੀ ਬਾਂਹ, ਖੱਬੀ ਬਾਂਹ ਨਾਲੋਂ ਲੰਬੀ ਹੋ ਗਈ ਸੀ। ਉਸ ਨੇ ਰਸਮੀ ਵਿੱਦਿਆ ਗਿਆਨੀ, ਬੀ.ਏ., ਓ.ਟੀ. ਅਤੇ ਐਮ.ਏ. (ਪੰਜਾਬੀ) ਪ੍ਰਾਈਵੇਟ ਤੌਰ ਤੇ ਹਾਸਲ ਕੀਤੀ। ਉਹ 1954 ਤੋਂ 1962 ਤੱਕ ਪ੍ਰਾਇਮਰੀ, 1962 ਤੋਂ 1970 ਤੱਕ ਹਾਈ ਸਕੂਲ ਅਧਿਆਪਕ ਰਹੇ। 1971 ਤੋਂ 1985 ਤੱਕ ਉਸ ਨੇ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਬਤੌਰ ਕਾਲਜ ਲੈਕਚਰਾਰ ਸੇਵਾ ਨਿਭਾਈ। ਇਸ ਉਪਰੰਤ ਉਸ ਨੇ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਰੀਜ਼ਨਲ ਸੈਂਟਰ, ਬਠਿੰਡਾ ਵਿਖੇ ਪੰਜਾਬੀ ਵਿਭਾਗ ਵਿੱਚ ਲੈਕਚਰਾਰ (1986-87) ਰੀਡਰ (1987-91) ਪ੍ਰੋਫ਼ੈਸਰ (1991-93) ਅਤੇ ਰਿਟਾਇਰਮੈਂਟ ਤੋਂ ਬਾਅਦ ਪੁਨਰ-ਨਿਯੁਕਤੀ (1993-95) ਦੌਰਾਨ ਸੇਵਾ ਨਿਭਾਉਂਦੇ ਰਹੇ। ਆਪ ਜੀ ਦੀਆਂ ਅਕਾਦਮਿਕ ਅਤੇ ਸਾਹਿਤਿਕ ਉਪਲਬਧੀਆਂ ਕਾਰਨ ਆਪ ਜੀ ਨੂੰ ਪ੍ਰੋਫ਼ੈਸਰ ਆਫ਼ ਐਮੀਨੈਂਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ (2002-04); ਵਿਜ਼ਿਟਿੰਗ ਪ੍ਰੋਫ਼ੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ (2002-03) ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਮਈ 2004 ਤੋਂ ਲਾਈਫ ਫ਼ੈਲੋਸ਼ਿਪ ਨਾਲ ਸਨਮਾਨਿਆ ਗਿਆ।

ਗੁਰਦਿਆਲ ਸਿੰਘ ਦੇ ਸਾਹਿਤ ਦੀ ਵਸਤੂ-ਸਮੱਗਰੀ ਪੰਜਾਬੀ ਸਮਾਜ ਦੇ ਉਸ ਦੌਰ ਨਾਲ ਸੰਬੰਧਿਤ ਹੈ; ਜਦੋਂ ਇਸ ਸਮਾਜ ਵਿੱਚ ਸਾਮਰਾਜ ਅਧੀਨ ਪੂੰਜੀਵਾਦੀ ਤਬਦੀਲੀ ਆਉਣੀ ਹਾਲੇ ਸ਼ੁਰੂ ਹੋਈ ਸੀ। ਇਸ ਤਬਦੀਲੀ ਦਾ ਪ੍ਰਮੁੱਖ ਲੱਛਣ ਇਹ ਹੈ ਕਿ ਮਨੁੱਖੀ ਰਿਸ਼ਤੇ ਨਿਰੋਲ ਜਾਇਦਾਦੀ ਰਿਸ਼ਤੇ ਬਣ



Downloaded from https:// www.studiestoday.com

Downloaded from https:// www.studiestoday.com

ਕੇ ਰਹਿ ਜਾਂਦੇ ਹਨ। ਗੁਰਦਿਆਲ ਸਿੰਘ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਸਨੇ ਮਨੁੱਖੀ ਸਰੋਕਾਰਾਂ ਨੂੰ ਸਮੂਹਿਕ ਕਰਮ-ਪ੍ਰਤਿਕਰਮ ਰਾਹੀਂ ਸਮਝਣ ਦੀ ਥਾਂ ਉਨ੍ਹਾਂ ਵਿਚਲੇ ਵਿਅਕਤੀਆਂ ਦੇ ਪ੍ਰਤਿਕਰਮਾਂ ਰਾਹੀਂ ਦਰਸਾਇਆ; ਜੋ ਗਲਪ ਪਰੰਪਰਾ ਅਤੇ ਸਿਰਜਣ ਸਰੋਕਾਰਾਂ ਦੇ ਪ੍ਰਚੱਲਤ ਰਾਹਾਂ ਤੋਂ ਨਵੇਕਲੀ ਤੋਰ ਸੀ। ਸ਼ੁਰੂਆਤੀ ਦੌਰ ਵਿੱਚ ਹੀ ਉਹਨਾਂ ਆਪਣੀਆਂ ਰਚਨਾਵਾਂ ਨਾਲ ਉੱਚ ਕੋਟੀ ਦੇ ਵਿਦਵਾਨਾਂ ਤੋਂ ਲੈ ਕੇ ਸਧਾਰਨ ਪਾਠਕ ਤੱਕ ਨੂੰ ਪ੍ਰਭਾਵਿਤ ਕੀਤਾ। ਪਿਛਲੇ ਪੰਜ ਦਹਾਕਿਆਂ ਵਿਚ ਗੁਰਦਿਆਲ ਸਿੰਘ ਆਪਣੀ ਵਿਸ਼ੇ ਚੋਣ, ਨਿਭਾ ਅਤੇ ਉਪਭਾਸ਼ਾਈ ਸਮਰੱਥਾ ਕਰਕੇ ਨਾ ਸਿਰਫ਼ ਪੰਜਾਬੀ ਜਾਂ ਭਾਰਤੀ; ਸਗੋਂ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਨਿਵੇਕਲੀ ਪਹਿਚਾਣ ਬਣ ਚੁੱਕਾ ਹੈ।

ਗੁਰਦਿਆਲ ਸਿੰਘ ਨਿਮਨ ਸ਼੍ਰੇਣੀ ਦੇ ਸਾਧਨ ਵਿਹੂਣੇ ਪਾਤਰਾਂ ਨੂੰ ਅਪਣਾਉਂਦਾ ਹੈ। ਏਹੋ ਉਸਦੀ ਵਿਸ਼ੇਸ਼ਤਾ ਅਤੇ ਨਿਵੇਕਲਾਪਨ ਹੈ। ਉਸ ਤੋਂ ਪਹਿਲਾਂ ਦੇ ਬਹੁਤੇ ਸਾਹਿਤਕਾਰ ਸਿਧਾਂਤਾਂ, ਸਿੱਖਿਆਵਾਂ ਨੂੰ ਆਪਣੀ ਕਲਾ ਦਾ ਵਾਹਣ ਬਣਾਉਂਦੇ ਹਨ। ਉਹ ਕਿਸੇ ਨਾ ਕਿਸੇ ਸਿਧਾਂਤ ਦਾ ਸਿਰਫ ਨਿਰੂਪਣ ਕਰਨਾ ਚਾਹੁੰਦੇ ਸਨ ਅਤੇ ਪ੍ਰੱਚਲਿਤ ਸਿਧਾਂਤਾਂ ਦੁਆਰਾ ਤੱਥ ਲੱਭ ਕੇ ਉਹਨਾਂ ਨੂੰ ਸਿੱਧ ਕਰਨ ਅਤੇ ਕਲਾਤਮਕ ਰੂਪ ਵਿਚ ਪੇਸ਼ ਕਰਨ ਵੱਲ ਹੀ ਰੁਚਿਤ ਸਨ।

ਮਨੁੱਖੀ-ਇਤਿਹਾਸ ਦੇ ਜਿਸ ਮੋੜ ਤੇ ਗੁਰਦਿਆਲ ਸਿੰਘ ਦੇ ਨਾਵਲ ਅਤੇ ਕਹਾਣੀਆਂ ਰਚੇ ਗਏ ਹਨ, ਉਥੇ ਇਹ ਬਦਲਦੀਆਂ ਕਦਰਾਂ-ਕੀਮਤਾਂ ਜਾਗੀਰਦਾਰੀ ਤੇ ਪੂੰਜੀਵਾਦ ਦੇ ਪ੍ਰਵੇਸ਼ ਦੀਆਂ ਸੂਚਕ ਹਨ। ਸਰਮਾਏਦਾਰੀ ਹੀ ਮਨੁੱਖੀ ਰੈਲ ਅਤੇ ਸਦਭਾਵਨਾ ਦੇ ਰਿਸ਼ਤਿਆਂ ਨੂੰ ਖਤਮ ਕਰਦੀ ਹੈ। ਸਰਮਾਏਦਾਰੀ ਵਿਚ ਛੁਪੀ ਅਣਮਾਨਵਤਾ ਨੂੰ ਗੁਰਦਿਆਲ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਸ਼੍ਰੇਨਿਕ ਵਿਵਹਾਰ ਰਾਹੀਂ ਪੇਸ਼ ਕੀਤਾ ਹੈ। ਵਿਅਕਤੀ ਅਤੇ ਸਾਹਿਤ ਦੋਵੇਂ ਸਭਿਆਚਾਰਕ ਹੋਂਦਾਂ ਹਨ। ਸਾਹਿਤ ਇਸੇ ਪ੍ਰਸੰਗ ਵਿਚ ਵਿਸ਼ੇਸ਼ ਹੈ। ਇਹਨਾਂ ਮਨੁੱਖੀ ਰਿਸ਼ਤਿਆਂ ਨੂੰ ਉਹ ਸਭਿਆਚਾਰਕ ਪ੍ਰਸੰਗ ਵਿਚ ਵਿਸਤਾਰਦਾ ਹੈ। ਵਿਅਕਤੀ ਅਤੇ ਸਮਾਜ ਦੇ ਇਹ ਰਿਸ਼ਤੇ ਇਤਿਹਾਸਕ ਗਤੀ ਅਨੁਸਾਰ ਬਦਲਦੇ ਰਹਿੰਦੇ ਹਨ, ਭਾਵੇਂ ਖਤਮ ਨਹੀਂ ਹੁੰਦੇ। ਇਸ ਤਰ੍ਹਾਂ ਇਤਿਹਾਸ ਦੀ ਗਤੀ ਨਿਰੰਤਰ ਚਲਦੀ ਰਹਿੰਦੀ ਹੈ। ਸਾਧਾਰਨ ਵਿਅਕਤੀ ਰਿਸ਼ਤਿਆਂ ਤੇ ਰਿਸ਼ਤਿਆਂ ਦੀ ਸੰਭਾਵਨਾ ਤੋਂ ਵਿਛੁੰਨਿਆ ਹੋਇਆ ਹੈ। ਇਹਨਾਂ ਬਦਲਦੇ ਰਿਸ਼ਤਿਆਂ ਦੇ ਸੰਦਰਭ ਵਿਚ ਮਨੁੱਖ ਦੀ ਸਥਿਤੀ ਨੂੰ ਗੁਰਦਿਆਲ ਸਿੰਘ ਨੇ ਆਪਣੇ ਨਾਵਲ ਅਤੇ ਕਹਾਣੀਆਂ ਵਿਚ ਰੂਪਮਾਨ ਕੀਤਾ ਹੈ। ਨਿੱਜੀ-ਸੰਪਤੀ ਦਾ ਮਸਲਾ ਗੁਰਦਿਆਲ ਸਿੰਘ ਦੀਆਂ ਰਚਨਾਵਾਂ ਵਿਚ ਮੂਲ ਸਮੱਸਿਆ ਦੇ ਤੌਰ ਤੇ ਵਿਚਾਰਿਆ ਗਿਆ ਹੈ। ਇਸਦਾ ਸੰਬੰਧ ਸਾਧਾਰਨ ਵਿਅਕਤੀ ਦੀ ਸੂਝ ਦੇ ਘੇਰੇ ਨਾਲ ਹੈ। ਇਹੋ ਉਸਦੇ ਪਾਤਰਾਂ ਦੀ 'ਸੂਝ' ਅਤੇ 'ਸਮਰੱਥਾ' ਦਾ ਘੇਰਾ ਹੈ। ਫ਼ਲਸਰੂਪ ਪਾਤਰ-ਚਿਤਰਨ ਦੇ ਪੱਖੋਂ ਪੰਜਾਬੀ ਸਾਹਿਤ ਵਿਚ ਗੁਰਦਿਆਲ ਸਿੰਘ ਵਿਸ਼ੇਸ਼ ਤੇ ਨਿਵੇਕਲਾ ਸਥਾਨ ਰੱਖਦਾ ਹੈ। ਉਹ ਘਟਨਾ ਨਾਲੋਂ ਪਾਤਰ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ।

ਗੁਰਦਿਆਲ ਸਿੰਘ ਦੀਆਂ ਮੁਢਲੀਆਂ ਲਿਖਤਾਂ ਦੇ ਹੱਥ-ਲਿਖਤ ਖਰੜੇ 1946 ਤੋਂ ਮਿਲਦੇ ਹਨ। (ਸਭ ਤੋਂ ਪਹਿਲਾ ਖਰੜਾ ਇਕਾਂਗੀ **ਇਕ ਸੀ ਕੁੜੀ** 1946 ਦਾ ਹੈ। ਇਸਦਾ ਵਿਸ਼ਾ ਗ੍ਰਾਮੀਣ ਸਮਾਜ ਵਿੱਚ ਪ੍ਰੇਮ-ਵਿਆਹ ਦੇ ਸੁਪਨੇ ਦਾ ਦੁਖਾਂਤ ਹੈ।) ਦਸਤਕਾਰੀ ਦੇ ਪਿਤਾ-ਪੁਰਖੀ ਕਿੱਤੇ ਦੀ ਥਾਂ ਪੜ੍ਹਨ ਦਾ ਸ਼ੌਕ ਗੁਰਦਿਆਲ ਸਿੰਘ ਨੂੰ ਬਚਪਨ ਤੋਂ ਹੀ ਸੀ ਪਰ ਉਸਦੀ ਮੁੱਢਲੀ ਸਿੱਖਿਆ ਵਿਵਸਥਿਤ ਰੂਪ ਵਿਚ ਨਹੀਂ ਹੋ ਸਕੀ। ਹੈਡਮਾਸਟਰ ਸ਼੍ਰੀ ਮਦਨ ਮੋਹਨ ਸ਼ਰਮਾ ਦੀ ਪ੍ਰੇਰਨਾ ਅਤੇ ਉਤਸ਼ਾਹ ਕਰਕੇ ਉਹ ਕੁਝ ਦੇਰ ਸਕੂਲ ਵੀ ਗਏ; ਪਰ ਘਰੇਲੂ ਹਾਲਤਾਂ ਕਾਰਨ ਮੁੜ ਪੁਸ਼ਤੈਨੀ ਕਿੱਤੇ ਲੱਕੜ ਦੇ ਮਿਸਤਰੀ ਵਜੋਂ ਕੰਮ ਕਰਨ ਲੱਗ ਗਏ; ਪਰ ਪ੍ਰਾਈਵੇਟ ਤੌਰ ਤੇ ਪੜ੍ਹਾਈ ਉਹਨਾਂ ਜਾਰੀ ਰੱਖੀ।



Downloaded from https:// www.studiestoday.com

Downloaded from https:// www.studiestoday.com

ਪੰਜਾਹਵਿਆਂ ਵਿੱਚ ਨਾਵਲਕਾਰ ਨਾਨਕ ਸਿੰਘ ਅਤੇ ਗੁਰਬਖਸ਼ ਸਿੰਘ **ਪ੍ਰੀਤਲੜੀ** ਸਾਹਿਤਕ ਖੇਤਰ ਵਿਚ ਵੱਡੇ ਨਾਂ ਅਤੇ ਨਿਰੰਤਰ ਛਪਣ ਵਾਲੇ ਲੇਖਕ ਸਨ। ਗੁਰਦਿਆਲ ਸਿੰਘ ਇਹਨਾਂ ਦਾ ਸੰਜੀਦਾ ਪਾਠਕ ਬਣ ਗਿਆ। ਸਕੂਲੋਂ ਹਟਾ ਕੇ ਤਰਖਾਣਾ/ਲੋਹਾਰਾ ਕੰਮ ਕਰਨ ਲਈ ਬਾਪ ਵੱਲੋਂ ਕਾਰਖਾਨੇ ਵਿੱਚ ਆਪਣੇ ਨਾਲ ਲਾ ਲੈਣ ਦੇ ਬਾਵਜੂਦ ਗੁਰਦਿਆਲ ਸਿੰਘ ਨੇ ਸਿਰਫ਼ ਸਾਹਿਤ ਪੜ੍ਹਿਆ ਹੀ ਨਹੀਂ ਲਿਖਣ ਦਾ ਅਭਿਆਸ ਵੀ ਕੀਤਾ। ਇਹੋ ਸਮਾਂ ਸੀ ਜਦੋਂ ਉਸ ਨੇ ਡਾਇਰੀਆਂ ਵਿਚ ਨਿੱਜੀ ਅਤੇ ਸਮਾਜਿਕ ਅਨੁਭਵ ਲਿਖਣੇ ਸ਼ੁਰੂ ਕੀਤੇ। ਅਖ਼ਬਾਰਾਂ ਅਤੇ ਸਾਹਿਤਿਕ ਪੱਤ੍ਰਿਕਾਵਾਂ ਨੂੰ ਪਹਿਲਾਂ ਲੇਖ ਤੇ ਫਿਰ ਕਹਾਣੀਆਂ ਲਿਖ ਕੇ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦਾ ਪਹਿਲਾ ਲੇਖ 'ਰਹਿਮਤ ਕੇ ਲਾਹਣਤ' ਰੋਜ਼ਾਨਾ **ਰਣਜੀਤ** ਅਖ਼ਬਾਰ ਵਿੱਚ 1952 ਵਿੱਚ ਪ੍ਰਕਾਸ਼ਿਤ ਹੋਇਆ। ਉਸ ਗੰਗਸਰ ਦੇ ਪ੍ਰਸਿਧ ਮੋਰਚੇ ਬਾਰੇ **ਗੰਗਸਰ ਦੇ ਸ਼ਹੀਦ** ਨਾਂ ਦੀ ਪੁਸਤਕ 1954 ਵਿੱਚ ਲਿਖੀ, 1957 ਵਿੱਚ **ਪੰਜ ਦਰਿਆ** ਵਿੱਚ 'ਭਾਗਾਂ ਵਾਲੇ' ਕਹਾਣੀ ਦੇ ਪ੍ਰਕਾਸ਼ਨ ਨਾਲ ਉਸ ਦੇ ਸਾਹਿਤਕ ਜੀਵਨ ਦਾ ਆਗਾਜ਼ ਮੰਨਿਆ ਜਾਂਦਾ ਹੈ। ਪਰ ਗੁਰਦਿਆਲ ਸਿੰਘ ਇਹਨਾਂ ਰਚਨਾਵਾਂ ਨੂੰ ਅਭਿਆਸ ਦੌਰ ਦੀਆਂ ਰਚਨਾਵਾਂ ਮੰਨ ਕੇ ਅਣਗੌਲਿਆਂ ਕਰਦੇ ਰਹੇ।

ਗੁਰਦਿਆਲ ਸਿੰਘ ਪੰਜਾਬੀ ਸਾਹਿਤ ਜਗਤ ਨੂੰ ਹੁਣ ਤੱਕ ਦਸ ਨਾਵਲ- ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ, ਰੇਤੇ ਦੀ ਇੱਕ ਮੁੱਠੀ, ਅੱਧ ਚਾਨਣੀ ਰਾਤ, ਆਥਣ ਉੱਗਣ, ਅੰਨ੍ਹੇ ਘੋੜੇ ਦਾ ਦਾਨ, ਪਹੁ ਫੁਟਾਲੇ ਤੋਂ ਪਹਿਲਾਂ, ਪਰਸਾ, ਆਹਣ, ਗਿਆਰਾਂ ਕਹਾਣੀ ਸੰਗ੍ਰਹਿ- ਸੱਗੀ ਫੁੱਲ, ਚੰਨ ਦਾ ਬੂਟਾ, ਓਪਰਾ ਘਰ, ਕੁੱਤਾ ਤੇ ਆਦਮੀ, ਬਿਗਾਨਾ ਪਿੰਡ, ਮਸਤੀ ਬੋਤਾ, ਰੁੱਖੇ ਮਿੱਸੇ ਬੰਦੇ, ਪੱਕਾ ਟਿਕਾਣਾ, ਕਰੀਰ ਦੀ ਢਿੰਗਰੀ, ਜਿਉਂਦਿਆਂ ਦੇ ਮੇਲੇ, ਚੋਣਵੀਆਂ ਕਹਾਣੀਆਂ, ਮੇਰੀ ਪ੍ਰਤੀਨਿਧ ਰਚਨਾ, ਤਿੰਨ ਨਾਟਕ- ਨਿੱਕੀ ਮੋਟੀ ਗੱਲ, ਫ਼ਰੀਦਾ ਰਾਤੀਂ ਵੱਡੀਆਂ, ਵਿਦਾਇਗੀ ਤੋਂ ਪਿੱਛੋਂ, ਅੱਠ ਵਾਰਤਕ ਸੰਗ੍ਰਹਿ- ਪੰਜਾਬ ਦੇ ਮੇਲੇ ਤੇ ਤਿਉਹਾਰ, ਲੇਖਕ ਦਾ ਅਨੁਭਵ ਤੇ ਸਿਰਜਣ-ਪ੍ਰਕਿਰਿਆ, ਦੁਖੀਆ ਦਾਸ ਕਬੀਰ ਹੈ, ਸਤਜੁਗ ਦੇ ਆਉਣ ਤਕ, ਡਗਮਗ ਛਾਡਿ ਰੇ ਮਨ ਬਾਉਰਾ, ਬੇੜਾ ਬੰਧਿ ਨ ਸਕਿਓ, ਨਿਆਣਮੱਤੀਆਂ, ਦੂਜੀ ਦੇਹੀ (ਸਵੈ-ਜੀਵਨੀ), ਜੀਵਨ ਤੇ ਸਾਹਿਤ, ਲੈਨਿਨ ਤੇ ਹਿਟਲਰ ਦੇ ਦੇਸ਼ 'ਚ, ਚੌਵੀ ਬਾਲ ਸਾਹਿਤ ਪੁਸਤਕਾਂ- ਬਕਲਮਖੁਦ, ਟੁੱਕ ਖੋਹ ਲਏ ਕਾਵਾਂ, ਲਿਖਤਮ ਬਾਬਾ ਖੇਮਾ, ਬਾਬਾ ਖੇਮਾ, ਗੱਪੀਆਂ ਦਾ ਪਿਓ, ਮਹਾਂਭਾਰਤ, ਧਰਤ ਸੁਹਾਵੀ, ਤਿੰਨ ਕਦਮ ਧਰਤੀ, ਖੱਟੇ-ਮਿੱਠੇ ਲੋਕ, ਜੀਵਨ ਦਾਤੀ ਗੰਗਾ, ਕਾਲੂ ਕੌਤਕੀ, ਕੀ ਜਾਣਾ ਮੈਂ ਕੌਣ, ਸੂਰਜ ਦਾ ਟਿੱਕਾ, ਸੱਚ ਦੇ ਖੋਜੀ, ਸੰਤੂ ਗੱਪੀ, ਹੰਸਾਂ ਦੀ ਜੋੜੀ, ਪੀਰੂ ਦੀ ਸਾਰੰਗੀ, ਬਾਬੇ ਰਤਨੇ ਦੀ ਚਿੱਠੀ, ਰੱਬ ਦੇ ਬੰਦੇ, ਆਜ਼ਾਦੀ ਦਾ ਮੁੱਲ, ਆਓ ਨਾਟਕ ਖੇਡੀਏ, ਇਹ ਧਰਤੀ ਸਵਰਗ ਬਣਾਵਾਂਗੇ, ਸੁਪਨਿਆਂ ਦਾ ਪਰੀ ਦੇਸ਼, ਨਿੱਕਾ ਜਿਹਾ ਸਵਰਗ। ਗੁਰਦਿਆਲ ਸਿੰਘ ਵੱਲੋਂ ਚਾਲੀ ਦੇ ਲਗਭਗ ਅਨੁਵਾਦ ਜਿਵੇਂ- ਮੜ੍ਹੀ ਕਾ ਦੀਵਾ, ਘਰ ਔਰ ਰਾਸਤਾ (ਅਣਹੋਏ ਦਾ ਅਨੁਵਾਦ), ਰੇਤ ਕੀ ਇੱਕ ਮੁੱਠੀ, ਮਹਾਂਭਾਰਤ, ਪਾਂਚਵਾਂ ਪਹਿਰ (ਕੁਵੇਲਾ ਦਾ ਅਨੁਵਾਦ), ਸਾਂਝ ਸਵੇਰ (ਆਥਣ ਉੱਗਣ ਦਾ ਅਨੁਵਾਦ), ਅੱਧ ਚਾਨਣੀ ਰਾਤ, ਸਭ ਦੇਸ ਪਰਾਇਆ (ਅੰਨ੍ਹੇ ਘੋੜੇ ਦਾ ਦਾਨ ਦਾ ਅਨੁਵਾਦ), ਪਰਸਾ, ਮੇਰਾ ਬਚਪਨ (ਗੋਰਕੀ), ਨੀਲੇ ਪੱਤਰ (ਈ.ਕਜ਼ਾਕੇਵਿਚ), ਬਿਰਾਜ ਬਹੂ (ਸ਼ਰਤ ਚੰਦਰ), ਹੰਸਾਂ ਦੀ ਫੇਰੀ (ਮਿਖਾਈਲ ਸਤੇਲਮਾਖ), ਅਮੀਰ- ਖ਼ੁਸਰੋ (ਸਯਦ ਗੁਲਾਮ ਸਮਨਾਦੀ), ਇੱਕ ਦਿਨ ਇੱਕ ਰਾਤ (ਮਿਖਾਈਲ ਸਤੇਲਮਾਖ), ਸੋਵੀਅਤ ਕਹਾਣੀਆਂ (ਸੰਪਾਦਿਤ), ਸਾਡੀਆਂ ਨਦੀਆਂ (ਲੀਲਾ ਮਜ਼ੂਮਦਾਰ), ਨਾਨਾ ਫਰਨਵੀਸ (ਵਾਈ.ਐਨ.ਕੇਵਧਰ), ਮੋਇਆਂ ਦੇ ਖ਼ਤ (ਸੰਪਾਦਿਤ), ਭੁੱਲੇ ਵਿੱਸਰੇ ਚਿਤਰ (ਭਗਵਤੀ ਚਰਣ ਵਰਮਾ), ਆਜ਼ਾਦੀ ਦੀ ਕਹਾਣੀ (ਸੁਮੰਗਲ ਪ੍ਰਕਾਸ਼), ਗੰਗਾਚੀਲ ਦੇ ਖੰਭ (ਲਕਸ਼ਮੀ ਨੰਦਨ ਬੋਰਾ), ਮ੍ਰਿਗਨੈਨੀ (ਵ੍ਰਿੰਦਾਵਨ ਲਾਲ ਵਰਮਾ), ਸਾਡੀਆਂ ਨਦੀਆਂ (ਐਲ.ਵਲੀਅੱਪਾ), ਮਿੱਤਰੋ ਮਰਜਾਣੀ (ਕ੍ਰਿਸ਼ਨਾ ਸੋਬਤੀ), ਝੂਠਾ ਸੱਚ (ਯਸ਼ਪਾਲ), ਦਿੱਵਿਆ (ਯਸ਼ਪਾਲ), ਜ਼ਿੰਦਗੀਨਾਮਾ (ਕ੍ਰਿਸ਼ਨਾ ਸੋਬਤੀ), ਦਾਣਾ-ਪਾਣੀ (ਗੋਪੀ ਨਾਥ ਮੁਹੰਤੀ), ਲਾਖਾ ਘੋੜਾ (ਸੰਪਾਦਿਤ), ਹਿਤਉਪਦੇਸ਼ (ਸੰਪਾਦਿਤ), ਵੀਰਾਂ ਦੀਆਂ ਕਹਾਣੀਆਂ ਭੇਂਟ ਕਰ ਚੁੱਕੇ ਹਨ।



Downloaded from https:// www.studiestoday.com

Downloaded from https:// www.studiestoday.com

ਉਸ ਨੂੰ ਸਾਹਿਤਕ ਖੇਤਰ ਦੇ ਇਸ ਯੋਗਦਾਨ ਲਈ ਹੁਣ ਤੱਕ ਭਾਸ਼ਾ ਵਿਭਾਗ ਪੰਜਾਬ ਵੱਲੋਂ 1966, 67, 68 ਅਤੇ 1973 ਵਿੱਚ ਚਾਰ-ਵਾਰ ਸਰਬੋਤਮ ਪੁਸਤਕ ਪੁਰਸਕਾਰ, ਸਾਹਿਤ ਅਕਾਦਮੀ ਪੁਰਸਕਾਰ (1975), ਭਾਸ਼ਾ ਵਿਭਾਗ ਪੰਜਾਬ ਦਾ ਨਾਵਲਕਾਰ ਨਾਨਕ ਸਿੰਘ ਪੁਰਸਕਾਰ (1975), ਪੰਜਾਬੀ ਅਕਾਦਮੀ ਪੁਰਸਕਾਰ (1975), ਸੋਵੀਅਤ ਦੇਸ਼ ਨਹਿਰੂ ਪੁਰਸਕਾਰ (1986), ਪੰਜਾਬੀ ਸਾਹਿਤ ਪੁਰਸਕਾਰ (1989), ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (1992), ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਭਾਈ ਵੀਰ ਸਿੰਘ ਗਲਪ ਪੁਰਸਕਾਰ (1992), ਪਾਸ਼ ਪੁਰਸਕਾਰ (1995), ਉੱਤਰ ਪ੍ਰਦੇਸ਼ ਹਿੰਦੀ ਸਾਹਿਤ ਸੰਮੇਲਨ ਸਨਮਾਨ (1997), ਭਾਰਤ ਦੇ ਰਾਸ਼ਟਰਪਤੀ ਵੱਲੋਂ ਪਦਮ ਸ਼੍ਰੀ (1998), ਡਾ.ਰਵੀ ਮੈਮੋਰੀਅਲ ਪੁਰਸਕਾਰ (1999), ਗਿਆਨਪੀਠ ਪੁਰਸਕਾਰ (1999), ਪੰਜਾਬੀ ਸਾਹਿਤ ਅਕਾਦਮੀ ਦਾ ਸਰਬ ਸ਼੍ਰੇਸਠ ਪੁਰਸਕਾਰ (2003) ਅਤੇ ਭਾਸ਼ਾ ਵਿਭਾਗ ਪੰਜਾਬ ਦਾ ਸਾਹਿਤ ਸ਼੍ਰੋਮਣੀ ਪੁਰਸਕਾਰ (2004) ਆਦਿ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ।

ਭਾਰਤ ਦੀਆਂ ਲਗਭਗ ਸਭ ਭਾਸ਼ਾਵਾਂ ਵਿਚ ਅਨੁਵਾਦਿਤ ਹੋ ਕੇ ਛਪਣ ਵਾਲਾ ਗੁਰਦਿਆਲ ਸਿੰਘ ਅਜਿਹਾ ਸਾਹਿਤਕਾਰ ਹੈ; ਜਿਸਨੇ ਪੰਜਾਬੀ ਅਤੇ ਹਿੰਦੀ ਵਿਚ ਇਕੋ ਜਿਹੀ ਮਕਬੂਲੀਅਤ ਹਾਸਿਲ ਕੀਤੀ ਹੈ। 2006 ਵਿੱਚ ਵਿਸ਼ਵ ਪੁਸਤਕ-ਮੇਲਾ, ਫਰੈਂਕਫਰਟ (ਜਰਮਨੀ) ਵਿਚ 'ਨੈਸ਼ਨਲ ਬੁਕ ਟਰੱਸਟ, ਇੰਡੀਆ' ਵੱਲੋਂ ਭੇਜੇ ਡੈਲੀਗੇਟ ਵਜੋਂ ਸ਼ਮੂਲੀਅਤ ਕੀਤੀ ਅਤੇ ਇਸੇ ਅਰਸੇ ਦੌਰਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ (ਵਾਈਸ ਚਾਂਸਲਰ ਵਜੋਂ ਨਾਮਜਦ) ਸੈਨੇਟ ਮੈਂਬਰ ਵਜੋਂ ਸੇਵਾਵਾਂ ਦੇਣ ਦੇ ਨਾਲ-ਨਾਲ 2006 ਤੋਂ 2009 ਤੱਕ ਪੰਜਾਬੀ ਸਾਹਿਤ ਅਕਾਦਮੀ, ਚੰਡੀਗੜ੍ਹ ਦੇ ਪ੍ਰਧਾਨ ਦਾ ਅਹੁਦਾ ਸੰਭਾਲਦੇ ਰਹੇ। 2006 ਵਿੱਚ ਹੀ ਆਪ ਨੂੰ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸ ਸਟੱਡੀ (ਰਾਸ਼ਟਰਪਤੀ ਨਿਵਾਸ) ਸ਼ਿਮਲਾ ਵੱਲੋਂ ਨੈਸ਼ਨਲ ਫੈਲੋਸ਼ਿਪ ਪ੍ਰਦਾਨ ਕੀਤੀ ਗਈ। 2011 ਵਿੱਚ ਐਨ.ਐਫ.ਡੀ.ਸੀ. ਵੱਲੋਂ **ਅੰਨ੍ਹੇ ਘੋੜੇ ਦਾ ਦਾਨ** ਨਾਵਲ ਤੇ ਆਧਾਰਿਤ ਫ਼ਿਲਮ ਦਾ ਨਿਰਮਾਣ ਕੀਤਾ ਗਿਆ; ਜਿਸਦਾ **ਵਰਲਡ ਪ੍ਰੀਮੀਅਰ** ਵੈਨੀਸ ਫ਼ਿਲਮ ਫ਼ੈਸਟੀਵਲ; **ਏਸ਼ੀਅਨ ਪ੍ਰੀਮੀਅਰ** ਬੂਸਾਨ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (ਸਾਊਥ ਕੋਰੀਆ), **ਅਰਬ ਪ੍ਰੀਮੀਅਰ** ਆਬੂ ਧਾਬੀ ਫ਼ਿਲਮ ਫ਼ੈਸਟੀਵਲ, **ਨੌਰਥ ਅਮੈਰੀਕਨ ਪ੍ਰੀਮੀਅਰ** ਸਾਊਥ ਏਸ਼ੀਅਨ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ, ਨਿਯੂ ਯਾਰਕ, ਹਾਂਗਕਾਂਗ ਏਸ਼ੀਅਨ ਫ਼ਿਲਮ ਫ਼ੈਸਟੀਵਲ, ਪੂਨੇ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਸਮੇਤ ਦੇਸ਼-ਵਿਦੇਸ਼ ਵਿੱਚ ਪ੍ਰਦਰਸ਼ਨ ਕੀਤਾ ਗਿਆ। 2012-16 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ (ਉਪ-ਰਾਸ਼ਟਰਪਤੀ ਵੱਲੋਂ ਨਾਮਜ਼ਦ) ਵਿਖੇ ਸੈਨੇਟ ਮੈਂਬਰ ਵਜੋਂ ਸੇਵਾਵਾਂ ਪ੍ਰਦਾਨ ਕੀਤੀਆਂ। **ਅੰਨ੍ਹੇ ਘੋੜੇ ਦਾ ਦਾਨ** ਨਾਵਲ ਉੱਪਰ ਬਣੀ ਫ਼ਿਲਮ ਦਾ ਜਿਨ੍ਹਾਂ ਫ਼ਿਲਮ ਮੇਲਿਆਂ ਵਿੱਚ ਪ੍ਰਦਰਸ਼ਨ ਹੋਇਆ, ਉਹ ਹਨ- ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਰੋਟਰਡਮ (ਹੌਲੈਂਡ), ਮਿਊਨਿਖ਼ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (ਜਰਮਨੀ), ਟਰੋਮਸੇ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ (ਨਾਰਵੇ), ਕਿਨੋ ਓਟੋਕ, ਇਸੋਲੋ (ਸਲੌਵੈਨੀਆ), ਸਮਿੱਥਸੋਨੀਅਨ ਇੰਸਚੀਟਿਊਟ, ਵਾਸ਼ਿੰਗਟਨ, ਓਸ਼ੀਅਨ ਸੀਨੇਫੈਨ, ਨਿਊ ਦਿੱਲੀ, ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ ਇੰਡੀਆ, ਗੋਆ, ਥਰਡ ਆਈ ਸਾਊਥ ਏਸ਼ੀਅਨ ਫ਼ਿਲਮ ਫ਼ੈਸਟੀਵਲ, ਸੈਨ ਫ੍ਰੈਂਸੀਸਕੋ, ਕੋਲਕਾਤਾ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ, ਪੰਜਾਬੀ ਇੰਟਰਨੈਸ਼ਨਲ ਫ਼ਿਲਮ ਫ਼ੈਸਟੀਵਲ, ਟੋਰਾਂਟੋ; ਇੰਡੀਆ ਫ਼ਿਲਮ ਫ਼ੈਸਟੀਵਲ, ਦ ਹੈਗ (ਹੌਲੈਂਡ)। ਆਪ ਜੀ ਨੂੰ ਸਾਲ 2009 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਅਤੇ 2014 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਡੀ.ਲਿਟ. (ਮਾਣ-ਹਿੱਤ) ਪ੍ਰਦਾਨ ਕੀਤੀਆਂ ਗਈਆਂ।ਉਸ ਨੇ ਇੰਗਲੈਂਡ (1980), ਕੈਨੇਡਾ (1980), ਸੋਵੀਅਤ ਯੂਨੀਅਨ (1987) ਅਤੇ ਜਰਮਨੀ (2006) ਆਦਿ ਦੇਸ਼ਾਂ ਵਿੱਚ ਵੀ ਯਾਤਰਾਵਾਂ ਕੀਤੀਆਂ।



Downloaded from https:// www.studiestoday.com

Downloaded from https:// www.studiestoday.com

ਸੰਖੇਪ ਬਿਮਾਰੀ ਤੋਂ ਬਾਅਦ 16 ਅਗਸਤ 2016 ਨੂੰ ਮਜ਼ਦੂਰਾਂ, ਦਲਿਤਾਂ ਅਤੇ ਸਮਾਜ ਦੇ ਹੇਠਲੇ ਤਲੇ ਤੇ ਜ਼ਿੰਦਗੀ ਜੀ ਰਹੇ 'ਲਘੂ ਮਾਨਵ' ਦੀ ਇਹ ਆਵਾਜ਼ ਸਦਾ-ਸਦਾ ਲਈ ਖਾਮੋਸ਼ ਹੋ ਗਈ।

## ਅਭਿਆਸ-ਪ੍ਰਸ਼ਨ

1. ਗੁਰਦਿਆਲ ਸਿੰਘ ਦੇ ਜਨਮ ਅਤੇ ਮੁੱਢਲੇ ਜੀਵਨ ਬਾਰੇ ਦੱਸੋ।
2. ਗੁਰਦਿਆਲ ਸਿੰਘ ਨੇ ਕਿਹੜੇ-ਕਿਹੜੇ ਅਹੁਦਿਆਂ ਤੇ ਅਦਾਰਿਆਂ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ?
3. ਗੁਰਦਿਆਲ ਸਿੰਘ ਦੀਆਂ ਮੁੱਢਲੀਆਂ ਰਚਨਾਵਾਂ ਉੱਪਰ ਚਾਨਣਾ ਪਾਉ।
4. ਗੁਰਦਿਆਲ ਸਿੰਘ ਨੂੰ ਕਿਹੜੇ-ਕਿਹੜੇ ਸਾਹਿਤਕ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ ? ਵੇਰਵਾ ਦਿਉ।
5. ਗੁਰਦਿਆਲ ਸਿੰਘ ਦੀਆਂ ਸਾਹਿਤਕ ਲਿਖਤਾਂ ਦਾ ਜ਼ਿਕਰ ਕਰੋ।
6. 'ਅੰਨ੍ਹੇ ਘੋੜੇ ਦਾ ਦਾਨ' ਨਾਵਲ ਉੱਪਰ ਬਣੀ ਫ਼ਿਲਮ ਨੂੰ ਕਿਹੜੇ-ਕਿਹੜੇ ਮੌਕਿਆਂ 'ਤੇ ਪ੍ਰਦਰਸ਼ਿਤ ਕੀਤਾ ਗਿਆ ?
7. ਗੁਰਦਿਆਲ ਸਿੰਘ ਦੀਆਂ ਗਲਪ ਰਚਨਾਵਾਂ ਕਿਹੜੇ-ਕਿਹੜੇ ਵਿਸ਼ਿਆਂ ਦੀ ਪ੍ਰਤੀਨਿਧਤਾ ਕਰਦੀਆਂ ਹਨ ? ਬਿਆਨ ਕਰੋ।
8. 'ਲਘੂ ਮਾਨਵ ਦੀ ਆਵਾਜ਼ : ਗੁਰਦਿਆਲ ਸਿੰਘ' ਦੇ ਜੀਵਨੀ-ਮੂਲਕ ਨਿਬੰਧ ਉੱਪਰ ਸੰਖੇਪ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

# 13. ਖੇਤੀਬਾੜੀ ਅਰਥ-ਸ਼ਾਸ਼ਤਰੀ : ਡਾ. ਸਰਦਾਰਾ ਸਿੰਘ ਜੌਹਲ

ਖੇਤੀਬਾੜੀ ਅਰਥ-ਸ਼ਾਸ਼ਤਰ ਦੇ ਵਿਸ਼ਵ ਪੱਧਰ 'ਤੇ ਮੰਨੇ-ਪ੍ਰਮੰਨੇ ਵਿਦਵਾਨ ਡਾ.ਸਰਦਾਰਾ ਸਿੰਘ ਜੌਹਲ ਨੂੰ ਬਚਪਨ ਦੀਆਂ ਅਨੇਕਾਂ ਮੁਸ਼ਕਲਾਂ, ਰੁਕਾਵਟਾਂ ਅਤੇ ਦੁਸ਼ਵਾਰੀਆਂ ਨਾਲ ਵਿੱਦਿਆ ਪ੍ਰਾਪਤੀ ਦੇ ਸਫ਼ਰ ਨੇ ਇਹ ਗੱਲ ਜਚਾ ਦਿੱਤੀ, ਕਿ ਅਧਿਆਪਕ ਦਾ ਕੀ ਮਹੱਤਵ ਹੁੰਦਾ ਹੈ ਅਤੇ ਚੰਗਾ ਅਧਿਆਪਕ ਹੋਣ ਦਾ ਮਤਲਬ ਕੀ ਹੁੰਦਾ ਹੈ। ਅੱਜ ਵੀ ਡਾ. ਜੌਹਲ ਆਪਣੀਆਂ ਸਭ ਪ੍ਰਾਪਤੀਆਂ ਦਾ ਸਿਹਰਾ ਆਪਣੇ ਅਧਿਆਪਕਾਂ ਸਿਰ ਬੰਨ੍ਹਦੇ ਹਨ।

ਸਰਦਾਰਾ ਸਿੰਘ ਜੌਹਲ ਦਾ ਜਨਮ 2 ਅਗਸਤ, 1928 ਨੂੰ ਜਿਲ੍ਹਾ ਲਾਇਲਪੁਰ, ਤਹਿਸੀਲ ਜੜ੍ਹਾਂਵਾਲਾ ਦੇ ਪਿੰਡ ਸਮਰਾ-ਜੰਡਿਆਲਾ (ਹੁਣ ਪਾਕਿਸਤਾਨ) 'ਚ ਇਕ ਕਿਸਾਨੀ ਪਰਿਵਾਰ ਵਿੱਚ ਹੋਇਆ। ਮਾਤਾ ਦਾ ਸਵਰਗਵਾਸ ਬਹੁਤ ਛੋਟੀ ਉਮਰ ਵਿੱਚ ਹੀ ਹੋ ਗਿਆ ਪਰ ਸੰਯੁਕਤ ਪਰਿਵਾਰ ਦੀ ਪਰਵਰਿਸ਼ ਨੇ ਇਸਦੀ ਕਮੀ ਮਹਿਸੂਸ ਨਾ ਹੋਣ ਦਿੱਤੀ। ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪਹਿਲੀਆਂ ਚਾਰ ਜਮਾਤਾਂ ਪਾਸ ਕਰਨ ਉਪਰੰਤ ਪੰਜਵੀਂ ਅਤੇ ਛੇਵੀਂ ਦੀ ਪੜ੍ਹਾਈ 'ਆਵਾਗਤ ਬੰਗਲੇ' (ਪਾਕਿਸਤਾਨ) ਦੇ ਮਿਡਲ ਸਕੂਲ ਤੋਂ ਪਾਸ ਕੀਤੀ। ਸੱਤਵੀਂ ਵਿੱਚ ਫੇਲ ਹੋ ਜਾਣ ਤੋਂ ਬਾਅਦ ਕੁਝ ਦੇਰ ਘਰ ਕੰਮ ਕਰਨ ਤੋਂ ਬਾਅਦ 'ਪਾਉਲਿਆਣੀ' ਵਰਨੈਕੂਲਰ ਮਿਡਲ ਸਕੂਲ ਤੋਂ ਅੱਠਵੀਂ ਦੀ ਪੜ੍ਹਾਈ ਸ਼ੁਰੂ ਕੀਤੀ। ਇੱਥੋਂ ਉਹਨਾਂ ਦੀ ਜ਼ਿੰਦਗੀ ਵਿੱਚ ਇੱਕ ਬਹੁਤ ਵੱਡਾ ਪਰਿਵਰਤਨ ਆਇਆ। ਜਿੱਥੇ ਪਹਿਲੇ ਸਕੂਲ ਵਿਚ ਇੱਕ ਮਾਸਟਰ ਨੇ ਉਹਨਾਂ ਦੀ ਜ਼ਿੰਦਗੀ ਤਬਾਹ ਕਰਨ ਲਈ ਕੋਈ ਕਸਰ ਨਹੀਂ ਸੀ ਛੱਡੀ, ਉੱਥੇ ਇਸ ਸਕੂਲ ਵਿਚ ਇੱਕ ਮਾਸਟਰ ਨੇ ਉਹਨਾਂ ਦੀ ਜ਼ਿੰਦਗੀ ਨੂੰ ਇੱਕ ਐਸਾ ਮੋੜ ਦਿੱਤਾ ਕਿ ਉਨ੍ਹਾਂ ਮੁੜ ਪਿੱਛੇ ਮੁੜਕੇ ਨਹੀਂ ਵੇਖਿਆ। ਮਾਸਟਰ ਜੀ ਦਾ ਨਾਂ ਸੂਫ਼ੀ ਮੁਹੰਮਦ ਦੀਨ ਸੀ, ਜੋ ਮਜ਼ਹਬੋਂ ਪੱਕੇ ਅਤੇ ਸੱਚੇ-ਸੁੱਚੇ ਮੁਸਲਮਾਨ ਸਨ। ਹਰ ਬੱਚੇ ਨੂੰ ਆਪਣਾ ਬੱਚਾ ਜਾਣ ਕੇ ਪੜ੍ਹਾਉਂਦੇ ਸਨ। ਪਹਿਲੇ ਤੋਂ ਦੂਜੇ ਦਿਨ ਜਦ ਇਹ ਮਾਸਟਰ ਜੀ ਕਲਾਸ ਵਿੱਚ ਪੜ੍ਹਾਉਣ ਆਏ ਤਾਂ ਨਵਾਂ ਵਿਦਿਆਰਥੀ ਹੋਣ ਕਰਕੇ ਸਰਦਾਰਾ ਸਿੰਘ ਨੂੰ ਸਬਕ ਸੁਣਾਉਣ ਲਈ ਆਖਿਆ। ਉਹ ਉਰਦੂ ਅਤੇ ਫ਼ਾਰਸੀ ਪੜ੍ਹਾਉਂਦੇ ਸਨ। ਪੜ੍ਹਨ-ਲਿਖਣ ਦਾ ਸੁਭਾਅ ਹੀ ਨਾ ਹੋਣ ਕਾਰਨ ਸਰਦਾਰਾ ਸਿੰਘ ਚੁੱਪ-ਚਾਪ ਉੱਠ ਕੇ ਖੜ੍ਹਾ ਹੋ ਗਿਆ ਅਤੇ ਕੁਝ ਵੀ ਨਾ ਸੁਣਾ ਸਕਿਆ, ਉਸਨੇ ਕਿਸੇ ਸਵਾਲ ਦਾ ਵੀ ਜਵਾਬ ਨਾ ਦਿੱਤਾ। ਮਾਸਟਰ ਜੀ ਨੇ ਕੁਰਸੀ ਤੋਂ ਉਠ ਉਸਦੇ ਮੋਢੇ 'ਤੇ ਹੱਥ ਰੱਖ ਪਿਆਰ ਅਤੇ ਕਟਾਖਸ਼ ਨਾਲ ਨਿਹੋਰਾ ਜਿਹਾ ਮਾਰਿਆ। ਮਾਸਟਰ ਜੀ ਦੇ ਕਲਾਸ ਵਿਚੋਂ ਚਲੇ ਜਾਣ ਬਾਅਦ, ਹਾਲੇ ਇੱਕ ਪੀਰੀਅਡ ਹੋਰ ਰਹਿੰਦਾ ਸੀ, ਪਰ ਸਰਦਾਰਾ ਸਿੰਘ ਬਸਤਾ ਸਮੇਟ ਘਰ ਆ ਗਿਆ। ਘਰ ਆ ਕੇ ਫ਼ਾਰਸੀ ਦਾ ਨਵਾਂ ਕਾਇਦਾ ਅਤੇ ਉਸ ਦਾ ਉਰਦੂ ਤਰਜ਼ਮਾ ਖ਼ਰੀਦਿਆ। ਜੋ ਸਬਕ ਮਾਸਟਰ ਜੀ ਨੇ ਪੜ੍ਹਾਇਆ ਸੀ, ਸਰਦਾਰਾ ਸਿੰਘ ਨੇ ਸਾਰਾ ਹੀ ਫ਼ਾਰਸੀ ਅਤੇ ਉਸਦੇ ਤਰਜ਼ਮੇ ਸਮੇਤ ਜ਼ੁਬਾਨੀ ਯਾਦ ਕਰ ਲਿਆ। ਦੂਸਰੇ ਦਿਨ ਜਦ ਮਾਸਟਰ ਜੀ ਨੇ ਸਬਕ ਸੁਣਾਉਣ ਲਈ ਹੁਕਮ ਦਿੱਤਾ ਤਾਂ ਉਹ ਉੱਠ ਕੇ ਖੜ੍ਹਾ ਹੋ ਗਿਆ। ਮਾਸਟਰ ਜੀ ਨੇ ਕਿਹਾ, "ਕਾਇਦਾ ਉਠਾਓ।" ਵਿਦਿਆਰਥੀ ਸਰਦਾਰਾ ਸਿੰਘ ਨੇ ਉੱਤਰ ਦਿੱਤਾ, "ਮਾਸਟਰ ਜੀ, ਕਾਇਦੇ ਦੀ ਜ਼ਰੂਰਤ ਨਹੀਂ ਹੈ।" ਉਸ ਨੇ ਇੱਕ ਸਿਰਿਓਂ ਲੈ ਕੇ ਪੂਰਾ ਸਬਕ ਫ਼ਾਰਸੀ ਅਤੇ ਤਰਜ਼ਮੇ ਸਮੇਤ ਸੁਣਾ ਦਿੱਤਾ। ਇੱਥੋਂ ਤੱਕ ਕਿ ਪਿਛਲੇ ਦਿਨ ਉਹ ਨਾ ਪੜ੍ਹਾਇਆ ਹੋਇਆ ਸਬਕ ਵੀ ਸੁਣਾ ਗਿਆ। ਮਾਸਟਰ ਜੀ ਆਪਣੇ ਹੱਥ ਵਾਲਾ ਰੂਲ ਟੇਬਲ ਉਤੇ ਰੱਖ ਕੇ, ਉਠ ਕੇ ਆਏ, ਉਸ ਨੂੰ ਥਾਪੀ ਦਿੱਤੀ ਅਤੇ ਐਲਾਨ ਕੀਤਾ, "ਯੇਹ ਲੜਕਾ ਵਜ਼ੀਫ਼ਾ ਲੇ ਜਾਏਗਾ।" ਇਹ ਬੋਲ ਸੱਚ ਬਣ ਗਏ ਜਦ ਉਸਦੀ ਅੱਠਵੀਂ ਜਮਾਤ 'ਚੋਂ ਸਕੂਲ ਬੋਰਡ ਵਿੱਚੋਂ ਚੋਟੀ ਦੀ ਪੁਜ਼ੀਸ਼ਨ ਆਈ ਅਤੇ ਅੱਗੇ ਪੜ੍ਹਾਈ ਲਈ ਦੋ ਸਾਲ ਦਾ ਵਜ਼ੀਫ਼ਾ ਮਿਲ ਗਿਆ।

ਘਰ ਕੰਮ ਦੀ ਲੋੜ ਕਾਰਣ ਦੱਸ ਰੁਪਏ ਮਹੀਨਾ ਦੋ ਸਾਲ ਵਾਸਤੇ ਵਜ਼ੀਫ਼ਾ ਮਿਲਣ ਦੇ ਬਾਵਜੂਦ ਵੀ ਉਸਨੂੰ ਪੜ੍ਹਨੋਂ ਹਟਾ ਲਿਆ ਗਿਆ। ਉਨ੍ਹਾਂ ਦਿਨਾਂ ਵਿੱਚ ਦੱਸ ਰੁਪਏ ਥੋੜ੍ਹੀ ਰਕਮ ਨਹੀਂ ਸੀ ਹੁੰਦੀ। ਇਸ



Downloaded from https:// www.studiestoday.com

Downloaded from https:// www.studiestoday.com

ਵਿਚ ਸਕੂਲ ਦੀਆਂ ਫ਼ੀਸਾਂ ਅਤੇ ਹੋਸਟਲ ਵਿੱਚ ਖਾਣ-ਪੀਣ ਅਤੇ ਸਾਰੇ ਖ਼ਰਚੇ ਕਰਕੇ ਵੀ ਰੁਪਿਆ ਦੋ ਰੁਪਏ ਬਚ ਜਾਂਦੇ ਸਨ। ਪਰ ਉਸਨੂੰ ਘਰਦਿਆਂ ਪੜ੍ਹਨੋਂ ਹਟਾ ਇਸ ਕਰਕੇ ਲਿਆ ਕਿ 'ਪੜ੍ਹ ਕੇ ਕਿਹੜਾ ਪਟਵਾਰੀ ਬਣ ਜਾਣੈਂ।' ਉਸ ਸਮੇਂ ਉਹਨਾਂ ਦੇ ਪਿੰਡ ਵਿੱਚ ਪੜ੍ਹਾਈ ਦਾ ਰਿਵਾਜ਼ ਹੀ ਨਹੀਂ ਸੀ। ਸਕੂਲੋਂ ਹਟਾ ਕੇ ਉਸਨੂੰ ਆਪਣੇ ਪਿਤਾ ਜੀ ਨਾਲ ਹਲਾਂ ਦਾ ਪੂਰਾ-ਪੂਰਾ ਜੋਤਾ ਲਾਉਣਾ ਪੈਂਦਾ ਸੀ।

ਦੋ ਸਾਲ ਖੇਤੀ ਕਰਨ ਉਪਰੰਤ ਉਹ ਫਿਰ ਨਨਕਾਣਾ ਸਾਹਿਬ ਪੜ੍ਹਣ ਲੱਗੇ। ਉਹਨਾਂ ਦਿਨਾਂ ਵਿੱਚ ਅੰਗਰੇਜ਼ੀ ਦੀਆਂ ਜਮਾਤਾਂ 'ਜੂਨੀਅਰ ਅਤੇ ਸੀਨੀਅਰ' ਦੋ ਸਾਲਾਂ ਵਿੱਚ ਪਾਸ ਕਰਨੀਆਂ ਪੈਂਦੀਆਂ ਸਨ। ਪਰ ਸਰਦਾਰਾ ਸਿੰਘ ਨੇ ਇਹ ਦੋਵੇਂ ਜਮਾਤਾਂ ਇੱਕ ਸਾਲ ਵਿੱਚ ਹੀ ਪਾਸ ਕਰ ਲਈਆਂ। ਸਰਦਾਰਾ ਸਿੰਘ ਦੇ ਪਿੰਡੋਂ ਕੋਈ ਵੀਹ-ਪੰਝੀ ਮੀਲ ਦੂਰ ਨਨਕਾਣਾ ਸਾਹਿਬ ਵਿਖੇ ਇੱਕ ਬਜ਼ੁਰਗ ਮਾਸਟਰ ਪ੍ਰਾਈਵੇਟ ਤੌਰ 'ਤੇ ਇਹ ਦੋਵੇਂ ਜਮਾਤਾਂ ਇੱਕ ਸਾਲ ਵਿੱਚ ਹੀ ਕਰਵਾ ਦਿੰਦਾ ਸੀ। ਉਹਨਾਂ ਨੂੰ ਨਨਕਾਣੇ ਸਾਹਿਬ ਉਸ ਪਾਸ ਦਾਖ਼ਲ ਕਰਾ ਦਿੱਤਾ ਗਿਆ। ਇਸ ਤਰ੍ਹਾਂ ਇੱਕ ਸਾਲ ਫੇਲ੍ਹ ਹੋ ਕੇ ਅਤੇ ਦੋ ਸਾਲ ਖੇਤੀ ਵਿੱਚ ਰਹਿ ਕੇ ਉਮਰ ਵਿੱਚ ਤਿੰਨ ਸਾਲ ਪੜ੍ਹਾਈ ਪੱਖੋਂ ਪਿੱਛੇ ਪੈ ਚੁੱਕਾ ਸੀ ਅਤੇ ਇੱਕ ਸਾਲ ਜੂਨੀਅਰ-ਸੀਨੀਅਰ ਪਾਸ ਕਰਨ ਵਿੱਚ ਫ਼ਾਲਤੂ ਲੱਗ ਗਿਆ। ਕੁੱਲ ਚਾਰ ਸਾਲ ਉਹ ਆਪਣੇ ਹਮ-ਉਮਰਾਂ ਨਾਲੋਂ ਪੜ੍ਹਾਈ ਵਿੱਚ ਪਿੱਛੇ ਰਹਿ ਗਿਆ ਸੀ। ਪਰ ਪੜ੍ਹਾਈ ਤੋਂ ਬਾਅਦ ਘਰ ਆ ਕੇ ਸਾਰੇ ਡੰਗਰ-ਮਾਲ ਲਈ ਚਾਰਾ ਕੱਟ ਕੇ ਕੁਤਰੇ ਵਾਲੀ ਮਸ਼ੀਨ ਤਾਈਂ ਲਿਆਉਣਾ ਉਸਦੀ ਡਿਊਟੀ ਹੁੰਦੀ ਸੀ। ਗਰਮੀਆਂ ਵਿੱਚ ਪਲੀ ਹੋਈ ਚਰ੍ਹੀ-ਜੁਆਰ ਦੀਆਂ ਤਿੰਨ ਭਰੀਆਂ ਵੱਢ ਕੇ ਮਸ਼ੀਨ 'ਤੇ ਤਿਆਰ ਰੱਖਣੀਆਂ ਪੈਂਦੀਆਂ ਸਨ। ਹਲ ਛੱਡ ਕੇ, ਤਾਇਆ ਜੀ ਮਸ਼ੀਨ ਵਿੱਚ ਚਰ੍ਹੀ ਦੇ ਰੁੱਗ ਦਿਆ ਕਰਦੇ ਸਨ ਅਤੇ ਉਹ ਹੱਥ ਵਾਲੀ ਕੁਤਰੇ ਦੀ ਮਸ਼ੀਨ ਗੇੜਦਾ ਹੁੰਦਾ ਸੀ। ਉਹਨਾਂ ਦੇ ਤਾਇਆ ਜੀ ਕਾਫ਼ੀ ਸਖ਼ਤ ਤਬੀਅਤ ਦੇ ਸਨ। ਉਨ੍ਹਾਂ ਦਾ ਹੁਕਮ ਹੁੰਦਾ ਸੀ ਕਿ ਜੇ ਤਿੰਨੇ ਭਰੀਆਂ ਕੁਤਰੇ ਬਗੈਰ ਮਸ਼ੀਨ ਖੜ੍ਹੀ ਕੀਤੀ ਤਾਂ ਡੰਡਾ ਖੜਕੇਗਾ। ਉਸਨੇ ਆਪਣੇ ਪਿਤਾ ਜੀ ਨਾਲ ਸਾਰਾ-ਸਾਰਾ ਦਿਨ ਤਪਦੀਆਂ ਧੁੱਪਾਂ ਵਿੱਚ ਕਣਕ ਦੀ ਵਾਢੀ ਕੀਤੀ।

ਪਿਤਾ ਜੀ ਅਤੇ ਤਾਇਆ ਜੀ ਹੋਰਾਂ ਦੇ ਕੰਮ ਵਾਲੇ ਖੱਦਰ ਦੇ ਕੱਪੜੇ ਵੀ ਉਹ ਹੀ ਛੱਪੜੀ ਦੇ ਪਾਣੀ ਵਿੱਚ ਧੋਇਆ ਕਰਦੇ। ਇਹ ਕੱਪੜੇ ਧੋਣ ਦਾ ਸਿਲਸਿਲਾ ਉਸਦੇ ਬੀ.ਐਸ-ਸੀ. ਵਿੱਚ ਕਾਲਜ ਦੀ ਪੜ੍ਹਾਈ ਤੋਂ ਉਦੋਂ ਤੱਕ ਜਾਰੀ ਰਿਹਾ ਜਦ ਤਕ ਉਹ ਨੌਕਰੀ 'ਤੇ ਨਹੀਂ ਚਲੇ ਗਏ। ਜਦ ਉਹ ਕਾਲਜ ਵਿੱਚ ਪੜ੍ਹਦੇ ਸੀ ਅਤੇ ਛੁੱਟੀ ਆਏ ਦੇ ਅੱਗੇ ਕੰਮ ਵਾਲੇ ਮੋਟੇ ਕੱਪੜੇ ਖੂਹ ਦੇ ਚਲ੍ਹੇ ਵਿੱਚ ਧੋਣ ਨੂੰ ਸੁੱਟ ਦਿੱਤੇ ਜਾਂਦੇ ਸਨ ਤਾਂ ਉਹਨਾਂ ਦੇ ਪਿਤਾ ਜੀ ਪੁੱਛਦੇ ਹੁੰਦੇ ਸਨ ਕਿ "ਅਜੇ ਤੈਨੂੰ ਸਾਡੇ ਕੱਪੜਿਆਂ 'ਚੋਂ ਮੁਸ਼ਕ ਆਉਣ ਲੱਗਾ ਕਿ ਨਹੀਂ ?"

ਚੜ੍ਹਦੀ ਜੁਆਨੀ ਵੇਲੇ ਉਨ੍ਹਾਂ ਨੂੰ ਦੇਸ਼ ਦੇ ਬਟਵਾਰੇ ਕਾਰਨ ਪਾਕਿਸਤਾਨ ਬਣਨ ਉਤੇ ਪਿੰਡ ਛੱਡਣਾ ਪਿਆ। ਉਹਨਾਂ ਦਾ ਵਿਆਹ 1945 ਵਿੱਚ ਹੋ ਚੁੱਕਾ ਸੀ।

ਪਾਕਿਸਤਾਨ ਤੋਂ ਇੱਧਰ ਆ ਕੇ ਕੁਝ ਚਿਰ ਤਾਂ ਉਨ੍ਹਾਂ ਖੇਤੀ ਦਾ ਕੰਮ ਕੀਤਾ, ਪਰ ਛੇਤੀ ਹੀ ਡੇਢ ਕਿਲੋ ਮੀਟਰ ਦੇ ਫ਼ਾਸਲੇ 'ਤੇ ਨੂਰ ਮਹਿਲ, ਦੁਆਬਾ ਆਰੀਆ ਸਕੂਲ ਵਿੱਚ ਦਾਖ਼ਲਾ ਲੈ ਲਿਆ, ਜਿੱਥੋਂ ਦਸਵੀਂ ਜਮਾਤ ਅਗਸਤ, 1948 ਵਿੱਚ ਪਾਸ ਕੀਤੀ।

ਸਰਦਾਰਾ ਸਿੰਘ ਨੂੰ ਡਰਾਮੇ ਵਿੱਚ ਭਾਗ ਲੈਣ ਦਾ ਕਾਫ਼ੀ ਸ਼ੌਕ ਹੁੰਦਾ ਸੀ। ਡਰਾਮੇ ਵਿੱਚ ਭਾਗ ਲੈਣ ਦਾ ਫ਼ਾਇਦਾ ਇਹ ਹੋਇਆ ਕਿ ਜ਼ਿੰਦਗੀ ਵਿੱਚ ਬੋਲਣ ਜਾਂ ਕਿਸੇ ਮੁੱਦੇ ਨੂੰ ਪੇਸ਼ ਕਰਨ ਵਿੱਚ, ਚਾਹੇ ਉਹ ਕਿਸ ਅਫ਼ਸਰ ਅੱਗੇ ਹੋਵੇ, ਕਾਨਫ਼ਰੰਸ-ਸੈਮੀਨਾਰ ਵਿੱਚ ਹੋਵੇ, ਕਲਾਸ ਵਿੱਚ ਹੋਵੇ ਜਾਂ ਪਬਲਿਕ ਵਿੱਚ ਹੋਵੇ, ਝਿਜਕ ਖ਼ਤਮ ਹੋ ਗਈ। ਸਮੂਹਾਂ, ਇਕੱਠਾਂ ਵਿੱਚ ਵਿਚਰਨ ਅਤੇ ਬੋਲਣ ਦਾ ਸਵੈ-ਵਿਸ਼ਵਾਸ ਪੈਦਾ ਹੋ



Downloaded from https:// www.studiestoday.com

Downloaded from https:// www.studiestoday.com

ਗਿਆ। ਇਹ ਉਹਨਾਂ ਦੇ ਕਾਲਜ ਅਤੇ ਯੂਨੀਵਰਸਿਟੀ ਵਿੱਚ ਅਧਿਆਪਨ ਦੇ ਕੰਮ ਵਿੱਚ ਬਹੁਤ ਕਾਰਗਰ ਸਾਬਤ ਹੋਇਆ।

ਅਕਤੂਬਰ, 1948 ਵਿੱਚ ਉਹ ਗੌਰਮਿੰਟ ਐਗਰੀਕਲਚਰਲ ਕਾਲਜ, ਅੰਮ੍ਰਿਤਸਰ ਵਿੱਚ ਦਾਖ਼ਲ ਹੋ ਗਏ। ਪੜ੍ਹਾਈ ਦੇ ਨਾਲ-ਨਾਲ ਇੱਥੇ ਉਹ ਫੁੱਟਬਾਲ ਦੀ ਟੀਮ ਵਿੱਚ ਵੀ ਖੇਡਦਾ ਸੀ, ਭਾਵੇਂ ਉਹਨਾਂ ਦੀ ਟੀਮ ਘੱਟ ਹੀ ਜਿੱਤੀ ਸੀ; ਪਰ ਇਸ ਤਰ੍ਹਾਂ ਵਰਜਿਸ਼ ਜ਼ਰੂਰ ਹੋ ਜਾਂਦੀ। ਉਹ ਟੀਮ ਦਾ ਫੁੱਲ-ਬੈਕ ਖੇਡਿਆ ਕਰਦਾ ਸੀ। ਐਨ.ਸੀ.ਸੀ. ਵਿੱਚ ਲਾਇਆ ਵਕਤ ਵੀ ਬਾਅਦ ਵਿੱਚ ਮਹਿਸੂਸ ਕੀਤਾ ਕਿ ਜ਼ਾਇਆ ਨਹੀਂ ਗਿਆ। ਇਸਦੀ ਟ੍ਰੇਨਿੰਗ ਨੇ ਉਨ੍ਹਾਂ ਅੰਦਰ ਇਕ ਜ਼ਾਬਤਾ ਪੈਦਾ ਕਰ ਦਿੱਤਾ ਜਿਸਨੇ ਉਸਨੂੰ ਸਾਰੀ ਉਮਰ ਇੱਕ ਸੇਧ ਵਿੱਚ ਰੱਖਿਆ। ਕੋਈ ਸਮਾਗਮ ਹੋਵੇ, ਕਿਤੇ ਜਾਣਾ ਹੋਵੇ, ਕੋਈ ਡਿਊਟੀ ਹੋਵੇ, ਉਹ ਕਦੀ ਲੇਟ ਨਹੀਂ ਗਏ। ਆਪ ਨੇ 26 ਜਨਵਰੀ 1952 ਨੂੰ ਪਹਿਲੀ ਗਣਤੰਤਰ ਦਿਵਸ ਪਰੇਡ ਮੌਕੇ ਦੇਸ਼ ਭਰ ਤੋਂ ਆਈਆਂ ਐਨ.ਸੀ.ਸੀ. ਟੁਕੜੀਆਂ ਦੀ ਅਗਵਾਈ ਕੀਤੀ ਅਤੇ 'ਬੈਸਟ ਕੈਡਿਟ ਆਫ਼ ਇੰਡੀਆ' ਐਲਾਨੇ ਗਏ। ਐਨ.ਸੀ.ਸੀ. ਦੀ ਟ੍ਰੇਨਿੰਗ ਦਾ ਇੱਕ ਹੋਰ ਫ਼ਾਇਦਾ ਇਹ ਹੋਇਆ ਕਿ ਜਦ ਉਹ ਕਾਲਜ ਅਤੇ ਉਸ ਤੋਂ ਬਾਅਦ ਯੂਨੀਵਰਸਿਟੀ ਵਿੱਚ ਅਧਿਆਪਕ ਦੇ ਕੰਮ 'ਤੇ ਲੱਗੇ ਤਾਂ ਉਹਨਾਂ ਦਾ ਕਲਾਸ ਉਤੇ ਪੂਰਾ ਕੰਟਰੋਲ ਰਹਿੰਦਾ ਸੀ। ਹਰ ਵਿਦਿਆਰਥੀ ਨਿਗਾਹ ਵਿੱਚ ਰਹਿੰਦਾ ਸੀ। ਜੇ ਕਿਸੇ ਨੇ ਹੱਥ-ਬਾਂਹ ਵੀ ਹਿਲਾਈ, ਮੂੰਹ ਵੀ ਇਧਰ-ਉਧਰ ਕੀਤਾ ਜਾਂ ਕੋਈ ਸ਼ਰਾਰਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕੈਡਿਟਾਂ ਵਾਲੀ ਤੇਜ ਨਿਗਾਹ ਝੱਟ ਵਿਦਿਆਰਥੀ ਉਤੇ ਹੁੰਦੀ ਸੀ। ਨਤੀਜੇ ਵਜੋਂ ਕਲਾਸ ਕਿੱਡੀ ਵੀ ਹੋਵੇ, ਉਨ੍ਹਾਂ ਨੂੰ ਕਦੀ ਕੋਈ ਦਿੱਕਤ ਨਹੀਂ ਸੀ ਆਈ। ਇਕ ਸਾਲ ਉਹਨਾਂ ਨੇ 276 ਵਿਦਿਆਰਥੀਆਂ ਦੀ ਕਲਾਸ ਨੂੰ ਵੀ ਪੜ੍ਹਾਇਆ।

ਜਦ 1952 ਤੋਂ ਅੱਗੇ ਉਚੇਰੀ ਪੜ੍ਹਾਈ ਲਈ ਕੋਈ ਵਜ਼ੀਫ਼ੇ ਜਾਂ ਕਰਜ਼ੇ ਦੀ ਵਿਵਸਥਾ ਨਾ ਰਹੀ ਤਾਂ ਉਹਨਾਂ ਨੇ ਬੀ.ਐਸ-ਸੀ. ਕਰਕੇ ਕਾਲਜ ਛੱਡ ਦਿੱਤਾ। ਉਹਨਾਂ ਵਾਸਤੇ ਇਹ ਮੁਮਕਿਨ ਹੀ ਨਹੀਂ ਸੀ ਕਿ ਬਿਨਾ ਕਿਸੇ ਕਰਜ਼ੇ ਜਾਂ ਮੱਦਦ ਤੋਂ ਮਾਂ-ਪਿਓ ਅਗਲੇਰੀ ਪੜ੍ਹਾਈ ਦਾ ਖ਼ਰਚ ਝੱਲ ਸਕਦੇ। ਇਸ ਲਈ ਖ਼ਰਚ ਦੀ ਤੰਗੀ ਕਾਰਨ ਅੱਗੋਂ ਹੋਰ ਪੜ੍ਹਾਈ ਕਰਨ ਦੀ ਬਜਾਏ ਬੀ.ਐਸ.ਸੀ. ਐਗਰੀਕਲਚਰ ਪਾਸ ਕਰਕੇ 1952 ਵਿੱਚ ਨੌਕਰੀ ਸ਼ੁਰੂ ਕੀਤੀ। ਅਕਤੂਬਰ ਵਿਚ ਉਹਨਾਂ ਨੂੰ ਮਹਿਕਮਾ ਖੇਤੀਬਾੜੀ ਪੈਪਸੂ (ਪਟਿਆਲਾ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ) ਵਿੱਚ ਐਗਰੀਕਲਚਰਲ ਅਸਿਸਟੈਂਟ (ਟਿੱਡੀ ਦਲ ਤੋਂ ਬਚਾਓ) ਦੀ ਨੌਕਰੀ ਮਿਲ ਗਈ। ਇਹ ਆਰਜ਼ੀ ਨੌਕਰੀ ਸੀ ਜੋ ਅਗਲੀ ਫ਼ਰਵਰੀ ਦੇ ਆਖ਼ਰ ਤੱਕ ਹੀ ਮਨਜ਼ੂਰ ਸੀ। ਜਦ ਨੌਕਰੀ ਮਿਲੀ ਤਾਂ ਉਨ੍ਹਾਂ ਪਹਿਲੋਂ ਆਪਣੇ ਰਿਸ਼ਤੇਦਾਰਾਂ ਆਦਿ ਨੂੰ ਮਿਲਣਾ ਸ਼ੁਰੂ ਕੀਤਾ ਫੇਰ ਜਾ ਕੇ ਨੌਕਰੀ 'ਤੇ ਹਾਜ਼ਰ ਹੋਇਆ। ਜੂਨੀਅਰ ਜਾਂ ਸੀਨੀਅਰ ਹੋਣ ਦਾ ਉਹਨਾਂ ਨੂੰ ਮਤਲਬ ਹੀ ਪਤਾ ਨਹੀਂ ਸੀ। ਨਤੀਜੇ ਵਜੋਂ ਸਭ ਤੋਂ ਆਖ਼ਰ 'ਚ ਨੌਕਰੀ ਵਾਸਤੇ ਹਾਜ਼ਰ ਹੋਏ। ਜਦ ਅਗਲੇ ਸਾਲ ਚਾਰ ਮਹੀਨਿਆਂ ਬਾਅਦ ਹੀ ਸਕੀਮ ਦੀ ਮਨਜ਼ੂਰੀ ਖ਼ਤਮ ਹੋਈ ਤਾਂ ਉਹਨਾਂ ਦੀ ਸਭ ਤੋਂ ਪਹਿਲੋਂ ਛੁੱਟੀ ਹੋਈ। ਪਰ ਜਦ ਦੁਬਾਰਾ ਸੁਬਾਥੂ(ਸੋਲਨ,ਹਿਮਾਚਲ ਪ੍ਰਦੇਸ਼) ਵਿਖੇ ਜ਼ਰਾਇਤ ਇੰਸਪੈਕਟਰ ਦੀ ਉਸੇ ਪੈਪਸੂ ਵਿੱਚ ਨੌਕਰੀ ਮਿਲੀ ਤਾਂ ਪਹਿਲੇ ਤਜ਼ਰਬੇ ਦਾ ਫਾਇਦਾ ਮਿਲਿਆ ਅਤੇ ਉਹ ਸਭ ਤੋਂ ਪਹਿਲੋਂ ਡਿਊਟੀ 'ਤੇ ਹਾਜ਼ਰ ਹੋ ਗਏ। ਨੌਕਰੀ ਦੌਰਾਨ ਕੰਡਾਘਾਟ ਦੇ ਨੇੜੇ ਹੀ ਚਾਰ ਪਿੰਡਾਂ ਦੇ ਇਕ ਆਰਥਕ ਸਰਵੇਖਣ ਦਾ ਨਿਬੰਧ ਲਿਖ ਕੇ ਉਨ੍ਹਾਂ ਐਮ.ਐਸ-ਸੀ. (ਐਗਰੀਕਲਚਰਲ ਇਕਨਾਮਿਕਸ) ਪਾਸ ਕੀਤੀ।

1960 ਦੇ ਅੱਧ ਵਿੱਚ ਉਹ ਚੰਡੀਗੜ੍ਹ ਕਿਸੇ ਕੰਮ ਲਈ ਗਏ ਤਾਂ ਉੱਥੇ ਇੱਕ ਪੁਰਾਣੇ ਦੋਸਤ ਬੈਜਨਾਥ ਨਾਲ ਮੇਲ ਹੋਇਆ, ਜੋ ਯੂਨੀਵਰਸਿਟੀ ਵਿੱਚ ਅਸਿਸਟੈਂਟ ਦੇ ਤੌਰ 'ਤੇ ਕੰਮ ਕਰਦਾ ਸੀ। ਉਹਨਾਂ ਦੇ ਨਾ ਚਾਹੁਣ ਦੇ ਬਾਵਜੂਦ ਉਹ ਉਹਨਾਂ ਨੂੰ ਇਕ ਅਮਰੀਕਨ ਪ੍ਰੋਫ਼ੈਸਰ ਕੋਲ ਲੈ ਗਿਆ, ਜੋ ਉਸ ਵੇਲੇ ਅਰਥ-ਸ਼ਾਸਤਰ ਵਿਭਾਗ ਵਿੱਚ ਫੋਰਡ ਫਾਊਂਡੇਸ਼ਨ ਯੂਨਿਟ ਦਾ ਵਿਸ਼ੇਸ਼ਗ ਸੀ। ਅੱਧਾ ਘੰਟਾ ਗੱਲਬਾਤ



Downloaded from https:// www.studiestoday.com

Downloaded from https:// www.studiestoday.com

ਕਰਨ ਮਗਰੋਂ ਉਸ ਪ੍ਰੋਫ਼ੈਸਰ (ਡਾ. ਡੌਨ ਕੈਨਲ) ਨੇ ਸਰਦਾਰਾ ਸਿੰਘ ਨੂੰ 200 ਰੁਪਏ ਦਾ ਵਜ਼ੀਫ਼ਾ ਅਤੇ ਅਰਥ-ਸ਼ਾਸਤਰ ਵਿੱਚ ਖੋਜ ਕਰਨ ਦੇ ਤਰੀਕਿਆਂ ਦੀ ਟ੍ਰੇਨਿੰਗ ਦੀ ਪੇਸ਼ਕਸ਼ ਕੀਤੀ।

ਚੰਡੀਗੜ੍ਹ ਵਿੱਚ ਇੱਕ ਸਾਲ ਦਾ ਇਹ ਕੋਰਸ ਉਨ੍ਹਾਂ ਤਕਰੀਬਨ ਛੇ ਮਹੀਨਿਆਂ ਵਿੱਚ ਹੀ ਪੂਰਾ ਕਰ ਲਿਆ। ਉਹਨਾਂ ਨੂੰ ਪ੍ਰੋ. ਡੌਨ ਕੈਨਲ ਦੇ ਚਹੇਤੇ ਵਿਦਿਆਰਥੀਆਂ ਵਿੱਚ ਸ਼ਾਮਲ ਹੋਣ ਦਾ ਮਾਣ ਮਿਲਿਆ। ਇਨ੍ਹਾਂ ਛੇ ਮਹੀਨਿਆਂ ਵਿੱਚ ਹੀ ਉਨ੍ਹਾਂ ਨੂੰ ਯੂਨੀਵਰਸਿਟੀ ਵਿੱਚ ਪੀ.ਐਚ-ਡੀ. ਦਾ ਉਮੀਦਵਾਰ ਰਜਿਸਟਰ ਕਰਵਾ ਦਿੱਤਾ ਗਿਆ ਅਤੇ ਡਾ. ਕੈਨਲ ਖੋਜ-ਨਿਬੰਧ ਵਾਸਤੇ ਗਾਈਡ ਬਣ ਗਏ। ਇਸੇ ਅਰਸੇ ਦੌਰਾਨ ਉਹਨਾਂ ਦੀ ਲੁਧਿਆਣੇ ਵਿਖੇ ਅਧਿਆਪਕ ਲਈ ਚੋਣ ਹੋ ਗਈ। ਜਨਵਰੀ, 1961 ਵਿੱਚ ਉਨ੍ਹਾਂ ਅਸਿਸਟੈਂਟ ਪ੍ਰੋਫ਼ੈਸਰ (ਸਟੈਟਿਸਟਿਕਸ) ਦੇ ਤੌਰ 'ਤੇ ਸੇਵਾ ਆਰੰਭ ਕੀਤੀ। 1962 ਵਿੱਚ ਐਗਰੀਕਲਚਰਲ ਕਾਲਜ ਨੂੰ ਹੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਬਣਾ ਦਿੱਤਾ ਗਿਆ ਸੀ। 1963 ਵਿੱਚ ਆਪਣਾ ਪੀ.ਐਚ-ਡੀ. ਨਿਬੰਧ ਪੰਜਾਬ ਯੂਨੀਵਰਸਿਟੀ ਨੂੰ ਸੌਂਪ ਦਿੱਤਾ।

ਹੈੱਡ ਆਫ਼ ਡਿਪਾਰਟਮੈਂਟ ਬਣਨ ਤੋਂ ਪਹਿਲਾਂ ਉਹ ਯੂ.ਐਸ.ਏ.ਆਈ.ਡੀ. ਦੀ ਇਕ ਸਕੀਮ ਵਿੱਚ ਉਚੇਰੀ ਅਸਾਮੀ 'ਤੇ ਤਕਰੀਬਨ ਇਕ ਸਾਲ ਵਾਸਤੇ ਅਮਰੀਕਾ ਗਏ। ਇਸ ਵਕਤ ਉਹਨਾਂ ਨੇ ਜੋ ਕੰਮ ਕੀਤਾ, ਉਹ ਪ੍ਰੋਗਰਾਮ ਇੰਚਾਰਜ (ਡਾ. ਕਾਰਪੈਂਟਰ) ਨੂੰ ਬਹੁਤ ਪਸੰਦ ਆਇਆ। ਬਾਅਦ ਵਿੱਚ ਉਹ ਪ੍ਰੋਗਰਾਮ ਇੰਚਾਰਜ ਐਫ.ਏ.ਓ. ਰੋਮ ਵਿੱਚ ਇਕ ਉੱਚੀ ਅਸਾਮੀ 'ਤੇ ਚਲਾ ਗਿਆ, ਜੋ 1974 ਵਿੱਚ ਸਰਦਾਰਾ ਸਿੰਘ ਜੌਹਲ ਨੂੰ ਵੀ ਲੈ ਗਿਆ।

ਉਹਨਾਂ ਦਾ ਪਹਿਲਾ ਵਿਦੇਸ਼ ਦੌਰਾ 1969 ਵਿੱਚ ਹੋਇਆ। ਉਹ ਚਾਰ ਮਹੀਨੇ ਲਈ ਯੂ.ਐਸ.ਏ.ਆਈ.ਡੀ. ਦੇ ਖ਼ਰਚੇ 'ਤੇ ਯੂਨੀਵਰਸਿਟੀ ਵੱਲੋਂ ਗਏ। ਇਸ ਦੌਰੇ ਦੌਰਾਨ ਉਨ੍ਹਾਂ ਅਮਰੀਕਾ ਦੀਆਂ ਸੋਲਾਂ ਯੂਨੀਵਰਸਿਟੀਆਂ ਵਿੱਚ ਸੈਮੀਨਾਰ ਦਿੱਤੇ। ਇਸ ਤੋਂ ਬਾਅਦ ਉਨ੍ਹਾਂ ਜਾਪਾਨ, ਹਾਂਗਕਾਂਗ ਅਤੇ ਕੈਲੇਫ਼ੋਰਨੀਆ ਰੁਕ ਕੇ ਯੂਨੀਵਰਸਿਟੀ ਆਫ਼ ਕੈਲੇਫ਼ੋਰਨੀਆ ਦੇ ਬਰਕਲੇ ਕੈਂਪਸ ਤੇ ਡੈਵਿਸ ਕੈਂਪਸ ਵਿੱਚ ਸੈਮੀਨਾਰ ਦੇ ਨਾਲ-ਨਾਲ ਸਟਾਕਟਨ ਅਤੇ ਯੂਬਾ ਸ਼ਹਿਰਾਂ ਦਾ ਦੌਰਾ ਵੀ ਕੀਤਾ।

ਉਨ੍ਹਾਂ ਜਾਪਾਨ ਵਿੱਚ ਪਹਿਲਾਂ ਟੋਕੀਓ ਅਤੇ ਫੇਰ ਕਿਓਟੋ ਯੂਨੀਵਰਸਿਟੀ ਵਿੱਚ ਦੋ ਸੈਮੀਨਾਰ ਦਿੱਤੇ। ਤੈਪੱਈ ਤੋਂ ਹਾਂਗਕਾਂਗ ਰਾਹੀਂ ਉਹ ਫਿਲਪਾਈਨ ਪਹੁੰਚਿਆ ਤਾਂ ਲਾਸ-ਬਾਨਿਓ ਸ਼ਹਿਰ ਪਾਸ ਅੰਤਰਰਾਸ਼ਟਰੀ ਚੌਲਾਂ ਦੇ ਖੋਜ ਕੇਂਦਰਾਂ ਨੂੰ ਵੇਖਿਆ।

ਉਨ੍ਹਾਂ ਨੇ ਸੋਵੀਅਤ ਯੂਨੀਅਨ ਨੂੰ 1970, 1985, 1989 ਅਤੇ 1991 ਵਿੱਚ ਵੇਖਿਆ। 1986 ਅਤੇ 1996 ਵਿੱਚ ਚੀਨ ਗਏ ਅਤੇ 1984 ਵਿੱਚ ਕਿਊਬਾ। ਇਸ ਤਰ੍ਹਾਂ ਉਨ੍ਹਾਂ ਤਿੰਨਾਂ ਹੀ ਸਿਰ-ਕੱਢ ਸਮਾਜਵਾਦੀ ਦੇਸ਼ਾਂ ਦੇ ਵਾਤਾਵਰਣ ਨੂੰ ਨਿੱਜੀ ਤੌਰ 'ਤੇ ਨੇੜਿਉਂ ਹੋ ਕੇ ਵੇਖਿਆ।

1989 ਵਿੱਚ ਉਹ ਫਿਰ ਇੱਕ ਹਫ਼ਤੇ ਲਈ "ਇੰਡੋ-ਸੋਵੀਅਤ ਕਲਚਰਲ ਸੁਸਾਇਟੀ" ਦੇ ਨੁਮਾਇੰਦੇ ਵਜੋਂ 26 ਜਨਵਰੀ ਦਾ ਦਿਨ ਮਨਾਉਣ ਲਈ ਮਾਸਕੋ ਗਿਆ। ਚੀਨ ਵਿੱਚ 1986 ਵਿੱਚ ਉਹਨਾਂ ਨੇ ਇੱਕ ਮਹੀਨੇ ਲਈ ਚਾਰ-ਮੈਂਬਰੀ ਸਰਕਾਰੀ ਡੈਲੀਗੇਸ਼ਨ ਦੀ ਰਹਿਨੁਮਾਈ ਕੀਤੀ। ਇਸ ਡੈਲੀਗੇਸ਼ਨ ਵਿਚ ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਦੇ ਦੋ ਡਿਪਟੀ ਡਾਇਰੈਕਟਰ ਜਨਰਲ, ਇਕ ਸੈਕਟਰੀ ਅਤੇ ਇਕ ਟਿਊਬਰ ਰਿਸਰਚ ਸੈਂਟਰ ਦੇ ਡਾਇਰੈਕਟਰ ਸਨ। ਉਨ੍ਹਾਂ ਅਨੁਸਾਰ ਚੀਨੀ ਕਿਸਾਨ ਏਨਾ ਮਿਹਨਤੀ ਅਤੇ ਲਗਨ ਵਾਲਾ ਹੈ ਕਿ ਕੋਈ ਚੀਜ਼ ਜ਼ਾਇਆ ਨਹੀਂ ਹੋਣ ਦਿੰਦਾ। ਹਰ ਘਰ ਵਿਚ ਗੋਬਰ-ਗੈਸ ਪਲਾਂਟ ਲੱਗਾ ਹੋਇਆ ਸੀ। ਖੇਤ ਦਾ ਫ਼ਾਲਤੂ ਘਾਹ-ਫੂਸ, ਵਿਹੜੇ ਦਾ ਕੂੜਾ, ਮੁਰਗੀਆਂ ਦੀਆਂ ਬਿੱਠਾਂ ਅਤੇ ਸੂਰਾਂ ਆਦਿ



Downloaded from https:// www.studiestoday.com

Downloaded from https:// www.studiestoday.com

ਦਾ ਵਿਸ਼ਟਾ ਅਤੇ ਇਨਸਾਨੀ ਟਾਇਲੈੱਟ ਸਭ ਗੋਬਰ ਗੈਸ ਪਲਾਂਟ ਵਿਚ ਜਾਂਦੇ ਸਨ। ਇਸ ਪਲਾਂਟ 'ਚੋਂ ਪਾਣੀ ਛੱਪੜਾਂ ਵਿਚ ਜਾਂਦਾ ਸੀ, ਜਿਸ ਵਿਚ ਮੱਛੀਆਂ ਅਤੇ ਬੱਤਖਾਂ ਪਲਦੀਆਂ ਸਨ। ਗੋਬਰ ਗੈਸ ਪਲਾਂਟ ਦਾ ਖਾਦ ਖੇਤਾਂ ਵਿਚ ਚਲਾ ਜਾਂਦਾ ਸੀ ਅਤੇ ਪਾਣੀ ਵੀ ਇਹਨਾਂ ਛੱਪੜਾਂ ਵਿਚ ਜੋ ਫ਼ਸਲ ਨੂੰ ਮਿਲਦਾ ਸੀ, ਕਾਫ਼ੀ ਤਾਕਤਵਰ ਸੀ।

1970 ਵਿੱਚ ਉਹਾਇਓ ਸਟੇਟਸ ਯੂਨੀਵਰਸਿਟੀ ਕੋਲੰਬਸ, ਅਮਰੀਕਾ ਵਿੱਚ ਵਿਜ਼ਿਟਿੰਗ ਪ੍ਰੋਫ਼ੈਸਰ ਦੇ ਤੌਰ 'ਤੇ ਗਏ। ਉਹਾਇਓ ਸਟੇਟ ਯੂਨੀਵਰਸਿਟੀ ਤੋਂ ਜਨਵਰੀ 1972 ਵਿਚ ਉਹ ਪੰਜਾਬ ਪਰਤ ਆਏ। ਆਉਂਦੇ ਨੂੰ ਉਹਨਾਂ ਨੂੰ ਸੀਨੀਅਰ ਪ੍ਰੋਫ਼ੈਸਰ ਦੀ ਪਦਵੀ ਦੇ ਦਿੱਤੀ ਗਈ ਅਤੇ ਉਹ ਸਾਰੀ ਯੂਨੀਵਰਸਿਟੀ 'ਚੋਂ ਸੀਨੀਅਰ ਪ੍ਰੋਫ਼ੈਸਰ (44 ਸਾਲ ਦੀ ਉਮਰ ਵਿੱਚ) ਹੀ ਹੋ ਗਏ। ਵਿਭਾਗ ਦੇ ਮੁਖੀ ਤਾਂ ਪਹਿਲਾਂ ਹੀ ਸਨ। ਦੋ-ਤਿੰਨ ਸਾਲ ਡਟ ਕੇ ਕੰਮ ਕੀਤਾ। 1974 ਵਿਚ ਉਹਨਾਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਨੌਕਰੀ ਮਿਲ ਗਈ ਅਤੇ ਅਕਤੂਬਰ 1974 ਵਿਚ ਐਫ਼.ਏ.ਓ. ਰੋਮ ਵਿਚ ਹਾਜ਼ਰੀ ਦਿੱਤੀ। ਜਿਸ ਅਧੀਨ ਉਹਨਾਂ ਨੇ ਇਰਾਨ ਸਰਕਾਰ ਦੇ ਅੰਤਰਰਾਸ਼ਟਰੀ ਸਲਾਹਕਾਰ ਦੇ ਤੌਰ 'ਤੇ ਕੰਮ ਕੀਤਾ। ਇਸ ਤੋਂ ਬਾਅਦ 24 ਅਪ੍ਰੈਲ, 1983 ਨੂੰ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੇ ਤੌਰ 'ਤੇ ਪਟਿਆਲੇ ਵਿਖੇ ਨਿਯੁਕਤ ਹੋ ਗਏ।

ਡਾ. ਸਰਦਾਰਾ ਸਿੰਘ ਜੌਹਲ ਆਪਣਾ ਅਕਾਦਮਿਕ ਅਤੇ ਪ੍ਰੋਫ਼ੈਸ਼ਨਲ ਕੰਮ ਨਾਲ ਦੀ ਨਾਲ ਕਰਦੇ ਰਹੇ ਹਨ। ਇੱਕ ਵਾਰ ਉਹਨਾਂ ਨੇ ਸੈਂਟਰ ਫ਼ਾਰ ਰਿਸਰਚ ਇਨ ਰੂਰਲ ਐਂਡ ਇੰਡਸਟ੍ਰੀਅਲ ਡਿਵੈਲਪਮੈਂਟ ਵਿੱਚ ਲੜੀਵਾਰ ਚਾਰ ਲੈਕਚਰ ਦਿੱਤੇ। ਇਹ ਚਾਰੇ ਲੈਕਚਰ ਇਕ ਕਿਤਾਬ ਦੀ ਸ਼ਕਲ ਵਿੱਚ ਬਾਅਦ ਵਿੱਚ ਛਾਪ ਦਿੱਤੇ ਗਏ। ਇਸਦਾ ਪਹਿਲਾ ਲੈਕਚਰ ਇਸ ਸੈਂਟਰ 'ਚੋਂ ਨਿਕਲਦੇ ਰਸਾਲੇ ਵਿੱਚ ਛਪ ਗਿਆ। ਇਹ ਰਸਾਲਾ ਇਸ ਸੈਂਟਰ ਦੇ ਡਾਇਰੈਕਟਰ ਨੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨੂੰ ਭੇਂਟ ਕਰ ਦਿੱਤਾ। ਭਾਰਤ ਦੀ ਖੇਤੀ ਆਰਥਿਕਤਾ ਬਾਰੇ ਇਨ੍ਹਾਂ ਲੈਕਚਰਾਂ ਵਿੱਚ ਬੜੇ ਅਹਿਮ ਵਿਚਾਰ ਪ੍ਰਗਟਾਏ ਗਏ ਸਨ। ਪ੍ਰਧਾਨ ਮੰਤਰੀ ਨੇ ਲੈਕਚਰ ਉੱਤੇ ਆਧਾਰਤ ਇਹ ਲੇਖ ਪੜ੍ਹਿਆ ਤਾਂ ਇਹ ਖੇਤਰੀ ਮੰਤਰਾਲੇ ਦੇ ਸਕੱਤਰ ਨੂੰ ਭਿਜਵਾ ਕੇ ਕਿਹਾ ਕਿ ਇਸ 'ਤੇ ਸਬੰਧਤ ਸਾਰੀਆਂ ਵਜ਼ਾਰਤਾਂ ਦੇ ਸੈਕਟਰੀਆਂ ਨੂੰ ਸੱਦ ਕੇ ਵਿਚਾਰ-ਵਟਾਂਦਰਾ ਕਰਕੇ ਉਸ ਮੀਟਿੰਗ ਦੀ ਕਾਰਵਾਈ ਮੈਨੂੰ ਭੇਜੀ ਜਾਏ। ਜਿਉਂ ਹੀ ਇਸਦੀ ਕਾਰਵਾਈ ਰਿਪੋਰਟ ਪ੍ਰਧਾਨ ਮੰਤਰੀ ਨੂੰ ਪਹੁੰਚੀ, ਦੂਸਰੇ ਦਿਨ ਸਵੇਰੇ ਹੀ ਉਹਨਾਂ ਨੂੰ ਪ੍ਰਧਾਨ ਮੰਤਰੀ ਦੇ ਦਫ਼ਤਰ ਤੋਂ ਟੈਲੀਫ਼ੋਨ ਆਇਆ ਕਿ ਪ੍ਰਧਾਨ ਮੰਤਰੀ ਆਪ ਨੂੰ ਆਪਣੀ 'ਇਕਨਾਮਿਕ ਐਡਵਾਈਜ਼ਰੀ ਕੌਂਸਲ' ਦਾ ਮੈਂਬਰ ਲੈਣਾ ਚਾਹੁੰਦੇ ਹਨ। ਸਰਦਾਰਾ ਸਿੰਘ ਜੌਹਲ ਨੇ ਇਹ ਅਹੁਦਾ ਸਵੀਕਾਰ ਕਰ ਲਿਆ। ਕਾਂਗਰਸ ਤੋਂ ਬਾਅਦ ਜਦ ਜਨਤਾ ਪਾਰਟੀ ਦੀ ਹਕੂਮਤ ਆਈ ਤਾਂ ਸ਼੍ਰੀ ਵੀ.ਪੀ. ਸਿੰਘ ਪ੍ਰਧਾਨ ਮੰਤਰੀ ਬਣੇ। ਉਨ੍ਹਾਂ ਨੇ 'ਇਕਨਾਮਿਕ ਐਡਵਾਈਜ਼ਰੀ ਕੌਂਸਲ' ਨੂੰ ਉਂਜ ਦਾ ਉਂਜ ਹੀ ਰੱਖਿਆ। ਜਦ ਮੁੜ ਜਨਤਾ ਪਾਰਟੀ ਦੀ ਵਜ਼ਾਰਤ ਬਣੀ ਤਾਂ ਸ਼੍ਰੀ ਚੰਦਰ ਸ਼ੇਖਰ ਨੇ ਪ੍ਰਧਾਨ ਮੰਤਰੀ ਦੇ ਤੌਰ 'ਤੇ 'ਇਕਨਾਮਿਕ ਐਡਵਾਈਜ਼ਰੀ ਕੌਂਸਲ' ਉਹੀ ਰੱਖੀ। ਪ੍ਰਧਾਨ ਮੰਤਰੀ ਸ਼੍ਰੀ ਨਰਸਿਮ੍ਹਾ ਰਾਉ ਨੇ ਵੀ ਇਸ ਕੌਂਸਲ ਵਿੱਚ ਕੋਈ ਤਬਦੀਲੀ ਨਹੀਂ ਕੀਤੀ। ਇਸ ਤਰ੍ਹਾਂ ਸਰਦਾਰਾ ਸਿੰਘ ਜੌਹਲ ਲਗਾਤਾਰ ਚਾਰ ਪ੍ਰਧਾਨ ਮੰਤਰੀਆਂ ਨਾਲ ਆਰਥਿਕ ਮਸਲਿਆਂ ਦੇ ਸਲਾਹਕਾਰ ਰਹੇ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਡਾ.ਸਰਦਾਰਾ ਸਿੰਘ ਜੌਹਲ ਨੇ ਕੋਈ ਪਦਵੀ ਨਹੀਂ ਪਾਈ, ਸਗੋਂ ਅਨੇਕਾਂ ਪਦਵੀਆਂ ਡਾ.ਜੌਹਲ ਨੂੰ ਪਾ ਕੇ ਧੰਨ ਹੁੰਦੀਆਂ ਰਹੀਆਂ। ਹਰ ਅਹੁਦੇ ਨੂੰ ਆਪ ਨੇ ਕੁਝ ਕਰ ਗੁਜ਼ਰਨ ਦੀ ਚੁਣੌਤੀ ਸਮਝ ਕੇ ਲਿਆ ਅਤੇ ਨਿਭਾਇਆ। ਪਰ ਉਹਨਾਂ ਦਾ ਸਭ ਤੋਂ ਵੱਧ ਇਸ਼ਕ ਪਦਵੀਆਂ ਦੀ ਬਜਾਏ ਅਧਿਆਪਨ ਨਾਲ ਰਿਹਾ। ਚੰਗਾ ਅਧਿਆਪਕ ਬਣਨ ਦਾ ਜਨੂਨ ਰਿਹਾ ਜੋ ਹੁਣ ਤੱਕ ਉਹਨਾ ਦੇ ਸਾਹੀਂ ਸੁਆਸੀਂ ਨਿਭ ਰਿਹਾ ਹੈ। ਅਧਿਆਪਨ ਦੀ ਸ਼ੁਰੂਆਤ ਨੂਰਮਹਿਲ ਦੇ ਪ੍ਰਾਈਵੇਟ ਸਕੂਲ ਵਿੱਚ ਕੱਚੇ ਅਧਿਆਪਕ ਦੀ ਨੌਕਰੀ ਨਾਲ ਹੋਈ। ਭਾਰਤ ਦੇ ਪ੍ਰਧਾਨ-ਮੰਤਰੀ ਦੇ ਆਰਥਿਕ ਸਲਾਹਕਾਰ



Downloaded from https:// www.studiestoday.com

Downloaded from https:// www.studiestoday.com

ਵਰਗੇ ਉੱਚ ਵੱਕਾਰੀ ਅਹੁਦੇ ਤੋਂ ਲੈ ਕੇ ਅਨੇਕਾਂ ਅਹੁਦਿਆਂ-ਪਦਵੀਆਂ ਦਾ ਮਾਣ ਵਧਾਉਂਦੇ ਉਹ ਹੁਣ ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਦੇ ਚਾਂਸਲਰ ਹੋਣ ਦੇ ਮੁਕਾਮ ਤੇ ਆਣ ਪਹੁੰਚੇ ਹਨ। ਜਨਵਰੀ 1961 ਵਿੱਚ ਉਹ ਖੇਤੀਬਾੜੀ ਕਾਲਜ, ਲੁਧਿਆਣਾ ਵਿੱਚ ਸਹਾਇਕ ਪ੍ਰੋਫੈਸਰ ਲੱਗੇ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਬਣਨ ਤੇ ਇਕਨਾਮਿਕਸ ਦੇ ਸੀਨੀਅਰ ਪ੍ਰੋਫੈਸਰ ਬਣੇ, ਫਿਰ ਇੱਥੇ ਹੀ 1965 ਵਿੱਚ ਇਕਨਾਮਿਕਸ ਅਤੇ ਸੋਸ਼ਿਆਲੋਜੀ ਵਿਭਾਗ ਦੇ ਯੂਨੀਵਰਸਿਟੀ ਵਿੱਚ ਸਭ ਤੋਂ ਛੋਟੀ ਉਮਰ ਦੇ ਪ੍ਰੋਫ਼ੈਸਰ ਅਤੇ ਮੁਖੀ ਬਣੇ। ਇਸ ਦੇ ਨਾਲ-ਨਾਲ ਅਮਰੀਕਾ ਦੀ ਓਹੀਓ ਯੂਨੀਵਰਸਿਟੀ, ਕੋਲੰਬਸ ਦੇ ਵਿਜ਼ਿਟਿੰਗ ਪ੍ਰੋਫੈਸਰ ਅਤੇ ਫਿਰ ਐਡਜੰਕਟ ਪ੍ਰੋਫ਼ੈਸਰ ਰਹੇ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਹੁੰਦਿਆਂ ਯੂਨੀਵਰਸਿਟੀ ਅੰਦਰ ਨਵੀਂ ਊਰਜਾ ਅਤੇ ਤਾਜ਼ਗੀ ਦਾ ਸੰਚਾਰ ਕੀਤਾ। ਇੱਥੋਂ ਪਰਤ ਕੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀ ਥੋੜ੍ਹਾ ਚਿਰ ਬਤੌਰ ਵਾਈਸ ਚਾਂਸਲਰ ਸੇਵਾ ਸੰਭਾਲ ਕੀਤੀ। ਆਪ ਭਾਰਤੀ ਖੇਤੀ ਖੋਜ ਕੇਂਦਰ ਵਿੱਚ ਇਕਨਾਮਿਕਸ ਦੇ ਨੈਸ਼ਨਲ ਪ੍ਰੋਫੈਸਰ ਆਫ ਐਮੀਨੈਂਸ ਰਹੇ। ਇਸ ਵੇਲੇ ਆਪ ਪੰਜਾਬ ਦੀਆਂ ਇਕ ਨਹੀਂ, ਦੋ ਨਹੀਂ, ਤਿੰਨਾਂ ਹੀ ਵੱਕਾਰੀ ਯੂਨੀਵਰਸਿਟੀਆਂ-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੈਨਟ/ਸਿੰਡੀਕੇਟ ਦੇ ਮੈਂਬਰ ਹਨ।

ਮਿਹਨਤ ਅਤੇ ਸੁਹਿਰਦਤਾ ਦੇ ਸੁਮੇਲ ਡਾ.ਜੌਹਲ ਸੰਸਾਰ ਦੇ ਚੋਟੀ ਦੇ ਖੇਤੀ ਆਰਥਿਕਤਾ ਦੇ ਮਾਹਿਰ ਹੋ ਨਿੱਬੜੇ। ਕਦੀ ਉਹ ਸੰਯੁਕਤ ਰਾਸ਼ਟਰ ਦੀ ਫੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ ਦੇ ਇਰਾਨ ਵਿਖੇ ਪ੍ਰਾਜੈਕਟ ਮੈਨੇਜਰ ਬਣ ਕੇ ਗਏ। ਪੰਜਾਬ ਅਤੇ ਹਿਮਾਚਲ ਦੇ ਯੋਜਨਾ ਬੋਰਡਾਂ ਦੇ ਮੈਂਬਰ ਨਿਯੁਕਤ ਹੋਏ। ਵਿਸ਼ਵ ਬੈਂਕ ਸਮੇਤ ਸੰਯੁਕਤ ਰਾਸ਼ਟਰ ਨਾਲ ਸਬੰਧਤ ਅਨੇਕਾਂ ਅੰਤਰ-ਰਾਸ਼ਟਰੀ ਸੰਸਥਾਨਾਂ ਦੇ ਸਲਾਹਕਾਰ ਬਣੇ। ਇੰਡੀਅਨ ਸੁਸਾਇਟੀ ਆਫ਼ ਐਗਰੀਕਲਚਰਲ ਇਕਨਾਮਿਕਸ, ਇੰਡੀਅਨ ਸੁਸਾਇਟੀ ਆਫ਼ ਐਗਰੀਕਲਚਰਲ ਮਾਰਕੀਟਿੰਗ ਅਤੇ ਇੰਡੀਅਨ ਐਗਰੀਕਲਚਰਲ ਇਕਨਾਮਿਕਸ ਰਿਸਰਚ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਪੰਜਾਬ ਯੋਜਨਾ ਬੋਰਡ ਦੇ ਮੁਖੀ ਬਣੇ। ਉਹ ਪੰਜਾਬ ਦੇ ਮੁੱਖ ਮੰਤਰੀ ਦੀ ਖੇਤੀਬਾੜੀ ਸਲਾਹਕਾਰ ਕਮੇਟੀ ਦੇ ਚੇਅਰਮੈਨ ਰਹੇ। ਇਸ ਅਰਸੇ ਦੌਰਾਨ ਉਹਨਾਂ ਨੂੰ ਕੈਬਿਨੇਟ ਮਨਿਸਟਰ ਦਾ ਰੈਂਕ ਪ੍ਰਾਪਤ ਸੀ। ਉਹ ਭਾਰਤੀ ਰਿਜ਼ਰਵ ਬੈਂਕ ਦੇ ਨਿਰਦੇਸ਼ਕ ਰਹੇ, ਰਾਸ਼ਟਰੀ ਖੇਤੀ ਲਾਗਤ ਕਮਿਸ਼ਨ ਦੇ ਚੇਅਰਮੈਨ ਰਹੇ। ਹੋਰ ਅਨੇਕਾਂ ਉੱਚੀਆਂ ਪਦਵੀਆਂ ’ਤੇ ਬੈਠ ਕੇ ਵੀ ਆਪ ਧਰਤੀ ਨਾਲ ਜੁੜੇ ਰਹੇ। ਵੱਖ-ਵੱਖ ਸੰਸਥਾਵਾਂ ਲਈ ਉਹਨਾਂ ਵੱਲੋਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਜਿਵੇਂ ‘ਰੈਸ਼ਨੇਲਾਈਜੇਸ਼ਨ ਆਫ਼ ਇਲੈਕਟ੍ਰਿਸਿਟੀ ਟੈਰਿਫ ਇਨ ਪੰਜਾਬ’, ‘ਡਾਈਵਰਸੀਫਿਕੇਸ਼ਨ ਆਫ਼ ਐਗਰੀਕਲਚਰ ਇਨ ਪੰਜਾਬ’, ‘ਸਟ੍ਰਕਚਰਲ ਅਡਜਸਟਮੈਂਟਸ ਇਨ ਕ੍ਰੋਪਿੰਗ ਪੈਟਰਨਸ ਫ਼ਾਰ ਗ੍ਰੋਥ ਐਂਡ ਪ੍ਰੋਡਕਟਿਵਿਟੀ ਇਨ ਪੰਜਾਬ’ ਅਤੇ ‘ਸਟ੍ਰਕਚਰਲ ਰਿਫ਼ੋਰਮਸ ਇਨ ਐਗਰੀਕਲਚਰਲ ਸੈਕਟਰ ਫ਼ਾਰ ਪ੍ਰੋਡਕਟਿਵਿਟੀ ਐਂਡ ਗ੍ਰੋਥ ਇਨ ਇੰਡੀਆ’ ਆਦਿ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਸਵੀਕਾਰੀਆਂ ਅਤੇ ਭਵਿੱਖ ਦੀਆਂ ਯੋਜਨਾਵਾਂ ਦਾ ਆਧਾਰ ਬਣੀਆਂ।

ਖੇਤੀ ਖੋਜ ਵਿਸ਼ੇਸ਼ੱਗ ਦੇ ਰੂਪ ਵਿੱਚ ਆਪ ਨੇ 7 ਕਿਤਾਬਾਂ, 200 ਤੋਂ ਵੱਧ ਲੇਖ ਅਤੇ 300 ਤੋਂ ਵੱਧ ਖੋਜ-ਪੱਤਰ ਪ੍ਰਕਾਸ਼ਿਤ ਕਰਕੇ ਕਲਮ ਅਤੇ ਕਰਮ ਦੇ ਸਬੰਧ ਨੂੰ ਦ੍ਰਿੜ੍ਹਾਇਆ। ਪੰਜਾਬੀ ਲੇਖਕਾਂ ਦੀ ਜੱਥੇਬੰਦੀ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਹੁੰਦਿਆਂ ਆਪ ਨੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਦੀ ਵੀ ਅਗਵਾਈ ਕੀਤੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪ ਜੀ ਨੂੰ ਡੀ.ਐਸ.ਸੀ. ਦੀ ਅਤੇ ਪੰਜਾਬ ਯੂਨੀਵਰਸਿਟੀ ਤੇ ਪੰਜਾਬੀ ਯੂਨੀਵਸਸਿਟੀ ਨੇ ਡੀ.ਲਿੱਟ ਦੀਆਂ ਆਨਰੇਰੀ ਡਿਗਰੀਆਂ ਅਰਪਿਤ ਕਰਕੇ ਮਾਣ ਮਹਿਸੂਸ



Downloaded from https:// www.studiestoday.com

Downloaded from https:// www.studiestoday.com

ਕੀਤਾ ਹੈ। ਨੈਸ਼ਨਲ ਅਕੈਡਮੀ ਆਫ਼ ਐਗਰੀਕਲਚਰਲ ਸਾਇੰਸਸ, ਪੰਜਾਬ ਸਾਇੰਸ ਅਕੈਡਮੀ ਅਤੇ ਪੰਜਾਬੀ ਸਾਹਿਤ ਅਕੈਡਮੀ ਨੇ ਆਪਣੀਆਂ ਫੈਲੋਸ਼ਿਪ ਪ੍ਰਦਾਨ ਕਰਕੇ ਆਪ ਜੀ ਪ੍ਰਤੀ ਸਤਿਕਾਰ ਭੇਟ ਕੀਤਾ। ਭਾਰਤ ਦੇ ਰਾਸ਼ਟਰਪਤੀ ਨੇ ਆਪ ਨੂੰ ਦੇਸ਼ ਦਾ ਵਿਲੱਖਣ ਅਤੇ ਮਹਾਨ ਨਾਗਰਿਕ ਐਲਾਨਦਿਆਂ ਪਦਮ ਭੂਸ਼ਣ ਦੀ ਉਪਾਧੀ ਨਾਲ ਸਨਮਾਨਤ ਕੀਤਾ ਹੈ। ਡਾ.ਸਰਦਾਰਾ ਸਿੰਘ ਜੌਹਲ ਸੁੱਤਿਆਂ ਲਈ ਸਵੇਰਾ ਹਨ, ਥੱਕਿਆਂ ਲਈ ਥਾਪੜਾ ਹਨ, ਉਦਮ ਲਈ ਉਤਸ਼ਾਹ ਹਨ, ਪੰਜਾਬੀ ਦਾ ਪਿਆਰ ਹਨ, ਭਾਈਚਾਰੇ ਦੀ ਭਰਪੂਰਤਾ ਅਤੇ ਖ਼ੂਬਸੂਰਤ ਪੰਜਾਬ ਦਾ ਖ਼ਾਬ ਹਨ। ਅੱਜ-ਕੱਲ੍ਹ ਲੁਧਿਆਣਾ ਵਿਖੇ ਰਹਿ ਰਹੇ ਡਾ. ਸਰਦਾਰਾ ਸਿੰਘ ਜੌਹਲ ਪੰਜਾਬ ਦੀ ਲਿਆਕਤ ਵਾਲੀ ਦਸਤਾਰ ਦਾ ਸਿਖਰਲਾ ਪੇਚ ਹਨ।

## ਅਭਿਆਸ-ਪ੍ਰਸ਼ਨ

1. ਡਾ. ਸਰਦਾਰਾ ਸਿੰਘ ਜੌਹਲ ਦੇ ਜਨਮ ਅਤੇ ਪਰਿਵਾਰਕ ਪਿਛੋਕੜ ਬਾਰੇ ਦੱਸੋ।

2. ਡਾ. ਸਰਦਾਰਾ ਸਿੰਘ ਜੌਹਲ ਕਿੰਨਾਂ-ਕਿੰਨਾਂ ਯਤਨਾਂ ਰਾਹੀਂ ਆਪਣੀ ਵਿੱਦਿਆ ਪੂਰੀ ਕਰਦੇ ਹਨ ?

3. ਡਾ. ਸਰਦਾਰਾ ਸਿੰਘ ਜੌਹਲ ਦੇ ਜੀਵਨ ਉੱਤੇ ਮਾਸਟਰ ਸੂਫੀ ਮੁਹੰਮਦ ਦੀਨ ਦੇ ਪ੍ਰਭਾਵ ਨੂੰ ਉਲੀਕੋ।

4. ਡਾ. ਸਰਦਾਰਾ ਸਿੰਘ ਜੌਹਲ ਨੂੰ ਡਰਾਮੇ ਅਤੇ ਐਨ.ਸੀ.ਸੀ. ਵਿੱਚ ਭਾਗ ਲੈਣ ਕਰਕੇ ਅਗਲੇਰੇ ਜੀਵਨ ਵਿੱਚ ਕੀ-ਕੀ ਫਾਇਦੇ ਹੋਏ ?

5. ਡਾ. ਸਰਦਾਰਾ ਸਿੰਘ ਜੌਹਲ, ਪ੍ਰੋ. ਡੌਨ ਕੈਨਲ ਦੇ ਸੰਪਰਕ ਵਿੱਚ ਕਿਵੇਂ ਅਤੇ ਕਦੋਂ ਆਏ ? ਅਤੇ ਇਸ ਦਾ ਉਹਨਾਂ ਨੂੰ ਕੀ ਲਾਭ ਪ੍ਰਾਪਤ ਹੋਇਆ ?

6. ਡਾ. ਸਰਦਾਰਾ ਸਿੰਘ ਜੌਹਲ ਦੀਆਂ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਾਪਤ ਉਪਲਬਧੀਆਂ ਨੂੰ ਬਿਆਨ ਕਰੋ।

7. 'ਇਕਨਾਮਿਕ ਐਡਵਾਇਜ਼ਰੀ ਕੌਂਸਲ' ਤੋਂ ਕੀ ਭਾਵ ਹੈ ? ਤੇ ਡਾ. ਸਰਦਾਰਾ ਸਿੰਘ ਜੌਹਲ ਇਸ ਨਾਲ ਕਿਵੇਂ ਅਤੇ ਕਦੋਂ ਜੁੜੇ ?

8. ਖੇਤੀ ਖੋਜ-ਵਿਸ਼ੇਸ਼ਗ ਵਜੋਂ ਡਾ. ਸਰਦਾਰਾ ਸਿੰਘ ਜੌਹਲ ਦੁਆਰਾ ਪ੍ਰਕਾਸ਼ਿਤ ਲਿਖਤਾਂ ਦਾ ਜ਼ਿਕਰ ਕਰੋ।

9. ਡਾ. ਸਰਦਾਰਾ ਸਿੰਘ ਜੌਹਲ ਨੂੰ ਆਪਣੀਆਂ ਸੇਵਾਵਾਂ ਸਦਕਾ ਕਿਹੜੀਆਂ-ਕਿਹੜੀਆਂ ਆਨਰੇਰੀ ਡਿਗਰੀਆਂ ਅਤੇ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ ?

10. 'ਖੇਤੀਬਾੜੀ ਅਰਥਸ਼ਾਸ਼ਤਰੀ : ਡਾ. ਸਰਦਾਰਾ ਸਿੰਘ ਜੌਹਲ' ਦੇ ਜੀਵਨੀ-ਮੂਲਕ ਨਿਬੰਧ ਉਪਰ ਸੰਖੇਪ ਝਾਤ ਪਾਉ।



Downloaded from https:// www.studiestoday.com

Downloaded from https:// www.studiestoday.com

# ਲੇਖਕਾਂ ਨਾਲ ਸੰਖੇਪ ਜਾਣ-ਪਛਾਣ



Downloaded from https:// www.studiestoday.com

Downloaded from https:// www.studiestoday.com

## 1. ਹਰਪਾਲ ਸਿੰਘ ਲੱਖੀਆਂ

ਹਰਪਾਲ ਸਿੰਘ ਲੱਖੀਆਂ ਦਾ ਜਨਮ ਪਿੰਡ ਗੁਲਾਬੇਵਾਲਾ ਜਿਲ੍ਹਾ ਫਿਰੋਜ਼ਪੁਰ (ਹਾਲ ਜਿਲ੍ਹਾ ਸ਼੍ਰੀ. ਮੁਕਤਸਰ ਸਾਹਿਬ) ਵਿਖੇ ਪਿਤਾ ਸਰਦਾਰ ਦਲ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ 5 ਮਾਰਚ 1942 ਈ. ਨੂੰ ਹੋਇਆ। ਹਰਪਾਲ ਸਿੰਘ ਲੱਖੀਆਂ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਖਾਲਸਾ ਹਾਈ ਸਕੂਲ ਸ਼੍ਰੀ ਮੁਕਤਸਰ ਸਾਹਿਬ ਤੋਂ ਪ੍ਰਾਪਤ ਕੀਤੀ। ਪੜ੍ਹਾਈ ਉਪਰੰਤ ਉਸ ਨੇ ਖੇਤੀਬਾੜੀ ਦੇ ਨਾਲ-ਨਾਲ ਲੇਖਣੀ ਨੂੰ ਵੀ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਇਆ। ਉਹ ਨਿਰੰਤਰ ਕਹਾਣੀ ਵਿਧਾ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਕੁਝ ਕਹਾਣੀਆਂ ਹਿੰਦੀ ਵਿੱਚ ਅਨੁਵਾਦ ਹੋ ਕੇ ਵੀ ਛਪ ਚੁੱਕੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸ ਨੂੰ ਰਾਜਸਥਾਨ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਸੇਵਾਵਾਂ ਸਦਕਾ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਅੱਜਕੱਲ੍ਹ ਲੇਖਕ ਪਿੰਡ ਲੱਖੀਆਂ ਵਿੱਚ ਆਪਣਾ ਜੀਵਨ ਬਿਤਾ ਰਿਹਾ ਹੈ। 'ਰੁੱਤ ਆਵੇ ਰੁੱਤ ਜਾਵੇ', 'ਮੇਰੀ ਚੁੱਪ ਦੇ ਬੋਲ ' ਅਤੇ 'ਪਿਓਂਦ ਕੀਤੀ ਬੇਰੀ ' ਹੁਣ ਤੱਕ ਉਸ ਦੇ ਤਿੰਨ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ।

ਹਰਪਾਲ ਸਿੰਘ ਲੱਖੀਆਂ ਰਾਜਸਥਾਨ ਵਿੱਚ ਰਚੀ ਜਾ ਰਹੀ ਪੰਜਾਬੀ ਕਹਾਣੀ ਦਾ ਮੋਢੀ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਸਮੇਂ ਦੇ ਚਰਚਿਤ ਪੰਜਾਬੀ ਰਸਾਲਿਆਂ 'ਨਾਗਮਣੀ', 'ਪ੍ਰੀਤਲੜੀ', 'ਸੰਖ', 'ਆਰਸੀ', 'ਪੰਜ ਦਰਿਆ' ਆਦਿ ਦਾ ਹਿੱਸਾ ਬਣਦੀਆਂ ਰਹੀਆਂ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ਿਆਂ ਵਿੱਚ ਜਿੱਥੇ ਵਿਵਿਧਤਾ ਵੇਖਣ ਨੂੰ ਮਿਲਦੀ ਹੈ, ਉੱਥੇ ਕਲਾਤਮਕ ਪੱਖ ਤੋਂ ਵੀ ਕਹਾਣੀਆਂ ਵਿੱਚ ਰਾਜਸਥਾਨ ਦੀ ਭੋਇੰ ਮੰਡਲ ਨੂੰ ਵੀ ਤਲਾਸ਼ਿਆ ਜਾ ਸਕਦਾ ਹੈ।

ਉਸ ਦੀਆਂ ਕਹਾਣੀਆਂ ਵਿੱਚੋਂ ਮਨੋਵਿਗਿਆਨ ਦੀਆਂ ਸੂਖ਼ਮ ਪਰਤਾਂ ਨੂੰ ਤਲਾਸ਼ਿਆ ਜਾ ਸਕਦਾ ਹੈ। ਇਸ ਪਾਠ ਪੁਸਤਕ ਵਿੱਚ ਲੱਖੀਆਂ ਨੇ 'ਸਾਧਨਾ ਤੇ ਸਾਦਗੀ ਦੀ ਮੂਰਤ : ਭਗਤ ਧੰਨਾ ਜੀ' ਨਿਬੰਧ ਲਿਖ ਕੇ ਪੰਜਾਬੀ ਵਾਰਤਕ ਉੱਪਰ ਆਪਣੀ ਪਕੜ ਦਾ ਪ੍ਰਮਾਣ ਪੇਸ਼ ਕੀਤਾ ਹੈ। ਲੱਖੀਆਂ ਸਮਰੱਥ ਅਤੇ ਪ੍ਰਬੁੱਧ ਲੇਖਣੀ ਦਾ ਮਾਲਕ ਹੈ। ਸਾਦਗੀ ਭਰਪੂਰ ਸ਼ਬਦਾਵਲੀ ਰਾਹੀਂ ਲੱਖੀਆਂ ਪਾਠਕ ਵਰਗ ਨੂੰ ਪ੍ਰਭਾਵਿਤ ਕਰਦਾ ਅਤੇ ਆਪਣੀ ਰਚਨਾ ਨਾਲ ਜੋੜਦਾ ਹੈ। ਲੇਖਕ ਦੇ ਭਿੰਨ-ਭਿੰਨ ਵਿਸ਼ਿਆਂ ਉੱਪਰ ਲਿਖੇ ਨਿਬੰਧ ਪੰਜਾਬੀ ਦੇ ਵਿਭਿੰਨ ਰਸਾਲਿਆਂ ਵੱਚ ਛਪਦੇ ਰਹਿੰਦੇ ਹਨ।

## 2. ਹਰਮੀਤ ਸਿੰਘ ਗਿੱਲ

ਹਰਮੀਤ ਸਿੰਘ ਗਿੱਲ ਰਾਜਸਥਾਨ ਸੂਬੇ ਵਿੱਚ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕਾਰਜਸ਼ੀਲ ਭੂਮਿਕਾ ਨਿਭਾ ਰਿਹਾ ਹੈ। ਐੱਸ.ਆਈ.ਈ.ਆਰ.ਟੀ. ਉਦੈਪੁਰ ਦੁਆਰਾ ਪ੍ਰਕਾਸ਼ਿਤ ਪੁਸਤਕ ਪੰਜਾਬੀ ਭਾਸ਼ਾ ਦਾ ਅਧਿਆਪਨ (ਬੀ.ਐੱਸ.ਟੀ.ਸੀ.) ਅਤੇ ਮਾਧਮਿਕ ਸਿੱਖਿਆ ਬੋਰਡ ਅਜਮੇਰ ਵੱਲੋਂ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਤਿਆਰ ਹੋਣ ਵਾਲੀਆਂ ਪਾਠ-ਪੁਸਤਕਾਂ ਦੇ ਸੰਪਾਦਕੀ ਬੋਰਡ/ਲੇਖਕ/ਪਾਠਕ੍ਰਮ ਸਮਿਤੀ ਦੇ ਮੈਂਬਰ ਵਜੋਂ ਭੂਮਿਕਾ ਨਿਭਾਉਂਣੀ ਉਸ ਦੀ ਪੰਜਾਬੀ ਭਾਸ਼ਾ ਪ੍ਰਤੀ ਸੁਹਿਰਦਤਾ ਦਾ ਪ੍ਰਤੱਖ ਪ੍ਰਮਾਣ ਹੈ।

ਉਸ ਦਾ ਜਨਮ 1 ਅਗਸਤ, 1982 ਈ. ਨੂੰ ਚੱਕ 6-ਏ ਛੋਟੀ ਜਿਲ੍ਹਾ ਸ਼੍ਰੀ ਗੰਗਾਨਗਰ



Downloaded from https:// www.studiestoday.com

Downloaded from https:// www.studiestoday.com

(ਰਾਜਸਥਾਨ) ਵਿਖੇ ਪਿਤਾ ਸ.ਜਸਮੇਲ ਸਿੰਘ ਗਿੱਲ ਅਤੇ ਮਾਤਾ ਜਸਬੀਰ ਕੌਰ ਦੇ ਘਰ ਹੋਇਆ। ਉਸ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 19 ਜ਼ੈੱਡ, ਸ਼੍ਰੀ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸ਼੍ਰੀ ਗੰਗਾਨਗਰ ਤੋਂ ਪ੍ਰਾਪਤ ਕੀਤੀ। ਬੀ.ਏ. ਸ਼੍ਰੀ ਗੁਰੂ ਨਾਨਕ ਖਾਲਸਾ ਕਾਲਜ ਸ਼੍ਰੀ ਗੰਗਾਨਗਰ ਤੋਂ ਕਰਨ ਉਪਰੰਤ ਐੱਮ.ਏ. ਪੰਜਾਬੀ ਡੀ.ਏ.ਵੀ. ਕਾਲਜ, ਅਬੋਹਰ, ਬੀ.ਐੱਡ.ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਅਬੋਹਰ ਅਤੇ ਐੱਮ.ਫਿਲ. (ਪੰਜਾਬੀ) ਪੰਜਾਬ ਯੂਨੀਵਰਸਿਟੀ ਰੀਜ਼ਨਲ ਸੈਂਟਰ, ਸ਼੍ਰੀ ਮੁਕਤਸਰ ਸਾਹਿਬ ਤੋਂ ਕੀਤੀ। ਪੰਜਾਬ 'ਚ ਪੜਦਿਆਂ ਜਿੱਥੇ ਸਾਹਿਤਕ ਰੁਚੀਆਂ ਨੇ ਉਸ ਨੂੰ ਪ੍ਰਭਾਵਿਤ ਕੀਤਾ, ਉੱਥੇ ਪੰਜਾਬੀ ਅਧਿਆਪਕ ਬਨਣ ਲਈ ਵੀ ਰਾਹ ਦਸੇਰੇ ਦਾ ਕਾਰਜ ਕੀਤਾ। ਕੁਝ ਸਮਾਂ ਸ਼੍ਰੀ ਗੁਰੂ ਨਾਨਕ ਖਾਲਸਾ ਕਾਲਜ, ਸ਼੍ਰੀ ਗੰਗਾਨਗਰ ਵਿਖੇ ਬਤੌਰ ਕਾਲਜ ਲੈਕਚਰਾਰ ਕੰਮ ਕਰਨ ਤੋਂ ਬਾਅਦ 2011 ਈ. ਵਿੱਚ ਆਰ.ਪੀ.ਐੱਸ.ਸੀ. ਵੱਲੋਂ ਬਤੌਰ ਪੰਜਾਬੀ ਸਕੂਲ ਲੈਕਚਰਾਰ ਚੁਣਿਆ ਗਿਆ। ਪੜ੍ਹਾਉਣ ਦੇ ਨਾਲ-ਨਾਲ ਉਸ ਨੇ ਆਪਣੀ ਪੜ੍ਹਾਈ ਨੂੰ ਵੀ ਜਾਰੀ ਰੱਖਿਆ ਤੇ ਨੈੱਟ ਦਾ ਯੋਗਤਾ ਇਮਤਿਹਾਨ ਪਾਸ ਕੀਤਾ। ਅੱਜ-ਕੱਲ੍ਹ ਉਹ ਉਸ ਸਕੂਲ ਵਿੱਚ ਹੀ (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 19 ਜ਼ੈੱਡ) ਪੜ੍ਹਾ ਰਿਹਾ ਹੈ, ਜਿੱਥੇ ਕਦੇ ਉਹ ਖੁਦ ਪੜ੍ਹਿਆ ਕਰਦਾ ਸੀ।

## 3. ਗੁਰਦੀਪ ਸਿੰਘ ਸਿੱਧੂ

ਗੁਰਦੀਪ ਸਿੰਘ ਸਿੱਧੂ ਦਾ ਜਨਮ ਉਸ ਦੇ ਨਾਨਕੇ ਪਿੰਡ ਸੰਦੋਹਾ, ਜ਼ਿਲ੍ਹਾ ਬਠਿੰਡਾ (ਪੰਜਾਬ) ਵਿਖੇ 2 ਦਸੰਬਰ, 1953 ਈ. ਨੂੰ ਹੋਇਆ। ਉਸ ਦੇ ਪਿਤਾ ਦਾ ਨਾਂ ਸਰਦਾਰ ਮਿੱਠੂ ਸਿੰਘ ਸਿੱਧੂ ਅਤੇ ਮਾਤਾ ਦਾ ਨਾਂ ਸ਼੍ਰੀਮਤੀ ਭਗਵਾਨ ਕੌਰ ਸਿੱਧੂ ਹੈ। ਉਹ ਪਿੰਡ ਝੋਰੜ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ (ਪੰਜਾਬ) ਦੇ ਮੂਲ ਵਸਨੀਕ ਹੈ। ਉਸਨੇ ਮੁੱਢਲੀ ਵਿੱਦਿਆ ਸਰਕਾਰੀ ਹਾਈ ਸਕੂਲ, ਝੋਰੜ ਤੋਂ ਪ੍ਰਾਪਤ ਕਰ ਕੇ ਬੀ.ਏ., ਡੀ.ਏ.ਵੀ. ਕਾਲਜ, ਮਲੋਟ ਤੋਂ ਕੀਤੀ। ਐੱਮ.ਏ. (ਪੰਜਾਬੀ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਬੀ.ਐੱਡ ਦੀ ਡਿਗਰੀ ਖਾਲਸਾ ਕਾਲਜ ਆਫ ਐਜੂਕੇਸ਼ਨ, ਸ਼੍ਰੀ ਮੁਕਤਸਰ ਸਾਹਿਬ ਤੋਂ ਪ੍ਰਾਪਤ ਕੀਤੀ।

ਉਹ 10 ਸਤੰਬਰ, 1978 ਨੂੰ ਸੀਨੀਅਰ ਅਧਿਆਪਕ ਦੇ ਤੌਰ ਤੇ ਸ਼੍ਰੀ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਸ਼੍ਰੀ ਗੰਗਾਨਗਰ ਵਿਖੇ ਨਿਯੁਕਤ ਹੋਏ। 1994 ਈ. ਵਿੱਚ ਬਤੌਰ ਲੈਕਚਰਾਰ ਮੈਗਜ਼ੀਨ ਖਾਲਸਾ ਦਰਪਣ ਦੇ ਮੁੱਖ ਸੰਪਾਦਕ ਦੇ ਤੌਰ ਤੇ ਵੀ ਉਹ ਕਾਰਜ ਕਰਦਾ ਰਿਹਾ।

ਉਸ ਦਾ ਬਚਪਨ ਤੋਂ ਸਾਹਿਤ ਵੱਲ ਰੁਝਾਨ ਸੀ। ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਗੀਤ, ਕਵਿਤਾ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਕਈ ਇਨਾਮ ਪ੍ਰਾਪਤ ਕੀਤੇ। 1974-75 ਈ. ਵਿੱਚ ਉਹ ਡੀ.ਏ.ਵੀ. ਕਾਲਜ, ਮਲੋਟ ਵਿੱਚ ਸਭ ਤੋਂ ਵਧੀਆ ਗਾਇਕ ਵੀ ਚੁਣਿਆ ਗਿਆ।

ਨੌਕਰੀ ਦੌਰਾਨ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸਭਿਆਚਾਰ ਲਈ ਯਤਨਸ਼ੀਲ ਰਿਹਾ। 1982-83 ਈ. ਵਿੱਚ ਸ਼੍ਰੀ ਗੰਗਾਨਗਰ ਸ਼ਹਿਰ ਵਿੱਚ ਹੋਰਨਾਂ ਸਾਥੀਆਂ ਨਾਲ ਮਿਲ ਕੇ ਗੰਗਾਨਗਰ ਕਲਾ ਮੰਚ ਨਾਂ ਦੀ ਸੰਸਥਾ ਬਣਾਈ ਅਤੇ ਸੰਸਥਾ ਦੇ ਸੱਕਤਰ ਦੇ ਤੌਰ ਤੇ ਕੰਮ ਕਰਦਿਆਂ ਸ਼੍ਰੀ ਗੰਗਾਨਗਰ ਦੀ ਧਰਤੀ ਕਈ ਸਭਿਆਚਾਰਕ ਪ੍ਰੋਗਰਾਮ ਕਰਵਾਏ। 1999 ਵਿੱਚ ਪੰਜਾਬੀ ਸਭਿਆਚਾਰਕ ਸੁਸਾਇਟੀ ਦਾ ਗਠਨ ਕਰ ਉਸ ਦੇ ਸਕੱਤਰ ਵਜੋਂ ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਕਈ ਸਭਿਆਚਾਰਕ ਸਰੋਕਾਰਾਂ ਨਾਲ ਜੁੜੇ ਰਹੇ।

ਉਹ 31 ਦਸੰਬਰ, 2013 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, 13 ਐੱਫ.ਐੱਫ. ਮਾਣਕਸਰ



Downloaded from https:// www.studiestoday.com

Downloaded from https:// www.studiestoday.com

(ਸ਼੍ਰੀ ਗੰਗਾਨਗਰ) ਤੋਂ ਸੇਵਾ ਮੁਕਤ ਹੋ ਗਿਆ।

## 4. ਨਵਰਾਜ ਸਿੰਘ ਲੱਖੀਆਂ

ਰਾਜਸਥਾਨ ਵਿੱਚ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਅਤੇ ਪੰਜਾਬੀ ਖੇਡਾਂ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਨਵਰਾਜ ਸਿੰਘ ਦਾ ਜਨਮ ਸਰਦਾਰ ਹਰਪਾਲ ਸਿੰਘ ਦੇ ਘਰ ਮਾਤਾ ਮਲਕੀਤ ਕੌਰ ਦੀ ਕੁੱਖੋਂ ਨਾਨਕੇ ਘਰ ਪਿੰਡ ਬਾਮ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ (ਪੰਜਾਬ) ਵਿਖੇ 2 ਸਤੰਬਰ 1977 ਈ. ਨੂੰ ਹੋਇਆ। ਮੁੱਢਲੀ ਵਿੱਦਿਆ ਹਿੰਦ ਮਾਡਲ ਸਕੂਲ, ਵਹਾਬਵਾਲਾ ਅਤੇ ਸ਼੍ਰੀ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ, ਸ਼੍ਰੀ ਕਰਨਪੁਰ ਤੋਂ ਪ੍ਰਾਪਤ ਕਰਨ ਉਪਰੰਤ ਸੀਨੀਅਰ ਸੈਕੰਡਰੀ ਅਤੇ ਗ੍ਰੈਜੂਏਸ਼ਨ ਪੱਧਰ ਦੀ ਸਿੱਖਿਆ ਡੀ.ਏ.ਵੀ. ਕਾਲਜ ਅਬੋਹਰ ਤੋਂ ਪ੍ਰਾਪਤ ਕੀਤੀ।ਐਮ.ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਅਤੇ ਐਮ.ਫਿੱਲ. ਦੀ ਡਿਗਰੀ ਕੁਰੂਕਸ਼ੇਤਰਾ ਯੂਨੀਵਰਸਿਟੀ ਤੋਂ ਹਾਸਿਲ ਕੀਤੀ। ਬੀ.ਐੱਡ. ਹਾਰਵਰਡ ਕਾਲਜ ਆਫ ਐਜੂਕੇਸ਼ਨ, ਜੰਮੂ ਤੋਂ ਕੀਤੀ। ਪੰਜਾਬੀ ਵਿਸ਼ੇ ਵਿੱਚ ਉਸ ਨੇ ਨੈੱਟ ਅਤੇ ਸੈੱਟ ਦਾ ਇਮਤਿਹਾਨ ਪਾਸ ਕੀਤਾ ਹੋਇਆ ਹੈ।

ਵੱਖ-ਵੱਖ ਵਿਸ਼ਿਆਂ ਬਾਰੇ ਬਹੁਤ ਸਾਰੇ ਲੇਖ ਰੋਜਾਨਾਂ ਅਜੀਤ, ਦੇਸ਼ ਸੇਵਕ, ਪੰਜਾਬੀ ਟ੍ਰਿਬਿਊਨ ਅਤੇ ਸੀਮਾ ਸੰਦੇਸ਼ ਵਰਗੇ ਅਖਬਾਰਾਂ ਵਿੱਚ ਛਪ ਚੁੱਕੇ ਹਨ। ਹਿੰਦੀ ਭਾਸ਼ਾ ਵਿੱਚ ਆਪ ਦੁਆਰਾ 'ਜੀਵਨ ਏਵਮ ਖੇਲੋਂ ਸੇ ਜੁੜੇ ਵਿਭਿੰਨ ਪਹਿਲੂ' ਨਾਮਕ ਪੁਸਤਕ ਸੰਪਾਦਤ ਕੀਤੀ ਗਈ ਹੈ।ਐੱਸ.ਆਈ.ਈ.ਆਰ.ਟੀ. ਉਦੈਪੁਰ ਵੱਲੋਂ ਪੰਜਾਬੀ ਭਾਸ਼ਾ ਦਾ ਅਧਿਆਪਨ (ਬੀ.ਐੱਸ.ਟੀ.ਸੀ.ਦੂਜਾ ਸਾਲ) ਨਾਂ ਦੀ ਪੁਸਤਕ ਦੇ ਲੇਖਣ ਕਾਰਜ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਖਾਲਸਾ ਕਾਲਜ ਅਨੂਪਗੜ੍ਹ, ਗਿਆਨ ਜੋਤੀ ਕਾਲਜ, ਸ਼੍ਰੀ ਕਰਨਪੁਰ ਅਤੇ ਜੀ.ਐੱਸ.ਜੀ.ਡੀ. ਗਰਲਜ਼ ਕਾਲਜ, 25 ਬੀ.ਬੀ. ਜਿਹੇ ਉੱਘੇ ਪ੍ਰਾਈਵੇਟ ਵਿੱਦਿਅਕ ਅਦਾਰਿਆਂ ਵਿੱਚ ਬਤੌਰ ਪੰਜਾਬੀ ਪ੍ਰਾਧਿਆਪਕ ਵਜੋਂ ਕੰਮ ਕਰਨ ਤੋਂ ਬਾਅਦ 2006 ਵਿੱਚ ਰਾਜਸਥਾਨ ਵਿੱਚ ਆਰ.ਪੀ.ਐੱਸ.ਸੀ. ਦੁਆਰਾ ਚੁਣਿਆ ਜਾਣ ਵਾਲਾ ਪੰਜਾਬੀ ਦਾ ਪਹਿਲਾ ਸਕੂਲ ਲੈਕਚਰਾਰ ਬਣਿਆ। ਉਹ ਸੰਨ 2003 ਤੋਂ ਲਗਾਤਾਰ ਪੰਜਾਬੀ ਸਭਿਆਚਾਰਕ ਸੱਥ ਰਾਜਸਥਾਨ ਦੇ ਸੂਬਾ ਪ੍ਰਧਾਨ ਵਜੋਂ ਕੰਮ ਕਰ ਰਿਹਾ ਹੈ। ਰਾਜਸਥਾਨ 'ਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਬਿਹਤਰੀ ਲਈ ਕੀਤੇ ਕਾਰਜਾਂ ਕਰਕੇ ਉਸ ਨੂੰ 30 ਅਪ੍ਰੈਲ, 2015 ਨੂੰ ਸਰਵ ਭਾਰਤੀ ਪੰਜਾਬੀ ਕਾਨਫ਼ਰੰਸ ਮੌਕੇ ਪਟਿਆਲਾ ਵਿਖੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।ਅੱਜ-ਕੱਲ੍ਹ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, 9 ਐੱਫ.ਐੱਫ. ਬੜੋਪਲ (ਸ਼੍ਰੀ ਗੰਗਾਨਗਰ) ਵਿਖੇ ਬਤੌਰ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾ ਰਿਹਾ ਹੈ।

## 5. ਸੋਨੂੰ ਕਪਿਲਾ

ਸੋਨੂੰ ਕਪਿਲਾ ਇਤਿਹਾਸ ਦੀ ਪ੍ਰਾਧਿਆਪਕਾ ਹੈ, ਪਰ ਸਾਹਿਤ ਨਾਲ ਵੀ ਉਸ ਦਾ ਲਗਾਉ ਹੈ। ਇਤਿਹਾਸ ਨੂੰ ਸਾਹਿਤਕ ਨਜ਼ਰੀਏ ਤੋਂ ਵਾਚ ਕੇ ਲਿਖੇ ਗਏ ਲੇਖ ਇਸ ਦਾ ਸਬੂਤ ਹਨ। 'ਪੰਜਾਬ ਦਾ ਇਤਿਹਾਸ', 'ਮੱਧਕਾਲੀਨ ਭਾਰਤ ਕਾ ਇਤਿਹਾਸ' ਉਸ ਦੀਆਂ ਇਤਿਹਾਸ ਨਾਲ ਸੰਬੰਧਤ ਚਰਚਿਤ ਪੁਸਤਕਾਂ ਹਨ। ਇਸ ਤੋਂ ਬਿਨਾਂ ਸਿੱਖ ਇਤਿਹਾਸ ਨੂੰ ਆਧਾਰ ਬਣਾ ਕੇ ਲਿਖੀ ਗਈ ਪੁਸਤਕ 'ਏ ਹਿਸਟੋਰੀਕਲ ਐਨਸਾਈਕਲੋਪੀਡੀਆ ਆਫ਼ ਸਿੱਖ ਐਥਿਕਸ' ਵੀ ਪ੍ਰਮਾਣਿਕ ਖੋਜ ਪੁਸਤਕ ਮੰਨੀ ਜਾਂਦੀ ਹੈ।

ਸੋਨੂੰ ਕਪਿਲਾ ਦਾ ਜਨਮ 21 ਸਤੰਬਰ, 1971 ਨੂੰ ਜਲੰਧਰ ਵਿਖੇ ਪਿਤਾ ਬੀ.ਐੱਲ ਕਪਿਲਾ ਅਤੇ



Downloaded from https:// www.studiestoday.com

Downloaded from https:// www.studiestoday.com

ਮਾਤਾ ਆਸ਼ਾ ਕਪਿਲਾ ਦੇ ਘਰ ਹੋਇਆ। ਮੁੱਢਲੀ ਵਿੱਦਿਆ ਜਲੰਧਰ ਦੀ ਨਾਮਵਰ ਸਿੱਖਿਅਕ ਸੰਸਥਾ ਏ.ਪੀ.ਜੀ. ਸਕੂਲ ਤੋਂ ਕੀਤੀ। ਉਚੇਰੀ ਪੜ੍ਹਾਈ ਲਈ ਐੱਸ.ਡੀ.ਕਾਲਜ, ਜਲੰਧਰ ਤੇ ਡੀ.ਏ.ਵੀ.ਕਾਲਜ, ਜਲੰਧਰ ਨੂੰ ਚੁਣਿਆ। ਐੱਮ.ਏ.ਹਿਸਟਰੀ ਦੀ ਡਿਗਰੀ ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚੋਂ ਦੂਜੇ ਸਥਾਨ ਤੇ ਰਹਿ ਕੇ ਹਾਸਲ ਕੀਤੀ। ਪੜ੍ਹਾਈ ਮੁਕੰਮਲ ਕਰਨ ਉਪਰੰਤ ਨੈੱਟ ਯੂ.ਜੀ.ਸੀ.ਦਾ ਟੈਸਟ ਪਾਸ ਕਰਕੇ ਅਧਿਆਪਨ ਕਿੱਤੇ ਨੂੰ ਅਪਨਾਇਆ। ਉਹ ਪਿਛਲੇ ਲੰਮੇ ਸਮੇਂ ਤੋਂ ਡੀ.ਏ.ਵੀ.ਕਾਲਜ, ਅਬੋਹਰ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਂਦੀ ਆ ਰਹੀ ਹੈ। ਯੂ. ਜੀ.ਸੀ. ਵੱਲੋਂ ਖੋਜ ਪ੍ਰਾਜੈਕਟ ਹਾਸਲ ਕਰਨ ਵਾਲੀ ਇਸ ਪ੍ਰਾਧਿਆਪਕਾ ਨੂੰ ਕਈ ਸੰਸਥਾਵਾਂ ਸਨਮਾਨਿਤ ਕਰ ਚੁੱਕੀਆਂ ਹਨ, ਜਿੰਨਾਂ 'ਚੋਂ ਇਤਿਹਾਸ ਵਿਭਾਗ ਅਤੇ ਪੰਜਾਬੀ ਸਭਿਆਚਾਰ ਕਲੱਬ ਮੁੱਖ ਹਨ। ਅਨੇਕਾਂ ਹੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰਾਂ ਵਿੱਚ ਸ਼ਿਰਕਤ ਕਰ ਕੇ ਪਰਚੇ ਪੇਸ਼ ਕਰਨਾ ਉਸ ਦੀ ਪ੍ਰਬੁੱਧ ਇਤਿਹਾਸਕਾਰੀ ਦਾ ਪੁਖ਼ਤਾ ਪ੍ਰਮਾਣ ਹੈ। ਮੌਜੂਦਾ ਸਮੇਂ ਉਹ ਡੀ.ਏ.ਵੀ.ਕਾਲਜ, ਅਬੋਹਰ ਦੇ ਪੀ.ਜੀ. ਵਿਭਾਗ ਇਤਿਹਾਸ ਦੀ ਮੁਖੀ ਹੈ।

## 6. ਹੇਮੰਤ ਸਿੰਘ ਮਾਨ

ਅੰਗਰੇਜ਼ੀ ਅਤੇ ਪੰਜਾਬੀ ਸਾਹਿਤ ਦੀ ਚੰਗੀ ਮੱਸ ਰੱਖਣ ਵਾਲੇ ਹੇਮੰਤ ਸਿੰਘ ਮਾਨ ਦਾ ਜਨਮ ਪਿਤਾ ਸਰਦਾਰ ਦਰਸ਼ਨ ਸਿੰਘ ਮਾਨ ਦੇ ਘਰ 25 ਜਨਵਰੀ 1981 ਨੂੰ ਮਾਤਾ ਸ਼੍ਰੀ ਮਤੀ ਜਸਵਿੰਦਰ ਕੌਰ ਦੀ ਕੁੱਖੋਂ ਪਿੰਡ 36 ਬੀ.ਬੀ. (ਮੌੜਾਂ) ਵਿਖੇ ਹੋਇਆ। ਉਸ ਨੇ ਮੁੱਢਲੀ ਵਿੱਦਿਆ ਪਿੰਡ ਦੇ ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਜਸਿੰਘਪੁਰ ਤੋਂ ਹਾਸਲ ਕੀਤੀ। ਬੀ.ਏ. ਸ਼੍ਰੀ ਗੁਰੂ ਨਾਨਕ ਖਾਲਸਾ ਕਾਲਜ, ਸ਼੍ਰੀ ਗੰਗਾਨਗਰ ਤੋਂ ਅਤੇ ਐੱਮ.ਏ. (ਅੰਗਰੇਜ਼ੀ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ। ਕੁਝ ਵਰ੍ਹੇ ਉਸ ਨੇ ਅੰਗਰੇਜ਼ੀ ਦੇ ਪ੍ਰਾਧਿਆਪਕ ਵਜੋਂ ਜੀ.ਐੱਸ.ਜੀ.ਡੀ. ਗਰਲਜ਼ ਕਾਲਜ, 25 ਬੀ.ਬੀ., ਪਦਮਪੁਰ ਅਤੇ ਸ਼੍ਰੀ ਗੁਰੂ ਨਾਨਕ ਖਾਲਸਾ ਕਾਲਜ, ਸ਼੍ਰੀ ਗੰਗਾਨਗਰ ਵਿਖੇ ਕੰਮ ਕੀਤਾ। 2013 ਈ. ਵਿੱਚ ਉਹ ਚੰਗੇਰੇ ਭਵਿੱਖ ਦੀ ਤਲਾਸ਼ 'ਚ ਕੈਨੇਡਾ ਚਲਾ ਗਿਆ। ਅੱਜ-ਕੱਲ੍ਹ ਉਹ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਸੂਬੇ ਦੇ ਸ਼ਹਿਰ ਡੇਲਟਾ ਵਿੱਚ ਪਰਿਵਾਰ ਸਮੇਤ ਸਥਾਈ ਤੌਰ ਤੇ ਨਿਵਾਸ ਕਰ ਰਿਹਾ ਹੈ।

## 7. ਗੁਰਰਾਜ ਸਿੰਘ ਚਹਿਲ

ਗੁਰਰਾਜ ਸਿੰਘ ਚਹਿਲ ਅਬੋਹਰ ਇਲਾਕੇ ਦੇ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਵਿੱਚ ਵਿਸ਼ੇਸ਼ ਨਾਂ ਹੈ। ਉਹ ਡੀ.ਏ.ਵੀ. ਕਾਲਜ, ਅਬੋਹਰ ਦੇ ਪੰਜਾਬੀ ਵਿਭਾਗ ਵਿੱਚ ਪਿਛਲੇ ਪੱਚੀ ਸਾਲਾਂ ਤੋਂ ਬਤੌਰ ਪੰਜਾਬੀ ਪ੍ਰਾਧਿਆਪਕ ਵਜੋਂ ਭੂਮਿਕਾ ਨਿਭਾ ਰਿਹਾ ਹੈ। ਮੰਚ ਸੰਚਾਲਕ, ਮੰਚ ਅਦਾਕਾਰ ਪੱਖੋਂ ਨਿਵੇਕਲੀ ਪਛਾਣ ਰੱਖਣ ਵਾਲੀ ਇਸ ਸ਼ਖ਼ਸੀਅਤ ਦਾ ਵਿਭਿੰਨ ਸਿੱਖਿਅਕ, ਸਮਾਜਕ, ਸਾਹਿਤਕ,

ਸਭਿਆਚਾਰਕ ਸੰਸਥਾਵਾਂ ਨਾਲ ਜੁੜੇ ਹੋਣਾ, ਉਸ ਨੂੰ ਅੱਡਰਾ ਹਸਤਾਖ਼ਰ ਬਣਾਉਂਦਾ ਹੈ। ਉਸ ਦੀਆਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪਰਣਾਈਆਂ ਲਿਖਤਾਂ ਸਮੇਂ-ਸਮੇਂ ਸਾਹਿਤਕ ਮੈਗਜ਼ੀਨਾਂ, ਅਖਬਾਰਾਂ ਪੁਸਤਕਾਂ ਦਾ ਹਿੱਸਾ ਬਣਦੀਆਂ ਰਹੀਆਂ ਹਨ।

ਗੁਰਰਾਜ ਸਿੰਘ ਚਹਿਲ ਦਾ ਜਨਮ ਸਰਦਾਰ ਗੁਰਬਖਸ਼ ਸਿੰਘ ਤੇ ਮਾਤਾ ਰਣਜੀਤ ਕੌਰ ਦੀ ਕੁੱਖੋਂ 20 ਅਪ੍ਰੈਲ, 1964 ਨੂੰ ਹੋਇਆ। ਮੁੱਢਲੀ ਵਿੱਦਿਆ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਸ਼੍ਰੀ ਮੁਕਤਸਰ ਸਾਹਿਬ ਤੋਂ ਗ੍ਰਹਿਣ ਕਰਨ ਉਪਰੰਤ ਬੀ.ਏ. ਸਰਕਾਰੀ ਕਾਲਜ, ਸ਼੍ਰੀ ਮੁਕਤਸਰ ਸਾਹਿਬ ਤੋਂ ਮੁਕੰਮਲ



Downloaded from https:// www.studiestoday.com

Downloaded from https:// www.studiestoday.com

ਕੀਤੀ। ਐੱਮ.ਏ.ਪੰਜਾਬੀ ਕਰਨ ਤੋਂ ਬਾਅਦ ਉਸ ਨੇ ਐੱਮ.ਫਿਲ. ਦੀ ਡਿਗਰੀ 'ਅਜਮੇਰ ਔਲਖ ਦੇ ਨਾਟਕਾਂ ਦੀ ਮੰਚੀ ਸਾਰਥਕਤਾ' ਵਿਸ਼ੇ ਅਧੀਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪ੍ਰਾਪਤ ਕੀਤੀ। ਐੱਮ.ਫਿਲ. ਦੀ ਪੜ੍ਹਾਈ ਦਾ ਸੰਬੰਧ ਮੰਚ ਨਾਲ ਜੁੜਿਆ ਹੋਣ ਕਰਕੇ ਉਸਨੇ ਕਈ ਨਾਟਕਾਂ ਵਿੱਚ ਅਦਾਕਾਰ ਵਜੋਂ ਵੀ ਭੂਮਿਕਾ ਨਿਭਾਈ। ਉਸ ਨੂੰ ਨਾਟਕ ਦੀਆਂ ਕਈ ਟੀਮਾਂ ਦਾ ਹਿੱਸਾ ਬਨਣ ਦਾ ਵੀ ਮਾਣ ਹਾਸਲ ਹੈ। ਗੁਰਰਾਜ ਸਿੰਘ ਚਹਿਲ ਨੇ ਟੈਗੋਰ ਥੀਏਟਰ ਚੰਡੀਗੜ੍ਹ, ਸ਼੍ਰੀ ਰਾਮ ਸੈਂਟਰ ਦਿੱਲੀ ਤੋਂ ਇਲਾਵਾ ਪੰਜਾਬ ਦੇ ਵੱਖ- ਵੱਖ ਸ਼ਹਿਰਾਂ/ਪਿੰਡਾਂ ਵਿੱਚ ਆਪਣੀ ਕਲਾ ਦਾ ਲੋਹਾ ਮੰਨਵਾਇਆ ਹੈ। ਕਾਲਜ ਦੀਆਂ ਸਭਿਆਚਾਰਕ ਗਤੀਵਿਧੀਆਂ ਵਿੱਚ ਭਾਗੀਦਾਰੀ ਕਾਰਨ ਕਾਲਜ ਕਈ ਵੱਡੇ ਇਨਾਮ ਜਿੱਤ ਚੁੱਕਿਆ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਸੰਚਾਲਤ ਅੰਤਰ ਕਾਲਜ ਯੁਵਕ ਮੇਲਿਆਂ ਵਿੱਚ ਮੰਚ ਸੰਚਾਲਕ ਦੇ ਨਾਲ-ਨਾਲ ਜਲੰਧਰ ਦੂਰਦਰਸ਼ਨ ਵਿਖੇ ਐਂਕਰਿੰਗ ਕਰਨਾ ਉਸ ਦਾ ਸ਼ੌਂਕ ਰਿਹਾ ਹੈ। ਭੰਗੜੇ, ਨਾਟਕਾਂ, ਕਾਵਿ ਉਚਾਰਨ ਮੁਕਾਬਲਿਆਂ ਵਿੱਚ ਨਿਰਨਾਇਕ ਦੀ ਸੇਵਾ ਨਿਭਾਉਣਾ ਉਸ ਦੀ ਜੀਵਨ ਸ਼ੈਲੀ ਦਾ ਹਿੱਸਾ ਹੈ। 30 ਦੇ ਕਰੀਬ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੈਮੀਨਾਰਾਂ ਵਿੱਚ ਸ਼ਿਰਕਤ ਕਰ ਕੇ ਪਰਚੇ ਪੇਸ਼ ਕਰਨਾ, ਉਸ ਦੀ ਪ੍ਰਬੁੱਧ ਸਾਹਿਤਕਾਰੀ ਦਾ ਪੁਖਤਾ ਪ੍ਰਮਾਣ ਹੈ। ਸਮੇਂ-ਸਮੇਂ ਵਿਭਿੰਨ ਸੰਸਥਾਵਾਂ ਤੋਂ ਉਸ ਨੂੰ ਸਨਮਾਨ ਹਾਸਲ ਹੋ ਚੁੱਕੇ ਹਨ। ਜਿੰਨ੍ਹਾਂ ਵਿੱਚੋਂ ਲੋਕ ਕਲਾ ਕੇਂਦਰ, ਅਬੋਹਰ ਅਤੇ ਮੁਕਤੀਸਰ ਕਲਾ ਮੰਚ, ਪੰਜਾਬ ਕਲਾ ਮੰਚ ਮਲੋਟ ਤੋਂ ਇਲਾਵਾ ਕਮਲ ਵਿਦਰੋਹੀ ਅਤੇ ਟੋਨੀ ਬਾਤਿਸ਼ ਵੱਲੋਂ ਦਿੱਤਾ ਗਿਆ ਸਨਮਾਨ ਖਾਸ ਹੈ।

## 8. ਹਰਜਿੰਦਰ ਸਿੰਘ 'ਘੜਸਾਣਾ'

ਹਰਜਿੰਦਰ ਸਿੰਘ 'ਘੜਸਾਣਾ' ਦਾ ਜਨਮ ਸ.ਅਵਤਾਰ ਸਿੰਘ ਅਤੇ ਮਾਤਾ ਸੁਖਮੰਦਰ ਕੌਰ ਦੀ ਕੁੱਖੋਂ ਮਿਤੀ 3 ਸਤੰਬਰ, 1989 ਨੂੰ ਨਵੀਂ ਮੰਡੀ ਘੜਸਾਣਾ, ਜਿਲ੍ਹਾ ਸ਼੍ਰੀ ਗੰਗਾਨਗਰ (ਰਾਜਸਥਾਨ) ਵਿਖੇ ਹੋਇਆ। ਉਸਨੇ ਆਪਣੀ ਮੁੱਢਲੀ ਵਿੱਦਿਆ ਸਰਕਾਰੀ ਸਕੂਲ, ਸਤਰਾਣਾ ਅਤੇ ਘੜਸਾਣਾ ਤੋਂ ਹਾਸਲ ਕੀਤੀ। ਉੱਚ ਸਿੱਖਿਆ ਲਈ ਐੱਚ.ਕੇ. ਐੱਮ. ਕਾਲਜ, ਘੜਸਾਣਾ ਵਿਖੇ ਦਾਖਲਾ ਲਿਆ। ਉਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਐੱਮ.ਏ. (ਪੰਜਾਬੀ) ਦੀ ਡਿੱਗਰੀ ਪ੍ਰਾਪਤ ਕੀਤੀ। ਉਸ ਨੂੰ ਪੰਜਾਬੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਅਰਬੀ, ਉਰਦੂ ਆਦਿ ਭਾਸ਼ਾਵਾਂ ਦਾ ਗਿਆਨ ਹੈ। ਉਸ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਉਰਦੂ-ਅਰਬੀ ਵਿੱਚ ਡਿਪਲੋਮਾ-ਇੰਨ-ਲੈਟਰਜ਼ ਵੀ ਪਾਸ ਕੀਤਾ। ਵਰਤਮਾਨ ਸਮੇਂ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੀ.ਐੱਚ.ਡੀ. ਦੀ ਡਿਗਰੀ ਕਰਨ ਦੇ ਨਾਲ-ਨਾਲ ਸ਼੍ਰੀ ਗੁਰੂ ਨਾਨਕ ਖਾਲਸਾ ਪੀ.ਜੀ. ਕਾਲਜ, ਸ਼੍ਰੀ ਗੰਗਾਨਗਰ ਵਿਖੇ ਧਾਰਮਿਕ ਸਿੱਖਿਆ ਦੇ ਪ੍ਰਾਧਿਆਪਕ ਵਜੋਂ ਸੇਵਾ ਨਿਭਾ ਰਿਹਾ ਹੈ।

ਉਸ ਨੂੰ ਗੁਰਬਾਣੀ ਵਿਆਕਰਨ ਤੇ ਉਚਾਰਨ ਦੀ ਪੂਰੀ ਸਮਝ ਹੈ। ਗੁਰਬਾਣੀ ਨਾਲ ਸੰਬੰਧਤ ਉਸਦੇ 200 ਦੇ ਲਗਭਗ ਲੇਖ ਵੱਖ-ਵੱਖ ਪੁਸਤਕਾਂ ਵਿੱਚ ਛਪ ਚੁੱਕੇ ਹਨ। ਜੀ.ਐੱਲ.ਏ. ਮਥਰਾ ਯੂਨੀਵਰਸਿਟੀ ਵਿੱਚ ਸੰਸਕ੍ਰਿਤ ਨਾਲ ਜੁੜੇ ਲੇਖ ਪ੍ਰਕਾਸ਼ਿਤ ਹੋ ਚੁੱਕੇ ਹਨ। ਉੱਤਰ ਪ੍ਰਦੇਸ਼ ਵਿੱਚ ਬੋਰਡ ਵੱਲੋਂ ਅੱਠਵੀਂ ਸ਼੍ਰੇਣੀ ਲਈ ਨਿਰਧਾਰਿਤ ਕੀਤੀ ਪਾਠ ਪੁਸਤਕ ਵਿੱਚ ਵੀ ਉਸ ਦਾ ਇੱਕ ਲੇਖ ਜੋ ਸੰਸਕ੍ਰਿਤ ਵਿਆਕਰਨ ਨਾਲ ਸੰਬੰਧਤ ਹੈ, ਸ਼ਾਮਲ ਕੀਤਾ ਗਿਆ ਹੈ। ਰਾਜਸਥਾਨ ਸੂਬੇ ਵਿੱਚ ਗੁਰਬਾਣੀ ਵਿਆਕਰਨ ਤੇ ਉਚਾਰਨ ਸਿੱਖਿਆ ਵਿੱਚ ਉਹ ਨਿਰੰਤਰ ਚੰਗੇਰੀ ਭੂਮਿਕਾ ਨਿਭਾ ਰਿਹਾ ਹੈ। ਆਉਣ ਵਾਲੇ ਸਮੇਂ ਵਿੱਚ ਉਸ ਤੋਂ ਢੇਰ ਸਾਰੀਆਂ ਸੰਭਾਵਨਾਵਾਂ ਹਨ।



Downloaded from https:// www.studiestoday.com

Downloaded from https:// www.studiestoday.com

## 9. ਡਾ. ਇਕਬਾਲ ਸਿੰਘ ਗੋਦਾਰਾ

ਡਾ. ਇਕਬਾਲ ਸਿੰਘ ਗੋਦਾਰਾ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਖੇਤਰ ਵਿੱਚ ਜਾਣਿਆ-ਪਛਾਣਿਆ ਨਾਂ ਹੈ। ਅਕਾਦਮਿਕ ਹਲਕਿਆਂ ਵਿੱਚ ਡਾ. ਗੋਦਾਰਾ ਸੂਝਵਾਨ ਅਧਿਆਪਕ ਦੇ ਨਾਲ-ਨਾਲ ਪ੍ਰਬੁੱਧ ਸਾਹਿਤ ਆਲੋਚਕ ਦੇ ਤੌਰ ਤੇ ਵਿਦਵਾਨਾਂ ਵਿੱਚ ਵਿਸ਼ੇਸ਼ ਪਛਾਣ ਦਾ ਧਾਰਨੀ ਹੈ। ਉਸ ਕੋਲ ਜਿੱਥੇ ਵਿਭਿੰਨ ਆਲੋਚਨਾ ਪੱਧਤੀਆਂ ਦੀ ਸਿਧਾਂਤਕ-ਵਿਹਾਰਕ ਸਮਝ ਹੈ,ਉੱਥੇ ਉਸ ਦੀ ਸਿਰਜਣਾਤਮਕਤਾ ਦਾ ਲੋਹਾ ਵੀ ਪਾਠਕ ਵਰਗ ਮੰਨਦਾ ਹੈ। ਵਿਦਿਅਕ ਯੋਗਤਾ ਦੇ ਨਾਲ-ਨਾਲ ਭੰਗੜਾ ਮਾਹਿਰ, ਨਿਰਦੇਸ਼ਕ ਤੇ ਨਿਰਣਾਇਕ ਵੱਜੋਂ ਭੂਮਿਕਾ ਉਸ ਦੀ ਬਹੁ-ਪੱਖੀ ਸ਼ਖਸੀਅਤ ਦੀ ਹਾਮੀ ਭਰਦੀ ਹੈ।

ਡਾ. ਇਕਬਾਲ ਸਿੰਘ ਗੋਦਾਰਾ ਦਾ ਜਨਮ 18 ਮਾਰਚ, 1959 ਈ. ਨੂੰ ਪਿਤਾ ਸਰਦਾਰ ਬਖਸ਼ੀਸ਼ ਸਿੰਘ ਗੋਦਾਰਾ ਤੇ ਮਾਤਾ ਸੁਰਜੀਤ ਕੌਰ ਜੀ ਦੀ ਕੁੱਖੋਂ ਪਿੰਡ ਸਾਹਿਬ ਸਿੰਘ ਵਾਲਾ (ਸ਼੍ਰੀ ਗੰਗਾਨਗਰ, ਰਾਜਸਥਾਨ) ਵਿਖੇ ਹੋਇਆ। ਮੁੱਢਲੀ ਪੜ੍ਹਾਈ ਸਰਕਾਰੀ ਹਾਈ ਸਕੂਲ, ਸ਼੍ਰੀ ਮੁਕਤਸਰ ਸਾਹਿਬ (ਪੰਜਾਬ) ਤੋਂ ਕਰਨ ਬਾਅਦ ਬੀ.ਏ. ਦੀ ਪੜ੍ਹਾਈ ਡੀ.ਏ.ਵੀ. ਕਾਲਜ, ਅਬੋਹਰ ਤੋਂ ਕੀਤੀ। ਐੱਮ.ਏ. (ਪੰਜਾਬੀ), ਐੱਮ.ਫਿਲ., ਪੀ.ਐਚ.ਡੀ. ਦੀ ਡਿਗਰੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। 'ਬੁੱਲ੍ਹੇ ਸ਼ਾਹ ਦੇ ਕਾਵਿ ਦਾ ਚਿਹਨ ਵਿਗਿਆਨਕ ਅਧਿਐਨ' ਉਸ ਦੀ ਪੀ.ਐੱਚ. ਡੀ. ਦੀ ਖੋਜ ਦਾ ਵਿਸ਼ਾ ਸੀ। ਇਸ ਖੋਜ 'ਤੇ ਆਧਾਰਤ ਪੁਸਤਕ 'ਬੁੱਲ੍ਹੇ ਸ਼ਾਹ ਦਾ ਕਾਵਿ ਸ਼ਾਸ਼ਤਰ' ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। 'ਹਨੇਰੇ ਸਮੇਂ ਵਿੱਚ ਵਿਚਾਰ' ਉਸ ਦੀ ਚਰਚਿਤ ਅਨੁਵਾਦਿਤ ਪੁਸਤਕ ਹੈ। ਮੱਧਕਾਲੀ ਪੰਜਾਬੀ ਸਾਹਿਤ ਡਾ. ਗੋਦਾਰਾ ਦਾ ਮਨਭਾਉਂਦਾ ਵਿਸ਼ਾ ਹੈ। ਉਸ ਦਾ ਖੋਜ ਨਿਬੰਧ 'ਸ਼ਾਹ ਹੁਸੈਨ ਦੀ ਕਵਿਤਾ ਵਿੱਚ ਰਹੱਸਵਾਦ' ਇਸ ਦੀ ਗਵਾਹੀ ਭਰਦਾ ਹੈ। ਉਸ ਨੇ ਵਿਭਿੰਨ ਵਿਧਾਵਾਂ ਸੰਬੰਧੀ ਰਾਸ਼ਟਰੀ-ਅੰਤਰਰਾਸ਼ਟਰੀ ਸੈਮੀਨਾਰਾਂ ਵਿੱਚ ਕਰੀਬ 50 ਖੋਜ-ਪੱਤਰ ਪ੍ਰਸਤੁਤ ਕੀਤੇ ਹਨ। 40 ਖੋਜ-ਪੱਤਰ ਲੇਖ ਵਿਭਿੰਨ ਕਿਤਾਬਾਂ, ਮੈਗਜ਼ੀਨਾਂ, ਰਸਾਲਿਆਂ ਦਾ ਸ਼ਿੰਗਾਰ ਬਣ ਚੁੱਕੇ ਹਨ।

ਉਹ ਪਿਛਲੇ 30 ਸਾਲ ਤੋਂ ਡੀ.ਏ.ਵੀ. ਕਾਲਜ, ਅਬੋਹਰ ਵਿਖੇ ਪੰਜਾਬੀ ਵਿਭਾਗ 'ਚ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ-ਕੱਲ੍ਹ ਉਹ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਜਿੰਮੇਵਾਰੀ ਨਿਭਾ ਰਿਹਾ ਹੈ। ਕਾਲਜ ਦੀਆਂ ਸਮਾਜਕ, ਸਭਿਆਚਾਰਕ, ਸਾਹਿਤਕ ਗਤੀਵਿਧੀਆਂ ਵਿੱਚ ਗੋਦਾਰਾ ਦਾ ਵੱਡਮੁੱਲਾ ਯੋਗਦਾਨ ਹੈ। ਡਾ. ਗੋਦਾਰਾ ਨੇ ਵੀਹ ਸਾਲ ਐੱਨ.ਸੀ.ਸੀ. ਅਫ਼ਸਰ, ਡੀਨ ਈ.ਐੱਮ.ਏ., ਲੋਕ ਕਲਾ ਕੇਂਦਰ ਅਬੋਹਰ ਦੇ ਪ੍ਰਧਾਨ ਵਜੋਂ ਵੀ ਸ਼ਲਾਘਾਯੋਗ ਕਾਰਜ ਨਿਭਾਇਆ। ਹੁਣ ਤੱਕ ਅਨੇਕਾ ਸੰਸਥਾਵਾਂ ਵੱਲੋਂ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ, ਜਿੰਨ੍ਹਾਂ 'ਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਰਾਜਸਥਾਨ ਸੂਬੇ ਚ ਆਯੋਜਿਤ ਅੰਤਰ-ਰਾਜੀ ਪੰਜਾਬੀ ਕਾਨਫਰੰਸ 'ਚ ਮਿਲਿਆ ਸਨਮਾਨ ਵਿਸ਼ੇਸ਼ ਹੈ।

## 10. ਕਰਨਲ ਦਿਲਬਾਗ ਸਿੰਘ

ਕਰਨਲ ਦਿਲਬਾਗ ਸਿੰਘ ਜਿਲ੍ਹਾ ਫਾਜ਼ਿਲਕਾ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹੈ। ਆਪਣੇ ਵਿਅਕਤਿੱਤਵ ਤੇ ਹੁਨਰ ਸਦਕਾ ਕਰਨਲ ਦਿਲਬਾਗ ਸਿੰਘ ਆਪਣੇ ਸ਼ਹਿਰ ਦੀ ਸਮਾਜਿਕ, ਸਭਿਆਚਾਰਕ, ਸਾਹਿਤਕ, ਰਾਜਸੀ ਤੇ ਨਿਆਂ ਪ੍ਰਣਾਲੀ ਦਾ ਚਰਚਿਤ ਚਿਹਰਾ ਹੈ।

ਕਰਨਲ ਦਿਲਬਾਗ ਸਿੰਘ 19 ਅਪ੍ਰੈਲ, 1956 ਨੂੰ ਪਿਤਾ ਸ.ਬੰਤਾ ਸਿੰਘ ਅਤੇ ਮਾਤਾ ਸੰਤ ਕੌਰ ਦੀ ਕੁੱਖੋਂ ਭੈਣੀ ਸਾਹਿਬ (ਲੁਧਿਆਣਾ) ਵਿਖੇ ਪੈਦਾ ਹੋਇਆ। ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਭੈਣੀ ਸਾਹਿਬ, ਦੱਸਵੀਂ ਸਰਕਾਰੀ ਹਾਈ ਸਕੂਲ, ਕਟਾਣੀ ਤੋਂ ਅਤੇ ਪ੍ਰੀ-ਯੂਨੀਵਰਸਿਟੀ



Downloaded from https:// www.studiestoday.com

Downloaded from https:// www.studiestoday.com

ਮਾਲਵਾ ਕਾਲਜ, ਬੋਦਲੀ (ਲੁਧਿਆਣਾ) ਤੋਂ ਪ੍ਰਾਪਤ ਕੀਤੀ। ਦਸੰਬਰ 1983 ਵਿੱਚ ਆਈ.ਐੱਮ.ਏ., ਦੇਹਰਾਦੂਨ ਵਿਖੇ ਭਾਰਤੀ ਫੌਜ਼ ਵਿੱਚ ਅਫ਼ਸਰ ਨਿਯੁਕਤ ਹੋਏ। ਕਰਨਲ ਦਿਲਬਾਗ ਸਿੰਘ ਨੇ ਆਰਮੀ ਅਫ਼ਸਰ ਦੇ ਨਾਲ-ਨਾਲ ਆਪਣੀ ਉਚੇਰੀ ਪੜ੍ਹਾਈ ਵੀ ਜਾਰੀ ਰੱਖੀ ਅਤੇ ਅੰਗਰੇਜ਼ੀ ਤੇ ਮਨੋਵਿਗਿਆਨ ਵਿੱਚ ਐੱਮ.ਏ. ਦੀ ਡਿਗਰੀ ਹਾਸਲ ਕੀਤੀ।ਉਹ ਤੁਲਨਾਤਮਿਕ ਅਧਿਐਨ ਵਿਸ਼ੇ ਉੱਪਰ ਪੀ.ਐੱਚ.ਡੀ. ਦੀ ਡਿਗਰੀ ਵੀ ਕਰ ਰਿਹਾ ਹੈ।ਹਾਜ਼ਰ ਜਵਾਬ ਤੇ ਖੁਸ਼ ਤਬੀਅਤ ਦੇ ਮਾਲਕ ਕਰਨਲ ਦਿਲਬਾਗ ਸਿੰਘ ਸੰਜੀਦਾ ਚਿੰਤਕ ਤੇ ਕਵੀ ਵਜੋਂ ਵੀ ਸਥਾਪਿਤ ਨਾਂ ਹੈ।ਉਸ ਨੇ ਕਵੀ ਦਰਬਾਰਾਂ ਵਿੱਚ ਭਾਗ ਲੈ ਕੇ ਵਾਹ-ਵਾਹ ਖੱਟੀ। ਉਸਦਾ ਅਬੋਹਰ ਸ਼ਹਿਰ ਨਾਲ ਡੂੰਘਾ ਰਿਸ਼ਤਾ ਹੈ। 2006 ਈ. ਵਿੱਚ ਉਹ ਡੀ.ਏ.ਵੀ. ਕਾਲਜ, ਅਬੋਹਰ ਐੱਨ.ਸੀ.ਸੀ. ਸੈਕੰਡ ਪੰਜਾਬ ਇੰਡੀਪੈਂਡੈਂਟ ਕੰਪਨੀ ਦੇ ਬਤੌਰ ਕਮਾਂਡਿੰਗ ਅਫ਼ਸਰ (ਸੀ.ਓ.) ਨਿਯੁਕਤ ਹੋਏ।ਦਸੰਬਰ, 2010 ਵਿੱਚ ਸੇਵਾ ਮੁਕਤ ਹੋਣ ਉਪਰੰਤ ਉਹਨਾਂ ਨੇ ਪਰਿਵਾਰ ਸਮੇਤ ਅਬੋਹਰ ਵਿਖੇ ਹੀ ਪੱਕਾ ਵਸੇਬਾ ਕਰ ਲਿਆ। ਕਰਨਲ ਦਿਲਬਾਗ ਸਿੰਘ ਨੂੰ ਕਈ ਮਾਨ-ਸਨਮਾਨ ਮਿਲ ਚੁੱਕੇ ਹਨ। ਉਹ ਐੱਮ.ਐੱਸ.ਐੱਮ. ਸਕੂਲ, ਸ਼੍ਰੀਗੰਗਾਨਗਰ ਦੇ ਡਾਇਰੈਕਟਰ ਵੀ ਹਨ। ਇਸ ਤੋਂ ਇਲਾਵਾ ਲੋਕ ਅਦਾਲਤ ਅਬੋਹਰ ਦੇ ਮੈਂਬਰ ਵੀ ਹਨ। ਇਲਾਕੇ ਦੀਆਂ ਸਿੱਖਿਅਕ ਸੰਸਥਾਵਾਂ ਵਿੱਚ ਉਹ ਵਿਦਿਆਰਥੀਆਂ ਨੂੰ ਐੱਨ.ਸੀ.ਸੀ. ਦੀਆਂ ਗਤੀਵਿਧੀਆਂ ਸੰਬੰਧੀ ਪ੍ਰੋਤਸ਼ਾਹਿਤ ਕਰਨ ਲਈ ਮੁੱਖ ਬੁਲਾਰੇ ਵਜੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਉਹ ਸੰਗੀਤ ਪ੍ਰੇਮੀ ਵੀ ਹੈ। ਵਿਸ਼ਵ ਦੇ ਸਮੁੱਚੇ ਵਰਤਾਰੇ ਸੰਬੰਧੀ ਉਸ ਦੀ ਜਗਿਆਸਾ ਪੜ੍ਹਨ ਲਿਖਣ ਦੀ ਚੇਟਕ ਦਾ ਪੁਖ਼ਤਾ ਪ੍ਰਮਾਣ ਹੈ।

## 11. ਡਾ. ਚੰਦਰ ਪ੍ਰਕਾਸ਼

ਡਾ. ਚੰਦਰ ਪ੍ਰਕਾਸ਼ ਦਾ ਜਨਮ 28 ਜੁਲਾਈ, 1979 ਨੂੰ ਪਿੰਡ ਢਾਬਾਂ ਕੌਕਰੀਆਂ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਵਿਖੇ ਹੋਇਆ।ਉਸ ਦੇ ਪਿਤਾ ਦਾ ਨਾਂ ਸ਼੍ਰੀ ਰਮੇਸ਼ ਚੰਦਰ ਅਤੇ ਮਾਤਾ ਦਾ ਨਾਂ ਸ਼੍ਰੀਮਤੀ ਰਾਜ ਰਾਣੀ ਹੈ।ਉਸ ਨੇ ਮੁੱਢਲੀ ਪੜ੍ਹਾਈ ਆਪਣੇ ਜੱਦੀ ਪਿੰਡ ਅਤੇ ਵਿਕਾਸ ਆਦਰਸ਼ ਸਕੂਲ, ਅਬੋਹਰ ਤੋਂ ਪ੍ਰਾਪਤ ਕੀਤੀ।ਬੀ.ਏ. ਅਤੇ ਐੱਮ.ਏ. ਪੰਜਾਬੀ ਦੀ ਵਿੱਦਿਆ ਡੀ.ਏ.ਵੀ. ਕਾਲਜ, ਅਬੋਹਰ ਤੋਂ ਹਾਸਲ ਕੀਤੀ। ਐੱਮ.ਫਿਲ. ਦੀ ਡਿਗਰੀ 'ਬਿਸ਼ਨੋਈ ਸਮਾਜ ਦੇ ਲੋਕ ਵਿਸ਼ਵਾਸ਼ਾਂ ਦਾ ਸਭਿਆਚਾਰਕ ਅਧਿਐਨ (ਅਬੋਹਰ ਤਹਿਸੀਲ ਦੇ ਸੰਦਰਭ ਵਿੱਚ)' ਵਿਸ਼ੇ ਉੱਪਰ ਅਤੇ ਪੀ.ਐੱਚ.ਡੀ. ਦੀ ਡਿਗਰੀ 'ਗੁਰਸ਼ਰਨ ਸਿੰਘ ਦੇ ਨਾਟਕਾਂ ਦੀਆਂ ਨਾਟ ਵਿਧੀਆਂ' ਵਿਸ਼ੇ ਉੱਪਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਹਾਸਲ ਕੀਤੀ।

ਸਾਹਿਤਕ, ਅਕਾਦਮਿਕ, ਸਭਿਆਚਾਰਕ ਖੇਤਰ ਵਿੱਚ ਉਹ ਇੱਕ ਸਰਗਰਮ ਅਧਿਆਪਕ ਹੈ। ਨਵੀਨ ਸਾਹਿਤ ਉੱਪਰ ਉਸ ਦੀ ਘੋਖਵੀਂ ਨਜ਼ਰ ਹਮੇਸ਼ਾ ਟਿਕੀ ਰਹਿੰਦੀ ਹੈ। ਉਸ ਅੰਦਰ ਇੱਕ ਪ੍ਰਬੁੱਧ ਸਾਹਿਤ ਵਿਵੇਚਕ ਵਾਲੇ ਗੁਣ ਮੌਜੂਦ ਹਨ।ਉਹ ਹੁਣ ਤੱਕ 22 ਅੰਤਰਾਸ਼ਟਰੀ-ਰਾਸ਼ਟਰੀ ਸੈਮੀਨਾਰਾਂ ਵਿੱਚ ਆਪਣੇ ਖੋਜ-ਪੱਤਰ ਪੜ੍ਹ ਚੁੱਕਾ ਹੈ। 40 ਦੇ ਕਰੀਬ ਉਸ ਦੇ ਖੋਜ ਪੱਤਰ ਵੱਖ-ਵੱਖ ਮੈਗਜ਼ੀਨਾਂ ਵਿੱਚ ਛਪ ਚੁੱਕੇ ਹਨ।

ਉਸ ਦੀ ਇਸ ਸਰਗਰਮ ਭੂਮਿਕਾ ਸਦਕਾ ਉਸ ਨੂੰ ਅਨੇਕਾਂ ਮਾਨ-ਸਨਮਾਨ ਮਿਲ ਚੁੱਕੇ ਹਨ। ਇਹਨਾਂ ਵਿਸ਼ੇਸ਼ ਸਨਮਾਨਾਂ ਵਿੱਚ ਬਿਸ਼ਨੋਈ ਸਭਾ ਪੰਜਾਬ ਵੱਲੋਂ ਮੁੱਖ ਮਹਿਮਾਨ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਸ਼੍ਰੀ ਭਜਨ ਲਾਲ ਹੱਥੋਂ ਮਿਲਿਆ ਸਨਮਾਨ ਜ਼ਿਕਰਯੋਗ ਹੈ। ਇਸ ਤੋਂ ਇਲਾਵਾ ਉਸ ਨੇ ਰਾਸ਼ਟਰੀ ਪੱਧਰ ਦੀ ਇੰਡੀਅਨ ਰੈੱਡ ਕਰਾਸ ਸੁਸਾਇਟੀ ਵੱਲੋਂ ਆਯੋਜਿਤ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ ਰਾਸ਼ਟਰੀ ਪੱਧਰ ਤੇ ਬੈਸਟ ਕਾਉਂਸਲਰ ਦਾ ਸਨਮਾਨ ਹਾਸਲ ਕੀਤਾ।



Downloaded from https:// www.studiestoday.com

Downloaded from https:// www.studiestoday.com

ਡਾ. ਚੰਦਰ ਪ੍ਰਕਾਸ਼ ਮੰਚੀ ਗਤੀਵਿਧੀਆਂ ਦਾ ਮਾਹਰ ਕਲਾਕਾਰ ਹੈ। ਵਿਸ਼ੇਸ਼ ਤੌਰ ਤੇ ਬਤੌਰ ਮੰਚ ਸੰਚਾਲਕ ਅੰਤਰ ਰਾਸ਼ਟਰੀ ਪੱਧਰ ਦੇ ਨਾਮਣਾ ਪ੍ਰਾਪਤ ਪੰਜਾਬੀ ਕਲਾਕਾਰਾਂ ਨਾਲ ਸੰਗ ਕਰ ਚੁੱਕਾ ਹੈ।

## 12. ਮਨਿੰਦਰ ਸਿੰਘ ਵਿਰਕ

ਮਨਿੰਦਰ ਸਿੰਘ ਵਿਰਕ ਡੀ.ਏ.ਵੀ. ਕਾਲਜ, ਅਬੋਹਰ ਦੇ ਪੰਜਾਬੀ ਵਿਭਾਗ ਵਿੱਚ ਬਤੌਰ ਪੰਜਾਬੀ ਪ੍ਰਾਧਿਆਪਕ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਸੰਬੰਧੀ ਚਿੰਤਨ ਬਿਰਤੀ ਦਾ ਪ੍ਰਮਾਣ ਉਸ ਦੇ ਪ੍ਰਕਾਸ਼ਿਤ ਹੋਏ ਖੋਜ-ਪੱਤਰਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਮਨਿੰਦਰ ਸਿੰਘ ਵਿਰਕ ਦਾ ਜਨਮ 11 ਜਨਵਰੀ, 1985 ਪਿੰਡ ਆਲਮਗੜ੍ਹ, ਤਹਿਸੀਲ ਅਬੋਹਰ, ਜਿਲ੍ਹਾ ਫਾਜ਼ਿਲਕਾ (ਪੰਜਾਬ) ਵਿਖੇ ਮਾਤਾ ਲਖਵਿੰਦਰ ਕੌਰ ਅਤੇ ਪਿਤਾ ਸਰਦਾਰ ਅਨੂਪ ਸਿੰਘ ਦੇ ਘਰ ਹੋਇਆ। ਮੁੱਢਲੀ ਸਿੱਖਿਆ ਡਿਵਾਈਨ ਲਾਈਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਅਬੋਹਰ ਤੋਂ ਗ੍ਰਹਿਣ ਕਰਨ ਉਪਰੰਤ ਉਚੇਰੀ ਪੜ੍ਹਾਈ ਲਈ ਇਲਾਕੇ ਦੀ ਨਾਮਵਰ ਸੰਸਥਾ ਡੀ.ਏ.ਵੀ. ਕਾਲਜ, ਅਬੋਹਰ ਨੂੰ ਚੁਣਿਆ। ਇਥੋਂ ਉਸ ਨੇ ਐੱਮ.ਐੱਸ. ਸੀ. ਕੰਪਿਊਟਰ ਸਾਇੰਸ ਦੀ ਪੜ੍ਹਾਈ ਮੁਕੰਮਲ ਕੀਤੀ। ਸਾਹਿਤਕ ਰੁਚੀਆਂ ਨੇ ਉਸ ਨੂੰ ਐੱਮ.ਏ. ਪੰਜਾਬੀ ਕਰਨ ਲਈ ਪ੍ਰੇਰਿਤ ਕੀਤਾ। ਪੰਜਾਬੀ ਵਿਭਾਗ ਦੀ ਯੋਗ ਅਗਵਾਈ ਅਧੀਨ ਉਸ ਨੇ ਪ੍ਰਾਧਿਆਪਕ ਯੋਗਤਾ ਟੈਸਟ (ਨੈੱਟ) ਪਾਸ ਕਰਕੇ ਪੰਜਾਬੀ ਅਧਿਐਆਪਨ ਨੂੰ ਕਿੱਤੇ ਵਜੋਂ ਚੁਣਿਆ। ਵਿਦਿਆਰਥੀ ਜੀਵਨ ਦੌਰਾਨ ਉਹ ਕਾਵਿ-ਲੇਖਣ ਮੁਕਾਬਲਿਆਂ ਵਿੱਚ ਭਾਗ ਲੈਂਦਾ ਰਿਹਾ ਹੈ ਅਤੇ ਪਹਿਲੇ ਸਥਾਨ 'ਤੇ ਰਹਿ ਨਾਮਣਾ ਖੱਟਿਆ ਹੈ। ਕਾਲਜ ਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਉਸ ਦੀ ਵਿਸ਼ੇਸ਼ ਭਾਗੀਦਾਰੀ ਹੈ। ਕਾਵਿ ਅਤੇ ਗਲਪ ਉਸ ਦੇ ਪਸੰਦੀਦਾ ਚਿੰਤਨ ਵਿਸ਼ੇ ਹਨ। ਇਹਨਾਂ ਵਿਸ਼ਿਆਂ ਨਾਲ ਸੰਬੰਧਤ ਉਸ ਨੇ ਵਿਭਿੰਨ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰਾਂ ਵਿੱਚ ਪਰਚੇ ਪੜ੍ਹੇ ਹਨ।

## 13. ਡਾ. ਤਰਸੇਮ ਸ਼ਰਮਾ

ਡਾ. ਤਰਸੇਮ ਸ਼ਰਮਾ ਪੰਜਾਬੀ ਗਲਪ ਚਿੰਤਨ ਵਿੱਚ ਉੱਭਰ ਰਿਹਾ ਨਾਂ ਹੈ। ਸ਼੍ਰੋਮਣੀ ਨਾਵਲਕਾਰ ਗੁਰਦਿਆਲ ਸਿੰਘ ਨਾਲ ਸੰਬੰਧਤ ਉਸ ਦੇ ਖੋਜ ਪ੍ਰੋਜੈਕਟ, ਆਲੋਚਨਾਤਮਕ ਲੇਖ, ਪੁਸਤਕਾਂ ਪੰਜਾਬੀ ਨਾਵਲ ਆਲੋਚਨਾ ਦੀ ਖਾਸ ਪ੍ਰਾਪਤੀ ਹੈ। ਯੂ.ਜੀ.ਸੀ. ਵੱਲੋਂ ਨਾਵਲਕਾਰ ਗੁਰਦਿਆਲ ਸਿੰਘ ਤੇ ਪ੍ਰਾਜੈਕਟ ਦੇਣਾ ਇਸ ਦਾ ਪ੍ਰਤੱਖ ਪ੍ਰਮਾਣ ਹੈ। ਗੁਰਦਿਆਲ ਸਿੰਘ ਰਚਨਾਵਲੀ (ਦਸ ਜਿਲਦਾਂ), ਨਾਵਲਕਾਰ ਗੁਰਦਿਆਲ ਸਿੰਘ ਪਾਤਰਕੋਸ਼, ਗੁਰਦਿਆਲ ਸਿੰਘ ਸੰਦਰਭ ਕੋਸ਼, ਸਰਬਾਂਗੀ ਪ੍ਰਤਿਭਾ: ਗੁਰਦਿਆਲ ਸਿੰਘ ਤੋਂ ਬਿਨਾਂ ਸ਼੍ਰੇਣੀ ਸਮਾਜ ਅਤੇ ਪੰਜਾਬੀ ਨਾਵਲ, ਪੰਜਾਬੀ ਨਾਵਲ :ਵਿਹਾਰਕ ਪਰਿਪੇਖ, ਪੰਜਾਬੀ ਨਾਵਲ: ਕਿਰਤ ਚੇਤਨਾ ਦੇ ਵਿਭਿੰਨ ਪਾਸਾਰ, ਮਾਲਵੇ ਦੀ ਮੌਜੂਦਾ ਸਥਿਤੀ: ਮੁੱਦੇ ਤੇ ਮੁੱਲਾਂਕਣ ਆਦਿ ਅਠਾਰਾਂ ਪੁਸਤਕਾਂ ਦੀ ਲੇਖਕ/ਸੰਪਾਦਕ ਵਜੋਂ ਸਿਰਜਣਾ ਕੀਤੀ ਹੈ।

ਡਾ. ਤਰਸੇਮ ਸ਼ਰਮਾ ਦਾ ਜਨਮ 14 ਜੂਨ, 1968 ਈ. ਨੂੰ ਸ਼੍ਰੀ ਬਚਨ ਲਾਲ ਸ਼ਰਮਾ ਤੇ ਸ਼੍ਰੀਮਤੀ ਗਿਆਨ ਦੇਵੀ ਦੀ ਕੁੱਖੋਂ ਬਠਿੰਡਾ ਵਿਖੇ ਹੋਇਆ। ਮੁੱਢਲੀ ਵਿੱਦਿਆ ਦੇਸ ਰਾਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਹਾਸਿਲ ਕਰ ਕੇ ਬੀ.ਏ.ਪੱਧਰ ਦੀ ਪੜ੍ਹਾਈ ਰਾਜਿੰਦਰਾ ਕਾਲਜ, ਬਠਿੰਡਾ ਤੋਂ ਮੁਕੰਮਲ ਕੀਤੀ। ਐੱਮ.ਏ. ਪੰਜਾਬੀ ਤੇ ਐੱਮ.ਫਿਲ. ਪੰਜਾਬੀ ਦੀ ਡਿਗਰੀ ਰੀਜ਼ਨਲ ਸੈਂਟਰ, ਬਠਿੰਡਾ ਤੋਂ ਕੀਤੀ। ਪੀ.ਐੱਚ.ਡੀ. ਦੀ ਡਿਗਰੀ ਪੰਜਾਬੀ ਨਾਵਲ ਵਿੱਚ 'ਵਿਪੰਨ ਸ਼੍ਰੇਣੀਆਂ ਦਾ ਚਿਤਰਨ: ਸਮਾਜ ਸਭਿਆਚਾਰਕ ਅਧਿਐਨ', ਵਿਸ਼ੇ ਤਹਿਤ ਕੀਤੀ। ਰਿਜ਼ਨਲ ਸੈਂਟਰ, ਬਠਿੰਡਾ ਵਿਖੇ ਉਚੇਰੀ ਪੜ੍ਹਾਈ ਕਰਦਿਆਂ ਅਧਿਆਪਨ ਟੈਸਟ ਪਾਸ ਕਰਕੇ (ਯੂ.ਜੀ.ਸੀ.: ਜੂਨੀਅਰ ਰਿਸਰਚ ਫੈਲੋਸ਼ਿਪ) ਸਕਾਲਰਸ਼ਿਪ ਵੀ ਅਰਜਿਤ ਕੀਤੀ। ਪੀ.ਐੱਚ



Downloaded from https:// www.studiestoday.com

Downloaded from https:// www.studiestoday.com

ਡੀ. ਕਰਨ ਉਪਰੰਤ ਅਧਿਆਪਨ ਕਿੱਤੇ ਨੂੰ ਅਪਨਾਇਆ। ਪਿਛਲੇ ਵੀਹ ਸਾਲਾਂ ਤੋਂ ਡੀ.ਏ.ਵੀ. ਕਾਲਜ ਅਬੋਹਰ ਵਿਖੇ ਬਤੌਰ ਪੰਜਾਬੀ ਪ੍ਰਾਧਿਆਪਕ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਹ ਪਿਛਲੇ ਲੰਮੇ ਸਮੇਂ ਤੋਂ ਕਾਲਜ ਦੀਆਂ ਅਕਾਦਮਿਕ ਤੇ ਹੋਰ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਕਾਲਜ ਦੀ ਰੈੱਡ ਰਿਬਨ, ਰੈੱਡ ਕਰਾਸ ਇਕਾਈ ਦੇ ਇੰਚਾਰਜ ਹੋਣ ਦੇ ਨਾਲ-ਨਾਲ ਕਈ ਸੈਮੀਨਾਰਾਂ ਦੇ ਪ੍ਰਬੰਧਕ ਕਨਵੀਨਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਤ ਪਾਠਕ੍ਰਮ ਦਾ ਮੈਂਬਰ, ਐੱਮ.ਫਿਲ. ਅਤੇ ਪੀ.ਐੱਚ ਡੀ. ਦੇ ਖੋਜ-ਵਿਦਿਆਰਥੀਆਂ ਦੇ ਨਿਗਰਾਨ ਦੀ ਭੂਮਿਕਾ ਉਸ ਦੇ ਬਹੁਪੱਖੀ ਵਿਅਕਤਿਤਵ ਦਾ ਸਬੂਤ ਹਨ।



Downloaded from https:// www.studiestoday.com

Downloaded from https:// www.studiestoday.com

# ਖੰਡ- 3

## ( ਸਾਹਿਤ ਰੂਪ-ਵਿਧਾਨ ਅਤੇ ਇਤਿਹਾਸ)



Downloaded from https:// www.studiestoday.com

Downloaded from https:// www.studiestoday.com

# 1. ਸਾਹਿਤ ਦੇ ਰੂਪ

## (ੳ) ਕਾਫ਼ੀ

'ਕਾਫ਼ੀ' ਅਰਬੀ ਭਾਸ਼ਾ ਦਾ ਸ਼ਬਦ ਹੈ। ਵਿਦਵਾਨਾਂ ਵੱਲੋਂ ਇਸ ਦੇ ਕਈ ਤਰ੍ਹਾਂ ਦੇ ਅਰਥ ਲਏ ਗਏ ਹਨ- ਅਨੁਚਰ, ਅਨੁਗਾਮੀ, ਅੱਗੇ ਚੱਲਣ ਵਾਲਾ, ਪਿੱਛੇ ਚੱਲਣ ਵਾਲਾ, ਲੋੜ ਪੂਰੀ ਕਰਨ ਵਾਲਾ, ਕਫ਼ਾਇਤ ਕਰਨ ਵਾਲਾ, ਵਾਰ ਵਾਰ ਆਉਣਾ ਆਦਿ।

'ਕਾਫ਼ੀ' ਸੂਫ਼ੀਆਂ ਦੀ ਕੱਵਾਲੀ ਦਾ ਸੰਖੇਪ ਤੇ ਸਰੋਦੀ ਕਾਵਿ-ਰੂਪ ਹੈ। ਇਸ ਵਿੱਚ ਮੂਲ ਪੰਗਤੀ ਹਰ ਬੰਦ ਦੇ ਅੰਤ 'ਤੇ ਦੁਹਰਾਈ ਜਾਂਦੀ ਹੈ। ਇਕ ਸੂਫ਼ੀ ਗਾਇਕ ਕਾਫੀ ਦੀਆਂ ਪੰਗਤੀਆਂ ਅੱਗੇ ਅੱਗੇ ਬੋਲਦਾ ਜਾਂਦਾ ਹੈ ਤੇ ਬਾਕੀ ਪਿੱਛੇ ਪਿੱਛੇ ਬੋਲਦੇ ਹਨ।

**ਪਰਿਭਾਸ਼ਾ-**

ਕਾਫੀ ਬਾਰੇ ਬਹੁਤ ਸਾਰੇ ਮਤਭੇਦ ਹਨ। ਭਾਈ ਕਾਹਨ ਸਿੰਘ ਨਾਭਾ ਅਤੇ ਡਾ. ਮੋਹਨ ਸਿੰਘ ਦੀਵਾਨਾ, ਕਾਫੀ ਨੂੰ ਇਕ ਰਾਗਨੀ ਮੰਨਦੇ ਹਨ। ਡਾ.ਦੀਵਾਨ ਸਿੰਘ ਕਾਫੀ ਨੂੰ ਗਜ਼ਲ ਦੀ ਰੀਸੋ ਰੀਸ ਬਣਿਆ ਹੋਇਆ ਛੰਦ ਮੰਨਦੇ ਹਨ।

ਜਦੋ ਕਿ ਪਿਆਰਾ ਸਿੰਘ ਪਦਮ, ਪ੍ਰਿੰਸੀਪਲ ਤੇਜਾ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਕਸੇਲ ਕਾਫੀ ਨੂੰ ਕਾਵਿ-ਰੂਪ ਮੰਨਦੇ ਹਨ। ਡਾ. ਰਤਨ ਸਿੰਘ ਜੱਗੀ ਅਨੁਸਾਰ ਕਾਫੀ ਨੂੰ ਕਈ ਰਾਗਾਂ ਵਿਚ ਰਚਿਆ ਗਿਆ ਹੈ। ਇਸ ਲਈ ਇਸਨੂੰ ਰਾਗਨੀ ਕਹਿਣਾ ਠੀਕ ਨਹੀ। ਉਨ੍ਹਾਂ ਅਨੁਸਾਰ,

"ਕਾਫੀ ਗਾਉਣ ਲਈ ਲਿਖੀ ਇਕ ਅਜਿਹੀ ਕਾਵਿ ਰਚਨਾ ਹੈ ਜਿਸ ਲਈ ਕੋਈ ਵਿਸ਼ੇਸ਼ ਛੰਦ ਨਿਸ਼ਚਿਤ ਨਹੀ ਅਤੇ ਉਹ ਕਿਸੇ ਵੀ ਰਾਗ ਵਿੱਚ ਗਾਈ ਜਾ ਸਕਦੀ ਹੈ। ਸੰਗੀਤਮਈ ਹੋਣਾ ਇਸਦੀ ਬੁਨਿਆਦੀ ਲੋੜ ਹੈ। ਜ਼ਜ਼ਬੇ ਦੀ ਤੀਬਰਤਾ ਇਸ ਦੀ ਜਿੰਦ-ਜਾਨ ਹੈ।"

**ਤੱਤ-**

ਕਾਫੀ ਸੂਫੀਆਂ ਦੀਆਂ ਮਹਿਫਲਾਂ ਵਿੱਚ ਗਾਈ ਜਾਣ ਵਾਲੀ ਸਰੋਦੀ ਕਵਿਤਾ ਹੈ। ਸੂਫੀ ਮਸਤੀ ਦੀ ਹਾਲਤ ਵਿੱਚ ਨੱਚਦੇ, ਗਾਉਂਦੇ ਤੇ ਤਾਲ ਸਿਰਜਦੇ ਹੋਏ ਵਜਦ ਦੀ ਅਵਸਥਾ ਵਿੱਚ ਪੁੱਜਦੇ ਹਨ। ਇਸ ਤਰ੍ਹਾਂ ਕਾਫੀ ਵਿਚ ਚਾਰ ਕਲਾਵਾਂ ਦਾ ਸੁਮੇਲ ਹੁੰਦਾ ਹੈ:-

1. ਕਾਵਿ
2. ਤਾਲ
3. ਨਾਚ
4. ਰਾਗ

**ਡਾ. ਰਤਨ ਸਿੰਘ ਜੱਗੀ** ਆਪਣੀ ਪੁਸਤਕ 'ਸਾਹਿਤ ਦੇ ਰੂਪ' ਵਿਚ ਕਾਫੀ ਦੇ ਚਾਰ ਤੱਤ ਦੱਸਦੇ ਹਨ:-

1. ਰਹੱਸਵਾਦੀ ਅਨੁਭਵ
2. ਲਹਿੰਦੀ ਉਪਭਾਸ਼ਾ
3. ਰਾਗਾਤਮਕਤਾ
4. ਸਮੂਹ ਲਈ ਪ੍ਰੇਰਨਾ

ਕਾਫੀ ਸੂਫ਼ੀ ਕਾਵਿ-ਰੂਪ ਹੈ, ਇਸ ਲਈ ਇਸ ਵਿਚ ਅਧਿਆਤਮਕ ਵਿਸ਼ੇ ਅਤੇ ਰਹੱਸਵਾਦੀ ਅਨੁਭਵ ਦਾ ਹੋਣਾ ਬੇਹੱਦ ਲਾਜ਼ਮੀ ਹੈ। ਆਰੰਭ ਵਿੱਚ ਸੂਫੀ ਦਰਵੇਸ਼ ਲਹਿੰਦੇ ਭਾਵ ਮੁਲਤਾਨ ਦੇ ਇਲਾਕੇ ਵਿੱਚ ਆ ਕੇ ਹੀ ਰੁਕੇ ਸਨ, ਉੱਥੋਂਛ ਹੀ ਲਹਿੰਦੀ ਉਪਭਾਸ਼ਾ ਵਿੱਚ ਸਭ ਤੋ ਪਹਿਲਾਂ ਕਾਫੀ ਕਾਵਿ ਰੂਪ ਦਾ ਜਨਮ ਹੋਇਆ ਤੇ ਬਾਅਦ ਦੇ ਸੂਫ਼ੀਆਂ ਨੇ ਉਸੇ ਵਿਰਸੇ ਨੂੰ ਗ੍ਰਹਿਣ ਕੀਤਾ। ਸੂਫੀ ਫਕੀਰ ਆਪਣੀਆਂ ਮਜ਼ਲਸਾਂ ਵਿੱਚ ਹਾਲ ਤੇ ਵਜਦ ਦੀ ਅਵਸਥਾ ਵਿੱਚ ਰਾਗ ਤੇ ਸੰਗੀਤ ਦੇ ਸੁੰਦਰ ਸੁਮੇਲ ਸਦਕਾ ਹੀ ਨੱਚਦੇ,



Downloaded from https:// www.studiestoday.com

Downloaded from https:// www.studiestoday.com

ਗਾਉਂਦੇ ਤੇ ਝੂਮਦੇ ਸਨ। ਹੌਲੀ-ਹੌਲੀ ਸੂਫੀਆਂ ਦੀਆਂ ਮਜ਼ਲਸਾਂ ਦਾ ਇਹ ਕਾਵਿ ਰੂਪ ਸਮੂਹ-ਗਾਨ ਵਜੋਂ ਲੋਕ-ਸਮੂਹ ਨਾਲ ਵੀ ਰਲਗੱਡ ਹੋ ਗਿਆ, ਜਿਸਨੇ ਸੂਫੀ ਮੱਤ ਦੀ ਵਿਚਾਰਧਾਰਾ ਲੋਕ-ਸਮੂਹ ਤੱਕ ਆਸਾਨੀ ਨਾਲ ਪੁਚਾ ਦਿੱਤੀ। ਕਾਫੀ ਕਾਵਿ ਰੂਪ ਦਾ ਇਸ ਪੱਖੋਂ ਵਡੇਰਾ ਯੋਗਦਾਨ ਹੈ।

**ਵਰਗੀਕਰਨ-**

ਪੰਜਾਬੀ ਵਿੱਚ ਭਾਵੇਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਫ਼ੀ ਦੀ ਰਚਨਾ ਕੀਤੀ ਪਰ ਕਾਫ਼ੀ ਨੂੰ ਕਾਵਿ-ਰੂਪ ਵਜੋਂ ਸਥਾਪਿਤ ਕਰਨ ਦਾ ਸਿਹਰਾ ਸੂਫੀ ਕਵੀ ਸ਼ਾਹ ਹੁਸੈਨ ਦੇ ਸਿਰ ਹੈ। ਸ਼ਾਹ ਹੁਸੈਨ ਤੋਂ ਬਾਅਦ ਬੁਲ੍ਹੇਸ਼ਾਹ ਨੇ ਕਾਫ਼ੀ ਨੂੰ ਕਾਵਿ-ਰੂਪ ਪੱਖੋਂ ਪੰਜਾਬੀ ਵਿੱਚ ਮਕਬੂਲ ਕਰ ਦਿੱਤਾ। ਪੰਜਾਬੀ ਸਾਹਿਤ ਦੇ ਪਰਿਵਰਤਨ ਕਾਲ (1850-1900) ਦੇ ਸੂਫੀ ਕਵੀ ਗੁਲਾਮ ਫਰੀਦ ਨੇ ਸਭ ਤੋਂ ਵੱਧ 271 ਕਾਫ਼ੀਆਂ ਦੀ ਰਚਨਾ ਕੀਤੀ। ਇਨ੍ਹਾਂ ਤੋਂ ਬਿਨਾਂ ਕਈ ਹਿੰਦੂ ਭਗਤਾਂ ਅਤੇ ਸੂਫੀ ਰੁਚੀ ਵਾਲੇ ਕਵੀਆਂ ਦੁਆਰਾ ਵੀ ਬਹੁਤ ਸਾਰੀਆਂ ਕਾਫ਼ੀਆਂ ਲਿਖੀਆਂ ਗਈਆਂ। ਇਸ ਤਰਾਂ ਸੂਫੀ ਰਹੱਸਵਾਦ ਤੋਂ ਇਲਾਵਾ ਇਸਦਾ ਵਿਸ਼ਾ ਖੇਤਰ ਵੀ ਵਿਆਪਕ ਹੋ ਗਿਆ ਤੇ ਇਸ ਦੇ ਕਈ ਭੇਦ ਸਾਡੇ ਸਾਹਮਣੇ ਆਏ। ਡਾ. ਰਤਨ ਸਿੰਘ ਜੱਗੀ ਕਾਫੀ ਕਾਵਿ ਰੂਪ ਨੂੰ ਹੇਠ ਲਿਖੇ ਪ੍ਰਮੁੱਖ ਵਰਗਾਂ ਵਿੱਚ ਵੰਡਦੇ ਹਨ:-

1. ਰਹੱਸਵਾਦੀ ਕਾਫ਼ੀਆਂ।
2. ਉਪਦੇਸ਼ਾਤਮਕ ਕਾਫ਼ੀਆਂ।
3. ਪ੍ਰੇਮ ਪ੍ਰਧਾਨ ਕਾਫ਼ੀਆਂ।
4. ਸਮਾਜਿਕ ਕਾਫ਼ੀਆਂ।

ਰਹੱਸਵਾਦੀ ਕਾਫ਼ੀਆਂ ਵਿੱਚ ਸੂਫ਼ੀ ਰਹੱਸਵਾਦੀ ਅਨੁਭਵ ਦਾ ਪ੍ਰਗਟਾਵਾ ਕੀਤਾ ਗਿਆ ਹੁੰਦਾ ਹੈ ਅਤੇ ਇਹ ਜ਼ਿਆਦਾਤਰ ਸੂਫ਼ੀ ਕਵੀਆਂ ਦੁਆਰਾ ਹੀ ਰਚੀਆਂ ਗਈਆਂ ਹਨ। ਉਪਦੇਸ਼ਾਤਮਕ ਕਾਫੀਆਂ ਵਿੱਚ ਉਪਦੇਸ਼ ਦੁਆਰਾ ਚੰਗੇ ਮਾਰਗ ਉੱਤੇ ਚੱਲਣ ਦੀ ਪ੍ਰੇਰਨਾ ਦਾ ਬਿਆਨ ਕੀਤਾ ਗਿਆ ਹੁੰਦਾ ਹੈ। ਪ੍ਰੇਮ ਪ੍ਰਧਾਨ ਕਾਫ਼ੀਆਂ ਪ੍ਰੇਮ ਦੇ ਸੱਚੇ-ਸੁੱਚੇ ਰੂਪ ਨੂੰ ਰੂਪਮਾਨ ਕਰਦੀਆਂ ਹਨ ਅਤੇ ਸਮਾਜਿਕ ਕਾਫ਼ੀਆਂ ਮਨੁੱਖ ਦੇ ਸਮਾਜਿਕ ਜੀਵਨ ਨੂੰ ਸੁਧਾਰਨ ਦੀ ਪ੍ਰੇਰਨਾ ਦਿੰਦੀਆਂ ਹਨ।

ਇਸ ਤਰਾਂ ਕਾਫ਼ੀ ਦਾ ਰਚਨਾ ਵਿਧਾਨ ਮੁਕਤਕ-ਕਾਵਿ ਵਾਂਗ ਹੈ, ਇਸ ਵਿੱਚ ਹਰ ਕਵੀ ਆਪਣੀ ਵਿਲੱਖਣ ਸਿਰਜਣ-ਵਿਧੀ ਸਿਰਜਦਾ ਹੋਇਆ ਆਪਣੀ ਭਾਵਨਾ, ਅਨੁਭਵ ਅਤੇ ਵਿਚਾਰਾਂ ਨੂੰ ਰਾਗਬੱਧ ਰੂਪ ਵਿੱਚ ਪੇਸ਼ ਕਰਦਾ ਹੈ। ਨਿਰਸੰਦੇਹ, ਕਾਫ਼ੀ ਕਾਵਿ ਰੂਪ ਮਸਤੀ ਦਾ ਕਾਵਿ ਰੂਪ ਹੈ, ਜਿਸ ਦੀ ਸਿਰਜਣ-ਵਿਧੀ ਤੇ ਪੇਸ਼ਕਾਰੀ ਬਿਨਾਂ ਕਿਸੇ ਹੱਦ ਬੰਦੀਆਂ ਤੋਂ ਰਚਨਹਾਰੇ ਦੀ ਅੰਦਰਲੀ ਮਸਤੀ ਵੱਲ ਸੰਕੇਤ ਕਰਦੀ ਹੈ।

## ਅਭਿਆਸ-ਪ੍ਰਸ਼ਨ

1. ਕਾਫ਼ੀ ਬਾਰੇ ਸੰਖੇਪ ਵਿਚ ਜਾਣਕਾਰੀ ਦਿਉ।
2. ਡਾ. ਰਤਨ ਸਿੰਘ ਜੱਗੀ ਨੇ ਕਾਫ਼ੀ ਨੂੰ ਕਿਹੜੇ ਮੁੱਖ ਵਰਗਾਂ ਵਿਚ ਵਿਭਾਜਿਤ ਕੀਤਾ ਹੈ ?
3. ਕਾਫੀ ਦੇ ਤੱਤਾਂ ਬਾਰੇ ਸੰਖੇਪ ਵਿੱਚ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

## (ਅ) ਵਾਰ

ਮੱਧਕਾਲੀ ਪੰਜਾਬੀ ਸਾਹਿਤ ਵਿੱਚ ਬੀਰ-ਰਸ ਨਾਲ ਸੰਬੰਧਿਤ ਤਿੰਨ ਕਾਵਿ ਰੂਪ ਮਿਲਦੇ ਹਨ- ਵਾਰ, ਜੰਗਨਾਮਾ ਅਤੇ ਗੁਰਬਿਲਾਸ। ਵਾਰ ਸ਼ੁੱਧ ਰੂਪ ਵਿੱਚ ਪੰਜਾਬੀ ਕਾਵਿ ਰੂਪ ਹੈ ਕਿਉਂਕਿ ਇਸ ਵਿੱਚ ਪੰਜਾਬੀਆਂ ਦੇ ਉਤਸ਼ਾਹ ਅਤੇ ਵੀਰਤਾ-ਭਰਪੂਰ ਜੀਵਨ-ਚਰਿੱਤਰ ਦੀ ਪੇਸ਼ਕਾਰੀ ਹੁੰਦੀ ਹੈ।

ਵਾਰ ਕਾਵਿ ਰੂਪ ਦੇ ਸ਼ਾਬਦਿਕ ਅਰਥਾਂ ਸੰਬੰਧੀ ਵਿਦਵਾਨਾਂ ਦੇ ਵੱਖੋ-ਵੱਖ ਮੱਤ ਹਨ, ਜੋ ਇਸ ਤਰ੍ਹਾਂ ਹਨ:-

1. **ਭਾਈ ਕਾਹਨ ਸਿੰਘ ਨਾਭਾ** ਨੇ ਮਹਾਨ ਕੋਸ਼ ਵਿੱਚ ਵਾਰ ਦੀ ਵਿਉਤਪਤੀ ਸੰਸਕ੍ਰਿਤ ਦੀ 'ਵ੍ਰਿ' ਧਾਤੂ ਤੋਂ ਮੰਨੀ ਹੈ, ਜਿਸਦਾ ਅਰਥ ਹੈ- ਵਾਰ ਕਰਨਾ ਜਾਂ ਵਾਰ ਰੋਕਣਾ।

2. **ਪ੍ਰੋ. ਪਿਆਰਾ ਸਿੰਘ ਪਦਮ** ਨੇ ਵਾਰ ਦਾ ਅਰਥ 'ਵਾਰਤਾ' ਨਾਲ ਸੰਬੰਧਿਤ ਕੀਤਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਪਿਛਲੇ ਜ਼ਮਾਨੇ ਵਿੱਚ ਜੰਗਾਂ-ਯੁੱਧਾਂ ਦੀ ਕਹਾਣੀ ਕਵੀਆਂ, ਭੱਟਾਂ ਜਾਂ ਢਾਡੀਆਂ ਦੁਆਰਾ ਵਾਰਤਾ-ਬਿਰਤਾਤਾਂ ਦੇ ਰੂਪ ਵਿੱਚ ਕਾਵਿ-ਵਿਸ਼ਾ ਬਣਾ ਕੇ ਪੇਸ਼ ਕੀਤੀ ਜਾਂਦੀ ਸੀ, ਇਸ ਦਾ ਨਾਂ ਹੀ ਬਾਤ, ਵਾਰਤਾ ਜਾਂ ਵਾਰ ਪੈ ਗਿਆ।

3. **ਪ੍ਰੋ. ਪ੍ਰੀਤਮ ਸਿੰਘ** ਆਪਣੇ ਲੇਖ 'ਬੀਰ ਕਾਵਿ ਦੀ ਉਤਪਤੀ ਤੇ ਵਿਕਾਸ' ਵਿੱਚ ਵਾਰ ਦੇ ਸ਼ਾਬਦਿਕ ਅਰਥਾਂ ਦੇ ਛੇ ਪੱਖਾਂ ਬਾਰੇ ਵਿਸਥਾਰਪੂਰਵਕ ਚਰਚਾ ਕਰਦੇ ਹਨ। ਉਨ੍ਹਾਂ ਅਨੁਸਾਰ,

'ਵਾਰ' ਸ਼ਬਦ ਸੰਸਕ੍ਰਿਤ ਦੇ 'ਵ੍ਰਿ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਵੈਰੀ (ਬਹਾਦਰ ਜਾਂ ਦੁਸ਼ਮਣ) ਹੈ। ਇਉਂ ਵਾਰ ਤੋਂ ਭਾਵ ਵਾਰ ਕਰਨ ਵਾਲਾ ਜਾਂ ਵਾਰ ਰੋਕਣ ਵਾਲਾ ਤੋਂ ਹੈ। ਇਸ ਦਾ ਦੂਜਾ ਅਰਥ 'ਵਾਹਰ' ਭਾਵ ਸਮੂਹ ਹੈ। ਇਸ ਦਾ ਤੀਜਾ ਅਰਥ 'ਵਰਜਣਾਂ ਜਾਂ ਰੋਕਣਾ' ਵੀ ਹੈ। ਇਉਂ ਹਮਲੇ, ਧਾਵੇ ਤੋਂ ਰੋਕਣ ਜਾਂ ਸੁਰੱਖਿਆ ਦੇ ਯਤਨਾਂ ਕਾਰਨ ਵੀ ਇਸਦਾ ਨਾਮ ਵਾਰ ਦਿੱਤਾ ਗਿਆ ਹੋਵੇਗਾ। ਵਾਰ ਦਾ ਚੌਥਾ ਅਰਥ ਵਾਰ-ਵਾਰ ਦੁਹਰਾਉਣਾ ਵੀ ਹੈ ਕਿਉਂਕਿ ਢਾਡੀ ਜਾਂ ਭੱਟ ਲੋਕ ਵੀਰ ਕਥਾਵਾਂ ਨੂੰ ਵਾਰ-ਵਾਰ ਦੁਹਰਾ ਕੇ ਸੁਣਾਇਆ ਕਰਦੇ ਸਨ। ਵਾਰ ਦਾ ਪੰਜਵਾਂ ਅਰਥ 'ਬਾਰ' ਹੈ। ਬਾਰ ਤੋਂ ਭਾਵ ਦਰਵਾਜ਼ਾ ਹੈ। ਇਹ ਸ਼ਬਦ ਰਿਗਵੇਦ ਵਿੱਚ ਵੀ ਇਸੇ ਅਰਥਾਂ ਵਿੱਚ ਮਿਲਦਾ ਹੈ ਤੇ ਮਾਲਵੇ ਵਿੱਚ ਇਹ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ। ਢਾਡੀ ਜਾਂ ਭੱਟ ਲੋਕ ਸੂਰਮਿਆਂ ਦੇ ਬਾਰਾ ਵਿੱਚ ਖਲੋ ਕੇ ਬੀਰਤਾ ਭਰਪੂਰ ਗੀਤਾਂ ਦਾ ਉਚਾਰਨ ਕਰਦੇ ਸਨ, ਇਸ ਲਈ ਇਸਦਾ ਨਾਮ ਵਾਰ ਪੈ ਗਿਆ। ਵਾਰ ਦਾ ਛੇਵਾਂ ਅਰਥ 'ਬਾਰਹੱਠ' ਹੈ। ਰਾਜਸਥਾਨ ਵਿੱਚ 'ਬਾਰਹੱਠ' ਨਾਂ ਦੀ ਇੱਕ ਭੱਟ ਕਵੀਆਂ ਦੀ ਜਾਤੀ ਵੀ ਹੈ ਜੋ ਸੁਆਮੀਆਂ ਦੇ ਦਰਾਂ ਤੇ ਖਲੋ ਕੇ ਪ੍ਰਸ਼ੰਸ਼ਾ ਗੀਤ ਗਾਉਂਦੇ ਤੇ ਹੱਠ ਕਰਕੇ ਇਨਾਮ ਪ੍ਰਾਪਤ ਕਰਨ ਲਈ ਅੜੇ ਰਹਿੰਦੇ ਹਨ।

4. **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ** 'ਵਾਰ' ਕਾਵਿ ਰੂਪ ਦਾ ਉਥਾਨ ਪੰਜਾਬੀ ਦੇ ਲੋਕਗੀਤ 'ਵਾਰਨੇ' ਵਿਚੋ ਮੰਨਦੇ ਹਨ ਕਿਉਂਕਿ ਪੰਜਾਬੀ ਲੋਕ ਜਦੋਂ ਯੁੱਧ ਕਰਨ ਲਈ ਜਾਂਦੇ ਸਨ ਤਾਂ ਮਾਂਵਾਂ ਉਨ੍ਹਾਂ ਦੇ ਸਿਰ ਵਾਰਨੇ ਕਰਦੀਆਂ ਸਨ। ਇਸ ਤਰ੍ਹਾਂ ਸਿਰ ਵਾਰਨੇ ਦੀ ਗੀਤ ਵੇਲੇ ਯੁੱਧ ਵਿੱਚ ਜਾ ਰਹੇ ਸੂਰਮੇ ਦੇ ਜੱਸ ਵਿੱਚ ਗੀਤ ਗਾਏ ਜਾਂਦੇ ਸਨ, ਇਨ੍ਹਾਂ ਗੀਤਾ ਨੂੰ ਵਾਰਨੇ ਕਿਹਾ ਜਾਂਦਾ ਸੀ। ਡਾ. ਬੇਦੀ ਅਨੁਸਾਰ ਇਹੋ ਕਾਵਿ-ਕ੍ਰਮ ਵਿਕਸਿਤ ਹੋ ਕੇ ਵਾਰ ਕਾਵਿ ਰੂਪ ਦੇ ਨਾਂ ਨਾਲ ਪ੍ਰਸਿੱਧ ਹੋਇਆ।

5. ਕਈ ਵਿਦਵਾਨ ਵਾਰ ਨੂੰ 'ਜੱਸ ਦੀ ਕਵਿਤਾ' ਵੀ ਕਹਿੰਦੇ ਹਨ। ਸੰਸਕ੍ਰਿਤ ਵਿੱਚ ਜੱਸ ਦੇ ਅਰਥਾਂ ਵਿੱਚ 'ਰਾਇਸੋ' ਨਾਂ ਦੀ ਕਵਿਤਾ ਪ੍ਰਸਿੱਧ ਸੀ। 13ਵੀਂ ਸਦੀ ਵਿੱਚ ਚਾਂਦ ਬਰਦਾਈ ਨੇ 'ਪ੍ਰਿਥਵੀ ਰਾਜ ਰਾਇਸੋ' ਲਿਖਿਆ ਸੀ। ਵਾਰ ਕਾਵਿ ਰੂਪ ਵੀ ਇਸ ਨਾਲ ਮੇਲ ਖਾਂਦਾ ਪ੍ਰਤੀਤ ਹੁੰਦਾ ਹੈ।

ਸੋ ਸਪੱਸ਼ਟ ਹੈ ਕਿ ਵਾਰ ਕਾਵਿ ਰੂਪ ਪੰਜਾਬੀ ਸਮਾਜ ਤੇ ਸੱਭਿਆਚਾਰ ਨਾਲ ਜੁੜਿਆ ਹੋਇਆ ਮੌਲਿਕ ਕਾਵਿ ਰੂਪ ਹੈ ਅਤੇ ਇਹ ਆਪਣੇ ਆਪ ਵਿੱਚ ਵਿਸ਼ਾਲ ਅਰਥਾਂ ਨੂੰ ਸਮੋਈ ਬੈਠਾ ਹੈ।

### ਪਰਿਭਾਸ਼ਾ-

ਵਾਰ ਕਾਵਿ ਰੂਪ ਨੂੰ ਪਰਿਭਾਸ਼ਤ ਕਰਨ ਲੱਗਿਆਂ ਸਾਨੂੰ ਵਾਰ ਦੇ ਦੋਵੇਂ ਪ੍ਰਮੁੱਖ ਰੂਪਾਂ- ਬੀਰ ਰਸੀ ਤੇ ਅਧਿਆਤਮਕ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਇਸੇ ਸੰਦਰਭ ਵਿੱਚ **ਡਾ.ਰਤਨ ਸਿੰਘ ਜੱਗੀ** ਵਾਰ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ-

"ਵਾਰ ਉਸ ਕਾਵਿ-ਵਾਰਤਾ ਨੂੰ ਕਹਿੰਦੇ ਹਨ ਜਿਸ ਵਿੱਚ ਨਾਇਕ ਦੀ ਪ੍ਰਸ਼ੰਸ਼ਾ ਯੁੱਧ ਦੇ ਪ੍ਰਸੰਗ



Downloaded from https:// www.studiestoday.com

Downloaded from https:// www.studiestoday.com

ਵਿੱਚ ਕੀਤੀ ਗਈ ਹੋਵੇ ਅਤੇ ਨਾਇਕ-ਪ੍ਰਤਿਨਾਇਕ ਦੀ ਟੱਕਰ ਦਾ ਵਰਣਨ ਉਤਸ਼ਾਹ ਵਧਾਉਣ ਵਾਲੀ ਸ਼ੈਲੀ ਵਿੱਚ ਕੀਤਾ ਗਿਆ ਹੋਵੇ। ਇਹ ਟੱਕਰ ਸੂਖਮ ਤੇ ਸਥੂਲ ਦੋਹਾਂ ਤਰ੍ਹਾਂ ਦੀ ਹੋ ਸਕਦੀ ਹੈ। ਯੁੱਧ ਸੰਬੰਧੀ ਲਿਖੀਆਂ ਵਾਰਾਂ ਵਿੱਚ ਇਹ ਟੱਕਰ ਸਥੂਲ ਹੁੰਦੀ ਹੈ ਅਤੇ ਅਧਿਆਤਮਿਕ ਵਾਰਾਂ ਵਿੱਚ ਇਸ ਦਾ ਸਰੂਪ ਸੂਖਮ ਹੁੰਦਾ ਹੈ।"

### ਤੱਤ-

ਵਾਰ ਦੇ ਅਰਥ ਅਤੇ ਪਰਿਭਾਸ਼ਾ ਦੇ ਆਧਾਰ 'ਤੇ ਇਸਦੇ ਹੇਠ ਲਿਖੇ ਤੱਤਾਂ ਜਾਂ ਵਿਧਾਗਤ ਲੱਛਣਾਂ ਦੀ ਪਛਾਣ ਕੀਤੀ ਗਈ ਹੈ :-

1. **ਵਸਤੂ-ਵਿਧਾਨ-**

ਵਾਰ ਦੇ ਵਸਤੂ-ਵਿਧਾਨ ਨੂੰ ਹੇਠ ਲਿਖੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:-

1. ਮੰਗਲਾਚਰਨ
2. ਕਥਾ-ਵਸਤੂ (ਸ਼ੰਕਾ, ਸੰਘਰਸ਼ ਤੇ ਸਮਾਧਾਨ)
3. ਮਹਾਤਮ

ਵਾਰ ਦੇ ਆਰੰਭ ਵਿੱਚ ਮੰਗਲਾਚਰਨ ਹੁੰਦਾ ਹੈ ਜਿਸ ਵਿੱਚ ਵਾਰਕਾਰ ਆਪਣੇ ਇਸ਼ਟ ਦੇਵ ਜਾਂ ਪ੍ਰਮਾਤਮਾ ਨੂੰ ਯਾਦ ਕਰਦਾ ਹੈ। ਮੰਗਲਾਚਰਨ ਤੋਂ ਬਾਅਦ ਕਥਾ-ਵਸਤੂ ਦੀ ਪੇਸ਼ਕਾਰੀ ਤਿੰਨ ਹਿੱਸਿਆਂ ਵਿੱਚ ਹੁੰਦੀ ਹੈ। ਪਹਿਲਾ ਸ਼ੰਕਾਂ-ਪੱਖ ਹੈ, ਜਿਸ ਵਿੱਚ ਯੁੱਧ ਜਾਂ ਸੰਘਰਸ਼ ਦੇ ਕਾਰਨਾਂ ਉੱਪਰ ਚਾਨਣਾ ਪਾਇਆ ਜਾਂਦਾ ਹੈ। ਦੂਜਾ ਸੰਘਰਸ਼ ਪੱਖ ਹੈ, ਜਿਸ ਵਿੱਚ ਦੋਹਾਂ ਧਿਰਾਂ (ਨਾਇਕ-ਪ੍ਰਤੀਨਾਇਕ) ਵਿਚਕਾਰ ਟੱਕਰ ਜਾਂ ਜੰਗ ਨੂੰ ਵਿਸਥਾਰ ਨਾਲ ਚਿਤਰਿਆ ਗਿਆ ਹੁੰਦਾ ਹੈ। ਤੀਜਾ ਸਮਾਧਾਨ ਪੱਖ ਹੈ, ਇਸ ਵਿੱਚ ਜੰਗ ਜਾਂ ਟੱਕਰ ਦੇ ਸਿੱਟੇ ਦਾ ਵੇਰਵਾ ਦਿੱਤਾ ਗਿਆ ਹੁੰਦਾ ਹੈ। ਦੋਹਾਂ ਧਿਰਾਂ ਦੀ ਸਥਿਤੀ (ਜਿੱਤ ਤੇ ਹਾਰ) ਦਾ ਵਰਣਨ ਇਸੇ ਪੱਖ ਵਿੱਚ ਮਿਲਦਾ ਹੈ।

ਇਨ੍ਹਾਂ ਤਿੰਨਾਂ ਪੱਖਾਂ ਤੋਂ ਬਾਅਦ ਅਧਿਆਤਮਿਕ ਸੰਦੇਸ਼ ਵਾਲੀਆਂ ਬੀਰ-ਰਸੀ ਵਾਰਾਂ ਵਿੱਚ ਮਹਾਤਮ ਵੀ ਲਿਖਿਆ ਜਾਂਦਾ ਹੈ। ਚੰਡੀ ਦੀ ਵਾਰ ਵਿੱਚ ਆਏ ਮਹਾਤਮ ਦਾ ਨਮੂਨਾ ਵੇਖੋ: -

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ।

ਸੰਘਰਸ਼ ਜਾਂ ਟੱਕਰ ਵਾਰ ਦਾ ਸਭ ਤੋਂ ਪ੍ਰਮੁੱਖ ਪੱਖ ਹੈ। ਵਾਰ ਵਿੱਚ ਟੱਕਰ ਜਿਤਨੀ ਹੀ ਜ਼ਬਰਦਸਤ ਤੇ ਪ੍ਰਬਲ ਹੋਏਗੀ, ਉਤਨੀ ਹੀ ਵਾਰ ਉਤਸ਼ਾਹ ਭਰਪੂਰ ਹੋਵੇਗੀ। ਪਰੰਤੂ ਵਾਰ ਵਿਚਲੀ ਵਸਤੂ ਮਹਾਨ ਅਤੇ ਉਸਾਰੂ ਬਿਰਤੀਆਂ ਵਾਲੀ ਹੋਣੀ ਚਾਹੀਦੀ ਹੈ। ਫੇਰ ਹੀ ਵਾਰ ਸਕਾਰਥ ਪ੍ਰਯੋਜਨ ਨਾਲ ਜੁੜ ਸਕੇਗੀ। ਵਾਰ ਵਿੱਚ ਟੱਕਰ ਚੰਗੇ-ਮਾੜੇ ਕੰਮਾਂ ਵਿਚਕਾਰ ਵੀ ਹੋ ਸਕਦੀ ਹੈ ਤੇ ਵਿਚਾਰਾਂ ਜਾਂ ਅਸੂਲਾਂ ਵਿਚਕਾਰ ਵੀ। ਗੁਰੂ ਸਾਹਿਬਾਨਾਂ ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚਾਰਾਂ ਜਾਂ ਅਸੂਲਾਂ ਵਿਚਕਾਰ ਸੰਘਰਸ਼ ਨੂੰ ਹੀ ਚਿਤਰਦੀਆਂ ਹਨ।

2. **ਨਾਇਕ ਦਾ ਜੱਸ ਗਾਇਣ-**

ਵਾਰ ਨਾਇਕ ਦੇ ਆਲੇ-ਦੁਆਲੇ ਉਸੱਰਦੀ ਹੈ। ਨਾਇਕ ਉੱਚੀ ਕੁੱਲ ਜਾਂ ਉੱਚੇ ਆਸ਼ੇ ਵਾਲਾ ਯੋਧਾ ਹੋਣਾ ਚਾਹੀਦਾ ਹੈ, ਤਾਂ ਹੀ ਉਹ ਸਮਾਜ ਲਈ ਕੋਈ ਮਹਾਨ ਕਾਰਜ ਕਰ ਸਕੇਗਾ ਅਤੇ ਸਭ ਲਈ ਚਾਨਣ-ਮੁਨਾਰਾ ਸਾਬਿਤ ਹੋਵੇਗਾ।

ਵਾਰ ਵਿਚ ਨਾਇਕ ਦਾ ਜੱਸ ਗਾਇਣ ਕੀਤਾ ਜਾਂਦਾ ਹੈ ਤਾਂ ਕਿ ਨਾਇਕ ਦੇ ਉੱਚ ਆਦਰਸ਼ਾਂ ਤੇ ਆਸ਼ਿਆਂ ਨੂੰ ਸਮਾਜ ਵੱਲੋਂ ਸਵੀਕਾਰ ਕੀਤਾ ਜਾਵੇ। ਪਰ ਇਹ ਜੱਸ ਗਾਇਣ ਸਹਿਜ ਅਵਸਥਾ ਵਿੱਚ ਉਸਾਰਿਆ ਗਿਆ ਹੋਣਾ ਚਾਹੀਦਾ ਹੈ। ਇਸ ਲਈ ਨਾਇਕ ਦੇ ਮੁਕਾਬਲੇ ਪ੍ਰਤੀਨਾਇਕ ਦੀ ਉਸਾਰੀ ਕੀਤੀ ਜਾਂਦੀ ਹੈ ਅਤੇ ਕਾਵਿ-ਨਿਆਂ ਦੇ ਆਧਾਰ ਤੇ ਪ੍ਰਤੀਨਾਇਕ ਨੂੰ ਵੀ ਨਾਇਕ ਦੀ ਤਰ੍ਹਾਂ ਬਲਵਾਨ ਦੱਸਿਆ



Downloaded from https:// www.studiestoday.com

Downloaded from https:// www.studiestoday.com

ਜਾਂਦਾ ਹੈ ਤਾਂ ਕਿ ਪ੍ਰਤੀਨਾਇਕ ਉੱਪਰ ਜਿੱਤ ਨੂੰ ਹੋਰ ਵੀ ਮਹਾਨ ਬਣਾਇਆ ਜਾ ਸਕੇ। ਦੋਹਾਂ ਵਿੱਚ ਫਰਕ ਸਿਰਫ ਏਨਾ ਹੁੰਦਾ ਹੈ ਕਿ ਨਾਇਕ ਸਮਾਜਿਕ ਹਿੱਤ ਤੇ ਉਸਾਰੂ ਪੱਖ ਦੀ ਗੱਲ ਕਰਦਾ ਹੈ ਤੇ ਪ੍ਰਤੀਨਾਇਕ ਸਮਾਜ ਦੇ ਵਿਰੋਧ ਵਿੱਚ ਆਪਣੇ ਕਾਰਜ ਕਰਦਾ ਹੈ। ਇਸੇ ਵਿਚੋਂ ਹੀ ਨਾਇਕ ਪ੍ਰਤੀ ਸਮਾਜਿਕ ਹਮਾਇਤ ਅਤੇ ਪ੍ਰਤੀਨਾਇਕ ਨੂੰ ਤ੍ਰਿਸਕਾਰ ਵਜੋਂ ਲਿਖਿਆ ਜਾਂਦਾ ਹੈ। ਸੋ ਤਕੜੇ ਵਿਰੋਧੀ ਨੂੰ ਸੰਘਰਸ਼ ਵਿਚੋਂ ਪਛਾੜਨਾ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਪ੍ਰੇਰਨਾਦਾਇਕ ਬਣਾਉਂਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਰਚਿਤ 'ਚੰਡੀ ਦੀ ਵਾਰ' ਵਿੱਚ ਦੁਰਗਾ ਦੇ ਮੁਕਾਬਲੇ ਰਾਖਸ਼ਾਂ ਦੇ ਸਰੂਪ ਨੂੰ ਵੀ ਪੂਰੇ ਕਾਵਿ-ਨਿਆਂ ਅਧੀਨ ਚਿਤਰਿਆ ਗਿਆ ਹੈ:-

ਲਖ ਨਗਾਰੇ ਵਜਣ ਆਹਮੋ ਸਾਹਮਣੇ।
ਰਾਕਸ਼ ਰਣੋ ਨ ਭਜਣ ਰੋਹੇ ਰੋਹਲੇ।
ਸੀਹਾਂ ਵਾਂਗੂ ਗਜਣ ਸਭੇ ਸੂਰਮੇ।
ਤਣਿ ਤਣਿ ਕੈਬਰ ਛਡਣ ਦੁਰਗਾ ਸਾਹਮਣੇ।

**3. ਛੰਦ-ਵਿਧਾਨ-**

ਵਾਰ 'ਪਉੜੀ ਛੰਦ' ਵਿੱਚ ਰਚੀ ਜਾਂਦੀ ਹੈ। ਟੱਕਰ ਨੂੰ ਵਾਰ ਦੀ ਆਤਮਾ ਤੇ ਪਉੜੀ ਨੂੰ ਵਾਰ ਦਾ ਸਰੀਰ ਮੰਨਿਆ ਗਿਆ ਹੈ। ਇਨ੍ਹਾਂ ਵਿੱਚ ਪਰੰਪਰਾਗਤ ਸੰਬੰਧ ਹੈ। ਜੰਗਾਂ-ਯੁੱਧਾਂ ਨਾਲ ਸੰਬੰਧਿਤ ਕੋਈ ਵੀ ਕਾਵਿ ਰਚਨਾ ਉਦੋਂ ਤੱਕ ਵਾਰ ਨਹੀਂ ਅਖਵਾ ਸਕਦੀ, ਜਦੋਂ ਤੱਕ ਉਹ ਪਉੜੀ ਛੰਦ ਵਿੱਚ ਨਾ ਲਿਖੀ ਗਈ ਹੋਵੇ। ਨਾਦਰਸ਼ਾਹ ਦੀ ਵਾਰ ਨੂੰ ਵੀ ਨਾਦਰਸ਼ਾਹ ਦੀ ਪਉੜੀ ਕਰਕੇ ਲਿਖਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਪਉੜੀ ਵਾਰ ਦਾ ਅਨਿੱਖੜ ਅੰਗ ਹੈ। ਪਉੜੀ ਲਿਖਣ ਲਈ ਅੱਗੋਂ ਦੋ ਛੰਦ-ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ:-

1. ਸਿਰਖੰਡੀ।
2. ਨਿਸ਼ਾਨੀ।

ਸਿਰਖੰਡੀ ਵਿੱਚ ਤੁਕਾਂਤ ਮੱਧ ਵਿੱਚ ਅਤੇ ਨਿਸ਼ਾਨੀ ਵਿੱਚ ਅੰਤ ਵਿੱਚ ਹੁੰਦਾ ਹੈ। ਪਉੜੀਆਂ ਦੀਆਂ ਤੁਕਾਂ ਦੀ ਗਿਣਤੀ 4 ਤੋਂ 17 ਤੁਕਾਂ ਤੱਕ ਮਿਲਦੀ ਹੈ। ਤੁਕਾਂ ਵਿਚਕਾਰ ਮਾਤ੍ਰਾਵਾਂ ਦੀ ਗਿਣਤੀ ਇਕਸਾਰ ਨਹੀਂ ਮਿਲਦੀ। ਪ੍ਰਭਾਵ ਦੀ ਤੀਬਰਤਾ ਵਧਾਉਣ ਲਈ ਕਈ ਪਉੜੀਆਂ ਦੀ ਅੰਤਲੀ ਤੁੱਕ ਨਿੱਕੀ ਰੱਖੀ ਜਾਂਦੀ ਹੈ। ਸਿਰਖੰਡੀ ਛੰਦ ਦਾ ਮੱਧ ਤੁਕਾਂਤ ਯੁੱਧ ਦੀ ਤੇਜ਼ੀ ਪ੍ਰਗਟਾਉਣ ਲਈ ਬੜਾ ਢੁਕਵਾਂ ਰਹਿੰਦਾ ਹੈ, ਇਸ ਨਾਲ ਵਾਰ ਵਿੱਚ ਤੀਬਰਤਾ ਆਉਂਦੀ ਹੈ ਅਤੇ ਯੁੱਧ ਦਾ ਵਾਤਾਵਰਨ ਇਕ-ਦਮ ਉਛਲਦਾ ਹੈ।

ਚੋਟ ਪਈ ਖਰਚਾਮੀ ਦਲਾਂ ਮੁਕਾਬਲਾ॥
ਘੇਰ ਲਈ ਵਰਿਆਮੀ ਦੁਰਗਾ ਆਇ ਕੈ॥
ਰਾਕਸ ਵਡੇ ਅਲਾਮੀ ਭੱਜ ਨਾ ਜਾਣਦੇ॥
ਅੰਤ ਹੋਏ ਸੁਰਗਾਮੀ ਮਾਰੇ ਦੇਵਤਾ॥ (ਸਿਰਖੰਡੀ ਛੰਦ)

ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ
ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ
ਉਖਲੀਆਂ ਨਾਸਾ ਜਿਨਾ ਮੁਹਿ ਜਾਪਨ ਆਲੇ
ਧਾਇ ਦੇਵੀ ਸਾਹਮਣੇ ਬੀਰ ਮੁੱਛਲੀਆਲੇ (ਨਿਸ਼ਾਨੀ ਛੰਦ)

ਇਸ ਤੋਂ ਬਿਨਾਂ ਕਈ ਵਿਦਵਾਨ ਪਉੜੀ ਨੂੰ ਕਾਵਿ ਰੂਪ ਅਤੇ ਸਿਰਖੰਡੀ ਤੇ ਨਿਸ਼ਾਨੀ ਨੂੰ ਵਾਰ ਦੇ ਛੰਦ ਵੀ ਮੰਨਦੇ ਹਨ।



Downloaded from https:// www.studiestoday.com

Downloaded from https:// www.studiestoday.com

**4. ਰਸ ਤੇ ਅਲੰਕਾਰ–**

ਬੀਰ–ਰਸੀ ਵਾਰਾਂ ਵਿੱਚ ਪ੍ਰਮੁੱਖ ਰੂਪ ਵਿੱਚ ਬੀਰ–ਰਸ (ਵੀਰ ਰਸ) ਦੀ ਪ੍ਰਧਾਨਤਾ ਹੁੰਦੀ ਹੈ, ਪਰ ਇਸਦੇ ਨਾਲ–ਨਾਲ ਰੌਦਰ, ਭਿਆਨਕ, ਵੀਭਤਸ ਰਸ ਵੀ ਮਿਲਦੇ ਹਨ। ਅਧਿਆਤਮਕ ਵਾਰਾਂ ਸ਼ਾਂਤ–ਰਸ ਪ੍ਰਧਾਨ ਹੁੰਦੀਆਂ ਹਨ, ਨੇਕੀ–ਬਦੀ ਦੀ ਟੱਕਰ ਉਨ੍ਹਾਂ ਵਿੱਚ ਉਤਸ਼ਾਹ ਨੂੰ ਕਾਇਮ ਰੱਖਦੀ ਹੈ। ਸ਼ਾਂਤ–ਰਸ ਦੇ ਨਾਲ–ਨਾਲ ਸ਼ਿੰਗਾਰ–ਰਸ ਤੇ ਹਾਸ–ਰਸ ਦੇ ਨਮੂਨੇ ਵੀ ਮਿਲਦੇ ਹਨ।

ਵਾਰ ਵਿੱਚ ਅਲੰਕਾਰਾਂ ਦੀ ਵਰਤੋਂ ਦੀ ਜ਼ਿਆਦਾ ਗੁੰਜਾਇਸ਼ ਨਹੀਂ ਹੁੰਦੀ, ਪਰ ਸੁਚੱਜੇ ਵਾਰਕਾਰ ਯੁੱਧ ਦਾ ਵਾਤਾਵਰਨ ਉਸਾਰਨ ਲਈ ਅਲੰਕਾਰਾਂ ਦੀ ਵਰਤੋਂ ਕਰ ਲੈਂਦੇ ਹਨ। ਯੋਧਿਆਂ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਅਤਿਕਥਨੀ ਅਲੰਕਾਰ ਰਾਹੀਂ ਸਜਾਇਆ ਜਾਂਦਾ ਹੈ। 'ਚੰਡੀ ਦੀ ਵਾਰ' ਦਾ ਅਲੰਕਾਰਿਕ ਨਮੂਨਾ ਵੇਖੋ:–

ਬੀਰ ਪਰੋਤੇ ਬਰਛੀਏ ਜਣ ਡਾਲ ਚਮੁੱਟੇ ਆਂਵਲੇ।
ਇਕ ਵਢੇ ਤੇਗੀ ਤੜਫੀਅਨ ਮਦ ਪੀਤੇ ਲੋਟਨ ਬਾਵਲੇ।

**5. ਇਤਿਹਾਸਕਤਾ–**

ਵਾਰ ਵਿੱਚ ਪੇਸ਼ ਘਟਨਾ ਦਾ ਸੰਬੰਧ ਇਤਿਹਾਸ ਜਾਂ ਮਿਥਿਹਾਸ ਵਿਚਲੀ ਕਿਸੇ ਘਟਨਾ ਨਾਲ ਹੁੰਦਾ ਹੈ। ਇਸ ਲਈ ਉਸ ਘਟਨਾ ਦੇ ਇਤਿਹਾਸਕ ਸੱਚ ਦੇ ਆਧਾਰ ਤੇ ਹੀ ਉਸਦੀ ਪੁਨਰ–ਸਿਰਜਣਾ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਵਾਰ ਨੂੰ ਅਮਲ ਕਰਨ ਯੋਗ ਬਣਾਇਆ ਜਾ ਸਕੇ। ਇਸ ਵਿੱਚ ਇਤਿਹਾਸ ਦੇ ਅਨੁਸਾਰ ਹੀ ਕਲਪਨਾ ਵਰਤੀ ਜਾਣੀ ਚਾਹੀਦੀ ਹੈ, ਜਿੱਥੋਂ ਤੱਕ ਇਤਿਹਾਸਕ ਸੱਚ ਧੁੰਦਲਾ ਨਾ ਪਵੇ।

**6. ਭਾਸ਼ਾ–**

ਵਾਰ ਲੋਕ ਕਾਵਿ ਰੂਪ ਹੈ, ਜੋ ਜਨ ਸਾਧਾਰਨ ਦੇ ਸਮਾਜਿਕ, ਰਾਜਨੈਤਿਕ ਤੇ ਧਾਰਮਿਕ ਮਸਲਿਆਂ ਨਾਲ ਨਿਰੰਤਰ ਜੁੜੀ ਰਹੀ ਹੈ। ਇਸ ਲਈ ਇਸਦੀ ਭਾਸ਼ਾ ਦਾ ਸਰਲ ਹੋਣਾ ਬੇਹੱਦ ਲਾਜ਼ਮੀ ਹੈ ਤਾਂ ਕਿ ਸਾਧਾਰਨ ਬੋਲਚਾਲੀ ਭਾਸ਼ਾ ਰਾਹੀਂ ਜਨ–ਸਾਧਾਰਨ ਵਿੱਚ ਪ੍ਰੇਰਨਾ ਅਤੇ ਉਤਸ਼ਾਹ ਭਰਿਆ ਜਾ ਸਕੇ। ਵਾਰ ਦੇ ਸੰਘਰਸ਼ ਪੱਖ ਨੂੰ ਉਸਾਰਨ ਲਈ ਤਲਖ਼ ਅਤੇ ਜੋਸ਼ੀਲੀਆਂ ਧੁਨੀਆਂ ਵਾਲੇ ਵਰਨਾਂ ਦੀ ਯੋਜਨਾ ਕੀਤੀ ਜਾਂਦੀ ਹੈ। ਮੁਹਾਵਰਿਆਂ, ਅਖੌਤਾਂ ਅਤੇ ਨਵੀਨ ਸ਼ਬਦਾਂ ਦੀ ਢੁਕਵੀਂ ਵਰਤੋਂ ਤੋਂ ਇਲਾਵਾ ਸ਼ਬਦਾਂ ਵਿਚੋਂ ਹਥਿਆਰਾਂ ਤੇ ਘੋੜਿਆਂ ਦੇ ਚੱਲਣ ਦੀਆਂ ਆਵਾਜਾਂ ਆਉਣੀਆਂ ਚਾਹੀਦੀਆਂ ਹਨ। ਜੋਸ਼ੀਲੀ, ਤਲਖ਼ ਅਤੇ ਤੀਬਰ ਸ਼ਬਦਾਵਲੀ ਵਲਵਲਿਆਂ ਨੂੰ ਉਭਾਰਦੀ ਹੈ। ਇਸ ਤਰ੍ਹਾਂ ਜੰਗ ਦਾ ਸਹੀ ਮਾਹੌਲ ਸਿਰਜਣ ਵਿੱਚ ਭਾਸ਼ਾ ਦਾ ਵਿਸ਼ੇਸ਼ ਮਹੱਤਵ ਹੈ।

## ਵਰਗੀਕਰਨ–

ਵਾਰ ਦੀ ਸ਼ੁਰੂਆਤ ਨਾਇਕ ਅਰਥਾਤ ਯੋਧੇ ਦੀ ਯੁੱਧ ਵਿੱਚ ਵਿਖਾਈ ਬਹਾਦਰੀ ਦੀ ਉਸਤਤ ਕਰਨ ਤੋਂ ਹੋਈ ਹੈ। ਇਸ ਕਾਰਨ ਵਾਰ ਆਰੰਭ ਤੋਂ ਹੀ ਜੰਗਾਂ–ਯੁੱਧਾਂ ਤੇ ਬੀਰ ਰਸ ਨਾਲ ਜੁੜੀ ਰਹੀ ਹੈ। ਪਰ ਨਾਨਕ ਕਾਲ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਸਾਹਿਤ ਵਿੱਚ ਨਵੀਂ ਅਧਿਆਤਮਕ ਵਾਰ ਪਰੰਪਰਾ ਦੀ ਸ਼ੁਰੂਆਤ ਕੀਤੀ, ਜਿਸ ਕਾਰਨ ਵਾਰ ਦੇ ਵਿਸ਼ੇ ਖੇਤਰ ਵਿੱਚ ਵਿਸਥਾਰ ਹੋਇਆ। ਇਸ ਤੋਂ ਬਾਅਦ ਵਾਰਾਂ ਦੇ ਦੋ ਵਰਗ ਸਾਡੇ ਸਾਹਮਣੇ ਆਉਂਦੇ ਹਨ:–

1. ਬੀਰ ਰਸੀ ਜਾਂ ਲੋਕ ਵਾਰਾਂ।
2. ਅਧਿਆਤਮਿਕ ਵਾਰਾਂ।

ਵਾਰਾਂ ਦਾ ਸਭ ਤੋਂ ਪ੍ਰਮੁੱਖ ਤੇ ਪੁਰਾਤਨ ਰੂਪ ਬੀਰ ਰਸੀ ਵਾਰਾਂ ਦਾ ਹੈ। ਇਸ ਵਿੱਚ ਨਾਇਕ ਤੇ ਪ੍ਰਤੀਨਾਇਕ ਵਿਚਕਾਰ ਜੰਗ ਦੇ ਵਰਣਨ ਰਾਹੀਂ ਨਾਇਕ ਦੀ ਜਿੱਤ ਦੀ ਉਸਤਤ ਦਾ ਵਰਣਨ ਮਿਲਦਾ



Downloaded from https:// www.studiestoday.com

Downloaded from https:// www.studiestoday.com

ਹੈ।ਆਦਿ ਕਾਲ ਵਿੱਚ ਰਚੀਆਂ 6 ਵਾਰਾਂ ਅਤੇ ਮੱਧਕਾਲ ਵਿੱਚ ਰਚੀਆਂ 3 ਵਾਰਾ ਮਿਲਾ ਕੇ ਕੁੱਲ 9 ਵਾਰਾਂ ਪੰਜਾਬੀ ਵਿੱਚ ਰਚਿਤ ਮੁੱਢਲੀਆਂ ਬੀਰ ਰਸੀ ਲੋਕਵਾਰਾਂ ਹਨ, ਜਿਨ੍ਹਾਂ ਦੀ ਪ੍ਰਚਲਿਤ ਧੁਨੀ ਉੱਪਰ ਬਾਅਦ ਵਿੱਚ ਗੁਰੂ ਸਾਹਿਬਾਨਾਂ ਜੀ ਦੁਆਰਾ ਅਧਿਆਤਮਕ ਵਾਰਾਂ ਦੀ ਰਚਨਾ ਕੀਤੀ ਗਈ। ਇਸ ਕਾਰਨ ਇਨ੍ਹਾਂ 9 ਲੋਕ ਵਾਰਾਂ ਨੂੰ 'ਧੁਨੀਆਂ ਵਾਲੀਆਂ ਵਾਰਾਂ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਲੋਕ ਵਾਰਾਂ ਦੇ ਪ੍ਰਮੁੱਖ ਵਿਸ਼ੇ ਜ਼ਰ, ਜ਼ੋਰੂ ਤੇ ਜ਼ਮੀਨ ਨਾਲ ਸੰਬੰਧਿਤ ਹਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਸਭ ਤੋਂ ਉੱਤਮ ਬੀਰ ਰਸੀ ਵਾਰ ਹੈ। ਇਸ ਤੋਂ ਬਿਨਾਂ ਨਜ਼ਾਬਤ ਰਚਿਤ ਨਾਦਰਸ਼ਾਹ ਦੀ ਵਾਰ, ਪੀਰ ਮੁਹੰਮਦ ਰਚਿਤ 'ਚੱਠਿਆਂ ਦੀ ਵਾਰ' ਮੱਧਕਾਲੀ ਪੰਜਾਬੀ ਸਾਹਿਤ ਵਿੱਚ ਰਚੀਆਂ ਗਈਆਂ ਹੋਰ ਪ੍ਰਮੁੱਖ ਬੀਰ ਰਸੀ ਵਾਰਾਂ ਹਨ।

ਅਧਿਆਤਮਕ ਵਾਰਾਂ, ਆਦਿ ਕਾਲ ਤੇ ਮੱਧਕਾਲ ਦੀਆਂ 9 ਲੋਕ ਵਾਰਾਂ ਦੀ ਧੁਨੀ ਉੱਪਰ ਅਧਾਰਿਤ ਸ਼ਾਂਤ ਰਸੀ ਵਾਰਾਂ ਹਨ, ਜਿਨ੍ਹਾਂ ਵਿੱਚ ਨੇਕੀ/ਬਦੀ ਜਾਂ ਗੁਰਮੁੱਖ/ਮਨਮੁੱਖ ਰੂਪੀ ਨਾਇਕ/ਪ੍ਰਤੀਨਾਇਕ ਸਿਰਜ ਕੇ ਗੁਰਮਤਿ ਉਦੇਸ਼ਾਂ ਦੀ ਪੂਰਤੀ ਕੀਤੀ ਗਈ ਹੈ। ਸਭ ਤੋਂ ਪਹਿਲੀ ਅਧਿਆਤਮਕ ਵਾਰ ਸ਼੍ਰੀ ਗੁਰੂਨਾਨਕ ਦੇਵ ਜੀ ਦੁਆਰਾ ਰਚਿਤ 'ਆਸਾ ਦੀ ਵਾਰ' ਹੈ। ਇਸ ਤਰਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 22 ਵਾਰਾਂ, ਭਾਈ ਗੁਰਦਾਸ (ਪਹਿਲਾ) ਦੀਆਂ 39 ਵਾਰਾਂ ਅਤੇ ਭਾਈ ਗੁਰਦਾਸ ਸਿੰਘ (ਦੂਜਾ) ਦੀਆਂ ਦੋ ਵਾਰਾਂ ਨੂੰ ਮਿਲਾ ਕੇ ਲਗਭਗ 63 ਦੇ ਕਰੀਬ ਅਧਿਆਤਮਕ ਵਾਰਾਂ ਬਣ ਜਾਂਦੀਆਂ ਹਨ।

ਇਨ੍ਹਾਂ ਤੋਂ ਇਲਾਵਾ ਡਾ. ਰਤਨ ਸਿੰਘ ਜੱਗੀ ਵਾਰਾਂ ਦਾ ਇੱਕ ਤੀਜਾ ਤੇ ਨਵਾਂ ਵਰਗ 'ਆਧੁਨਿਕ ਵਾਰਾਂ' ਨੂੰ ਦਰਸਾਉਂਦੇ ਹਨ।ਉਨ੍ਹਾਂ ਅਨੁਸਾਰ ਇਨ੍ਹਾਂ ਵਾਰਾਂ ਦੀ ਪ੍ਰਵਿਰਤੀ ਆਧੁਨਿਕ ਯੁਗ ਵਿੱਚ ਵਿਕਸਿਤ ਹੋਈ ਹੈ। ਮਨੁੱਖ ਦੀਆਂ ਨਿੱਤ ਵਧਦੀਆਂ ਸਮੱਸਿਆਵਾਂ ਅਤੇ ਦੇਸ਼ ਦੀ ਉਸਾਰੀ ਲਈ ਜਨ-ਅੰਦੋਲਨ ਨੂੰ ਭਖਾਉਣ ਲਈ ਵਾਰ ਕਾਵਿ-ਰੂਪ ਮਾਧਿਅਮ ਬਣਾਇਆ ਗਿਆ ਹੈ। ਇਸ ਨਾਲ ਵਾਰ ਦਾ ਵਿਸ਼ੇ-ਖੇਤਰ ਵਿਸ਼ਾਲ ਹੋਇਆ ਹੈ ਅਤੇ ਵਾਰ ਨੇ ਪਰੰਪਰਾਗਤ ਸੀਮਾਵਾਂ ਤੋਂ ਹਟ ਕੇ ਨਵੇਂ ਵਿਸ਼ੇ ਤੇ ਰੂਪ ਨੂੰ ਗ੍ਰਹਿਣ ਕੀਤਾ ਹੈ।

ਇਸ ਤਰ੍ਹਾਂ 'ਵਾਰ' ਕਾਵਿ-ਰੂਪ ਆਪਣੀ ਬਣਤਰ, ਤੱਤਾਂ ਅਤੇ ਵਰਗੀਕਰਨ ਰਾਹੀਂ ਪੁਰਾਤਨ ਤੇ ਮੱਧਕਾਲੀ ਸਾਹਿਤ ਵਿੱਚ ਪ੍ਰਮੁੱਖ ਸਥਾਨ ਰੱਖਦਾ ਹੈ।

## ਅਭਿਆਸ-ਪ੍ਰਸ਼ਨ

1. ਵਾਰ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਮੁੱਖ ਤੱਤਾਂ ਦਾ ਵਰਣਨ ਕਰੋ।
2. ਬੀਰ ਰਸੀ ਵਾਰਾਂ ਬਾਰੇ ਤੁਸੀ ਕੀ ਜਾਣਦੇ ਹੋ ? ਸੰਖੇਪ ਚਰਚਾ ਕਰੋ।
3. ਵਾਰ ਦਾ ਅਰਥ ਸਪਸਟ ਕਰਦੇ ਹੋਏ ਅਧਿਆਤਮਕ ਵਾਰਾਂ ਬਾਰੇ ਜਾਣਕਾਰੀ ਦਿਉ।



Downloaded from https:// www.studiestoday.com

Downloaded from https:// www.studiestoday.com

## (ੲ) ਕਿੱਸਾ

'ਕਿੱਸਾ' ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਤੋਂ ਕਥਾ, ਕਹਾਣੀ, ਆਖਿਆਨ, ਬੀਤੀ ਹੋਈ ਘਟਨਾ, ਬਿਰਤਾਂਤ ਦਾ ਬਿਆਨ ਆਦਿ ਅਰਥ ਲਏ ਜਾਂਦੇ ਹਨ। ਅਰਬੀ ਭਾਸ਼ਾ ਵਿੱਚ ਵਾਰਤਿਕ (ਗੱਦ) ਵਿੱਚ ਲਿਖੀਆਂ ਬਿਰਤਾਂਤਕ ਰਚਨਾਵਾਂ ਲਈ ਇਸ ਦੀ ਵਰਤੋਂ ਹੁੰਦੀ ਆ ਰਹੀ ਹੈ। ਪਰ ਪੰਜਾਬੀ ਵਿੱਚ 'ਕਿੱਸਾ' ਕਾਵਿ-ਰੂਪ ਵੱਜੋਂ ਰਚਿਆ ਗਿਆ ਹੈ, ਜਿਹੜਾ ਕਿ ਫਾਰਸੀ ਦੇ 'ਮਸਨਵੀ' ਕਾਵਿ ਰੂਪ ਦੇ ਜ਼ਿਆਦਾ ਨੇੜੇ ਹੈ। ਫਾਰਸੀ ਦੇ 'ਮਸਨਵੀ' ਕਾਵਿ-ਰੂਪ ਵਿੱਚ ਕਥਾ ਕਾਵਿ, ਤਾਰੀਖੀ ਘਟਨਾਵਾਂ ਤੇ ਕਿੱਸੇ ਕਹਾਣੀਆਂ ਬਹੁਤ ਲਿਖੇ ਹੋਏ ਮਿਲਦੇ ਹਨ। ਇਹ ਬਾਹਰਮੁਖੀ ਕਵਿਤਾ ਦਾ ਪ੍ਰਮੁੱਖ ਰੂਪ ਹੈ। ਇਸਦੀਆਂ ਅੱਗੇ ਦੋ ਵੰਨਗੀਆਂ ਪ੍ਰਾਪਤ ਹਨ- ਰਜ਼ਮੀਆਂ ਤੇ ਬਜ਼ਮੀਆਂ। 'ਰਜ਼ਮੀਆਂ' ਵਿੱਚ ਜੰਗਾਂ-ਯੁੱਧਾਂ ਨਾਲ ਸੰਬੰਧਿਤ ਅਤੇ 'ਬਜ਼ਮੀਆਂ' ਵਿੱਚ ਪ੍ਰੇਮ ਕਹਾਣੀਆਂ ਨਾਲ ਸੰਬੰਧਿਤ ਵਾਰ ਤੇ ਜੰਗਨਾਮਾ ਕਾਵਿ-ਰੂਪ ਹੋਂਦ ਵਿੱਚ ਆਏ ਅਤੇ ਪ੍ਰੇਮ ਤੇ ਰੁਮਾਂਸ ਨਾਲ ਸੰਬੰਧਿਤ ਵਰਣਨ ਲਈ 'ਕਿੱਸਾ' ਕਾਵਿ-ਰੂਪ ਪ੍ਰਸਿੱਧ ਹੋਇਆ।

ਪੰਜਾਬੀ 'ਕਿੱਸਾ' ਮੱਧਕਾਲੀ ਸਾਹਿਤ ਦਾ ਇੱਕ ਪ੍ਰਧਾਨ ਕਾਵਿ ਰੂਪ ਹੈ। ਕਿੱਸਾ-ਕਾਵਿ ਦੀ ਇੱਕ ਲੰਬੀ ਕਾਵਿ ਪਰੰਪਰਾ ਹੈ, ਜਿਹੜੀ ਆਰੰਭ ਤੋਂ ਸ਼ਿਖਰ ਤੱਕ ਕਈ ਸਦੀਆਂ ਵਿੱਚ ਫੈਲੀ ਹੋਈ ਹੈ। ਕਿੱਸੇ ਵਿੱਚ ਰੁਮਾਂਸ ਅਤੇ ਪ੍ਰੀਤ ਦਾ ਬੜਾ ਸੁੰਦਰ ਸੁਮੇਲ ਹੈ। ਆਧੁਨਿਕ ਪੰਜਾਬੀ ਗਲਪ ਅਤੇ ਦੁਖਾਂਤ ਸਾਹਿਤ ਪਰੰਪਰਾ ਕਿੱਸਾ ਕਾਵਿ ਵਿੱਚੋਂ ਹੀ ਉਪਜੀਆਂ ਹਨ। 'ਕਿੱਸਾ-ਕਾਵਿ' ਮੱਧਕਾਲ ਵਿੱਚ ਸਭ ਤੋਂ ਵੱਧ ਲੋਕ ਪ੍ਰਵਾਨਿਤ ਕਾਵਿ ਹੈ, ਇਸ ਵਿੱਚ ਲੋਕਾਂ ਦੀਆਂ ਰੀਤਾਂ-ਰਸਮਾਂ,ਵਿਸ਼ਵਾਸ਼ਾਂ ਅਤੇ ਭਾਵਨਾਵਾਂ ਦਾ ਵਧੇਰੇ ਯਥਾਰਥਕ ਵਰਣਨ ਮਿਲਦਾ ਹੈ।

### ਪਰਿਭਾਸ਼ਾ-

'ਕਿੱਸਾ' ਮੱਧਕਾਲੀ ਸਾਹਿਤ ਰੂਪ ਹੈ, ਇਸ ਵਿੱਚ ਲੋਕ ਪ੍ਰਵਾਨਿਤ ਇਤਿਹਾਸਕ ਜਾਂ ਕਾਲਪਨਿਕ ਘਟਨਾਵਾਂ ਦੀ ਪੇਸ਼ਕਾਰੀ ਹੋਈ ਹੈ। ਇਹ ਆਕਾਰ ਪੱਖੋਂ ਲੰਬੀ ਕਵਿਤਾ ਹੈ। ਇਸ ਵਿੱਚ ਕੌਮੀ ਪੱਧਰ ਦੇ ਵਿਸ਼ੇ ਨੂੰ ਬਿਰਤਾਂਤ ਵਿੱਚ ਉਸਾਰਿਆ ਗਿਆ ਹੈ। **ਡਾ. ਰਤਨ ਸਿੰਘ ਜੱਗੀ** ਅਨੁਸਾਰ,

"ਪੰਜਾਬੀ ਵਿੱਚ ਕਿੱਸਾ ਉਸ ਛੰਦਬੱਧ ਬਿਰਤਾਂਤਕ ਰਚਨਾ ਨੂੰ ਕਿਹਾ ਜਾਂਦਾ ਹੈ, ਜਿਸ ਵਿੱਚ ਕਥਾਨਕ ਦਾ ਸੰਬੰਧ ਪ੍ਰੇਮ, ਰੁਮਾਂਸ, ਬੀਰਤਾ, ਭਗਤੀ, ਦੇਸ਼ਪ੍ਰੇਮ, ਧਰਮ ਜਾਂ ਸਮਾਜ ਸੁਧਾਰ ਨਾਲ ਹੋਵੇ।" ਪਰ ਪੰਜਾਬੀ ਕਿੱਸਾ ਕਾਵਿ ਵਿੱਚ ਪ੍ਰੇਮ ਤੇ ਰੁਮਾਂਸ ਨੂੰ ਹੀ ਵੱਧ ਤੋਂ ਵੱਧ ਸਥਾਨ ਪ੍ਰਾਪਤ ਹੋਇਆ ਹੈ।

### ਵਰਗੀਕਰਨ-

ਮੱਧਕਾਲ ਵਿੱਚ ਰਚਿਤ ਪੰਜਾਬੀ ਕਿੱਸੇ ਵੰਨ-ਸੁਵੰਨੇ ਹਨ। ਇਨ੍ਹਾਂ ਦੀਆਂ ਵੱਖੋ-ਵੱਖਰੀਆਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਪੰਜਾਬੀ ਕਿੱਸਿਆਂ ਨੂੰ ਵਿਦਵਾਨਾਂ ਨੇ ਦੋ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਹੈ:-

1. **ਕਿੱਸੇ ਵਿੱਚ ਵਰਣਿਤ ਵਿਸ਼ਿਆਂ ਦੇ ਆਧਾਰ 'ਤੇ ਵਰਗਵੰਡ**

ਕਿੱਸੇ ਵਿੱਚ ਵਰਣਨ ਕੀਤੇ ਹੋਏ ਵਿਸ਼ਿਆਂ ਦੇ ਆਧਾਰ 'ਤੇ **ਡਾ. ਰਾਜਿੰਦਰ ਸਿੰਘ ਸੇਖੋਂ** ਇਸ ਨੂੰ ਨਿਮਨ ਚਾਰ ਵਰਗਾਂ ਵਿੱਚ ਵੰਡਦੇ ਹਨ-

**ਵਿਸ਼ੇ ਆਧਾਰਿਤ ਵਰਗ-ਵੰਡ**

| **ਪ੍ਰੀਤ ਕਿੱਸੇ** | **ਰੁਮਾਂਟਿਕ ਕਿੱਸੇ** | **ਸਦਾਚਾਰਕ ਕਿੱਸੇ** | **ਵੀਰਤਾ ਪ੍ਰਧਾਨ ਕਿੱਸੇ** |
|---|---|---|---|
| 1. ਹੀਰ-ਰਾਂਝਾ | 1. ਨਲ ਦਮਯੰਤੀ | 1. ਪੂਰਨ ਭਗਤ | 1. ਦੁੱਲਾ ਭੱਟੀ |
| 2. ਸੋਹਣੀ ਮਹੀਂਵਾਲ | 2. ਰੂਪਰਾਣੀ ਸ਼ਕੁੰਤਲਾ | 2. ਰੂਪ ਬਸੰਤ | 2. ਜੈਮਲ ਫੱਤਾ |
| 3. ਸੱਸੀ-ਪੁੰਨੂੰ | 3. ਸ਼ਾਹ-ਬਹਿਰਾਮ | 3. ਭਰਥਰੀ ਹਰੀ | 3. ਰੋਡਾ ਜਲਾਲੀ |



Downloaded from https:// www.studiestoday.com

Downloaded from https:// www.studiestoday.com

| | | | |
|---|---|---|---|
| 4. ਸ਼ੀਰੀਂ-ਫਰਹਾਦ | 4. ਸੈਫੁਲ-ਮਲੂਕ | 4. ਗੋਪੀਚੰਦ | 4. ਜਿਊਣਾ ਮੌੜ |
| 5. ਮਿਰਜ਼ਾ-ਸਾਹਿਬਾਂ | | | 5. ਸੁੱਚਾ ਸੂਰਮਾ |
| | | | 6. ਰਾਜਾ ਰਸਾਲੂ |

ਪ੍ਰੇਮ ਪ੍ਰਧਾਨ ਕਿੱਸਿਆਂ ਦਾ ਪ੍ਰਮੁੱਖ ਵਿਸ਼ਾ 'ਇਸ਼ਕ' ਹੁੰਦਾ ਹੈ। ਇਸ ਵਿੱਚ ਇਸ਼ਕ ਦੀਆਂ ਅਵਸਥਾਵਾਂ ਦੀ ਪੇਸ਼ਕਾਰੀ ਕੀਤੀ ਗਈ ਹੁੰਦੀ ਹੈ। ਹੀਰ-ਰਾਂਝਾ, ਸੋਹਣੀ-ਮਹੀਂਵਾਲ, ਸ਼ੀਰੀਂ-ਫਰਹਾਦ, ਸੱਸੀ-ਪੁੰਨੂੰ ਅਤੇ ਮਿਰਜ਼ਾ-ਸਾਹਿਬਾਂ ਪ੍ਰੇਮ ਪ੍ਰਧਾਨ ਕਿੱਸੇ ਹਨ।

ਰੁਮਾਂਟਿਕ ਕਿੱਸਿਆਂ ਵਿੱਚ ਇਸ਼ਕ ਨੂੰ ਪਰਾਯਥਾਰਥਕ ਛੋਹਾਂ ਨਾਲ ਰੁਮਾਂਸਕਾਰੀ ਅੰਦਾਜ਼ ਵਿੱਚ ਪੇਸ਼ ਕੀਤਾ ਜਾਂਦਾ ਹੈ। ਇਸ ਨਾਲ ਪ੍ਰੇਮ ਦੀ ਕਥਾ ਦੇ ਨਾਲ-ਨਾਲ ਪਰਾਭੌਤਿਕ ਵਰਤਾਰਿਆਂ, ਘਟਨਾਵਾਂ, ਪਾਤਰਾਂ ਅਤੇ ਕਰਾਮਾਤਾਂ ਵੀ ਸ਼ਾਮਿਲ ਕਰ ਲਈਆਂ ਜਾਂਦੀਆਂ ਹਨ। ਨਲ-ਦਮਯੰਤੀ, ਰੂਪਰਾਣੀ ਸ਼ਕੁੰਤਲਾ, ਸ਼ਾਹ ਬਹਿਰਾਮ ਅਤੇ ਸੈਫੁਲ-ਮਲੂਕ ਇਸ ਤਰ੍ਹਾਂ ਦੇ ਪ੍ਰਮੁੱਖ ਕਿੱਸੇ ਹਨ।

ਸਦਾਚਾਰ ਕਿੱਸਿਆਂ ਵਿੱਚ ਇੱਕ ਧਿਰ ਪ੍ਰੇਮ ਦੀ ਮੰਗ ਕਰਦੀ ਹੈ ਤੇ ਦੂਜੀ ਧਿਰ ਸਦਾਚਾਰ ਦੀ ਗੱਲ ਕਰਦੀ ਹੈ। ਮਿਸਾਲ ਵਜੋਂ 'ਪੂਰਨ ਭਗਤ' ਕਿੱਸੇ ਵਿੱਚ ਜਿੱਥੇ 'ਲੂਣਾ' ਪ੍ਰੇਮ ਦੀ ਦੁਹਾਈ ਦਿੰਦੀ ਹੈ, ਉੱਥੇ 'ਪੂਰਨ' ਸਦਾਚਾਰਕ ਪ੍ਰਤੀਮਾਨ ਪੇਸ਼ ਕਰਦਾ ਹੈ। ਪੂਰਨ-ਭਗਤ, ਗੋਪੀ ਚੰਦ, ਭਰਥਰੀ ਹਰੀ ਅਤੇ ਰੂਪ ਬਸੰਤ ਇਸ ਕਿਸਮ ਦੇ ਕਿੱਸੇ ਹਨ।

ਚੌਥੀ ਵੰਨਗੀ ਵੀਰਤਾ/ਸੂਰਮਗਤੀ ਪ੍ਰਧਾਨ ਕਿੱਸਿਆਂ ਦੀ ਹੈ। ਇਸ ਵਿੱਚ ਪ੍ਰੀਤ, ਰੁਮਾਂਸ ਅਤੇ ਸਦਾਚਾਰਕ ਕੀਮਤਾਂ ਨੂੰ ਛੱਡ ਕੇ ਸੂਰਮਗਤੀ ਨੂੰ ਪੇਸ਼ ਕੀਤਾ ਜਾਂਦਾ ਹੈ। ਇਹ ਸੂਰਮਗਤੀ ਆਮ ਤੌਰ ਤੇ ਪੁਰਸ਼ ਪਾਤਰ ਹੀ ਵਿਖਾਉਂਦਾ ਹੈ। ਇਨ੍ਹਾਂ ਵਿੱਚ ਵੀਰਤਾ ਦੇ ਨਾਲ-ਨਾਲ ਪ੍ਰੀਤ, ਰੁਮਾਂਸ ਅਤੇ ਸਦਾਚਾਰਕ ਅੰਸ਼ਾਂ ਦਾ ਵੀ ਥੋੜ੍ਹਾ-ਬਹੁਤ ਅੰਸ਼ ਹੁੰਦਾ ਹੈ। ਇਨ੍ਹਾਂ ਵਿੱਚ ਡਾਕੂ ਅਤੇ ਬਹਾਦਰ ਲੋਕ ਨਾਇਕ ਹੁੰਦੇ ਹਨ। ਦੁੱਲਾ ਭੱਟੀ, ਜੈਮਲ-ਫੱਤਾ, ਰੋਡਾ ਜਲਾਲੀ, ਜਿਊਣਾ ਮੌੜ, ਸੁੱਚਾ ਸੂਰਮਾ ਅਤੇ ਰਾਜਾ ਰਸਾਲੂ ਵੀਰਤਾ ਪ੍ਰਧਾਨ ਕਿੱਸੇ ਹਨ।

## 2. ਕਿੱਸੇ ਦੇ ਪਿਛੋਕੜ ਜਾਂ ਸੋਮਿਆਂ ਦੇ ਆਧਾਰ 'ਤੇ ਵਰਗਵੰਡ

ਪੰਜਾਬੀ ਕਿੱਸਿਆਂ ਨੂੰ ਇਨ੍ਹਾਂ ਦੀ ਕਥਾ ਦੇ ਪਿਛੋਕੜ ਜਾਂ ਸੋਮਿਆਂ ਦੇ ਆਧਾਰ 'ਤੇ ਵਿਦਵਾਨਾਂ ਨੇ ਚਾਰ ਹਿੱਸਿਆਂ ਵਿੱਚ ਵਰਗੀਕ੍ਰਿਤ ਕੀਤਾ ਹੈ-

**ਪਿਛੋਕੜ ਜਾਂ ਸੋਮਿਆਂ ਦੇ ਆਧਾਰ ਤੇ**

| **ਪੰਜਾਬੀ ਕਿੱਸੇ** | **ਵਿਦੇਸ਼ੀ ਕਿੱਸੇ** | **ਭਾਰਤੀ ਕਿੱਸੇ** | **ਸਥਾਨਿਕ ਕਿੱਸੇ** |
|---|---|---|---|
| 1. ਹੀਰ ਰਾਂਝਾ | 1. ਯੂਸਫ ਜੁਲੈਖਾਂ | 1. ਪੂਰਨ ਭਗਤ | 1. ਦੁੱਲਾ ਭੱਟੀ |
| 2. ਸੋਹਣੀ-ਮਹੀਂਵਾਲ | 2. ਸ਼ੀਰੀਂ-ਫਰਹਾਦ | 2. ਰਾਜਾ ਰਸਾਲੂ | 2. ਜੱਗਾ ਡਾਕੂ |
| 3. ਮਿਰਜ਼ਾ-ਸਾਹਿਬਾਂ | 3. ਸੈਫੁਲ-ਮਲੂਕ | 3. ਨਲ-ਦਮਯੰਤੀ | 3. ਸੁੱਚਾ ਸੂਰਮਾ |
| 4. ਸੱਸੀ-ਪੁੰਨੂੰ | 4. ਸ਼ਾਹ ਬਹਿਰਾਮ | 4. ਭਰਥਰੀ ਹਰੀ | 4. ਜਿਊਣਾ ਮੌੜ |
| | 5. ਲੈਲਾ-ਮਜਨੂੰ | 5. ਗੋਪੀਚੰਦ | 5. ਬੇਗੋ ਨਾਰ |
| | 6. ਹਾਤਮ ਤਾਈ | 6. ਰੂਪ ਬਸੰਤ | 6. ਸ਼ਾਮੋ ਨਾਰ |
| | | 7. ਰੂਪਰਾਣੀ ਸ਼ਕੁੰਤਲਾ | 7. ਰਤਨੀ ਸੁਨਿਆਰੀ |
| | | | 8. ਕਾਕਾ ਪ੍ਰਤਾਪੀ |
| | | | 9. ਭਾਈਬਿਧੀਚੰਦ |

ਹੀਰ-ਰਾਂਝਾ, ਸੋਹਣੀ-ਮਹੀਂਵਾਲ ਅਤੇ ਮਿਰਜਾ-ਸਾਹਿਬਾਂ ਕਿੱਸਿਆਂ ਦੀ ਕਥਾ ਦਾ ਧਰਾਤਲ ਪੰਜਾਬ ਦੀ ਧਰਤੀ ਹੈ। ਇਸ ਲਈ ਇਹ ਪੰਜਾਬੀ ਕਿੱਸੇ ਹਨ। **ਪ੍ਰੋ. ਪਿਆਰਾ ਸਿੰਘ ਭੋਗਲ** ਅਨੁਸਾਰ, ਪੰਜਾਬ ਦੇ ਪਿੰਡਾਂ ਵਿੱਚ ਇਹ ਅਖਾਉਤ ਪ੍ਰਸਿੱਧ ਰਹੀ ਹੈ ਕਿ ਪੰਜਾਬ ਵਿੱਚ 'ਢਾਈ-ਇਸ਼ਕ' ਹੋਏ ਹਨ-

ਹੀਰ-ਰਾਂਝਾ- ਇੱਕ ਪੂਰਾ ਇਸ਼ਕ।
ਸੋਹਣੀ-ਮਹੀਂਵਾਲ- ਇਕ ਪੂਰਾ ਇਸ਼ਕ।
ਮਿਰਜ਼ਾ-ਸਾਹਿਬਾਂ- ਅੱਧਾ ਇਸ਼ਕ।



Downloaded from https:// www.studiestoday.com

Downloaded from https:// www.studiestoday.com

ਕਿਉਂਕਿ ਸਾਹਿਬਾਂ ਨੇ ਅੰਤ ਵਿੱਚ ਮਿਰਜ਼ੇ ਨਾਲ ਗੱਦਾਰੀ ਕੀਤੀ ਸੀ। ਇਸ ਤੋਂ ਬਿਨਾਂ 'ਸੱਸੀ ਪੁੰਨੂੰ' ਦੀ ਕਹਾਣੀ ਨੂੰ ਵੀ ਪੰਜਾਬੀ ਕਿੱਸਿਆਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ, ਕਿਉਂਕਿ ਸਿੰਧ ਪ੍ਰਾਂਤ ਕਿਸੇ ਸਮੇਂ ਪੰਜਾਬ ਰਾਜ ਦਾ ਹੀ ਹਿੱਸਾ ਸੀ।

ਵਿਦੇਸ਼ੀ ਕਿੱਸਿਆਂ ਵਿੱਚ ਪੰਜਾਬ ਤੋਂ ਬਾਹਰ ਵਾਪਰੀਆਂ ਕਥਾਵਾਂ ਨਾਲ ਸੰਬੰਧਿਤ ਕਿੱਸਿਆਂ ਨੂੰ ਲਿਆ ਜਾਂਦਾ ਹੈ, ਜਿਵੇਂ:- ਯੂਸਫ-ਜ਼ੁਲੈਖਾਂ, ਸ਼ੀਰੀਂ-ਫਰਹਾਦ, ਸੈਫ਼ੁਲ-ਮਲੂਕ ਆਦਿ ਕਿੱਸੇ।

ਭਾਰਤੀ ਕਿੱਸਿਆਂ ਵਿੱਚ ਉਨ੍ਹਾਂ ਕਿੱਸਿਆਂ ਨੂੰ ਲਿਆ ਜਾਂਦਾ ਹੈ, ਜਿਨ੍ਹਾਂ ਦੀਆਂ ਕਥਾਵਾਂ ਦਾ ਸੰਬੰਧ/ਸ੍ਰੋਤ ਭਾਰਤ ਦਾ ਇਤਿਹਾਸ ਜਾਂ ਮਿਥਿਹਾਸ ਹੈ। ਇਨ੍ਹਾਂ ਵਿੱਚ ਪੂਰਨ ਭਗਤ, ਰਾਜਾ ਰਸਾਲੂ, ਨਲ ਦਮਯੰਤੀ ਆਦਿ ਕਿੱਸੇ ਸ਼ਾਮਲ ਹਨ।

ਚੌਥਾ ਵਰਗ ਸਥਾਨਕ ਕਿੱਸਿਆਂ ਦਾ ਹੈ। ਜੋ ਕਿੱਸੇ ਸਮੁੱਚੇ ਪੰਜਾਬ ਵਿੱਚ ਪ੍ਰਸਿੱਧ ਨਾ ਹੋ ਕੇ ਕਿਸੇ ਖਾਸ ਖਿੱਤੇ ਜਾਂ ਇਲਾਕੇ ਵਿੱਚ ਹੀ ਮਸ਼ਹੂਰ ਹੋਏ ਹਨ, ਜਿਨ੍ਹਾਂ ਤੋਂ ਆਮ ਤੌਰ 'ਤੇ ਪੂਰਾ ਪੰਜਾਬ ਜਾਣੂ ਹੈ। ਇਨ੍ਹਾਂ ਨੂੰ ਸਥਾਨਕ ਕਵੀਆਂ ਤੇ ਕਵੀਸ਼ਰਾਂ ਵੱਲੋਂ ਹੀ ਰਚਿਆ ਤੇ ਗਾਇਆ ਗਿਆ। ਇਹ ਕਿੱਸੇ ਖਾਸ ਕਰਕੇ ਮਾਲਵੇ ਖਿੱਤੇ ਵਿੱਚ ਹੀ ਪ੍ਰਚਲਿਤ ਰਹੇ ਹਨ, ਪਰ ਫਿਰ ਵੀ ਕਿੱਸਾ ਕਾਵਿ ਦੀ ਵਿਲੱਖਣਤਾ ਨੂੰ ਆਪਣੇ ਵਿੱਚ ਸਮੋਏ ਹੋਏ ਹਨ। ਜੱਗਾ ਡਾਕੂ, ਸੁੱਚਾ ਸੂਰਮਾ, ਜਿਉਣਾ ਮੌੜ ਆਦਿ ਇਸ ਦੀਆਂ ਪ੍ਰਮੁੱਖ ਵੰਨਗੀਆਂ ਹਨ।

## ਤੱਤ-

ਮੱਧਕਾਲੀ ਪੰਜਾਬੀ ਸਾਹਿਤ ਵਿੱਚ ਰਚੇ ਗਏ 'ਕਿੱਸਿਆਂ' ਦਾ ਅਧਿਐਨ-ਵਿਸ਼ਲੇਸ਼ਣ ਕਰਨ ਤੋਂ ਬਾਅਦ ਸਾਡੇ ਸਾਹਮਣੇ ਕਿੱਸਾ ਕਾਵਿ ਦੀਆਂ ਕਈ ਵਿਸ਼ੇਸ਼ਤਾਵਾਂ ਉੱਭਰਦੀਆਂ ਹਨ, ਜਿਨ੍ਹਾਂ ਨੂੰ ਵਿਦਵਾਨਾਂ ਦੁਆਰਾ ਕਿੱਸੇ ਦੇ ਪ੍ਰਮੁੱਖ ਤੱਤਾਂ ਵਜੋਂ ਸਵੀਕਾਰਿਆ ਗਿਆ ਹੈ, ਜੋ ਇਸ ਤਰ੍ਹਾਂ ਹਨ:-

### 1. ਕਥਾਨਕ-

ਕਿੱਸੇ ਵਿੱਚ ਕਿਸੇ ਨਾ ਕਿਸੇ ਯਥਾਰਥਿਕ, ਕਲਪਿਤ ਜਾਂ ਲੋਕਪ੍ਰਚਲਿਤ ਕਥਾ ਜਾਂ ਘਟਨਾ ਦਾ ਵਰਣਨ ਕੀਤਾ ਗਿਆ ਹੁੰਦਾ ਹੈ। ਕਥਾ ਦੀ ਪੇਸ਼ਕਾਰੀ ਲਈ ਕਥਾਨਕ ਦਾ ਆਰੰਭ ਮੰਗਲਾਚਰਨ ਜਾਂ ਹਮਦ ਨਾਲ ਹੁੰਦਾ ਹੈ। ਇਸ ਵਿੱਚ ਕਿੱਸਾਕਾਰ ਆਪਣੇ ਇਸ਼ਟ ਜਾਂ ਪ੍ਰਮਾਤਮਾ ਦੀ ਮਹਿਮਾ ਦਾ ਬਖਾਨ ਕਰਦਾ ਹੈ। ਕਥਾਨਕ ਦਾ ਵਿਸਤਾਰ ਨਾਇਕ-ਨਾਇਕਾ ਦੀਆਂ ਜਨਮ ਤੋਂ ਮੌਤ ਤੱਕ ਦੀਆਂ ਘਟਨਾਵਾਂ ਨਾਲ ਹੁੰਦਾ ਹੈ। ਇਸ ਵਿੱਚ ਉਨ੍ਹਾਂ ਦੇ ਪ੍ਰੇਮ-ਸੰਬੰਧਾਂ ਵਾਲੇ ਪੱਖ ਦੀ ਪੇਸ਼ਕਾਰੀ ਕੀਤੀ ਗਈ ਹੁੰਦੀ ਹੈ, ਜੋ ਸਮਾਜ ਅਤੇ ਸਦਾਚਾਰਕ ਬੰਧਨਾਂ ਦੀ ਘੋਰ ਉਲੰਘਣਾ ਹੈ। ਨਾਇਕ-ਨਾਇਕਾ ਨੂੰ ਅਤਿ ਸੁੰਦਰ ਰੂਪ ਵਿੱਚ ਚਿਤਰਿਆ ਜਾਂਦਾ ਹੈ। ਕਹਾਣੀ ਦੇ ਆਰੰਭ ਵਿੱਚ ਉਨ੍ਹਾਂ ਦੇ ਮੇਲ ਅਤੇ ਆਕਰਸ਼ਣ ਵਿਚੋਂ ਪ੍ਰੇਮ ਪੈਦਾ ਕਰਕੇ, ਉਨ੍ਹਾਂ ਅੱਗੇ ਸਮਾਜ ਤੇ ਸਦਾਚਾਰਿਕ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਜਾਂਦੀਆਂ ਹਨ। ਉਸ ਸਮੇਂ ਦਾ ਸਮਾਜ ਤੇ ਹਾਕਮ ਧਿਰ ਨਾਇਕ-ਨਾਇਕਾ ਦੇ ਪ੍ਰੇਮ ਦੇ ਖਿਲਾਫ ਹੈ ਪਰ ਪਰਾਸ਼ਰੀਰਕ ਸ਼ਕਤੀਆਂ ਉਨ੍ਹਾਂ ਦੀਆਂ ਹਮਾਇਤੀ ਹਨ, ਅੰਤ ਪਿਆਰ ਦੀ ਪ੍ਰਵਾਨਗੀ ਲਈ ਜੂਝਦੇ-ਜੂਝਦੇ ਮਰ ਜਾਣਾ, ਉਨ੍ਹਾਂ ਦੀ 'ਹੋਣੀ' ਨਾਲ ਜੋੜ ਦਿੱਤਾ ਜਾਂਦਾ ਹੈ। ਲਗਭਗ ਸਾਰੇ ਕਿੱਸਾ-ਕਾਵਿ ਦਾ ਕਥਾ-ਸੰਸਾਰ ਇਸੇ ਤਰ੍ਹਾਂ ਦਾ ਹੀ ਹੈ। ਜਿਵੇਂ-

ਰਾਂਝੇ ਉਠ ਕੇ ਆਖਿਆ ਵਾਹ ਸਜਣ, ਹੀਰ ਹੱਸ ਕੇ ਤੇ ਮੇਹਰਬਾਨ ਹੋਈ।
ਕੱਛ ਵੰਝਲੀ ਕੰਨਾਂ ਦੇ ਵਿੱਚ ਵਾਲੇ, ਜ਼ੁਲਫ ਮੁਖੜੇ ਤੇ ਪਰੇਸ਼ਾਨ ਹੋਈ।
ਰੂਪ ਜੱਟ ਦਾ ਵੇਖ ਕੇ ਚਾਟ ਲੱਗੀ, ਹੀਰ ਘੋਲ ਘੱਤੀ ਕੁਰਬਾਨ ਹੋਈ।
(ਹੀਰ ਰਾਂਝਾ)

***********************

ਹੋਣੀ ਮਿਰਜ਼ੇ ਤੇ ਕੁਦ ਪਈ, ਰਲੀ ਸਿਆਲਾਂ ਨਾਲ।
ਛੁਟੀ ਕਾਨੀ ਵਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ।
(ਮਿਰਜ਼ਾ ਸਾਹਿਬਾਂ)

**********************



Downloaded from https:// www.studiestoday.com

Downloaded from https:// www.studiestoday.com

ਫਜ਼ਲ ਸ਼ਾਹ ਮੀਆਂ ਦੋਵੇਂ ਲੇਖ ਆਹੇ,
ਮੋੜੇ ਕੌਣ ਖ਼ੁਦਾ ਦੇ ਭਾਣਿਆਂ ਨੂੰ।

(ਸੋਹਣੀ ਮਹੀਂਵਾਲ)

**********************

**2. ਚਰਿੱਤਰ-ਚਿਤਰਨ-**

ਕਿੱਸੇ ਦੀਆਂ ਘਟਨਾਵਾਂ ਪਾਤਰਾਂ ਦੀ ਉਸਾਰੀ ਕਰਦੀਆਂ ਹਨ ਅਤੇ ਘਟਨਾਵਾਂ ਜਾਂ ਕਥਾ ਦਾ ਵਿਕਾਸ 'ਹੋਣੀ ਜਾਂ ਕਿਸਮਤ' ਦੇ ਅਧੀਨ ਹੁੰਦਾ ਹੈ। ਮਨੁੱਖੀ ਪਾਤਰਾਂ ਦੇ ਨਾਲ-ਨਾਲ ਪਰਾਸ਼ਰੀਰਕ ਪਾਤਰਾਂ ਦੀ ਵੀ ਹੋਂਦ ਸਵੀਕਾਰੀ ਜਾਂਦੀ ਹੈ। ਸਮਾਜ ਦੀ ਉੱਚੀ ਤੇ ਨੀਵੀਂ ਦੋਵੇਂ ਸ਼੍ਰੇਣੀਆਂ ਨਾਲ ਸੰਬੰਧਿਤ ਪਾਤਰ ਹੁੰਦੇ ਹਨ। ਨਾਇਕ-ਨਾਇਕਾ ਵਿਚੋਂ ਕੋਈ ਇੱਕ ਜਾਂ ਦੋਵੇਂ ਉੱਚੀ ਸ਼੍ਰੇਣੀ ਨਾਲ ਸੰਬੰਧਿਤ ਦਿਖਾਏ ਜਾਂਦੇ ਹਨ, ਪਰ ਪਰਿਸਥਿਤੀ ਦੇ ਵੱਸ ਪੈ ਕੇ ਕੋਈ ਇੱਕ ਨੀਵੀਂ ਸ਼੍ਰੇਣੀ ਵਿੱਚ ਦਾਖਲ ਹੋ ਜਾਂਦਾ ਹੈ।

ਨਾਇਕ-ਨਾਇਕਾ ਦੋਵਾਂ ਦੀ ਸੁੰਦਰਤਾ ਦਾ ਵਰਣਨ ਮਿਲਦਾ ਹੈ, ਪਰ ਨਾਇਕਾਵਾਂ ਦੀ ਸੁੰਦਰਤਾ ਅਤੇ ਨਖ-ਸ਼ਿਖ ਵਰਣਨ ਵੱਲ ਕਿੱਸਾਕਾਰਾਂ ਨੇ ਵੱਧ ਰੁਚੀ ਦਿਖਾਈ ਹੈ, ਵਾਰਿਸ ਸ਼ਾਹ ਨੇ 'ਹੀਰ' ਦੀ ਸੁੰਦਰਤਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ-

ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਠੋਡੀ ਸੇਉ ਵਲਾਇਤੀ ਸਾਰ ਵਿਚੋਂ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ,
ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਗਰਦਨ ਕੂੰਜ ਉਂਗਲੀਆਂ ਰੁਵਾਂ ਫਲੀਆਂ,
ਹਥ ਕੂਲੜੇ ਬਰਗ ਚਿਨਾਰ ਵਿਚੋਂ।
ਧੁਨੀ ਬਹਿਸ਼ਤ ਦੇ ਹੌਜ਼ ਦਾ ਮੁਸ਼ਕ ਕੁਪਾ,
ਪੇਂਡੂ ਮਖਮਲੀ ਖਾਸ ਸਰਕਾਰ ਵਿਚੋਂ।
ਸੁਰਖੀ ਹੋਠਾਂ ਦੀ ਲੋੜ੍ਹ ਦੰਦਾਸੜੇ ਦਾ,
ਖੋਜੇ ਖਤਰੀ ਕਤਲ ਬਜ਼ਾਰ ਵਿਚੋਂ।
ਸ਼ਾਹ ਪਰੀ ਦੀ ਭੈਣ ਪੰਜਫੂਲ ਰਾਣੀ,
ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ।

ਕਿੱਸਿਆਂ ਵਿੱਚ ਨਾਇਕਾਵਾਂ ਨੂੰ ਨਾਇਕਾਂ ਦੇ ਮੁਕਾਬਲੇ ਵਧੇਰੇ ਮੁਖਰ ਵਿਖਾਇਆ ਗਿਆ ਹੈ। ਉਹ ਪਿਆਰ ਦੇ ਰਾਹ ਵਿੱਚ ਰੁਕਾਵਟਾਂ ਤੋਂ ਬੇਪਰਵਾਹ, ਉਨ੍ਹਾਂ ਦਾ ਡੱਟ ਕੇ ਵਿਰੋਧ ਕਰਦੀਆਂ ਹਨ। ਉਹ ਆਪਣੇ ਪ੍ਰੇਮ ਨੂੰ ਪਾਉਣ ਲਈ ਪਹਿਲਕਦਮੀ ਤੇ ਸਮਾਜਕ ਅਲੰਬਰਦਾਰਾਂ ਨਾਲ ਆਢਾ ਵੀ ਲਾਉਂਦੀਆਂ ਹਨ। ਉਹ ਆਪਣੇ ਪ੍ਰੇਮੀ ਤੋਂ ਬਿਨਾਂ ਹੋਰ ਕਿਸੇ ਮਰਦ ਦੀ ਕਲਪਨਾ ਕਰਨਾ ਵੀ ਪਾਪ ਸਮਝਦੀਆਂ ਹਨ। ਇਸ ਤਰ੍ਹਾਂ ਨਾਇਕ-ਨਾਇਕਾ ਦੇ ਪ੍ਰਬਲ ਤੇ ਸਾਫ-ਸਵੱਛ ਪ੍ਰੇਮ ਦੀ ਤਸਵੀਰ ਚਿਤਰਿਤ ਕੀਤੀ ਜਾਂਦੀ ਹੈ।

**3. ਵਾਤਾਵਰਨ:-**

ਕਿੱਸਿਆਂ ਵਿੱਚ ਘਟਨਾਵਾਂ ਤੇ ਪਾਤਰਾਂ ਦੀ ਉਸਾਰੀ ਦੇ ਨਾਲ-ਨਾਲ ਮੱਧਕਾਲੀ ਸਮਾਜ ਤੇ ਸਭਿਆਚਾਰ ਦੀ ਵੀ ਤਸਵੀਰ ਉਘੜਦੀ ਹੈ। ਕਿੱਸਿਆਂ ਵਿੱਚ ਉਸ ਸਮੇਂ ਦੇ ਸਮਾਜਿਕ, ਰਾਜਨੀਤਕ, ਆਰਥਿਕ, ਸਭਿਆਚਾਰਿਕ ਅਤੇ ਭੂਗੋਲਿਕ ਸਥਿਤੀ ਦੇ ਵੇਰਵੇ ਵੀ ਅੰਕਿਤ ਹੋਏ ਹਨ, ਜਿਸ ਨਾਲ ਉਸ ਸਮੇਂ ਦੇ ਸਮਾਜ ਦੀ ਯਥਾਰਥਿਕ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ। ਰੀਤਾਂ-ਰਸਮਾਂ, ਜੰਗਾ-ਯੁੱਧਾਂ, ਨਗਰ, ਵਿਆਹ-ਸ਼ਾਦੀਆਂ, ਪਹਾੜਾਂ, ਦਰਿਆਵਾਂ, ਪ੍ਰਕ੍ਰਿਤਿਕ ਵੇਰਵਿਆਂ ਨਾਲ ਕਥਾਨਕ ਨੂੰ ਸਜੀਵਤਾ ਮਿਲਦੀ ਹੈ ਅਤੇ ਕਥਾ ਦਾ ਵਿਕਾਸ ਵੀ ਹੁੰਦਾ ਹੈ।

**4. ਸੰਵਾਦ/ਵਾਰਤਾਲਾਪ-**



Downloaded from https:// www.studiestoday.com

Downloaded from https:// www.studiestoday.com

ਕਿੱਸਿਆਂ ਵਿੱਚ ਪਾਤਰਾਂ ਦੇ ਆਪਸੀ ਸੰਵਾਦ ਵੀ ਲਿਖੇ ਹੋਏ ਮਿਲਦੇ ਹਨ। ਸੰਵਾਦ ਨਾਲ ਕਥਾ ਵਿੱਚ ਨਾਟਕੀਅਤਾ ਆਉਂਦੀ ਹੈ, ਕਹਾਣੀ ਅੱਗੇ ਤੁਰਦੀ ਹੈ ਅਤੇ ਪਾਤਰਾਂ ਦੀਆਂ ਮਨੋ-ਅਵਸਥਾਵਾਂ ਸਾਹਮਣੇ ਆਉਂਦੀਆਂ ਹਨ। ਛੋਟੇ ਅਤੇ ਭਾਵਪੂਰਤ ਸੰਵਾਦ ਕਹਾਣੀ ਦੀ ਕਲਾਤਮਕਤਾ ਨੂੰ ਸਿਰਜਦੇ ਹਨ।

**5. ਛੰਦ ਅਤੇ ਰਸ ਵਿਧਾਨ–**

ਪੰਜਾਬੀ ਕਿੱਸਿਆਂ ਵਿੱਚ ਗਿਣਤੀ ਦੇ ਛੰਦਾਂ ਦੀ ਹੀ ਵਰਤੋਂ ਹੋਈ ਹੈ। ਦਵਈਆ, ਬੈਂਤ, ਸੱਦ, ਕਲੀ ਛੰਦ ਹੀ ਜ਼ਿਆਦਾਤਰ ਵਰਤੇ ਗਏ ਹਨ। 'ਬੈਂਤ' ਪੰਜਾਬੀ ਕਿੱਸਾ ਕਾਵਿ ਦਾ ਸਿਰੋਮਣੀ ਛੰਦ ਹੈ ਅਤੇ 'ਵਾਰਿਸ ਸ਼ਾਹ' ਬੈਂਤ ਛੰਦ ਦਾ ਸਰਤਾਜ ਕਿੱਸਾਕਾਰ। 'ਬੈਂਤ' ਛੰਦ ਨੂੰ ਸਭ ਤੋਂ ਵੱਧ ਸਫ਼ਲਤਾ ਤੇ ਪ੍ਰਸਿੱਧੀ ਪ੍ਰਾਪਤ ਹੋਈ ਹੈ। 18ਵੀਂ ਸਦੀ ਦੇ ਪਿਛਲੇ ਅੱਧ ਵਿੱਚ ਕੁਝ ਕਿੱਸਾ ਕਵੀਆਂ ਨੇ ਕੋਰੜਾ, ਸਵੈਯਾ, ਚੌਪਈ, ਕਬਿੱਤ, ਕਾਫੀ, ਬਿਸ਼ਨਪਦੇ, ਕੁੰਡਲੀਆਂ, ਡਿਉਢ ਆਦਿ ਛੰਦਾਂ ਨੂੰ ਵੀ ਵਰਤਿਆ ਹੈ, ਪਰ ਇਸ ਵਿੱਚ ਉਹ ਬਹੁਤ ਜ਼ਿਆਦਾ ਸਫ਼ਲ ਨਹੀਂ ਹੋਏ। ਕਿੱਸਾਕਾਰਾਂ ਨੇ ਹਰ ਛੰਦ ਦੀ ਅੰਤਲੀ ਤੁੱਕ ਵਿੱਚ ਨਿਸ਼ਾਨੀ ਵਜੋਂ ਆਪਣੇ 'ਉਪਨਾਮ' ਦੀ ਵਰਤੋਂ ਵੀ ਕੀਤੀ ਹੈ।

ਕਿੱਸਿਆਂ ਵਿੱਚ ਸ਼ਿੰਗਾਰ, ਕਰੁਣਾ ਅਤੇ ਵੀਰ ਰਸਾਂ ਦੀ ਹੀ ਪ੍ਰਧਾਨਤਾ ਹੈ। ਭਾਵੇਂ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਰਸ ਮੌਜੂਦ ਰਹਿੰਦੇ ਹਨ। ਰੁਮਾਂਸ ਪ੍ਰਧਾਨ ਕਿੱਸਿਆਂ ਵਿੱਚ 'ਅਦਭੁਤ ਰਸ' ਵੇਖਣਯੋਗ ਹੈ। ਪ੍ਰੇਮ ਤੇ ਹੁਸਨ ਇਕ-ਦੂਜੇ ਦੇ ਪੂਰਕ ਹਨ, ਇਸ ਲਈ ਸਰੀਰਕ ਪ੍ਰੇਮ ਦੀ ਗੱਲ ਕਰਨ ਲੱਗਿਆਂ ਹੁਸਨ ਦੇ ਮਹੱਤਵ ਨੂੰ ਸਵੀਕਾਰਿਆ ਜਾਂਦਾ ਹੈ ਅਤੇ ਉਸਨੂੰ ਅੰਤਿਮ ਰੂਪ ਵਿੱਚ ਆਦਰਸ਼ਵਾਦ ਵੱਲ ਮੋੜ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸ਼ਿੰਗਾਰ ਤੋਂ ਬਾਅਦ ਦੁਖਾਂਤ ਨੂੰ ਕਰੁਣਾ ਰਸ ਰਾਹੀਂ ਪ੍ਰਗਟਾਇਆ ਹੈ।

**6. ਭਾਸ਼ਾ-ਸ਼ੈਲੀ–**

ਕਿੱਸਾਕਾਰ 'ਲੋਕ ਕਵੀ' ਦਾ ਦਰਜਾ ਰੱਖਦੇ ਹਨ, ਇਸ ਕਾਰਣ ਉਨ੍ਹਾਂ ਦੀ ਭਾਸ਼ਾ ਵੀ ਲੋਕਾਂ ਦੇ ਪੱਧਰ ਦੀ ਭਾਸ਼ਾ ਹੁੰਦੀ ਹੈ। ਪੰਜਾਬੀ ਕਿੱਸਿਆਂ ਵਿੱਚ ਆਮ ਤੌਰ ਤੇ 'ਕੇਂਦਰੀ ਪੰਜਾਬੀ' ਦੀ ਵਰਤੋਂ ਹੋਈ ਹੈ। ਪਰ ਇਸਦੇ ਨਾਲ-ਨਾਲ ਲਹਿੰਦੀ ਉਪਭਾਸ਼ਾ ਤੇ ਅਰਬੀ-ਫਾਰਸੀ ਸ਼ਬਦਾਵਲੀ ਵੀ ਭਰਪੂਰ ਰੂਪ ਵਿੱਚ ਮਿਲਦੀ ਹੈ। ਅਰਬੀ-ਫਾਰਸੀ ਤਦਭਵ ਤੇ ਤਤਸਮ ਦੋਵਾਂ ਰੂਪਾਂ ਵਿੱਚ ਪ੍ਰਯੋਗ ਹੋਈ ਹੈ। ਪੰਜਾਬੀ ਕਿੱਸਿਆਂ ਵਿੱਚ ਜ਼ਿਆਦਾਤਰ ਕਿੱਸਿਆਂ ਦੀਆਂ ਪ੍ਰੀਤ ਕਥਾਵਾਂ ਸਾਮੀ ਦੇਸ਼ਾਂ ਨਾਲ ਸੰਬੰਧਿਤ ਹਨ, ਜਿਸ ਕਾਰਨ ਉੱਥੋਂ ਦੇ ਸਭਿਆਚਾਰਕ ਵੇਰਵੇ ਪੰਜਾਬੀ ਕਿੱਸਿਆਂ ਵਿੱਚ ਅੰਕਿਤ ਹਨ। ਇਸ ਤੋਂ ਬਿਨਾਂ ਮੁਸਲਮਾਨ ਕਿੱਸਾਕਾਰਾਂ ਅਤੇ ਉਸ ਸਮੇਂ ਦੀ ਰਾਜ ਭਾਸ਼ਾ ਫਾਰਸੀ ਹੋਣ ਕਾਰਣ ਕਿੱਸਿਆਂ ਵਿੱਚ ਇਸਲਾਮੀ ਸਭਿਆਚਾਰਕ ਵੇਰਵੇ ਮਿਲਦੇ ਹਨ। ਹਿੰਦੂ-ਸਿੱਖ ਕਿੱਸਾਕਾਰਾਂ ਦੀਆਂ ਰਚਨਾਵਾਂ ਵਿੱਚ ਭਾਰਤੀ ਸਭਿਆਚਾਰ ਦੀ ਤਸਵੀਰ ਮਿਲਦੀ ਹੈ। ਮਾਲਵੇ ਦੇ ਕਵੀਸ਼ਰਾਂ ਵੱਲੋਂ ਲਿਖੇ ਕਿੱਸਿਆਂ ਜਾਂ ਚਿੱਠਿਆਂ ਵਿੱਚ 'ਮਲਵਈ' ਉਪਭਾਸ਼ਾ ਵਰਤੀ ਗਈ ਹੈ।

ਸ਼ੈਲੀ ਪੱਖੋਂ ਕਿੱਸਿਆਂ ਨੂੰ 'ਵਿਸਤ੍ਰਿਤ' ਅਤੇ 'ਸੂਤ੍ਰਿਕ' ਦੋ ਸ਼ੈਲੀਆਂ ਵਿੱਚ ਵੰਡਿਆ ਜਾਂਦਾ ਹੈ। 'ਵਿਸਤ੍ਰਿਤ ਸ਼ੈਲੀ' ਵਿੱਚ ਕਥਾ ਨੂੰ ਬਹੁਤ ਵਿਸਥਾਰ ਸਹਿਤ ਪੇਸ਼ ਕੀਤਾ ਜਾਂਦਾ ਹੈ। ਵਾਰਿਸ ਸ਼ਾਹ ਦਾ ਕਿੱਸਾ 'ਹੀਰ' ਇਸ ਦੀ ਉੱਤਮ ਮਿਸਾਲ ਹੈ। 'ਸੂਤ੍ਰਿਕ ਸ਼ੈਲੀ' ਵਿੱਚ ਕਥਾ ਨੂੰ ਸੰਖੇਪ ਵਿੱਚ ਬਿਆਨ ਕੀਤਾ ਜਾਂਦਾ ਹੈ। ਕਿੱਸਾਕਾਰ ਦਮੋਦਰ ਤੋਂ ਲੈ ਕੇ ਹਾਸ਼ਮ ਸ਼ਾਹ ਤੱਕ ਇਸ ਦੀ ਵਰਤੋਂ ਹੋਈ ਹੈ। ਕਿੱਸਾਕਾਰਾਂ ਨੇ ਆਪਣੇ ਵੱਖ-ਵੱਖ ਕਿੱਸਿਆਂ ਵਿੱਚ ਵੱਖ-ਵੱਖ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਹਰ ਕਿੱਸਾ ਸ਼ੈਲੀ ਦੀ ਆਪਣੀ ਵੱਖਰੀ ਪਛਾਣ ਹੈ।

ਇਸ ਤਰ੍ਹਾਂ 'ਕਿੱਸਾ' ਆਪਣੇ ਪਿਛੋਕੜ ਵਿੱਚ ਕਾਰਜਸ਼ੀਲ ਤੱਤਾਂ ਅਤੇ ਵਰਗੀਕਰਨ ਪੱਖੋਂ ਮੱਧਕਾਲੀ ਸਾਹਿਤ ਦੀ ਇਕ ਵਿਸ਼ੇਸ਼ ਤੇ ਵਿਲੱਖਣ ਰੂਪ-ਵਿਧਾ ਵਜੋਂ ਪ੍ਰਗਟ ਹੁੰਦਾ ਹੈ। ਨਿਰਸੰਦੇਹ 'ਕਿੱਸਾ ਕਾਵਿ' ਪੰਜਾਬੀ ਮੱਧਕਾਲੀ ਸਾਹਿਤ ਦਾ ਇੱਕ ਅਨਿੱਖੜ ਅੰਗ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਕਿੱਸੇ ਬਾਰੇ ਸੰਖੇਪ ਵਿੱਚ ਜਾਣਕਾਰੀ ਦਿਉ।
2. ਪ੍ਰੀਤ ਅਤੇ ਸਦਾਚਾਰਕ ਕਿੱਸਿਆਂ ਉੱਪਰ ਸੰਖੇਪ ਚਰਚਾ ਕਰੋ।
3. ਕਿੱਸਾ ਕਾਵਿ ਦੇ ਮੁੱਖ ਤੱਤਾਂ ਉੱਪਰ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## (ਸ) ਨਾਵਲ

ਨਾਵਲ ਦੇ ਕੋਸ਼ਗਤ ਅਰਥ ਇਤਾਲਵੀ ਸ਼ਬਦ 'Novella' (ਨੋਵੇਲਾ) ਤੋਂ ਪ੍ਰਗਟ ਹੁੰਦੇ ਹਨ। ਨਾਵਲ ਅੰਗਰੇਜ਼ੀ ਵਿੱਚ Novel (ਨਾਵਲ) ਅਖਵਾਉਂਦਾ ਹੈ। ਪੰਜਾਬੀ ਭਾਸ਼ਾ ਵਿੱਚ ਵੀ ਇਸਦਾ ਪਰਿਆਇਵਾਚੀ ਸ਼ਬਦ 'ਨਾਵਲ' ਹੀ ਹੈ। ਹਿੰਦੀ ਵਿੱਚ ਇਸ ਲਈ 'ਉਪਨਿਆਸ' ਸ਼ਬਦ ਵਰਤਿਆ ਜਾਂਦਾ ਹੈ। ਇਤਾਲਵੀ ਸ਼ਬਦ 'Novella' ਸੋਚੀ ਜਾਂ ਤਾਜ਼ਾ ਬੀਤੀ ਘਟਨਾ ਦੇ ਬਿਆਨ ਦਾ ਅਰਥ ਦਿੰਦਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਨਾਵਲ ਇੱਕ ਅਜਿਹੀ ਰਚਨਾ ਹੈ, ਜਿਸ ਵਿੱਚ ਜੀਵਨ ਦੀ ਕਹਾਣੀ ਨੂੰ ਸਮਕਾਲੀ ਸਮਾਜ ਦੇ ਸੰਦਰਭ ਵਿੱਚ ਨਵੀਨ ਢੰਗ ਨਾਲ ਬਿਆਨ ਕੀਤਾ ਜਾਂਦਾ ਹੈ। ਇਸਦਾ ਭਾਵ ਇਹ ਹੋਇਆ ਕਿ ਨਾਵਲ ਵਿੱਚ 'ਨਵੀਨਤਾ' ਅਤਿ-ਮਹੱਤਵਪੂਰਨ ਤੱਤ ਹੈ।

### ਪਰਿਭਾਸ਼ਾ-

ਨਾਵਲ ਦੀ ਪਰਿਭਾਸ਼ਾ ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਆਪੋ-ਆਪਣੇ ਗਿਆਨ ਮੁਤਾਬਕ ਪੇਸ਼ ਕੀਤੀ ਹੈ।

ਪ੍ਰਸਿੱਧ ਪੱਛਮੀ ਵਿਦਵਾਨ **ਰੈਲਫ਼ ਫੌਕਸ** ਅਨੁਸਾਰ,"ਨਾਵਲ ਜੀਵਨ ਦਾ ਮਹਾਂਕਾਵਿ ਹੈ।"

**ਰਿਚਰਡ ਬਰਨਰ** ਦੇ ਅਨੁਸਾਰ," ਨਾਵਲ ਸਮਕਾਲੀ ਜੀਵਨ ਦਾ ਗੱਦ ਵਿੱਚ ਰਚਿਆ ਅਧਿਐਨ ਹੈ।"

**ਐਚ.ਜੀ.ਵੇਲਜ਼** ਅਨੁਸਾਰ,"ਨਾਵਲ ਇੱਕ ਅਜਿਹਾ ਨਸ਼ਾ ਹੈ, ਜੋ ਉਸ ਸਮੇਂ ਸੇਵਨ ਕੀਤਾ ਜਾਂਦਾ ਹੈ, ਜਦੋਂ ਦਿਮਾਗ ਖਾਲੀ ਹੋਵੇ ਅਤੇ ਮਨੁੱਖ ਕੋਲ ਵਿਹਲ ਹੋਵੇ।

**ਮੋਹਨ ਲਾਲ ਪੰਤ** ਅਨੁਸਾਰ," ਨਾਵਲ ਜੀਵਨ ਦੀ ਪ੍ਰਤੀਕਿਰਿਆ ਹੈ।"

**ਡਾ. ਸ਼ਾਮ ਸੁੰਦਰ** ਅਨੁਸਾਰ," ਮਨੁੱਖ ਦੇ ਯਥਾਰਥਕ ਜੀਵਨ ਦੀ ਕਾਲਪਨਿਕ ਕਥਾ ਨੂੰ ਉਪਨਿਆਸ ਕਿਹਾ ਜਾਂਦਾ ਹੈ।"

ਨਾਵਲਕਾਰ **ਗੁਰਦਿਆਲ ਸਿੰਘ** ਅਨੁਸਾਰ,"ਟੁੱਟਦੇ-ਭੱਜਦੇ ਮਾਨਵੀ ਰਿਸ਼ਤਿਆਂ ਦੀ ਲੰਬੀ ਅਤੇ ਕਲਪਨਾਮਈ ਕਹਾਣੀ ਨੂੰ ਨਾਵਲ ਕਿਹਾ ਜਾਂਦਾ ਹੈ।"

**ਡਾ. ਜਸਵਿੰਦਰ ਸਿੰਘ** ਅਨੁਸਾਰ," ਕਹਾਣੀ ਅਤੇ ਨਾਵਲ ਇੱਕੋ ਹੀ ਮਾਂ-ਬਾਪ ਦੇ ਜਾਏ ਹਨ ਪਰ ਨਾਵਲ ਦਾ ਵਿਕਾਸ ਉਸ ਵਿਚਲੀ ਲੰਬੀ ਅਤੇ ਸਪੱਸ਼ਟ ਕਹਾਣੀ ਕਰਕੇ ਜ਼ਿਆਦਾ ਹੋ ਗਿਆ।"

ਨਾਵਲ ਬਾਰੇ ਉਪਰੋਕਤ ਪਰਿਭਾਸ਼ਾਵਾਂ ਨਾ ਤਾਂ ਪੂਰੇ ਤੌਰ ਤੇ ਪੂਰਨ ਹਨ ਅਤੇ ਨਾ ਹੀ ਅਪੂਰਨ। ਅੱਜ ਤੱਕ ਕੋਈ ਵੀ ਵਿਦਵਾਨ ਨਾਵਲ ਦੀ ਸਪੱਸ਼ਟ ਪਰਿਭਾਸ਼ਾ ਨਹੀਂ ਕਰ ਸਕਿਆ। ਪਰਿਭਾਸ਼ਾਵਾਂ ਦੇ ਰੂਪ ਵਿੱਚ ਜੋ ਕੁਝ ਸਾਡੇ ਸਾਹਮਣੇ ਹੈ, ਉਹ ਵਿਦਵਾਨਾਂ ਦੇ ਮਿਲਦੇ-ਜੁਲਦੇ ਵਿਚਾਰ ਹੀ ਹਨ।

ਅਸੀਂ ਕਹਿ ਸਕਦੇ ਹਾਂ ਕਿ ਨਾਵਲ ਇੱਕ ਲੰਬੀ ਅਤੇ ਸਾਹਿਤਕ ਰਚਨਾ ਹੈ। ਜਿਸ ਵਿੱਚ ਜ਼ਿੰਦਗੀ ਦੀ ਕਹਾਣੀ ਦਾ ਵਿਸ਼ਲੇਸ਼ਣ ਪਾਤਰਾਂ, ਘਟਨਾਵਾਂ, ਕਹਾਣੀ, ਵਾਰਤਾਲਾਪ ਤੇ ਭਾਸ਼ਾ ਦੁਆਰਾ ਕੋਈ ਨਾਵਲਕਾਰ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਇਹ ਸਾਰਾ ਕੁਝ ਯਥਾਰਥਕ ਨਾ ਹੁੰਦਾ ਹੋਇਆ ਵੀ ਯਥਾਰਥਕ ਲਗਦਾ ਹੈ।

ਉਪਰੋਕਤ ਗੱਲਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਨਾਵਲੀ ਰਚਨਾ ਵਿੱਚ ਆਪਸੀ ਵਿਰੋਧਾਭਾਸ ਛਾਇਆ ਰਹਿੰਦਾ ਹੈ। ਇੱਕ ਪਾਸੇ ਤਾਂ ਯਥਾਰਥਕ ਜੀਵਨ ਦਾ ਜ਼ਿਕਰ ਕੀਤਾ ਗਿਆ ਹੁੰਦਾ ਹੈ ਅਤੇ ਦੂਜੇ ਪਾਸੇ ਕਾਲਪਨਿਕ ਸੰਸਾਰ ਦੀ ਗੱਲ ਕੀਤੀ ਗਈ ਹੁੰਦੀ ਹੈ।

### ਤੱਤ-

ਨਾਵਲ ਸਾਹਿਤ ਦਾ ਅਜਿਹਾ ਪ੍ਰਮੁੱਖ ਅਤੇ ਮਹੱਤਵਪੂਰਨ ਰੂਪ ਹੈ। ਜਿਸ ਵਿੱਚ ਜੀਵਨ ਦੀ ਵਾਸਤਵਿਕਤਾ ਨੂੰ ਪੇਸ਼ ਕੀਤਾ ਗਿਆ ਹੁੰਦਾ ਹੈ। ਨਾਵਲਕਾਰ ਆਪਣੇ ਆਲੇ-ਦੁਆਲੇ ਜੋ ਵੀ ਚੰਗਾ ਜਾਂ ਮਾੜਾ ਵੇਖਦਾ ਹੈ, ਉਸਨੂੰ ਉਹ ਕਾਲਪਨਿਕ ਵਿਸ਼ਲੇਸ਼ਣ ਵਿੱਚੋਂ ਲੰਘਾ ਕੇ ਇੱਕ ਕਲਾਕਾਰ ਵਾਂਗ ਕਹਾਣੀ ਦਾ ਆਕਾਰ ਦੇ ਦਿੰਦਾ ਹੈ। ਜੋ ਕੁਝ ਵੀ ਉਸਨੂੰ ਵਿਰਸੇ ਵਿੱਚੋਂ ਪ੍ਰਾਪਤ ਹੋਇਆ ਹੁੰਦਾ ਹੈ, ਉਸਨੂੰ ਆਪਣੀ ਨਾਵਲ ਦੀ ਕਹਾਣੀ ਦਾ ਆਧਾਰ ਬਣਾਉਂਦਾ ਹੈ। ਇਸ ਸਾਰੇ ਕੁਝ ਨੂੰ ਪ੍ਰਗਟ ਕਰਨ ਲਈ ਉਹ ਪਾਤਰ,



Downloaded from https:// www.studiestoday.com

Downloaded from https:// www.studiestoday.com

ਪਲਾਟ, ਵਾਰਤਾਲਾਪ, ਭਾਸ਼ਾ, ਸ਼ੈਲੀ, ਸੰਵਾਦ, ਉਦੇਸ਼(ਮੰਤਵ) ਆਦਿ ਨੂੰ ਆਧਾਰ ਬਣਾਉਂਦਾ ਹੈ। ਨਾਵਲ ਦੇ ਮੁੱਖ ਤੱਤਾਂ ਦਾ ਜ਼ਿਕਰ ਹੇਠਾਂ ਕੀਤਾ ਜਾ ਰਿਹਾ ਹੈ:-

**1. ਪਲਾਟ-**

ਨਾਵਲੀ ਰਚਨਾ ਦੀ ਪ੍ਰਮੁੱਖ ਵਸਤੂ ਨਾਵਲ ਦਾ ਪਲਾਟ ਹੁੰਦਾ ਹੈ। ਨਾਵਲ ਦੀ ਕਹਾਣੀ ਨੂੰ ਤਰਤੀਬ ਵਿੱਚ ਬੰਨ੍ਹ ਕੇ ਪਲਾਟ ਰਾਹੀਂ ਹੀ ਪੇਸ਼ ਕੀਤਾ ਜਾਂਦਾ ਹੈ। ਪਲਾਟ ਨਾਵਲੀ ਥੀਮ ਦੇ ਸੰਗਠਨ ਦਾ ਹੀ ਨਾਂ ਹੈ। ਕੁਝ ਲੋਕ ਕਹਾਣੀ ਨੂੰ ਵੀ 'ਪਲਾਟ' ਕਹਿ ਦਿੰਦੇ ਹਨ।

**ਹਡਸਨ** ਦੇ ਅਨੁਸਾਰ ਪਲਾਟ ਨੂੰ ਖੇਤਰ ਦੇ ਆਧਾਰ ਤੇ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਭਾਗ ਮੂਲ ਕਥਾ ਨਾਲ ਸੰਬੰਧਿਤ ਹੁੰਦਾ ਹੈ ਅਤੇ ਦੂਜਾ ਸਹਾਇਕ ਕਥਾ ਨਾਲ। ਸਫ਼ਲ ਪਲਾਟ ਵਿੱਚ ਸੁਭਾਵਿਕਤਾ, ਰੌਚਕਤਾ, ਮੌਲਿਕਤਾ ਦਾ ਅੰਸ਼ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ।

**2. ਪਾਤਰ ਉਸਾਰੀ-**

ਪਾਤਰ ਨਾਵਲ ਦੇ ਅਹਿਮ ਤੱਤ ਵਜੋਂ ਵਿਚਰਦੇ ਹਨ। ਪਾਤਰ ਹੀ ਘਟਨਾਵਾਂ ਨੂੰ ਸਿਰਜਦੇ ਅਤੇ ਭੋਗਦੇ ਹਨ। ਨਾਵਲ ਦਾ ਸਿੱਧਾ ਸੰਬੰਧ ਮਨੁੱਖੀ ਜ਼ਿੰਦਗੀ ਨਾਲ ਹੁੰਦਾ ਹੈ। ਇਸ ਲਈ ਕਿਸੇ ਵੀ ਨਾਵਲ ਦੇ ਪਾਤਰ ਸਾਨੂੰ ਰੋਜ਼ਾਨਾ ਜਿੰਦਗੀ ਵਿੱਚ ਸਾਡੇ ਆਸੇ-ਪਾਸੇ ਮਿਲ ਜਾਂਦੇ ਹਨ। ਭਾਵ ਪਾਤਰ ਹੱਡ-ਮਾਸ ਦੇ, ਜਿਉਂਦੇ ਜਾਗਦੇ, ਦੁੱਖ-ਸੁੱਖ ਸਹਿੰਦੇ ਹੋਣੇ ਚਾਹੀਦੇ ਹਨ। ਪਾਤਰਾਂ ਦੀ ਅੰਦਰੂਨੀ ਸੋਚ ਅਤੇ ਬਾਹਰਲੀ ਪੌਸ਼ਾਕ ਦਾ ਤਾਲਮੇਲ ਹੋਣਾ ਚਾਹੀਦਾ ਹੈ।

ਪਾਤਰਾਂ ਦਾ ਸੁਭਾਅ ਵਿਹਾਰਕ ਅਤੇ ਕੁਦਰਤੀ ਕਿਸਮ ਦਾ ਹੋਣਾ ਚਾਹੀਦਾ ਹੈ। ਆਧੁਨਿਕ ਨਾਵਲਕਾਰ ਜ਼ਿਆਦਾਤਰ ਬੌਧਿਕ ਕਿਸਮ ਦੇ ਪਾਤਰ ਸਿਰਜਦੇ ਹਨ। ਇਹ ਪਾਤਰ ਆਮ ਪਾਠਕ ਦੀ ਸਮਝ ਤੋਂ ਬਾਹਰ ਹੁੰਦੇ ਹਨ। ਪਾਤਰ ਦੀ ਪ੍ਰਵਿਰਤੀ ਅਤੇ ਪ੍ਰਕਿਰਤੀ ਅਨੁਸਾਰ ਹੀ ਉਸਦਾ ਕਾਰਜ ਹੋਣਾ ਚਾਹੀਦਾ ਹੈ।

**3. ਵਾਰਤਾਲਾਪ ਜਾਂ ਸੰਵਾਦ-**

ਨਾਵਲ ਵਿੱਚ ਵਾਰਤਾਲਾਪ ਜਾਂ ਸੰਵਾਦ ਨਾਟਕ ਵਾਂਗ ਕੇਂਦਰੀ ਮਹੱਤਤਾ ਨਹੀਂ ਰੱਖਦੇ। ਇਸਦੇ ਬਾਵਜੂਦ ਵੀ ਇਹ ਆਪਣੀ ਉਪਯੋਗਿਤਾ ਰੱਖਦੇ ਹਨ। ਇਹ ਘਟਨਾਵਾਂ ਨੂੰ ਸੁਭਾਵਕ ਰੂਪ ਵਿੱਚ ਆਪਸ ਵਿੱਚ ਜੋੜਦੇ ਹਨ। ਨਾਵਲੀ ਕਥਾ ਨੂੰ ਗਤੀ ਬਖਸ਼ਦੇ ਹਨ, ਪਾਤਰਾਂ ਦੀ ਉਸਾਰੀ ਕਰਦੇ ਹਨ ਅਤੇ ਨਾਵਲ ਨੂੰ ਸੇਧ ਪ੍ਰਦਾਨ ਕਰਦੇ ਹਨ। ਅਰਥਹੀਨ ਸੰਵਾਦ ਦਾ ਨਾਵਲ ਵਿੱਚ ਕੋਈ ਥਾਂ ਨਹੀਂ ਹੁੰਦਾ।

ਵਿਦਵਾਨਾਂ ਅਨੁਸਾਰ ਨਾਵਲੀ ਰਚਨਾ ਦੇ ਵਾਰਤਾਲਾਪ ਸੁਭਾਵਕ ਹੋਣੇ ਚਾਹੀਦੇ ਹਨ। ਇਹ ਸਥਿਤੀ ਅਤੇ ਵਾਤਾਵਰਨ ਦੇ ਅਨੁਰੂਪ ਹੀ ਸਿਰਜੇ ਜਾਣੇ ਚਾਹੀਦੇ ਹਨ।

**4. ਵਾਤਾਵਰਨ ਜਾਂ ਦੇਸ਼ਕਾਲ-**

ਵਾਤਾਵਰਨ ਅਤੇ ਦੇਸ਼ਕਾਲ ਕਿਸੇ ਵੀ ਸਾਹਿਤਕ ਰਚਨਾ ਵਿੱਚ ਵਿਸ਼ੇਸ਼ ਥਾਂ ਰੱਖਦੇ ਹਨ। ਨਾਵਲ ਵਿੱਚ ਵੀ ਇਹਨਾਂ ਦਾ ਅਹਿਮ ਸਥਾਨ ਹੁੰਦਾ ਹੈ। ਨਾਵਲ ਵਿਚਲੇ ਪਾਤਰਾਂ ਅਤੇ ਕਹਾਣੀ ਨੂੰ ਸੁਭਾਵਕ ਰੂਪ ਪ੍ਰਦਾਨ ਕਰਨ ਵਿੱਚ ਵਾਤਾਵਰਨ ਅਤੇ ਦੇਸ਼ਕਾਲ ਸਹਾਈ ਹੁੰਦਾ ਹੈ। ਸਫ਼ਲ ਵਾਤਾਵਰਨ ਤਾਂ ਹੀ ਉਸਾਰਿਆ ਜਾ ਸਕਦਾ ਹੈ ਜੇ ਨਾਵਲਕਾਰ ਨੂੰ ਘਟਨਾ ਦਾ ਸਹੀ ਸਥਾਨ, ਸਮਾਂ ਅਤੇ ਸਮਕਾਲੀ ਪ੍ਰਸਥਿਤੀਆਂ ਦਾ ਗਿਆਨ ਹੋਵੇ। ਇਤਿਹਾਸਕ ਨਾਵਲਾਂ ਵਿੱਚ ਇਹ ਦੋਨੋਂ ਚੀਜ਼ਾਂ ਕਹਾਣੀ ਦੀ ਆਤਮਾ ਮੰਨੀਆਂ ਜਾਂਦੀਆਂ ਹਨ। ਜੇਕਰ ਇਤਿਹਾਸਕ ਪਾਤਰ ਨੂੰ, ਜੋ ਕਿ ਪੁਰਾਣੇ ਸਮੇਂ ਵਿੱਚ ਪੈਦਾ ਹੋਇਆ ਹੈ, ਕੋਟ-ਪੈਂਟ ਪਾ ਕੇ ਨਾਵਲੀ ਰਚਨਾ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਸਮਕਾਲੀ ਸਮੇਂ ਨਾਲ ਮੇਲ ਨਹੀਂ ਖਾਏਗਾ ਅਤੇ ਨਾਵਲਕਾਰ ਦੀ ਇਤਿਹਾਸ ਪ੍ਰਤੀ ਅਗਿਆਨਤਾ ਦਾ ਸੂਚਕ ਹੋਵੇਗਾ।

**5. ਉਦੇਸ਼ ਜਾਂ ਮੰਤਵ-**

ਕਿਸੇ ਵੀ ਰਚਨਾ ਨੂੰ ਲਿਖਣ ਲੱਗਿਆਂ ਰਚਨਾਕਾਰ ਆਪਣੇ ਸਾਹਮਣੇ ਕੋਈ ਨਾ ਕੋਈ ਉਦੇਸ਼ ਜਾਂ



Downloaded from https:// www.studiestoday.com

Downloaded from https:// www.studiestoday.com

ਮੰਤਵ ਜ਼ਰੂਰ ਰੱਖਦਾ ਹੈ। ਉਦੇਸ਼ ਜਾਂ ਮੰਤਵ ਤੋਂ ਰਹਿਤ ਕੋਈ ਵੀ ਰਚਨਾ ਉਤਕ੍ਰਿਸ਼ਟ ਰਚਨਾ ਨਹੀਂ ਹੋ ਸਕਦੀ। ਰਚਨਾਕਾਰ ਨੇ ਪਾਠਕ ਨੂੰ ਕੁੱਝ ਗੱਲਾਂ ਚੇਤੇ ਕਰਵਾਉਣੀਆਂ ਹੁੰਦੀਆਂ ਹਨ ਅਤੇ ਕੁੱਝ ਗੱਲਾਂ ਉਸਦੇ ਦਿਮਾਗ ਵਿੱਚੋਂ ਕੱਢਣੀਆਂ ਹੁੰਦੀਆਂ ਹਨ। ਇਸ ਕਰਕੇ ਉਹ ਆਪਣੇ ਮੰਤਵ ਜਾਂ ਉਦੇਸ਼ ਨੂੰ ਸੁੱਤੇ-ਸਿੱਧ ਹੀ ਰਚਨਾ ਵਿੱਚ ਪੇਸ਼ ਕਰ ਦਿੰਦਾ ਹੈ।

**6. ਸ਼ੈਲੀ-**

ਹਰ ਸਾਹਿੱਤਕਾਰ ਆਪਣੇ ਆਪ ਦੀ ਇੱਕ ਸ਼ੈਲੀ ਰੱਖਦਾ ਹੈ। ਜੋ ਦੂਜੇ ਸਾਹਿਤਕਾਰਾਂ ਨਾਲੋਂ ਵੱਖਰੀ ਵੀ ਹੁੰਦੀ ਹੈ ਅਤੇ ਨਿੱਜੀ ਵੀ ਹੁੰਦੀ ਹੈ। ਜਿਸ ਤਰ੍ਹਾਂ ਲੰਬੇ ਕੱਦ ਵਾਲਾ, ਮਧਰੇ ਕੱਦ ਵਾਲੇ ਦੇ ਕੱਪੜੇ ਲੈ ਕੇ ਪਾ ਨਹੀਂ ਸਕਦਾ, ਉਸੇ ਤਰ੍ਹਾਂ ਕੋਈ ਲੇਖਕ ਉਧਾਰੀ ਸ਼ੈਲੀ ਨਹੀਂ ਵਰਤ ਸਕਦਾ। ਨਾਵਲ ਕਈ ਤਰ੍ਹਾਂ ਦੀਆਂ ਸ਼ੈਲੀਆਂ ਵਿੱਚ ਲਿਖਿਆ ਜਾਂਦਾ ਹੈ। ਜਿਵੇਂ:- ਪੱਤਰ ਸ਼ੈਲੀ, ਕਥਾ-ਸ਼ੈਲੀ, ਆਤਮ-ਕਥਾ ਸ਼ੈਲੀ, ਡਾਇਰੀ ਸ਼ੈਲੀ ਆਦਿ। ਹਰ ਨਾਵਲਕਾਰ ਆਪੋ-ਆਪਣੀ ਸ਼ੈਲੀ ਦੇ ਢੰਗ ਅਨੁਸਾਰ ਰਚਨਾ ਦੀ ਸ਼ੁਰੂਆਤ ਕਰਦੇ ਹਨ। ਕੋਈ ਅੰਤ ਤੋਂ ਸ਼ੁਰੂ ਵੱਲ ਚਲਦਾ ਹੈ। ਕੋਈ ਮੱਧ ਤੋਂ ਅੰਤ ਵੱਲ ਚਲਦਾ ਹੈ।

ਸਮੁੱਚੇ ਰੂਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਨਾਵਲ ਆਧੁਨਿਕ ਕਾਲ ਦਾ ਇੱਕ ਮੁੱਖ ਸਾਹਿਤ ਰੂਪ ਹੈ। ਜਿਹੜਾ ਜ਼ਿੰਦਗੀ ਦੇ ਹਰ ਪੱਖ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ। ਇਸੇ ਕਾਰਨ ਨਾਵਲ ਨੂੰ ਆਧੁਨਿਕ ਯੁੱਗ ਦਾ 'ਮਹਾਂਕਾਵਿ' ਦੀ ਉਪਮਾ ਦਿੱਤੀ ਜਾਂਦੀ ਹੈ।

## ਅਭਿਆਸ-ਪ੍ਰਸ਼ਨ

1. ਨਾਵਲ ਦੀ ਪਰਿਭਾਸ਼ਾ ਦਿੰਦੇ ਹੋਏ ਇਸਦੇ ਸ਼ਾਬਦਿਕ ਅਰਥਾਂ ਉੱਪਰ ਚਾਨਣਾ ਪਾਉ।
2. ਨਾਵਲ ਦੇ ਤੱਤਾਂ ਉੱਪਰ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## (ਹ) ਜੀਵਨੀ

ਜੀਵਨੀ ਆਧੁਨਿਕ ਪੰਜਾਬੀ ਵਾਰਤਕ ਸਾਹਿਤ ਦੀ ਪ੍ਰਮੁੱਖ ਵੰਨਗੀ ਹੈ। ਕਿਸੇ ਖਾਸ ਵਿਅਕਤੀ ਦੇ ਜੀਵਨ ਬਿਰਤਾਂਤ ਦੀ ਕਲਾਤਮਕ ਉਸਾਰੀ 'ਜੀਵਨੀ' ਅਖਵਾਉਂਦੀ ਹੈ। ਇਹ ਪੁਰਾਤਨ ਵਾਰਤਕ ਰੂਪਾਂ ਸਾਖੀ, ਜਨਮਸਾਖੀ, ਗੋਸ਼ਟਾਂ, ਪਰਚੀਆਂ, ਬਚਨ ਆਦਿ ਦਾ ਵਿਕਸਤ ਰੂਪ ਹੈ। ਯੁੱਗ ਦੀ ਤਬਦੀਲੀ ਵਿਸ਼ੇਗਤ ਧਰਾਤਲਾਂ ਨੂੰ ਵੀ ਤਬਦੀਲ ਕਰਦੀ ਹੈ। ਪੁਰਾਤਨ ਸਮੇਂ ਮਹਾਨ ਧਾਰਮਕ ਆਗੂਆਂ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਤ ਹੀ ਜੀਵਨੀਆਂ ਲਿਖੀਆਂ ਜਾਂਦੀਆਂ ਰਹੀਆਂ ਹਨ, ਪਰ ਆਧੁਨਿਕ ਸਮੇਂ ਰਾਜਸੀ, ਧਾਰਮਕ, ਇਤਿਹਾਸਕ, ਸਮਾਜਕ ਆਦਿ ਕਿਸੇ ਵੀ ਖੇਤਰ ਨਾਲ ਸੰਬੰਧਤ ਸ੍ਰੇਸ਼ਠ ਵਿਅਕਤਿਤਵ ਦੀ ਜੀਵਨ ਕਥਾ ਨੂੰ ਵੀ ਚਾਨਣ-ਮੁਨਾਰੇ ਵਜੋਂ ਚਿਤਰਿਤ ਕੀਤਾ ਜਾ ਸਕਦਾ ਹੈ।

### ਅਰਥ ਅਤੇ ਪਰਿਭਾਸ਼ਾ-

'ਜੀਵਨੀ' ਅੰਗਰੇਜ਼ੀ ਸ਼ਬਦ 'ਬਾਇਓਗ੍ਰਾਫੀ' ਦਾ ਸਮਾਨਾਰਥਕ ਹੈ। ਇਹ ਦੋ ਸ਼ਬਦ-ਜੁੱਟਾਂ 'ਬਾਇਓ' ਭਾਵ ਜੀਵਨ ਅਤੇ 'ਗ੍ਰਾਫ਼ੀ' ਭਾਵ ਰਚਨਾ ਦੇ ਮੇਲ ਨਾਲ ਬਣਿਆ ਹੈ। ਜਿਸ ਤੋਂ ਭਾਵ ਜੀਵਨ ਕਥਾ ਦੀ ਰਚਨਾ ਤੋਂ ਲਿਆ ਜਾਂਦਾ ਹੈ।

ਜੀਵਨ ਕਥਾ ਦੀ ਸਾਹਿਤਕ ਪੱਧਰ ਤੇ ਉਸਾਰੀ ਕਿਸੇ ਦੂਜੇ ਵਿਅਕਤੀ ਦੁਆਰਾ ਕੀਤੀ ਜਾਂਦੀ ਹੈ। ਉਸ ਵਿੱਚ ਲੇਖਕ ਦੇ ਆਪਣੇ ਜੀਵਨ ਨਾਲ ਸੰਬੰਧਤ ਵੇਰਵੇ ਕੋਈ ਮਹੱਤਵ ਨਹੀਂ ਰੱਖਦੇ। ਜੀਵਨੀਕਾਰ ਸੰਬੰਧਤ ਸ਼ਖ਼ਸੀਅਤ ਦੇ ਜੀਵਨ-ਬਿਉਰੇ ਦਾ ਵਰਨਣ ਯਾਦਾਂ, ਅਨੁਭਵਾਂ, ਹੱਡਬੀਤੀਆਂ, ਜੱਗਬੀਤੀਆਂ ਆਦਿ ਘਟਨਾਵਾਂ ਨੂੰ ਆਧਾਰ ਬਣਾ ਕੇ ਕਰਦਾ ਹੈ। ਉਸ ਸ਼ਖ਼ਸੀਅਤ ਨਾਲ ਸੰਬੰਧਤ ਗ੍ਰੰਥ, ਚਿੱਠੀਆਂ, ਡਾਇਰੀਆਂ, ਜਿਉਂਦੇ ਵਿਅਕਤੀਆਂ ਤੋਂ ਪ੍ਰਾਪਤ ਸਮੱਗਰੀ ਅਤੇ ਸੂਚਨਾਵਾਂ, ਵਿਅਕਤੀ ਦੇ ਨਿਵਾਸ ਸਥਾਨ ਦੀ ਯਾਤਰਾ ਆਦਿ ਵੀ ਉਸ ਦੀ ਜੀਵਨ ਕਥਾ ਸੰਬੰਧੀ ਤੱਥ ਮੁਹੱਈਆ ਕਰਾਉਂਦੇ ਹਨ। ਜਿੰਨ੍ਹਾਂ ਦੀ ਨਿਰਪੱਖ ਘੋਖ ਪੜਤਾਲ ਕਰਕੇ ਹੀ ਜੀਵਨ ਦੀ ਅਸਲ ਸੱਚਾਈ ਤੱਕ ਪਹੁੰਚਿਆ ਜਾ ਸਕਦਾ ਹੈ।

ਜੀਵਨੀ ਸੰਬੰਧੀ ਵੱਖ-ਵੱਖ ਵਿਦਵਾਨਾਂ/ਚਿੰਤਕਾਂ ਨੇ ਆਪਣੇ ਵਿਚਾਰ ਪ੍ਰਗਟਾਏ ਹਨ, ਜਿੰਨ੍ਹਾਂ ਦੀ ਰੋਸ਼ਨੀ ਵਿੱਚ ਜੀਵਨੀ ਦੇ ਅਸਲ ਸਰੂਪ ਨੂੰ ਸਮਝਿਆ ਜਾ ਸਕਦਾ ਹੈ।

**ਐਨਸਾਈਕਲੋਪੀਡੀਆ ਬ੍ਰਿਟੇਨਿਕਾ** ਅਨੁਸਾਰ, " ਜੀਵਨੀ ਉਹ ਬਿਰਤਾਂਤ ਹੈ, ਜਿਸ ਵਿੱਚ ਕਿਸੇ ਵਿਅਕਤੀ ਦੇ ਜੀਵਨ ਦੀਆਂ ਗਤੀਵਿਧੀਆਂ ਨੂੰ ਸਚੇਤ ਰੂਪ ਵਿੱਚ ਕਲਾਤਮਕ ਢੰਗ ਨਾਲ ਲਿਪੀਬੱਧ ਕੀਤਾ ਗਿਆ ਹੋਵੇ ਅਤੇ ਉਸ ਦੇ ਵਿਅਕਤਿਤਵ ਨੂੰ ਪੁਨਰ-ਸਿਰਜਿਤ ਕੀਤਾ ਗਿਆ ਹੋਵੇ। ਇਤਿਹਾਸ ਦੇ ਮੁਕਾਬਲੇ ਜੀਵਨੀ ਵਿਅਕਤੀ ਦਾ ਵਰਨਣ ਕਰਦੀ ਹੈ ਅਤੇ ਗਲਪ ਦੇ ਮੁਕਾਬਲੇ ਇਹ ਉਸ ਜੀਵਨ ਨੂੰ ਕਲਮਬੱਧ ਕਰਦੀ ਹੈ, ਜਿਹੜਾ ਵਾਸਤਵਿਕ ਰੂਪ ਵਿੱਚ ਹੋਂਦ ਵਿੱਚ ਆ ਚੁੱਕਿਆ ਹੋਵੇ।"

**ਪ੍ਰਸਿੱਧ ਵਿਦਵਾਨ ਸਿਪਲੇ** ਅਨੁਸਾਰ, "ਜੀਵਨੀ ਕਿਸੇ ਵਿਅਕਤੀ ਦੀਆਂ ਜੀਵਨ ਘਟਨਾਵਾਂ ਦਾ ਵਰਣਨ ਹੁੰਦਾ ਹੈ। ਆਪਣੇ ਆਦਰਸ਼ ਰੂਪ ਵਿੱਚ ਇਹ ਯਤਨਾਂ ਨਾਲ ਲਿਖਿਆ ਗਿਆ ਇਤਿਹਾਸ ਹੈ। ਜਿਸ ਤੋਂ ਵਿਅਕਤੀ ਦੇ ਸੰਪੂਰਨ ਜੀਵਨ ਜਾਂ ਉਸ ਦੇ ਕਿਸੇ ਅੰਸ਼ ਨਾਲ ਸੰਬੰਧਤ ਗੱਲਾਂ ਦਾ ਵਰਣਨ ਮਿਲਦਾ ਹੈ। ਇਹ ਵਿਸ਼ੇਸ਼ਤਾਈਆਂ ਉਸ ਨੂੰ ਸਾਹਿਤਕ ਰੂਪ ਦਾ ਦਰਜਾ ਪ੍ਰਦਾਨ ਕਰਦੀਆਂ ਹਨ।"

ਜੀਵਨੀ ਕੀ ਹੈ ? ਬਾਰੇ ਚਰਚਾ ਕਰਦਿਆਂ **ਡਾ. ਪ੍ਰੇਮ ਪ੍ਰਕਾਸ਼ ਸਿੰਘ** ਲਿਖਦਾ ਹੈ, "ਜੀਵਨੀ ਘਟਨਾਵਾਂ ਦਾ ਸਥੂਲ ਵੇਰਵਾ ਨਹੀਂ ਹੈ, ਬਲਕਿ ਸਫ਼ਲ ਜੀਵਨੀ ਵਿੱਚ ਨਾਇਕ ਦੇ ਜੀਵਨ ਵਿੱਚ ਲੁਕੇ-



Downloaded from https:// www.studiestoday.com

Downloaded from https:// www.studiestoday.com

ਛਿਪੇ ਉਸ ਦੇ ਵਿਕਾਸ ਨੂੰ, ਉਸ ਦੀ ਸ਼ਖ਼ਸੀਅਤ ਦੇ ਗੁੱਝੇ ਭੇਤ ਨੂੰ ਅਤੇ ਉਸ ਦੀ ਪ੍ਰਮੁੱਖ ਜੀਵਨ ਧਾਰਾ ਨੂੰ ਖੋਲ੍ਹ ਕੇ ਪਾਠਕਾਂ ਦੇ ਸਾਹਮਣੇ ਸਾਕਾਰ ਕੀਤਾ ਜਾਂਦਾ ਹੈ, ਇਹੋ ਜੀਵਨੀ ਕਲਾ ਹੈ।"

## ਜੀਵਨੀ ਦਾ ਵਰਗੀਕਰਨ

ਪੰਜਾਬੀ ਜੀਵਨੀ ਸਾਹਿਤ ਦੀ ਵਰਗ-ਵੰਡ ਨਾਲ ਸੰਬੰਧਤ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਮਤ ਮਿਲਦੇ ਹਨ। ਅਨੇਕ ਪ੍ਰਕਾਰ ਦੀਆਂ ਵਰਗ-ਵੰਡਾਂ ਦਾ ਵਿਸ਼ਲੇਸ਼ਣ ਕਰਦੇ ਹੋਏ **ਡਾ. ਧਰਮਪਾਲ ਸਿੰਗਲ** ਆਪਣੀ ਪੁਸਤਕ 'ਪੰਜਾਬੀ ਜੀਵਨੀ' ਵਿੱਚ ਪੰਜਾਬੀ ਜੀਵਨੀਆਂ 'ਚ ਵਿੱਦਮਾਨ ਗੁਣਾਂ ਅਤੇ ਸੁਭਾਅ ਦੇ ਅਨੁਸਾਰ ਇਹਨਾਂ ਦੀ ਵਰਗ ਵੰਡ ਹੇਠ ਲਿਖੇ ਅਨੁਸਾਰ ਕਰਦੇ ਹਨ:

(ੳ) ਇਤਿਹਾਸਕ ਜੀਵਨੀ

(ਅ) ਰਾਜਨੀਤਿਕ ਜੀਵਨੀ

(ੲ) ਧਾਰਮਕ ਜੀਵਨੀ

(ਸ) ਸਮਾਜਕ ਜੀਵਨੀ

(ਹ) ਸਾਹਿਤਕ ਜੀਵਨੀ

(ਕ) ਰਾਸ਼ਟਰੀ ਜੀਵਨੀ

(ਖ) ਸੰਪਰਦਾਇਕ ਜੀਵਨੀ

(ਗ) ਫੁਟਕਲ ਜੀਵਨੀਆਂ

## ਜੀਵਨੀ ਦੇ ਤੱਤ-

ਜੀਵਨੀ ਦੇ ਤੱਤਾਂ ਸੰਬੰਧੀ ਵੱਖ-ਵੱਖ ਵਿਦਵਾਨਾਂ ਨੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਅਸੀਂ ਸਾਰੇ ਵਿਦਵਾਨਾਂ ਵੱਲੋਂ ਦੱਸੇ ਗਏ ਤੱਤਾਂ ਦੇ ਨਿਚੋੜ ਰੂਪ ਵਿੱਚ ਜੀਵਨੀ ਦੇ ਤੱਤ ਨਿਸ਼ਚਿਤ ਕਰ ਸਕਦੇ ਹਾਂ। ਇਸ ਸੰਬੰਧੀ ਡਾ. ਰਤਨ ਸਿੰਘ ਜੱਗੀ ਦੁਆਰਾ ਆਪਣੀ ਪੁਸਤਕ 'ਸਾਹਿਤ ਦੇ ਰੂਪ' ਵਿੱਚ ਦਿੱਤੇ ਗਏ ਜੀਵਨੀ ਦੇ ਪੰਜ ਤੱਤਾਂ- ਜੀਵਨ-ਬ੍ਰਿਤਾਂਤ, ਇਤਿਹਾਸਕਤਾ, ਨਾਇਕ, ਵਾਤਾਵਰਨ ਅਤੇ ਭਾਸ਼ਾ-ਸ਼ੈਲੀ ਨੂੰ ਸਾਰ ਰੂਪ ਵਿੱਚ ਪ੍ਰਸਤੁੱਤ ਕਰ ਸਕਦੇ ਹਾਂ। ਇੰਨਾਂ ਤੱਤਾਂ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ-

### 1. ਜੀਵਨ ਬਿਰਤਾਂਤ-

ਜੀਵਨੀ ਆਪਣੇ ਨਾਇਕ ਦੇ ਜੀਵੇ ਹੋਏ ਜੀਵਨ ਬਿਰਤਾਂਤ ਨੂੰ ਪੇਸ਼ ਕਰਦੀ ਹੈ। ਇਸ ਦੀ ਕਥਾ-ਵਸਤੂ ਜੀਵਨੀ ਨਾਇਕ ਦੀ ਜੀਵਨ-ਕਹਾਣੀ ਉੱਪਰ ਆਧਾਰਤ ਹੋਣ ਕਾਰਨ ਇਸ ਵਿੱਚ ਕਲਪਨਾ ਦੀ ਬਹੁਤੀ ਗੁੰਜਾਇਸ਼ ਸੰਭਵ ਨਹੀਂ। ਘਟਨਾਵਾਂ ਨੂੰ ਵਿਵਸਥਿਤ ਤੇ ਰੌਚਕਤਾ ਭਰਪੂਰ ਬਣਾਉਣ ਲਈ ਕਲਪਨਾ ਦਾ ਥੋੜ੍ਹਾ ਬਹੁਤ ਉਪਯੋਗ ਕੀਤਾ ਜਾ ਸਕਦਾ ਹੈ। ਪਰੰਤੂ ਮਨੋਕਲਪਿਤ ਤੱਥਾਂ ਦੀ ਪੇਸ਼ਕਾਰੀ ਦੁਆਰਾ



Downloaded from https:// www.studiestoday.com

Downloaded from https:// www.studiestoday.com

ਜੀਵਨੀ ਦੀ ਪ੍ਰਮਾਣਿਕਤਾ ਸੰਦੇਹ ਦੇ ਘੇਰੇ ਵਿੱਚ ਆ ਜਾਂਦੀ ਹੈ। ਇਸ ਲਈ ਜੀਵਨੀਕਾਰ ਨੂੰ ਜੀਵਨੀ ਨਾਇਕ ਦੇ ਜੀਵਨ ਤੱਥਾਂ ਸੰਬੰਧੀ ਪ੍ਰਮਾਣਾਂ ਨੂੰ ਗਹੁ ਨਾਲ ਪਛਾਣ ਕੇ ਹੀ ਵਰਤਣਾ ਚਾਹੀਦਾ ਹੈ। ਇਸੇ ਤੱਥ ਨੂੰ ਡਾ. ਪ੍ਰੇਮ ਪ੍ਰਕਾਸ਼ ਸਿੰਘ ਜੀ 'ਸੱਚ ਦੀ ਭਾਲ' ਅਧੀਨ ਜੀਵਨੀ ਦੇ ਤੱਤ ਵਿੱਚ ਵਿਚਾਰਦੇ ਹਨ। ਵਾਸਤਵਿਕ ਪਰਖ-ਪੜਚੋਲ ਕਰਨ ਤੋਂ ਬਾਅਦ ਹੀ ਜੀਵਨੀ ਨਾਇਕ ਦੇ ਜੀਵਨ ਨੂੰ ਘੜਨਾ ਚਾਹੀਦਾ ਹੈ। ਤਾਹੀਓਂ ਜੀਵਨੀ ਆਪਣੇ ਅਮਲ ਤੱਕ ਪਹੁੰਚਦੀ ਹੈ।

## 2. ਇਤਿਹਾਸਕਤਾ-

ਇਤਿਹਾਸਕ ਸੱਚ ਜੀਵਨੀ ਦਾ ਮੂਲ ਹੈ। ਜੀਵਨੀ ਦੇ ਅੰਸ਼ ਨੂੰ ਇਤਿਹਾਸਕ ਕਸੌਟੀ ਉਪਰ ਖ਼ਰਾ ਉੱਤਰਨਾ ਚਾਹੀਦਾ ਹੈ। ਬਿਰਤਾਂਤ ਦੀ ਸੱਚਾਈ ਹੀ ਜੀਵਨੀ ਨੂੰ ਮਹਾਨ ਤੇ ਪ੍ਰਤਿਸ਼ਠਾ ਭਰਪੂਰ ਬਣਾਉਂਦੀ ਹੈ। ਸੱਚ ਹੀ ਜੀਵਨੀਕਾਰ ਨੂੰ ਨਿਰਪੱਖ ਰਹਿ ਕੇ ਪੇਸ਼ਕਾਰੀ ਕਰਨ ਦੀ ਸਮਰੱਥਾ ਬਖ਼ਸ਼ਦਾ ਹੈ ਅਤੇ ਜੀਵਨੀ ਵਿਚਲੀ ਨਿਰਪੱਖਤਾ ਉਸ ਨੂੰ ਹੋਰ ਜਿਆਦਾ ਪ੍ਰਮਾਣਿਕਤਾ ਪ੍ਰਦਾਨ ਕਰਦੀ ਹੈ।

## 3. ਨਾਇਕ-

ਨਾਇਕ ਜੀਵਨੀ ਦਾ ਕੇਂਦਰ ਹੁੰਦਾ ਹੈ। ਨਾਇਕ ਦਾ ਹੂ-ਬ-ਹੂ ਚਰਿੱਤਰ ਚਿਤਰਨ ਕਰਨਾ ਹੀ ਜੀਵਨੀ ਦਾ ਮੂਲ ਮਕਸਦ ਹੋਣਾ ਚਾਹੀਦਾ ਹੈ। ਨਾਇਕ ਦੀ ਜੀਵਨ ਉਸਾਰੀ ਜਿੰਨੀ ਉਸ ਦੇ ਅਸਲ ਜੀਵਨ ਨਾਲ ਮੇਲ ਖਾਂਦੀ ਹੋਵੇਗੀ, ਪਾਠਕ ਜਾਂ ਸਰੋਤਾ ਉਤਨਾ ਹੀ ਉਸ ਜੀਵਨੀ ਤੋਂ ਪ੍ਰਭਾਵਿਤ ਤੇ ਪ੍ਰੇਰਿਤ ਹੋਵੇਗਾ। ਦੂਜੇ ਸਾਹਿਤ ਰੂਪਾਂ ਵਾਂਗ ਵਿਚਾਰਾਂ ਤੇ ਭਾਵਾਂ ਦੀ ਥਾਂ ਤੇ ਜੀਵਨੀ ਵਿੱਚ ਨਾਇਕ ਦੇ ਮਨੋਵਿਗਿਆਨਕ ਪੱਖ ਦਾ ਚਿੱਤਰਨ ਵਧੇਰੇ ਕੀਤਾ ਗਿਆ ਹੁੰਦਾ ਹੈ। ਜਿਸ ਵਿੱਚੋਂ ਸਹਿਜ-ਸੁਭਾਵਿਕ ਰੂਪ ਵਿੱਚ ਉਸ ਦੀ ਸ਼ਖ਼ਸੀਅਤ ਉੱਘੜ ਕੇ ਸਾਹਮਣੇ ਆਉਂਦੀ ਹੈ।

## 4. ਵਾਤਾਵਰਨ-

ਸਮਾਜਕ ਚੌਗਿਰਦੇ ਦਾ ਮਨੁੱਖ ਦੀ ਸ਼ਖਸ਼ੀਅਤ ਉਸਾਰੀ ਵਿੱਚ ਪ੍ਰਮੁੱਖ ਯੋਗਦਾਨ ਹੁੰਦਾ ਹੈ। ਜਿਵੇਂ ਅਕਸਰ ਕਿਹਾ ਜਾਂਦਾ ਹੈ ਕਿ ਪਰਿਸਥਿਤੀਆਂ ਹੀ ਮਨੁੱਖ ਸਿਰਜਦੀਆ ਹਨ। ਇਸੇ ਤਰ੍ਹਾਂ ਕਿਸੇ ਮਹਾਨ ਸ਼ਖ਼ਸੀਅਤ ਦੇ ਆਭਾ-ਮੰਡਲ ਨੂੰ ਉਸ ਦੇ ਆਸੇ-ਪਾਸੇ ਦੇ ਵਾਤਾਵਰਨ 'ਚੋਂ ਹੀ ਵਾਸਤਵਿਕ ਰੂਪ ਵਿੱਚ ਗ੍ਰਹਿਣ ਕੀਤਾ ਜਾ ਸਕਦਾ ਹੈ। ਚਰਿੱਤਰ ਨਾਇਕ ਦੀ ਉਸਾਰੀ ਦੇ ਨਾਲ-ਨਾਲ ਜੀਵਨੀਕਾਰ ਨੂੰ ਉਸ ਸਮੇਂ ਦੇ ਦੇਸ਼ ਅਤੇ ਕਾਲ ਦੀ ਵੀ ਪੂਰੀ

ਜਾਣਕਾਰੀ ਹੋਣੀ ਚਾਹੀਦੀ ਹੈ। ਢੁੱਕਵੇਂ ਵਾਤਾਵਰਨ ਦੀ ਉਸਾਰੀ ਵਿੱਚੋਂ ਹੀ ਸੰਤੁਲਿਤ ਸ਼ਖ਼ਸੀਅਤ ਦਾ ਚਿਤਰਨ ਸੰਭਵ ਹੁੰਦਾ ਹੈ। ਇਸ ਲਈ ਕਲਾਤਮਕ ਢੰਗ ਨਾਲ ਵਾਤਾਵਰਨ ਦੀ ਉਸਾਰੀ ਵਿਅਕਤਿੱਤਵ ਨੂੰ ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

## 5. ਭਾਸ਼ਾ-ਸ਼ੈਲੀ-

ਇਹ ਸਭ ਤੋਂ ਮਹੱਤਵਪੂਰਨ ਤੱਤ ਹੈ। ਕਿਉਂਕਿ ਬਾਕੀ ਸਾਰੇ ਤੱਤਾਂ ਦੀ ਉਸਾਰੀ ਉਪਯੁਕਤ ਤੇ ਆਕਰਸ਼ਕ ਭਾਸ਼ਾ-ਸ਼ੈਲੀ ਦੁਆਰਾ ਹੀ ਸੰਭਵ ਹੈ। ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿੱਚ ਵੱਧ ਤੋਂ ਵੱਧ ਕਹਿਣ ਦੀ ਸਮਰੱਥਾ ਜੀਵਨੀਕਾਰ ਵਿੱਚ ਹੋਣੀ ਬੇਹੱਦ ਲਾਜ਼ਮੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਜੀਵਨੀਕਾਰ ਦਾ ਭਾਸ਼ਾ ਉੱਪਰ ਪੂਰਾ ਵੱਸੀਕਾਰ ਹੋਵੇ। ਇਸ ਲਈ ਸਰਲ, ਸੁਬੋਧ ਤੇ ਪ੍ਰਭਾਵਸ਼ਾਲੀ ਸ਼ਬਦਾਵਲੀ ਦੀ ਚੋਣ ਅਤੇ



Downloaded from https:// www.studiestoday.com

Downloaded from https:// www.studiestoday.com

ਵਰਨਣ ਦੀ ਸਾਦਗੀ ਦੁਆਰਾ ਜੀਵਨੀਕਾਰ ਜੀਵਨੀ ਨੂੰ ਮਹਾਨ ਤੇ ਗੌਰਵਸ਼ਾਲੀ ਰੂਪ ਦੇ ਸਕਦਾ ਹੈ, ਜੋ ਸਮਾਜਿਕ ਆਦਰਸ਼ ਵਜੋਂ ਸਹਿਜੇ ਹੀ ਸਵੀਕਾਰ ਹੋ ਸਕਦੀ ਹੈ।

ਇਸ ਤਰ੍ਹਾਂ ਉਪਰੋਕਤ ਤੱਤਾਂ ਦੀ ਸਫ਼ਲ ਤੇ ਸੁਯੋਗ ਵਰਤੋਂ ਕਰਦਿਆਂ ਕਿਸੇ ਮਹਾਨ ਨਾਇਕ ਦੀ ਜੀਵਨੀ ਨੂੰ ਮਹਾਨ ਦਰਜਾ ਦਿਵਾਇਆ ਜਾ ਸਕਦਾ ਹੈ। ਇੰਨ੍ਹਾਂ ਤੱਤਾਂ ਦੀ ਉਸਾਰੀ ਤੇ ਪੇਸ਼ਕਾਰੀ ਹਰ ਜੀਵਨੀ ਲੇਖਕ ਦੀ ਸਵੈ-ਸਮਰੱਥਾ ਉੱਪਰ ਆਧਾਰਿਤ ਹੈ।

## ਅਭਿਆਸ-ਪ੍ਰਸ਼ਨ

1. ਜੀਵਨੀ ਦੀ ਪਰਿਭਾਸ਼ਾ ਤੇ ਵਰਗੀਕਰਨ ਉੱਪਰ ਚਾਨਣਾ ਪਾਓ।
2. ਜੀਵਨੀ ਦੇ ਤੱਤਾਂ ਉਪਰ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

## (ਕ) ਸਫ਼ਰਨਾਮਾ

ਮਨੁੱਖ ਦੇ ਮਨ ਵਿੱਚ ਦੂਜੀਆਂ ਥਾਵਾਂ ਦੀ ਖ਼ੂਬਸੂਰਤੀ ਨੂੰ ਵੇਖਣ ਦੀ ਇੱਛਾ ਹੁੰਦੀ ਹੈ। ਦੂਜੀਆਂ ਥਾਵਾਂ ਦੇ ਵੱਖ-ਵੱਖ ਅਨੁਭਵ ਤੇ ਘਟਨਾਵਾਂ ਨੂੰ ਸਫ਼ਰਨਾਮੇ ਵਿੱਚ ਕਲਾਤਮਕ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਦੁਨੀਆ ਬਹੁਤ ਵਿਸ਼ਾਲ ਹੈ। ਇਸ ਵਿੱਚ ਰੰਗੀਨੀ ਤੇ ਬਹੁਤ ਖ਼ੂਬਸੂਰਤ ਦ੍ਰਿਸ਼ ਹਨ। ਹਰ ਇੱਕ ਵਿਅਕਤੀ ਦੂਜੇ ਦੇਸ਼ ਤੇ ਉੱਥੋਂ ਦੇ ਰਹਿਣ-ਸਹਿਣ, ਸਭਿਆਚਾਰ, ਪਹਿਰਾਵਾ ਤੇ ਲੋਕਾਂ ਦੇ ਵਿਵਹਾਰ ਬਾਰੇ ਜਾਨਣਾ ਚਾਹੁੰਦਾ ਹੈ। ਸਫ਼ਨਾਮਾ ਇਸ ਲੋੜ ਨੂੰ ਪੂਰਾ ਕਰਦਾ ਹੈ। ਮਨੁੱਖ ਦੂਸਰੀਆਂ ਥਾਵਾਂ ਨੂੰ ਵੇਖਣ ਦੀ ਤਾਂਘ ਤੇ ਉਮੰਗ ਦੇ ਅਸਰ ਹੇਠ ਸੀਮਤ ਘਰ-ਬਾਰੀ ਵਾਤਾਵਰਨ ਨੂੰ ਛੱਡ ਕੇ ਅਸੀਮ ਤੇ ਅਨੰਤ ਵਾਤਾਵਰਨ ਦੀ ਖੁੱਲ ਮਾਨਣ ਲਈ ਦੂਰ-ਦੁਰਾਡੀਆਂ ਮੰਜਿਲਾਂ ਵੱਲ ਤੁਰ ਪੈਂਦਾ ਹੈ। ਵੱਖ-ਵੱਖ ਦੇਸ਼ਾਂ ਦੇ ਅਨੁਭਵਾਂ, ਅਹਿਸਾਸਾਂ, ਭਾਵਾਂ ਤੇ ਪ੍ਰਭਾਵਾਂ ਨੂੰ ਜਦੋਂ ਲੇਖਕ ਸਾਹਿਤਕ ਰੂਪ ਪ੍ਰਦਾਨ ਕਰਦਾ ਹੈ ਤਾਂ ਸਫ਼ਰਨਾਮੇ ਦਾ ਜਨਮ ਹੁੰਦਾ ਹੈ। ਇਸ ਤਰ੍ਹਾਂ ਸਫ਼ਰ ਦੌਰਾਨ ਪ੍ਰਾਪਤ ਗਿਆਨ ਤੇ ਅਨੁਭਵ ਨੂੰ ਜਦੋਂ ਯਾਦਾਂ ਦੇ ਆਧਾਰ 'ਤੇ ਕਲਾਤਮਕ ਢੰਗ ਨਾਲ ਚਿਤਰਿਤ ਕੀਤਾ ਜਾਂਦਾ ਹੈ ਤਾਂ ਸਫ਼ਰਨਾਮਾ ਹੋਂਦ ਵਿੱਚ ਆਉਂਦਾ ਹੈ। ਸਫ਼ਰਨਾਮਾ ਕਈ ਵਿਕਾਸ ਪੜਾਵਾਂ ਵਿੱਚੋਂ ਗੁਜ਼ਰਦਾ ਹੋਇਆ ਅੱਜ ਸਾਹਿਤ ਦੀ ਇੱਕ ਲੋਕਪ੍ਰਿਯ ਰੂਪ-ਵਿਧਾ ਵਜੋਂ ਪ੍ਰਵਾਨਿਤ ਹੋ ਚੁੱਕਾ ਹੈ। ਪੰਜਾਬੀ ਸਾਹਿਤ ਕੋਸ਼ ਸਫ਼ਰਨਾਮਾ ਸਾਹਿਤ ਦਾ ਉਦਭਵ ਤੇ ਵਿਕਾਸ ਸੈਲਾਨੀਆਂ ਦੀਆਂ ਜ਼ੁਬਾਨੀ ਦੱਸੀਆਂ ਕਹਾਣੀਆਂ ਤੋਂ ਹੋਇਆ ਮੰਨਦੇ ਹਨ, ਜਿੰਨ੍ਹਾਂ ਨੇ ਕੁਝ ਸਮੇਂ ਬਾਅਦ ਸਾਹਿਤਕ ਰੂਪ ਧਾਰਨ ਕਰ ਲਿਆ। ਮੱਧਕਾਲ ਅਤੇ ਆਧੁਨਿਕ ਕਾਲ ਵਿੱਚ ਸਮੁੰਦਰੋਂ ਪਾਰ ਜਾਣ ਵਾਲੇ ਨਵੀਆਂ ਖੋਜਾਂ ਕਰਨ ਵਾਲੇ ਯਾਤਰੀਆਂ ਨੇ ਆਪਣੇ-ਆਪਣੇ ਸਫ਼ਲ ਸਮਾਚਾਰ ਬੜੇ ਰੌਚਕ ਢੰਗ ਨਾਲ ਲਿਖੇ ਹਨ। ਆਧੁਨਿਕ ਕਾਲ ਵਿੱਚ ਭਾਵੁਕ ਸੈਲਾਨੀਆਂ ਨੇ ਆਪਣੇ ਗਿਆਨ ਅਤੇ ਅਨੁਭਵ ਨੂੰ ਕਲਾਤਮਕ ਢੰਗ ਨਾਲ ਪ੍ਰਗਟ ਕੀਤਾ। ਪੱਛਮੀ ਸਫ਼ਰਨਾਮਾ ਸਾਹਿਤ ਦੇ ਅਸਰ ਹੇਠ ਆਧੁਨਿਕ ਯੁੱਗ ਵਿੱਚ ਪੰਜਾਬੀ ਸਫ਼ਰਨਾਮਾ ਹੋਂਦ ਵਿੱਚ ਆਉਂਦਾ ਹੈ।

### ਅਰਥ, ਪਰਿਭਾਸ਼ਾ ਅਤੇ ਲੱਛਣ

'ਸਫ਼ਰਨਾਮਾ' ਸ਼ਬਦ ਸਫ਼ਰ ਅਤੇ ਨਾਮਾ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ, ਜਿਸ ਦਾ ਅਰਥ ਹੈ- ਸਫ਼ਰ ਦਾ ਬਿਆਨ ਕਰਨਾ। ਸਫ਼ਰਨਾਮੇ ਵਿੱਚ ਲੇਖਕ ਆਪਣੇ ਸਫ਼ਰ ਦੌਰਾਨ ਪ੍ਰਾਪਤ ਅਨੁਭਵਾਂ ਅਤੇ ਘਟਨਾਵਾਂ ਦਾ ਰੌਚਕ ਤੇ ਦਿਲਚਸਪ ਢੰਗ ਨਾਲ ਬਿਰਤਾਂਤ ਸਿਰਜਦਾ ਹੈ। ਸਫ਼ਰਨਾਮਾ ਤੋਂ ਭਾਵ,"ਉਹ ਬਿਰਤਾਂਤਕ ਰਚਨਾ ਹੈ ਜਿਸ ਵਿੱਚ ਕਿਸੇ ਦੀ ਯਾਤਰਾ ਦਾ ਰੌਚਕ ਤੇ ਦਿਲਚਸਪ ਵਰਨਣ ਹੁੰਦਾ ਹੈ।"

ਸਫ਼ਰਨਾਮਾ ਵਿਸਤ੍ਰਿਤ ਆਕਾਰ ਵਾਲਾ ਸਾਹਿਤ ਰੂਪ ਹੈ। ਜਿਸ ਵਿੱਚ ਲੇਖਕ ਆਪਣੇ ਸਫ਼ਰ ਦੌਰਾਨ ਖਿੰਡਰੇ ਤੇ ਵਿਕੋਲਿਤਰੇ(ਨਿੱਜੀ) ਅਨੁਭਵਾਂ ਨੂੰ ਇਕਸੁਰ ਕਰਦਾ ਹੋਇਆ ਕਲਾਤਮਕ ਢੰਗ ਨਾਲ ਪ੍ਰਗਟ ਕਰਦਾ ਹੈ।

ਸਫ਼ਰਨਾਮਾ ਅਜਿਹੀ ਵਾਰਤਕ ਵੰਨਗੀ ਹੈ, ਜਿਸ ਵਿੱਚ ਕਿਸੇ ਵਿਅਕਤੀ ਦੁਆਰਾ ਕੀਤੀ ਗਈ ਸੈਰ ਦੇ ਸਮਾਚਾਰਾਂ ਨੂੰ ਅੰਕਿਤ ਕੀਤਾ ਜਾਂਦਾ ਹੈ। ਇਸ ਵਿੱਚ ਲੇਖਕ ਆਪ ਹੀ ਨਾਇਕ ਹੁੰਦਾ ਹੈ ਅਤੇ ਕਿਸੇ ਦੇਸ਼ ਦੀ ਯਾਤਰਾ ਨੂੰ ਉਹ ਆਪਣੇ ਅਨੁਭਵਾਂ ਜਾਂ ਪ੍ਰਤੀਕਰਮਾਂ ਦੁਆਰਾ ਆਪ ਹੀ ਪ੍ਰਸਤੁਤ ਕਰਦਾ ਹੈ।

ਸਫ਼ਰਨਾਮਾ ਅਜਿਹੀ ਸਿਰਜਨ ਪ੍ਰਕਿਰਿਆ ਹੈ, ਜਿਸ ਦੁਆਰਾ ਲੇਖਕ ਆਪਣੇ ਆਪ ਨਾਲ ਜੁੜੀਆਂ ਘਟਨਾਵਾਂ ਦੇ ਵਰਨਣ ਰਾਹੀਂ ਆਪਣੇ ਸਮੇਂ, ਸਥਾਨ ਤੇ ਦੇਸ਼ ਦੀਆਂ ਰਾਜਨੀਤਕ, ਸਮਾਜਕ, ਧਾਰਮਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦਾ ਗਿਆਨ ਵੀ ਕਰਵਾ ਸਕਦਾ ਹੈ ਤੇ ਪਾਠਕ ਘਰ ਬੈਠੇ ਹੀ ਮਾਨਸਿਕ



Downloaded from https:// www.studiestoday.com

Downloaded from https:// www.studiestoday.com

ਤੌਰ ਤੇ ਦੇਸ-ਵਿਦੇਸ਼ ਦੀ ਸੈਰ ਦਾ ਆਨੰਦ ਮਾਣ ਸਕਦਾ ਹੈ।

ਸਫ਼ਰਨਾਮਾ ਇਕ ਅਜਿਹੀ ਗੱਦ ਰਚਨਾ ਹੈ, ਜਿਸ ਵਿੱਚ ਅਣਜਾਣੀ ਅਤੇ ਦੁਰੇਡੀ ਧਰਤੀ ਸੰਬੰਧੀ ਬਹੁਮੁੱਖੀ, ਬਹੁਪੱਖੀ ਤੇ ਬਹੁਪਸਾਰੀ ਗਿਆਨ ਸਾਹਿਤਕ ਰੰਗ ਵਿੱਚ ਪੇਸ਼ ਕੀਤਾ ਜਾਂਦਾ ਹੈ। ਸਫ਼ਰਨਾਮਾ ਸਾਹਿਤ ਦੀ ਅਜਿਹੀ ਰੂਪ ਵਿਧਾ ਹੈ, ਜਿਸ ਵਿੱਚ ਲੇਖਕ ਆਪਣੀ ਸੈਰ ਦੇ ਪ੍ਰਤੀਕਰਮਾਂ ਦਾ ਵੇਰਵਾ ਆਲੋਚਨਾਤਮਕ ਸ਼ੈਲੀ ਵਿੱਚ ਪੇਸ਼ ਕਰਦਾ ਹੈ।

ਸਫ਼ਰਨਾਮਾ ਕਈ ਪ੍ਰਕਾਰ ਦੀਆਂ ਸਾਹਿਤਕ ਵੰਨਗੀਆਂ ਤੇ ਉੱਸਰਿਆ ਇਕ ਸੁਤੰਤਰ ਸਾਹਿਤ ਰੂਪ ਹੈ। ਜਿਸ ਵਿੱਚ ਲੇਖਕ ਆਪਣੇ ਨਿਜੀ ਅਨੁਭਵਾਂ, ਭੂਗੌਲਿਕ ਸਮਾਚਾਰਾਂ ਅਤੇ ਸੱਭਿਆਚਾਰਕ ਗਿਆਨ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਦਾ ਹੈ। ਇਸ ਨਾਲ ਪਾਠਕਾਂ ਦੀ ਸੁਹਜ-ਤ੍ਰਿਪਤੀ ਦੇ ਨਾਲ ਨਿਸਚਿਤ ਸੇਧ ਵੀ ਮਿਲਦੀ ਹੈ।

## ਗੁਣ, ਵਿਸ਼ੇਸਤਾਵਾਂ ਅਤੇ ਉਦੇਸ਼

ਸਫ਼ਰਨਾਮੇ ਦਾ ਲੇਖਕ ਭਾਵੇ ਇਕ ਸਾਹਿਤਕਾਰ ਹੁੰਦਾ ਹੈ ਪਰ ਉਸ ਵਿੱਚ ਕੁਝ ਨਵੇਕਲੇ ਗੁਣ ਹੁੰਦੇ ਹਨ। ਸਫ਼ਰਨਾਮਾਕਾਰ ਦੀ ਸ਼ਖਸ਼ੀਅਤ ਵਿੱਚ ਗਿਆਨਵਾਨ, ਸੰਵੇਦਨਸ਼ੀਲ, ਬੌਧਿਕ ਤੇ ਕਲਾਤਮਿਕ ਰੁਚੀਆਂ ਦੇ ਗੁਣ ਹੋਣੇ ਚਾਹੀਦੇ ਹਨ, ਤਾਂਹੀਓ ਉਸਦੀ ਵਸਤੂ-ਸਮੱਗਰੀ ਵਿੱਚ ਰਚਨਾਤਮਕਤਾ ਦਾ ਰੰਗ ਆਏਗਾ।

ਸਫ਼ਰਨਾਮੇ ਵਿੱਚ ਵਰਣਨ ਨਾਲੋ ਬਿਰਤਾਂਤ ਦੀ ਪ੍ਰਧਾਨਤਾ ਜਿਆਦਾ ਹੁੰਦੀ ਹੈ। ਬਿਰਤਾਂਤ ਕਾਰਨ ਸਫ਼ਰਨਾਮੇ ਦਾ ਰਚਨਾਤਮਕ ਕਾਰਜ ਵਾਰਤਕ ਜਾਂ ਗੱਦ ਦੇ ਮਾਧਿਅਮ ਦੁਆਰਾ ਹੀ ਸੰਪੰਨ ਹੁੰਦਾ ਹੈ। ਸਫ਼ਰਨਾਮੇ ਦਾ ਉਦੇਸ਼-ਬਿੰਦੂ ਅਣਡਿੱਠੀ ਤੇ ਬੇਗਾਨੀ ਧਰਤੀ ਅਤੇ ਪਰਵਾਸੀ ਜਨ-ਜੀਵਨ ਹੁੰਦਾ ਹੈ। ਕਿਉਂਕਿ ਸੈਲਾਨੀ ਦੀ ਮਨੋਵਿਰਤੀ ਅਜਨਬੀ ਦੁਨੀਆ ਦਾ ਅੰਤਰੀਵ ਭੇਦ ਤਲਾਸ ਕਰਨ ਲਈ ਉਤਸੁਕ ਹੁੰਦੀ ਹੈ। ਪੰਜਾਬੀ ਦੇ ਵਧੇਰੇ ਸਫ਼ਰਨਾਮੇ ਬੇਗਾਨੇ ਭੂਖੰਡਾਂ ਨਾਲ ਸੰਬੰਧਿਤ ਹਨ। ਸਫ਼ਰਨਾਮਾ ਸਵੈ-ਕੇਂਦਰਿਤ ਰਚਨਾ ਹੈ। ਸਫ਼ਰਨਾਮੇ ਵਿੱਚ ਲੇਖਕ ਆਪ ਹੀ ਨਾਇਕ, ਆਲੋਚਕ, ਦ੍ਰਿਸ਼ਕਾਰ ਅਤੇ ਆਪ ਹੀ ਸਿਰਜਕ ਹੁੰਦਾ ਹੈ। ਸਫ਼ਰਨਾਮੇ ਵਿੱਚ ਆਲੋਚਨਾ ਦਾ ਰੰਗ ਹੁੰਦਾ ਹੈ। ਸਫ਼ਰਨਾਮੇ ਵਿੱਚ ਗਿਆਨਯੋਗ ਵਿਸ਼ਿਆਂ ਵਿੱਚ ਇਕਰੂਪਤਾ ਕਾਇਮ ਹੁੰਦੀ ਹੈ।

ਸਫ਼ਰਨਾਮੇ ਦਾ ਉਦੇਸ਼ ਪਾਠਕਾਂ ਦੇ ਗਿਆਨ ਤੇ ਅਨੁਭਵ ਵਿੱਚ ਵਾਧਾ ਕਰਨਾ ਹੈ। ਰੌਚਕਤਾ ਸਫ਼ਰਨਾਮੇ ਦਾ ਕੇਂਦਰੀ ਤੱਤ ਹੈ, ਜਿਸ ਨਾਲ ਪਾਠਕਾਂ ਦੀ ਸਾਹਿਤਕ ਭੁੱਖ ਦੀ ਤ੍ਰਿਪਤੀ ਹੁੰਦੀ ਹੈ।

## ਤੱਤ

ਸਫ਼ਰਨਾਮੇ ਦੀ ਬਣਤਰ ਵਿੱਚ ਕਈ ਤਰ੍ਹਾਂ ਦੇ ਤੱਤ ਕਾਰਜਸ਼ੀਲ ਹੁੰਦੇ ਹਨ। ਮੁੱਖ ਤੌਰ ਤੇ ਇਹ ਤੱਤ ਦੋ ਕਿਸਮਾਂ ਦੇ ਹੁੰਦੇ ਹਨ। ਇਕ ਪਾਸੇ ਵਸਤੂ-ਮੂਲਕ ਤੱਤ ਜਿਹੜੇ ਵਿਸੇ-ਵਸਤੂ ਦਾ ਕਾਰਜ ਨਿਭਾਉਂਦੇ ਹਨ ਅਤੇ ਦੂਜੇ ਕਲਾ ਮੂਲਕ ਤੱਤ ਹਨ। ਜਿਹੜੇ ਵਿਸ਼ੇ ਵਸਤੂ ਦੇ ਪ੍ਰਗਟਾਓ ਤੇ ਸੰਚਾਰ ਦਾ ਸਾਧਨ ਬਣਦੇ ਹਨ। ਇਹਨਾਂ ਨੂੰ ਵਸਤੂ ਅਤੇ ਰੂਪ ਕਿਹਾ ਜਾਂਦਾ ਹੈ। ਵਸਤੂ ਤੇ ਰੂਪ ਦੇ ਸੁਮੇਲ ਦੁਆਰਾ ਹੀ ਸਫ਼ਰਨਾਮੇ ਦੀ ਸਿਰਜਨਾ ਹੁੰਦੀ ਹੈ।

### (1) ਵਸਤੂ-ਮੂਲਕ ਤੱਤ-

ਸਫ਼ਰਨਾਮੇ ਦੇ ਵਸਤੂ-ਮੂਲਕ ਤੱਤਾਂ ਵਿੱਚ ਹੇਠ ਲਿਖੇ ਤੱਤ ਸ਼ਾਮਿਲ ਕੀਤੇ ਜਾਂਦੇ ਹਨ-



Downloaded from https:// www.studiestoday.com

Downloaded from https:// www.studiestoday.com

(1) ਭੂਗੌਲਿਕ ਵਿਵਰਨ (2) ਸੰਸਥਾਵਾਂ

(3) ਉਪਜ ਤੇ ਉਤਪਾਦਨ (4) ਵਿਵਸਥਾ ਤੇ ਰਾਜ-ਪ੍ਰਬੰਧ

(5) ਰਿਸ਼ਤੇ-ਨਾਤੇ (6) ਦ੍ਰਿਸ਼ਾਵਲੀ

(7) ਵਿਰਸਾ ਤੇ ਵਿਰਾਸਤ (8) ਤਜ਼ਰਬੇ

(9) ਜੀਵਨ-ਜਾਚ।

ਸੈਲਾਨੀ ਜਦੋਂ ਸਫ਼ਰ ਲਈ ਜਾਂਦਾ ਹੈ ਤਾਂ ਉਸ ਦੀ ਯਾਤਰਾ ਦਾ ਇਕ ਨਿਸ਼ਾਨਾ ਹੁੰਦਾ ਹੈ। ਸਾਹਿਤਕ ਸੈਲਾਨੀ ਉਸ ਦੇਸ਼ ਦੀ ਭੂਗੌਲਿਕ ਸਥਿਤੀ ਅਤੇ ਚੌਗਿਰਦੇ ਦਾ ਵਰਣਨ ਆਪਣੇ ਸਫ਼ਰਨਾਮੇ ਵਿੱਚ ਕਰਦਾ ਹੈ। ਹਰ ਸਫ਼ਰਨਾਮਾ ਲੇਖਕ ਵਿਸ਼ਵ ਦੇ ਨਕਸ਼ੇ ਉੱਤੇ ਉਸ ਦੇਸ਼ ਦੀ ਭੂਗੌਲਿਕ ਦਸ਼ਾ ਤੇ ਦਿਸ਼ਾ ਦਾ ਵਰਣਨ ਸਿੱਧੇ ਜਾਂ ਅਸਿੱਧੇ ਢੰਗ ਨਾਲ ਅੰਕਿਤ ਕਰ ਜਾਂਦਾ ਹੈ। ਇਹ ਭੂਗੌਲਿਕ ਵਿਵਰਨ ਹੈ।

ਕਿਸੇ ਮੁਲਕ ਦੀਆਂ ਕੌਮੀ ਸੰਸਥਾਵਾਂ ਦਾ ਉਲੇਖ ਲਗਭਗ ਹਰ ਸਫ਼ਰਨਾਮੇ ਦਾ ਲੇਖਕ ਕਰਦਾ ਹੈ। ਸੰਸਥਾਵਾਂ ਵਿੱਚ ਵਿੱਦਿਅਕ, ਧਾਰਮਿਕ, ਪਰਿਵਾਰਿਕ ਤੇ ਸਾਹਿਤ ਸੰਬੰਧੀ ਸੰਸਥਾਵਾਂ ਸ਼ਾਮਿਲ ਹਨ। ਸੰਸਥਾਵਾਂ ਸਫ਼ਰਨਾਮੇ ਦੀ ਤੱਤ ਮੂਲਕ ਸਮੱਗਰੀ ਹਨ।

ਸਫ਼ਰਨਾਮੇ ਵਿੱਚ ਸੰਬੰਧਿਤ ਦੇਸ਼ ਵਿੱਚ ਹੋਣ ਵਾਲੀਆਂ ਉਪਜਾਂ ਤੇ ਉਤਪਾਦਨ ਦੇ ਸਾਧਨਾਂ ਦਾ ਜ਼ਿਕਰ ਵੀ ਹੁੰਦਾ ਹੈ। ਉਪਜ-ਸਾਧਨਾਂ ਵਿੱਚ ਖੇਤੀਬਾੜੀ, ਦਸਤਕਾਰੀ, ਉਦਯੋਗ ਤੇ ਕਾਰਖਾਨੇ ਸ਼ਾਮਿਲ ਹਨ।

ਉਸ ਦੇਸ਼ ਵਿੱਚ ਹਕੂਮਤ ਦੇ ਕੀ ਤਰੀਕੇ ਹਨ ? ਕੀ ਉੱਥੇ ਲੋਕ-ਰਾਜੀ ਵਿਵਸਥਾ ਹੈ ? ਵਿਵਸਥਾ, ਅਨੁਸ਼ਾਸਨ, ਸੁਰੱਖਿਆ ਆਦਿ ਕਾਇਮ ਰੱਖਣ ਲਈ ਕਿਸ ਤਰ੍ਹਾਂ ਦਾ ਪੁਲਿਸ ਤੇ ਫ਼ੌਜ ਪ੍ਰਬੰਧ ਹੈ ? ਇਹ ਸਭ ਰਾਜ-ਪ੍ਰਬੰਧ ਦੇ ਅੰਤਰਗਤ ਆਉਂਦਾ ਹੈ।

ਰਿਸ਼ਤੇ-ਨਾਤੇ ਹਰ ਦੇਸ਼ ਵਿੱਚ ਵੱਖ-ਵੱਖ ਹੁੰਦੇ ਹਨ। ਪਤੀ-ਪਤਨੀ, ਇਸਤਰੀ-ਪੁਰਸ਼, ਬੱਚੇ ਅਤੇ ਮਾਤਾ-ਪਿਤਾ ਦੇ ਰਿਸ਼ਤੇ ਸਫ਼ਰਨਾਮੇ ਵਿੱਚ ਉਲੇਖਯੋਗ ਹੁੰਦੇ ਹਨ।

ਇਸ ਦੇ ਨਾਲ ਹੀ ਸਫ਼ਰਨਾਮਾ ਲੇਖਕ ਕੁਦਰਤੀ ਵਾਤਾਵਰਨ- ਪਹਾੜ, ਨਦੀਆਂ, ਝੀਲਾਂ ਤੇ ਬਾਗ ਬਗੀਚਿਆਂ ਦੀ ਗੱਲ ਕਰਦਾ ਹੈ। ਭਾਂਤ-ਭਾਂਤ ਦੀ ਦ੍ਰਿਸ਼ਾਵਲੀ ਲੇਖਕ ਨੂੰ ਟੁੰਬਦੀ ਹੈ।

ਸਫ਼ਰਨਾਮਾ ਲੇਖਕ ਦਾ ਵਧੇਰੇ ਧਿਆਨ ਉਥੋਂ ਦੇ ਲੋਕਾਂ ਦੀ ਜੀਵਨ-ਜਾਚ ਉੱਤੇ ਕੇਂਦਰਿਤ ਹੁੰਦਾ ਹੈ। ਉਥੇ ਜਨ-ਜੀਵਨ ਕਿਸ ਤਰ੍ਹਾਂ ਚਲ ਰਿਹਾ ਹੈ ? ਮਨੋਰੰਜਨ ਦੇ ਕੀ ਢੰਗ ਹਨ ? ਸਭਿਆਚਾਰਕ ਪ੍ਰੋਗਰਾਮ ਤੇ ਫਿਲਮੀ ਜਗਤ ਆਦਿ ਦਾ ਜ਼ਿਕਰ ਵੀ ਸਫ਼ਰਨਾਮੇ ਵਿੱਚ ਕੀਤਾ ਜਾਂਦਾ ਹੈ।

ਦੇਸ਼ ਦੀਆਂ ਇਤਿਹਾਸਕ ਪ੍ਰੰਪਰਾਵਾਂ, ਲੋਕ-ਰੂੜੀਆਂ ਅਤੇ ਹੋਰ ਕੌਮੀ ਯਾਦਗਾਰਾਂ ਆਦਿ ਵਿਰਸਾ ਹੁੰਦੀਆਂ ਹਨ। ਜਿਨ੍ਹਾਂ ਦੇ ਹਵਾਲੇ ਕਿਸੇ ਦੇਸ਼ ਦੇ ਸਾਹਿਤ, ਲੋਕ-ਕਾਵਿ ਤੇ ਲੋਕ ਗੀਤਾਂ ਵਿੱਚ ਉਪਲਬਧ ਹੁੰਦੇ ਹਨ।

ਇਸ ਤਰ੍ਹਾਂ ਉਪਰੋਕਤ ਸਾਰੇ ਤੱਤ ਸਫ਼ਰਨਾਮੇ ਵਿੱਚ ਵਿਸ਼ੇ-ਵਸਤੂ ਦੀ ਉਸਾਰੀ ਲਈ ਵਸਤੂ-ਸਮੱਗਰੀ ਦਾ ਕੰਮ ਕਰਦੇ ਹਨ ਤੇ ਸਫ਼ਰਨਾਮੇ ਨੂੰ ਰੌਚਕ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।



Downloaded from https:// www.studiestoday.com

Downloaded from https:// www.studiestoday.com

**(2) ਕਲਾ-ਮੂਲਕ ਤੱਤ-**

ਕਲਾ-ਮੂਲਕ ਤੱਤਾਂ ਵਿੱਚ ਕਲਾਤਮਕ ਜੁਗਤਾਂ ਸ਼ਾਮਿਲ ਕੀਤੀਆਂ ਜਾਂਦੀਆਂ ਹਨ। ਅਜਿਹੇ ਕਲਾ-ਤੱਤਾਂ ਵਿੱਚ ਭਾਸ਼ਾਈ ਵਿਸ਼ੇਸਤਾਵਾਂ, ਸੁਹਜ ਭਰਪੂਰ ਸ਼ਬਦਾਵਲੀ, ਪ੍ਰਤੀਕ ਤੇ ਚਿੰਨ੍ਹ, ਰੌਚਕ ਪ੍ਰਕਿਰਤੀ-ਚਿਤਰਨ, ਸਾਰਥਕ ਅਖਾਣ-ਮੁਹਾਵਰੇ ਜ਼ਿਕਰਯੋਗ ਹਨ। ਇਹਨਾਂ ਤੱਤਾਂ ਦੁਆਰਾ ਸਫ਼ਰਨਾਮਾ ਲੇਖਕ ਆਪਣੇ ਵਿਸ਼ੇ ਵਸਤੂ, ਅਨੁਭਵਾਂ ਤੇ ਅਹਿਸਾਸਾਂ ਨੂੰ ਸਾਕਾਰ ਕਰਦਾ ਹੈ। ਕਲਾ-ਸ਼ੈਲੀਆਂ ਕਲਾਮੂਲਕ ਤੱਤਾਂ ਦਾ ਇਕ ਪ੍ਰਮੁੱਖ ਅੰਗ ਹੈ। ਸਫ਼ਰਨਾਮੇ ਦੀ ਰਚਨਾ ਤਕਨੀਕ ਵਿੱਚ ਕਲਾ-ਸ਼ੈਲੀਆਂ ਦਾ ਮਹੱਤਵਪੂਰਨ ਸਥਾਨ ਹੈ। ਵੱਖ-ਵੱਖ ਸਫ਼ਰਨਾਮਿਆਂ ਵਿੱਚ ਵੱਖ-ਵੱਖ ਸ਼ੈਲੀਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ-ਕਥਾਤਮਕ ਸ਼ੈਲੀ, ਡਾਇਰੀ ਸ਼ੈਲੀ, ਪਾਤਰ ਸ਼ੈਲੀ। ਗਲਪ ਸ਼ੈਲੀ ਦੀ ਵਰਤੋਂ ਹਰ ਲੇਖਕ ਦੁਆਰਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸ਼ੈਲੀ ਸਫ਼ਰਨਾਮੇ ਦਾ ਮਹੱਤਵਪੂਰਨ ਤੱਤ ਹੈ।

ਪੰਜਾਬੀ ਸਾਹਿਤ ਵਿੱਚ ਸਫ਼ਰਨਾਮਾ ਇਕ ਲੋਕਪ੍ਰਿਯ ਰੁਪਾਕਾਰ ਵੱਜੋਂ ਸਥਾਪਤ ਹੋ ਚੁੱਕਾ ਹੈ। ਪੰਜਾਬੀ ਵਿੱਚ ਇਸਦੇ ਨਿਰੰਤਰ ਵਿਕਾਸ ਦੀਆਂ ਬਹੁਤ ਸੰਭਾਵਨਾਵਾਂ ਮੌਜੂਦ ਹਨ।

## ਅਭਿਆਸ-ਪ੍ਰਸ਼ਨ

1. ਸਫ਼ਰਨਾਮੇ ਦੇ ਅਰਥ, ਪਰਿਭਾਸ਼ਾ ਅਤੇ ਲੱਛਣਾਂ ਉੱਪਰ ਨੋਟ ਲਿਖੋ।
2. ਸਫ਼ਰਨਾਮੇ ਦੇ ਗੁਣ, ਵਿਸ਼ੇਸ਼ਤਾਵਾਂ ਬਾਰੇ ਜ਼ਿਕਰ ਕਰਦੇ ਹੋਏ ਪ੍ਰਮੁੱਖ ਤੱਤਾਂ ਦਾ ਵਰਣਨ ਕਰੋ।



Downloaded from https:// www.studiestoday.com

Downloaded from https:// www.studiestoday.com

# 2. ਛੰਦ ਅਤੇ ਅਲੰਕਾਰ

## ਛੰਦ

### ਸਰੂਪ ਅਤੇ ਲੱਛਣ–

ਛੰਦ ਕਵਿਤਾ ਦਾ ਜ਼ਰੂਰੀ ਤੱਤ ਹੈ। ਪੰਜਾਬੀ ਸਾਹਿਤ ਦੇ ਆਦਿਕਾਲ ਤੇ ਮੱਧਕਾਲ ਵਿੱਚ ਛੰਦ ਤੋਂ ਬਿਨਾਂ ਕਵਿਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਸਾਰੀ ਪੁਰਾਤਨ ਕਾਵਿ-ਰਚਨਾ ਛੰਦ-ਬੰਦੀ ਵਿੱਚ ਹੀ ਹੁੰਦੀ ਸੀ। ਅੱਜ ਕੱਲ੍ਹ ਭਾਵੇਂ ਛੰਦ ਤੋਂ ਬਗੈਰ ਖੁੱਲ੍ਹੀ ਕਵਿਤਾ ਵਿੱਚ ਵੀ ਵਜ਼ਨ, ਤੋਲ, ਬਿਸਰਾਮ, ਲੈਅ ਆਦਿ ਛੰਦ ਦੇ ਕਈ ਅੰਗ ਹੁਣ ਵੀ ਪ੍ਰਾਪਤ ਹੁੰਦੇ ਹਨ, ਭਾਵੇਂ ਉਸ ਨੂੰ ਕਿਸੇ ਛੰਦ ਦਾ ਨਾਮ ਨਹੀਂ ਦਿੱਤਾ ਜਾਂਦਾ। ਇਸ ਲਈ ਛੰਦ-ਮੁਕਤ ਜਾਂ ਮੁਕਤ ਛੰਦ ਕਵਿਤਾ ਵੀ ਛੰਦ ਦੇ ਪ੍ਰਭਾਵ ਤੋਂ ਬਿਲਕੁਲ ਮੁਕਤ ਨਹੀਂ ਹੁੰਦੀ।

ਭਾਰਤ ਵਿੱਚ ਛੰਦ ਇੱਕ ਬਹੁਤ ਜ਼ਰੂਰੀ ਵਿੱਦਿਆ ਸੀ, ਜਿਸ ਨੂੰ ਛੰਦ-ਸ਼ਾਸਤਰ ਜਾਂ ਪਿੰਗਲ-ਸ਼ਾਸਤਰ ਕਿਹਾ ਜਾਂਦਾ ਸੀ। ਇਸਦਾ ਸਭ ਤੋਂ ਪੁਰਾਣਾ ਗ੍ਰੰਥ 'ਛੰਦ ਸੂਤਰ' ਹੈ ਜਿਸ ਨੂੰ ਪਿੰਗਲ ਰਿਸ਼ੀ ਨੇ ਲਿਖਿਆ ਸੀ। ਇਸ ਕਰਕੇ ਹੁਣ ਛੰਦ-ਸ਼ਾਸਤਰ ਨੂੰ ਹੀ 'ਪਿੰਗਲ' ਕਹਿ ਦਿੱਤਾ ਜਾਂਦਾ ਹੈ। ਪਿੰਗਲ ਦਾ ਮਤਲਬ ਹੀ ਛੰਦ ਸ਼ਾਸਤਰ ਹੈ ਇਸ ਸੰਬੰਧੀ ਇੱਕ ਪੰਜਾਬੀ ਕਹਾਵਤ ਵੀ ਪ੍ਰਸਿੱਧ ਹੈ-**"ਪਿੰਗਲ ਬਾਝ ਕਵੀਸ਼ਰੀ, ਗੀਤਾ ਬਾਝ ਗਿਆਨ।"**

ਕਵਿਤਾ ਵਿੱਚ ਛੰਦ ਦੀ ਬੜੀ ਲੋੜ ਹੈ ਅਤੇ ਇਸ ਦਾ ਬੜਾ ਮਹੱਤਵ ਹੈ। ਕਵਿਤਾ ਕੋਮਲ ਕਲਾ ਹੋਣ ਦੇ ਨਾਤੇ ਇਸ ਵਿੱਚ ਪ੍ਰਭਾਵ ਤੇ ਸੁਹਜ ਨੂੰ ਪੈਦਾ ਕਰਨ ਲਈ ਕਈ ਤਰ੍ਹਾਂ ਦੀਆਂ ਜੁਗਤਾਂ ਤੇ ਢੰਗ ਵਰਤਣੇ ਪੈਂਦੇ ਹਨ ਜਿਵੇਂ ਅਲੰਕਾਰ, ਚਿੰਨ੍ਹ, ਬਿੰਬ ਆਦਿ। ਪਰ ਛੰਦ ਦੀ ਜੁਗਤ ਸਭ ਤੋਂ ਵੱਧ ਪ੍ਰਭਾਵਕਾਰੀ ਜੁਗਤ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ, ਕਵਿਤਾ ਵਿੱਚ ਛੰਦ ਦੀਆਂ ਕਈ ਵਿਸ਼ੇਸ਼ਤਾਵਾਂ ਉਲੀਕਦੇ ਹਨ ਜਿਵੇਂ:-

1. ਇਹ ਕਵਿਤਾ ਦੇ ਭਾਵਾਂ ਤੇ ਖਿਆਲਾਂ ਨੂੰ ਤਿੱਖਾ ਕਰਦੇ ਹਨ।
2. ਕਵਿਤਾ ਦੇ ਭਾਵਾਂ ਤੇ ਖਿਆਲਾਂ ਨੂੰ ਇੱਕ ਲੜੀ ਵਿੱਚ ਪਰੋਂਦੇ ਹਨ।
3. ਕਵਿਤਾ ਵਿੱਚ ਸੱਜਰਾਪਣ ਤੇ ਤਾਜ਼ਗੀ ਬਖ਼ਸ਼ਦੇ ਹਨ।
4. ਕਵਿਤਾ ਵਿੱਚ ਰਸ ਤੇ ਰਾਗ ਪੈਦਾ ਕਰਕੇ ਪ੍ਰਭਾਵ ਵਿੱਚ ਵਾਧਾ ਕਰਦੇ ਹਨ।
5. ਕਵਿਤਾ, ਕਵੀ ਤੇ ਪਾਠਕ ਵਿਚਕਾਰ ਸੁਖਾਵਾਂ ਰਿਸ਼ਤਾ ਕਾਇਮ ਕਰਦੇ ਹਨ।

### ਅਰਥ ਤੇ ਪਰਿਭਾਸ਼ਾ –

ਛੰਦ ਕੀ ਹੈ ? ਇਸ ਸਵਾਲ ਬਾਰੇ ਕਈ ਤਰ੍ਹਾਂ ਦੇ ਵਿਚਾਰ ਮਿਲਦੇ ਹਨ। ਕਈ ਕਹਿੰਦੇ ਹਨ ਕਿ "ਛੰਦ ਤੁਕਾਂਤ ਦਾ ਸਹੀ ਮੇਲ ਹੈ।" ਕਈ ਵਿਦਵਾਨ ਅੱਖਰਾਂ ਜਾਂ ਵਰਨਾਂ ਦੀ ਖਾਸ ਗਿਣਤੀ ਉੱਤੇ ਜ਼ੋਰ ਦਿੰਦੇ ਹਨ। ਕਈ ਹੋਰ ਆਲੋਚਕ ਲੈਅ, ਤੋਲ ਆਦਿ ਨੂੰ ਹੀ ਛੰਦ ਦੇ ਬੁਨਿਆਦੀ ਲੱਛਣ ਮੰਨਦੇ ਹਨ। ਪਰੰਤੂ ਜੇਕਰ ਜ਼ਰਾ ਹੋਰ ਡੂੰਘਾਈ ਨਾਲ ਵਿਚਾਰ ਕਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਇਹਨਾਂ ਸਾਰੀਆਂ ਛੰਦਕ ਵਿਸ਼ੇਸ਼ਤਾਵਾਂ ਦਾ ਸਮੁੱਚਾ ਰੂਪ ਹੀ ਛੰਦ ਹੈ। ਇਹਨਾਂ ਸਾਰਿਆਂ ਪੱਖਾਂ ਤੇ ਵਿਚਾਰ ਕਰਦੇ ਹੋਏ **ਡਾ. ਪ੍ਰੇਮ ਪ੍ਰਕਾਸ਼ ਸਿੰਘ** ਛੰਦ ਦੀ ਪਰਿਭਾਸ਼ਾ ਤੇ ਲੱਛਣ ਇਉਂ ਉਲੀਕਦੇ ਹਨ:-

"ਤੋਲ-ਤੁਕਾਂਤ ਵਿੱਚ ਲਿਖਿਆ ਹਰ ਵਾਕ ਛੰਦ ਹੈ। ਭਾਵ ਕਵਿਤਾ ਵਿੱਚ ਮਾਤਰਾ ਜਾਂ ਵਰਨਾਂ ਦੀ ਖਾਸ ਵਿਉਂਤ ਨਾਲ ਜੋ ਸੁਰ-ਤਾਲ ਤੇ ਤੁਕਾਂਤ-ਮੇਲ ਹੁੰਦਾ ਹੈ, ਉਹ ਛੰਦ ਹੈ। ਤਕਨੀਕੀ ਸ਼ਬਦਾਂ ਵਿੱਚ, ਜਿਸ ਕਾਵਿ-ਰਚਨਾ ਵਿੱਚ ਮਾਤਰਾ, ਵਰਨ, ਗਣ,ਬਿਸਰਾਮ, ਤੁਕਾਂਤ ਆਦਿ ਦੀ ਪਾਬੰਦੀ ਹੋਵੇ, ਉਹ ਛੰਦ ਅਖਵਾਉਂਦਾ ਹੈ।"



Downloaded from https:// www.studiestoday.com

Downloaded from https:// www.studiestoday.com

ਹੁਣ ਅਸੀ ਛੰਦ ਸੰਬੰਧੀ ਉਪਰੋਕਤ ਚਰਚਾ ਵਿੱਚ ਆਏ ਵਰਨ, ਮਾਤਰਾ, ਲਘੂ, ਗੁਰੂ, ਚਰਨ, ਬਿਸਰਾਮ, ਤੁਕਾਂਤ ਆਦਿ ਸ਼ਬਦਾਂ ਉੱਪਰ ਸੰਖੇਪ ਚਰਚਾ ਕਰਾਂਗੇ :–

**(ੳ) ਵਰਨ–**

ਛੰਦਾਬੰਦੀ ਵਿੱਚ ਗੁਰਮੁਖੀ ਵਰਨਮਾਲਾ(ਪੈਂਤੀ) ਦੇ ਹਰ ਅੱਖਰ ਨੂੰ ਵਰਨ ਕਹਿੰਦੇ ਹਨ। ਜਿਵੇਂ: ਕ, ਖ, ਗ, ਘ, ਙ, ਚ, ਛ, ਜ, ਝ, ਞ ਆਦਿ।

ਕੱਕਾ, ਖੱਖਾ (ਕ,ਖ) ਆਦਿ ਧੁਨੀਆਂ ਨੂੰ ਆਮ ਲਿਖਣ ਸਮੇ, ਅੱਖਰ ਆਖਦੇ ਹਨ ਪਰ ਛੰਦ-ਬੰਦੀ ਦੀ ਜਦੋਂ ਗੱਲ ਕੀਤੀ ਜਾਂਦੀ ਹੈ ਤਾ ਇਹਨਾਂ ਅੱਖਰਾਂ ਨੂੰ ਵਰਨ ਕਿਹਾ ਜਾਂਦਾ ਹੈ।

**(ਅ) ਲਗਾਂ–**

ਗੁਰਮੁਖੀ ਵਰਨਮਾਲਾ ਦੇ ਅੱਖਰਾਂ ਨਾਲ 'ਲਗਾਂ' ਲਗਦੀਆਂ ਹਨ। ਲਗਾਂ ਦਾ ਵੇਰਵਾ ਇਸ ਤਰ੍ਹਾਂ ਹੈ:–

ਮੁਕਤਾ (ਚਿੰਨ ਰਹਿਤ) ਕੰਨਾ (ਾ) ਸਿਹਾਰੀ (ਿ) ਬਿਹਾਰੀ (ੀ) ਔਂਕੜ (ੁ) ਦੁਲੈਂਕੜ (ੂ)ਲਾਂ (ੇ) ਦੁਲਾਵਾਂ (ੈ) ਹੋੜਾ (ੋ) ਕਨੌੜਾ (ੌ) ਬਿੰਦੀ (ਂ) ਟਿੱਪੀ (ੰ) ਅੱਧਕ (ੱ)।

ਇਹਨਾਂ ਲਗਾਂ ਦੇ ਜੋੜਨ ਨਾਲ ਵਰਨ(ਅੱਖਰ) ਦੀ ਅਵਾਜ਼ ਵੱਧ ਜਾਂਦੀ ਹੈ। ਜਿਸ ਅੱਖਰ ਨਾਲ ਕੋਈ ਲਗ ਨਾ ਲੱਗੀ ਹੋਵੇ ਉਸ ਨੂੰ 'ਮੁਕਤਾ' ਕਹਿੰਦੇ ਹਨ: ਜਿਵੇਂ 'ਕਣਕ' ਸ਼ਬਦ ਦੇ ਤਿੰਨੇ ਅੱਖਰ ਕ, ਣ, ਕ ਮੁਕਤੇ ਅੱਖਰ ਹਨ।

**(ੲ) ਮਾਤਰਾ–**

ਕਿਸੇ ਵਰਨ(ਅੱਖਰ) ਦੇ ਉਚਾਰਨ ਕਰਨ ਵੇਲੇ ਜਿਹੜਾ ਸਮਾਂ ਲਗਦਾ ਹੈ ਉਸ ਨੂੰ 'ਮਾਤਰਾ' ਕਿਹਾ ਜਾਂਦਾ ਹੈ। ਛੰਦਾਬੰਦੀ ਵਿੱਚ ਅੱਖਰਾਂ ਦੀਆਂ ਮਾਤਰਾਵਾਂ ਦੀ ਗਿਣਤੀ ਕੀਤੀ ਜਾਂਦੀ ਹੈ। ਮਾਤਰਾ ਦੋ ਕਿਸਮ ਦੀ ਹੁੰਦੀ ਹੈ:– **ਲਘੂ ਤੇ ਗੁਰੂ।** ਲਘੂ ਦਾ ਅਰਥ ਹੈ ਛੋਟੀ ਅਤੇ ਗੁਰੂ ਦਾ ਅਰਥ ਹੈ ਵੱਡੀ। ਗੁਰਮੁਖੀ ਦੇ ਮੁਕਤੇ ਅੱਖਰਾਂ ਅਤੇ ਲਗਾਂ ਵਾਲੇ ਅੱਖਰਾਂ ਦੀਆਂ ਮਾਤਰਾਵਾਂ ਗਿਣੀਆਂ ਜਾਂਦੀਆਂ ਹਨ। ਲਘੂ ਵਰਨ ਦੀ ਇੱਕ ਮਾਤਰਾ ਹੁੰਦੀ ਹੈ ਅਤੇ ਗੁਰੂ ਵਰਨ ਦੀਆਂ ਦੋ ਮਾਤਰਾ ਹੁੰਦੀਆਂ ਹਨ। ਛੰਦਾਬੰਦੀ ਵਿੱਚ ਲਘੂ ਤੇ ਗੁਰੂ ਵਰਨਾ ਦਾ ਵੇਰਵਾ **ਡਾ. ਪ੍ਰੇਮ ਪ੍ਰਕਾਸ ਸਿੰਘ** ਇਸ ਪ੍ਰਕਾਰ ਦਿੰਦੇ ਹਨ:–

**ਲਘੂ ਵਰਨ–**

1. ਮੁਕਤੇ ਅੱਖਰ ਜਿਵੇਂ ਕ, ਖ, ਗ, ਘ ਆਦਿ।
2. ਸਿਹਾਰੀ ਵਾਲੇ ਵਰਨ, ਜਿਵੇਂ ਕਿ, ਖਿ, ਗਿ, ਘਿ ਆਦਿ।
3. ਔਂਕੜ ਵਾਲੇ ਵਰਨ, ਜਿਵੇਂ ਕੁ, ਖੁ, ਗੁ, ਘੁ ਆਦਿ।

**ਗੁਰੂ ਵਰਨ–**

1. ਕੰਨੇ ਵਾਲੇ ਵਰਨ, ਜਿਵੇਂ– ਕਾ, ਖਾ, ਗਾ, ਘਾ ਆਦਿ।
2. ਬਿਹਾਰੀ ਵਾਲੇ ਵਰਨ, ਜਿਵੇਂ– ਕੀ, ਖੀ, ਗੀ, ਘੀ ਆਦਿ।
3. ਦੁਲੈਂਕੜੇ ਵਾਲੇ ਵਰਨ, ਜਿਵੇਂ– ਕੂ, ਖੂ, ਗੂ, ਘੂ ਆਦਿ।
4. ਲਾਂ ਵਾਲੇ ਵਰਨ, ਜਿਵੇਂ– ਕੇ, ਖੇ, ਗੇ, ਘੇ ਆਦਿ।
5. ਦੁਲਾਵਾਂ ਵਾਲੇ ਵਰਨ, ਜਿਵੇਂ– ਕੈ, ਖੈ, ਗੈ, ਘੈ ਆਦਿ।
6. ਹੋੜਾ ਵਾਲੇ ਵਰਨ, ਜਿਵੇਂ– ਕੋ, ਖੋ, ਗੋ, ਘੋ ਆਦਿ।
7. ਕਨੌੜਾ ਵਾਲੇ ਵਰਨ, ਜਿਵੇਂ– ਕੌ, ਖੌ, ਗੌ, ਘੌ ਆਦਿ।



Downloaded from https:// www.studiestoday.com

Downloaded from https:// www.studiestoday.com

8. ਟਿੱਪੀ ਵਾਲੇ ਵਰਨ, ਜਿਵੇਂ- ਕੰ, ਖੰ, ਗੰ, ਘੰ ਆਦਿ।

9. ਅੱਧਕ ਵਾਲੇ ਵਰਨ, ਜਿਵੇਂ- ਅੱਧ, ਪੱਛ, ਹੱਥ, ਖੱਬਲ ਆਦਿ।

ਬਿੰਦੀ ਆਮ ਤੌਰ 'ਤੇ ਗੁਰੂ ਲਗਾਂ ਵਰਨਾਂ ਨਾਲ ਲੱਗਦੀ ਹੈ। ਇਸ ਦੀ ਮਾਤਰਾ ਨਹੀਂ ਗਿਣੀ ਜਾਂਦੀ। ਜੇਕਰ ਬਿੰਦੀ ਲਘੂ ਲਗਾਂ ਨਾਲ ਲੱਗੇ ਤਾਂ ਮਾਤਰਾ ਗਿਣੀ ਜਾਂਦੀ ਹੈ। ਛੰਦਾਬੰਦੀ ਵਿੱਚ ਲਘੂ ਤੇ ਗੁਰੂ ਦੇ ਚਿੰਨ੍ਹ ਚਾਲੂ ਹਨ। ਲਘੂ ਦਾ ਚਿੰਨ੍ਹ ਅੱਖਰਾਂ ਦੇ ਸਿਰਾਂ ਤੇ ਖੜੀ ਲਕੀਰ ਹੈ ਅਤੇ ਗੁਰੂ ਦਾ ਚਿੰਨ੍ਹ ਅੱਖਰਾਂ ਦੇ ਸਿਰਾਂ ਤੇ ਅੰਗਰੇਜ਼ੀ ਅੱਖਰ s ਵਰਗਾ ਚਿੰਨ੍ਹ ਪਾਇਆ ਜਾਂਦਾ ਹੈ ਜਿਵੇਂ:

| | | |
|---|---|---|
| ਲਘੂ ਚਿੰਨ੍ਹ: | I I<br>ਤਰ | I I<br>ਡਰ |
| ਗੁਰੂ ਚਿੰਨ੍ਹ: | SS<br>ਕੌਡੀ | SS<br>ਪੋਥੀ |

**(ਸ) ਗਣ-**

ਛੰਦ-ਵਿਧਾਨ ਵਿੱਚ ਅੱਖਰਾਂ ਜਾਂ ਮਾਤਰਾ ਦੇ ਜੋੜ ਨੂੰ ਗਣ ਆਖਦੇ ਹਨ। ਛੰਦਕ ਚਾਲ ਬੰਨ੍ਹਣ ਲਈ ਗਣਾਂ ਦੀ ਕਾਢ ਕੱਢੀ ਗਈ ਹੈ। ਗਣ ਅੱਠ ਹਨ:-

ਯਗਣ, ਮਗਣ, ਤਗਣ, ਗਗਣ, ਜਗਣ, ਭਗਣ, ਨਗਣ, ਸਗਣ।

**(ਹ) ਚਰਨ-**

ਚਰਨ ਦਾ ਅਰਥ ਤਾਂ ਪੈਰ ਹੈ ਪਰ ਛੰਦਾਬੰਦੀ ਵਿੱਚ ਕਵਿਤਾ ਦੀ ਤੁਕ 'ਤੇ ਜਿੱਥੇ ਠਹਿਰਾਉ ਆਉਂਦਾ ਹੈ, ਉਸ ਤੁਕ ਦੇ ਹਿੱਸੇ ਨੂੰ ਚਰਨ ਕਿਹਾ ਜਾਂਦਾ ਹੈ:

ਸਗਲ ਦੁਆਰ ਕਉ ਛਾਡਿ ਕੈ
ਗਹਯੋ ਤੁਹਾਰੋ ਦੁਆਰ॥

ਇਸ ਇਕ ਤੁਕ ਵਿੱਚ "ਕੈ" ਤੇ ਪਹਿਲਾ ਠਹਿਰਾਉ ਹੈ ਅਤੇ ਦੂਜਾ ਠਹਿਰਾਉ "ਦੁਆਰ" ਤੇ ਹੈ। ਇਉਂ ਏਥੇ ਦੋ ਚਰਨ ਹਨ।

**(ਕ) ਬਿਸਰਾਮ-**

ਛੰਦ ਵਿੱਚ ਤੁਕਾਂ ਦੇ ਵਿਚਾਲੇ ਜਾਂ ਅੰਤ ਉੱਤੇ ਜਿਹੜਾ ਠਹਿਰਾਉ ਹੁੰਦਾ ਹੈ, ਉਸ ਨੂੰ ਬਿਸਰਾਮ ਕਿਹਾ ਜਾਂਦਾ ਹੈ।

**(ਖ) ਤੁਕਾਂਤ-**

ਤੁਕਾਂਤ, ਤੁਕ ਦਾ ਅੰਤ ਹੈ। ਛੰਦ ਦੀ ਤੁਕ ਦੇ ਅੰਤ ਵਿੱਚ ਆਏ ਸ਼ਬਦ ਨੂੰ ਤੁਕਾਂਤ ਕਿਹਾ ਜਾਂਦਾ ਹੈ।

**ਛੰਦ ਦੇ ਪ੍ਰਕਾਰ-**

ਛੰਦ ਤਿੰਨ ਪ੍ਰਕਾਰ ਦੇ ਹੁੰਦੇ ਹਨ-

1. ਵਰਨਿਕ ਛੰਦ।
2. ਮਾਤਰਿਕ ਛੰਦ।
3. ਗਣਿਕ ਛੰਦ।

**1 ਵਰਨਿਕ ਛੰਦ-**

ਇਹਨਾਂ ਛੰਦਾਂ ਵਿੱਚ ਕੇਵਲ ਵਰਨਾਂ ਜਾਂ ਅੱਖਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ਕਬਿੱਤ ਅਤੇ ਕੋਰੜਾ ਵਰਨਿਕ ਛੰਦ ਹਨ।

**2 ਮਾਤਰਿਕ ਛੰਦ-**

ਮਾਤਰਿਕ ਛੰਦਾਂ ਵਿੱਚ ਮਾਤਰਾ ਦੀ ਗਿਣਤੀ ਕੀਤੀ ਜਾਂਦੀ ਹੈ, ਵਰਨ ਜਾਂ ਅੱਖਰ ਵੱਧ-ਘੱਟ ਹੋ



Downloaded from https:// www.studiestoday.com

Downloaded from https:// www.studiestoday.com

ਸਕਦੇ ਹਨ। ਦੋਹਿਰਾ ਅਤੇ ਸੋਰਠਾ ਮਾਤਰਿਕ ਛੰਦ ਹਨ।

**3. ਗਣਿਕ ਛੰਦ–**

ਗਣਿਕ ਛੰਦਾਂ ਦੀ ਪਛਾਣ ਗਣਾਂ ਦੇ ਹਿਸਾਬ ਨਾਲ ਹੁੰਦੀ ਹੈ।

ਇੱਥੇ ਅਸੀਂ ਦੋਹਿਰਾ, ਚੌਪਈ, ਕੋਰੜਾ, ਕਬਿੱਤ, ਦਵਈਆ ਅਤੇ ਬੈਂਤ ਛੰਦ ਦੀ ਪਰਿਭਾਸ਼ਾ ਤੇ ਉਦਾਹਰਨ ਪੇਸ਼ ਕਰਦੇ ਹੋਏ ਉਹਨਾਂ ਦੀ ਸੰਖੇਪ ਵਿਆਖਿਆ ਪ੍ਰਸਤੁਤ ਕਰਾਂਗੇ–

**(ੳ) ਦੋਹਿਰਾ (ਮਾਤਰਿਕ ਛੰਦ)**

ਪੰਜਾਬੀ ਵਿੱਚ ਦੋਹਿਰਾ ਜਾਂ ਦੋਹਰਾ ਦੋਵੇਂ ਸ਼ਬਦ–ਜੋੜ ਪ੍ਰਚਲਿਤ ਹਨ। ਇਹ ਇੱਕ ਮਾਤਰਿਕ ਛੰਦ ਹੈ। ਇਸਦੇ ਵਜ਼ਨ–ਤੋਲ ਨੂੰ ਮਾਪਣ ਲਈ ਮਾਤਰਾ ਦੀ ਗਿਣਤੀ ਕਰਨੀ ਪੈਂਦੀ ਹੈ। ਇਸ ਦੀ ਕਾਵਿ ਵਿੱਚ ਵਰਤੋਂ ਅਪਭ੍ਰੰਸ਼ ਸਾਹਿਤ ਤੋਂ ਸ਼ੁਰੂ ਹੋਈ ਹੈ। ਇਹ ਬਹੁਤ ਹੀ ਹਰਮਨ ਪਿਆਰਾ ਛੰਦ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਆਦਾਤਰ ਸ਼ਲੋਕ ਲਗਭਗ ਇਸੇ ਤੋਲ ਦੇ ਹਨ।

**ਲੱਛਣ–**

ਦੋਹਿਰੇ ਵਿੱਚ ਦੋ ਤੁਕਾਂ ਹੁੰਦੀਆਂ ਹਨ ਅਤੇ ਚਾਰ ਚਰਨ ਹੁੰਦੇ ਹਨ। ਹਰ ਇਕ ਤੁਕ ਵਿੱਚ 24 ਮਾਤਰਾ ਅਤੇ ਦੋ ਬਿਸਰਾਮ ਹੁੰਦੇ ਹਨ। ਪਹਿਲਾ ਬਿਸਰਾਮ 13 ਮਾਤਰਾ 'ਤੇ ਦੂਜਾ ਬਿਸਰਾਮ 11 ਮਾਤਰਾ 'ਤੇ ਹੁੰਦਾ ਹੈ। ਦੂਜੀ ਤੁਕ ਦੀ ਗਿਣਤੀ ਵੀ ਇਸੇ ਤਰ੍ਹਾਂ ਹੀ ਹੁੰਦੀ ਹੈ। ਤੁਕਾਂ ਦੇ ਅੰਤ ਤੇ ਜਾਂ ਦੂਜੇ ਚਰਨ ਦੇ ਅਖੀਰ ਤੇ ਤੁਕਾਂਤ-ਮੇਲ ਹੁੰਦਾ ਹੈ। ਮਾਲਵੇ ਦੀ ਕਵੀਸ਼ਰੀ ਵਿੱਚ ਦੋਹਿਰਾ ਬਹੁਤ ਵਰਤਿਆ ਜਾਂਦਾ ਰਿਹਾ ਹੈ। ਇਸਦੀ ਮਿਸਾਲ ਇਸ ਤਰ੍ਹਾਂ ਹੈ–

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥

ਇੱਥੇ ਹਰ ਪਹਿਲੇ ਅਤੇ ਤੀਜੇ ਪਦ ਵਿੱਚ 13–13 ਮਾਤ੍ਰਾਵਾਂ ਅਤੇ ਦੂਜੇ ਤੇ ਚੌਥੇ ਪਦ ਵਿੱਚ 11–11 ਮਾਤ੍ਰਾਵਾਂ ਹੁੰਦੀਆਂ ਹਨ। ਦੋਹਾਂ ਤੁਕਾਂ ਦੇ ਅੰਤ ਉੱਤੇ ਗੁਰੂ ਅਤੇ ਲਘੂ ਆਏ ਹਨ। ਇਸਦੇ ਹੋਰ ਨਮੂਨੇ ਵੇਖੋ –

– ਪੂਰਨ ਤੂੰ ਪਰਮਾਤਮਾ, ਘਟ ਘਟ ਰਿਹਾ ਸਮਾਇ।
ਜਿਉਂ ਮਹਿੰਦੀ ਕੇ ਪਾਤ ਮੇਂ, ਲਾਲੀ ਲਖੀ ਨ ਜਾਇ।

– ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥
ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥

– ਕੁਰਣ ਕੁਰਣ ਕਰਦੀ ਫਿਰੇ, ਸਰਦੀ ਪਏ ਅਫਾਤ।
ਦਿਨ ਚੜ੍ਹੇ ਮੰਗਣ ਤੁਰੀ, ਖੁਥਿਆ ਵਢ ਵਢ ਪਾਤ।

**(ਅ) ਚੌਪਈ (ਮਾਤਰਿਕ ਛੰਦ)**

ਇਹ ਇੱਕ ਮਾਤਰਿਕ ਛੰਦ ਹੈ। ਇਸ ਦੀ ਵਰਤੋਂ ਵੀਰ–ਰਾਸੋ ਕਾਵਿ ਤੋਂ ਸ਼ੁਰੂ ਹੋਈ ਹੈ। ਇਹ ਬਿਰਤਾਂਤਿਕ ਕਾਵਿ ਲਈ ਜ਼ਿਆਦਾ ਵਰਤਿਆ ਜਾਂਦਾ ਹੈ। ਇਸ ਨੂੰ ਚੌਪਈ ਜਾਂ ਚਉਪਈ ਜਾਂ ਚਤੁਸ਼ਪਦੀ ਵੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਚੌਪਈ ਤੋਂ ਭਾਵ ਹੈ ਚਾਰ ਪਦ ਜਾਂ ਚਾਰ ਚਰਨਾਂ ਵਾਲਾ ਛੰਦ।

**ਲੱਛਣ–**



Downloaded from https:// www.studiestoday.com

Downloaded from https:// www.studiestoday.com

ਇਸ ਵਿੱਚ ਚਾਰ ਚਰਨ ਅਤੇ ਹਰ ਚਰਨ ਵਿੱਚ 15 ਜਾਂ ਕਈ ਵਾਰ 16 ਮਾਤਰਾਵਾਂ ਹੁੰਦੀਆਂ ਹਨ, ਅੰਤ ਉੱਤੇ ਤੁਕਾਂਤ ਮੇਲ ਹੁੰਦਾ ਹੈ। ਪਹਿਲਾ ਬਿਸਰਾਮ 8 'ਤੇ ਦੂਜਾ ਬਿਸਰਾਮ 7 ਜਾਂ 8 'ਤੇ ਹੁੰਦਾ ਹੈ। ਅੰਤ ਵਿੱਚ ਲਘੂ-ਗੁਰੂ ਜਾਂ ਗੁਰੂ-ਗੁਰੂ ਦਾ ਮੇਲ ਹੁੰਦਾ ਹੈ।

ਮੱਧਕਾਲੀ ਪੰਜਾਬੀ ਕਵਿਤਾ ਅਤੇ ਮਾਲਵੇ ਦੀ ਕਵੀਸ਼ਰੀ ਵਿੱਚ ਚੌਪਈ ਛੰਦ ਵੱਧ ਵਰਤਿਆ ਗਿਆ ਹੈ। ਇਹ ਛੰਦ ਕਥਾ-ਕਾਵਿ ਤੇ ਬੀਰ-ਕਾਵਿ ਜਿਹੀਆਂ ਲੰਮੀਆਂ ਰਚਨਾਵਾਂ ਲਈ ਬਹੁਤ ਹਰਮਨ ਪਿਆਰਾ ਹੈ ਕਿਉਂਕਿ ਘਟਨਾਵਾਂ, ਦ੍ਰਿਸ਼ਾਂ ਤੇ ਕਥਾ-ਪ੍ਰਸੰਗਾਂ ਦੇ ਬਿਆਨ ਕਰਨ ਲਈ ਚੌਪਈ ਦੀ ਸ਼ੈਲੀ ਬਹੁਤ ਉੱਤਮ ਹੈ। ਗੁਰੂ ਗੋਬਿੰਦ ਸਿੰਘ ਰਚਿਤ ਅਕਾਲ-ਉਸਤਤ, ਬਚਿਤ੍ਰ ਨਾਟਕ, ਕਾਬਿਓ-ਵਾਚ ਬੇਨਤੀ ਚੌਪਈ ਆਦਿ ਬਾਣੀਆਂ ਵਿੱਚ ਵੀ ਚੌਪਈ ਦੀ ਵਰਤੋਂ ਹੋਈ ਹੈ। ਇਹ ਛੰਦ ਤੁਲਸੀਦਾਸ ਜੀ ਦੀ ਰਾਮਾਯਣ "ਰਾਮਚਰਿਤ ਮਾਨਸ" ਵਿੱਚ ਵੀ ਪ੍ਰਯੋਗ ਹੋਇਆ ਹੈ। ਇਸਦੇ ਨਮੂਨੇ ਵੇਖਣਯੋਗ ਹਨ-

- ਅਬ ਮੈਂ ਅਪਨੀ ਕਥਾ ਬਖਾਨੋ ॥
  ਤਪ ਸਾਧਤ ਜਿਹਿ ਬਿਧਿ ਮੁਹਿ ਆਨੋ ॥
  ਹੇਮ ਕੁੰਟ ਪਰਬਤ ਹੈ ਜਹਾਂ ॥
  ਸਪਤ ਸ੍ਰਿੰਗ ਸੋਭਿਤ ਹੈ ਤਹਾਂ ॥

- ਹਮਰੀ ਕਰੋ ਹਾਥ ਦੈ ਰਛਾ ॥
  ਪੂਰਨ ਹੋਇ ਚਿਤ ਕੀ ਇੱਛਾ ॥
  ਤਵ ਚਰਨਨ ਮਨ ਰਹੈ ਹਮਾਰਾ ॥
  ਅਪਨਾ ਜਾਨ ਕਰੋ ਪ੍ਰਤਿਪਾਰਾ ॥

- ਬਰਨ ਚਿਹਨ ਜਿਹ ਜਾਤ ਨ ਪਾਤਾ ॥
  ਸੱਤ੍ਰ ਮਿੱਤ੍ਰ ਜਿਹ ਤਾਤ ਨ ਪਾਤਾ ॥
  ਸਬ ਤੇ ਦੂਰਿ, ਸਭਨ ਤੇ ਨੇਰਾ ॥
  ਜਲ ਥਲ ਮਹੀਅਲ ਜਾਹਿ ਬਸੇਰਾ ॥

**(ੲ) ਕੋਰੜਾ (ਵਰਨਿਕ ਛੰਦ)**

ਕੋਰੜਾ ਦਾ ਸ਼ਾਬਦਿਕ ਅਰਥ ਹੈ 'ਚਾਬਕ'। ਹਿੰਦੀ ਅਤੇ ਉਰਦੂ ਵਿੱਚ ਇਸਨੂੰ 'ਕੋੜਾ' ਕਿਹਾ ਜਾਂਦਾ ਹੈ। ਪਰ ਸਾਹਿਤ ਵਿੱਚ ਇਹ ਇੱਕ ਖ਼ਾਸ ਵਰਨਿਕ ਛੰਦ ਹੈ। ਪੰਜਾਬੀ ਕਿੱਸਾਕਾਰਾਂ ਅਤੇ ਕਵੀਸ਼ਰਾਂ ਨੇ ਇਸ ਦੀ ਬਹੁਤ ਵਰਤੋਂ ਕੀਤੀ ਹੈ। ਕੋਰੜਾ ਮਲਵਈ ਬੋਲੀ (ਪੰਜਾਬੀ) ਦਾ ਹਰਮਨ-ਪਿਆਰਾ ਛੰਦ ਹੈ। ਮਾਲਵੇ ਦੀ ਕਵੀਸ਼ਰੀ ਵਿੱਚ ਕੋਰੜਾ ਛੰਦ ਦੀ ਭਰਪੂਰ ਵਰਤੋਂ ਕੀਤੀ ਗਈ ਹੈ।

**ਲੱਛਣ-**

ਕੋਰੜਾ ਛੰਦ ਵਿੱਚ ਤੁਕਾਂ ਦੀ ਕੋਈ ਪਾਬੰਦੀ ਨਹੀਂ, ਦੋ ਤੁਕਾਂ ਤੋਂ ਲੈ ਕੇ ਅੱਗੇ ਕਿੰਨੀਆਂ ਤੁਕਾਂ ਰੱਖੀਆਂ ਜਾ ਸਕਦੀਆਂ ਹਨ। ਪਰ ਜ਼ਿਆਦਾਤਰ ਚਾਰ ਤੁਕਾਂ ਦਾ ਜੁੱਟ ਹੁੰਦਾ ਹੈ। ਇਸ ਵਿੱਚ ਵਰਨਾਂ ਦੀ ਗਿਣਤੀ ਕੀਤੀ ਜਾਂਦੀ ਹੈ। ਹਰ ਤੁਕ ਵਿੱਚ 13 ਜਾਂ 14 ਵਰਨ (ਅੱਖਰ) ਹੁੰਦੇ ਹਨ ਅਤੇ ਤੁਕਾਂਤ ਹੀ ਬਿਸਰਾਮ ਹੁੰਦਾ ਹੈ। ਤੁਕਾਂ ਦੇ ਅੰਤ ਵਿੱਚ ਤੁਕਾਂਤ-ਮੇਲ ਹੁੰਦਾ ਹੈ। ਇਸ ਦੀ ਵੰਨਗੀ ਇਸ ਤਰ੍ਹਾਂ ਹੈ-

- ਕਹੇ ਰਾਜਮਾਤਾ ਦਸ ਹਾਲ ਬੱਚੀਏ।
  ਕਾਤੋ ਛਡ ਗਿਆ ਭੂਮੀਪਾਲ ਬੱਚੀਏ।
  ਸੁਣ ਮਾਤਾ ਆਦਿ ਸੇ ਸੁਣਾਵਾਂ ਹਾਲ ਨੀ।
  ਪਾਸਾ ਖੇਲ ਅਸੀਂ ਬਣਗੇ ਕੰਗਾਲ ਨੀ।



Downloaded from https:// www.studiestoday.com

Downloaded from https:// www.studiestoday.com

– ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

**(ਸ) ਕਬਿੱਤ (ਵਰਨਿਕ ਛੰਦ)**

ਕਬਿੱਤ ਮਾਲਵੇ ਦੀ ਕਵੀਸ਼ਰੀ ਦਾ ਪ੍ਰਸਿੱਧ ਛੰਦ ਹੈ। ਇਹ ਇਕ ਵਰਨਿਕ ਛੰਦ ਹੈ। ਇਸ ਵਿੱਚ ਵਰਨਾਂ ਦੀ ਗਿਣਤੀ ਕੀਤੀ ਜਾਂਦੀ ਹੈ।

**ਲੱਛਣ–**

ਕਬਿੱਤ ਦੀਆਂ ਚਾਰ ਲੰਮੀਆਂ ਤੁਕਾਂ ਹੁੰਦੀਆਂ ਹਨ। ਹਰ ਤੁਕ ਵਿੱਚ ਚਾਰ ਬਿਸਰਾਮ ਹੁੰਦੇ ਹਨ, ਭਾਵ ਇਸ ਵਿੱਚ ਹਰ ਤੁਕ ਦੇ ਦੋ–ਦੋ ਚਰਨ ਹੁੰਦੇ ਹਨ ਅਤੇ ਹਰ ਚਰਨ ਵਿੱਚ ਦੋ–ਦੋ ਬਿਸਰਾਮ ਹੁੰਦੇ ਹਨ। ਹਰ ਤੁਕ ਦੇ ਚਾਰ ਬਿਸਰਾਮਾਂ ਨੂੰ ਤੁਕਾਂਤ ਕਿਹਾ ਜਾ ਸਕਦਾ ਹੈ।

ਹਰੇਕ ਤੁਕ ਦੇ ਚਾਰ ਤੁਕਾਂਗਾਂ ਵਿੱਚੋਂ ਪਹਿਲੇ ਤਿੰਨ ਤੁਕਾਂਗਾਂ ਵਿੱਚ ਅੱਠ–ਅੱਠ ਵਰਨਾਂ ਦਾ ਵਿਧਾਨ ਹੁੰਦਾ ਹੈ ਅਤੇ ਚੌਥੇ ਤੁਕਾਂਗ ਵਿੱਚ ਸੱਤ ਵਰਨ ਅਤੇ ਕਈ ਵਾਰੀ ਅੱਠ ਵਰਨ ਹੁੰਦੇ ਹਨ। ਭਾਵ ਹਰ ਤੁਕ ਵਿੱਚ 31 ਜਾਂ 32 ਵਰਨ ਹੁੰਦੇ ਹਨ। ਤੁਕਾਂਤ ਮੇਲ ਚਾਰਾਂ ਤੁਕਾਂ ਵਿੱਚ ਸਮਾਨ ਰੂਪ ਵਿੱਚ ਹੁੰਦਾ ਹੈ। ਇਸ ਦੀਆਂ ਉਦਾਹਰਨਾਂ ਇਸ ਤਰ੍ਹਾਂ ਹਨ–

– ਮੀਨ ਜੈਸੇ ਨੀਰ ਬਿਨਾ, ਭੈਣ ਜੰਮੇ ਵੀਰ ਬਿਨਾ,
ਕਪੜਾ ਅਮੀਰ ਬਿਨਾ, ਮੂਲ ਨਾ ਸੁਹਾਂਵਦਾ।
ਖੇਤੀ ਜੈਸੇ ਬਾੜ ਬਿਨਾ, ਨਾਰ ਭਰਤਾਰ ਬਿਨਾ,
ਘੋੜਾ ਅਸਵਾਰ ਬਿਨਾ, ਰਾਸ ਨਹੀਂ ਆਂਵਦਾ।
ਸਾਧੂ ਜੈਸੇ ਸੰਤ ਬਿਨਾ, ਆਦਮੀ ਜੋ ਮੱਤ ਬਿਨਾ,
ਗਾਵਣਾ ਜਯੋਂ ਗੱਤ ਬਿਨਾ, ਸੋਭਾ ਨਹੀਂ ਪਾਂਵਦਾ।
ਤੈਸੇ ਕਵੀ ਦੌਲਤਾ, ਭਜਨ ਬਿਨਾ ਮੂੜ ਬੰਦਾ,
ਜਨਮ ਅਮੋਲ ਬੱਚਾ, ਬਿਰਥਾ ਗਵਾਂਵਦਾ।

– ਹੋਯਾ ਰਾਂਝਣਾ ਜਵਾਨ, ਲੱਗਾ ਚੰਗਾ ਪੀਣ–ਖਾਣ,
ਪਹਿਨੇ ਬਾਫ਼ ਤੇ ਬਰਾਨ, ਨਾਲ ਮਾਪਿਆਂ ਦੇ ਮਨ ਦੇ।
ਦੇਖ ਮਾਪੇ ਹੋਣ ਰਾਜ਼ੀ, ਜਿਉਂ ਤਬੇਲੇ ਪਲੇ ਤਾਜ਼ੀ,
ਜਿਵੇਂ ਬਾਲਕੇ ਨੂੰ ਬਾਜ਼ੀ, ਤਿਵੇਂ ਰਾਂਝਣੇ ਨੂੰ ਜਾਣਦੇ।
ਰਾਂਝਾ ਅਲਬੇਲਾ, ਕੁੜੀ ਮੁੰਡੇ ਦਾ ਸੁਹੇਲਾ,
ਕੋਈ ਛੋੜਦਾ ਨਾ ਮੇਲਾ, ਵਿੱਚ ਰੋਸ਼ਨ ਜਹਾਨ ਦੇ।
ਵਿੱਚ ਗਲੀਆਂ ਦੇ ਗਾਵੇ, ਸੋਹਣੀ ਬੰਸਰੀ ਬਜਾਵੇ,
ਭਗਵਾਨ ਸਿੰਘ ਭਾਵੇ, ਮਨ ਮੂਰਖ ਸੁਜਾਨ ਦੇ।

– ਭਾਈਆ ਬਗੈਰ ਕੋਈ ਪੈਰ ਨਾ ਧਰਨ ਦੇਵੇ,
ਭਾਈ ਉੱਠ ਜਾਣ ਭੱਜ ਪੈਂਦੀਆਂ ਜੇ ਬਾਹਾਂ ਉਇ।
ਭਾਈਆਂ ਬਗ਼ੈਰ ਲੋਕ ਸੱਥ ਵਿੱਚ ਦੇਣ ਗਾਲੀ,
ਭਾਈ ਹੁੰਦੇ ਪਾਸ ਲੱਖ ਹੁੰਦੀਆਂ ਪਨਾਹਾਂ ਉਇ।
ਭਾਈ ਉਠ ਜਾਣ ਤਾਂ ਜਹਾਨ ਵਿੱਚ ਸੁੰਞ ਹੋਵੇ,
ਭਾਈ ਹੁੰਦੇ ਪਾਸ ਲੱਖ ਹੁੰਦੀਆਂ ਸਲਾਹਾਂ ਉਇ।



Downloaded from https:// www.studiestoday.com

Downloaded from https:// www.studiestoday.com

ਬਾਂਹ ਫੜ ਰਾਂਝੇ ਨੂੰ ਪੁਕਾਰਨ ਪ੍ਰੇਮ ਨਾਲ,
ਚਲ ਭਗਵਾਨ ਸਿੰਘ ਉਠ ਕੇ ਪਿਛਾਂਹਾਂ ਉਇ।

**(ਹ) ਦਵਈਆ (ਮਾਤਰਿਕ ਛੰਦ)**

ਦਵਈਆ ਇੱਕ ਮਾਤਰਿਕ ਛੰਦ ਹੈ। ਦਵਈਆ ਛੰਦ ਨੂੰ ਦੁਵੈਯਾ, ਦਵੱਯਾ ਜਾਂ ਦੋਵੈ ਵੀ ਕਿਹਾ ਜਾਂਦਾ ਹੈ। ਬ੍ਰਜ ਭਾਸ਼ਾ ਦੀ ਕਵਿਤਾ ਵਿੱਚ ਇਹ ਬਹੁਤ ਵਰਤਿਆ ਗਿਆ ਹੈ, ਪੰਜਾਬੀ ਵਿੱਚ ਗੁਰਬਾਣੀ ਅਤੇ ਕਿੱਸਾ ਕਾਵਿ ਵਿੱਚ ਇਸ ਦੀ ਵਰਤੋਂ ਹੋਈ ਹੈ।

**ਲੱਛਣ-**

ਦਵਈਆ ਮਾਤਰਿਕ ਸਮ ਛੰਦ-ਰੂਪ ਮੰਨਿਆ ਜਾਂਦਾ ਹੈ। ਇਸ ਦੀਆਂ ਚਾਰ ਤੁਕਾਂ ਹੁੰਦੀਆਂ ਹਨ ਅਤੇ ਹਰ ਤੁਕ ਦੀਆਂ 28 ਮਾਤਰਾ ਹੁੰਦੀਆਂ ਹਨ। ਹਰ ਤੁਕ ਵਿੱਚ ਪਹਿਲਾ ਬਿਸਰਾਮ 16 ਮਾਤਰਾ ਅਤੇ ਦੂਜਾ 12 ਮਾਤਰਾ ਉੱਤੇ ਆਉਂਦਾ ਹੈ। ਅੰਤ ਵਿੱਚ ਦੋ ਗੁਰੂ ਹੁੰਦੇ ਹਨ, ਪਰ ਕਈ ਵਾਰ ਅੰਤ ਵਿੱਚ ਗੁਰੂ ਤੇ ਲਘੂ ਵੀ ਮਿਲਦੇ ਹਨ। ਪੰਜਾਬੀ ਵਿੱਚ ਦਵਈਆਂ ਛੰਦ ਦੀ ਵਰਤੋਂ ਕਿੱਸਾਕਾਰ ਦਮੋਦਰ ਤੇ ਹਾਸ਼ਮ ਸ਼ਾਹ ਨੇ ਸਭ ਤੋਂ ਵੱਧ ਕੀਤੀ ਹੈ। ਇਸਦੀਆਂ ਮਿਸਾਲਾਂ ਇਸ ਤਰ੍ਹਾਂ ਹਨ-

- ਓੜਕ ਵਕਤ ਕਹਿਰ ਦੀਆਂ ਕੂਕਾਂ, ਸੁਣ ਪੱਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ, ਸ਼ਾਲਾ ਮਰ ਦੋਜ਼ਖ ਜਾਵੇ।
ਯਾ ਉਸ ਨੇਹੁੰ ਲਗੇ ਵਿੱਚ ਬ੍ਰਿਹੋਂ, ਵਾਂਗ ਸੱਸੀ ਜਲ ਜਾਵੇ।
ਹਾਸ਼ਮ ਮੌਤ ਪਵੇ ਕਰਵਾਨਾ, ਤੁਖ਼ਮ ਜ਼ਮੀਨੋਂ ਜਾਵੇ।

- ਰਾਤੀਂ ਨੀਂਦ ਅਰਾਮ ਨਾ ਆਵੇ, ਦਿਨੇ ਰਹੇ ਨਿੱਤ ਰਾਹੀ।
ਹਾਸ਼ਮ ਜਾਨ ਛੁਡਾਵਨ ਮੁਸ਼ਕਲ, ਬੁਰੀ ਇਸ਼ਕ ਦੀ ਫਾਹੀ।
ਆਹੀਂ ਮਾਰੇ ਤੇ ਗ਼ਮ ਖਾਵੇ, ਪੀਵੇ ਖ਼ੂਨ ਜਿਗਰ ਦਾ।
ਰੋਵੇ ਪੀੜ ਕਰੇ ਦਿਲ ਘਾਇਲ, ਜ਼ਖਮੀ ਵਸਲ ਹਿਜਰ ਦਾ।

- ਇਕੋ ਬੂਟਾ ਇਕੋ ਲੱਜ਼ਤ, ਇਕੋ ਪਤਾ ਨਿਸ਼ਾਨੀ।
ਉਸੀ ਬੂਟਿਓਂ ਫੁੱਲ ਮਿਜ਼ਾਜ਼ੀ, ਮੇਵਾ ਇਸ਼ਕ ਕਹਾਣੀ।
ਹਾਸ਼ਮ ਇਸ਼ਕ ਸੁਖਾਲਾ ਨਾਹੀਂ, ਮਰ ਕੇ ਆਸ਼ਕ ਥੀਂਦੇ।
ਹਰਦਮ ਜਾਨ ਜਿਗਰ ਦਾ ਲੋਹੂ, ਚੂਲੀਆਂ ਭਰ ਭਰ ਪੀਂਦੇ।

**(ਕ) ਬੈਂਤ (ਮਾਤਰਿਕ ਛੰਦ)**

'ਬੈਂਤ' ਪੰਜਾਬੀ ਬ੍ਰਿਤਾਂਤਕ ਕਾਵਿ ਦਾ ਬੜਾ ਹਰਮਨ ਪਿਆਰਾ ਛੰਦ ਹੈ। ਬੈਂਤ ਅਤੇ ਬੈਤ ਇਸਦੇ ਦੋ ਰੂਪ ਪ੍ਰਚਲਿਤ ਹਨ। ਇਹ ਅਰਬੀ ਭਾਸ਼ਾ ਤੋਂ ਆਇਆ ਹੈ। ਉੱਥੇ ਦੋ-ਤੁਕੇ ਛੰਦ ਨੂੰ ਬੈਂਤ ਕਲਪਿਆ ਗਿਆ ਹੈ।

**ਲੱਛਣ-**

ਬੈਂਤ ਮਾਤਰਿਕ ਛੰਦ ਹੈ। ਇਸਦੀਆਂ ਕਈ ਕਿਸਮਾਂ ਹਨ। 4 ਤੁਕਾਂ ਤੋਂ ਲੈ ਕੇ 20-22 ਤੁਕਾਂ ਤੱਕ ਬੈਂਤ ਦੀ ਲੰਬਾਈ ਵੇਖੀ ਜਾਂਦੀ ਹੈ। ਹਰ ਤੁਕ ਵਿੱਚ 40 ਮਾਤਰਾ ਹੁੰਦੀਆਂ ਹਨ ਅਤੇ ਤੁਕ ਵਿੱਚ ਪਹਿਲਾ ਬਿਸਰਾਮ 20 ਮਾਤਰਾ 'ਤੇ ਹੁੰਦਾ ਹੈ ਪਰ ਕਈ ਵਾਰ 19 ਜਾਂ 21 ਮਾਤਰਾ ਤੇ ਵੀ ਬਿਸਰਾਮ ਹੋ ਜਾਂਦਾ ਹੈ।

ਬੈਂਤ ਵਿੱਚ ਆਮ ਕਰਕੇ ਚਾਰ ਤੁਕਾਂ ਦਾ ਹੀ ਵਿਧਾਨ ਹੈ ਅਤੇ ਹਰ ਤੁਕ ਦੇ ਅੰਤ ਵਿੱਚ ਤੁਕਾਂਤ-ਮੇਲ ਹੁੰਦਾ ਹੈ। ਬੈਂਤ ਦੇ ਤੁਕਾਂਤ-ਮੇਲ ਨੂੰ ਅਰਬੀ-ਫ਼ਾਰਸੀ ਸ਼ਬਦਾਵਲੀ ਵਿੱਚ ਕਾਫ਼ੀਆ-ਰਦੀਫ਼ ਕਹਿੰਦੇ ਹਨ। ਬੈਂਤ



Downloaded from https:// www.studiestoday.com

Downloaded from https:// www.studiestoday.com

ਦੇ ਅਖੀਰ ਵਿੱਚ ਕੁਝ ਵਰਨ (ਅੱਖਰ) ਇਸ ਤਰ੍ਹਾਂ ਆਉਂਦੇ ਹਨ ਕਿ ਇੱਕ ਖ਼ਾਸ ਵਜ਼ਨ ਕਾਇਮ ਹੁੰਦਾ ਚਲਾ ਜਾਂਦਾ ਹੈ ਜਿਵੇਂ ਨੂਰ, ਬੂਰ, ਤੂਰ ਜਾਂ ਖਿਆਲ ਹੋਇਆ, ਵਾਲ ਹੋਇਆ, ਸਵਾਲ ਹੋਇਆ।

ਇਸ ਛੰਦ ਨੂੰ ਅਹਿਮਦ ਗੁਜਰ ਅਤੇ ਮੁਕਬਲ ਨੇ ਸੰਵਾਰਿਆ, ਪਰ ਵਾਰਸ ਸ਼ਾਹ ਨੇ ਇਸ ਨੂੰ ਸਿਖਰ ਉੱਤੇ ਪਹੁੰਚਾ ਦਿੱਤਾ। ਇਸ ਦੀਆਂ ਪ੍ਰਮੁੱਖ ਉਦਾਹਰਨਾਂ ਇਸ ਤਰ੍ਹਾਂ ਹਨ–

– ਤੇਰੀ ਖੋਜ ਵਿੱਚ ਅਕਲ ਦੇ ਖੰਭ ਝੜ ਗਏ,
ਤੇਰੀ ਭਾਲ ਵਿੱਚ ਥੋਥਾ ਖ਼ਿਆਲ ਹੋਇਆ।
ਲੱਖਾਂ ਉਂਗਲਾਂ ਗੁੰਝਲਾਂ ਖੋਲ੍ਹ ਥੱਕੀਆਂ,
ਤੇਰੀ ਜ਼ੁਲਫ ਦਾ ਸਿੱਧਾ ਨਾ ਵਾਲ ਹੋਇਆ।
ਘਿੱਗੀ ਬੱਝ ਗਈ ਸੰਖਾਂ ਦੀ ਰੋ ਰੋ ਕੇ,
ਪਿੱਟ ਪਿੱਟ ਕੇ ਚੂਰ ਘੜਿਆਲ ਹੋਇਆ।
ਚੀਕ ਚੀਕ ਕੇ ਕਲਮ ਦੀ ਜੀਭ ਪਾਟੀ,
ਅਜੇ ਹੱਲ ਨਾ ਤੇਰਾ ਸਵਾਲ ਹੋਇਆ।

– ਨਬਜ਼ ਵੇਖ ਕੇ ਕਰਾਂ ਇਲਾਜ ਇਸਦਾ,
ਦੇਇ ਵੇਦਨਾ ਸਭ ਬਤਾਇ ਮੈਨੂੰ।
ਨਾੜੀ ਵੇਖ ਕੇ ਏਸ ਦੀ ਕਰਾਂ ਕਾਰੀ,
ਦੇਵੇ ਉਠ ਕੇ ਹੱਥ ਦਿਖਾਇ ਮੈਨੂੰ।
ਰੋਗ ਕਾਸ ਤੋਂ ਚਲਿਆ ਕਰਾਂ ਜਾਹਰ,
ਮਜ਼ਾ ਮੂੰਹ ਦਾ ਦੇਹ ਬਤਾਇ ਮੈਨੂੰ।
ਵਾਰਿਸ ਸ਼ਾਹ ਮੀਆਂ ਛਤੀ ਰੋਗ ਕਟਾਂ,
ਮਲਕੁਲ ਮੌਤ ਥੀਂ ਲਵਾਂ ਬਚਾਇ ਏਹਨੂੰ।

– ਰਾਜ ਕੂੜ ਦਾ ਅੰਤ ਨਿਖੁੱਟਣਾ ਏ,
ਪਹਿਰਾ ਮੁਕਣੈ ਕਾਲੇ ਹਨੇਰਿਆਂ ਦਾ।
ਹੋਣ ਵਾਲਾ ਏ ਸੱਚ ਦਾ ਬੋਲ ਬਾਲਾ,
ਆਉਣ ਵਾਲਾ ਏ ਜੁਗ ਸਵੇਰਿਆਂ ਦਾ।
ਚੜ੍ਹ ਕੇ ਲਿਸ਼ਕਣੈ ਪਿਆਰ ਦੇ ਸੂਰਜਾਂ ਨੇ,
ਰੂਪ ਚਮਕਣੈ ਸਾਡੇ ਬਨੇਰਿਆਂ ਦਾ।
ਮਿਟਣੀ ਵਿੱਥ ਹੈ ਉੱਚਿਆਂ ਨੀਵਿਆਂ ਦੀ,
ਮਿਟਣਾ ਫਰਕ ਹੈ ਤੇਰਿਆਂ-ਮੇਰਿਆਂ ਦਾ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਛੰਦ ਦੀ ਪਰਿਭਾਸ਼ਾ ਅਤੇ ਪ੍ਰਕਾਰ ਉੱਪਰ ਚਾਨਣਾ ਪਾਉ।
2. ਹੇਠ ਲਿਖੇ ਛੰਦਾਂ ਦੇ ਲੱਛਣ ਅਤੇ ਉਦਾਹਰਨਾਂ ਉੱਪਰ ਚਰਚਾ ਕਰੋ-
   - (ੳ) ਦਵਈਆ
   - (ਅ) ਕੋਰੜਾ
   - (ੲ) ਚੌਪਈ
   - (ਸ) ਕਬਿੱਤ
   - (ਹ) ਬੈਂਤ



Downloaded from https:// www.studiestoday.com

Downloaded from https:// www.studiestoday.com

## (ੲ) ਅਲੰਕਾਰ

### ਅਰਥ ਤੇ ਪਰਿਭਾਸ਼ਾ–

'ਅਲੰਕਾਰ' ਸੰਸਕ੍ਰਿਤ ਦਾ ਸ਼ਬਦ ਹੈ, ਜੋ ਦੋ ਸ਼ਬਦਾਂ ਅਲੰ+ਕਾਰ ਤੋਂ ਮਿਲ ਕੇ ਬਣਿਆ ਹੈ। ਅਲੰ ਤੋਂ ਭਾਵ ਹੈ- ਭੂਸ਼ਣ(ਗਹਿਣਾ) ਅਤੇ ਕਾਰ ਤੋਂ ਭਾਵ ਹੈ ਕਰਨ ਵਾਲਾ। ਅਰਥਾਤ ਜੋ ਅਲੰਕ੍ਰਿਤ ਕਰੇ ਉਸ ਨੂੰ ਅਲੰਕਾਰ ਕਿਹਾ ਜਾਂਦਾ ਹੈ।

ਇਸ ਪ੍ਰਕਾਰ ਅਲੰਕਾਰ ਦਾ ਸ਼ਾਬਦਿਕ ਅਰਥ ਗਹਿਣੇ, ਜ਼ੇਵਰ, ਭੂਸ਼ਣ, ਟੂੰਬਾਂ, ਸਜਾਵਟ, ਸੁਹਜ-ਸ਼ਿੰਗਾਰ ਤੋਂ ਲਿਆ ਜਾਂਦਾ ਹੈ। ਭਾਵੇਂ ਅਲੰਕਾਰ ਤੋਂ ਭਾਵ ਸਾਜ-ਸਜਾਵਟ ਤੋਂ ਲਿਆ ਜਾਂਦਾ ਹੈ, ਪਰੰਤੂ ਇਹ ਕਵਿਤਾ ਉੱਪਰ ਭਾਰੂ ਨਹੀਂ ਹੋਣੀ ਚਾਹੀਦੀ ਸਗੋਂ ਕਵਿਤਾ ਦੇ ਭਾਵਾਂ ਨੂੰ ਪ੍ਰਗਟ ਕਰਨ ਵਾਲੀ ਹੋਣੀ ਚਾਹੀਦੀ ਹੈ।

**ਭਾਮਹ** ਅਨੁਸਾਰ, "ਅਲੰਕਾਰ ਕਵਿਤਾ ਦੇ ਸ਼ਿੰਗਾਰ ਲਈ ਜ਼ਰੂਰੀ ਹਨ।"

**ਦੰਡੀ** ਲਿਖਦਾ ਹੈ, "ਕਵਿਤਾ ਦੀ ਸ਼ੋਭਾ ਵਧਾਉਣ ਵਾਲੇ ਤੱਤ ਨੂੰ ਅਲੰਕਾਰ ਕਿਹਾ ਜਾਂਦਾ ਹੈ।"

ਇਕ ਹੋਰ ਭਾਰਤੀ **ਅਚਾਰੀਆ ਵਾਮਨ** ਇਸ ਸੰਬੰਧੀ ਆਪਣਾ ਮਤ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ,

"ਅਲੰਕਾਰ ਕਰਕੇ ਹੀ ਕਵਿਤਾ ਗ੍ਰਹਿਣ ਕਰਨ ਯੋਗ ਹੁੰਦੀ ਹੈ, ਕਵਿਤਾ ਵਿੱਚ ਸੌਂਦਰਯ ਦਾ ਨਾਂ ਹੀ ਅਲੰਕਾਰ ਹੈ।"

ਇਸ ਪ੍ਰਕਾਰ ਭਾਰਤੀ ਚਿੰਤਕ ਅਲੰਕਾਰ ਨੂੰ ਕਵਿਤਾ ਦਾ ਜ਼ਰੂਰੀ ਤੱਤ ਮੰਨਦੇ ਹਨ। ਪ੍ਰਸਿੱਧ ਭਾਰਤੀ ਅਚਾਰੀਆ **ਭਰਤਮੁਨੀ** ਆਪਣੇ ਗ੍ਰੰਥ 'ਨਾਟਯ ਸ਼ਾਸ਼ਤਰ' ਵਿੱਚ ਵੀ ਅਲੰਕਾਰ ਸੰਬੰਧੀ ਵਿਚਾਰ ਪ੍ਰਗਟ ਕਰਦਾ ਹੈ।

ਉਪਰੋਕਤ ਸਾਰੀਆਂ ਵਿਚਾਰ ਚਰਚਾਵਾਂ ਦਾ ਨਿਚੋੜ ਦੱਸਦੇ ਹੋਏ **ਡਾ. ਪ੍ਰੇਮ ਪ੍ਰਕਾਸ਼ ਸਿੰਘ** ਲਿਖਦੇ ਹਨ,

"ਅਲੰਕਾਰ ਕਾਵਿ ਕਲਾ ਦਾ ਅਨੋਖਾ ਤੇ ਨਿਰਾਲਾ ਢੰਗ ਹੈ, ਜੋ ਕਵੀ-ਬੋਲਾਂ ਦੇ ਸ਼ਬਦਾਂ ਵਿੱਚ ਅਦਭੁੱਤ ਚਮਤਕਾਰ ਪੈਦਾ ਕਰ ਕੇ ਕਵਿਤਾ ਦੇ ਸੁਹਜ ਵਿੱਚ ਵਾਧਾ ਕਰਦਾ ਹੈ।"

### ਲੱਛਣ ਅਤੇ ਸਰੂਪ–

ਕਵੀ ਆਪਣੀਆਂ ਕਾਵਿ ਰਚਨਾਵਾਂ ਵਿੱਚ ਅੱਖਰਾਂ, ਵਰਨਾਂ, ਸ਼ਬਦਾਂ, ਵਾਕਾਂ ਤੇ ਮੁਹਾਵਰਿਆਂ ਦੇ ਸ਼ਬਦ ਸੰਯੋਜਨ ਨਾਲ ਚਮਤਕਾਰੀ ਸੁਹਜ ਪੈਦਾ ਕਰਦੇ ਹਨ ਅਤੇ ਇਹ ਚਮਤਕਾਰੀ ਸੁਹਜ ਕਈ ਵਾਰ ਅਰਥ ਪੱਧਰ ਤੇ ਵੀ ਵਾਪਰ ਜਾਂਦਾ ਹੈ। ਜਿਸ ਨਾਲ ਪਾਠਕ ਜਾਂ ਸਰੋਤੇ ਆਨੰਦਿਤ ਹੋ ਜਾਂਦੇ ਹਨ। ਇੰਨ੍ਹਾਂ ਸਾਰੀਆਂ ਕਲਾਤਮਿਕ ਜੁਗਤਾਂ ਅਤੇ ਸੁਹਜ ਵਿਧੀਆਂ ਨੂੰ ਅਲੰਕਾਰ ਕਿਹਾ ਜਾਂਦਾ ਹੈ। ਧੁਨੀਆਂ, ਸ਼ਬਦਾਂ, ਵਾਕਾਂ ਅਤੇ ਸ਼ਬਦਾਰਥਾਂ ਦੀ ਵਿਲੱਖਣ ਵਰਤੋਂ ਦੁਆਰਾ ਹੀ ਇਹ ਚਮਤਕਰੀ ਸੁਹਜ ਪੈਦਾ ਹੁੰਦਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਅਸੀਂ ਹੇਠ ਲਿਖੀ ਗ਼ਜ਼ਲ ਦਾ ਉਦਾਹਰਨ ਵੇਖਾਂਗੇ:-



Downloaded from https:// www.studiestoday.com

Downloaded from https:// www.studiestoday.com

ਚਿੱਟੇ ਚਾਨਣ ਦਾ ਦੁੱਧ ਡੁੱਲ੍ਹਿਆ,

ਤੇ ਮਟਕੀ ਭੱਜੀ ਹਨੇਰੇ ਦੀ।

ਛੱਡ ਰਾਤਾਂ ਦੀਆਂ ਹਕਾਇਤਾਂ ਨੂੰ,

ਕੋਈ ਗੱਲ ਕਰ ਨਵੇਂ ਸਵੇਰੇ ਦੀ।

ਉਪਰੋਕਤ ਕਾਵਿ-ਬੰਦ ਰਾਹੀਂ ਹਨੇਰੇ(ਅਗਿਆਨਤਾ) ਤੋਂ ਚਾਨਣ(ਗਿਆਨ) ਦੀ ਗੱਲ ਸਮਝਾਉਣ ਲਈ ਚਾਨਣ ਨਾਲ ਦੁੱਧ ਅਤੇ ਮਟਕੀ ਨਾਲ ਹਨੇਰੇ ਦੀ ਇਕਰੂਪਤਾ ਪ੍ਰਗਟ ਕਰਦਾ ਹੋਇਆ ਲੇਖਕ ਰੂਪਕ ਅਲੰਕਾਰ ਦੀ ਸਫ਼ਲ ਵਰਤੋਂ ਕਰਦਾ ਹੈ।

ਇਸ ਤਰ੍ਹਾਂ ਅਲੰਕਾਰ ਕਵਿਤਾ ਨੂੰ ਰੌਚਕਤਾ ਅਤੇ ਸਪਸ਼ਟਤਾ ਪ੍ਰਦਾਨ ਕਰਦੇ ਹਨ। **ਡਾ. ਪ੍ਰੇਮ ਪ੍ਰਕਾਸ਼ ਸਿੰਘ** ਕਵਿਤਾ ਵਿੱਚ ਅਲੰਕਾਰਾਂ ਦੇ ਹੇਠ ਲਿਖੇ ਮੰਤਵਾਂ ਦਾ ਜ਼ਿਕਰ ਕਰਦੇ ਹਨ—

1. ਅਲੰਕਾਰ ਕਾਵਿ ਦੀ ਸੁਹਜ ਤੇ ਸ਼ੋਭਾ ਵਧਾਉਂਦੇ ਹਨ।

2. ਅਲੰਕਾਰ ਕਾਵਿ ਨੂੰ ਚਮਤਕਾਰੀ ਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ।

3. ਅਲੰਕਾਰ ਅਰਥਾਂ ਵਿੱਚ ਸਪੱਸ਼ਟਤਾ ਪੈਦਾ ਕਰਦੇ ਹਨ।

4. ਅਲੰਕਾਰ ਕਵਿਤਾ ਨੂੰ ਸੁਆਦਲਾ ਬਣਾਉਂਦੇ ਹਨ।

5. ਅਲੰਕਾਰ ਬੇਅੰਤ ਹਨ, ਕਿਉਂਕਿ ਅਲੰਕਾਰ ਕਵੀ ਦੇ ਕਟਾਖਸ਼, ਵਿਅੰਗ ਤੇ ਅਦਾ ਕਰਨ ਦੇ ਕਥਨ-ਢੰਗ ਹੀ ਹਨ।

## ਵਰਗੀਕਰਨ-

ਵਿਦਵਾਨਾਂ ਨੇ ਅਲੰਕਾਰਾਂ ਨੂੰ ਤਿੰਨ ਪ੍ਰਮੁੱਖ ਵਰਗਾਂ ਵਿੱਚ ਵੰਡਿਆ ਹੈ—

1. ਸ਼ਬਦ ਅਲੰਕਾਰ
2. ਅਰਥ ਅਲੰਕਾਰ
3. ਸ਼ਬਦਾਰਥ ਅਲੰਕਾਰ

### 1. ਸ਼ਬਦ ਅਲੰਕਾਰ-

ਜੋ ਅਲੰਕਾਰ ਸ਼ਬਦਾਂ ਦੀ ਸਹਾਇਤਾ ਨਾਲ ਚਮਤਕਾਰ ਪੈਦਾ ਕਰਦੇ ਹਨ, ਉਸ ਨੂੰ 'ਸ਼ਬਦ ਅਲੰਕਾਰ' ਕਿਹਾ ਜਾਂਦਾ ਹੈ। ਕਿਉਂਕਿ ਕਾਵਿ ਵਿੱਚ ਜਿਹੜੇ ਸ਼ਬਦ ਜਾਂ ਸ਼ਬਦਾਂ ਦੁਆਰਾ ਅਲੰਕਾਰ ਸਿਰਜਨਾ ਕੀਤੀ ਗਈ ਹੁੰਦੀ ਹੈ। ਜੇਕਰ ਉਨ੍ਹਾਂ ਨੂੰ ਹਟਾ ਦਿੱਤਾ ਜਾਵੇ ਤਾਂ ਅਲੰਕਾਰ ਵੀ ਹਟ ਜਾਂਦਾ ਹੈ। ਇਸ ਲਈ ਸ਼ਬਦ ਅਲੰਕਾਰ ਸੰਬੰਧਿਤ ਸ਼ਬਦ ਜਾਂ ਸ਼ਬਦ ਉੱਪਰ ਹੀ ਅਧਾਰਤ ਹੁੰਦਾ ਹੈ। ਅਨੁਪ੍ਰਾਸ, ਯਮਕ, ਸ਼ਲੇਸ਼, ਵਕ੍ਰੋਕਤੀ, ਵੀਪਸਾ, ਧੁਨੀ ਚਿੱਤਰ ਜਾਂ ਧੁਨੀ ਵਿਅੰਜਨਾ ਆਦਿ ਸ਼ਬਦ ਅਲੰਕਾਰਾਂ ਦੀਆਂ ਵੰਨਗੀਆਂ ਹਨ।



Downloaded from https:// www.studiestoday.com

Downloaded from https:// www.studiestoday.com

**2. ਅਰਥ ਅਲੰਕਾਰ–**

ਅਰਥ ਅਲੰਕਾਰ ਕਵਿਤਾ ਦੇ ਚਮਤਕਾਰੀ ਅਰਥਾਂ ਉੱਪਰ ਆਧਾਰਿਤ ਹੁੰਦੇ ਹਨ। ਉਪਮਾ, ਰੂਪਕ, ਅਤਿਕਥਨੀ, ਦ੍ਰਿਸ਼ਟਾਂਤ, ਉਲੇਖ ਆਦਿ ਅਰਥ ਅਲੰਕਾਰਾਂ ਦੇ ਪ੍ਰਮੁੱਖ ਰੂਪ ਹਨ।

**3. ਸ਼ਬਦਾਰਥ ਅਲੰਕਾਰ–**

ਇਹ ਅਲੰਕਾਰ ਸ਼ਬਦ ਤੇ ਅਰਥ ਦੋਹਾਂ ਉੱਪਰ ਆਧਾਰਿਤ ਹੁੰਦੇ ਹਨ। ਕਾਵਿ ਵਿੱਚ ਸ਼ਬਦ ਤੇ ਅਰਥ ਇਸ ਤਰ੍ਹਾਂ ਰਲਗੱਡ ਹੁੰਦੇ ਹਨ ਕਿ ਉਹ ਵੱਖ-ਵੱਖ ਨਹੀਂ ਹੋ ਸਕਦੇ। ਅਤਿਸ਼ਯੋਕਤੀਪਰਕ, ਪ੍ਰਸ਼ਨੋਤਰ ਰੂਪ ਤੁਲਨਾਤਮਕ ਆਦਿ-ਸ਼ਬਦਾਰਥ ਅਲੰਕਾਰ ਹਨ।

ਏਥੇ ਅਸੀਂ ਕੁਝ ਇੱਕ ਪ੍ਰਮੁੱਖ ਅਲੰਕਾਰਾਂ ਦੇ ਅਰਥ, ਪਰਿਭਾਸ਼ਾ, ਲੱਛਣ ਅਤੇ ਉਦਾਹਰਨਾਂ ਸੰਬੰਧੀ ਸੰਖੇਪ ਚਰਚਾ ਪ੍ਰਸਤੁਤ ਕਰਾਂਗੇ–

**(ੳ) ਅਨੁਪ੍ਰਾਸ (ਸ਼ਬਦ ਅਲੰਕਾਰ)**

ਜਦੋਂ ਕਿਸੇ ਤੁਕ ਵਿੱਚ ਅੱਖਰ ਜਾਂ ਵਰਨ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ, ਉੱਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਇਹ ਦੁਹਰਾਉ ਪੰਗਤੀ ਦੇ ਸ਼ੁਰੂ, ਮੱਧ ਜਾਂ ਅੰਤ ਵਿੱਚ ਕਿੱਤੇ ਵੀ ਹੋ ਸਕਦਾ ਹੈ। ਇਸਦੇ ਨਾਲ ਹੀ ਇਹ ਦੁਹਰਾਉ ਇਕੋ ਤੁੱਕ ਜਾਂ ਕਾਵਿ-ਬੰਦ ਵਿੱਚ ਹੋਣਾ ਚਾਹੀਦਾ ਹੈ।

**ਪਰਿਭਾਸ਼ਾ:**

**ਡਾ. ਪ੍ਰੇਮ ਪ੍ਰਕਾਸ਼ ਸਿੰਘ** ਆਪਣੀ ਪੁਸਤਕ 'ਸਾਹਿਤ ਬੋਧ' ਵਿੱਚ ਇਸ ਦੀ ਪਰਿਭਾਸਾ ਇਸ ਤਰ੍ਹਾਂ ਦਿੰਦੇ ਹਨ-

"ਜਦ ਕਵਿਤਾ ਵਿੱਚ ਇੱਕੋ ਜਿਹੇ ਸਮਾਨ ਵਰਨਾਂ, ਅੱਖਰਾਂ ਜਾਂ ਸ਼ਬਦਾਂ ਦਾ ਵਾਰ-ਵਾਰ ਦੁਹਰਾਉ ਇਸ ਤਰ੍ਹਾਂ ਹੋਵੇ ਕਿ ਉਸ ਵਿੱਚ ਸੰਗੀਤਕ ਲੈਅ, ਵਜ਼ਨ ਤੇ ਤੋਲ ਪੈਦਾ ਹੋਵੇ, ਉਸ ਨੂੰ ਅਨੁਪ੍ਰਾਸ ਅਲੰਕਾਰ ਕਿਹਾ ਜਾਂਦਾ ਹੈ।"

**ਉਦਾਹਰਨ:**

1. ਸਤਿਗੁਰੁ ਸੱਚਾ ਪਾਤਿਸਾਹੁ ਸਾਧਸੰਗਤਿ ਸਚੁ ਖੰਡੁ ਵਸਾਇਆ॥
2. ਫਿਰ ਰੂਪ, ਸਰੂਪ, ਅਨੂਪ ਦਿਸੇ,<br>ਫਿਰ ਜਿੰਦ ਦੀਵਾਨੀ ਝਲੀ ਝਲੀ।<br>ਫਿਰ ਹੋਸ਼, ਬੇਹੋਸ਼, ਮਦਹੋਸ਼ ਹੋਈ,<br>ਫਿਰ ਪਤ ਰੁਲੇਂਦੀ ਗਲੀ-ਗਲੀ।

ਇੱਥੇ ਪਹਿਲੀ ਉਦਾਹਰਨ ਵਿੱਚ 'ਸ' ਵਰਨ ਅਤੇ ਦੂਜੀ ਉਦਾਹਰਨ ਵਿੱਚ ਰੂਪ, ਸਰੂਪ, ਅਨੂਪ ਵਿੱਚ ਆਏ 'ਊਪ' ਅੱਖਰ ਤਿੰਨ ਵਾਰ ਅਤੇ ਹੋਸ਼, ਬੇਹੋਸ਼, ਮਦਹੋਸ਼ ਵਿੱਚ ਵੀ 'ਹੋਸ਼' ਸ਼ਬਦਾਂਸ਼ ਤਿੰਨ ਵਾਰ ਵਰਤਿਆ ਗਿਆ ਹੈ। ਇਹ ਅਨੁਪ੍ਰਾਸ ਅਲੰਕਾਰ ਦਾ ਉਦਾਹਰਨ ਹੈ। ਅਨੁਪ੍ਰਾਸ ਇੱਕ ਸ਼ਬਦ ਅਲੰਕਾਰ ਹੈ ਜੋ ਸ਼ਬਦਾਂ ਦੇ ਚਮਤਕਾਰੀ ਪ੍ਰਯੋਗ 'ਤੇ ਨਿਰਭਰ ਹੈ। ਇਸ ਦੁਹਰਾਉ ਨੂੰ ਹੀ ਅਨੁਪ੍ਰਾਸ ਆਖਿਆ ਜਾਂਦਾ ਹੈ। ਇਸ ਦੇ ਪੰਜ ਭੇਦ ਹਨ- ਛੇਕ, ਵ੍ਰਿਤੀ, ਸ਼ਰੁਤੀ, ਲਾਟ ਅਤੇ ਅੰਤ ਅਨੁਪ੍ਰਾਸ।

**(ਅ) ਉਪਮਾ (ਅਰਥ-ਅਲੰਕਾਰ)**

ਅਲੰਕਾਰਾਂ ਵਿੱਚ ਉਪਮਾ ਅਲੰਕਾਰ ਸਭ ਤੋਂ ਵੱਧ ਮਕਬੂਲ ਅਲੰਕਾਰ ਹੈ। ਪੰਜਾਬੀ ਭਾਸ਼ਾ ਵਿੱਚ ਉਪਮਾ ਦਾ ਆਮ ਅਰਥ ਜਸ, ਕੀਰਤੀ, ਵਡਿਆਈ, ਪ੍ਰਸ਼ੰਸਾ ਆਦਿ ਲਿਆ ਜਾਂਦਾ ਹੈ। ਪਰ ਅਲੰਕਾਰ ਦੇ



Downloaded from https:// www.studiestoday.com

Downloaded from https:// www.studiestoday.com

ਖੇਤਰ ਵਿੱਚ ਉਪਮਾ 'ਤੁਲਨਾ' ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਉਪਮੇਯ, ਉਪਮਾਨ, ਸਾਂਝਾ ਗੁਣ ਅਤੇ ਵਾਚਕ ਸ਼ਬਦ ਇਸ ਅਲੰਕਾਰ ਦੀਆਂ ਮਹੱਤਵਪੂਰਨ ਇਕਾਈਆਂ ਹਨ –

1. ਉਪਮੇਯ ਤੋਂ ਭਾਵ ਉਹ ਵਸਤੂ ਜਿਸਦੀ ਉਪਮਾ ਕੀਤੀ ਜਾਵੇ ਜਾਂ ਤੁਲਨਾ ਕੀਤੀ ਜਾਵੇ।
2. ਉਪਮਾਨ ਤੋਂ ਭਾਵ ਉਹ ਵਸਤੂ ਹੈ ਜਿਸ ਨਾਲ ਉਪਮਾ ਦਿਖਾਈ ਜਾਵੇ।
3. ਸਾਂਝਾ ਗੁਣ ਅਤੇ ਵਾਚਕ ਸ਼ਬਦ ਇਸ ਅਲੰਕਾਰ ਦੇ ਹੋਰ ਮਹੱਤਵਪੂਰਨ ਅੰਗ ਹਨ। ਸਾਂਝੇ ਗੁਣ ਤੋਂ ਭਾਵ ਉਹ ਗੁਣ ਜੋ ਦੋਹਾਂ ਵਿੱਚ ਇਕੋ ਜਿਹਾ ਹੋਵੇ ਅਤੇ ਵਾਚਕ ਸ਼ਬਦ ਤੋਂ ਭਾਵ ਉਹ ਸ਼ਬਦ ਜੋ ਉਪਮਾ ਜਾਂ ਤੁਲਨਾ ਨੂੰ ਪ੍ਰਗਟ ਕਰੇ।

**ਪਰਿਭਾਸ਼ਾ–**

**ਡਾ. ਪ੍ਰੇਮ ਪ੍ਰਕਾਸ਼ ਸਿੰਘ** ਆਪਣੀ ਪੁਸਤਕ 'ਸਾਹਿਤ ਬੋਧ' ਵਿੱਚ ਇਸ ਦੀ ਪਰਿਭਾਸਾ ਇਉਂ ਦਿੰਦੇ ਹਨ–

"ਜਿੱਥੇ ਉਪਮਾਉਣ ਯੋਗ ਵਸਤੂ (ਉਪਮੇਯ) ਦੀ ਕਿਸੇ ਹੋਰ ਮਿਲਦੀ-ਜੁਲਦੀ ਵਸਤੂ (ਉਪਮਾਨ) ਨਾਲ ਸਾਂਝੇ ਗੁਣਾਂ ਦੀ ਸਮਾਨਤਾ ਦੱਸੀ ਜਾਵੇ ਉੱਥੇ ਉਪਮਾ ਅਲੰਕਾਰ ਹੁੰਦਾ ਹੈ।"

**ਉਦਾਹਰਨ–**

(ੳ) ਸੂਰਜ ਵਾਂਗ ਸ਼ੁਆ ਹੁਸਨ ਦੀ ਬਾਹਰ ਪਵਸ ਨਕਾਬੋਂ।

ਇਥੇ 'ਸੂਰਜ' ਉਪਮਾਨ ਹੈ ਅਤੇ 'ਹੁਸਨ' ਉਪਮੇਯ ਹੈ। 'ਸ਼ੁਆ' (ਧਰਮ) ਸਾਂਝਾ ਗੁਣ ਹੈ ਅਤੇ 'ਵਾਂਗ' ਵਾਚਕ ਸ਼ਬਦ ਹੈ, ਜੋ ਉਪਮਾ ਅਲੰਕਾਰ ਦੀ ਸਿਰਜਨਾ ਕਰਦੇ ਹਨ।

(ਅ) ਨੀ ਅੱਜ ਕੋਈ ਆਇਆ ਸਾਡੇ ਵੇਹੜੇ।
ਤੱਕਣ ਚੰਨ-ਸੂਰਜ ਢੁੱਕ ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂ।
ਆਇਆ ਨੀ ਖੌਰੇ ਅੰਬਰ ਘੁੰਮ-ਘੁੰਮ ਕਿਹੜੇ।

(ੲ) ਚਾਂਦੀ ਵਰਗਾ ਰੰਗ ਹੈ ਗੋਰਾ,
ਸੋਨੇ ਵਰਗੇ ਵਾਲ ਸੁਨਹਿਰੀ।

**(ੲ) ਦ੍ਰਿਸ਼ਟਾਂਤ (ਅਰਥ ਅਲੰਕਾਰ)**

ਦ੍ਰਿਸ਼ਟਾਂਤ ਇੱਕ ਅਰਥ ਅਲੰਕਾਰ ਹੈ। ਦ੍ਰਿਸ਼ਟਾਂਤ ਦਾ ਅਰਥ ਹੈ – ਉਦਾਹਰਨ, ਮਿਸਾਲ, ਨਮੂਨਾ ਆਦਿ। ਜਦੋਂ ਕੋਈ ਕਵੀ ਪੇਸ਼ ਕੀਤੀ ਜਾ ਰਹੀ ਵਸਤੂ ਨੂੰ ਸਪਸ਼ਟ ਕਰਨ ਲਈ ਕਿਸੇ ਦੂਜੀ ਸਮਾਨ ਵਸਤੂ ਦੀ ਉਦਾਹਰਨ ਦੇ ਕੇ ਉਸਦੀ ਪੁਸ਼ਟੀ ਕਰਦਾ ਹੈ, ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਇਸਦਾ ਆਧਾਰ ਕੋਈ ਸਾਂਝ, ਸਮਾਨਤਾ ਜਾਂ ਬਰਾਬਰੀ ਦਾ ਭਾਵ ਹੁੰਦਾ ਹੈ।

**ਪਰਿਭਾਸ਼ਾ–**

**ਡਾ. ਪ੍ਰੇਮ ਪ੍ਰਕਾਸ਼ ਸਿੰਘ** ਇਸਨੂੰ ਪਰਿਭਾਸ਼ਿਤ ਕਰਦੇ ਹੋਏ ਇਉਂ ਲਿਖਦੇ ਹਨ–

"ਕਿਸੇ ਪ੍ਰਸੰਗ ਜਾਂ ਵਸਤੂ ਦਾ ਪੂਰਾ ਗਿਆਨ ਕਰਾਉਣ ਲਈ ਕਿਸੇ ਸਮਾਨ ਗੁਣ ਵਾਲੀ ਵਸਤੂ ਦਾ ਉਦਾਹਰਨ ਦੇਣਾ ਦ੍ਰਿਸ਼ਟਾਂਤ ਅਲੰਕਾਰ ਹੈ ਅਰਥਾਤ ਜਿੱਥੇ ਉਪਮੇਯ ਵਾਕ ਅਤੇ ਉਪਮਾਨ ਵਾਕ ਆਪੋ ਵਿੱਚ ਬਿੰਬ-ਪ੍ਰਤਿਬਿੰਬ ਭਾਵ ਨਾਲ ਸੰਬੰਧਿਤ ਹੋਣ ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ।"



Downloaded from https:// www.studiestoday.com

Downloaded from https:// www.studiestoday.com

**ਉਦਾਹਰਨ:**

(ੳ) ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ
ਜੈਸੀ ਮਛੁਲੀ ਨੀਰ ॥

ਉਪਰੋਕਤ ਕਾਵਿ ਸਤਰ ਵਿੱਚ ਮਨੁੱਖੀ ਜੀਵ ਨੂੰ ਮਛਲੀ ਅਤੇ ਪਾਣੀ ਦੇ ਅਟੁੱਟ ਰਿਸ਼ਤੇ ਦੀ ਉਦਾਹਰਨ ਦੇ ਕੇ ਪਰਮਾਤਮਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ ਹੈ। ਇਹ ਦ੍ਰਿਸ਼ਟਾਂਤ ਅਲੰਕਾਰ ਦੀ ਵੰਨਗੀ ਹੈ।

(ਅ) ਕੰਮ ਕਰਦਿਆਂ ਕਰਦਿਆਂ ਭੁੱਸ ਪੈਂਦਾ
ਮੂਰਖ ਆਦਮੀ ਹੁੰਦੇ ਸੁਜਾਨ ਵੇਖੇ।
ਘੱਸ ਘੱਸ ਕੇ ਮੈਲ ਦੀ ਹਿਕੜੀ 'ਤੇ
ਰੱਸੀ ਨਾਲ ਵੀ ਹੁੰਦੇ ਨਿਸ਼ਾਨ ਵੇਖੇ।

(ੲ) ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ ਗਿਰਹਿ
ਬਹੁਰਿ ਨ ਲਾਗਹਿ ਡਾਰਿ ॥

**(ਸ) ਅਤਿਕਥਨੀ (ਅਰਥ ਅਲੰਕਾਰ)**

ਅਤਿਕਥਨੀ ਇੱਕ ਅਰਥ-ਅਲੰਕਾਰ ਹੈ, ਜੋ 'ਅਤਿ' ਅਤੇ 'ਕਥਨੀ' ਦੋ ਸ਼ਬਦਾਂ ਦਾ ਸੁਮੇਲ ਹੈ। ਇਸਦਾ ਅਰਥ ਹੈ ਅਤਿਅੰਤ ਵਧਾ ਚੜ੍ਹਾ ਕੇ ਕਥਨ ਕਰਨਾ, ਗੱਲ ਨੂੰ ਬੇਹਿਸਾਬਾ ਵਧਾਉਣਾ ਜਾਂ ਕੋਲੋਂ ਮਸਾਲਾ ਲਾ ਕੇ ਬਿਆਨ ਕਰਨਾ। ਕਵੀ ਆਪਣੀ ਕਵਿਤਾ ਵਿੱਚ ਕਿਸੇ ਪਾਤਰ, ਘਟਨਾ ਜਾਂ ਗੱਲ ਦੀ ਬਹੁਤ ਉਪਮਾ ਜਾਂ ਨਿੰਦਿਆ ਕਰਨਾ ਚਾਹੁੰਦਾ ਹੈ ਤਾਂ ਉਹ ਛੋਟੀ ਜਿਹੀ ਗੱਲ ਨੂੰ ਵਧਾ-ਚੜ੍ਹਾ ਕੇ ਬਿਆਨ ਕਰਨ ਲੱਗ ਪੈਂਦਾ ਹੈ ਤਾਂ ਜੋ ਪਾਠਕ ਤੇ ਸ੍ਰੋਤੇ ਉਸ ਵਿਸ਼ੇ-ਵਸਤੂ ਦੇ ਵਡੱਪਣ ਨੂੰ ਚੰਗੀ ਤਰ੍ਹਾਂ ਸਮਝ ਸਕਣ। ਅਤਿਕਥਨੀ ਨੂੰ 'ਅਤਿਉਕਤੀ' ਵੀ ਕਹਿੰਦੇ ਹਨ। ਅਤਿਕਥਨੀ ਅਲੰਕਾਰ ਦਾ ਮੁੱਖ ਉਦੇਸ਼ ਚਮਤਕਾਰ ਪੈਦਾ ਕਰਨਾ ਹੁੰਦਾ ਹੈ। ਕਿਉਂਕਿ ਚਮਤਕਾਰ ਦੁਆਰਾ ਹੀ ਕਵਿਤਾ ਵਿੱਚ ਸੁਹਜ-ਸੁਆਦ ਦਾ ਸੰਚਾਰ ਕੀਤਾ ਜਾ ਸਕਦਾ ਹੈ।

**ਪਰਿਭਾਸ਼ਾ-**

**ਡਾ. ਪ੍ਰੇਮ ਪ੍ਰਕਾਸ਼ ਸਿੰਘ** ਇਸਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ-

"ਬਹੁਤ ਵਧਾ-ਚੜ੍ਹਾ ਕੇ ਵਰਣਨ ਕਰਨ ਦੀ ਕਾਵਿ-ਰੀਤ ਨੂੰ ਅਤਿ ਕਥਨੀ ਅਲੰਕਾਰ ਕਿਹਾ ਜਾਂਦਾ ਹੈ।"

**ਉਦਾਹਰਨ:**

(ੳ) ਜੁਲਫ਼ਾਂ ਨਾਗ ਕਾਲੇ ਕੁੰਡਲਦਾਰ ਆਹੇ,
ਬਾਝ ਛੇੜਿਆਂ ਮਾਰਦੇ ਡੰਗ ਮੀਆਂ।

ਉਪਰੋਕਤ ਸਤਰਾਂ ਵਿੱਚ ਕਵੀ ਨੇ ਸੋਹਣੀ ਦੀ ਤਾਰੀਫ਼ ਨੂੰ ਬਹੁਤ ਵਧਾ-ਚੜ੍ਹਾ ਕੇ ਬਿਆਨ ਕੀਤਾ ਹੈ, ਜੋ ਸ਼ਾਬਦਿਕ ਚਮਤਕਾਰ ਪੈਦਾ ਕਰਦੀ ਹੋਈ ਅਤਿਕਥਨੀ ਅਲੰਕਾਰ ਦੀ ਸਿਰਜਨਾ ਕਰਦੀ ਹੈ।



Downloaded from https:// www.studiestoday.com

Downloaded from https:// www.studiestoday.com

(ਅ) ਹੁਸਨ ਓਸ ਦਾ ਮੈਂ ਕੀ ਆਖਾਂ,
ਤੱਕਣ ਨਾਲ ਪੈਦੀਆਂ ਲਾਸਾਂ।
ਧੌਣ ਗੋਰੀ ਦੀ ਐਸੀ ਫੱਬੇ,
ਆਉਂਦਾ ਜਾਂਦਾ ਸਾਹ ਪਿਆ ਲੱਭੇ।

(ੲ) ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ ਨ ਜਾਣੇ ਤੱਕੜੀ, ਹਾੜ ਨ ਜਾਣੇ ਵੱਟ।
ਤੇਲ ਭੁਲਾਵੇਂ ਭੁੱਲਾ ਬਾਣੀਆਂ, ਦਿੱਤਾ ਸ਼ਹਿਦ ਉਲੱਟ।
ਵਣਜ ਗਵਾ ਲੈ ਬਾਣੀਆਂ, ਬਲਦ ਗਵਾ ਲਏ ਜੱਟ।

## ਅਭਿਆਸ-ਪ੍ਰਸ਼ਨ

1. ਅਲੰਕਾਰ ਦੇ ਅਰਥ, ਪਰਿਭਾਸ਼ਾ ਅਤੇ ਵਰਗੀਕਰਨ ਉੱਪਰ ਨੋਟ ਲਿਖੋ।
2. ਹੇਠ ਲਿਖੇ ਅਲੰਕਾਰਾਂ ਦੇ ਅਰਥ, ਪਰਿਭਾਸ਼ਾ ਅਤੇ ਉਦਾਹਰਨਾਂ ਦਾ ਵਰਨਣ ਕਰੋ-
   (ੳ) ਅਨੁਪ੍ਰਾਸ
   (ਅ) ਉਪਮਾ
   (ੲ) ਦ੍ਰਿਸ਼ਟਾਂਤ
   (ਸ) ਅਤਿਕਥਨੀ



Downloaded from https:// www.studiestoday.com

Downloaded from https:// www.studiestoday.com

# 3 ਪੰਜਾਬੀ ਸਾਹਿਤ ਦਾ ਸੰਖੇਪ ਇਤਿਹਾਸ
## (ਆਰੰਭ ਤੋਂ 1850 ਈ. ਤੱਕ)

ਕਿਸੇ ਭਾਸ਼ਾ ਦਾ ਸਾਹਿਤ, ਉਸ ਭਾਸ਼ਾ ਨੂੰ ਬੋਲਣ ਵਾਲਿਆਂ ਦੇ ਜੀਵਨ-ਪ੍ਰਵਾਹ ਦੀਆਂ ਸਮਾਜਿਕ, ਰਾਜਨੀਤਕ, ਭਾਈਚਾਰਕ, ਧਾਰਮਿਕ ਅਤੇ ਇਤਿਹਾਸਕ ਦਸਾਵਾਂ ਵਿੱਚੋਂ ਹੀ ਉਪਜਦਾ ਅਤੇ ਵਿਕਾਸ ਕਰਦਾ ਹੈ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦਾ ਸਾਹਿਤ ਪੰਜਾਬੀ ਜਨ-ਮਾਨਸ ਦੇ ਇਤਿਹਾਸਕ, ਸਮਾਜਿਕ, ਰਾਜਨੀਤਕ, ਭਾਈਚਾਰਕ ਅਤੇ ਧਾਰਮਿਕ ਚੌਗਿਰਦੇ ਵਿੱਚੋਂ ਪੈਦਾ ਹੋਇਆ ਤੇ ਵਿਕਸਿਤ ਹੋਇਆ ਹੈ। ਪੰਜਾਬੀ ਲੋਕ ਜੀਵਨ ਹੀ ਪੰਜਾਬੀ ਸਾਹਿਤ ਦਾ ਪ੍ਰੇਰਨਾਸ੍ਰੋਤ ਹੈ ਅਤੇ ਪੰਜਾਬੀ ਸਾਹਿਤ ਵਿੱਚ ਇਸੇ ਦੀ ਪੇਸ਼ਕਾਰੀ ਹੋਈ ਹੈ।

'ਸਾਹਿਤ ਦਾ ਇਤਿਹਾਸ' ਸੰਕਲਪ ਸਾਹਿਤ ਨੂੰ ਤਰਤੀਬਵਾਰ ਪੇਸ਼ ਕਰਦਾ ਹੈ। ਪੰਜਾਬੀ ਸਾਹਿਤ ਦੀ ਕਾਲਵੰਡ ਪੰਜਾਬੀ ਸਮਾਜ ਦੀ ਇਤਿਹਾਸਕ, ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਸਥਿਤੀ ਨਾਲ ਸਹਿ-ਸੰਬੰਧ ਕਰ ਕੇ ਇਸਨੂੰ ਵੱਖ-ਵੱਖ ਵਿਸ਼ੇਸ਼ ਕਾਲਾਂ ਵਿੱਚ ਨਿਖੇੜ ਕੇ ਵਿਚਾਰਦੀ ਤੇ ਵਿਸਥਾਰਦੀ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਬਾਵਾ ਬੁੱਧ ਸਿੰਘ, ਮੌਲਾ ਬਖ਼ਸ਼ ਕੁਸ਼ਤਾ, ਡਾ. ਮੋਹਨ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਨਰੂਲਾ, ਡਾ. ਸੁਰਿੰਦਰ ਸਿੰਘ ਕੋਹਲੀ, ਗਿਆਨੀ ਹੀਰਾ ਸਿੰਘ ਦਰਦ, ਡਾ. ਈਸ਼ਰ ਸਿੰਘ ਤਾਂਘ, ਡਾ. ਜੀਤ ਸਿੰਘ ਸੀਤਲ, ਪ੍ਰੋ. ਕਿਰਪਾਲ ਸਿੰਘ ਕਸੇਲ, ਡਾ. ਪਰਮਿੰਦਰ ਸਿੰਘ, ਡਾ. ਗੋਬਿੰਦ ਸਿੰਘ ਲਾਂਬਾ ਅਤੇ ਡਾ. ਰਾਜਿੰਦਰ ਸਿੰਘ ਸੇਖੋਂ ਆਦਿ ਵਿਦਵਾਨਾਂ ਨੇ ਆਪਣੀਆਂ ਪੁਸਤਕਾਂ ਵਿੱਚ ਤੱਥਗਤ ਰੂਪ ਵਿੱਚ ਪੇਸ਼ ਕੀਤਾ ਹੈ। ਸਿੱਟੇ ਵਜੋਂ ਪੰਜਾਬੀ ਸਾਹਿਤ ਦਾ ਇਤਿਹਾਸ ਮੋਟੇ ਰੂਪ ਵਿੱਚ ਹੇਠ ਲਿਖੇ ਕਾਲਾਂ ਵਿੱਚ ਵੰਡਿਆ ਗਿਆ ਹੈ:

1. ਆਦਿ ਕਾਲ।
2. ਮੱਧਕਾਲ।
3. ਆਧੁਨਿਕ ਕਾਲ।

ਅਸੀਂ ਹਥਲੀ ਪੁਸਤਕ ਵਿੱਚ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਆਰੰਭ ਤੋਂ ਲੈ ਕੇ 1850 ਈ. ਤੱਕ ਹੇਠ ਲਿਖੇ ਅਨੁਸਾਰ ਸੰਖੇਪ ਚਰਚਾ ਕਰਾਂਗੇ:-

**(ੳ) ਆਦਿ ਕਾਲ (ਆਰੰਭ ਤੋਂ 1500 ਈ. ਤੱਕ)**

1. ਨਾਥਾਂ ਜੋਗੀਆਂ ਦੀ ਕਵਿਤਾ।
2. ਬੀਰ ਕਾਵਿ-ਧਾਰਾ।
3. ਸੂਫ਼ੀ ਕਾਵਿ-ਧਾਰਾ।
4. ਲੋਕ ਸਾਹਿਤ।

**(ਅ) ਨਾਨਕਕਾਲ (1500 ਈ. ਤੋਂ 1700 ਈ. ਤੱਕ)**

1. ਗੁਰਮਤਿ ਕਾਵਿ-ਧਾਰਾ।
2. ਸੂਫ਼ੀ ਕਾਵਿ-ਧਾਰਾ।
3. ਕਿੱਸਾ ਕਾਵਿ-ਧਾਰਾ।



Downloaded from https:// www.studiestoday.com

Downloaded from https:// www.studiestoday.com

4. ਬੀਰ ਕਾਵਿ-ਧਾਰਾ।
5. ਵਾਰਤਕ ਸਾਹਿਤ।

**(ਏ) ਉੱਤਰ-ਨਾਨਕਕਾਲ** (1700 ਈ. ਤੋਂ 1800 ਈ. ਤੱਕ)

1. ਕਿੱਸਾ ਕਾਵਿ-ਧਾਰਾ।
2. ਸੂਫ਼ੀ ਕਾਵਿ-ਧਾਰਾ।
3. ਬੀਰ ਕਾਵਿ-ਧਾਰਾ।
4. ਵਾਰਤਕ ਸਾਹਿਤ।

**(ਸ) ਸਿੱਖ ਰਾਜ ਕਾਲ** (1801 ਈ. ਤੋਂ 1850 ਈ. ਤੱਕ)

1. ਕਿੱਸਾ ਕਾਵਿ-ਧਾਰਾ।
2. ਬੀਰ ਕਾਵਿ-ਧਾਰਾ।
3. ਸੂਫ਼ੀ ਅਤੇ ਧਾਰਮਿਕ ਸਾਹਿਤ ਧਾਰਾ।
4. ਵਾਰਤਕ ਸਾਹਿਤ।

## (ੳ) ਆਦਿ ਕਾਲ (ਆਰੰਭ ਤੋਂ 1500 ਈ. ਤੱਕ)

ਪੰਜਾਬੀ ਭਾਸ਼ਾ ਦੂਜੀਆਂ ਭਾਰਤੀ ਭਾਸ਼ਾਵਾਂ ਵਾਂਗ ਆਪਣਾ ਆਧੁਨਿਕ ਸਰੂਪ 10ਵੀਂ ਸਦੀ ਈਸਵੀ ਵਿੱਚ ਗ੍ਰਹਿਣ ਕਰਦੀ ਹੈ। ਇਸ ਤੋਂ ਪਹਿਲਾਂ ਪੰਜਾਬੀ ਭਾਸ਼ਾ ਅਪਭ੍ਰੰਸ਼ ਮਿਸ਼ਰਿਤ ਵੰਨਗੀ ਦੀ ਮਿਲਦੀ ਹੈ। ਨਾਥ-ਜੋਗੀ ਕਾਵਿ ਧਾਰਾ ਅਪਭ੍ਰੰਸ਼ ਪ੍ਰਧਾਨ ਪੰਜਾਬੀ ਰੂਪ ਹੈ, ਜਦੋਂ ਕਿ 12ਵੀਂ ਸਦੀ ਵਿੱਚ ਹੋਈ ਫਰੀਦ ਬਾਣੀ ਪੰਜਾਬੀ ਭਾਸ਼ਾ ਦੇ ਆਧੁਨਿਕ ਸਰੂਪ ਨੂੰ ਪੇਸ਼ ਕਰਦੀ ਹੈ। ਆਦਿ ਕਾਲੀਨ ਪੰਜਾਬੀ ਸਾਹਿਤ ਵਿੱਚ ਉਪਜੀਆਂ ਸਾਹਿਤ ਧਾਰਾਵਾਂ-ਨਾਥ ਜੋਗੀ ਕਾਵਿ ਧਾਰਾ, ਸੂਫੀ ਕਾਵਿ ਧਾਰਾ, ਵਾਰ ਕਾਵਿ ਧਾਰਾ ਅਤੇ ਲੋਕ ਸਾਹਿਤ ਪੰਜਾਬੀ ਸਾਹਿਤ ਦੇ ਮੁੱਢਲੇ ਸਰੂਪ ਨੂੰ ਸਥਾਪਿਤ ਕਰਦੀਆਂ ਹਨ। ਪੰਜਾਬੀ ਸਾਹਿਤ ਦੇ ਮੁੱਢ ਨੂੰ ਸਮਝਣ ਲਈ ਸਾਨੂੰ ਇਸ ਕਾਲ ਵਿੱਚ ਉਪਜੀਆਂ ਇਨ੍ਹਾਂ ਸਾਹਿਤ ਧਾਰਾਵਾਂ ਉੱਪਰ ਵਿਸ਼ੇਸ਼ ਝਾਤ ਪਾਉਣੀ ਲਾਜ਼ਮੀ ਹੈ।

### 1. ਨਾਥਾਂ-ਜੋਗੀਆਂ ਦੀ ਕਵਿਤਾ

ਨਾਥਾਂ-ਜੋਗੀਆਂ ਦੇ ਸਾਹਿਤ ਵੱਲ ਸਭ ਤੋਂ ਪਹਿਲਾ ਸੰਕੇਤ ਡਾ. ਮੋਹਨ ਸਿੰਘ ਦੀਵਾਨਾ ਨੇ ਕੀਤਾ, ਹੁਣ ਲਗਭਗ ਪੰਜਾਬੀ ਸਾਹਿਤ ਦੇ ਸਾਰੇ ਇਤਿਹਾਸਕਾਰ ਪੰਜਾਬੀ ਸਾਹਿਤ ਦਾ ਆਰੰਭ ਨਾਥ ਜੋਗੀਆਂ ਦੀਆਂ ਰਚਨਾਵਾਂ ਨਾਲ ਮੰਨਦੇ ਹਨ। ਇਹ ਨਾਥ-ਜੋਗੀ ਪੂਰੇ ਉੱਤਰੀ-ਪੱਛਮੀ ਭਾਰਤ ਵਿੱਚ 8ਵੀਂ ਸਦੀ ਤੋਂ ਲੈ ਕੇ 11ਵੀਂ ਸਦੀ ਤੱਕ ਵਿਚਰਦੇ ਰਹੇ ਹਨ। ਪਰ ਜੋਗ ਮੱਤ ਦੇ ਆਰੰਭ ਸਬੰਧੀ ਵਿਦਵਾਨਾਂ ਵਿੱਚ ਅਜੇ ਵੀ ਮੱਤ-ਭੇਦ ਹਨ। ਜੋਗ ਦਾ ਅਰਥ ਹੈ – 'ਜੁੜਨਾ' ਭਾਵ ਮਨ ਦੀ ਸਾਧਨਾ ਰਾਹੀਂ ਆਤਮਾ ਨੂੰ ਪਰਮਾਤਮਾ ਨਾਲ ਜੋੜਨਾ ਅਤੇ ਕਿਸੇ ਆਂਤਰਿਕ ਅਦਭੁਤ ਰਹੱਸ ਦੀ ਪ੍ਰਾਪਤੀ ਕਰਨਾ ਹੈ, ਜਿਸ ਵਿੱਚ 'ਅਨਹਦ ਨਾਦ' ਸੁਣਾਈ ਦਿੰਦਾ ਹੈ ਤੇ ਕਿਸੇ ਗੁੱਝੇ ਗਿਆਨ ਦਾ ਮਾਰਗ ਖੁੱਲ੍ਹ ਜਾਂਦਾ ਹੈ।

ਕਈ ਵਿਦਵਾਨ ਜੋਗੀਆਂ ਦੇ ਰਚੇ ਸਾਹਿਤ ਨੂੰ ਪੰਜਾਬੀ ਦੀ ਰਚਨਾ ਨਹੀਂ ਮੰਨਦੇ, ਕਿਉਂਕਿ ਹਿੰਦੀ ਸਾਹਿਤ ਦੇ ਵਿਦਵਾਨ ਵੀ ਨਾਥਾਂ-ਜੋਗੀਆਂ ਨੂੰ ਆਪਣੇ ਆਰੰਭਿਕ ਸਾਹਿਤਕਾਰ ਮੰਨਦੇ ਹਨ। ਪਰ ਡਾ. ਮੋਹਨ ਸਿੰਘ ਦੀਵਾਨਾ ਨੇ ਆਪਣੀਆਂ ਦਲੀਲਾਂ ਤੇ ਉਦਾਹਰਨਾਂ ਸਹਿਤ ਸਿੱਧ ਕੀਤਾ ਹੈ ਕਿ ਬਹੁਤ ਸਾਰੇ ਉੱਘੇ ਜੋਗੀਆਂ ਦੀਆਂ ਰਚਨਾਵਾਂ ਪੰਜਾਬੀ ਵਿੱਚ ਹਨ ਜਾਂ ਉਨ੍ਹਾਂ ਉੱਪਰ ਪੰਜਾਬੀ ਭਾਸ਼ਾ ਦੀ ਰੰਗਤ ਵੇਖਣ ਨੂੰ ਮਿਲਦੀ ਹੈ। ਆਪਣੀਆਂ ਦਲੀਲਾਂ ਨੂੰ ਸਿੱਧ ਕਰਦੇ ਹੋਏ ਉਹ ਲਿਖਦੇ ਹਨ ਕਿ ਇਨ੍ਹਾਂ ਨਾਥਾਂ-ਜੋਗੀਆਂ ਦੀਆਂ ਬਹੁਤ ਸਾਰੀਆਂ ਥੇਹਾਂ, ਨਿਸ਼ਾਨੀਆਂ ਤੇ ਮੱਠ ਪੰਜਾਬ ਵਿੱਚ ਹਨ, ਜਿਵੇਂ ਗੋਰਖ ਨਾਥ ਦਾ ਜਨਮ ਗੋਰਖਪੁਰ, ਤਹਿਸੀਲ ਗੁਜ਼ਰਖਾਨ, ਜ਼ਿਲ੍ਹਾ ਰਾਵਲਪਿੰਡੀ ਵਿੱਚ ਹੋਇਆ। ਗੋਰਖ ਦਾ ਟਿੱਲਾ ਜਿਹਲਮ



Downloaded from https:// www.studiestoday.com

Downloaded from https:// www.studiestoday.com

ਵਿੱਚ ਹੈ। ਪਿਸ਼ਾਵਰ ਵਿੱਚ 'ਗੋਰਖ ਹੱਟੜੀ' ਅਤੇ ਸਿਆਲਕੋਟ ਵਿੱਚ 'ਪੂਰਨ ਦਾ ਖੂਹ' ਪ੍ਰਸਿੱਧ ਹਨ। ਰਤਨ ਨਾਥ ਜਿਹੜਾ ਗੋਰਖ ਦਾ ਚੇਲਾ ਸੀ, ਉਸ ਦੀ ਥਾਂ ਵੀ ਪਿਸ਼ਾਵਰ ਵਿੱਚ ਮਿਲਦੀ ਹੈ। ਚੌਰੰਗੀ ਨਾਥ ਦੀ 'ਧੂਣੀ' ਅਬੋਹਰ ਵਿੱਚ ਹੈ ਤੇ ਚਰਪਟ ਨਾਥ ਨੂੰ ਚੰਬੇ ਰਿਆਸਤ ਦਾ ਰਾਜਗੁਰੂ ਮੰਨਿਆ ਜਾਂਦਾ ਹੈ। ਇਨ੍ਹਾਂ ਨਿਸ਼ਾਨੀਆਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਉਹ ਪੰਜਾਬ ਵਿੱਚ ਰਹੇ, ਵਿਚਰੇ ਜਾਂ ਅੱਡੇ ਕਾਇਮ ਕੀਤੇ ਅਤੇ ਪੰਜਾਬੀਆਂ ਵਿੱਚ ਆਪਣੇ ਮੱਤ ਦਾ ਪ੍ਰਚਾਰ ਕੀਤਾ। ਉਨ੍ਹਾਂ ਦਾ ਰਚਿਤ ਸਾਹਿਤ ਉਸ ਵੇਲੇ ਦੀ ਸਾਹਿਤਿਕ ਬੋਲੀ ਜਾਂ ਲੋਕ ਬੋਲੀ ਵਿੱਚ ਹੈ, ਜਿਸ ਉੱਤੇ ਸੰਤ-ਭਾਖਾ ਦਾ ਅਸਰ ਜ਼ਰੂਰ ਹੈ। ਉਸ ਸਮੇਂ ਅਪਭ੍ਰੰਸ਼ ਤੇ ਅਜੋਕੀਆਂ ਬੋਲੀਆਂ ਦੇ ਫ਼ਰਕ ਜਾਂ ਵਖਰੇਂਵੇ ਏਨੇ ਘੱਟ ਸਨ ਕਿ ਇਨ੍ਹਾਂ ਨੂੰ ਹਿੰਦੀ ਤੇ ਪੰਜਾਬੀ ਦੇ ਵਿਦਵਾਨ ਦੋਵੇਂ ਆਪਣਾ ਮੂਲ ਸੋਮਾ ਮੰਨਦੇ ਹਨ। ਇਸ ਤੋਂ ਬਿਨਾਂ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਧਰਾਤਲ ਉੱਤੇ ਇਨ੍ਹਾਂ ਜੋਗੀਆਂ ਦਾ ਪ੍ਰਭਾਵ ਸਦੀਆਂ ਤੱਕ ਵੇਖਿਆ ਜਾ ਸਕਦਾ ਹੈ ਅਤੇ ਲੋਕ ਸਾਹਿਤ, ਕਿੱਸਾ ਕਾਵਿ ਅਤੇ ਗੁਰਬਾਣੀ ਵਿੱਚ ਆਏ ਇਨ੍ਹਾਂ ਸੰਬੰਧੀ ਹਵਾਲੇ ਇਨ੍ਹਾਂ ਦਾ ਸੰਬੰਧ ਪੰਜਾਬ ਤੇ ਪੰਜਾਬੀ ਨਾਲ ਜੋੜਦੇ ਹਨ। ਨਾਥ-ਜੋਗੀ ਕਵੀਆਂ ਸੰਬੰਧੀ ਸੰਖੇਪ ਵੇਰਵਾ ਇਸ ਤਰ੍ਹਾਂ ਹੈ:

**(ੳ) ਮਛੰਦਰ ਨਾਥ-**

ਮਛੰਦਰ ਨਾਥ ਨੂੰ 'ਆਦਿ ਨਾਥ' ਮੰਨਿਆ ਜਾਂਦਾ ਹੈ। ਉਹ ਜਲੰਧਰ ਨਾਥ ਦਾ ਗੁਰਭਾਈ ਅਤੇ ਗੋਰਖ ਨਾਥ ਦਾ ਗੁਰੂ ਸੀ। ਇਨ੍ਹਾਂ ਦੇ ਜੀਵਨ ਸੰਬੰਧੀ ਕੋਈ ਨਿਸ਼ਚਿਤ ਵੇਰਵਾ ਪ੍ਰਾਪਤ ਨਹੀਂ, ਪਰ ਵਿਦਵਾਨ ਉਸ ਦਾ ਜਨਮ 9ਵੀਂ ਸਦੀ ਤੋਂ ਪਹਿਲਾਂ ਹੋਇਆ ਮੰਨਦੇ ਹਨ। ਉਸਦੀ ਬਹੁਤੀ ਰਚਨਾ ਸੰਸਕ੍ਰਿਤ ਵਿੱਚ ਹੈ ਅਤੇ ਕੁਝ ਕੁ ਪਦਿਆਂ ਵਿੱਚ ਅਪਭ੍ਰੰਸ਼, ਰਾਜਸਥਾਨੀ ਅਤੇ ਪੰਜਾਬੀ-ਭਾਸ਼ਾ ਦੀ ਸ਼ਬਦਾਵਲੀ ਵੀ ਮਿਲਦੀ ਹੈ।

**(ਅ) ਜਲੰਧਰ ਨਾਥ-**

ਜਲੰਧਰ ਨਾਥ, ਮਛੰਦਰ ਨਾਥ ਦਾ ਸਮਕਾਲੀ ਅਤੇ ਗੁਰਭਾਈ ਸੀ। ਪੰਜਾਬ ਦੇ 'ਜਲੰਧਰ' ਸ਼ਹਿਰ ਦਾ ਨਾਂ ਉਸਦੇ ਨਾਮ ਤੋਂ ਪਿਆ ਮੰਨਿਆ ਜਾਂਦਾ ਹੈ। ਜਲੰਧਰ ਨਾਥ ਦਾ ਜਨਮ ਬ੍ਰਾਹਮਣ ਘਰ ਵਿੱਚ ਹੋਇਆ ਤੇ ਉਹ ਮਗਰੋਂ ਨਾਥ ਬਣ ਗਿਆ। ਉਸਦੀ ਕਵਿਤਾ ਵਿੱਚ ਪੰਜਾਬੀਅਤ ਝਲਕਦੀ ਹੋਣ ਕਾਰਨ ਉਸ ਨੂੰ ਪੰਜਾਬੀ ਹੀ ਮੰਨਿਆ ਜਾਂਦਾ ਹੈ।

**(ੲ) ਗੋਰਖ ਨਾਥ-**

ਜੋਗਮੱਤ ਦਾ ਸਭ ਤੋਂ ਪ੍ਰਸਿੱਧ ਕਵੀ ਗੋਰਖ ਨਾਥ ਹੋਇਆ ਹੈ। ਗੁਰੂ ਨਾਨਕ ਬਾਣੀ ਵਿੱਚ ਵੀ ਗੋਰਖ ਨੂੰ 'ਗੁਰ ਗੋਰਖ' ਵਜੋਂ ਚਿਤਰਿਆ ਗਿਆ ਹੈ। ਗੋਰਖ ਨਾਥ ਦੇ ਜਨਮ ਸੰਬੰਧੀ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਰਾਹੁਲ ਸੰਕਰਤਾਇਨ ਅਨੁਸਾਰ, ਆਪ ਦਾ ਸਮਾਂ 809 ਈ. ਤੋਂ 949 ਈ. ਹੈ, ਪਰ ਡਾ. ਮੋਹਨ ਸਿੰਘ ਦੀਵਾਨਾ ਗੋਰਖ ਨਾਥ ਦਾ ਜਨਮ 940 ਈ. ਤੋਂ 1040 ਈ. ਦੇ ਦਰਮਿਆਨ ਮਿੱਥਦੇ ਹਨ।

ਗੋਰਖ ਨਾਥ ਮਛੰਦਰ ਨਾਥ ਦਾ ਚੇਲਾ ਸੀ। ਗੋਰਖ ਦੀ ਜਾਤ ਸੰਬੰਧੀ ਵੀ ਕਈ ਮੱਤ ਪ੍ਰਚਲਿਤ ਹਨ। ਕੋਈ ਆਪ ਨੂੰ ਜੁਲਾਹਾ, ਕੋਈ ਤੇਲੀ ਅਤੇ ਕੋਈ ਬ੍ਰਾਹਮਣ ਕੁੱਲ ਵਿੱਚੋਂ ਮੰਨਦਾ ਹੈ, ਪਰ ਆਪ ਦੀ ਕਵਿਤਾ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਆਪ ਦੇ 'ਸੁਨਾਰ' ਹੋਣ ਦਾ ਵੀ ਭੁਲੇਖਾ ਪੈਂਦਾ ਹੈ:-

"ਸੋਨਾ ਲਿਉਂ ਰਸ ਸੋਨਾ ਲਿਉਂ
ਮੇਰੀ ਜਾਤ ਸੁਨਾਰੀ ਰੇ।"

ਗੋਰਖ ਨਾਥ ਦੀ ਰਚਨਾ ਵੰਨ-ਸੁਵੰਨੀ ਹੈ। ਇਨ੍ਹਾਂ ਦੀ ਜ਼ਿਆਦਾਤਰ ਰਚਨਾ ਸ਼ਲੋਕਾਂ, ਦੋਹਿਆਂ, ਪਦਿਆਂ ਜਾਂ ਸ਼ਬਦਾਂ ਵਿੱਚ ਹੈ। ਸ਼ਬਦਾਂ ਵਿੱਚ ਰਾਗ ਗਉੜੀ, ਰਾਗ ਰਾਮਕਲੀ ਅਤੇ ਰਾਗ ਭੈਰਉ ਨੂੰ ਵਿਸ਼ੇਸ਼ ਤੌਰ ਤੇ ਵਰਤਿਆ ਗਿਆ ਹੈ। ਇਸ ਤੋਂ ਬਿਨਾਂ ਇੱਕ ਵਾਰਤਕ ਰਚਨਾ 'ਗੋਰਖ ਉਪਨਿਸ਼ਦ' ਵੀ ਆਪ ਦੇ ਨਾਂ ਨਾਲ ਜੋੜੀ ਜਾਂਦੀ ਹੈ, ਜੋ ਕਿ ਅੰਦਰਲੀਆਂ ਗਵਾਹੀਆਂ ਤੋਂ ਆਪ ਦੇ ਸਮੇਂ ਤੋਂ ਬਾਅਦ ਦੀ ਪ੍ਰਤੀਤ



Downloaded from https:// www.studiestoday.com

Downloaded from https:// www.studiestoday.com

ਹੁੰਦੀ ਹੈ।

ਗੋਰਖ-ਰਚਨਾ ਵਿੱਚ ਮੂਰਤੀ ਪੂਜਾ ਦੀ ਨਿਖੇਧੀ, ਹਠ-ਯੋਗ ਦਾ ਪ੍ਰਚਾਰ, ਜਾਤ-ਪਾਤ ਦਾ ਖੰਡਨ, ਕਾਮ ਤੇ ਕਾਬੂ, ਭੋਗ-ਵਿਲਾਸ ਦੀ ਨਿੰਦਿਆ, ਤਪ ਤੇ ਤਪੱਸਿਆ, ਏਕਤਾ ਤੇ ਸਮਾਨਤਾ, ਸਾਂਝੇ ਲੰਗਰ ਅਤੇ ਸਾਂਝੀ ਪਾਠ-ਪੂਜਾ ਸੰਬੰਧੀ ਵਿਸ਼ੇਗਤ ਪੇਸ਼ਕਾਰੀ ਕੀਤੀ ਹੋਈ ਮਿਲਦੀ ਹੈ।

ਗੋਰਖ ਰਚਨਾ ਵਿੱਚ ਅਲੰਕਾਰਕ ਚਿੰਨਾਂ ਤੇ ਵਿਅੰਗ ਭਰਪੂਰ ਸ਼ੈਲੀ ਰਾਹੀਂ ਵਿਚਾਰਾਂ ਨੂੰ ਸਫ਼ਲ ਢੰਗ ਨਾਲ ਪ੍ਰਗਟਾਇਆ ਗਿਆ ਹੈ। ਜੋਗੀਆਂ ਦੇ ਭੇਖਾਂ ਦਾ ਖੰਡਨ ਕੀਤਾ ਗਿਆ ਹੈ। ਗੁਰੂ ਸਾਹਿਬਾਨਾਂ ਅਤੇ ਭਗਤ ਕਵੀਆਂ ਨਾਲ ਭਾਸ਼ਾ ਕਾਫੀ ਮਿਲਦੀ ਹੈ ਅਤੇ ਉਸ ਉਤੇ ਅਰਬੀ, ਫਾਰਸੀ ਅਤੇ ਸੰਸਕ੍ਰਿਤ ਦਾ ਪ੍ਰਭਾਵ ਹੈ। ਕਈ ਥਾਈਂ ਲੋਕ ਬੋਲੀ ਦਾ ਵੀ ਪ੍ਰਗਟਾਵਾ ਹੋਇਆ ਹੈ। ਗੋਰਖ-ਰਚਨਾ ਦੇ ਨਮੂਨੇ ਵੇਖਣਯੋਗ ਹਨ:-

- ਦਾਮਿ ਕਾਢਿ ਬਾਘਨਿ ਲੈ ਆਇਆ, ਮਾਉ ਕਹੇ ਮੇਰਾ ਪੂਤ ਬੇਆਹਿਆ।
  ਗੀਲੀ ਲਕੜੀ ਕਉ ਘੁਨ ਲਾਇਆ, ਤਿਨ ਡਾਲ ਮੂਲ ਸਣਿ ਖਾਇਆ।

- ਹਿੰਦੂ ਧਿਆਵੇ ਦਿਹੁਰਾ,
  ਮੁਸਲਮਾਨ ਮਸੀਤਾ।
  ਜੋਗੀ ਧਿਆਵੇ ਪਰਮ ਪਦ,
  ਦਿਹੁਰਾ ਨਾ ਮਸੀਤਾ।

- ਜੋਗੀ ਹੋਇ ਪਰ ਨਿੰਦਿਆ ਝਖੈ,
  ਮਦ ਮਾਸ ਘਰ ਭੋਗ ਜੋ ਭਖੈ।

**(ਸ) ਚਰਪਟ ਨਾਥ-**

ਡਾ. ਮੋਹਨ ਸਿੰਘ ਦੀਵਾਨਾ ਚਰਪਟ ਨਾਥ ਦਾ ਸਮਾਂ 890 ਈ. ਤੋਂ 990 ਈ. ਮਿਥਦੇ ਹਨ। ਕਈ ਵਿਦਵਾਨ ਇਸਨੂੰ ਗੋਰਖ ਦਾ ਗੁਰੂਭਾਈ ਮੰਨਦੇ ਪਰ ਚਰਪਟ ਨਾਥ, ਰਤਨ ਨਾਥ ਅਤੇ ਬਾਲਨਾਥ ਵਾਂਗ ਗੋਰਖ ਨਾਥ ਦਾ ਪ੍ਰਸਿੱਧ ਚੇਲਾ ਸੀ, ਜੋ ਚੰਬਾਂ ਰਿਆਸਤ ਦੇ ਰਾਜੇ 'ਸਾਇਲ ਵਰਮਾ' ਦਾ ਗੁਰੂ ਬਣਿਆ ਅਤੇ ਇਸ ਰਿਆਸਤ ਦੇ ਸਿੱਕਿਆਂ ਉੱਪਰ ਮੁੰਦਰਾਂ ਦੇ ਨਿਸ਼ਾਨ ਵੀ ਮਿਲਦੇ ਹਨ।

ਚਰਪਟ ਨਾਥ ਨੇ ਗੋਰਖ ਨਾਥ ਦੀ ਵਿਚਾਰਧਾਰਾ ਨੂੰ ਹੀ ਅਪਣਾਇਆ ਤੇ ਅੱਗੇ ਤੋਰਿਆ ਹੈ। ਉਸਦੀ ਕਵਿਤਾ ਵਿੱਚ ਸਾਧਾਂ-ਜੋਗੀਆਂ ਦੇ ਬਾਹਰੀ ਭੇਖ ਤੇ ਦੰਭੀ ਆਚਰਨ ਨੂੰ ਨਿਝੱਕ ਹੋ ਕੇ ਵਿਅੰਗ ਭਰਪੂਰ ਅੰਦਾਜ਼ ਵਿੱਚ ਚਿਤਰਿਆ ਗਿਆ ਹੈ। ਉਸਦੇ ਕਈ ਕਥਨ ਮੁਹਾਵਰੇ ਬਣ ਗਏ ਹਨ। ਚਰਪਟ ਨੂੰ ਹਾਸ-ਰਸੀ ਕਾਵਿ ਦਾ ਮੋਢੀ ਕਵੀ ਵੀ ਕਿਹਾ ਜਾ ਸਕਦਾ ਹੈ। ਚਰਪਟ ਦੀ ਬੋਲੀ ਤੇ ਸ਼ੈਲੀ ਗੋਰਖ ਨਾਲੋਂ ਵਧੇਰੇ ਠੇਠ ਤੇ ਬਹਿਰ ਵੰਨ-ਸੁਵੰਨਾ ਹੈ। ਉਸਦੀ ਰਚਨਾ ਦੇ ਨਮੂਨੇ ਇਸ ਤਰ੍ਹਾਂ ਹਨ-

- ਭੇਖ ਕਾ ਜੋਗੀ ਮੈਂ ਨਾ ਕਹਾਊਂ।
  ਆਤਮਾ ਕਾ ਜੋਗੀ ਚਰਪਟ ਨਾਉਂ।

- ਸੁਣ ਸਿਖਵੰਤਾ, ਸੁਣ ਪਤਵੰਤਾ,
  ਇਸ ਜਗ ਮੇਂ ਕੈਸੇ ਰਹਿਣਾ।
  ਅੱਖੀਂ ਦੇਖਣਾ, ਕੰਨੀ ਸੁਣਨਾ,
  ਮੁਖ ਸੇ ਕਛ ਨਾ ਕਹਿਣਾ।

- ਦਿਹੈਂ ਭਿਖਿਆ, ਰਾਤੀਂ ਰਸ ਭੋਗ,
  ਚਰਪਟ ਕਹੈ ਗਵਾਇਆ ਜੋਗ।

**(ਹ) ਚੌਰੰਗੀ ਨਾਥ-**

ਚੌਰੰਗੀ ਨਾਥ ਦਾ ਸਮਾਂ 11ਵੀਂ ਸਦੀ ਤੋਂ 13ਵੀਂ ਸਦੀ ਦੇ ਵਿਚਕਾਰ ਮੰਨਿਆ ਜਾਂਦਾ ਹੈ। ਉਹ



Downloaded from https:// www.studiestoday.com

Downloaded from https:// www.studiestoday.com

ਮਛੰਦਰ ਨਾਥ ਦਾ ਚੇਲਾ ਅਤੇ ਗੋਰਖ ਨਾਥ ਦਾ ਗੁਰੂਭਾਈ ਸੀ। ਵਿਦਵਾਨਾਂ ਅਨੁਸਾਰ ਚੌਰੰਗੀ ਨਾਥ, ਸਿਆਲਕੋਟ ਦੇ ਰਾਜਾ ਸਲਵਾਹਨ ਦਾ ਪੁੱਤਰ ਪੂਰਨ ਭਗਤ ਹੀ ਸੀ।

ਚੌਰੰਗੀ ਨਾਥ ਦੀ ਰਚਨਾ 'ਪ੍ਰਾਣਸੰਗਲੀ' ਤੇ ਕੁਝ ਹੋਰ ਸ਼ਬਦ-ਸ਼ਲੋਕਾਂ ਦੇ ਰੂਪ ਵਿੱਚ ਮਿਲਦੀ ਹੈ। ਉਸ ਦੀ ਭਾਸ਼ਾ ਵਿੱਚ ਪੰਜਾਬੀ ਘੱਟ ਤੇ ਰਾਜਸਥਾਨੀ ਵਧੇਰੇ ਹੈ। ਰਚਨਾ ਦਾ ਨਮੂਨਾ ਵੇਖਣਯੋਗ ਹੈ:-

ਮਾਲੀ ਲੋ ਮਲਮਾਲੀ ਲੋ,
ਸੀਚੇਂ ਸਹਿਜ ਕਿਆਰੀ।
ਉਨਮੁਨਿ ਕਲਾ ਏਕ ਪਹੁਪਨਿ,
ਪਹਿਲੇ ਆਵਾਗਵਨ ਨਿਵਾਰੀ।

**(ਕ) ਰਤਨ ਨਾਥ-**

ਰਤਨ ਨਾਥ ਦਾ ਜੀਵਨ ਕਾਲ 10ਵੀਂ ਤੋਂ 12ਵੀਂ ਸਦੀ ਵਿਚਕਾਰ ਮੰਨਿਆ ਜਾਂਦਾ ਹੈ। ਉਹ ਬਾਬਾ ਰਤਨ, ਪੀਰ ਰਤਨ ਜਾਂ ਹਾਜੀ ਰਤਨ ਨਾਵਾਂ ਨਾਲ ਵੀ ਜਾਣਿਆ ਜਾਂਦਾ ਸੀ। ਵਿਦਵਾਨ ਉਸ ਨੂੰ ਬਠਿੰਡੇ ਦਾ ਵਸਨੀਕ ਮੰਨਦੇ ਹਨ। ਬਠਿੰਡੇ ਸ਼ਹਿਰ ਵਿੱਚ ਉਸ ਦੀ ਯਾਦਗਾਰ ਵੀ ਬਣੀ ਹੋਈ ਹੈ। ਰਤਨ ਨਾਥ ਹਿੰਦੂ ਹੁੰਦਾ ਹੋਇਆ ਵੀ ਹੱਜ ਕਰ ਆਇਆ ਸੀ, ਇਸ ਲਈ ਉਸ ਨੂੰ 'ਹਾਜੀ ਰਤਨ' ਕਿਹਾ ਜਾਂਦਾ ਹੈ। ਉਹ ਗੋਰਖ ਨਾਥ ਦਾ ਚੇਲਾ ਮੰਨਿਆ ਜਾਂਦਾ ਹੈ। ਉਸ ਦੀ 'ਇਕ ਸ਼ਬਦੀ' ਗੋਰਖ ਬਾਣੀ ਵਿੱਚ ਮਿਲਦੀ ਹੈ। ਜਿਸ ਵਿੱਚ ਉਸਨੇ ਆਪਣੇ ਨਾਂ ਨਾਲ 'ਹਾਜੀ' ਸ਼ਬਦ ਵਰਤਿਆ ਹੈ:-

ਰੁਪਾ ਮੁਹੰਮਦ, ਸੋਨਾ ਖੁਦਾਈ, ਦੁਹੂੰ ਵਿੱਚ ਦੁਨੀਆ ਗੋਤਾ ਖਾਈ।
ਬਾਬਾ ਰਤਨ ਹਾਜੀ ਐਸੀ ਕਹੈਂ, ਸਭ ਤੇ ਨਿਆਰਾ ਰਹੇ।

ਇਸ ਤੋਂ ਬਿਨਾਂ ਆਪਦੀਆਂ ਦੋ ਰਚਨਾਵਾਂ 'ਕਾਫਰ ਬੋਧ' ਅਤੇ 'ਅਵਲੀ ਸਿਲੂਕ' ਵੀ ਮਿਲਦੀਆਂ ਹਨ।

**(ਖ) ਗੋਪੀਚੰਦ-**

ਗੋਪੀਚੰਦ ਦੇ ਪਿਤਾ ਦਾ ਨਾਂ ਰਾਜਾ ਮਾਣਕ ਚੰਦ ਤੇ ਮਾਤਾ ਦਾ ਨਾਂ ਮੈਣਾਵੰਤੀ ਸੀ। ਉਹ ਆਪਣੀ ਮਾਤਾ ਦੀ ਪ੍ਰੇਰਨਾ ਨਾਲ ਜੋਗ ਪੰਥ ਧਾਰਨ ਕਰਦਾ ਹੈ। ਉਨ੍ਹਾਂ ਦੀ ਇੱਕ ਸ਼ਬਦੀ ਤੋਂ ਉਨ੍ਹਾਂ ਦੇ ਗੋਰਖ ਨਾਥ ਦੇ ਚੇਲੇ ਅਤੇ ਚਰਪਟ ਨਾਥ ਦੇ ਗੁਰਭਾਈ ਹੋਣ ਦਾ ਪਤਾ ਚਲਦਾ ਹੈ:-

ਗੁਰੂ ਹਮਾਰੇ ਗੋਰਖ ਬੋਲੀਐ, ਚਰਪਟ ਹੈ ਗੁਰਭਾਈ ਜੀ।
ਯੈਂ ਕੇ ਸ਼ਬਦ ਹਮਕੂ, ਗੁਰੂ ਗੋਰਖ ਨਾਥ ਕੀਯਾ।
ਸੋਵੋ ਲਿਯਖਿਆ ਮੈਣਾਵੰਤੀ ਮਾਈ ਜੀ।

**(ਗ) ਭਰਥਰੀ ਨਾਥ-**

ਭਰਥਰੀ ਨਾਥ ਦੇ ਜੀਵਨ ਨਾਲ ਸੰਬੰਧਿਤ ਬਹੁਤ ਕਥਾਵਾਂ ਪ੍ਰਚਲਿਤ ਹਨ। ਇਨ੍ਹਾਂ ਦਾ ਜੀਵਨ ਕਾਲ 11ਵੀਂ ਤੋਂ 12ਵੀਂ ਸਦੀ ਈਸਵੀਂ ਵਿਚਕਾਰ ਮੰਨਿਆ ਜਾਂਦਾ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਭਰਥਰੀ ਨੇ ਪਤਨੀ ਪਿੰਗਲਾ ਦੀ ਮੌਤ ਉਪਰੰਤ ਗੋਰਖ ਨਾਥ ਤੋਂ ਪ੍ਰਭਾਵਿਤ ਹੋ ਕੇ ਨਾਥ-ਪੰਥ ਗ੍ਰਹਿਣ ਕਰ ਲਿਆ ਸੀ। ਉਸ ਦੀ ਰਚਨਾ ਵਿੱਚ ਵੀ ਪੰਜਾਬੀ ਅੰਸ਼ ਮੌਜੂਦ ਹਨ ਅਤੇ ਪੰਜਾਬੀ ਕਿੱਸਾ ਕਾਵਿ ਵਿੱਚ ਉਸ ਨਾਲ ਸੰਬੰਧਿਤ ਕਿੱਸੇ ਵੀ ਮਿਲਦੇ ਹਨ।

ਇਸ ਤਰ੍ਹਾਂ ਉਪਰੋਕਤ ਨਾਥ-ਜੋਗੀ ਕਵੀਆਂ ਦੇ ਜੀਵਨ ਤੇ ਰਚਨਾਵਾਂ ਨਾਲ ਸੰਬੰਧਿਤ ਚਰਚਾ ਕਰਨ ਤੋਂ ਬਾਅਦ ਅਸੀਂ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਅਮੀਰੀ ਤੇ ਪ੍ਰਾਚੀਨਤਾ ਤੋਂ ਜਾਣੂ ਹੁੰਦੇ ਹਾਂ ਅਤੇ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਤੇ ਸਾਹਿਤ 9ਵੀਂ-10ਵੀਂ ਸਦੀ ਤੋਂ ਹੀ ਰਚਿਆ ਜਾਣਾ ਆਰੰਭ ਹੋ ਗਿਆ ਸੀ।



Downloaded from https:// www.studiestoday.com

Downloaded from https:// www.studiestoday.com

## 2. ਬੀਰ ਕਾਵਿ-ਧਾਰਾ

ਪੰਜਾਬੀ ਸਾਹਿਤ ਵਿੱਚ ਬੀਰ ਰਸੀ ਕਾਵਿ-ਪਰੰਪਰਾ ਵੀ ਵਿਸ਼ੇਸ਼ ਥਾਂ ਰੱਖਦੀ ਹੈ। ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਵਾਰ, ਜੰਗਨਾਮਾ ਤੇ ਫੁੱਟਕਲ ਕਵਿਤਾਵਾਂ ਜਾਂ ਟੋਟਕੇ ਕਾਵਿ-ਰੂਪਾਂ ਰਾਹੀਂ ਬੀਰ ਰਸੀ ਸਾਹਿਤ ਰਚਿਆ ਗਿਆ ਪਰੰਤੂ ਇਹ ਬੀਰ ਰਸੀ ਕਾਵਿ-ਪਰੰਪਰਾ ਪੂਰਵ ਨਾਨਕ ਕਾਲ ਤੋਂ ਹੀ ਲੋਕ ਵਾਰਾਂ ਰਾਹੀਂ ਲੋਕ-ਵਿਹਾਰ ਵਿੱਚ ਆਪਣਾ ਰੂਪ ਧਾਰ ਚੁੱਕੀ ਸੀ। ਸਭ ਤੋਂ ਪਹਿਲਾਂ **ਪੰਡਿਤ ਤਾਰਾ ਸਿੰਘ ਨਰੋਤਮ** ਦੀ ਪੁਸਤਕ '**ਗੁਰਮਤਿ ਨਿਰਣਯ ਸਾਗਰ**' ਵਿੱਚ ਪੂਰਵ ਨਾਨਕ ਕਾਲ ਵਿੱਚ ਰਚੀਆਂ 6 ਲੋਕਵਾਰਾਂ ਦੇ ਨਮੂਨੇ ਮਿਲਦੇ ਹਨ। ਇਹ ਲੋਕ ਵਾਰਾਂ ਆਕਾਰ ਪੱਖੋਂ ਛੋਟੀਆਂ ਪਰੰਤੂ ਯੁੱਧ ਖੇਤਰ, ਸੂਰਮਿਆਂ ਦੀ ਲੜਾਈ ਤੇ ਹਥਿਆਰਾਂ ਦੀ ਲਿਸ਼ਕ ਪੱਖੋਂ 'ਚੰਡੀ ਦੀ ਵਾਰ' ਅਤੇ 'ਨਜ਼ਾਬਤ ਦੀ ਵਾਰ' ਨਾਲ ਮੇਲ ਖਾਂਦੀਆਂ ਹਨ। ਇਹ ਵਾਰਾਂ ਕੇਂਦਰੀ ਤੇ ਠੇਠ ਬੋਲੀ ਵਿੱਚ ਹਨ। ਇਨ੍ਹਾਂ ਲੋਕ ਵਾਰਾਂ ਦੀਆਂ ਧੁਨੀਆਂ ਉੱਪਰ ਹੀ ਬਾਅਦ ਵਿੱਚ, ਗੁਰੂ ਸਾਹਿਬਾਨਾਂ ਦੁਆਰਾ ਆਦਿ ਗ੍ਰੰਥ ਵਿੱਚ ਦਰਜ ਛੇ ਅਧਿਆਤਮਕ ਵਾਰਾਂ ਦੀ ਰਚਨਾ ਕੀਤੀ ਗਈ। ਇਸੇ ਕਰਕੇ ਇਨ੍ਹਾਂ ਨੂੰ 'ਧੁਨੀਆਂ ਵਾਲੀਆਂ ਵਾਰਾਂ' ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਵਾਰਾਂ ਦੇ ਵਿਸ਼ੇ ਜ਼ਰ, ਜ਼ੋਰੂ ਤੇ ਜ਼ਮੀਨ ਦੇ ਆਲੇ-ਦੁਆਲੇ ਘੁੰਮਦੇ ਹਨ। ਇਹ ਵਾਰਾਂ ਭੱਟਾਂ ਜਾਂ ਮਰਾਸੀਆਂ ਤੋਂ ਸੁਣੇ-ਸੁਣਾਏ ਰੂਪ ਵਿੱਚ ਹੀ ਪ੍ਰਾਪਤ ਹੋਈਆਂ ਹਨ। ਇਨ੍ਹਾਂ ਛੇ ਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ:-

### (ੳ) ਰਾਇ ਕਮਾਲ ਮਉਜ ਦੀ ਵਾਰ-

ਇਹ ਵਾਰ ਦੋ ਭਰਾਵਾਂ ਅਤੇ ਚਾਚੇ-ਭਤੀਜੇ ਵਿਚਕਾਰ ਜਾਇਦਾਦ ਸੰਬੰਧੀ ਝਗੜੇ ਉੱਪਰ ਰਚੀ ਗਈ ਹੈ। ਰਾਇ ਕਮਾਲ ਆਪਣੇ ਭਰਾ ਸਾਰੰਗ ਦੀ ਜਾਇਦਾਦ ਉੱਪਰ ਕਬਜ਼ਾ ਕਰਨ ਲਈ ਉਸ ਉੱਤੇ ਝੂਠੀ ਤੁਹਮਤ ਲਾ ਕੇ ਉਸ ਨੂੰ ਕੈਦ ਕਰਵਾ ਦਿੰਦਾ ਹੈ ਅਤੇ ਬਾਅਦ ਵਿੱਚ ਕੈਦ ਵਿਚੋਂ ਬਾਹਰ ਆਏ ਨੂੰ ਧੋਖੇ ਨਾਲ ਸ਼ਰਾਬ ਵਿੱਚ ਜ਼ਹਿਰ ਦੇ ਕੇ ਮਾਰ ਦਿੰਦਾ ਹੈ। ਸਾਰੰਗ ਦੇ ਪੁੱਤਰ ਮਉਜ ਨੂੰ ਇਹ ਸਾਰੀ ਘਟਨਾ ਦੀ ਸੱਚਾਈ ਦਾ ਪਤਾ ਹੁੰਦਾ ਹੈ, ਇਸ ਲਈ ਉਹ ਆਪਣੇ ਮਾਪਿਆਂ ਦੀ ਸਹਾਇਤਾ ਨਾਲ ਆਪਣੇ ਚਾਚੇ ਰਾਇ ਕਮਾਲ ਖਿਲਾਫ਼ ਲੜਾਈ ਲੜਦਾ ਹੈ ਅਤੇ ਪਿਤਾ ਦੀ ਮੌਤ ਦਾ ਬਦਲਾ ਲੈਂਦਾ ਹੈ। ਕਾਵਿ-ਵੰਨਗੀ ਦੇਖੋ:-

ਰਾਣਾ ਰਾਇ ਕਮਾਲ ਦੀ ਰਣ ਭਾਰਾ ਬਾਹੀ।
ਮਉਜ ਦੀ ਤਲਵੰਡੀਓਂ, ਚੜ੍ਹਿਆ ਸਾਬਾਹੀ।
ਢਾਲੀ ਅੰਬਰ ਛਾਇਆ, ਫੁੱਲੇ ਅੱਕ ਕਾਹੀ।
ਜੁਟੇ ਆਹਮੋ ਸਾਹਮਣੇ, ਨੇਜੇ ਝਲਕਾਹੀ।
ਮਉਜੇ ਘਰ ਵਧਾਈਆਂ, ਘਰ ਚਾਚੇ ਧਾਹੀਂ।

ਇਸ ਵਾਰ ਦੀ ਧੁਨੀ ਉੱਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ 'ਗਉੜੀ ਦੀ ਵਾਰ' ਨੂੰ ਗਾਉਣ ਦਾ ਸੰਕੇਤ ਹੈ।

### (ਅ) ਟੁੰਡੇ ਅਸਰਾਜੇ ਦੀ ਵਾਰ-

ਇਹ ਵਾਰ ਰਾਜੇ ਸਾਰੰਗ ਦੇ ਪੁੱਤਰ ਅਸਰਾਜ ਦੀ ਵਾਰਤਾ ਉੱਪਰ ਅਧਾਰਿਤ ਹੈ, ਜਿਸ ਨੂੰ ਪੂਰਨ ਭਗਤ ਵਾਂਗ ਮਤਰੇਈ ਮਾਂ ਦਾ ਪਿਆਰ ਨਾ ਕਬੂਲਣ ਕਰਕੇ ਝੂਠੀ ਤੁਹਮਤ ਲਗਾ ਕੇ ਮੌਤ ਦੀ ਸਜ਼ਾ ਸੁਣਾਈ ਜਾਂਦੀ ਹੈ, ਪਰ ਜੱਲਾਦ ਕੇਵਲ ਉਸਦੀ ਬਾਂਹ ਵੱਢ ਕੇ ਉਸ ਨੂੰ ਛੱਡ ਦਿੰਦੇ ਹਨ ਤੇ ਉਹ ਬਾਅਦ ਵਿੱਚ ਸਮਾਂ ਪਾ ਕੇ ਕਿਸੇ ਹੋਰ ਰਾਜ ਦਾ ਰਾਜਾ ਬਣ ਜਾਂਦਾ ਹੈ। ਅਖੀਰ ਵਿੱਚ ਸਾਰੰਗ ਦੀ ਸਹਾਇਤਾ ਲਈ ਵੀ ਆਉਂਦਾ ਹੈ। ਵਾਰ ਦੀ ਵੰਨਗੀ ਵੇਖਣਯੋਗ ਹੈ:-

ਭਬਕਿਉ ਸ਼ੇਰ ਸਰਦੂਲ ਰਾਇ, ਰਣ ਮਾਰੂ ਵੱਜੇ।
ਖ਼ਾਨ ਸੁਲਤਾਨ ਬਡ ਸੂਰਮੇ, ਵਿੱਚ ਰਣ ਦੇ ਗੱਜੇ।



Downloaded from https:// www.studiestoday.com

Downloaded from https:// www.studiestoday.com

ਖ਼ਤ ਲਿਖੇ ਟੁੰਡੇ ਅਸਰਾਜ ਨੂੰ, ਪਾਤਸ਼ਾਹੀ ਅੱਗੇ।
ਟਿੱਕਾ ਸਾਰੰਗ ਬਾਪ ਨੇ, ਦਿੱਤਾ ਭਰ ਲੱਜੇ।
ਫ਼ਤਹਿ ਪਾਏ ਅਸਰਾਜ ਜੀ, ਸ਼ਾਹੀ ਘਰ ਸੱਜੇ।

ਇਸ ਵਾਰ ਦੀ ਧੁਨੀ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਆਸਾ ਦੀ ਵਾਰ' ਨੂੰ ਗਾਉਣ ਦਾ ਆਦੇਸ਼ ਹੈ।

**(ੲ) ਸਿਕੰਦਰ ਇਬਰਾਹੀਮ ਦੀ ਵਾਰ–**

ਇਸ ਵਾਰ ਵਿੱਚ ਸਰਦਾਰ ਸਿਕੰਦਰ ਵੱਲੋਂ ਇਬਰਾਹੀਮ ਤੋਂ ਬ੍ਰਾਹਮਣ ਇਸਤਰੀ ਦੀ ਇੱਜ਼ਤ ਬਚਾਉਣ ਲਈ ਜੰਗ ਲੜਨ ਦੀ ਘਟਨਾ ਦਾ ਵਰਣਨ ਹੈ। ਸਿਕੰਦਰ ਇਬਰਾਹੀਮ ਨੂੰ ਹਰਾ ਕੇ ਸੰਗਲਾਂ ਨਾਲ ਇਸ ਪ੍ਰਕਾਰ ਬੰਨ੍ਹ ਦਿੰਦਾ ਹੈ, ਜਿਵੇਂ ਬਾਂਦਰ ਨੂੰ ਕਿੱਲੇ ਨਾਲ ਬੰਨ੍ਹਿਆ ਹੋਵੇ। ਇਸ ਵਾਰ ਵਿੱਚ ਸਿਕੰਦਰ ਇਬਰਾਹੀਮ ਨੂੰ ਮਾਰਦਾ ਨਹੀਂ ਸਗੋਂ ਗਲਤੀ ਮਨਾ ਕੇ ਛੱਡ ਦਿੰਦਾ ਹੈ। ਨਮੂਨਾ ਵੇਖਣ ਵਾਲਾ ਹੈ:–

ਪਾਪੀ ਖਲ ਬਰਾਹਮ ਪਰ ਚੜ੍ਹ ਆਏ ਸਿਕੰਦਰ।
ਭੇੜ ਦੋਹਾਂ ਦਾ ਮਚਿਆ, ਬਡ ਰਣ ਦੇ ਅੰਦਰ।
ਫੜਿਆ ਖਲ ਬਰਾਹਮ ਨੇ, ਕਰ ਬਡ ਅਡੰਬਰ।
ਬੱਧਾ ਸੰਗਲ ਪਾਇਕੈ ਜਨ ਕੀਲੇ ਬੰਦਰ।
ਆਪਣਾ ਹੁਕਮ ਮਨਾਇਕੇ ਛੱਡਿਆ ਜੱਗ ਅੰਦਰ।

ਸ਼੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ 'ਗੂਜਰੀ ਦੀ ਵਾਰ' ਨੂੰ ਇਸ ਦੀ ਧੁਨੀ 'ਤੇ ਗਾਉਣ ਦਾ ਹੁਕਮ ਹੈ।

**(ਸ) ਲੱਲੇ ਬਹਿਲੀਮੇ ਦੀ ਵਾਰ–**

ਲੱਲਾ ਅਤੇ ਬਹਿਲੀਮਾ ਕਾਂਗੜੇ ਦੇ ਰਾਜਪੂਤ ਸਰਦਾਰ ਸਨ। ਵਾਰ ਦੀ ਵਾਰਤਾ ਅਨੁਸਾਰ ਲੱਲਾ ਦੇ ਦੇਸ਼ ਵਿੱਚ ਕਾਲ ਪੈ ਗਿਆ। ਬਹਿਲੀਮਾ ਨੇ ਪਾਣੀ ਛੱਡ ਕੇ ਲੱਲੇ ਦਾ ਕਾਲ ਦੂਰ ਕਰ ਦਿੱਤਾ, ਪਰ ਉਸ ਦੀ ਸ਼ਰਤ ਸੀ ਕਿ ਲੱਲਾ ਉਸ ਨੂੰ ਲਗਾਨ ਦੇਵੇਗਾ। ਲੱਲਾ ਬਾਅਦ ਵਿੱਚ ਲਗਾਨ ਦੇਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਦੋਹਾਂ ਵਿਚਕਾਰ ਭੇੜ ਹੁੰਦਾ ਹੈ ਤੇ ਬਹਿਲੀਮਾ ਇਸ ਵਿੱਚ ਲੱਲੇ ਨੂੰ ਮਾਰ ਦਿੰਦਾ ਹੈ। ਵਾਰ ਅਨੁਸਾਰ ਲੱਲਾ ਦਾ ਸਿਰ ਧੜ ਨਾਲੋਂ ਅਲੱਗ ਪਿਆ ਇੰਜ ਜਾਪਦਾ ਸੀ ਜਿਵੇਂ ਵਾਹਣ ਵਿੱਚ ਢੀਮਾਂ ਪਈਆਂ ਹੁੰਦੀਆਂ ਹਨ। ਵਾਰ ਦਾ ਨਮੂਨਾ ਇਸ ਤਰ੍ਹਾਂ ਹੈ:–

ਕਾਲ ਲੱਲਾ ਦੇ ਦੇਸ਼ ਦਾ, ਖੋਹਿਆ ਬਹਿਲੀਮਾ।
ਹਿੱਸਾ ਛਠਾ ਮਨਾਇ ਕੈ, ਜਲ ਨਹਿਰੋਂ ਦੀਨਾ।
ਫਿਰਾਹੂੰਨ ਹੋਇ ਲੱਲਾ ਨੇ ਰਣ ਮੰਡਯਾ ਧੀਮਾਂ,
ਭੇੜ ਦੁਹਾਂ ਵਿੱਚ ਮਚਿਆ, ਸੱਟ ਪਈ ਅਨੀਮਾਂ,
ਸਿਰ ਧੜ ਡਿੱਗੇ ਖੇਤ ਵਿੱਚ, ਜਿਉਂ ਬਾਹਣ ਢੀਮਾਂ,
ਦੇਖ ਮਾਰੇ ਲੱਲੇ ਬਹਿਲੀਮ ਨੇ, ਰਣ ਮੇਂ ਧਰ ਸੀਮਾਂ।

ਇਸ ਵਾਰ ਦੀ ਧੁਨੀ ਉੱਪਰ ਸ੍ਰੀ ਗੁਰੂ ਰਾਮਦਾਸ ਜੀ ਦੀ 'ਵਡਹੰਸ ਦੀ ਵਾਰ' ਨੂੰ ਗਾਉਣ ਦਾ ਆਦੇਸ਼ ਹੈ।

**(ਹ) ਹਸਨੇ ਮਹਿਮੇ ਦੀ ਵਾਰ–**

ਇਸ ਵਾਰ ਵਿੱਚ ਦੋ ਰਾਜਪੂਤ ਸਰਦਾਰਾਂ ਦੀ ਆਪਸ ਵਿੱਚ ਈਰਖਾ ਕਰਕੇ ਲੜਾਈ ਦਾ ਵਰਣਨ



Downloaded from https:// www.studiestoday.com

Downloaded from https:// www.studiestoday.com

ਹੈ। ਮਹਿਮੇ ਨੇ ਹਸਨੇ ਨੂੰ ਕੈਦ ਕਰ ਲਿਆ ਪਰ ਉਹ ਰਾਤ ਨੂੰ ਚੋਰੀ ਬਚ ਨਿਕਲਿਆ ਅਤੇ ਫ਼ੌਜ ਲੈ ਕੇ ਮੁੜ ਮਹਿਮੇ ਨਾਲ ਲੜਨ ਆਇਆ ਅਤੇ ਬਹਾਦਰੀ ਨਾਲ ਲੜਦਾ ਹੋਇਆ ਮਾਰਿਆ ਗਿਆ। ਇਸ ਵਾਰ ਦਾ ਕਰਤਾ ਮਾਖਾ ਨਾਂ ਦਾ ਢਾਡੀ ਸੀ, ਜੋ ਵਾਰ ਦੀ ਤੁੱਕ ਤੋਂ ਸਪਸ਼ਟ ਹੁੰਦਾ ਹੈ:-

"ਆਖੇ ਮਾਖਾ ਢਾਡੀਆਂ ਦੋ ਸ਼ੀਂਹ ਨਾ ਤੁਰਦੇ ਰਲ਼।"

ਇਸ ਵਾਰ ਵਿੱਚ ਮਹਿਮਾ ਬੇਈਮਾਨੀ ਨਾਲ ਹਸਨੇ ਨੂੰ ਮਾਰਦਾ ਹੈ, ਵਾਰ ਦਾ ਨਮੂਨਾ ਇਸ ਤਰ੍ਹਾਂ ਹੈ:-

ਮਹਿਮਾ-ਹਸਨਾ ਰਾਜਪੂਤ, ਰਾਇ ਭਾਰੇ ਭੱਟੀ।
ਹਸਨੇ ਬੇਈਮਾਨੀ ਨਾਲ, ਮਹਿਮੇ ਖੱਟੀ।
ਭੇੜ ਦੋਹਾਂ ਦਾ ਮੱਚਿਆ, ਸਿਰ ਵੱਗੇ ਫੱਟੀਂ।
ਮਹਿਮੇ ਪਾਈ ਫਤਹਿ ਰਣ, ਗਲ ਹਸਨੇ ਘੱਟੀ।
ਬੰਨ੍ਹ ਹਸਨੇ ਨੂੰ ਛੱਡਿਆ, ਜਸ ਮਹਿਮੇ ਖੱਟੀ।

ਇਸ ਵਾਰ ਦੀ ਧਾਰਨਾ ਉੱਪਰ ਗੁਰੂ ਰਾਮਦਾਸ ਜੀ ਦੀ 'ਸਾਰੰਗ ਦੀ ਵਾਰ' ਨੂੰ ਗਾਉਣ ਦਾ ਸੰਕੇਤ ਹੈ।

**(ਕ) ਮੂਸੇ ਦੀ ਵਾਰ-**

ਇਸ ਵਾਰ ਦੀ ਵਾਰਤਾ ਅਨੁਸਾਰ ਆਪਣੀ ਮੰਗੇਤਰ ਦੇ ਕਿਸੇ ਹੋਰ ਨਾਲ ਵਿਆਹੇ ਜਾਣ ਉੱਤੇ ਮੂਸਾ ਉਸਦੇ ਪਤੀ ਨਾਲ ਜੰਗ ਲੜ ਕੇ ਉਸ ਨੂੰ ਖੋਹ ਲਿਆਉਂਦਾ ਹੈ, ਪਰ ਫੇਰ ਉਸ ਇਸਤਰੀ ਦੇ ਸਤ ਤੇ ਧਰਮ ਦੀ ਅਪੀਲ ਤੋਂ ਪ੍ਰਭਾਵਿਤ ਹੋ ਕੇ ਵਾਪਿਸ ਉਸ ਦੇ ਪਤੀ ਨਾਲ ਤੋਰ ਦਿੰਦਾ ਹੈ। ਇਸ ਵਾਰ ਦੀ ਉਦਾਹਰਨ ਇਸ ਪ੍ਰਕਾਰ ਹੈ:-

ਚੜ੍ਹਿਆ ਮੂਸਾ ਬਾਦਸ਼ਾਹ, ਸੁਣਿਐ ਸਭ ਜੱਗੇ।
ਤ੍ਰੈ ਸੈ ਸੱਠ ਮਰਾਤਬਾ, ਇੱਕ ਘੁਰਿਐ ਡੱਗੇ।
ਦੰਦ ਚਿੱਟੇ ਵਡ ਹਾਥੀਆਂ, ਕਹੁ ਕਿਤ ਵਰੱਗੇ।
ਰੁਤ ਪਛਾਤੀ ਬਗਲਿਆਂ, ਘਟੈ ਕਾਲੀ ਬਗੇ।
ਏਹੀ ਕੀਤੀ ਮੂਸਿਆ, ਕਿਨ ਕਰੀ ਨ ਅੱਗੇ।

'ਮੂਸੇ ਦੀ ਵਾਰ' ਇੱਕ ਸਦਾਚਾਰਕ ਵਿਸ਼ੇ ਦੀ ਪੇਸ਼ਕਾਰੀ ਕਰਦੀ ਹੈ। ਇਸ ਵਾਰ ਦੀ ਧੁਨੀ ਉੱਪਰ ਗੁਰੂ ਰਾਮਦਾਸ ਜੀ ਦੀ 'ਕਾਨੜੇ ਦੀ ਵਾਰ' ਗਾਏ ਜਾਣ ਦਾ ਸੰਕੇਤ ਹੈ।

ਇਸ ਤਰ੍ਹਾਂ ਪੂਰਵ ਨਾਨਕ ਕਾਲ ਦੀਆਂ ਛੇ ਲੋਕਵਾਰਾਂ ਪੰਜਾਬੀ ਬੀਰ ਰਸੀ ਸਾਹਿਤ ਦੀ ਪੁਰਾਤਨਤਾ ਵੱਲ ਸੰਕੇਤ ਕਰਦੀਆਂ ਹਨ ਅਤੇ ਇਸ ਤੋਂ ਬਾਅਦ ਤਿੰਨ ਵਾਰਾਂ ਹੋਰ ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਲੋਕਵਾਰਾਂ ਦੇ ਰੂਪ ਵਿੱਚ ਮਿਲਦੀਆਂ ਹਨ, ਇੰਝ ਕੁੱਲ ਨੌਂ ਲੋਕ ਵਾਰਾਂ ਦੀਆਂ ਧੁਨੀਆਂ ਉੱਪਰ ਬਾਅਦ ਵਿੱਚ ਗੁਰੂ ਸਾਹਿਬਾਨਾਂ ਨੇ ਆਪਣੀਆਂ ਵਾਰਾਂ ਨੂੰ ਗਾਉਣ ਦਾ ਸੰਕੇਤ ਕੀਤਾ ਜੋ ਉਸ ਸਮੇਂ ਦੇ ਪੰਜਾਬੀ ਸਮਾਜ-ਸਭਿਆਚਾਰ ਵਿੱਚ ਇਨ੍ਹਾਂ ਵਾਰਾਂ ਦੀ ਲੋਕਪ੍ਰਿਯਤਾ ਅਤੇ ਪ੍ਰਚਲਿਤ ਹੋਣ ਦੀ ਸਾਖੀ ਭਰਦਾ ਹੈ।



Downloaded from https:// www.studiestoday.com

Downloaded from https:// www.studiestoday.com

## 3. ਸੂਫੀ ਕਾਵਿ-ਧਾਰਾ

ਪੰਜਾਬੀ ਸਾਹਿਤ ਵਿੱਚ ਸੂਫੀ ਕਾਵਿਧਾਰਾ ਪ੍ਰਮੁੱਖ ਸਥਾਨ ਦੀ ਧਾਰਨੀ ਹੈ। ਪੰਜਾਬੀ ਸਾਹਿਤ ਦੇ ਆਦਿਕਾਲ ਵਿੱਚ ਸੂਫੀ ਕਾਵਿ-ਪਰੰਪਰਾ ਦਾ ਆਰੰਭ ਬਾਬਾ ਫ਼ਰੀਦ (1173-1266 ਈ.) ਰਾਹੀਂ ਹੁੰਦਾ ਹੈ। ਪੰਜਾਬੀ ਸੂਫੀ ਕਾਵਿਧਾਰਾ 12ਵੀਂ ਸਦੀ ਵਿੱਚ ਆਰੰਭ ਹੁੰਦੀ ਹੈ। ਆਦਿਕਾਲ ਦੇ ਸੂਫੀ ਕਵੀਆਂ ਵਿੱਚ ਇੱਕੋ ਇੱਕ ਬਾਬਾ ਫ਼ਰੀਦ ਨੂੰ ਹੀ ਵਿਚਾਰਿਆ ਜਾਂਦਾ ਹੈ। ਬਾਬਾ ਫ਼ਰੀਦ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ। ਭਾਵੇਂ ਉਨ੍ਹਾਂ ਤੋਂ ਪਹਿਲਾਂ ਵੀ ਪੰਜਾਬੀ ਸਾਹਿਤ ਦੀ ਰਚਨਾ ਨਾਥ-ਜੋਗੀਆਂ ਤੇ ਹੋਰ ਕਵੀਆਂ ਵੱਲੋਂ ਕੀਤੀ ਜਾ ਚੁੱਕੀ ਸੀ, ਪਰ ਬਾਬਾ ਫ਼ਰੀਦ ਨੂੰ ਪੰਜਾਬੀ ਸਾਹਿਤ ਦਾ ਮੀਲ ਪੱਥਰ ਇਸ ਲਈ ਮੰਨਿਆ ਜਾਂਦਾ ਹੈ ਕਿ ਇੱਕ ਤਾਂ ਇਨ੍ਹਾਂ ਦੇ ਜੀਵਨ-ਕਾਲ ਨਾਲ ਸੰਬੰਧਿਤ ਵੇਰਵਾ ਨਿਸ਼ਚਿਤ ਰੂਪ ਵਿੱਚ ਮਿਲਦਾ ਹੈ ਤੇ ਦੂਜਾ ਇਨ੍ਹਾਂ ਦੀ ਰਚਨਾ ਆਦਿ ਗ੍ਰੰਥ ਵਿੱਚ ਸੰਕਲਿਤ ਹੋਣ ਕਾਰਣ ਪ੍ਰਮਾਣਿਕ ਸਰੂਪ ਵਾਲੀ ਮੰਨੀ ਜਾਂਦੀ ਹੈ। ਬਾਬਾ ਫ਼ਰੀਦ ਪੰਜਾਬੀ ਦੇ ਪਹਿਲੇ ਸੂਫੀ ਕਵੀ ਹੋਣ ਦੇ ਨਾਲ-ਨਾਲ ਪੰਜਾਬੀ ਦੇ ਪਹਿਲੇ ਪ੍ਰਮਾਣਿਕ ਸਾਹਿਤਕਾਰ/ਕਵੀ ਵਜੋਂ ਵੀ ਜਾਣੇ ਜਾਂਦੇ ਹਨ।

ਬਾਬਾ ਫ਼ਰੀਦ ਦਾ ਜਨਮ 1173 ਈ. ਵਿੱਚ ਪਾਕਿਸਤਾਨ ਦੇ ਜ਼ਿਲ੍ਹਾ ਮੁਲਤਾਨ ਦੇ ਇੱਕ ਪਿੰਡ ਖੋਤਵਾਲ/ਕਠਵਾਲ (ਅੱਜ ਕਲ੍ਹ ਚਉਲੀ ਮੁਸ਼ੈਖਾਂ) ਵਿੱਚ ਰਮਜ਼ਾਨ ਮਹੀਨੇ ਦੀ ਪਹਿਲੀ ਤਾਰੀਖ ਨੂੰ ਹੋਇਆ। ਆਪ ਦੇ ਪਿਤਾ ਜਮਾਲੁਦੀਨ ਸੁਲੇਮਾਨ ਤੇ ਮਾਤਾ ਬੀਬੀ ਕਰਸੂਮ ਖਾਤੂਨ ਸਨ। ਆਪ ਪਿਤਾ ਵੱਲੋਂ ਗਜ਼ਨੀ ਦੇ ਸ਼ਾਹੀ ਖ਼ਾਨਦਾਨ ਅਤੇ ਮਾਤਾ ਵੱਲੋਂ ਹਜ਼ਰਤ ਅਲੀ ਤੇ ਹਜ਼ਰਤ ਅੱਬਾਸ ਦੇ ਘਰਾਣੇ ਨਾਲ ਸੰਬੰਧ ਰੱਖਦੇ ਸਨ। ਵਿਦਵਾਨਾਂ ਦਾ ਮੰਨਣਾ ਹੈ ਕਿ ਆਪ ਦੇ ਜੀਵਨ ਨੂੰ ਢਾਲਣ ਵਿੱਚ ਆਪ ਜੀ ਦੀ ਮਾਤਾ ਦਾ ਬਹੁਤ ਵੱਡਾ ਹੱਥ ਸੀ, ਜਿਨ੍ਹਾਂ ਦੇ ਪ੍ਰਭਾਵ ਅਧੀਨ ਹੀ ਆਪ ਬਚਪਨ ਤੋਂ ਹੀ ਸ਼ੱਰਈ ਨੇਮਾਂ ਦੀ ਪਾਲਣਾ, ਨਮਾਜ਼ ਆਦਿ ਵਿੱਚ ਪੱਕੇ ਜੁੜ ਗਏ ਸਨ। ਆਪ ਨੇ ਮੁਢਲੀ ਸਿੱਖਿਆ ਮੁਲਤਾਨ ਵਿਖੇ ਮੌਲਾਨਾ ਮਿਨਹਾਜ਼-ਉਦ-ਦੀਨ ਤੋਂ ਪ੍ਰਾਪਤ ਕੀਤੀ ਅਤੇ ਇੱਥੇ ਹੀ ਆਪ ਖ਼ੁਆਜ਼ਾ ਬਖ਼ਤਿਆਰ ਕਾਕੀ ਦੇ ਮੁਰੀਦ ਬਣ ਗਏ। ਕੁਝ ਸਮੇਂ ਬਾਅਦ ਆਪ ਆਪਣੇ ਮੁਰਸ਼ਦ ਕੋਲ ਦਿੱਲੀ ਜਾ ਕੇ ਸੂਫੀ ਸਾਧਨਾ ਵਿੱਚ ਲੱਗੇ ਰਹੇ। ਚਿਸ਼ਤੀ ਫ਼ਿਰਕੇ ਦੇ ਉਸ ਸਮੇਂ ਦੇ ਦੋ ਮਹਾਨ ਫ਼ਕੀਰਾਂ ਸ਼ੇਖ ਮੋਈਅਨ-ਦੀਨ-ਚਿਸ਼ਤੀ (ਅਜ਼ਮੇਰ) ਅਤੇ ਖ਼ੁਆਜ਼ਾ ਬਖ਼ਤਿਆਰ ਕਾਕੀ (ਦਿੱਲੀ) ਦੋਹਾਂ ਤੋਂ ਇਕੱਠੇ ਹੀ ਰੂਹਾਨੀ ਤਾਲੀਮ ਹਾਸਿਲ ਕੀਤੀ, ਜਿਹੜਾ ਕਿ ਚਿਸ਼ਤੀ ਸੰਪ੍ਰਦਾਇ ਦੇ ਇਤਿਹਾਸ ਵਿੱਚ ਸਭ ਤੋਂ ਪਹਿਲੀ ਵਾਰ ਹੋਇਆ ਸੀ। ਖ਼ੁਆਜ਼ਾ ਬਖ਼ਤਿਆਰ ਕਾਕੀ ਤੋਂ ਬਾਅਦ ਆਪ ਚਿਸ਼ਤੀ ਸੰਪ੍ਰਦਾਇ ਦੇ ਮੁਖੀ ਬਣੇ ਅਤੇ ਆਪਣਾ ਟਿਕਾਣਾ ਅਜੋਧਨ (ਪਾਕਪਟਨ) ਵਿੱਚ ਕਰ ਲਿਆ। ਆਪ ਨੇ ਆਪਣੇ ਜਿਉਂਦੇ ਜੀਅ ਹੀ ਨਿਜ਼ਾਮੁੱਦੀਨ ਔਲੀਆ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ ਅਤੇ ਅੰਤ 1273 ਈ. ਵਿੱਚ ਆਪ ਦਾ ਪਾਕਪਟਨ ਵਿਖੇ ਦਿਹਾਂਤ ਹੋਇਆ।

ਬਾਬਾ ਫ਼ਰੀਦ ਦਾ ਪੂਰਾ ਨਾਂ ਫ਼ਰੀਦੁ-ਦੀਨ-ਮਸਊਦ ਸੀ ਅਤੇ ਇਨ੍ਹਾਂ ਨੂੰ 'ਸ਼ੇਖ ਫ਼ਰੀਦ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਬਚਨਾਂ ਦੀ ਮਿਠਾਸ ਕਾਰਣ ਉਨ੍ਹਾਂ ਨੂੰ 'ਸ਼ਕਰਗੰਜ' (ਸ਼ਕਰ ਦਾ ਖ਼ਜ਼ਾਨਾ) ਸੱਦਿਆ ਜਾਂਦਾ ਸੀ। '**ਸੀਯੀਰੁਲ ਔਲੀਆ**' ਪੁਸਤਕ ਦਾ ਕਰਤਾ **ਹਜ਼ਰਤ ਕਿਰਮਾਨੀ** ਆਪ ਨੂੰ '**ਸ਼ੈਖ਼ੁਲ ਮੁਸ਼ਾਇਕ**' (ਪੀਰਾਂ ਦਾ ਪੀਰ) ਦੀ ਉਪਾਧੀ ਦਿੰਦਾ ਹੈ।

ਬਾਬਾ ਫਰੀਦ ਪੰਜਾਬੀ ਦੇ ਨਾਲ-ਨਾਲ ਫ਼ਾਰਸੀ ਦੇ ਵੀ ਜਾਣਕਾਰ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਨਾਂ ਹੇਠ 4 ਸ਼ਬਦ (ਦੋ ਰਾਗ ਆਸਾ ਅਤੇ ਦੋ ਰਾਗ ਸੂਹੀ) ਅਤੇ 130 ਸ਼ਲੋਕ ਦਰਜ ਹਨ। ਸ਼ਲੋਕਾਂ ਵਿੱਚ 112 ਸ਼ਲੋਕ ਆਪ ਜੀ ਦੀ ਰਚਨਾ ਅਤੇ ਬਾਕੀ 18 ਸ਼ਲੋਕ ਗੁਰੂ ਸਾਹਿਬਾਨਾਂ (ਗੁਰੂ ਨਾਨਕ, ਗੁਰੂ ਅਮਰਦਾਸ ਤੇ ਗੁਰੂ ਅਰਜਨ ਦੇਵ ਜੀ) ਦੇ ਹਨ, ਜੋ ਆਪ ਜੀ ਦੇ ਸ਼ਲੋਕਾਂ ਵਿੱਚ ਟਿੱਪਣੀ ਵਜੋਂ ਦਰਜ ਕੀਤੇ ਗਏ ਹਨ। ਇਨ੍ਹਾਂ ਤੋਂ ਬਿਨਾਂ ਨਸੀਹਤਨਾਮਾ, ਇੱਕ ਕਾਫ਼ੀ, ਇੱਕ ਪੱਧਤੀ-ਨਾਮਾ(ਵਾਰਤਕ) ਤੇ ਕੁਝ ਹੋਰ ਸ਼ਲੋਕ ਅਜਿਹੀਆਂ ਰਚਨਾਵਾਂ ਹਨ, ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਨਹੀਂ ਹਨ, ਪਰ ਆਪ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਹਨ, ਇਨ੍ਹਾਂ ਨੂੰ ਪ੍ਰਮਾਣਿਕ ਨਹੀਂ ਮੰਨਿਆ ਜਾਂਦਾ।

ਬਾਬਾ ਫ਼ਰੀਦ ਆਪਣੇ ਕਲਾਮ ਲਈ 'ਸ਼ਬਦ' ਅਤੇ 'ਸ਼ਲੋਕ' ਦੋ ਕਾਵਿ-ਰੂਪਾਂ ਦੀ ਵਰਤੋਂ ਕਰਦੇ ਹਨ। ਉਹ ਸੂਫੀ ਮਤ ਦੇ ਬਾ-ਸ਼ਰਾਅ ਧੜੇ ਦੇ ਪ੍ਰਤੀਨਿਧ ਸੂਫੀ ਹਨ ਅਤੇ ਸੂਫੀਆਂ ਦੇ ਚਿਸ਼ਤੀ ਸੰਪ੍ਰਦਾਇ ਨਾਲ ਸੰਬੰਧਿਤ ਹਨ। ਉਨ੍ਹਾਂ ਨੇ ਪੰਜਾਬੀ ਸੂਫੀ ਕਾਵਿ ਵਿੱਚ ਪ੍ਰੇਮ (ਨੇਹੁੰ), ਬਿਰਹਾ, ਪੰਜਾਬੀ ਮਾਹੌਲ, ਪਤੀ-ਪਤਨੀ ਤੇ ਪ੍ਰੇਮੀ-ਪ੍ਰੇਮਿਕਾ ਦੇ ਪ੍ਰਤੀਕ, ਮੌਤ ਨੂੰ ਵਿਆਹ ਨਾਲ ਜੋੜਨਾ ਆਦਿ ਨੂੰ ਆਪਣੇ ਕਲਾਮ



Downloaded from https:// www.studiestoday.com

Downloaded from https:// www.studiestoday.com

ਵਿੱਚ ਪੇਸ਼ ਕੀਤਾ ਹੈ। 'ਸ਼ਰੀਅਤ' ਸੂਫੀ ਸਾਧਨਾ ਦਾ ਪਹਿਲਾ ਪੜਾਅ ਹੈ ਤੇ ਬਾਬਾ ਫਰੀਦ ਇਸੇ ਪੜਾਅ ਦਾ ਸੂਫੀ ਕਵੀ ਹੈ। ਬਾਬਾ ਫ਼ਰੀਦ ਦੇ ਕਲਾਮ ਵਿੱਚ ਅੱਲਾਹ, ਮਨੁੱਖ ਦੀ ਥੋੜਚਿਰਤਾ ਤੇ ਸਦਾਚਾਰਕ ਜੀਵਨ ਨਾਲ ਸੰਬੰਧਿਤ ਵਿਚਾਰਾਂ ਦੀ ਪ੍ਰਤੀਨਿਧਤਾ ਹੈ। ਬਾਬਾ ਫ਼ਰੀਦ ਦੀ ਰਚਨਾ ਸ਼ੁੱਧ ਤੇ ਠੁਕਦਾਰ ਪੰਜਾਬੀ ਵਿੱਚ ਹੈ, ਜੋ ਲਹਿੰਦੀ ਜਾਂ ਮੁਲਤਾਨੀ ਮੁਹਾਵਰੇ ਵਾਲੀ ਹੈ, ਜੋ ਅੱਗੇ ਵੀ ਪੰਜਾਬੀ ਸਾਹਿਤ ਦਾ ਮਾਧਿਅਮ ਬਣੀ ਰਹਿੰਦੀ ਹੈ। ਬੋਲਾਂ ਦੀ ਮਿਠਾਸ, ਸਰਲਤਾ, ਸਪੱਸ਼ਟਤਾ, ਰਵਾਨੀ, ਤਾਜ਼ਗੀ, ਸੁਚੱਜੀ ਸ਼ਬਦ ਚੋਣ ਤੇ ਸ਼ਬਦ-ਘਾੜਤ, ਸੰਜਮ, ਸੰਕੇਤਕ ਅੰਸ਼, ਵਿਸ਼ਾਲਤਾ ਤੇ ਭਾਵਾਂ ਦੀ ਡੂੰਘਾਈ ਬਾਬਾ ਫ਼ਰੀਦ ਦੀ ਕਵਿਤਾ ਦੇ ਰੂਪਕ ਗੁਣ ਹਨ। ਫ਼ਰੀਦ ਰਚਨਾ ਦੇ ਕੁਝ ਪ੍ਰਤੀਨਿੱਧ ਨਮੂਨੇ ਇਸ ਤਰ੍ਹਾਂ ਹਨ:-

- ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
  ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

- ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
  ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥

- ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ॥
  ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥

- ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
  ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

- ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
  ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥

- ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
  ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥

- ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
  ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

- ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
  ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥

## 4. ਲੋਕ ਸਾਹਿਤ

ਲੋਕ ਸਾਹਿਤ ਕਿਸੇ ਵੀ ਭਾਸ਼ਾ ਤੇ ਸਾਹਿਤ ਦਾ ਮੁੱਢਲਾ ਸਰੂਪ ਹੁੰਦਾ ਹੈ। ਆਦਿ ਕਾਲ ਵਿੱਚ ਵੀ ਪੰਜਾਬੀ ਸਾਹਿਤ ਦੀਆਂ ਲੋਕ ਸਾਹਿਤ-ਵੰਨਗੀਆਂ ਜਿਵੇਂ ਲੋਕਗੀਤ, ਬੁਝਾਰਤਾਂ, ਅਖਾਣ ਤੇ ਮੁਹਾਵਰੇ ਆਦਿ ਮਿਲਦੀਆਂ ਹਨ।

ਆਦਿ ਕਾਲ ਵਿੱਚ ਪੰਜਾਬੀ ਲੋਕ ਨਾਚਾਂ ਨਾਲ ਸੰਬੰਧਿਤ ਲੋਕ ਗੀਤ, ਬਿਸ਼ਨਪਦੇ, ਬਾਰਾਂਮਾਹ, ਸਤਵਾਰਾਂ, ਬਿਰਹੜਾ ਅਤੇ ਕਰਹਲੇ ਆਦਿ ਪੁਰਾਤਨ ਕਾਵਿ-ਰੂਪਾਂ ਵਿੱਚ ਲੋਕ ਸਾਹਿਤ ਰੂਪ ਪ੍ਰਚਲਿਤ ਸਨ ਅਤੇ ਪੁਰਾਤਨ ਲੋਕ ਗਾਥਾਵਾਂ ਜਿਵੇਂ ਪੂਰਨ ਨਾਥ ਜੋਗੀ, ਰਾਜਾ ਰਸਾਲੂ ਤੇ ਰਾਣੀ ਕੋਕਿਲਾਂ, ਗੋਪੀਚੰਦ ਤੇ ਮੈਨਾਵੰਤੀ, ਭਰਥਰੀ ਹਰੀ ਆਦਿ ਨਾਲ ਸੰਬੰਧਿਤ ਕਈ ਲੋਕਗੀਤ ਵੀ ਮਿਲਦੇ ਹਨ। ਜਿਵੇਂ ਗੋਪੀਚੰਦ ਦੇ ਜੋਗ ਧਾਰਨ ਸਮੇਂ ਮਾਤਾ ਮੈਨਾਵੰਤੀ ਦੀ ਮਾਨਸਿਕ ਦਸ਼ਾ ਦੇ ਚਿਤਰਨ ਸੰਬੰਧੀ ਰਚਿਆ ਗਿਆ ਲੋਕ ਗੀਤ



Downloaded from https:// www.studiestoday.com

Downloaded from https:// www.studiestoday.com

ਵੇਖਿਆ ਜਾ ਸਕਦਾ ਹੈ:–

ਚੰਨਣ ਚੌਂਕੀ ਵੇ ਗੋਪੀਚੰਦਾ, ਗੰਗਾ ਜਲ ਪਾਣੀ
ਕੋਈ ਬੈਠ ਗੋਪੀਚੰਦ ਨ੍ਹਾਵੇ
ਨ੍ਹਾਵੇ-ਧੋਵੇ, ਗੋਪੀ-ਚੰਦ ਵਸਤਰ ਪਹਿਨੇ
ਮਾਤਾ ਵੇਖ ਮਹਿਲਾਂ ਵਿਚੋਂ ਰੋਈ ਵੇ
ਮੀਂਹ ਨਾ ਵਰਸੇ, ਨੀ ਮਾਤਾ ਮੇਰੀ, ਨਾ ਬੱਦਲ ਗਰਜੇ
ਇਹ ਬੂੰਦ ਕਹਾਂ ਸੇ ਆਈ ਵੇ ?

ਬਾਵਾ ਬੁੱਧ ਸਿੰਘ ਆਪਣੀ ਪੁਸਤਕ 'ਰਾਜਾ ਰਸਾਲੂ' ਵਿੱਚ ਦੋ-ਢਾਈ ਸੌ ਸਾਲ ਪੁਰਾਣੇ ਤੇ ਪੂਰਵ-ਮੁਗ਼ਲ ਕਾਲ ਦੀ ਭੱਟ ਚਾਰਨ ਸ਼ੈਲੀ ਨਾਲ ਸੰਬੰਧਿਤ ਲੋਕ ਗੀਤ ਦੀ ਦੱਸ ਪਾਉਂਦੇ ਹਨ, ਜੋ ਇਸ ਤਰ੍ਹਾਂ ਹੈ:–

ਸਦਾ ਨ ਫੁਲਣ ਤੋਰੀਆਂ ਨਫ਼ਰਾ, ਸਦਾ ਨ ਸਾਵਣ ਹੋਇ।
ਸਦਾ ਨ ਜੋਬਨ ਥਿਰ ਰਹੇ, ਸਦਾ ਨ ਜੀਵੇ ਕੋਇ।
ਸਦਾ ਨ ਰਾਜਿਆਂ ਹਾਕਮਾ, ਸਦਾ ਨਾ ਰਾਜਿਆਂ ਦੇਸ਼।
ਸਦਾ ਨ ਹੋਵੇ ਘਰ ਆਪਦਾ ਨਫ਼ਰਾ, ਭਠ ਪਿਆ ਪ੍ਰਦੇਸ਼।

'ਬੁਝਾਰਤਾਂ' ਇਸ ਕਾਲ ਦੇ ਪੰਜਾਬੀ ਲੋਕ ਸਾਹਿਤ ਵਿੱਚ ਖ਼ਾਸ ਤੌਰ ਤੇ ਪ੍ਰਚਲਿਤ ਹਨ। ਇਨ੍ਹਾਂ ਵਿੱਚੋਂ ਇਤਿਹਾਸ, ਭੂਗੋਲ ਤੇ ਆਰਥਿਕ-ਸਮਾਜਿਕ ਜੀਵਨ ਦਾ ਦਰਸ਼ਨ ਹੋਣ ਦੇ ਨਾਲ-ਨਾਲ ਸਿੱਖਿਆ ਦਾ ਵੀ ਸੰਚਾਰ ਹੁੰਦਾ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਪ੍ਰਸਿੱਧ ਕਵੀ ਅਮੀਰ ਖੁਸਰੋ ਨੇ ਇਸ ਕਾਲ ਦੀਆਂ ਪੰਜਾਬੀ ਬੁਝਾਰਤਾਂ ਦਾ ਦੇਹਲਵੀ-ਭਾਸ਼ਾ ਵਿੱਚ ਅਨੁਵਾਦ ਕੀਤਾ ਸੀ। ਇਹ ਬੁਝਾਰਤਾਂ ਪੀੜ੍ਹੀ-ਦਰ-ਪੀੜ੍ਹੀ ਉਸੇ ਤਰ੍ਹਾਂ ਕੁਝ ਤਬਦੀਲੀਆਂ ਨਾਲ ਤੁਰੀਆਂ ਆ ਰਹੀਆਂ ਹਨ। ਉਦਾਹਰਨ ਵਜੋਂ-

– ਬਾਹਰੋਂ ਆਇਆ ਬਾਬਾ ਲੋਧੀ, ਛੇ ਟੰਗਾਂ ਤੇ ਸਤਵੀਂ ਬੋਦੀ
(ਤੱਕੜੀ)

– ਬਾਤ ਪਾਵਾਂ ਬਤੌਲੀ ਪਾਵਾਂ, ਸੁਣ ਵੇ ਭਾਈ ਹਕੀਮਾ,
ਲਕੜੀਆਂ 'ਚੋਂ ਪਾਣੀ ਕੱਢਾਂ, ਚੁੱਕ ਬਣਾਵਾਂ ਢੀਮਾਂ।
(ਗੰਨੇ ਦਾ ਰਸ ਤੇ ਗੁੜ)

– ਹੱਥ ਲਾਇਆ ਉਹ ਮੈਲਾ ਲੱਗੇ,
ਮੂੰਹ ਲਾਇਆ ਉਹ ਹੱਸੇ।
(ਸ਼ੀਸ਼ਾ)

– ਇਨੀ ਕੁ ਇਕ ਘੜੀ,
ਰਾਣੀ ਵੀ ਨਹਾਤੀ, ਰਾਜਾ ਵੀ ਨਹਾਤਾ,
ਫੇਰ ਭਰੀ ਦੀ ਭਰੀ।
(ਸੁਰਮੇਦਾਨੀ)

– ਐਧਰ ਕਾਠ, ਓਧਰ ਕਾਠ, ਵਿਚ ਬੈਠਾ ਜਗਨ ਨਾਥ।
(ਬਾਦਾਮ)



Downloaded from https:// www.studiestoday.com

Downloaded from https:// www.studiestoday.com

**ਡਾ. ਮੋਹਨ ਸਿੰਘ ਦੀਵਾਨਾ** ਨੇ ਇਸ ਕਾਲ ਵਿੱਚ ਲੋਕ-ਸਾਹਿਤ ਦਾ ਇੱਕ ਰੂਪ 'ਕਹਿ ਮੁਕਰਨੀਆਂ' ਦੱਸਿਆ ਹੈ। 'ਕਹਿਮੁਕਰਨੀਆਂ' ਤੋਂ ਭਾਵ ਉਹ ਬੁਝਾਰਤਾਂ, ਜਿਨ੍ਹਾਂ ਵਿੱਚ ਜਵਾਬ ਵੀ ਵਿਚੇ ਹੁੰਦਾ ਹੈ। ਉਦਾਹਰਨ ਇਸ ਤਰ੍ਹਾਂ ਹੈਃ-

- ਸ਼ਾਮ ਰੰਗ ਤੇ ਮਸਤਕ ਬੱਗਾ,
ਜਿਉਂ ਕ੍ਰਿਸ਼ਨ ਜੀ ਟਿੱਕਾ ਲੱਗਾ।
ਪਾਕ ਘਰ ਖੇਡਣ ਐਸੇ ਸ਼ਾਮ,
ਮਨ ਮਾਂਹ ਵਿਚਾਰੋ ਉਨ ਕਾ ਨਾਮ।
(ਮਾਂਹ)
- ਇਕ ਸੁਘੜ ਮੈਂ ਡਿੱਠੀ ਨਾਰੀ।
ਪੰਡਤਾਂ ਨੂੰ ਲੱਗੇ ਬਹੁਤ ਪਿਆਰੀ।
ਬੱਚੇ ਉਹਦੇ ਸੁੱਚੇ ਮੋਤੀ।
ਮਿੱਤਰ ਪਿਆਰੇ ਦੱਸ ਪੜ੍ਹ ਕੇ ਪੋਥੀ।
(ਪੋਥੀ)

ਇਸ ਕਾਲ ਵਿੱਚ 'ਸੁਰਤਾਂ' ਨਾਂ ਦਾ ਇੱਕ ਪੰਡਿਤ ਹੋਇਆ, ਜਿਸ ਦੇ ਨਾਂ ਹੇਠ 360 ਬੁਝਾਰਤਾਂ ਪ੍ਰਚਲਿਤ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਆਈ ਇਸ ਤੁਕ, "ਜੰਮਹਿ ਜੀਅ ਜਾਣੈ ਜੇ ਥਾਉਂ ਸੁਰਤਾ ਪੰਡਿਤੁ ਤਾ ਕਾ ਨਾਉ॥"
ਦੇ ਆਧਾਰ 'ਤੇ ਇਹ ਮੰਨਿਆ ਜਾ ਸਕਦਾ ਹੈ ਕਿ ਸੁਰਤਾ ਪੰਡਿਤ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਇਆ ਹੋਵੇਗਾ।

'ਸੁਰਤੇ' ਪੰਡਿਤ ਦੀਆਂ ਬਹੁਤੀਆਂ ਬੁਝਾਰਤਾਂ 'ਕਹਿ ਮੁਕਰਨੇ' ਆਖੀਆਂ ਜਾ ਸਕਦੀਆਂ ਹਨ। ਸਭ ਤੋਂ ਪਹਿਲਾਂ **ਬਾਬਾ ਗੰਗਾ ਸਿੰਘ ਬੇਦੀ** ਨੇ ਸੁਰਤੇ ਪੰਡਿਤ ਦੀਆਂ ਲਗਭਗ 150 ਬੁਝਾਰਤਾਂ ਇਕੱਠੀਆਂ ਕੀਤੀਆਂ। ਇਹ ਬੁਝਾਰਤਾਂ ਇਸ ਤਰ੍ਹਾਂ ਹਨਃ-

- ਇਕ ਪੁੱਤ ਨਾ ਜਾਈਂ ਰੰਨੇ ?
ਘਰ ਜਾਏ ਤਾਂ ਭਾਂਡੇ ਭੰਨੇ
ਬਾਹਰ ਜਾਏ ਤਾਂ ਮਾਪੇ ਅੰਨ੍ਹੇ
ਲਾਡਾਂ ਵਿੱਚ ਨਾ ਆਖਾ ਮੰਨੇ- ਇਕ ਪੁੱਤ ਨਾ 'ਜਾਈਂ' ਰੰਨੇ।

- ਮੇਲੇ ਦੇ ਤ੍ਰੈ ਕੰਮ ਪੱਕੇ ?
ਧੁੱਪ, ਧੂੜ, ਨਿਕੰਮੇ ਧੱਕੇ-ਮੇਲੇ ਦੇ ਤ੍ਰੈ ਕੰਮ ਪੱਕੇ।

- ਮੱਝ ਕੇਹੀ ? ਜ਼ਿਮੀਂ ਕੇਹੀ ? ਤ੍ਰੀਮਤ ਕੇਹੀ ?
ਮੱਝ ਲੋਹੀ, ਜ਼ਿਮੀਂ ਰੋਹੀ,
ਰੰਨ ਜੱਟੀ, ਹੋਰ ਸਭ ਖਾਣ ਦੀ ਚੱਟੀ।

- ਭੈੜੀ ਰੰਨ ਦੀ ਭੈੜੀ ਚਾਲ ?
ਆਏ ਪ੍ਰਾਹੁਣਾ ਪੁੱਟੇ ਬਾਲ,
ਨੱਕ ਪੂੰਝਦੀ ਉਤਲੇ ਨਾਲ,
ਆਟਾ ਗੁੰਨ੍ਹੇ ਖੁਰਕੇ ਵਾਲ,
ਭੈੜੀ ਰੰਨ ਦੀ ਭੈੜੀ ਚਾਲ।

ਇਸ ਤੋਂ ਬਿਨਾਂ ਸੁਰਤੇ ਪੰਡਿਤ ਦੀਆਂ ਕੁਝ ਬੁਝਾਰਤਾਂ ਅਖਾਣ ਰੂਪ ਵਿੱਚ ਲੋਕ ਮੂੰਹਾਂ ਤੇ ਚੜ੍ਹ ਗਈਆਂ ਹਨ ਜਿਵੇਂਃ-



Downloaded from https:// www.studiestoday.com

Downloaded from https:// www.studiestoday.com

– ਕੁੜੀਆਂ ਚਿੜੀਆਂ ਬੱਕਰੀਆਂ,
ਤੇ ਤਿੰਨੇ ਜਾਤਾਂ ਅੱਥਰੀਆਂ।

– ਸੌ ਚਾਚਾ, ਇਕ ਪਿਓ।
ਸੌ ਦਾਰੂ, ਇਕ ਘਿਓ।
ਸੌ ਬੇਰ, ਇਕ ਸਿਓ।

ਇਸ ਤਰ੍ਹਾਂ ਆਦਿ ਕਾਲ ਵਿੱਚ ਨਾਥ-ਜੋਗੀ, ਸੂਫੀ, ਵਾਰ ਤੇ ਲੋਕਸਾਹਿਤ ਪੱਧਰ ਤੇ ਪੰਜਾਬੀ ਸਾਹਿਤ ਪਛਾਣਨਯੋਗ ਹਾਲਤ ਵਿੱਚ ਉਪਲਬਧ ਸੀ। ਇਸ ਤੋਂ ਬਿਨਾਂ ਇਸ ਕਾਲ ਵਿੱਚ ਫੁਟਕਲ ਸਾਹਿਤ ਰਚਨਾ ਦੇ ਤੌਰ ਤੇ ਡਾ. ਮੋਹਨ ਸਿੰਘ ਦੀਵਾਨਾ ਵੱਲੋਂ ਕਵੀ 'ਪੁਸ਼ਯ' ਕ੍ਰਿਤ 'ਸੱਸੀ' ਦੇ ਪਹਿਲੇ ਕਿੱਸੇ ਬਾਰੇ ਜ਼ਿਕਰ ਕੀਤਾ ਗਿਆ, ਜੋ ਕਿ ਲਿਖਤੀ ਰੂਪ ਵਿੱਚ ਪ੍ਰਾਪਤ ਨਹੀਂ ਹੁੰਦਾ। ਇਸ ਤੋਂ ਬਿਨਾਂ ਪੁਰਾਤਨ ਵਾਰਤਕ ਸਰੂਪਾਂ ਵਿੱਚ ਗੋਰਖ ਨਾਥ ਰਚਿਤ 'ਗੋਰਖ-ਉਪਨਿਸ਼ਦ', ਬਾਬਾ ਫ਼ਰੀਦ ਦੇ ਨਾਂ ਹੇਠ 'ਪੱਧਤੀਨਾਮਾ' ਅਤੇ **ਡਾ. ਤ੍ਰਿਲੋਚਨ ਸਿੰਘ ਬੇਦੀ** ਅਨੁਸਾਰ 'ਇਕਾਦਸ਼ੀ ਮਹਾਤਮ' ਬਾਰੇ ਜ਼ਿਕਰ ਹੋਇਆ ਮਿਲਦਾ ਹੈ, ਜਿਹੜਾ ਕਿ ਅਜੇ ਹੋਰ ਖੋਜ ਦੀ ਮੰਗ ਕਰਦਾ ਹੈ। ਪਰ ਇਸ ਕਾਲ ਵਿੱਚ ਰਚੇ ਮੁੱਢਲੇ ਸਾਹਿਤ ਰਾਹੀਂ ਹੀ ਪੰਜਾਬੀ ਸਾਹਿਤ ਮੱਧਕਾਲੀਨ ਸਾਹਿਤ ਦੇ 'ਸੁਨਹਿਰੀ ਯੁੱਗ' ਵਿੱਚ ਪ੍ਰਵੇਸ਼ ਕਰਦਾ ਹੈ।

## ਅਭਿਆਸ-ਪ੍ਰਸ਼ਨ

1. ਆਦਿਕਾਲ ਦੀ ਨਾਥ-ਜੋਗੀ ਕਵਿਤਾ ਉੱਪਰ ਨੋਟ ਲਿਖੋ।
2. ਆਦਿਕਾਲ ਦੀ ਬੀਰ ਕਾਵਿ-ਧਾਰਾ ਉੱਪਰ ਚਾਨਣਾ ਪਾਉ।
3. ਆਦਿਕਾਲ ਦੀ ਸੂਫੀ ਕਵਿਤਾ ਦਾ ਵਰਣਨ ਕਰੋ।
4. ਆਦਿਕਾਲ ਦੀ ਲੋਕ ਸਾਹਿਤ ਪਰੰਪਰਾ ਬਾਰੇ ਚਰਚਾ ਕਰੋ।



Downloaded from https:// www.studiestoday.com

Downloaded from https:// www.studiestoday.com

## (ਅ) ਨਾਨਕ ਕਾਲ (1500 ਈ.–1700 ਈ. ਤੱਕ)

ਪੰਜਾਬੀ ਸਾਹਿਤ ਵਿੱਚ ਮੱਧਕਾਲ 15ਵੀਂ ਸਦੀ ਤੋਂ ਲੈ ਕੇ 1850 ਈ. ਤੱਕ ਮੰਨਿਆ ਜਾਂਦਾ ਹੈ। ਮੱਧਕਾਲ ਦਾ ਪਹਿਲਾ ਅੱਧ 15ਵੀਂ ਤੋਂ 17ਵੀਂ ਸਦੀ ਤੱਕ ਪੂਰਵ-ਮੱਧਕਾਲ ਜਾਂ ਗੁਰੂ ਨਾਨਕ ਕਾਲ ਵਜੋਂ ਪਹਿਚਾਨਿਆ ਜਾਂਦਾ ਹੈ। ਕਿਉਂਕਿ ਮੱਧਕਾਲੀ ਪੰਜਾਬੀ ਸਾਹਿਤ ਦੇ ਇਸ ਕਾਲ ਵਿੱਚ ਗੁਰਮਤਿ ਕਾਵਿ ਧਾਰਾ ਤੇ ਉਸਦੇ ਪ੍ਰਭਾਵ ਅਧੀਨ ਤੇ ਸਮਾਨੰਤਰ ਸਾਹਿਤ ਧਾਰਾਵਾਂ ਵਿੱਚ ਜੋ ਸਾਹਿਤ ਰਚਨਾ ਹੋਈ, ਉਹ ਗੁਰਮਤਿ ਕਾਵਿ ਧਾਰਾ ਤੋਂ ਬਾਅਦ ਵਿੱਚ ਪੈਦਾ ਹੋਏ ਸਾਹਿਤ ਤੋਂ ਸਾਹਿਤਕ ਗੁਣਾਂ ਪੱਖੋਂ ਵੱਖਰੀ ਹੈ। ਇਸ ਲਈ ਮੱਧਕਾਲ ਦੇ ਪਹਿਲੇ ਅੱਧ ਨੂੰ ਗੁਰਮਤਿ ਕਾਵਿ ਧਾਰਾ ਤੇ ਇਸ ਅਧੀਨ ਰਚੇ ਮਹਾਨ ਗ੍ਰੰਥ-ਆਦਿ ਗ੍ਰੰਥ ਦੀ ਸੰਪਾਦਨਾ ਕਾਰਨ ਇਸ ਕਾਲ ਦੀ ਪ੍ਰਮੁੱਖ ਕਾਵਿ ਧਾਰਾ ਵਜੋਂ ਸਥਾਪਤ ਮੰਨਿਆ ਜਾਂਦਾ ਹੈ ਅਤੇ ਇਤਿਹਾਸਕ ਵੇਰਵਿਆਂ ਵਿੱਚ ਵੀ ਇਹ ਜ਼ਿਕਰ ਆਉਂਦਾ ਹੈ ਕਿ ਉਸ ਸਮੇਂ ਦੇ ਕਵੀ ਆਪਣੀ ਰਚਨਾ ਨੂੰ ਆਦਿ-ਗ੍ਰੰਥ ਵਿੱਚ ਸ਼ਾਮਿਲ ਕਰਵਾਉਣ ਦੇ ਚਾਹਵਾਨ ਸਨ। 15ਵੀਂ. ਤੋਂ 17ਵੀਂ ਤੱਕ ਰਚੇ ਗਏ ਸਾਹਿਤ ਸੰਬੰਧੀ ਸਾਹਿਤ ਧਾਰਾਵਾਂ ਦਾ ਸਿਲਸਿਲੇਵਾਰ ਸੰਖੇਪ ਵਰਨਣ ਇਸ ਤਰ੍ਹਾਂ ਹੈ:-

### 1. ਗੁਰਮਤਿ ਕਾਵਿ-ਧਾਰਾ

ਇਸ ਕਾਲ ਦੀਆਂ ਸਾਹਿਤਕ-ਧਾਰਾਵਾਂ ਵਿੱਚ ਗੁਰਮਤਿ ਕਾਵਿ-ਧਾਰਾ ਸਭ ਤੋਂ ਸਮਰੱਥ ਤੇ ਪ੍ਰਤੀਨਿਧ ਸਾਹਿਤ ਧਾਰਾ ਹੈ। ਗੁਰਮਤਿ ਕਾਵਿ ਧਾਰਾ ਬਾਰਵ੍ਹੀਂ ਤੋਂ ਅਠਾਰਵੀਂ ਸਦੀ ਤੱਕ ਦੇ ਕਾਲਖੰਡ ਤੱਕ ਆਪਣਾ ਸਫ਼ਰ ਤੈਅ ਕਰਦੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਇਸ ਧਾਰਾ ਦੇ ਮੋਢੀ ਕਵੀ ਹਨ। ਇਸ ਧਾਰਾ ਅਧੀਨ ਗੁਰੂ-ਕਵੀਆਂ ਨੇ ਜਿਹੜੀ ਕਾਵਿ ਸਿਰਜਣਾ ਕੀਤੀ, ਉਸ ਨੂੰ 'ਬਾਣੀ' ਨਾਂ ਅਧੀਨ ਪੜ੍ਹਿਆ, ਸੁਣਿਆ ਤੇ ਵਿਚਾਰਿਆ ਜਾਂਦਾ ਹੈ। ਗੁਰਮਤਿ ਕਾਵਿ ਧਾਰਾ ਸਮੇਂ ਦੇ ਸਮਾਜਕ, ਰਾਜਨੀਤਕ, ਭਾਈਚਾਰਕ, ਅਧਿਆਤਮਕ, ਸਦਾਚਾਰਕ ਅਤੇ ਸਭਿਆਚਾਰਕ ਆਦਿ ਭਿੰਨ-ਭਿੰਨ ਖੇਤਰਾਂ ਨੂੰ ਉੱਨਤ ਕਰਨ ਲਈ ਸਾਹਿਤ ਨੂੰ ਸਾਧਨ ਦੇ ਰੂਪ ਵਿੱਚ ਵਰਤਦੀ ਹੈ। ਸਾਹਿਤ ਨੂੰ ਮਨੁੱਖੀ ਜੀਵਨ ਨਾਲ ਇਕਸੁਰ ਕਰਕੇ ਆਚਰਣਿਕ ਪਵਿੱਤਰਤਾ ਤੇ ਆਤਮਿਕ ਉੱਚਤਾ ਲਈ ਅਮੁੱਲ ਸਾਹਿਤ ਸਿਰਜਨਾ ਕੀਤੀ ਜਾਂਦੀ ਹੈ। ਸਾਹਿਤ ਨੂੰ ਲੋਕ-ਅਨੁਭਵ ਨਾਲ ਜੋੜਨ ਲਈ ਲੋਕ-ਭਾਸ਼ਾ, ਲੋਕ-ਛੰਦਾਂ ਤੇ ਲੋਕ-ਪ੍ਰਿਯ ਕਾਵਿ-ਰੂਪਾਂ ਵਿੱਚ ਸੰਗੀਤਕ ਲੈਅ 'ਤੇ ਰਾਗਾਂ-ਰਾਗਣੀਆਂ ਦਾ ਪ੍ਰਯੋਗ ਕਰਕੇ ਲੋਕ-ਸੁਹਜ ਦੀ ਤ੍ਰਿਪਤੀ ਕੀਤੀ ਗਈ ਹੈ ਅਤੇ ਨਾਲ ਹੀ ਮਨੁੱਖੀ ਜੀਵਨ ਦੇ ਅਸਲ ਉਦੇਸ਼ ਦੀ ਪ੍ਰਾਪਤੀ ਲਈ ਵੀ ਪ੍ਰੇਰਿਤ ਕਰਦੀ ਹੈ। ਗੁਰਮਤਿ ਕਾਵਿ ਧਾਰਾ ਅਧੀਨ ਗੁਰੂ-ਕਵੀਆਂ ਦਾ ਵਰਨਣ ਇਸ ਤਰ੍ਹਾਂ ਹੈ:-

**(ੳ) ਸ਼੍ਰੀ ਗੁਰੂ ਨਾਨਕ ਦੇਵ ਜੀ** (1469-1539 ਈ.)-

ਗੁਰਮਤਿ ਸਾਹਿਤ ਪਰੰਪਰਾ ਤੇ ਗੁਰਮਤਿ-ਵਿਚਾਰਧਾਰਾ ਨੂੰ ਸਥਾਪਿਤ ਕਰਨ ਵਾਲੇ ਸ਼੍ਰੀ ਗੁਰੂ ਨਾਨਕ ਦੇਵ ਜੀ ਹਨ। ਆਪ ਨੇ ਸਾਹਿਤ ਨੂੰ ਲੋਕ ਜੀਵਨ ਤੇ ਅਧਿਆਤਮਕ ਪਰੰਪਰਾ ਨਾਲ ਜੋੜਿਆ ਅਤੇ ਦੱਬੇ, ਕੁਚਲੇ ਤੇ ਨੀਵੇਂ ਵਰਗ ਦੇ ਹੱਕ ਵਿੱਚ ਆਵਾਜ਼ ਵੀ ਬੁਲੰਦ ਕੀਤੀ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਆਪ ਨੇ ਸਮਾਜ ਅੰਦਰ ਵਿਆਪਤ ਉਚ-ਨੀਚ, ਜਾਤ-ਪਾਤ, ਛੂਤ-ਛਾਤ ਅਤੇ ਸਮਾਜਿਕ ਨਾਬਰਾਬਰੀ ਤੋਂ ਲੋਕਾਈ ਨੂੰ ਉੱਪਰ ਉੱਠਾ ਕੇ ਉੱਚਾ-ਸੁੱਚਾ ਤੇ ਨਿਡਰ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਸੱਚ ਦੀ ਪਛਾਣ, ਅਧਿਆਤਮਿਕ ਪਵਿੱਤਰਤਾ ਅਤੇ ਆਚਰਣ ਦੀ ਉੱਚਤਾ ਨੂੰ ਮਹੱਤਵ ਦਿੱਤਾ-

ਸਚਹੁ ਉਰੇ ਸਭ ਕਉ ਉਪਰ ਸਚੁ ਆਚਾਰ॥



Downloaded from https:// www.studiestoday.com

Downloaded from https:// www.studiestoday.com

ਗੁਰੂ ਸਾਹਿਬ ਇੱਕ ਮਹਾਨ ਸ਼ਖ਼ਸੀਅਤ ਦਾ ਦਰਜਾ ਰੱਖਦੇ ਸਨ। ਉਹ ਮਹਾਨ ਰਹੱਸਵਾਦੀ, ਪ੍ਰਤਿਭਾਸ਼ੀਲ ਕਵੀ, ਅਕਾਲ ਪੁਰਖ ਦੇ ਅਨਿੰਨ ਭਗਤ, ਸੰਗੀਤ ਤੇ ਰਾਗ ਦੇ ਜਾਣਕਾਰ ਅਤੇ ਮਹਾਨ ਦਾਰਸ਼ਨਿਕ ਸਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸਭ ਤੋਂ ਵੱਧ ਆਪ ਜੀ ਦੀ ਬਾਣੀ ਦਰਜ ਹੈ। ਆਪ ਦੁਆਰਾ ਰਚਿਤ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ–

(1) ਜਪੁਜੀ ਸਾਹਿਬ, (2) ਤਿੰਨ ਵਾਰਾਂ– ਰਾਗ ਆਸਾ, ਮਾਝ ਤੇ ਮਲ੍ਹਾਰ ਵਿੱਚ, (3) ਸਿੱਧ ਗੋਸ਼ਟਿ, (4) ਦੱਖਣੀ ਓਅੰਕਾਰ, (5) ਰਾਗ ਆਸਾ ਪੱਟੀ, (6) ਸੋਹਿਲਾ, (7) ਪਹਿਰੇ, (8) ਵਣਜਾਰੇ, (9) ਅਲਾਹੁਣੀਆਂ, (10) ਸੋਦਰ, (11) ਆਰਤੀ, (12) ਅਸ਼ਟਪਦੀਆਂ, (13) ਥਿਤੀ, (14) ਛੰਤ, (15) ਰੇਖਤਾ, (16) ਮਾਰੂ ਸੋਲਹੇ ਤੇ (17) ਸ਼ਲੋਕ ਆਦਿ।

ਗੁਰੂ ਸਾਹਿਬ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿੱਚੋਂ 19 ਰਾਗਾਂ ਵਿੱਚ ਬਾਣੀ–ਰਚਨਾ ਕੀਤੀ। ਆਪ ਜੀ ਦੀ ਸਮੁੱਚੀ ਰਚਨਾ ਅਧਿਆਤਮ, ਯਥਾਰਥ ਅਤੇ ਜੀਵਨ–ਜੁਗਤ ਤਿੰਨ ਨੁਕਤਿਆਂ ਉੱਪਰ ਕੇਂਦਰਿਤ ਹੈ। 'ਜਪੁਜੀ ਸਾਹਿਬ' ਤੇ 'ਸਿੱਧ ਗੋਸ਼ਟਿ' ਆਪ ਜੀ ਦੀਆਂ ਦਾਰਸ਼ਨਿਕ ਬਾਣੀ ਦੀਆਂ ਵੰਨਗੀਆਂ ਹਨ। 'ਜਪੁਜੀ' ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਇਹ ਨਿਤਨੇਮ ਦੀ ਪਹਿਲੀ ਬਾਣੀ ਹੈ ਅਤੇ ਰਾਗ–ਰਹਿਤ ਹੈ। 'ਸਿੱਧ ਗੋਸ਼ਟਿ' ਸੰਬਾਦਿਕ ਸ਼ੈਲੀ ਵਿੱਚ ਰਚੀ ਗਈ ਹੈ। ਇਸ ਵਿੱਚ ਗੁਰੂ ਸਾਹਿਬ ਤੇ ਸਿੱਧਾਂ ਵਿਚਕਾਰ ਸਿਧਾਂਤਾਂ ਦੀ ਵਿਆਖਿਆ, ਪੜਤਾਲ, ਖੰਡਨ ਤੇ ਸੁਧਾਰ ਹੈ। 'ਆਸਾ ਦੀ ਵਾਰ' ਪਹਿਲੀ ਅਧਿਆਤਮਕ ਵਾਰ ਦਾ ਦਰਜਾ ਰਖਦੀ ਹੈ। ਇਸ ਵਾਰ ਦਾ ਗਾਇਣ ਅੰਮ੍ਰਿਤ–ਵੇਲੇ ਸ਼੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ, ਪੰਜਾਬ) ਵਿਖੇ ਰੋਜ਼ਾਨਾ ਕਰਨ ਦੀ ਪਰੰਪਰਾ ਸਥਾਪਿਤ ਹੈ। ਇਸ ਵਾਰ ਵਿੱਚ ਇਸਤਰੀ–ਜਾਤੀ ਲਈ ਆਦਰ, ਉੱਚਤਾ ਤੇ ਸੁੱਚਤਾ ਦੇ ਭਾਵਾਂ ਦੀ ਵੀ ਪ੍ਰੋੜ੍ਹਤਾ ਕੀਤੀ ਗਈ ਹੈ:–

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਇਸ ਤਰ੍ਹਾਂ ਗੁਰੂ ਸਾਹਿਬ ਦੀ ਬਾਣੀ ਬਹੁਪਾਸਾਰੀ ਮੰਤਵਾਂ ਦੀ ਪੇਸ਼ਕਾਰੀ ਕਰਦੀ ਹੈ। ਨਿਰਸੰਦੇਹ ਨਾਨਕ–ਬਾਣੀ ਗੁਰਮਤਿ ਵਿਚਾਰਧਾਰਾ ਦੀ ਪੱਥ–ਪ੍ਰਦਰਸ਼ਕ ਤੇ ਸੁਯੋਗ ਰਹਿਨੁਮਾਈ ਪ੍ਰਦਾਨ ਕਰਦੀ ਹੈ। ਗੁਰੂ ਨਾਨਕ ਬਾਣੀ ਵਿੱਚ ਸਾਰੇ ਰਸਾਂ, ਅਨੇਕ ਛੰਦਾਂ ਅਤੇ ਅਲੰਕਾਰਾਂ ਦੀ ਸੁਯੋਗ ਵਰਤੋਂ ਕੀਤੀ ਗਈ ਹੈ। ਗੁਰੂ ਸਾਹਿਬ ਦੀਆਂ ਅਨੇਕ ਤੁਕਾਂ ਅਟੱਲ ਸੱਚਾਈਆਂ ਦਾ ਰੂਪ ਧਾਰ ਕੇ ਲੋਕ ਜੀਵਨ ਦਾ ਅੰਗ ਬਣ ਗਈਆਂ ਹਨ। ਜਿਵੇਂ:–

- ਰੋਟੀਆ ਕਾਰਣਿ ਪੂਰਹਿ ਤਾਲ ॥
- ਨਿਵੈ ਸੋ ਗਉਰਾ ਹੋਇ ॥
- ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
- ਵਖਤੁ ਵੀਚਾਰੇ ਸੁ ਬੰਦਾ ਹੋਇ ॥
- ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
- ਮਨਿ ਅੰਧਾ ਨਾਉ ਸੁਜਾਣੁ ॥
- ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

ਸੋ ਨਿਸ਼ਚੇ ਹੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਬਹੁਵੰਨੀ ਹੈ, ਜੋ ਸਾਡਾ ਅਮੁੱਲ ਸਰਮਾਇਆ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਬੜੇ ਮਾਣ ਨਾਲ 'ਸ਼ਾਇਰ' ਦੀ ਉਪਮਾ ਦਿੱਤੀ ਹੈ–

'ਨਾਨਕੁ ਸ਼ਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥'



Downloaded from https:// www.studiestoday.com

Downloaded from https:// www.studiestoday.com

**(ਅ) ਗੁਰੂ ਅੰਗਦ ਦੇਵ ਜੀ** (1504–1552 **ਈ**.)–

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਭ ਤੋਂ ਸ੍ਰੇਸ਼ਟ ਤੇ ਯੋਗ ਸ਼ਾਗਿਰਦ 'ਭਾਈ ਲਹਿਣਾ' ਜੀ ਨੂੰ ਗੁਰ–ਗੱਦੀ ਤੇ ਬਿਰਾਜਮਾਨ ਕੀਤਾ, ਜੋ 'ਗੁਰੂ ਅੰਗਦ ਦੇਵ' ਦੇ ਨਾਂ ਨਾਲ ਪ੍ਰਸਿੱਧ ਹੋਏ। ਆਪ ਜੀ ਦੁਆਰਾ ਸਿਰਫ਼ 63 ਸ਼ਲੋਕ ਹੀ ਰਚੇ ਗਏ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਗੁਰੂਆਂ ਦੀ ਬਾਣੀ ਨਾਲੋਂ ਘੱਟ ਹੈ। ਆਪ ਦੁਆਰਾ ਰਚਿਤ ਸ਼ਲੋਕ ਕੁਝ ਤਾਂ ਬਾਕੀ ਗੁਰੂ ਸਾਹਿਬਾਨਾਂ ਦੀਆਂ ਵਾਰਾਂ ਵਿੱਚ ਅੰਕਿਤ ਹਨ ਅਤੇ ਕੁਝ ਸ਼ਲੋਕ 'ਵਾਰਾਂ ਤੋਂ ਵਧੀਕ' ਸਿਰਲੇਖ ਹੇਠ ਦਰਜ ਹਨ। ਆਪ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਗੁਰੂ ਭਗਤੀ, ਪ੍ਰੇਮ, ਸ਼ਰਧਾ ਤੇ ਨਿਰਮਾਣਤਾ ਹੈ। ਆਪ ਦੇ ਸ਼ਲੋਕ ਬੜੇ ਸਰਲ 'ਤੇ ਸਾਦੀ ਭਾਸ਼ਾ–

ਸ਼ੈਲੀ ਵਿੱਚ ਹਨ ਅਤੇ ਜੀਵਨ ਦੀਆਂ ਅਟੱਲ ਸਚਿਆਈਆਂ ਦਾ ਪ੍ਰਗਟਾਵਾ ਕਰਦੇ ਹਨ। ਆਪ ਦੀ ਰਚਨਾ ਨਾਲ ਸੰਬੰਧਿਤ ਨਮੂਨੇ ਇਸ ਤਰ੍ਹਾਂ ਹਨ:–

– ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥

– ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲਿ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥

ਆਪ ਜੀ ਦੀ ਬਾਣੀ ਦੀਆਂ ਕੁਝ ਪੰਗਤੀਆਂ ਲੋਕ–ਮੂੰਹਾਂ ਤੇ ਬਿਰਾਜਮਾਨ ਹਨ, ਜਿਵੇਂ:–

– ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥

– ਨਾਲਿ ਇਆਣੇ ਦੋਸਤੀ ਕਦੇ ਨਾ ਆਵੈ ਰਾਸਿ ॥

– ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥

ਇਕ ਰਵਾਇਤ ਮੁਤਾਬਿਕ ਕਿਹਾ ਜਾਂਦਾ ਹੈ ਕਿ ਆਪ ਨੇ ਭਾਈ ਪੈੜੇ ਮੋਖੇ ਨੂੰ ਸੱਦ ਕੇ, ਭਾਈ ਬਾਲੇ ਕੋਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰਾਂ ਨੂੰ ਸੁਣ ਕੇ ਪਹਿਲੀ ਜਨਮ ਸਾਖੀ ਤਿਆਰ ਕਰਵਾਈ, ਜਿਸਨੂੰ 'ਭਾਈ ਬਾਲੇ ਵਾਲੀ ਜਨਮ ਸਾਖੀ' ਕਿਹਾ ਜਾਂਦਾ ਹੈ। ਗੁਰਮੁਖੀ ਵਰਨਮਾਲਾ ਨੂੰ ਸੋਧ ਕੇ, ਤਰਤੀਬ ਦੇ ਕੇ ਵਿੱਦਿਆ ਲਈ ਵਰਤਣ ਦਾ ਕਾਰਜ ਵੀ ਆਪ ਦੁਆਰਾ ਕੀਤਾ ਗਿਆ।

**(ੲ) ਗੁਰੂ ਅਮਰਦਾਸ ਜੀ** (1479–1574 **ਈ**.)–

ਤੀਜੇ ਗੁਰੂ ਅਮਰਦਾਸ ਜੀ ਸਭ ਤੋਂ ਵੱਡੀ ਉਮਰ 73ਵੇਂ ਸਾਲ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ। ਆਪ ਦੁਆਰਾ ਰਚਿਤ ਬਾਣੀ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਵਾਲਾ ਹੀ ਹੈ। ਪਰ ਬੋਲੀ, ਸ਼ੈਲੀ ਤੇ ਰਚਨਾਤਮਿਕ ਗੁਣਾਂ ਕਾਰਨ ਵੱਖਰਤਾ ਤੇ ਵੰਨ–ਸੁਵੰਨਤਾ ਹੈ। ਆਪ ਦੁਆਰਾ 18 ਰਾਗਾਂ, 2522 ਤੁਕਾਂ ਤੇ 896 ਬੰਦਾਂ ਵਿੱਚ ਬਾਣੀ–ਰਚਨਾ ਕੀਤੀ ਗਈ, ਜਿਸਦਾ ਰੂਪਗਤ ਵੇਰਵਾ ਇਸ ਤਰ੍ਹਾਂ ਹੈ:–

1. ਲੰਮੇਰੀਆਂ ਬਾਣੀਆਂ:– ਅਨੰਦ ਸਾਹਿਬ, ਪੱਟੀ, ਅਲਾਹੁਣੀਆਂ।
2. ਵਾਰਾਂ:– ਗੂਜਰੀ, ਸੂਹੀ, ਰਾਮਕਲੀ ਤੇ ਮਾਰੂ ਰਾਗ ਵਿੱਚ ਰਚਿਤ 4 ਵਾਰਾਂ।
3. ਹੋਰ ਰਚਨਾਵਾਂ:– ਤਿਪਦੇ , ਚਉਪਦੇ, ਪੰਚਪਦੇ, ਅਸ਼ਟਪਦੀ, ਛੰਤ ਆਦਿ।

ਆਪ ਦੁਆਰਾ ਰਾਗ ਰਾਮਕਲੀ ਵਿੱਚ ਰਚਿਤ 'ਅਨੰਦ ਸਾਹਿਬ' ਸ਼ਾਹਕਾਰ ਰਚਨਾ ਹੈ। ਇਹ ਪ੍ਰਬੰਧ–ਕਾਵਿ ਦਾ ਉੱਤਮ ਨਮੂਨਾ ਹੈ। ਇਸ ਦੀਆਂ ਕੁੱਲ 40 ਪਉੜੀਆਂ ਹਨ। ਇਹ ਬਾਣੀ ਨਿੱਤਨੇਮ ਵਿੱਚ



Downloaded from https:// www.studiestoday.com

Downloaded from https:// www.studiestoday.com

ਦਰਜ ਹੈ। ਸਿੱਖ ਧਰਮ ਹਲਕਿਆਂ ਵਿੱਚ ਖ਼ੁਸ਼ੀ ਜਾਂ ਗ਼ਮੀ ਵੇਲੇ, ਸਹਿਜ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਸਮੇਂ, ਇਸ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਇੱਕ ਅੰਤਿਮ ਪਉੜੀ ਉਚਾਰੀ ਜਾਂਦੀ ਹੈ।

ਆਪ ਦੀ ਬਾਣੀ ਸਦਾਚਾਰਿਕ ਸਿੱਖਿਆ, ਸ਼ਾਂਤਮਈ ਭਾਵ ਵੈਰਾਗ, ਗੰਭੀਰਤਾ, ਸਰਲਤਾ, ਬੋਲਚਾਲੀ ਢੰਗ ਅਤੇ ਦੁਹਰਾਅ ਆਦਿ ਵਿਸ਼ੇਸ਼ ਗੁਣਾਂ ਦੀ ਧਾਰਨੀ ਹੈ। ਆਪ ਨੇ ਭਗਤ-ਬਾਣੀ ਨਾਲ ਸੰਬੰਧਿਤ ਟੀਕਾ-ਟਿੱਪਣੀ ਰੂਪ ਵਿੱਚ ਬਹੁਤ ਪ੍ਰਸ਼ੰਸ਼ਾ ਯੋਗ ਸ਼ਲੋਕਾਂ ਦੀ ਰਚਨਾ ਕੀਤੀ ਹੈ।ਆਪ ਨੇ ਆਪਣੀ ਰਚਨਾ ਰਾਹੀਂ ਬਾਹਰੀ ਭੇਖਾਂ ਦਾ ਖੰਡਨ, ਸਤੀ-ਪ੍ਰਥਾ, ਛੂਤ-ਛਾਤ ਤੇ ਜਾਤ-ਪਾਤ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਨ ਦਾ ਸੁਨੇਹਾ ਦਿੱਤਾ ਹੈ ਤੇ ਮਨੁੱਖੀ ਏਕਤਾ ਤੇ ਬਰਾਬਰੀ ਕਾਇਮ ਕਰਨ ਲਈ ਪ੍ਰੇਰਨਾ ਦਿੱਤੀ ਹੈ।ਆਪ ਦੀ ਬਾਣੀ ਦੇ ਨਮੂਨੇ ਵੇਖ਼ਣਯੋਗ ਹਨ-

- ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
  ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥

- ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
  ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥

- ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥
  ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥

ਆਪ ਜੀ ਦੀ ਬਾਣੀ ਵਿੱਚ ਮੁਹਾਵਰਾ ਬਣ ਜਾਣ ਦੀ ਸਮਰੱਥਾ ਹੈ ਜਿਵੇਂ:-

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥

**(ਸ) ਗੁਰੂ ਰਾਮਦਾਸ ਜੀ** (1534-1581 **ਈ**.)-

ਗੁਰੂ ਰਾਮਦਾਸ ਜੀ ਦੀ ਬਾਣੀ ਪ੍ਰਭੂ ਤੇ ਗੁਰੂ ਪ੍ਰਤੀ ਅਥਾਹ ਪ੍ਰੇਮ ਤੇ ਸ਼ਰਧਾ ਦੀ ਪੇਸ਼ਕਾਰੀ ਕਰਦੀ ਹੈ।ਆਪ ਦੀ ਰਚਨਾ ਠੇਠ ਪੰਜਾਬੀ ਦਾ ਸੁੰਦਰ ਨਮੂਨਾ ਹੈ, ਜਿਸ ਉੱਤੇ ਲਹਿੰਦੀ ਦਾ ਪ੍ਰਤੱਖ ਪ੍ਰਭਾਵ ਹੈ।ਬੋਲੀ ਵਿੱਚ ਸਰਲਤਾ, ਸ਼ਪੱਸ਼ਟਤਾ ਤੇ ਸੁਭਾਵਿਕਤਾ ਵਿੱਦਮਾਨ ਹੈ। ਆਪ ਦੀ ਬਾਣੀ ਦੇ ਸ਼ਬਦਾ ਵਿਚਲਾ ਦੁਹਰਾਉ , ਜਿਵੇਂ:- ਮੇਰੇ ਪਿਆਰੇ, ਮੇਰੀ ਜਿੰਦੜੀਏ, ਬਲਿਰਾਮ ਜੀਉ, ਰਾਮਰਾਜੇ ਆਦਿ, ਵਾਕਾਂ ਨੂੰ ਲੰਮਾ ਤੇ ਨਿਖੜਵਾਂ ਰੂਪ ਪ੍ਰਦਾਨ ਕਰਦਾ ਹੈ। ਗੁਰੂ ਅਮਰਦਾਸ ਜੀ ਵਾਂਗ ਆਪ ਨੇ 'ਸੰਬੋਧਨੀ ਸ਼ੈਲੀ' ਵਰਤੀ ਹੈ। ਪ੍ਰਗੀਤਕ ਕਵੀਆਂ ਦੀ ਸ਼੍ਰੇਣੀ ਵਿੱਚੋਂ ਆਪ ਨੂੰ 'ਸ਼੍ਰੋਮਣੀ' ਦਰਜਾ ਦਿੱਤਾ ਜਾ ਸਕਦਾ ਹੈ। ਵਾਯੂਮੰਡਲ ਚਿਤਰਨ, ਅਲੰਕਾਰਾਂ ਦੀ ਸੂਖਮਤਾ, ਲੈ, ਤਾਲ ਤੇ ਰਸ ਦੀ ਪ੍ਰਧਾਨਤਾ, ਭਿੰਨ-ਭਿੰਨ ਰਾਗਾਂ ਤੇ ਛੰਦਾਂ ਦੀ ਵਰਤੋਂ, ਤੁਕਾਂ ਦੀ ਲੰਬਾਈ ਆਦਿ ਆਪ ਦੀ ਬਾਣੀ ਦੇ ਵਿਸ਼ੇਸ਼ ਲੱਛਣ ਹਨ।

ਗੁਰੂ ਰਾਮਦਾਸ ਜੀ ਨੇ 30 ਰਾਗਾਂ ਅਤੇ ਕੁੱਲ 638 ਸ਼ਬਦਾਂ ਵਿੱਚ ਬਾਣੀ ਰਚਨਾ ਕੀਤੀ।ਆਪ ਨੇ ਸਭ ਤੋ ਵੱਧ 8 ਵਾਰਾਂ (ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠ, ਬਿਲਾਵਲ, ਸਾਰੰਗ ਤੇ ਕਾਨੜਾ ਰਾਗ ਵਿੱਚ) ਦੀ ਰਚਨਾ ਕੀਤੀ।ਆਪ ਗੁਰਮਤਿ ਦੇ ਸਭ ਤੋ ਵੱਡੇ ਵਾਰਕਾਰ ਹਨ।'ਲਾਵਾਂ' ਤੇ 'ਸੋ ਪੁਰਖ' ਆਪ ਦੀਆਂ ਪ੍ਰਸਿੱਧ ਬਾਣੀਆਂ ਹਨ।ਇਸ ਤੋ ਬਿਨਾਂ ਸ਼ਬਦ, ਸ਼ਲੋਕ, ਦੁਪਦੇ, ਤਿਪਦੇ, ਚੌਪਦੇ, ਪੰਚਪਦੇ, ਛਿਪਦੇ, ਪੜਤਾਲ ਚਉਪਦਾ, ਕਾਫ਼ੀਆਂ ਚਉਪਦੇ, ਅਸ਼ਟਪਦੀਆਂ, ਛੰਤ, ਆਦਿ ਕਾਵਿ-ਰੂਪਾਂ ਵਿੱਚ ਆਪਣੀ ਬਾਣੀ-ਰਚਨਾ ਕੀਤੀ। ਪਹਿਰੇ, ਵਣਜਾਰੇ, ਕਰਹਲੇ, ਕਾਫ਼ੀਆਂ, ਘੋੜੀਆਂ ਅਤੇ ਸੋਲਹੇ ਲੋਕ-ਕਾਵਿ ਰੂਪਾਂ ਵਿੱਚ ਵੀ ਬਾਣੀ ਰਚਨਾ ਕੀਤੀ।ਆਪ ਜੀ ਦੀ ਬਾਣੀ ਦੇ ਨਮੂਨੇ ਇਸ ਤਰ੍ਹਾਂ ਹਨ:-

- ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ
  ਸੇ ਜਨ ਜੁਗ ਮਹਿ ਸੁਖਵਾਸੀ ॥
  ਸੇ ਮੁਕਤੁ ਸੇ ਮੁਕਤੁ ਭਏ



Downloaded from https:// www.studiestoday.com

Downloaded from https:// www.studiestoday.com

ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਦੀ ਫਾਸੀ ॥

– ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥

– ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ
ਹਰਿ ਪ੍ਰਭੁ ਮੇਰਾ ਚੋਜੀ ਜੀਉ ॥
ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ ਗੋਵਿਦਾ
ਹਰਿ ਆਪੇ ਗੋਪੀ ਖੋਜੀ ਜੀਉ ॥

(ਹ) **ਗੁਰੂ ਅਰਜਨ ਦੇਵ ਜੀ** (**1563 –1606 ਈ.**)

ਗੁਰੂ ਅਰਜਨ ਦੇਵ ਜੀ ਦੇ ਨਾਨਾ ਜੀ ਤੀਜੇ ਗੁਰੂ ਅਮਰਦਾਸ ਜੀ ਨੇ, ਉਨ੍ਹਾਂ ਨੂੰ ਬਚਪਨ ਵਿੱਚ ਹੀ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰਦਾਨ ਦਿੱਤਾ ਸੀ, ਜਿਸ ਨੂੰ ਸਾਕਾਰ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ 1604 ਈ. ਵਿੱਚ ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਜਿਸ ਵਿੱਚ ਗੁਰੂ ਸਾਹਿਬਾਨਾਂ ਦੇ ਨਾਲ-ਨਾਲ ਭਗਤਾਂ, ਸੂਫ਼ੀ ਫ਼ਕੀਰਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਦਰਜ ਹੈ, ਜੋ ਗੁਰਮਤਿ ਦੇ ਸਿਧਾਂਤਾਂ ਦੇ ਅਨੁਕੂਲ ਹੈ। ਇਹ ਗੁਰੂ ਸਾਹਿਬ ਵੱਲੋਂ ਕੀਤਾ ਗਿਆ ਸਭ ਤੋਂ ਮਹਾਨ ਕਾਰਜ ਹੈ, ਜੋ ਅਧਿਆਤਮਕ, ਸਾਹਿਤਕ ਤੇ ਭਾਸ਼ਾਈ ਖ਼ੇਤਰ ਵਿੱਚ ਮੀਲ ਦਾ ਪੱਥਰ ਸਾਬਿਤ ਹੋਇਆ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਬਾਣੀ ਦਰਜ ਹੈ, ਜਿਸ ਦੇ ਕੁੱਲ 2312 ਸ਼ਬਦ ਬਣਦੇ ਹਨ। ਆਪ ਦੁਆਰਾ ਰਚਿਤ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ 1430 ਪੰਨਿਆਂ ਦੇ ਅੱਧ ਦੇ ਸਮਾਨਾਂਤਰ ਹੈ। 'ਸੁਖਮਨੀ ਸਾਹਿਬ' ਤੇ 'ਬਾਵਨ ਅੱਖਰੀ' ਪ੍ਰਬੰਧ-ਕਾਵਿ ਦੀਆਂ ਉੱਤਮ ਵੰਨਗੀਆਂ ਹਨ। 'ਬਾਰਹ-ਮਾਹ' (ਰਾਗ ਮਾਝ), 'ਗਾਥਾ' ਤੇ 'ਸਹਿਸਕ੍ਰਿਤੀ' ਆਪ ਦੀਆਂ ਹੋਰ ਵੱਡੀਆਂ ਤੇ ਪ੍ਰਸਿੱਧ ਬਾਣੀਆਂ ਹਨ। ਆਪ ਨੇ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ ਰਾਗ ਵਿੱਚ ਛੇ ਅਧਿਆਤਮਿਕ ਵਾਰਾਂ ਦੀ ਰਚਨਾ ਕੀਤੀ। ਇਸ ਤੋਂ ਬਿਨਾਂ ਛੁਨਹੇ, ਪਹਿਰੇ, ਸ਼ਬਦ, ਅਸ਼ਟਪਦੀਆਂ, ਸ਼ਲੋਕ, ਮੁੰਦਾਵਣੀ ਤੇ ਚਉਬੋਲੇ ਆਪ ਦੀਆਂ ਫੁਟਕਲ ਰਚਨਾਵਾਂ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿੱਚੋਂ ਆਪ ਨੇ 30 ਰਾਗਾਂ ਵਿੱਚ ਬਾਣੀ ਰਚੀ ਅਤੇ ਸ਼ਲੋਕ, ਅਸ਼ਟਪਦੀ, ਚੌਪਈ, ਸਵੱਯਾ, ਸੋਰਠਾ, ਸ਼ਬਦ, ਛੰਤ, ਨਿਸ਼ਾਨੀ, ਦੋਹਿਰਾ, ਤਾਟੰਕ, ਤੋਮਰ, ਸਿਰਖੰਡੀ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ। ਉਪਮਾ, ਰੂਪਕ, ਅਨੁਪ੍ਰਾਸ, ਲੋਕੋਕਤੀ, ਯਮਕ, ਵਿਭਾਵਨਾ, ਉਲਾਸ, ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦਾ ਬੜਾ ਕਲਾਮਈ ਪ੍ਰਯੋਗ ਕੀਤਾ ਹੈ। ਗੁਰੂ ਸਾਹਿਬ ਨੇ ਸ਼ਾਂਤ, ਸ਼ਿੰਗਾਰ

ਤੇ ਅਦਭੁਤ ਰਸ ਦੀ ਥਾਂ-ਪੁਰ-ਥਾਂ ਬੜੀ ਸੁਯੋਗ ਵਰਤੋਂ ਕੀਤੀ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਗਿਣਾਤਮਕ ਤੇ ਗੁਣਾਤਮਕ, ਵਿਸ਼ੇਗਤ ਤੇ ਰੂਪਕ, ਰਾਗ ਤੇ ਸੰਗੀਤ, ਮਿਠਾਸ ਤੇ ਰਵਾਨੀ ਆਦਿ ਦਾ ਸਰਵ ਸ਼੍ਰੇਸ਼ਟ ਨਮੂਨਾ ਹੈ। 'ਸੁਖਮਨੀ ਸਾਹਿਬ' ਪ੍ਰਬੰਧ ਕਾਵਿ ਦਾ ਸ਼ਿਖ਼ਰ ਹੈ। 'ਜੈਤਸਰੀ ਦੀ ਵਾਰ' ਵਿੱਚ ਪੂਰਬੀ ਲਹਿੰਦੀ ਤੇ ਕੇਂਦਰੀ ਤਿੰਨੇ ਭਾਸ਼ਾ ਸ਼ੈਲੀਆਂ ਦਾ ਸਫ਼ਲ ਤੇ ਕਲਾਤਮਿਕ ਪ੍ਰਯੋਗ ਹੈ। ਆਪ ਨੇ ਸ਼ੁੱਧ ਤੇ ਠੇਠ ਪੰਜਾਬੀ ਵਿੱਚ ਹੀ ਬਾਣੀ ਰਚਨਾ ਕੀਤੀ ਹੈ ਪਰ ਕਿਤੇ-ਕਿਤੇ ਸਾਧ ਭਾਖਾ, ਪ੍ਰਾਕਿਰਤ, ਸੰਸਕ੍ਰਿਤ, ਬ੍ਰਜੀ ਤੇ ਲਹਿੰਦੀ ਦਾ ਵੀ ਸੁਮੇਲ ਹੈ। ਮਿਠਾਸ, ਰਵਾਨਗੀ ਤੇ ਸੁਚੱਜੀ ਸ਼ਬਦ-ਚੋਣ ਕਾਰਨ ਆਪ ਦੀ ਬਾਣੀ ਸ਼੍ਰੇਸ਼ਟ ਗੁਣਾਂ ਦੀ ਧਾਰਨੀ ਹੈ। ਆਪ ਦੀ ਬਾਣੀ ਦੇ ਕੁਝ ਨਮੂਨੇ ਇਸ ਤਰ੍ਹਾਂ ਹਨ:-

– ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥



Downloaded from https:// www.studiestoday.com

Downloaded from https:// www.studiestoday.com

– ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥

– ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ ॥

– ਗਰੀਬਾ ਉਪਰਿ ਜਿ ਖਿੰਜੈ ਦਾੜੀ ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥

**(ਕ) ਗੁਰੂ ਤੇਗ ਬਹਾਦਰ ਜੀ** (1621 –1675 ਈ.)–

ਗੁਰੂ ਤੇਗ਼ ਬਹਾਦਰ ਜੀ ਨੇ 59 ਪਦੇ (ਸ਼ਬਦ) ਤੇ 57 ਸ਼ਲੋਕਾਂ ਵਿੱਚ ਬਾਣੀ ਰਚਨਾ ਕੀਤੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਦੀ ਬਾਣੀ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਮਦਮਾ ਸਾਹਿਬ ਵਿਖੇ ਸੰਕਲਿਤ ਕਰਵਾਇਆ, ਜੋ ਬਾਅਦ ਵਿੱਚ 'ਦਮਦਮੇ ਵਾਲੀ ਬੀੜ' ਅਖਵਾਈ।

ਆਪ ਦੁਆਰਾ ਰਚਿਤ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਰਾਗਾਂ ਦੇ ਅੰਤਰਗਤ ਸੰਕਲਿਤ ਕੀਤੀ ਗਈ ਹੈ। ਰਾਗ 'ਜੈਜਾਵੰਤੀ' ਵਿੱਚ ਸਿਰਫ਼ ਆਪ ਦੁਆਰਾ ਹੀ ਬਾਣੀ ਰਚਨਾ ਕੀਤੀ ਗਈ। ਆਪ ਦੀ ਬਾਣੀ ਵੈਰਾਗ, ਕਰੁਣਾ ਅਤੇ ਜੀਵਨ ਦੀ ਅਸਮਾਨਤਾ ਦਾ ਪ੍ਰਭਾਵਸ਼ਾਲੀ ਚਿਤਰਨ ਕਰਦੀ ਹੋਈ, ਸੰਸਾਰਿਕ ਪਦਾਰਥਾਂ ਤੇ ਲੋਭ-ਲਾਲਚ ਨੂੰ ਤਿਆਗ ਕੇ, ਪ੍ਰਭੂ ਦੇ ਸੱਚੇ ਮਾਰਗ ਉੱਪਰ ਚੱਲਣ ਦਾ ਸੰਦੇਸ਼ ਦਿੰਦੀ ਹੈ। ਆਪ ਦੀ ਬਾਣੀ ਸ਼ੁੱਧ ਹਿੰਦੀ ਵਿੱਚ ਹੈ, ਪਰ ਉਸ ਉੱਪਰ ਪੰਜਾਬੀ ਦਾ ਪ੍ਰਤੱਖ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ। ਬਾਣੀ ਦਾ ਨਮੂਨਾ ਇਸ ਪ੍ਰਕਾਰ ਹੈ:–

– ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥

– ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥

– ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

**(ਖ) ਗੁਰੂ ਗੋਬਿੰਦ ਸਿੰਘ ਜੀ** (1666 –1708 ਈ.)–

ਗੁਰੂ ਗੋਬਿੰਦ ਸਿੰਘ ਜੀ ਇੱਕ ਮਹਾਨ ਅਧਿਆਤਮਕ ਆਗੂ ਹੋਣ ਦੇ ਨਾਲ-ਨਾਲ ਉੱਤਮ ਦਰਜੇ ਦੇ ਸਾਹਿਤਕਾਰ ਵੀ ਸਨ। ਵਿਦਾਵਾਨਾਂ ਦਾ ਮੰਨਣਾ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੁਆਰਾ ਰਚਿਤ ਗੁਰੂ ਤੇਗ਼ ਬਹਾਦਰ ਜੀ ਦੇ ਨਾਂ ਹੇਠ ਦਰਜ ਸ਼ਲੋਕਾਂ ਵਿੱਚੋਂ ਸ਼ਲੋਕ ਨੰ੦ 54 ਹੈ। ਜੋ ਸ਼ਲੋਕ ਨੰ੦ 53 ਦੇ ਪ੍ਰਤਿਉੱਤਰ ਵਿੱਚ ਰਚਿਆ ਗਿਆ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਤੇ ਇੱਕ ਖ਼ਿਆਲ (ਮਿੱਤਰ ਪਿਆਰੇ ਨੂੰ) ਦੋ ਹੀ ਰਚਨਾਵਾਂ ਪੰਜਾਬੀ ਵਿੱਚ ਰਚੀਆਂ ਗਈਆਂ ਹਨ। ਬਾਕੀ ਸਾਰੀ ਰਚਨਾ ਬ੍ਰਜ ਭਾਸ਼ਾ ਵਿੱਚ ਹੈ, ਜੋ 'ਦਸ਼ਮ ਗ੍ਰੰਥ' ਵਿੱਚ ਦਰਜ ਹੈ।

'ਚੰਡੀ ਦੀ ਵਾਰ' ਸਰਵ-ਸ਼੍ਰੇਸ਼ਟ ਬੀਰ-ਰਸੀ ਵਾਰ ਦਾ ਦਰਜਾ ਰੱਖਦੀ ਹੈ। ਇਸ ਨੂੰ 'ਭਗਉਤੀ ਦੀ ਵਾਰ' ਵੀ ਕਿਹਾ ਜਾਂਦਾ ਹੈ। ਇਸ ਵਾਰ ਦੀ ਕਥਾ ਮਾਰਕੰਡੇਯ ਪੁਰਾਣ ਵਿੱਚ ਦਰਜ ਪੌਰਾਣਿਕ ਕਥਾ 'ਦੁਰਗਾ ਤੇ ਦੈਂਤਾਂ' ਦੀ ਲੜਾਈ ਉੱਪਰ ਆਧਾਰਿਤ ਹੈ। 'ਦੁਰਗਾ' ਨੂੰ ਏਥੇ ਚੰਡੀ ਭਾਵ ਸ਼ਕਤੀ ਦੇ ਪ੍ਰਤੀਕ ਵਜੋਂ



Downloaded from https:// www.studiestoday.com

Downloaded from https:// www.studiestoday.com

ਸਿਰਜ ਕੇ ਬੀਰ-ਰਸੀ ਭਾਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇਸ ਵਾਰ ਦੀਆਂ '55 ਪਉੜੀਆਂ' ਹਨ। 'ਨਿਸ਼ਾਨੀ' ਤੇ 'ਸਿਰਖੰਡੀ' ਛੰਦਾਂ ਦੀ ਸਫ਼ਲ ਵਰਤੋਂ ਕੀਤੀ ਗਈ ਹੈ। ਨਮੂਨਾ ਵੇਖਣ ਯੋਗ ਹੈ:-

ਸੱਟ ਪਈ ਜਮਧਾਣੀ ਦਲਾਂ ਮੁਕਾਬਲਾ॥
ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥
ਚੰਡੀ ਰਾਕਸਿ ਖਾਣੀ ਵਾਹੀ ਦੈਂਤ ਨੂੰ॥
ਕੋਪਰ ਚੂਰ ਚਵਾਣੀ ਲੱਥੀ ਕਰਗ ਲੈ॥
ਪਾਖਰ ਤੁਰਾ ਪਲਾਣੀ ਰੜਕੀ ਧਰਤ ਜਾਇ॥
ਲੈਦੀ ਅਘਾ ਸਿਧਾਣੀ ਸਿੰਗਾਂ ਧਉਲ ਦਿਆਂ॥
ਕੂਰਮ ਸਿਰ ਲਹਿਲਾਣੀ ਦੁਸਮਨ ਮਾਰਿ ਕੈ॥

ਇਸ ਵਾਰ ਤੋਂ ਬਿਨਾਂ 'ਖ਼ਿਆਲ' ਰੂਪ ਵਿੱਚ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵਾਲਾ ਸ਼ਬਦ ਵੀ ਗੁਰੂ ਸਾਹਿਬ ਦੀ ਪੰਜਾਬੀ ਰਚਨਾ ਦਾ ਸ਼੍ਰੇਸ਼ਟ ਨਮੂਨਾ ਹੈ, ਜਿਵੇਂ:-

ਮਿੱਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥

ਆਪ ਦੁਆਰਾ ਰਚਿਤ ਬਹੁਤੀ ਬਾਣੀ ਬ੍ਰਜ ਭਾਸ਼ਾ ਵਿੱਚ ਹੈ, ਜੋ 'ਦਸ਼ਮ ਗ੍ਰੰਥ' ਵਿੱਚ ਦਰਜ ਹੈ। ਇਸ ਵਿੱਚ ਸ਼ਾਮਿਲ ਪ੍ਰਮੁੱਖ ਬਾਣੀਆਂ ਇਸ ਤਰ੍ਹਾਂ ਹਨ:-

1. ਜਾਪੁ , 2. ਅਕਾਲ ਉਸਤਤਿ, 3. ਬਚਿਤ੍ਰ ਨਾਟਕ, 4. ਚੰਡੀ ਚਰਿਤ੍ਰ (ਉਕਤੀ ਵਿਲਾਸ), 5. ਚੰਡੀ ਚਰਿਤ੍ਰ-ਦੂਜਾ, 6. ਵਾਰ ਸ਼੍ਰੀ ਭਗਉਤੀ ਜੀ ਕੀ, 7. ਗਿਆਨ ਪ੍ਰਬੋਧ, 8. ਚੌਬੀਸ ਅਵਤਾਰ, 9. ਸਵੈਯਾ, 10. ਖਾਲਸਾ ਮਹਿਮਾ, 11. ਚਰਿਤ੍ਰੋਪਾਖਿਆਨ, 12. ਸ਼ਸਤਰਨਾਮ ਮਾਲਾ ਅਤੇ 13. ਜ਼ਫ਼ਰਨਾਮਾ।

'ਜਾਪੁ ਸਾਹਿਬ' ਦਸ਼ਮ ਗ੍ਰੰਥ ਦੇ ਆਰੰਭ ਵਿੱਚ ਦਰਜ ਬਾਣੀ ਹੈ। ਇਸ ਦੇ ਕੁੱਲ 199 ਬੰਦ ਹਨ ਅਤੇ 22 ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਹ ਬਾਣੀ ਪ੍ਰਮਾਤਮਾ ਦੀ ਸਿਫ਼ਤ ਕਰਦੀ ਹੈ। ਇਸ ਵਿੱਚ ਪ੍ਰਮਾਤਮਾ ਨੂੰ 735 ਵਿਸ਼ੇਸ਼ ਜਾਂ ਕਰਮ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ।

'ਅਕਾਲ ਉਸਤਤਿ' ਜਾਪੁ ਸਾਹਿਬ ਵਰਗੀ ਹੀ ਬਾਣੀ ਹੈ। ਇਸ ਵਿੱਚ ਅਕਾਲ ਪੁਰਖ ਤੇ ਉਸ ਵੱਲੋਂ ਪੈਦਾ ਕੀਤੇ ਗਏ ਸ੍ਰਿਸ਼ਟੀ ਦੇ ਪਸਾਰੇ ਦੀ ਮਹਿਮਾ ਕੀਤੀ ਗਈ ਹੈ। ਇਸ ਵਿੱਚ 171 ਛੰਦ ਹਨ ਅਤੇ ਅੰਤ ਵਿੱਚ ਅੱਧਾ ਛੰਦ ਹੈ। ਇਸ ਬਾਣੀ ਵਿੱਚ ਬ੍ਰਜ ਭਾਸ਼ਾ ਦੇ ਨਾਲ-ਨਾਲ ਪੂਰਬੀ ਹਿੰਦੀ ਦਾ ਵੀ ਪ੍ਰਯੋਗ ਹੈ। 'ਤ੍ਵਪ੍ਰਸਾਦਿ ਸਵੱਯੇ' ਵੀ ਇਸ ਬਾਣੀ ਵਿੱਚ ਹੀ ਆਉਂਦੇ ਹਨ, ਜਿਨ੍ਹਾਂ ਦੀ ਗਿਣਤੀ 10 ਹੈ। ਇਨ੍ਹਾਂ ਨੂੰ ਨਿੱਤਨੇਮ ਵਿੱਚ ਸ਼ਾਮਿਲ ਹੋਣ ਕਾਰਨ 'ਸੁਧਾ ਸਵੱਈਏ' ਵੀ ਆਖਿਆ ਜਾਂਦਾ ਹੈ। ਇਸ ਤੋਂ ਬਿਨਾਂ ਗੁਰੂ ਸਾਹਿਬ ਦੀ ਅਰਦਾਸ ਰੂਪ ਵਿੱਚ ਰਚੀ ਬਾਣੀ 'ਚੌਪਈ ਸਾਹਿਬ' ਵੀ ਇਸ ਵਿੱਚ ਦਰਜ ਹੈ। ਜੋ ਸਿੱਖ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਦੇ ਨਿੱਤਨੇਮ ਅਤੇ ਰਹਿਰਾਸ ਸਾਹਿਬ ਵਿੱਚ ਵੀ ਸ਼ਾਮਿਲ ਹੈ। ਚੌਪਈ ਸਾਹਿਬ ਵਿੱਚ 25 ਚੌਪਈਆਂ ਸੰਕਲਿਤ ਕੀਤੀਆਂ ਗਈਆਂ ਹਨ, ਜੋ ਪਰਮਾਤਮਾ ਨੂੰ ਸ੍ਰਿਸ਼ਟੀ ਦੇ ਪਸਾਰੇ ਦਾ ਮੂਲ, ਵਿਸਤਾਰ ਅਤੇ ਕਰਣਾਧਾਰ ਸਿੱਧ ਕਰਦੇ ਹਨ।

'ਬਚਿੱਤਰ ਨਾਟਕ' ਦਸ਼ਮ ਗ੍ਰੰਥ ਦੀ ਇੱਕ ਵੱਡ-ਆਕਾਰੀ ਬਿਰਤਾਂਤਕ ਰਚਨਾ ਹੈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਬਲੇ ਜਨਮ ਦੀ ਕਥਾ ਨੂੰ 'ਆਤਮ-ਕਥਾ' ਰੂਪ ਵਿੱਚ ਕਾਵਿ-ਬੱਧ ਕੀਤਾ ਗਿਆ ਹੈ। ਇਹ ਰਚਨਾ 14 ਅਧਿਆਇਆਂ ਵਿੱਚ ਵੰਡੀ ਹੋਈ ਹੈ ਅਤੇ ਇਸ ਵਿੱਚ 471 ਛੰਦ ਹਨ ਤੇ ਭਾਸ਼ਾ ਬ੍ਰਜ ਹੈ, ਇਸਦਾ ਘਟਨਾ ਕਾਲ 1696-97 ਤੱਕ ਪਹੁੰਚਦਾ ਹੈ। ਇਸ ਵਿੱਚ ਗੁਰੂ ਸਾਹਿਬ ਦੇ ਜੀਵਨ



Downloaded from https:// www.studiestoday.com

Downloaded from https:// www.studiestoday.com

ਦੇ ਪਹਿਲੇ 30 ਵਰ੍ਹਿਆਂ ਦਾ ਵਰਣਨ ਕੀਤਾ ਹੋਇਆ ਮਿਲਦਾ ਹੈ। ਚੰਡੀ ਚਰਿਤ੍ਰ, ਚੌਬੀਸ ਅਵਤਾਰ ਅਤੇ ਬ੍ਰਹਮਾ-ਰੁਦ੍ਰ ਅਵਤਾਰ ਦੇ ਪ੍ਰਸੰਗ ਵੀ ਇਸ ਰਚਨਾ ਵਿੱਚ ਸ਼ਾਮਿਲ ਹਨ।

'ਚੰਡੀ ਚਰਿਤ੍ਰ ਉਕਤੀ ਬਿਲਾਸ' ਅਤੇ 'ਵਾਰ ਦੁਰਗਾ ਕੀ' ਦੋ ਹੋਰ ਪ੍ਰਸਿੱਧ ਬਾਣੀਆਂ ਹਨ। 'ਚੰਡੀ ਚਰਿਤ੍ਰ' ਸੰਸਕ੍ਰਿਤ ਦੀ ਪ੍ਰਸਿੱਧ ਰਚਨਾ 'ਦੁਰਗਾ ਸ਼ਪਤਸ਼ਤੀ' ਦਾ ਖੁੱਲ੍ਹਾ ਕਾਵਿ ਅਨੁਵਾਦ ਹੈ, ਜੋ 'ਮਾਰਕੰਡੇ ਪੁਰਾਣ' ਦੇ 81-94 ਅਧਿਆਵਾਂ ਵਿੱਚ ਅੰਕਿਤ ਹੈ। ਇਸ ਵਿੱਚ ਦੇਵੀ ਦੁਰਗਾ ਦੀ ਕਥਾ ਦਾ ਬਿਆਨ ਹੈ। ਇਸ ਕਥਾ ਦੇ 700 ਸ਼ਲੋਕ ਹਨ, ਜੋ 8 ਅਧਿਆਵਾਂ ਤੇ 233 ਬੰਦਾਂ ਰਾਹੀਂ ਬਿਆਨ ਕੀਤੇ ਗਏ ਹਨ।

'ਸ਼ਬਦ ਤੇ ਸਵੱਯੈ' ਵਿੱਚ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਉਸਤਤ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ ਹੈ। 'ਜ਼ਫ਼ਰਨਾਮਾ' ਆਪ ਦੀ ਪ੍ਰਸਿੱਧ ਫ਼ਾਰਸੀ ਰਚਨਾ ਹੈ। ਜੋ ਔਰੰਗਜ਼ੇਬ ਦੀ ਸ਼ਾਹੀ ਚਿੱਠੀ ਦੇ ਉੱਤਰ ਵਿੱਚ ਲਿਖੀ ਗਈ ਹੈ। ਇਸ ਵਿੱਚ ਬੀਰਤਾ, ਨਿਡਰਤਾ ਅਤੇ ਸਵੈ-ਵਿਸ਼ਵਾਸ਼ ਦੇ ਨਾਲ ਔਰੰਗਜ਼ੇਬ ਨੂੰ ਲਾਹਨਤਾਂ ਪਾਈਆਂ ਗਈਆਂ ਹਨ। 'ਦਸ਼ਮ ਗ੍ਰੰਥ' ਵਿੱਚ ਦਰਜ ਆਪ ਦੀ ਸਮੁੱਚੀ ਬਾਣੀ ਆਪ ਦੀ ਸ੍ਰੇਸ਼ਟ ਕਾਵਿ-ਪ੍ਰਤਿਭਾ ਤੇ ਸ਼ਖ਼ਸੀਅਤ ਵਿੱਚ ਵਿਦਮਾਨ ਗੁਣਾਂ ਨੂੰ ਸਾਕਾਰ ਕਰਦੀ ਹੈ। 'ਦਸ਼ਮ ਗ੍ਰੰਥ' ਵਿੱਚ ਦਰਜ ਬਾਣੀ ਦੇ ਕੁਝ ਚੋਣਵੇਂ ਨਮੂਨੇ ਇਸ ਤਰ੍ਹਾਂ ਹਨ:-

- ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
  ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥
  (ਜਾਪੁ ਸਾਹਿਬ)

- ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥
  ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ॥
  (ਤਵੈ-ਪ੍ਰਸਾਦਿ ਸਵੱਯੇ)

- ਹਮਰੀ ਕਰੋ ਹਾਥ ਦੈ ਰੱਛਾ॥
  ਪੂਰਨ ਹੋਇ ਚਿੱਤ ਕੀ ਇੱਛਾ॥
  (ਚੌਪਈ ਸਾਹਿਬ)

- ਹਮ ਇਹ ਕਾਜ ਜਗਤ ਮੋ ਆਏ॥
  ਧਰਮ ਹੇਤ ਗੁਰਦੇਵ ਪਠਾਏ॥
  ਜਹਾਂ ਤਹਾਂ ਤੁਮ ਧਰਮ ਬਿਥਾਰੋ॥
  ਦੁਸਟ ਦੋਖੀਅਨਿ ਪਕਰਿ ਪਛਾਰੋ॥
  (ਬਚਿਤ੍ਰ ਨਾਟਕ)

- ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥
  ਅਵਰ ਵਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥

**(ਗ) ਗੁਰਮਤਿ ਕਾਵਿ ਧਾਰਾ ਦੇ ਕੁਝ ਹੋਰ ਕਵੀ:**

ਗੁਰਮਤਿ ਕਾਵਿ ਧਾਰਾ ਇਸ ਕਾਲ ਦੀ ਸਭ ਤੋਂ ਪ੍ਰਮੁੱਖ ਕਾਵਿ ਧਾਰਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ (ਆਦਿ ਗ੍ਰੰਥ) ਦਾ ਸੰਪਾਦਨ ਇਸ ਕਾਵਿ ਧਾਰਾ ਨੂੰ ਇਸ ਕਾਲ ਦੀ ਮੋਢੀ ਕਾਵਿ ਧਾਰਾ ਬਣਾਉਂਦਾ ਹੈ। ਇਸ ਲਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ 36 ਮਹਾਂਪੁਰਖਾਂ (06 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 04 ਗੁਰਸਿੱਖ) ਦੀ ਬਾਣੀ ਗੁਰਮਤਿ ਕਾਵਿ ਧਾਰਾ ਦੇ ਅਧੀਨ ਵਿਚਾਰੀ ਜਾਂਦੀ ਹੈ। ਇਸ ਕੜੀ ਅੰਦਰ ਅਸੀਂ 06 ਗੁਰੂ ਸਾਹਿਬਾਨਾਂ ਤੋਂ ਬਾਅਦ 15 ਭਗਤਾਂ, 11 ਭੱਟਾਂ ਅਤੇ 04 ਗੁਰਸਿੱਖਾਂ ਦੀ ਬਾਣੀ ਸੰਬੰਧੀ ਸੰਖੇਪ ਚਰਚਾ ਇਸ ਬਿੰਦੂ ਅਧੀਨ ਕਰਾਂਗੇ-



Downloaded from https:// www.studiestoday.com

Downloaded from https:// www.studiestoday.com

**(1) ਭਗਤਾਂ ਦੀ ਬਾਣੀ–**

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਭਗਤਾਂ ਦੀ ਬਾਣੀ ਸੰਕਲਿਤ ਕੀਤੀ ਗਈ ਹੈ, ਜੋ ਕੁੱਲ 31 ਰਾਗਾਂ ਵਿੱਚੋਂ 22 ਰਾਗਾਂ ਅਧੀਨ ਅੰਕਿਤ ਹੈ। ਭਗਤਾਂ ਦੇ ਸਾਰੇ ਸ਼ਬਦ 349 ਹਨ ਅਤੇ ਇਸ ਵਿੱਚ 3 ਸ਼ਬਦ ਗੁਰੂ ਅਰਜਨ ਦੇਵ ਜੀ ਦੇ ਭੀ ਹਨ, ਜਿਹਨਾਂ ਦਾ ਕੁੱਲ ਜੋੜ 352 ਬਣਦਾ ਹੈ। ਭਗਤ-ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ:-

**(ੳ) ਸ਼ਬਦ ਵੇਰਵਾ–**

| | |
|---|---|
| 1. ਕਬੀਰ ਜੀ– | 224 |
| 2. ਨਾਮਦੇਵ ਜੀ– | 61 |
| 3. ਰਵਿਦਾਸ ਜੀ– | 40 |
| 4. ਤ੍ਰਿਲੋਚਨ ਜੀ– | 04 |
| 5. ਫ਼ਰੀਦ ਜੀ– | 04 |
| 6. ਬੈਣੀ ਜੀ– | 03 |
| 7. ਧੰਨਾ ਜੀ– | 03 |
| 8. ਜੈਦੇਵ ਜੀ– | 02 |
| 9. ਭੀਖਨ ਜੀ– | 02 |
| 10. ਸੂਰਦਾਸ ਜੀ– | 01 (ਸਿਰਫ਼ ਤੁਕ) |
| 11. ਪਰਮਾਨੰਦ ਜੀ– | 01 |
| 12. ਸੈਣ ਜੀ– | 01 |
| 13. ਪੀਪਾ ਜੀ– | 01 |
| 14. ਸਧਨਾ ਜੀ– | 01 |
| 15. ਰਾਮਾਨੰਦ ਜੀ– | 01 |
| 16. ਗੁਰੂ ਅਰਜਨ ਦੇਵ ਜੀ– | 03 |
| ਕੁੱਲ ਜੋੜ– | 352 |

**(ਅ) ਸ਼ਲੋਕ ਵੇਰਵਾ–**

1. ਕਬੀਰ ਜੀ– 243 (ਕੁਝ ਗੁਰੂ ਸਾਹਿਬਾਨਾਂ ਦੇ ਵੀ)
2. ਫ਼ਰੀਦ ਜੀ– 130 (18 ਸ਼ਲੋਕ ਗੁਰੂ ਸਾਹਿਬਾਨਾਂ ਦੇ ਵੀ ਸ਼ਾਮਿਲ)

ਭਗਤ ਕਬੀਰ ਜੀ ਦੀਆਂ ਗਉੜੀ ਰਾਗ ਵਿੱਚ ਤਿੰਨ ਬਾਣੀਆਂ-ਬਾਵਨ ਅੱਖਰੀ, ਪੰਦ੍ਹ ਥਿਤੀ ਅਤੇ ਸਤ ਵਾਰ ਮਿਲਦੀਆਂ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਈਆਂ ਵਾਰਾਂ ਦੇ ਨਾਲ ਵੀ 4 ਸ਼ਲੋਕ ਆਏ ਹਨ।

ਭਗਤ ਬਾਣੀ ਦੇ ਨਮੂਨੇ ਇਸ ਪ੍ਰਕਾਰ ਹਨ:-

– ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥
(ਭਗਤ ਕਬੀਰ)

– ਹਿੰਦੂ ਅੰਨ੍ਹਾ ਤੁਰਕੂ ਕਾਣਾ॥
ਦੁਹਾਂ ਤੇ ਗਿਆਨੀ ਸਿਆਣਾ॥
(ਭਗਤ ਨਾਮਦੇਵ)



Downloaded from https:// www.studiestoday.com

Downloaded from https:// www.studiestoday.com

– ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥
(ਭਗਤ ਰਵਿਦਾਸ)

– ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ॥
ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ॥
(ਭਗਤ ਜੈ ਦੇਵ)

– ਗੋਪਾਲ ਤੇਰਾ ਆਰਤਾ॥
ਜੋ ਜਨ ਤੁਮਰੀ ਭਗਤਿ ਕਰੰਤੇ
ਤਿਨ ਕੇ ਕਾਜ ਸਵਾਰਤਾ॥
(ਭਗਤ ਧੰਨਾ)

**(2) ਭੱਟਾਂ ਦੀ ਬਾਣੀ–**

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 11 ਭੱਟ ਕਵੀਆਂ– ਕਲ੍ਹਸਹਾਰ, ਜਾਲਪ, ਕੀਰਤ, ਭਿਖਾ, ਸਲ੍ਹ, ਭਲ੍ਹ, ਨਲ੍ਹ, ਬਲ੍ਹ, ਗਯੰਦ, ਮਥੁਰਾ ਅਤੇ ਹਰਬੰਸ ਜੀ ਦੇ 123 ਸਵੱਈਏ ਸੰਕਲਿਤ ਹਨ, ਜੋ 21 ਪੰਨਿਆਂ (1389–1409 ਤੱਕ) ਉੱਪਰ ਦਰਜ ਹਨ। ਇਨ੍ਹਾਂ ਨੂੰ ਪੰਜ ਸਿਰਲੇਖਾਂ ਅਧੀਨ ਦਰਜ ਕੀਤਾ ਗਿਆ ਹੈ:–

1. ਸਵੱਈਏ ਮਹਲੇ ਪਹਿਲੇ ਕੇ।
2. ਸਵੱਈਏ ਮਹਲੇ ਦੂਜੇ ਕੇ।
3. ਸਵੱਈਏ ਮਹਲੇ ਤੀਜੇ ਕੇ।
4. ਸਵੱਈਏ ਮਹਲੇ ਚੌਥੇ ਕੇ।
5. ਸਵੱਈਏ ਮਹਲੇ ਪੰਜਵੇਂ ਕੇ।

ਇਨ੍ਹਾਂ ਭੱਟ ਕਵੀਆਂ ਨੇ ਕਈ ਛੰਦਾਂ–ਸਵੱਯਾ, ਸੋਰਠਾ, ਚੌਪਈ, ਕੁੰਡਲੀ, ਦੋਹਰਾ, ਰਡ, ਝੋਲਣਾ, ਛਪੈ ਆਦਿ ਵਰਤੇ ਹਨ। ਵਿਦਵਾਨਾਂ ਅਨੁਸਾਰ ਇਹ ਭੱਟ ਕਵੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਬਾਹਰੋਂ ਆਏ ਜਗਿਆਸੂ ਸਨ, ਜਿਨ੍ਹਾਂ ਨੇ ਸਿੱਖ ਧਰਮ ਨੂੰ ਅਪਣਾ ਕੇ ਉਸਦੀ ਪ੍ਰਸੰਸਾ ਆਪਣੀ ਰਚਨਾ ਰਾਹੀਂ ਪੇਸ਼ ਕੀਤੀ। ਭੱਟਾਂ ਦੇ ਸਵੱਈਏ ਸਤੋਤਰ ਕਾਵਿ ਦੀ ਵੰਨਗੀ ਹੈ, ਜੋ ਗੁਰੂਆਂ ਦੀ ਪ੍ਰਸੰਸਾਂ ਦੇ ਨਾਲ–ਨਾਲ ਦਾਰਸ਼ਨਿਕ ਵਿਚਾਰਾਂ ਤੇ ਭਾਸ਼ਾਈ ਨਿਪੁੰਨਤਾ ਪੱਖੋਂ ਵੀ ਵਰਣਨ ਯੋਗ ਹਨ। ਭੱਟ ਕਵੀਆਂ ਦਾ ਨਮੂਨਾ ਵੇਖਣਯੋਗ ਹੈ:–

– ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥
ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥
(ਪੰਨਾ 1392)

– ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥
(ਪੰਨਾ 1395)

– ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥



Downloaded from https:// www.studiestoday.com

Downloaded from https:// www.studiestoday.com

ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥
(ਭੱਟ ਮਥਰਾ ਜੀ)

(3) **ਗੁਰਸਿੱਖਾਂ ਦੀ ਬਾਣੀ–**

ਗੁਰਸਿੱਖਾਂ ਦੀ ਬਾਣੀ ਅਧੀਨ 04 ਗੁਰਸਿੱਖਾਂ, ਜੋ ਗੁਰੂ ਘਰ ਦੇ ਨਿਕਟਵਰਤੀ ਸਨ, ਦੀ ਬਾਣੀ ਵਿਚਾਰੀ ਜਾਂਦੀ ਹੈ। ਇਸ ਵਿੱਚ ਭਾਈ ਮਰਦਾਨਾ ਜੀ, ਬਾਬਾ ਸੁੰਦਰ ਜੀ, ਰਾਇ ਬਲਵੰਡ ਤੇ ਸੱਤਾ ਰਬਾਬੀ ਆਉਂਦੇ ਹਨ।

**1. ਭਾਈ ਮਰਦਾਨਾ ਜੀ–**

ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਮਿੱਤਰ ਅਤੇ ਅਨਿੰਨ ਸਿੱਖ ਸਨ। ਗੁਰੂ ਸਾਹਿਬ ਦੀਆਂ ਉਦਾਸੀਆਂ ਦੇ ਦੌਰਾਨ ਉਹ ਉਨ੍ਹਾਂ ਦੇ ਅੰਗ-ਸੰਗ ਰਹੇ ਅਤੇ ਗੁਰਬਾਣੀ ਉਚਾਰਨ ਸਮੇਂ ਆਪਣੀਆਂ ਰਬਾਬ ਦੀਆਂ ਧੁਨਾਂ ਨਾਲ ਅਲੌਕਿਕ ਵਾਤਾਵਰਨ ਵੀ ਸਿਰਜ ਦਿੰਦੇ ਸਨ। 'ਬਿਹਾਗੜੇ ਦੀ ਵਾਰ' ਵਿੱਚ ਪਉੜੀ (12) ਦੇ ਨਾਲ ਭਾਈ ਮਰਦਾਨਾ ਜੀ ਦੇ ਸ਼ਲੋਕ ਅੰਕਿਤ ਹੋਣ ਬਾਰੇ ਵਿਦਵਾਨਾਂ ਵੱਲੋਂ ਆਪਣਾ ਮੱਤ ਪ੍ਰਗਟ ਕੀਤਾ ਜਾਂਦਾ ਹੈ, ਜੋ ਇਸ ਤਰ੍ਹਾਂ ਹੈ –

**ਸ਼ਲੋਕ ਮਰਦਾਨਾ ੧**

ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥
ਅਤੇ

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥

ਇਨ੍ਹਾਂ ਤੁਕਾਂ ਵਿੱਚ 'ਨਾਨਕਾ' ਦਾ ਪ੍ਰਯੋਗ ਹੋਇਆ ਹੈ, ਸੋ ਇਸ ਕਾਰਨ ਵਿਦਵਾਨਾਂ ਦਾ ਮਤਿ ਹੈ ਕਿ ਇਨ੍ਹਾਂ ਦੀ ਰਚਨਾ ਗੁਰੂ ਨਾਨਕ ਦੇਵ ਜੀ ਨੇ ਹੀ ਕੀਤੀ ਹੋਵੇਗੀ।

**2. ਬਾਬਾ ਸੁੰਦਰ ਜੀ–**

ਬਾਬਾ ਸੁੰਦਰ ਜੀ ਤੀਜੇ ਗੁਰੂ ਅਮਰਦਾਸ ਜੀ ਦੇ ਪੜਪੋਤੇ ਸਨ। ਉਨ੍ਹਾਂ ਦੀ ਇਕੋ ਇੱਕ ਰਚਨਾ 'ਸਦੁ' ਦੇ ਰੂਪ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੈ। ਇਸ ਬਾਣੀ ਦੀਆਂ 6 ਪਉੜੀਆਂ ਹਨ। 'ਸੱਦ' ਤੋਂ ਭਾਵ ਹੈ- ਪ੍ਰਭੂ ਵੱਲੋਂ ਬੁਲਾਵਾ। ਇਹ ਰਚਨਾ ਪ੍ਰਾਣੀ ਦੀ ਮ੍ਰਿਤੂ ਦੇ ਮੌਕੇ ਤੇ ਉਚਾਰੀ ਜਾਂਦੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਇਸ ਲੋਕ ਕਾਵਿ ਰੂਪ 'ਸੱਦ' ਰਾਹੀਂ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਪ੍ਰਗਟ ਕੀਤਾ ਗਿਆ ਹੈ। 'ਸੱਦ' ਉਹ ਲੋਕ ਕਾਵਿ ਰੂਪ ਹੈ, ਜਿਸ ਵਿੱਚ ਵਿਛੜੇ ਹੋਏ ਪਿਆਰੇ ਦੀ ਯਾਦ ਵਿੱਚ ਸੋਗੀ ਹੇਕਾਂ ਲਾਈਆਂ ਜਾਂਦੀਆਂ ਹਨ। ਇਹ ਰਚਨਾ ਰਾਮਕਲੀ ਰਾਗ ਅੰਦਰ ਦਰਜ ਹੈ। ਇਸ ਬਾਣੀ ਦਾ ਨਮੂਨਾ ਇਸ ਤਰ੍ਹਾਂ ਹੈ:-

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥
ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥
ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥



Downloaded from https:// www.studiestoday.com

Downloaded from https:// www.studiestoday.com

ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰ ਜਾਇ ਹਰਿ ਪ੍ਰਭ ਪਾਸਿ ਜੀਉ ॥

**3. ਰਾਇ ਬਲਵੰਡ ਤੇ ਸੱਤਾ ਰਬਾਬੀ–**

ਸੱਤਾ ਤੇ ਬਲਵੰਡ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਡੂਮ/ਮਰਾਸੀ ਸਨ। ਇਨ੍ਹਾਂ ਦੋਹਾਂ ਦੇ ਨਾਂ ਨਾਲ ਸੰਬੰਧਿਤ 'ਰਾਮਕਲੀ ਰਾਗ' ਵਿੱਚ ਰਚਿਤ 'ਵਾਰ ਰਾਇ ਬਲਵੰਡ ਤਥਾ ਸਤੈ ਡੂੰਮਿ ਆਖੀ' ਇਕ ਮਾਫ਼ੀਨਾਮੇ ਦੇ ਰੂਪ ਵਿੱਚ ਉਚਰਿਤ ਹੈ। ਇਸ ਦੀਆਂ ਕੁੱਲ 8 ਪਉੜੀਆਂ ਹਨ, ਜਿਨ੍ਹਾਂ ਵਿਚੋਂ ਪਹਿਲੀਆਂ ਤਿੰਨ ਬਲਵੰਡ ਅਤੇ ਅਖੀਰਲੀਆਂ ਪੰਜ ਸੱਤੇ ਦੁਆਰਾ ਰਚੀਆਂ ਗਈਆਂ ਹਨ। ਇਸ ਵਾਰ ਵਿੱਚ ਗੁਰੂ ਵਿਅਕਤੀਆਂ ਦੀ ਉਸਤਤ ਤੇ ਹੋਰ ਸੰਸਥਾਗਤ ਮਸਲਿਆਂ ਜਿਵੇ ਸੁਯੋਗ ਉਤਰਾਧਿਕਾਰੀ ਦੀ ਚੋਣ ਆਦਿ ਬਾਰੇ ਇਤਿਹਾਸਕ ਪ੍ਰਮਾਣ ਮਿਲਦੇ ਹਨ। ਇਸ ਵਿੱਚ ਗੁਰੂਆਂ ਲਈ ਪਹਿਲੀ ਵਾਰੀ 'ਸੱਚੇ ਪਾਤਸ਼ਾਹ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜੋ ਉਸ ਸਮੇ ਗੁਰੂ ਘਰ ਦੇ ਪ੍ਰਭਾਵ ਦੀ ਦੱਸ ਪਾਉਂਦਾ ਹੈ। ਇਸ ਵਾਰ ਵਿਚਲੀਆਂ ਕੁੱਝ ਪੰਗਤੀਆਂ ਵੇਖਣ ਯੋਗ ਹਨ:–

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥

**(ਘ) ਭਾਈ ਗੁਰਦਾਸ (ਅਨੁਮਾਨਿਤ 1543–1637 ਈ.)**

ਭਾਈ ਗੁਰਦਾਸ ਜੀ ਨੂੰ ਗੁਰੂ ਘਰ ਦੇ 'ਵੇਦ–ਵਿਆਸ' ਤੇ ਸਿੱਖੀ ਦੇ ਪਹਿਲੇ ਵਿਆਖਿਆਕਾਰ ਹੋਣ ਦਾ ਮਾਣ ਹਾਸਿਲ ਹੈ। ਆਪ ਜੀ ਤੀਜੇ ਗੁਰੂ ਅਮਰਦਾਸ ਜੀ ਤੋ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਗੁਰੂ–ਘਰ ਦੀ ਸੇਵਾ ਕਰਦੇ ਰਹੇ ਹਨ। ਆਦਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਵੇਲੇ ਲਿਖਾਰੀ ਦਾ ਕਾਰਜ ਆਪ ਦੁਆਰਾ ਕੀਤਾ ਗਿਆ ਸੀ।

ਭਾਈ ਕੇਸਰ ਸਿੰਘ ਛਿੱਬਰ ਅਨੁਸਾਰ, ਭਾਈ ਗੁਰਦਾਸ ਦਾ ਜਨਮ ਗੁਰੂ ਅਮਰਦਾਸ ਜੀ ਦੇ ਚਾਚੇ ਦੇ ਪੁੱਤਰ ਈਸ਼ਰਦਾਸ ਦੇ ਘਰ ਪਿੰਡ ਗਿੱਲਵਾਲੀ ਵਿੱਚ ਹੋਇਆ। ਆਪ ਦੀਆਂ ਜਨਮ ਨਾਲ ਸੰਬੰਧਿਤ ਮਿਤੀਆਂ ਬਾਬਤ ਵਿਦਵਾਨਾਂ ਦੇ ਵੱਖ–ਵੱਖ ਅਨੁਮਾਨ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ ਆਪ ਦਾ ਜੀਵਨ ਕਾਲ 1543 ਈ. ਤੋ 1637 ਈ. ਮੰਨਦੇ ਹਨ।

ਭਾਈ ਗੁਰਦਾਸ ਜੀ ਨੇ ਪੰਜਾਬੀ ਅਤੇ ਬ੍ਰਜ ਦੋਵਾਂ ਭਾਸ਼ਾਵਾਂ ਵਿੱਚ ਸਾਹਿਤ ਰਚਨਾ ਕੀਤੀ। ਪੰਜਾਬੀ ਵਿੱਚ ਆਪ ਨੇ 39 ਵਾਰਾਂ ਅਤੇ ਬ੍ਰਜ ਭਾਸ਼ਾ ਵਿੱਚ ਕੁੱਲ 675 ਕਾਵਿ–ਬੰਦਾਂ(ਜਿਨ੍ਹਾਂ ਵਿੱਚ 648 ਕਬਿੱਤ, 3 ਸਵੱਈਏ, 8 ਦੋਹਰੇ, 8 ਸੋਰਠੇ ਅਤੇ 8 ਛੰਤ ਸ਼ਾਮਿਲ ਹੈ) ਦੀ ਰਚਨਾ ਕੀਤੀ।

ਭਾਈ ਗੁਰਦਾਸ ਜੀ ਮੁੱਢਲੇ ਤੋਰ ਤੇ ਵਾਰਕਾਰ ਹਨ। 'ਪਾਉੜੀ' ਛੰਦ ਵਿੱਚ ਰਚੀਆਂ ਉਨ੍ਹਾਂ ਦੀਆਂ ਵਾਰਾਂ ਵਿੱਚ ਦੋ ਪ੍ਰਵਿਰਤੀਆਂ ਪ੍ਰਤੱਖ ਹੁੰਦੀਆਂ ਹਨ–ਜੀਵਨੀਂ ਮੂਲਕ ਵੇਰਵੇ ਅਤੇ ਵਿਚਾਰਧਾਰਾ ਤੇ ਸਿਧਾਂਤ ਦੀ ਵਿਆਖਿਆਂ ਦੋਵਾਂ ਪ੍ਰਵਿਰਤੀਆਂ ਨੂੰ ਸਿੱਖ ਧਰਮ ਦੀ ਵਿਲੱਖਣਤਾ ਦੇ ਪ੍ਰਭਾਵ ਅਧੀਨ ਹੀ ਸਿਰਜੀਆ ਗਿਆ ਹੈ। ਭਾਈ ਸਾਹਿਬ ਨੇ ਪਹਿਲੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਸਮਕਾਲੀ ਸਥਿਤੀ ਦੇ ਪ੍ਰਸੰਗ ਵਿੱਚ ਰੱਖ ਕੇ ਪੁੱਤਰ–ਸਿਰਜਿਤ ਕੀਤਾ ਹੈ–

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ॥

ਇਸੇ ਤਰ੍ਹਾਂ ਭਾਈ ਸਾਹਿਬ ਦੀਆਂ ਹੋਰ ਵਾਰਾਂ ਜਿਵੇਂ:– ਵਾਰ–2, ਵਿੱਚ ਵਾਹਿਗੁਰੂ ਦੀ ਸਰਬ ਵਿਆਪਕਤਾ ਨੂੰ ਦਰਸਾਇਆ ਗਿਆ ਹੈ। ਵਾਰ–3, ਵਿੱਚ ਗੁਰਮੁਖ ਤੇ ਗੁਰਸਿੱਖ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਹੈ। ਵਾਰ–4 ਵਿੱਚ ਨਿਮਰਤਾ ਨੂੰ ਪ੍ਰਧਾਨ ਮਨੁੱਖੀ ਗੁਣ ਦੱਸ ਕੇ ਅਲੰਕਾਰਿਕ ਵਿਸ਼ਲੇਸ਼ਣ ਕੀਤਾ ਗਿਆ ਹੈ। ਵਾਰ–5, 6 ਤੇ 9ਵੀਂ ਵਿੱਚ ਗੁਰਮੁਖਾਂ ਦੇ ਹੋਰ ਲੱਛਣਾਂ ਦਾ ਬਿਆਨ ਹੈ। ਵਾਰ–10ਵੀਂ ਵਿੱਚ ਵੱਖ–ਵੱਖ ਭਗਤਾਂ ਦੇ ਜੀਵਨ–ਬਿਰਤਾਂਤਾ ਨੂੰ ਸੰਖੇਪ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ। 11ਵੀਂ ਵਾਰ ਵਿੱਚ ਵਿੱਚ ਪ੍ਰਸਿੱਧ ਸਿੱਖਾਂ ਦਾ ਜ਼ਿਕਰ ਹੈ। ਵਾਰ–15ਵੀਂ ਵਿੱਚ ਨੀਵੀਂ ਕੁੱਲ ਨਾਲ ਸੰਬੰਧਿਤ ਭਗਤਾਂ



Downloaded from https:// www.studiestoday.com

Downloaded from https:// www.studiestoday.com

(ਭਗਤ ਨਾਮਦੇਵ, ਰਵੀਦਾਸ ਤੇ ਕਬੀਰ ਜੀ ਆਦਿ) ਦਾ ਜ਼ਿਕਰ ਹੈ। ਵਾਰ-16ਵੀਂ ਵਿੱਚ ਮੀਣਿਆਂ ਸੰਬੰਧੀ ਵਰਣਨ ਮਿਲਦਾ ਹੈ। ਵਾਰ-28ਵੀਂ ਵਿੱਚ ਸਿੱਖੀ ਦੀ ਉਸਤਤ ਕੀਤੀ ਗਈ ਹੈ।

ਭਾਈ ਗੁਰਦਾਸ ਦੀਆਂ ਵਾਰਾਂ ਗੁਰੂ ਸਾਹਿਬਾਨਾਂ ਦੁਆਰਾ ਰਚਿਤ ਅਧਿਆਤਮਕ ਵਾਰਾਂ ਦਾ ਹੀ ਅਨੁਸਰਨ ਕਰਦੀਆਂ ਹਨ। ਗੁਰਮੁਖ ਤੇ ਮਨਮੁਖ ਨਾਇਕ-ਪ੍ਰਤਿਨਾਇਕ ਵਜੋਂ ਸਿਰਜੇ ਗਏ ਹਨ। ਸਿੱਖੀ ਜੀਵਨ ਜਾਚ, ਆਚਰਨ ਤੇ ਸਿਧਾਂਤਾਂ ਨੂੰ ਪੌਰਾਣਿਕ ਤੇ ਸਨਾਤਨੀ ਦਰਸ਼ਨ ਵਿੱਚੋਂ ਢੁਕਵੇਂ ਹਵਾਲਿਆਂ ਨਾਲ ਖੰਡਿਤ-ਮੰਡਿਤ ਕੀਤਾ ਗਿਆ ਹੈ। ਜਿੱਥੇ ਇਹ ਵਾਰਾਂ ਗੁਰੂ ਸਾਹਿਬਾਨਾਂ ਦੇ ਜੀਵਨ-ਬਿਰਤਾਂਤ ਤੇ ਸਿੱਖੀ ਸਿਧਾਂਤਾਂ ਦੀ ਵਿਆਖਿਆ ਕਰਦੀਆਂ ਹਨ, ਉੱਥੇ ਇਨ੍ਹਾਂ ਦੇ ਵਿਸ਼ੇ-ਵਸਤੂ ਤੇ ਰੂਪਕ ਗੁਣਾਂ ਕਾਰਨ ਇਹ ਵਾਰਾਂ ਪੰਜਾਬੀ ਵਾਰ-ਕਾਵਿ ਦਾ ਉੱਤਮ ਸਰਮਾਇਆ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਾਰ ਕਾਵਿ ਦੇ ਇਤਿਹਾਸ ਵਿੱਚ 'ਠੇਠ-ਪੰਜਾਬੀ ਭਾਸ਼ਾ' ਨੂੰ ਅਪਣਾਉਂਦੀਆਂ ਤੇ ਵਿਸਤਾਰਦੀਆਂ ਹਨ। ਭਾਈ ਸਾਹਿਬ ਦੀ ਠੇਠ-ਪੰਜਾਬੀ ਉੱਪਰ ਮਾਝੀ ਭਾਸ਼ਾ ਦੀ ਵਿਸ਼ੇਸ਼ ਰੰਗਣ ਹੈ। ਇਹ ਵਾਰਾਂ ਗੁਰਬਾਣੀ ਤੇ ਗੁਰਮਤਿ ਦੀ ਵਿਆਖਿਆ ਦੇ ਨਾਲ-ਨਾਲ ਪੰਜਾਬੀ ਲੋਕ ਜੀਵਨ ਨਾਲ ਵੀ ਪਰਸਪਰ ਜੁੜੀਆਂ ਹੋਈਆਂ ਹਨ।

ਭਾਈ ਗੁਰਦਾਸ ਦੀ ਦੂਜੀ ਕਾਵਿ ਵੰਨਗੀ ਬ੍ਰਜ ਭਾਸ਼ਾ ਵਿੱਚ ਰਚਿਤ 'ਕਬਿੱਤ ਤੇ ਸਵੱਯੈ' ਹਨ। ਇਨ੍ਹਾਂ ਦੀ ਰਚਨਾ ਦਾ ਸਥਾਨ ਮੁੱਖ ਤੌਰ 'ਤੇ ਹਿੰਦੀ ਭਾਸ਼ਾ ਦਾ ਖੇਤਰ ਹੈ, ਜਿੱਥੇ ਭਾਈ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਭੇਜਿਆ ਗਿਆ ਸੀ। ਇਸ ਵਿੱਚ ਆਗਰਾ ਤੇ ਵਾਰਾਣਸੀ ਪ੍ਰਮੁੱਖ ਹਨ। ਇਨ੍ਹਾਂ ਕਬਿੱਤ ਤੇ ਸਵੱਈਆਂ ਦੀ ਭਾਸ਼ਾ ਪੰਜਾਬੀ ਮਿਸ਼ਰਤ ਬ੍ਰਜੀ ਹੈ। **ਡਾ. ਰਤਨ ਸਿੰਘ ਜੱਗੀ** ਇਨ੍ਹਾਂ ਨੂੰ ਦੋ ਵਰਗਾਂ ਵਿੱਚ ਵੰਡਦਾ ਹੈ- ਵਿਆਖਿਆ ਪ੍ਰਧਾਨ ਤੇ ਅਨੁਭਵ ਪ੍ਰਧਾਨ। ਵਿਆਖਿਆ ਪ੍ਰਧਾਨ ਕਬਿੱਤ ਉਹ ਹਨ, ਜਿਨ੍ਹਾਂ ਰਾਹੀਂ ਗੁਰਮਤਿ ਸਿਧਾਂਤਾ ਨੂੰ ਸਪਸ਼ਟ ਕੀਤਾ ਗਿਆ ਸੀ ਤੇ ਅਨੁਭਵ ਪ੍ਰਧਾਨ ਕਬਿੱਤ ਉਹ ਹਨ ਜਿਸ ਵਿੱਚ ਆਪ ਨੇ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਨਿੱਜੀ ਅਨੁਭਵਾਂ ਦਾ ਪ੍ਰਗਟਾਵਾ ਕੀਤਾ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਆਪਣੇ ਕਬਿੱਤ ਤੇ ਸਵੱਈਆਂ ਰਾਹੀਂ ਗੁਰਮਤਿ ਜੀਵਨ-ਜਾਚ ਅਤੇ ਸਿੱਖ ਸਿੱਧਾਂਤ ਤੇ ਵਿਚਾਰਧਾਰਾ ਨੂੰ ਹੀ ਪੇਸ਼ ਕੀਤਾ ਹੈ। ਉਦਾਹਰਨ ਵਜੋਂ:-

ਜੋਗ ਬਿਖੈ ਭੋਗ ਅਰੁ ਭੋਗ ਬਿਖੈ ਜੋਗ ਜਤ
ਗੁਰਮੁਖਿ ਪੰਥ ਜੋਗ ਭੋਗ ਸੈ ਅਤੀਤ ਹੈ।
ਗਿਆਨ ਬਿਖੈ ਧਿਆਨ ਅਰੁ ਧਿਆਨ ਬਿਖੈ ਬੇਧੇ ਗਿਆਨ
ਗੁਰਮਤਿ ਗਤਿ ਗਿਆਨ ਧਿਆਨ ਕੈ ਅਜੀਤ ਹੈ।

ਇਸ ਤਰ੍ਹਾਂ ਭਾਈ ਗੁਰਦਾਸ ਤੇ ਉਨ੍ਹਾਂ ਦੀ ਰਚਨਾ ਗੁਰਮਤਿ ਕਾਵਿ ਧਾਰਾ ਵਿੱਚ ਆਪਣਾ ਵਿਲੱਖਣ ਸਥਾਨ ਸਿਰਜਦੀ ਹੈ। ਗੁਰਬਾਣੀ ਤੇ ਗੁਰਮਤਿ ਦੀ ਵਿਆਖਿਆ ਕਾਰਨ ਆਪ ਦੀ ਰਚਨਾ ਨੂੰ '**ਗੁਰਬਾਣੀ ਦੀ ਕੁੰਜੀ**' ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ ਦੀ ਰਚਨਾ ਗੁਰਮਤਿ ਵਿਚਾਰਧਾਰਾ ਤੇ ਜੀਵਨ-ਦਰਸ਼ਨ ਨੂੰ ਭਾਰਤੀ ਸਮਾਜ ਤੇ ਸਭਿਆਚਾਰ ਵਿੱਚ ਪ੍ਰਪੱਕ ਤੇ ਪ੍ਰਭਾਵਸ਼ਾਲੀ ਰੂਪ ਵਿੱਚ ਪੇਸ਼ ਕਰਦੀ ਹੋਈ ਵਿਸ਼ਵ ਪੱਧਰ 'ਤੇ ਸੰਵਾਦ ਸਿਰਜਦੀ ਪ੍ਰਤੀਤ ਹੁੰਦੀ ਹੈ।

ਸੋ ਨਿਰਵਿਵਾਦ ਰੂਪ ਵਿੱਚ ਗੁਰਮਤਿ ਕਾਵਿ ਧਾਰਾ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਿਲ ਰਚਨਾਕਾਰਾਂ ਤੇ ਭਾਈ ਗੁਰਦਾਸ ਦੀ ਰਚਨਾ ਸਦਕਾ ਇਸ ਕਾਲ ਦੀ ਸਰਬ ਪ੍ਰਮੁੱਖ ਕਾਵਿ ਧਾਰਾ ਹੋ ਨਿਬੜਦੀ ਹੈ।

## 2. ਸੂਫ਼ੀ ਕਾਵਿ-ਧਾਰਾ

ਸੂਫ਼ੀ ਕਾਵਿ-ਧਾਰਾ ਇਸ ਕਾਲ ਦੀ ਦੂਜੀ ਪ੍ਰਮੁੱਖ ਅਧਿਆਤਮਕ ਕਾਵਿ ਧਾਰਾ ਹੈ। ਇਸ ਦਾ ਆਰੰਭ ਪੂਰਵ-ਨਾਨਕ ਕਾਲ ਵਿੱਚ ਬਾਬਾ ਫ਼ਰੀਦ (1173-1266 ਈ.) ਦੇ ਆਗਮਨ ਨਾਲ ਹੋ ਚੁੱਕਾ ਸੀ। ਬਾਬਾ ਫ਼ਰੀਦ ਪਹਿਲੇ ਪੜਾਅ ਦੇ ਸੂਫੀ ਕਵੀ ਸੀ, ਜੋ ਇਸਲਾਮੀ ਸ਼ਰ੍ਹਾਂ ਦੇ ਨਿਯਮਾਂ ਦੀ ਕਰੜੀ ਪਾਲਨਾ ਉੱਪਰ ਜ਼ੋਰ ਦਿੰਦੇ ਸਨ। ਗੁਰੂ ਨਾਨਕ ਕਾਲ ਵਿੱਚ ਸੂਫੀ ਮੱਤ ਆਪਣੇ ਦੂਜੇ ਪੜਾਅ ਵਿੱਚ ਦਾਖ਼ਿਲ ਹੁੰਦਾ ਹੈ। ਇਸ ਕਾਲ ਵਿੱਚ ਸੂਫੀ-ਕਾਵਿ ਵਿਸ਼ੇ ਅਤੇ ਰੂਪਾਂ ਦੋਹਾਂ ਪੱਖੋਂ ਤੋਂ ਵਿਕਾਸ ਕਰਦਾ ਨਜ਼ਰ ਆਉਂਦਾ ਹੈ।



Downloaded from https:// www.studiestoday.com

Downloaded from https:// www.studiestoday.com

ਇਸ ਕਾਲ ਦੇ ਸੂਫ਼ੀ ਸ਼ਰੀਅਤ ਦੀ ਥਾਂ ਤਰੀਕਤ ਉੱਪਰ ਵਧੇਰੇ ਜ਼ੋਰ ਦਿੰਦੇ ਹਨ। ਰੂਪ ਤੇ ਕਲਾ ਪੱਖੋਂ ਸੂਫ਼ੀ-ਕਾਵਿ ਪ੍ਰਚਲਿਤ ਛੰਦਾਂ ਨੂੰ ਅਪਨਾਉਂਦਾ ਅਤੇ ਲੋਕ ਪੱਧਰ 'ਤੇ ਆਪਣੀ ਸਾਂਝ ਪਾਉਂਦਾ ਹੈ। ਗੁਰੂ ਨਾਨਕ ਕਾਲ ਦੇ ਪ੍ਰਸਿੱਧ ਸੂਫ਼ੀ-ਕਵੀ ਇਸ ਤਰ੍ਹਾਂ ਹਨ:-

**(ੳ) ਸ਼ਾਹ ਹੁਸੈਨ** (1539-1593 **ਈ**.)-

ਸ਼ਾਹ ਹੁਸੈਨ, ਸੂਫੀ ਕਾਵਿ ਧਾਰਾ ਦਾ ਦੂਜਾ ਅਤੇ ਇਸ ਕਾਲ ਦਾ ਪ੍ਰਤੀਨਿਧ ਸੂਫੀ ਕਵੀ ਹੈ। ਸ਼ਾਹ ਹੁਸੈਨ ਲਾਲ ਕੱਪੜੇ ਪਾਉਣ ਕਾਰਨ 'ਲਾਲ ਹੁਸੈਨ' ਤੇ ਮਾਧੋ ਲਾਲ ਨਾਂ ਦੇ ਹਿੰਦੂ ਮੁੰਡੇ ਨਾਲ ਸਨੇਹ ਰੱਖਣ ਕਾਰਨ 'ਮਾਧੋ ਲਾਲ ਹੁਸੈਨ' ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਸੀ। ਉਨ੍ਹਾਂ ਦਾ ਜਨਮ 1539 ਈ. ਵਿੱਚ ਸ਼ੇਖ਼ ਉਸਮਾਨ ਦੇ ਘਰ ਹੋਇਆ, ਜਿਹੜੇ ਜੁਲਾਹਿਆ ਦਾ ਕਿੱਤਾ ਕਰਦੇ ਸਨ। ਇਸ ਸੰਬੰਧੀ ਸ਼ਾਹ ਹੁਸੈਨ ਦੀ ਰਚਨਾ ਵਿੱਚੋਂ ਹੀ ਹਵਾਲਾ ਮਿਲਦਾ ਹੈ-

ਨਾਉਂ ਹੁਸੈਨਾਂ ਤੇ ਜ਼ਾਤ ਜੁਲਾਹਾ,
ਗਾਲ੍ਹਾਂ ਦੇਂਦੀਆਂ ਤਾਣੀਆਂ ਵਾਲੀਆਂ।

ਆਪ ਨੇ ਦਸ ਸਾਲ ਦੀ ਉਮਰ ਵਿੱਚ ਕੁਰਾਨ ਸ਼ਰੀਫ਼ ਨੂੰ ਜ਼ੁਬਾਨੀ ਯਾਦ ਕਰ ਲਿਆ ਤੇ 'ਹਾਫ਼ਿਜ਼' ਬਣ ਗਏ। ਬਾਰ੍ਹਾਂ ਵਰ੍ਹੇ ਤੱਕ ਆਪ ਨੇ ਦਾਤਾ ਗੰਜ ਬਖ਼ਸ਼ ਦੇ ਤਕੀਏ ਉੱਤੇ ਸੂਫ਼ੀ ਸਿਧਾਂਤਾਂ ਦਾ ਅਧਿਐਨ ਕੀਤਾ ਅਤੇ ਆਪਣੇ ਜੀਵਨ ਨੂੰ ਸ਼ਰ੍ਹਾਂ ਦੇ ਮੁਤਾਬਿਕ ਢਾਲਿਆ। ਉਹ ਆਪਣੇ ਮੁੱਢਲੇ ਜੀਵਨ ਵਿੱਚ ਸ਼ਰੀਅਤ ਦਾ ਪੱਕਾ ਅਨੁਯਾਈ ਸੀ ਪਰੰਤੂ ਬਾਅਦ ਵਿੱਚ ਸ਼ਰੀਅਤ ਦੇ ਸਾਰੇ ਬੰਧਨਾਂ ਨੂੰ ਤਿਆਗ ਕੇ ਸੂਫ਼ੀ ਬਣ ਗਿਆ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ, ਸ਼ਾਹ ਹੁਸੈਨ ਸੂਫ਼ੀਆਂ ਦੇ ਮੁਲਾਮਤੀ ਜਾਂ ਕਲੰਦਰੀ ਫ਼ਿਰਕੇ ਦਾ ਅਨੁਯਾਈ ਸੀ, ਜੋ ਭੰਗ ਤੇ ਸ਼ਰਾਬ ਦੇ ਨਸ਼ੇ ਵਿੱਚ ਨੱਚਦੇ ਤੇ ਗਾਉਂਦੇ ਸਨ। ਇਸ ਸੰਬੰਧੀ ਉਸਦੀ ਰਚਨਾ ਵਿੱਚੋਂ ਹੀ ਗਵਾਹੀ ਮਿਲਦੀ ਹੈ-

ਅਮਲਾਂ ਦੇ ਉਪਰ ਹੋਗ ਨਿਬੇੜਾ
ਕਿਆ ਸੂਫ਼ੀ ਕਿਆ ਭੰਗੀ।
ਜਾਂ
ਸ਼ਾਹ ਹੁਸੈਨ ਫ਼ਕੀਰ ਸਾਈਂ ਦਾ
ਇਹ ਦੁਆਇ ਮਲੰਗ ਦੀ।

ਕਿਹਾ ਜਾਂਦਾ ਹੈ ਕਿ ਇਹ 'ਮੁਲਾਮਤ' (ਭਾਵ ਘਿਰਣਾ, ਲਾਹਨਤ ਆਦਿ) ਉਨ੍ਹਾਂ ਦੀ ਜਾਣ-ਬੁੱਝ ਕੇ ਆਪ ਹੰਢਾਈ ਹੋਈ ਸੀ ਤਾਕਿ ਲੋਕਾਂ ਤੋਂ ਦੂਰ ਰਹਿ ਕੇ ਬੰਦਗੀ ਵਿੱਚ ਜ਼ਿਆਦਾ ਸਮਾਂ ਬਤੀਤ ਕੀਤਾ ਜਾ ਸਕੇ।

ਡਾ. ਗੁਰਦੇਵ ਸਿੰਘ ਆਪਣੀ ਪੁਸਤਕ 'ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ' ਵਿੱਚ ਸ਼ਾਹ ਹੁਸੈਨ ਨੂੰ ਕਾਦਿਰੀ ਸਿਲਸਿਲੇ ਦੀ ਬਹਿਲੋਲ ਸ਼ਾਹੀ ਜਮਾਤ ਨਾਲ ਸੰਬੰਧਿਤ ਕਰਦੇ ਹਨ। ਜੋ ਅੱਗੇ ਜਾ ਕੇ ਬਹਿਲੋਲ ਸ਼ਾਹੀ ਸਿਲਸਿਲੇ ਦੀ ਉਪਸ਼ਾਖਾ 'ਹੁਸੈਨ ਸ਼ਾਹੀ' ਵਿੱਚ ਤਬਦੀਲ ਹੁੰਦੀ ਹੈ, ਜਿਸਦੇ ਬਾਨੀ ਸ਼ਾਹ ਹੁਸੈਨ ਸਨ।

ਸ਼ਾਹ ਹੁਸੈਨ ਦੀ ਮੌਤ 1593 ਈ. ਵਿੱਚ ਬਾਗ਼ਬਾਨਪੁਰੇ (ਲਾਹੌਰ) ਵਿਖੇ ਹੁੰਦੀ ਹੈ, ਜਿੱਥੇ ਉਨ੍ਹਾਂ ਦੀ ਕਬਰ ਅੱਜ ਵੀ ਮੌਜੂਦ ਹੈ, ਤੇ ਉਨ੍ਹਾਂ ਦੀ ਯਾਦ ਵਿੱਚ ਉੱਥੇ ਹਰ ਸਾਲ ਮੇਲਾ ਭਰਦਾ ਹੈ।

ਸ਼ਾਹ ਹੁਸੈਨ ਦੀ ਰਚਨਾ ਸਿਰਫ 163 ਕਾਫੀਆਂ ਹਨ। ਪੰਜਾਬੀ ਸਾਹਿਤ ਵਿੱਚ 'ਕਾਫ਼ੀ' ਕਾਵਿ ਰੂਪ ਦੀ ਵਰਤੋਂ ਭਾਵੇਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਇਨ੍ਹਾਂ ਤੋਂ ਪਹਿਲਾਂ ਕੀਤੀ ਜਾ ਚੁੱਕੀ ਸੀ ਪਰੰਤੂ ਪੰਜਾਬੀ ਸੂਫ਼ੀ ਕਾਵਿ ਵਿੱਚ ਸਭ ਤੋਂ ਪਹਿਲਾਂ 'ਕਾਫ਼ੀ' ਕਾਵਿ ਰੂਪ ਦੀ ਵਰਤੋਂ ਆਪ ਦੁਆਰਾ ਹੀ ਕੀਤੀ ਗਈ। ਇਸ ਕਾਵਿ ਰੂਪ ਨੂੰ ਪ੍ਰਪੱਕਤਾ ਤੇ ਕਲਾਤਮਿਕਤਾ ਸ਼ਾਹ ਹੁਸੈਨ ਦੁਆਰਾ ਹੀ ਪ੍ਰਦਾਨ ਕੀਤੀ ਜਾਂਦੀ ਹੈ। ਇਹ ਕਾਫ਼ੀਆਂ 35 ਦੇ ਕਰੀਬ ਭਾਰਤੀ ਕਲਾਸਿਕੀ-ਰਾਗਾਂ ਵਿੱਚ ਰਚੀਆਂ ਗਈਆਂ ਹਨ। ਉਹਨਾਂ



Downloaded from https:// www.studiestoday.com

Downloaded from https:// www.studiestoday.com

ਦੀਆਂ 'ਕਾਫ਼ੀਆਂ' ਵਿੱਚ ਇਸ਼ਕ, ਬਿਰਹਾ, ਨਿਰਮਾਣਤਾ, ਸੰਸਾਰਿਕ ਨਾਸ਼ਮਾਨਤਾ, ਮੁਰਸ਼ਦ ਪ੍ਰਤੀ ਪ੍ਰੇਮ ਅਤੇ ਕਾਜ਼ੀਆਂ-ਮੁਲਾਣਿਆਂ ਦੇ ਭੇਖਾਂ ਤੇ ਪਾਖੰਡਾਂ ਸੰਬੰਧੀ ਵਿਸ਼ੇਗਤ ਪੇਸ਼ਕਾਰੀ ਕੀਤੀ ਹੋਈ ਮਿਲਦੀ ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦੇ ਅੰਤ ਵਿੱਚ 'ਕਹੇ ਹੁਸੈਨ ਫ਼ਕੀਰ ਨਿਮਾਣਾ' ਜਾਂ 'ਕਹੇ ਹੁਸੈਨ ਫ਼ਕੀਰ ਸਾਈਂ ਦਾ' ਸ਼ਬਦ ਆਉਂਦੇ ਹਨ। ਜੋ ਉਨ੍ਹਾਂ ਦੇ ਕਲਾਮ ਦੀ ਵਿਸ਼ੇਸ਼ਤਾ ਹੈ।

ਸ਼ਾਹ ਹੁਸੈਨ ਪੰਜਾਬੀ ਸੂਫੀ ਕਾਵਿ ਧਾਰਾ ਨੂੰ ਲੋਕ ਪੱਧਰ ਤੇ ਮਕਬੂਲ ਕਰਦਾ ਹੈ। ਉਸਦੀ ਰਚਨਾ ਵਿੱਚ ਪਹਿਲੀ ਵਾਰ ਸੂਫੀ ਕਵਿਤਾ ਪੰਜਾਬੀ ਸਭਿਆਚਾਰਕ ਸ਼ਬਦਾਵਲੀ ਦਾ ਪ੍ਰਯੋਗ ਕਰਦੀ ਹੈ। ਰਾਂਝਾ, ਚਰਖਾ, ਤ੍ਰਿੰਝਣਾਂ, ਖੂਹਾਂ, ਪੱਤਣਾਂ, ਪੀਘਾਂ, ਵਿਹੜਿਆਂ, ਮਲਾਹ, ਬੇੜੀ, ਪੇਕਿਆਂ, ਸਹੁਰਿਆਂ, ਡੋਲੀਆਂ, ਆਲਿਆਂ ਆਦਿ ਲੋਕ ਸ਼ਬਦਾਵਲੀ ਉਨ੍ਹਾਂ ਦੀ ਰਚਨਾ ਵਿੱਚ ਪੇਸ਼ ਹੋਈ ਹੈ, ਜੋ ਲੋਕ ਮਾਨਸ ਵਿੱਚ ਪੰਜਾਬੀ ਸੂਫੀ ਕਾਵਿ ਨੂੰ ਪ੍ਰਮਾਣਿਕਤਾ ਪ੍ਰਦਾਨ ਕਰਦੀ ਹੈ। ਉਹ ਆਪਣੀ ਕਵਿਤਾ ਤੇ ਉਸ ਦੇ ਪ੍ਰਤੀਕਾਂ ਨੂੰ ਪੰਜਾਬ ਦੇ ਜੀਵਨ, ਪ੍ਰਕਿਰਤੀ, ਰੁੱਤਾਂ, ਵਾਤਾਵਰਨ ਤੇ ਕਾਰ-ਵਿਹਾਰ ਨਾਲ ਜੋੜ ਕੇ ਸੂਫੀ ਕਾਵਿ ਨੂੰ ਆਮ ਆਦਮੀ ਲਈ ਸਮਝਣਯੋਗ ਬਣਾਉਂਦਾ ਹੈ। ਡਾ. ਸੁਰਿੰਦਰ ਸਿੰਘ ਕੋਹਲੀ, ਸ਼ਾਹ ਹੁਸੈਨ ਨੂੰ 'ਨਵੀਨ ਪੰਜਾਬੀ ਵਿੱਚ ਲਿਖਣ ਵਾਲਾ ਪਹਿਲਾ ਸੂਫੀ ਕਵੀ' ਆਖਦੇ ਹਨ। ਸ਼ਾਹ ਹੁਸੈਨ ਦੀ ਕਵਿਤਾ ਦੇ ਕੁੱਝ ਚੋਣਵੇਂ ਨਮੂਨੇ ਇਸ ਤਰ੍ਹਾਂ ਹਨ –

– ਰਾਂਝਣ ਮੈਨੂੰ ਕੁੰਡੀਆਂ ਪਾਈਆਂ, ਦਿਲ ਵਿੱਚ ਲੱਗੀਆਂ ਜ਼ੋਰ।
ਮੱਛੀ ਵਾਂਗੂੰ ਪਈ ਤੜਫ਼ਾਂ, ਕਾਦਰ ਦੇ ਹੱਥ ਡੋਰ।

– ਦਰਦ ਵਿਛੋੜੇ ਦਾ ਹਾਲ ਨੀ ਮੈਂ ਕੇਹਨੂੰ ਆਖਾਂ।
ਸੂਲਾਂ ਮਾਰ ਦੀਵਾਨੀ ਕੀਤੀ
ਬਿਰਹੋਂ ਪਿਆ ਸਾਡੇ ਖ਼ਿਆਲ
ਨੀ ਮੈਂ ਕੇਹਨੂੰ ਆਖਾਂ।

– ਸੱਜਣ ਦੇ ਹੱਥ ਬਾਂਹ ਅਸਾਡੀ
ਕੀਕਣ ਆਖਾਂ ਛੱਡ ਵੇ ਅੜਿਆ।

– ਬਾਹਰੋਂ ਪਾਕ ਅੰਦਰੋਂ ਅਲੂਦਾ
ਕਿਆ ਤੂੰ ਸ਼ੇਖ਼ ਕਹਾਵੇ।

– ਇਸ਼ਕ ਫ਼ਕੀਰਾਂ ਦਾ ਕਾਇਮ ਦਾਇਮ
ਕਬਹੂੰ ਨਾ ਥੀਵੇ ਬੇਹਾ।

– ਰਾਂਝਣ ਯਾਰ ਤਬੀਬ ਸੁਣੀਂਦਾ
ਮੈਂ ਤਨ ਦਰਦ ਅਵੱਲੇ।

**(ਅ) ਮੀਆਂ ਵਜੀਦ** (1550–1660 ਈ.)–

ਡਾ. ਮੋਹਨ ਸਿੰਘ ਦੀਵਾਨਾ ਮੀਆਂ ਵਜੀਦ ਦਾ ਜੀਵਨ ਕਾਲ 1550 ਤੋਂ 1660 ਈ. ਦੱਸਦੇ ਹਨ। ਭਾਈ ਕਾਹਨ ਸਿੰਘ ਨਾਭਾ ਵੀ ਆਪ ਨੂੰ 16ਵੀਂ ਸਦੀ ਦਾ ਸੂਫ਼ੀ ਮੰਨਦੇ ਹਨ। ਵਿਦਵਾਨਾਂ ਅਨੁਸਾਰ ਮੀਆਂ ਵਜੀਦ ਕਾਬਲ ਦਾ ਵਸਨੀਕ ਸੀ, ਜੋ ਬਾਅਦ ਵਿੱਚ ਜਲੰਧਰ ਆ ਕੇ ਵੱਸ ਗਿਆ।

ਮੀਆਂ ਵਜੀਦ ਨੂੰ ਵੈਦਾਂਤੀ ਸੰਤਾਂ ਤੇ ਸੂਫ਼ੀ ਫ਼ਕੀਰਾਂ ਦੋਵਾਂ ਵਿੱਚ ਮਹੱਤਤਾ ਪ੍ਰਾਪਤ ਸੀ। ਉਨ੍ਹਾਂ ਨੂੰ 'ਹਾਸ-ਰਸ' ਧਾਰਾ ਦਾ ਕਵੀ ਵੀ ਗਿਣਿਆ ਜਾਂਦਾ ਹੈ। ਵਜੀਦ ਪਹਿਲਾ ਸੂਫ਼ੀ ਕਵੀ ਹੈ, ਜਿਸਦੀ ਕਵਿਤਾ ਵਿੱਚ ਨਾਟਕੀ ਚੋਭ, ਵਿਅੰਗ ਤੇ ਮਸ਼ਕਰੀ ਪ੍ਰਧਾਨ ਹੈ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ, ਆਪ ਨੇ 'ਰੌਸ਼ਨੀਏ ਟੋਲੇ' ਦੀ ਨੀਂਹ ਰੱਖੀ।

ਮੀਆਂ ਵਜੀਦ ਨੇ ਸ਼ਲੋਕ, ਸ਼ਬਦ ਤੇ ਦੋਹਿਰੇ ਲਿਖੇ ਹਨ, ਪਰੰਤੂ ਉਸਦੇ 'ਚੌਤੁਕੀਏ ਸ਼ਲੋਕਾਂ' ਨੂੰ



Downloaded from https:// www.studiestoday.com

Downloaded from https:// www.studiestoday.com

ਜ਼ਿਆਦਾ ਮਕਬੂਲੀਅਤ ਹਾਸਿਲ ਹੋਈ ਹੈ। ਪਿਆਰਾ ਸਿੰਘ ਪਦਮ ਅਨੁਸਾਰ ਵਜੀਦ ਦੇ ਦੋ ਸ਼ਬਦ, ਚਾਲੀ ਸ਼ਲੋਕ, ਤੇਤੀ ਤੁਤੀਏ, ਇਕ ਦੋਹਰਾ ਅਤੇ ਇਕ ਮਾਝ ਮਿਲਦੀ ਹੈ। ਮੀਆਂ ਵਜੀਦ ਆਪਣੇ ਕਲਾਮ ਵਿੱਚ ਸੰਸਾਰ ਦੀ ਕਾਣੀ-ਵੰਡ ਨੂੰ ਵਿਅੰਗ ਭਰਪੂਰ ਲਹਿਜੇ ਵਿੱਚ ਪ੍ਰਸਤੁਤ ਕਰਦਾ ਹੈ। 'ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਇੰਝ ਕਰ' ਉਸਦੇ ਕਾਵਿ-ਬੰਦਾਂ ਦੀ ਵਿਸ਼ੇਸ਼ ਪਛਾਣ ਹੈ। ਮੀਆਂ ਵਜੀਦ ਦੇ ਚੌਤੁਕੀਏ ਸ਼ਲੋਕਾਂ ਦੀਆਂ ਕੁਝ ਵੰਨਗੀਆਂ ਇਸ ਪ੍ਰਕਾਰ ਹਨ:-

– ਸ਼ਾਹ ਸਿਕੰਦਰ ਢੂੰਡੇ, ਆਬਿ ਹਯਾਤ ਨੂੰ।
ਫਿਰਦਾ ਵਿੱਚ ਪਹਾੜਾਂ, ਦਿਨ ਤੇ ਰਾਤ ਨੂੰ।
ਪੀਤੋ ਸੁ ਨਾਹਿ ਪਿਆਲਾ, ਆਪਣੇ ਦਸਤ ਭਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਇੰਝ ਕਰ।

– ਇਕਨਾਂ ਦੇ ਧਨ ਪੱਲੇ 'ਸ਼ਾਹ' ਸਦਾਇੰਦੇ।
ਪਹਿਨਣ ਮਖ਼ਮਲ ਖਾਸਾ, ਮੁਸ਼ਕ ਹਵਾਇੰਦੇ।
ਇਕਨਾਂ ਨੂੰ ਭਿਖਨਾ ਪੈਂਦੀ, ਫਿਰਦੇ ਦਰ-ਬਦਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀਂ ਇੰਝ ਕਰ।

ਮੀਆਂ ਵਜੀਦ ਰਚਿਤ ਇੱਕ ਦੋਹਿਰਾ ਵੀ ਵੇਖਣਯੋਗ ਹੈ:-

ਵਜੀਦਾ ਪੁਤ ਪਠਾਨ ਕੇ, ਦੇਤ ਦਲਾਂ ਕੋ ਮੋੜ।
ਜਬ ਸ਼ਰਨ ਪੜੇ ਗੋਪਾਲ ਕੀ, ਸਕੇ ਨਾ ਤਿਨਕਾ ਤੋੜ।

**(ੲ) ਸੁਲਤਾਨ ਬਾਹੂ** (1631-1691 ਈ.)-

ਸੁਲਤਾਨ ਬਾਹੂ ਇਸ ਕਾਲ ਦਾ ਪ੍ਰਸਿੱਧ ਬੌਧਿਕ ਸੂਫ਼ੀ ਹੈ। ਉਸਦਾ ਜਨਮ 1631 ਈ. ਵਿੱਚ ਪਿੰਡ ਆਵਾਣ, ਤਹਿਸੀਲ ਸ਼ੋਰਕੋਟ, ਜ਼ਿਲ੍ਹਾ ਝੰਗ (ਪਾਕਿਸਤਾਨ) ਵਿੱਚ ਪਿਤਾ ਬਾਯਜੀਦ ਮੁਹੰਮਦ ਦੇ ਘਰ ਹੋਇਆ। ਉਸਦਾ ਪਿਤਾ ਇਲਾਕੇ ਦਾ ਇੱਕ ਵੱਡਾ ਜ਼ਿਮੀਂਦਾਰ ਸੀ। ਉਸਦੀ ਮਾਤਾ ਦਾ ਨਾਂ 'ਰਾਸਤੀ' ਸੀ, ਜਿਸਦੇ ਅਧਿਆਤਮਕ ਵਿਚਾਰਾਂ ਦਾ ਪ੍ਰਭਾਵ ਉਸ ਉੱਤੇ ਵੀ ਪਿਆ ਤੇ ਉਸ ਸਦਕਾ ਉਹ ਅੱਗੇ ਜਾ ਕੇ 'ਸੂਫ਼ੀ' ਬਣ ਗਿਆ। ਸੁਲਤਾਨ ਬਾਹੂ ਦਾ ਮੁੱਢਲਾ ਜੀਵਨ ਸ਼ਾਨੋ-ਸ਼ੌਕਤ ਨਾਲ ਭਰਪੂਰ ਸੀ। ਉਸਦੀਆਂ 4 ਪਤਨੀਆਂ, 8 ਪੁੱਤਰ ਤੇ 17 ਦਾਸੀਆਂ ਸਨ।

ਸੁਲਤਾਨ ਬਾਹੂ ਦਾ ਸੰਬੰਧ ਸੂਫ਼ੀਆਂ ਦੇ 'ਕਾਦਰੀ ਸਰਵਰੀ' ਫ਼ਿਰਕੇ ਨਾਲ ਸੀ। ਦਿੱਲੀ ਦੇ ਉਸ ਸਮੇਂ ਦੇ ਪ੍ਰਸਿੱਧ ਸੂਫ਼ੀ ਅਬਦੁਲ ਰਹਿਮਾਨ ਇਨ੍ਹਾਂ ਦੇ ਮੁਰਸ਼ਦ ਸਨ। ਬਾਹੂ ਅਰਬੀ-ਫਾਰਸੀ ਦਾ ਚੰਗਾ ਗਿਆਨ ਰੱਖਦਾ ਸੀ। 'ਤਵਾਰੀਖ਼ ਸੁਲਤਾਨ ਬਾਹੂ' ਅਨੁਸਾਰ ਅਰਬੀ ਤੇ ਫ਼ਾਰਸੀ ਵਿੱਚ ਉਸਦੀਆਂ 140 ਦੇ ਕਰੀਬ ਰਚਨਾਵਾਂ ਮਿਲਦੀਆਂ ਹਨ। 'ਸੈਫ਼ੁਲ ਮਲੂਕ' ਦਾ ਕਰਤਾ ਮੁਹੰਮਦ ਬਖ਼ਸ਼ ਉੱਘੇ ਪੰਜਾਬੀ ਸੂਫ਼ੀਆਂ ਬਾਰੇ ਜ਼ਿਕਰ ਕਰਦਾ ਹੋਇਆ ਸੁਲਤਾਨ ਬਾਹੂ ਬਾਰੇ ਲਿਖਦਾ ਹੈ –

ਫੇਰ ਸੁਲਤਾਨ ਬਾਹੂ ਇੱਕ ਹੋਇਆ, ਖ਼ਾਸਾ ਮਰਦ ਹਕਾਨੀ।
ਦੋਹੜੇ ਪਾਕ ਜ਼ੁਬਾਨ ਉਹਦੀ ਦੇ, ਰੌਸ਼ਨ ਦੋਹੀਂ ਜਹਾਨੀ।

ਸੁਲਤਾਨ ਬਾਹੂ ਨੇ ਪੰਜਾਬੀ ਵਿੱਚ 'ਦੋਹੜੇ' ਤੇ 'ਸੀਹਰਫ਼ੀ' ਦੋ ਕਾਵਿ-ਰੂਪਾਂ ਵਿੱਚ ਰਚਨਾ ਕੀਤੀ। ਡਾ. ਰਜਿੰਦਰ ਸਿੰਘ ਸੇਖੋਂ, ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ' ਵਿੱਚ ਦੱਸਦੇ ਹਨ ਕਿ ਬਾਹੂ ਨੇ 'ਦੋਹੜੇ' ਤੇ 'ਸ਼ੀਹਰਫ਼ੀ' ਨੂੰ ਪੰਜਾਬੀ ਵਿੱਚ ਸਭ ਤੋਂ ਪਹਿਲਾਂ ਲਿਖਣ ਦੀ ਪਹਿਲ ਕੀਤੀ। 'ਸੀਹਰਫ਼ੀ' ਫ਼ਾਰਸੀ ਵਰਨਮਾਲਾ ਦੇ ਤੀਹ ਅੱਖਰਾਂ ਉੱਪਰ ਆਧਾਰਿਤ ਕਾਵਿ ਰੂਪ ਹੈ। ਸੰਨ 1914 ਵਿੱਚ ਲਾਹੌਰ ਵਿੱਚ ਪ੍ਰਕਾਸ਼ਿਤ ਪੁਸਤਕ 'ਪੰਜ ਮੰਜ' ਵਿੱਚ ਬਾਹੂ ਦੀਆਂ 5 ਸੀਹਰਫ਼ੀਆਂ ਮਿਲਦੀਆਂ ਹਨ। ਇਸ



Downloaded from https:// www.studiestoday.com

Downloaded from https:// www.studiestoday.com

ਵਿੱਚ 4-4 ਤੁਕਾਂ ਦੇ 115 ਬੰਦ ਦਰਜ ਹਨ। ਸੁਲਤਾਨ ਬਾਹੂ ਦੇ ਦੋਹੜਿਆਂ ਨੂੰ ਸਭ ਤੋਂ ਪਹਿਲਾਂ ਮੀਆਂ ਫ਼ਜ਼ਲਦੀਨ ਲਾਹੌਰੀ ਨੇ 'ਆਬਯਾਤੇ ਸੁਲਤਾਨ ਬਾਹੂ ਪੰਜਾਬੀ' ਨਾਂ ਹੇਠ ਪ੍ਰਕਾਸ਼ਿਤ ਕੀਤਾ। ਇਨ੍ਹਾਂ ਦੋਹੜਿਆਂ ਦਾ ਛੰਦ 'ਤਾਟੰਕ' ਹੈ, ਜਿਸਦੀ ਹਰ ਤੁਕ ਵਿੱਚ 16+14 'ਤੇ ਬਿਸਰਾਮ ਹੁੰਦਾ ਹੈ ਤੇ ਉਸਦੇ ਚਾਰ ਚਰਨ ਹੁੰਦੇ ਹਨ। 'ਦਵੱਈਏ' ਛੰਦ ਦੇ ਮਗਰ ਦੋ ਮਾਤਰਾਵਾਂ ਵਧਾਉਣ ਨਾਲ 'ਤਾਟੰਕ' ਛੰਦ ਬਣਦਾ ਹੈ। ਇਸ ਛੰਦ ਦਾ ਪ੍ਰਯੋਗ 'ਹਾਸ਼ਮ ਸ਼ਾਹ' ਨੇ ਵੀ ਕੀਤਾ ਹੈ।

ਸੁਲਤਾਨ ਬਾਹੂ ਦੀ ਰਚਨਾ ਵਿੱਚ ਬੌਧਿਕ ਅੰਸ਼ ਤੇ 'ਹੂ' ਦੀ ਹੇਕ ਦੀ ਸੰਗੀਤਕ ਲੈਅ ਉਸਨੂੰ ਵਿਸ਼ੇਸ਼ ਬਣਾਉਂਦੀ ਹੈ। ਬਾਹੂ ਨੇ ਆਪਣੇ ਕਲਾਮ ਵਿੱਚ ਸੂਫ਼ੀ ਮੱਤ ਦੇ ਨੈਤਿਕ ਤੇ ਸਦਾਚਾਰਕ ਪੱਖਾਂ ਉੱਪਰ ਵਧੇਰੇ ਜ਼ੋਰ ਦਿੱਤਾ ਹੈ। ਬਾਹੂ ਕਾਜ਼ੀਆਂ ਤੇ ਮੁਲਾਣਿਆਂ ਦੇ ਮਜ਼ਹਬੀ ਦਿਖਾਵਿਆਂ, ਪਾਖੰਡਾ, ਕਰਮਕਾਂਡਾਂ ਤੇ ਸ਼ਰ੍ਹਾ, ਧਰਮ ਤੇ ਜ਼ਾਤ ਦੇ ਬੰਧਨਾਂ ਤੋਂ ਮੁਕਤ ਹੋ ਕੇ ਮਨੁੱਖ ਨੂੰ ਰੱਬ ਵਿੱਚ ਅਭੇਦ ਹੋਣ ਲਈ ਪ੍ਰੇਰਦਾ ਹੈ। ਇਸ ਲਈ ਉਹ ਮੁਰਸ਼ਦ ਦੀ ਲੋੜ ਪ੍ਰਤੀ ਵੀ ਸੁਚੇਤ ਕਰਦਾ ਹੈ। ਬਾਹੂ ਦੀ ਰਚਨਾ ਦੀ ਬੋਲੀ ਉੱਤੇ ਲਹਿੰਦੀ ਦਾ ਪ੍ਰਭਾਵ ਪ੍ਰਤੱਖ ਦਿਖਾਈ ਦਿੰਦਾ ਹੈ। ਬਾਹੂ ਦੇ ਕਲਾਮ ਦੀਆਂ ਪ੍ਰਤੀਨਿਧ ਮਿਸਾਲਾਂ ਇਸ ਤਰ੍ਹਾਂ ਹਨ:-

– ਜੇ ਰੱਬ ਮਿਲਦਾ ਜੰਗਲ ਭੰਵਿਆਂ, ਮਿਲਦਾ ਗਊਆਂ ਵੱਛੀਆਂ ਹੂ।
ਜੇ ਰੱਬ ਮਿਲਦਾ ਵਾਲ ਵਧਾਇਆ, ਮਿਲਦਾ ਭੇਡਾਂ ਸੱਸੀਆਂ ਹੂ।
ਜੇ ਰੱਬ ਮਿਲਦਾ ਤੀਰਥ ਨ੍ਹਾਤਿਆਂ, ਮਿਲਦਾ ਡੱਡੂਆਂ ਮੱਛੀਆਂ ਹੂ।
ਬਾਹੂ ਰੱਬ ਉਨ੍ਹਾਂ ਨੂੰ ਮਿਲਦਾ, ਨੀਤਾਂ ਜਿਨ੍ਹਾਂ ਦੀਆਂ ਹੱਛੀਆਂ ਹੂ।

– ਨਾ ਮੈਂ ਹਿੰਦੂ ਨਾ ਮੈਂ ਮੁਸਲਮ, ਨਾ ਮੈਂ ਮੁੱਲਾਂ ਕਾਜ਼ੀ ਹੂ।
ਨਾ ਦਿਲ ਦੋਜ਼ਖ਼ ਮੰਗੇ ਮੇਰਾ, ਨਾ ਸ਼ੌਂਕ ਬਹਿਸ਼ਤੀ ਰਾਜੀ ਹੂ।
ਬਾਝ ਵਸਾਲ ਰੱਬ ਦੇ ਬਾਹੂ, ਹੋਰ ਝੂਠੀ ਹਭ ਬਾਜ਼ੀ ਹੂ।

– ਅਲਫ਼ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮੇਰੇ ਮਨ ਲਾਈ ਹੂ।
ਨਫ਼ੀ ਇਸਬਾਤ ਦਾ ਪਾਣੀ ਮਿਲਿਆ, ਹਰ ਰੰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੁਲਣ ਤੇ ਆਈ ਹੂ।
ਜੀਵੇ ਮੁਰਸ਼ਦ ਕਾਮਿਲ ਬਾਹੂ, ਜੈਂ ਇਹ ਬੂਟੀ ਲਾਈ ਹੂ।

ਡਾ. ਮੋਹਨ ਸਿੰਘ ਦੀਵਾਨਾ ਆਪਣੀ ਪੁਸਤਕ 'ਸੂਫ਼ੀਆਂ ਦੇ ਕਲਾਮ' ਵਿੱਚ ਸੁਲਤਾਨ ਬਾਹੂ ਦੇ ਇੱਕ 'ਮਾਂਹਗੇ' (ਕਾਵਿ-ਰੂਪ) ਦਾ ਜ਼ਿਕਰ ਕਰਦੇ ਹਨ, ਜੋ ਇਸ ਤਰ੍ਹਾਂ ਹੈ:-

ਉਹ ਦਾੜ੍ਹੀ ਹੈ ਪੁਰ ਮੂੰਹ, ਤਵੀਜ਼ਾਂ ਵਾਲੜੀਏ।
ਹੈ ਗੋਲ ਅਜੀਬਾਂ ਹੂ, ਤਵੀਜ਼ਾਂ ਵਾਲੜੀਏ।
ਦੇਂਦਾ ਐਬ ਮੁਰੀਦਾਂ ਧੋ, ਤਵੀਜ਼ਾਂ ਵਾਲੜੀਏ।
ਜਿਵੇਂ ਨਬੀ ਸਾਹਿਬ ਦੀ ਖੋ, ਤਵੀਜ਼ਾਂ ਵਾਲੜੀਏ।

**(ਸ) ਸ਼ਾਹ ਸ਼ਰਫ਼ (1659-1725 ਈ.)-**

ਸ਼ਾਹ ਸ਼ਰਫ਼ ਦਾ ਜਨਮ ਬਟਾਲੇ ਵਿੱਚ 1659 ਈ. ਵਿੱਚ ਹੋਇਆ। ਵਿਦਵਾਨਾਂ ਦਾ ਕਥਨ ਹੈ ਕਿ ਕਿਸੇ ਘਰੋਗੀ ਘਟਨਾ ਕਾਰਨ ਮਨ ਉਪਰਾਮ ਹੋ ਗਿਆ ਤੇ ਆਪ ਘਰ-ਬਾਰ ਤਿਆਗ ਕੇ ਫ਼ਕੀਰ ਬਣ ਗਏ। ਉਸ ਦੀ ਪ੍ਰਸਿੱਧ ਰਚਨਾ 'ਸ਼ੁਤਰ ਨਾਮਾ' ਹੈ। ਉਸਦੀਆਂ ਕਾਫ਼ੀਆਂ ਵਿੱਚ ਸੱਚੇ ਇਸ਼ਕ 'ਚੋਂ ਉਪਜੇ ਸੋਜ਼ ਤੇ ਦਰਦ ਦਾ ਬਿਆਨ ਹੈ। ਉਸਦੀ ਰਚਨਾ ਰਵਾਇਤੀ ਪ੍ਰਤੀਕਾਂ ਰਾਹੀਂ ਇਸ਼ਕ ਦੇ ਬਿਰਹਾ ਦਾ ਵਰਣਨ ਕਰਦੀ ਹੈ। ਉਸਦੀ ਕਾਵਿ-ਵੰਨਗੀ ਵੇਖਣ ਵਾਲੀ ਹੈ:-

ਪੈ ਚੱਕੀ ਆਪ ਪੀਸਾਈਐ, ਵਿੱਚ ਰੰਗਣ ਤਾਵਣ ਤਾਈਐ।
ਇਉਂ ਕਪੜ ਰੰਗ ਰੰਗਾਈਐ, ਤਾਂ ਨਾਮ ਮਜੀਠ ਸਦਾਈਐ।



Downloaded from https:// www.studiestoday.com

Downloaded from https:// www.studiestoday.com

ਇਉਂ ਪ੍ਰੇਮ ਪਿਆਲਾ ਪੀਵਣ, ਜੰਗ ਅੰਦਰ ਮਰ ਮਰ ਜੀਵਣ।
ਵਿੱਚ ਅਹਿਰਣ ਤਾਵਣ ਤਾਈਐ, ਤੇ ਅਹਰਣਿ ਸੱਟ ਸਹਾਈਐ।
ਹੋਇ ਰੂੰਈ ਆਪ ਤੁੰਬਾਈਐ, ਤਿਲ ਘਾਣੀ ਮਾਹਿ ਪੀੜਾਈਐ।

ਸ਼ਾਹ ਸ਼ਰਫ਼ ਦੀ ਕਾਵਿ-ਕਲਾ ਤੋਂ ਪ੍ਰਭਾਵਿਤ ਹੋ ਕੇ ਮੁਹੰਮਦ ਬਖ਼ਸ਼ ਉਸ ਬਾਰੇ ਟਿੱਪਣੀ ਕਰਦਾ ਹੋਇਆ ਲਿਖਦਾ ਹੈ:-

ਸੁਖ਼ਨ ਸ਼ਰਫ਼ ਸ਼ਰੀਫ ਦੇ ਰੱਜੇ, ਕੱਥੇ ਸ਼ਾਹ ਸ਼ਰਫ਼ ਦੇ।
ਪੰਥ ਪਿਆ ਨੂੰ ਰਾਹ ਦਿਖਾਵਣ, ਰਾਹਬਰ ਉਸ ਤਰਫ਼ ਦੇ।

**(ਹ) ਮੌਲਾਨਾ ਅਬਦੀ-**

ਮੌਲਾਨਾ ਅਬਦੀ ਦਾ ਪੂਰਾ ਨਾਂ ਮੌਲਾਨਾ ਮੁਹੰਮਦ ਅਬਦੁੱਲਾ ਅਬਦੀ ਸੀ। ਉਸਦੇ ਪਿਤਾ ਦਾ ਨਾਂ ਮੀਆਂ ਜਾਨ ਮੁਹੰਮਦ ਸੀ। ਉਸਦਾ ਜਨਮ ਪਿੰਡ ਮਲਕਾ ਹਾਂਸ, ਤਹਿਸੀਲ ਪਾਕਪਟਨ, ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿੱਚ ਹੋਇਆ। ਇਸੇ ਪਿੰਡ ਵਿੱਚ ਵਾਰਿਸ ਸ਼ਾਹ ਨੇ ਆਪਣੇ ਕਿੱਸੇ 'ਹੀਰ' ਦੀ ਰਚਨਾ ਕੀਤੀ ਸੀ। ਉਸਦੇ ਜਨਮ-ਮਰਨ ਸੰਬੰਧੀ ਕੋਈ ਪੱਕੀਆਂ ਤਰੀਕਾਂ ਨਹੀਂ ਮਿਲਦੀਆਂ। **ਮੌਲਾਬਖ਼ਸ਼ ਕੁਸ਼ਤਾ** ਅਨੁਸਾਰ, ਉਸਦਾ ਜਨਮ ਜਹਾਂਗੀਰ ਦੇ ਰਾਜ ਸਮੇਂ ਅਤੇ ਮੌਤ ਔਰੰਗਜ਼ੇਬ ਦੇ ਰਾਜ ਸਮੇਂ ਹੋਈ ਸੀ। ਉਸਨੂੰ ਸ਼ਰੀਅਤ ਦੀ ਵਿਆਖਿਆ ਦਾ ਉਸਤਾਦ ਮੰਨਿਆ ਜਾਂਦਾ ਹੈ। ਉਸਦੀ ਸਾਰੀ ਰਚਨਾ 'ਬਾਗ਼ ਅਨਵਾਹ' ਨਾਂ ਹੇਠ ਉਪਲਬਧ ਹੈ। ਉਸਦੀ ਕਾਵਿ-ਤੁਕ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ' ਅੱਟਲ ਸੱਚਾਈ ਦੇ ਰੂਪ ਵਿੱਚ ਲੋਕ-ਮੂੰਹਾਂ ਤੇ ਚੜ੍ਹ ਗਈ ਹੈ। ਆਪ ਦੀ ਰਚਨਾ ਦਾ ਨਮੂਨਾ ਇਸ ਪ੍ਰਕਾਰ ਹੈ:-

ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ।
ਵਿਚ ਬੇੜੇ ਛੇੜੇ ਕੱਪਰ ਵਿੱਚ, ਬਿਨ ਮਲਾਹ ਮੁਹਾਣੇ।
ਚੌਦਾਂ ਤਬਕ ਦਿਲੇ ਦੇ ਅੰਦਰ, ਤੰਬੂ ਵਾਂਗੂੰ ਤਾਣੇ।
ਜੇ ਕੋਈ ਮਹਿਰਮ ਦਿਲ ਦਾ ਹੋਵੇ, ਸੋਈ ਰੱਬ ਪਛਾਣੇ।

**(ਕ) ਦਾਨਾ-**

ਦਾਨਾ ਇਸ ਕਾਲ ਦਾ ਹੋਰ ਸੂਫ਼ੀ ਕਵੀ ਹੈ, ਜੋ ਵਜੀਦ ਦਾ ਸਮਕਾਲੀ ਸੀ। ਉਸਦੀ ਰਚਨਾ ਉੱਪਰ ਮੀਆਂ ਵਜੀਦ ਦਾ ਹੀ ਪ੍ਰਭਾਵ ਪ੍ਰਤੱਖ ਦਿੱਸਦਾ ਹੈ। ਉਸਨੇ ਵਜੀਦ ਦੇ ਕਲਾਮ ਦੀ ਨਕਲ ਕਰਦਿਆਂ ਹੀ ਆਪਣੇ ਕਾਵਿ-ਬੰਦਾਂ ਦੀ ਅਖ਼ੀਰਲੀ ਤੁਕ 'ਦਾਨਾ ਕੌਣ ਮੂਰਖ ਨੂੰ ਆਖੇ, ਇਉਂ ਨਹੀਂ ਇੰਝ ਕਰ' ਰੱਖ ਲਈ। ਉਸਦੀ ਰਚਨਾ ਦਾ ਨਾਂ 'ਮੂਰਖ ਨਾਮਾ' ਹੈ। ਉਸਦੀ ਰਚਨਾ ਦੀਆਂ ਕਾਵਿਕ ਖ਼ੂਬੀਆਂ ਵਜੀਦ ਦੀ ਨਕਲ ਹੀ ਪ੍ਰਤੀਤ ਹੁੰਦੀਆਂ ਹਨ। ਉਦਾਹਰਨ ਵਜੋਂ:-

ਸਮਾਂ ਕਾਲ ਜਾਂ ਮੂਰਖ ਦੇ ਸਿਰ ਆਇਆ।
ਤਾਂ ਲੋਭ ਦਾਮ ਦੇ ਪਕੜ ਦਾਮ ਵਿੱਚ ਪਾਇਆ।
ਮਾਲ ਦੌਲਤ ਧੰਨ ਹੁੰਦੇ, ਭਟਕੇ ਦਰ-ਬਦਰ।
ਦਾਨਾ ਕੌਣ ਮੂਰਖ ਨੂੰ ਆਖੇ, ਇਉਂ ਨਹੀਂ ਇੰਝ ਕਰ।

**(ਖ) ਹਾਜ਼ੀ ਮੁਹੰਮਦ ਭੂਰੇ ਵਾਲਾ (1552-1654 ਈ.)-**

ਹਾਜ਼ੀ ਮੁਹੰਮਦ ਨੌਸ਼ਾਹੀ ਫ਼ਿਰਕੇ ਨਾਲ ਸੰਬੰਧਿਤ ਸੀ। ਉਸਦੇ ਪਿਤਾ ਦਾ ਨਾਂ ਸੱਯਦ ਅਲਾਉੱਦੀਨ ਹਸਨ ਹਾਜੀ ਤੇ ਮਾਤਾ ਦਾ ਨਾਂ 'ਬੀਬੀ ਜਿਉਣੀ' ਸੀ। ਡਾ. ਗੁਰਦੇਵ ਸਿੰਘ ਅਨੁਸਾਰ, ਉਸਦਾ ਜਨਮ 'ਘੱਘਾਵਾਲੀ ਫਾਲੀਆ' ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਹੋਇਆ। ਉਸ ਨੂੰ 'ਬਾਬਾ ਨੌਸ਼ਾਹ ਗੰਜ ਬਖ਼ਸ਼' ਵਜੋਂ ਵੀ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਸਨੇ ਸੱਤ ਵਾਰ ਪੈਦਲ ਚੱਲ ਕੇ ਮੱਕਾ ਸ਼ਰੀਫ਼ ਦੀ ਯਾਤਰਾ (ਹੱਜ) ਕੀਤੀ ਸੀ। ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਉਸਦੀ ਬਹੁਤ ਇੱਜ਼ਤ ਕਰਦਾ ਸੀ ਤੇ ਕਿਸੇ



Downloaded from https:// www.studiestoday.com

Downloaded from https:// www.studiestoday.com

ਵੀ ਮੁਹਿੰਮ ਉੱਪਰ ਜਾਣ ਤੋਂ ਪਹਿਲਾਂ ਉਸਦਾ ਅਸ਼ੀਰਵਾਦ ਲੈਂਦਾ ਸੀ। ਪੰਜਾਬੀ ਵਿੱਚ ਉਸਦੀ ਇੱਕ ਕਾਵਿ-ਪੁਸਤਕ ਅਤੇ ਇੱਕ ਵਾਰਤਿਕ-ਪੁਸਤਕ ਲਿਖੀ ਹੋਈ ਮਿਲਦੀ ਹੈ। ਕਾਵਿ-ਪੁਸਤਕ ਦਾ ਨਾਂ 'ਕੁਲੀਆਤ ਨੌਸ਼ਾਹ' ਹੈ। ਜਿਸਦੇ 906 ਪੰਨੇ ਹਨ। ਇਸ ਵਿੱਚ 4000 ਸ਼ਿਅਰ ਹਨ। ਇਸ ਦੀ ਮਿਸਾਲ ਵੇਖਣਯੋਗ ਹੈ:-

ਜੋ ਚਾਹੇ ਜੱਗ ਜੀਵਣਾ ਤਾਂ ਜਾਗ ਅੰਧਾਰੀ ਰਾਤ,
ਅੰਧੇਰੇ ਮੂੰਹ ਪਾਈਏ ਨੌਸ਼ਾਹ ਆਬਿ-ਹਯਾਤ।

ਇਸ ਤਰ੍ਹਾਂ ਉਪਰੋਕਤ ਸੂਫ਼ੀ-ਕਵੀਆਂ ਦੀ ਰਚਨਾ ਨਾਨਕ ਕਾਲ ਵਿੱਚ ਸੂਫ਼ੀ ਕਵਿਤਾ ਦਾ ਵਿਕਾਸ ਕਰਦੀ ਹੋਈ ਪੰਜਾਬੀ ਸਾਹਿਤ ਵਿੱਚ ਵੰਨ-ਸੁਵੰਨਤਾ ਪੈਦਾ ਕਰਦੀ ਹੈ।

## 3. ਕਿੱਸਾ ਕਾਵਿ-ਧਾਰਾ

ਕਿੱਸਾ ਕਾਵਿ ਧਾਰਾ ਇਸ ਕਾਲ ਦੀ ਹੋਰ ਪ੍ਰਤੀਨਿੱਧ ਕਾਵਿ-ਧਾਰਾ ਹੈ, ਜਿਹੜੀ ਅਧਿਆਤਮਕ ਧਾਰਾਵਾਂ (ਗੁਰਮਤਿ ਤੇ ਸੂਫ਼ੀ) ਤੋਂ ਮੁਕਤ ਹੋ ਕੇ ਲੋਕ ਪੱਧਰ ਨਾਲ ਆਪਣਾ ਸੰਬੰਧ ਜੋੜਦੀ ਹੈ। ਉਂਝ ਤਾਂ ਪੰਜਾਬੀ ਸਾਹਿਤ ਦੇ ਪੂਰਵ ਨਾਨਕ ਕਾਲ ਵਿੱਚ ਕਿੱਸਾ-ਰਚਨਾ ਸੰਬੰਧੀ ਡਾ. ਮੋਹਨ ਸਿੰਘ ਦੀਵਾਨਾ ਜੀ ਸੰਕੇਤ ਕਰਦੇ ਹਨ, ਪਰੰਤੂ ਇਸ ਕਾਲ ਦਾ ਕੋਈ ਕਿੱਸਾ ਲਿਖਤੀ ਰੂਪ ਵਿੱਚ ਉਪਲਬਧ ਨਹੀਂ ਹੁੰਦਾ। ਇਸ ਲਈ ਪੰਜਾਬੀ ਕਿੱਸਾ ਕਾਵਿ ਦਾ ਆਰੰਭ ਕਿੱਸਾਕਾਰ 'ਦਮੋਦਰ' (16 ਵੀਂ ਸਦੀ) ਦੇ ਪ੍ਰਾਪਤ ਹੋਏ ਕਿੱਸੇ ਨੂੰ ਆਧਾਰ ਬਣਾ ਕੇ ਹੀ ਮੰਨਿਆ ਜਾਂਦਾ ਹੈ।

**(ੳ) ਦਮੋਦਰ-**

ਪੰਜਾਬੀ ਕਿੱਸਾ ਕਾਵਿ ਧਾਰਾ ਦਾ ਸਭ ਤੋਂ ਪਹਿਲਾ ਕਿੱਸਾਕਾਰ ਦਮੋਦਰ ਨੂੰ ਮੰਨਿਆ ਜਾਂਦਾ ਹੈ। ਪੰਜਾਬੀ ਕਿੱਸਾ ਸਾਹਿਤ ਵਿੱਚ 'ਹੀਰ-ਰਾਝਾਂ' ਦਾ ਸਭ ਤੋਂ ਪਹਿਲਾ ਕਿੱਸਾ ਦਮੋਦਰ ਨੇ ਹੀ ਰਚਿਆ। ਡਾ. ਕੁਲਬੀਰ ਸਿੰਘ ਕਾਂਗ (ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ) ਅਨੁਸਾਰ 'ਹੀਰ-ਰਾਂਝੇ' ਦੀ ਪ੍ਰੇਮ ਕਹਾਣੀ ਇਸ ਤੋਂ ਪਹਿਲਾਂ 1574 ਈ. ਵਿੱਚ ਬਾਕੀ ਕੋਲਾਬੀ ਦੁਆਰਾ ਫ਼ਾਰਸੀ ਵਿੱਚ ਲਿਖ ਦਿੱਤੀ ਸੀ ਅਤੇ ਪੰਜਾਬੀ ਸਾਹਿਤ ਵਿੱਚ 'ਹੀਰ-ਰਾਂਝੇ' ਸੰਬੰਧੀ 'ਭਾਈ ਗੁਰਦਾਸ' ਤੇ 'ਸ਼ਾਹ ਹੁਸੈਨ' ਜੀ ਦੁਆਰਾ ਵੀ ਆਪਣੀ ਰਚਨਾ ਵਿੱਚ ਜ਼ਿਕਰ ਕਰਨ ਨਾਲ ਇਸ ਕਹਾਣੀ ਦੇ ਪੁਰਾਤਨ ਹੋਣ ਦੇ ਹਵਾਲੇ ਮਿਲਦੇ ਹਨ। ਪਰ ਇਹ ਕਹਾਣੀ ਪੰਜਾਬੀ ਸਾਹਿਤ ਵਿੱਚ ਕਿੱਸੇ ਦੇ ਰੂਪ ਵਿੱਚ ਸਭ ਤੋਂ ਪਹਿਲਾਂ ਦਮੋਦਰ ਦੁਆਰਾ ਲਿਖੀ ਹੋਈ ਹੀ ਮਿਲਦੀ ਹੈ। ਇਸ ਕਾਰਨ ਪੰਜਾਬੀ ਕਿੱਸਾ ਕਾਵਿ ਅਤੇ ਹੀਰ ਦੇ ਕਿੱਸੇ ਦਾ ਸਭ ਤੋਂ ਪਹਿਲਾ ਕਿੱਸਾਕਾਰ ਦਮੋਦਰ ਨੂੰ ਹੀ ਮੰਨਿਆ ਜਾਂਦਾ ਹੈ।

**ਪ੍ਰੋ. ਕਿਰਪਾਲ ਸਿੰਘ ਕਸੇਲ** (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ) ਅਨੁਸਾਰ ਸਭ ਤੋਂ ਪਹਿਲਾਂ 'ਹੀਰ-ਦਮੋਦਰ' ਕਿੱਸਾ ਪੰਜਾਬੀ ਪਾਠਕਾਂ ਤੱਕ ਬਾਵਾ ਗੰਗਾ ਸਿੰਘ ਬੇਦੀ ਜੀ ਨੇ 1927 ਈ. ਵਿੱਚ ਪਹੁੰਚਾਇਆ। ਉਨ੍ਹਾਂ ਨੇ 'ਭਾਈ ਹਰੀ ਸਿੰਘ ਜਿਉਣਾ' (ਜ਼ਿਲ੍ਹਾ ਝੰਗ) ਅਤੇ 'ਭਾਈ ਮਤਾਬ ਸਿੰਘ' (ਸਾਕਨ ਪੈੜਾ ਬੁਲੇ, ਜ਼ਿਲ੍ਹਾ ਝੰਗ) ਪਾਸੋਂ ਪ੍ਰਾਪਤ ਦੋ ਪੁਰਾਤਨ ਹਥ ਲਿਖਤੀ ਨੁਸਖ਼ਿਆਂ ਨੂੰ ਮੇਲ ਕੇ ਇਸ ਕਿੱਸੇ ਦਾ ਪਾਠ ਤਿਆਰ ਕੀਤਾ। **ਬਾਵਾ ਬੁੱਧ ਸਿੰਘ** ਅਨੁਸਾਰ, 'ਹੀਰ ਦਮੋਦਰ' ਦੇ ਕੁਲ 990 ਬੰਦ ਸਨ, ਗੰਗਾ ਸਿੰਘ ਬੇਦੀ ਦੁਆਰਾ ਸੰਪਾਦਿਤ 'ਹੀਰ ਦਮੋਦਰ' ਵਿੱਚ 961 ਬੰਦ ਮਿਲਦੇ ਹਨ।

ਕਿੱਸਾਕਾਰ ਦਮੋਦਰ ਕੌਣ ਸੀ ? ਕਿੱਥੋਂ ਦਾ ਰਹਿਣ ਵਾਲਾ ਸੀ ? ਹੀਰ ਦਾ ਕਿੱਸਾ ਉਸਨੇ ਕਦੋਂ ਲਿਖਿਆ ? ਇਨ੍ਹਾਂ ਸੁਆਲਾਂ ਦੇ ਜੁਆਬ ਉਸਦੇ ਕਿੱਸੇ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ ਜਿਵੇਂ-

- ਨਾਉਂ ਦਮੋਦਰ ਜ਼ਾਤ ਗੁਲਾਟੀ, ਆਇਆ ਸਿੱਕ ਸਿਆਲੀਂ।
ਆਪਣੇ ਮਨ ਵਿੱਚ ਮਸਲਤ ਕੀਤੀ ਬਹਿ ਕੇ ਇਥਾਈਂ ਜਾਲੀ।
ਵੜਿਆ ਵੰਞ ਚੂਚਕ ਦੇ ਸ਼ਹਿਰੇ ਜਿੱਥੇ ਸਿਆਲ ਅਬਦਾਲੀ।



Downloaded from https:// www.studiestoday.com

Downloaded from https:// www.studiestoday.com

ਦੇਖ ਦਮੋਦਰ ਖ਼ੁਸ਼ੀ ਹੋਈ ਉਸ, ਵੇਖ ਉਨ੍ਹਾਂ ਦੀ ਚਾਲੀ।
ਉਥੇ ਕੀਤਾ ਰਹਿਣ ਦਮੋਦਰ, ਉਹ ਵਸਤ ਖ਼ੁਸ਼ੀਂ ਆਈ।
ਚੂਚਕ ਨੂੰ ਜੋ ਵੰਝ ਮਿਲਿਆ ਸੇ, ਨਾਲੇ ਕੁੰਦੀ ਤਾਈ।
ਚੂਚਕ ਬਹੁੰ ਦਿਲਾਸਾ ਦਿੱਤਾ, ਤਾਂ ਦਿਲਗੀਰੀ ਲਾਹੀ।
ਆਖ ਦਮੋਦਰ ਹੋਇਆ ਦਿਲਾਸਾ, ਤਾਂ ਹੱਟੀ ਉੱਥੇ ਪਾਈ।

– ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਈ।
-- -- --
ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨ ਹੁੱਜਤ ਕਾਈ।
-- -- --
ਅਕਬਰ ਸ਼ਾਹ ਦਾ ਰਾਜ ਵਡੇਰਾ, ਜੇ ਤੈਨੂੰ ਕਜ਼ਾ ਦਿਵਾਈ।

– ਵੇਖ ਦਮੋਦਰ ਹੀਰੇ ਦੀ ਚਾਲੀ, ਕਿੱਸਾ ਆਣ ਬਣਾਏ।
-- -- --
ਆਖ ਦਮੋਦਰ ਮੈਂ ਅੱਖੀ ਡਿੱਠਾ, ਲੱਗੀ ਹੋਣ ਲੜਾਈ।
-- -- --
ਆਖ ਦਮੋਦਰ ਮੈਂ ਪੜ੍ਹਿਆਂ ਡਿੱਠਾ, ਜੋ ਸਿਰ ਸਲੇਟੀ ਦੇ ਆਈ।
-- -- --
ਅੱਖੀਂ ਡਿੱਠਾ ਕਿੱਸਾ ਕੀਤਾ, ਮੈਂ ਤਾਂ ਗੁਣੀ ਨਾ ਕਾਈ।
-- -- --
ਅਸਾਂ ਮੂੰਹੋਂ ਅਲਾਇਆ ਉਹੋ, ਜੋ ਕੁਝ ਨਜ਼ਰ ਪਾਇਉਈ।

– ਪੰਦਰਾਂ ਸੌ ਉੱਨਤੀ ਆਹਾ, ਬਿਕਰਮੀ ਸੰਮਤ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ, ਝੇੜੇ ਰੱਬ ਚੁਕਾਏ।

ਉਪਰੋਕਤ 'ਹੀਰ-ਦਮੋਦਰ' ਵਿੱਚ ਮਿਲਦੇ ਹਵਾਲਿਆਂ ਦੇ ਆਧਾਰ 'ਤੇ ਦਮੋਦਰ ਆਪਣੇ ਆਪ ਨੂੰ ਅਕਬਰ ਦਾ ਸਮਕਾਲੀ ਅਤੇ ਜ਼ਾਤ ਦਾ 'ਗੁਲਾਟੀ ਅਰੋੜਾ' ਦੱਸਦਾ ਹੈ। ਉਹ ਹੀਰ ਦੇ ਪਿੰਡ 'ਝੰਗ- ਸਿਆਲ' ਵਿੱਚ ਹੱਟੀ ਪਾ ਕੇ ਆਪਣੇ ਆਪ ਨੂੰ ਦੁਕਾਨਦਾਰ ਲਿਖਦਾ ਹੈ ਤੇ ਹੀਰ-ਰਾਂਝੇ ਦੀ ਸਾਰੀ ਕਥਾ ਆਪਣੀਆਂ ਅੱਖਾਂ ਦੇ ਸਾਹਮਣੇ ਵਾਪਰੀ ਹੋਣ ਦਾ ਵਿਸ਼ਵਾਸ਼ ਦਿਲਾਉਂਦਾ ਹੈ। ਕਿੱਸੇ ਵਿੱਚ ਆਏ ਹਵਾਲੇ ਮੁਤਾਬਿਕ ਉਹ ਕਿੱਸੇ ਦਾ ਰਚਨਾਕਾਲ 1529 ਬਿਕਰਮੀ ਸੰਮਤ ਅਰਥਾਤ 1472 ਈ. ਦੱਸਦਾ ਹੈ।

ਇਸ ਤਰ੍ਹਾਂ ਜਦੋਂ ਅਸੀਂ 'ਹੀਰ-ਦਮੋਦਰ' ਵਿੱਚ ਆਏ ਇਨ੍ਹਾਂ ਹਵਾਲਿਆਂ ਨੂੰ ਇਤਿਹਾਸਕ ਤੱਥਾਂ ਤੇ ਵਿਦਵਾਨਾਂ ਦੀ ਪੜਚੋਲ ਦੇ ਆਧਾਰ 'ਤੇ ਪਰਖਦੇ ਹਾਂ ਤਾਂ ਇਹ ਹਵਾਲੇ ਉਸਦੀ ਕਾਵਿ-ਜੁਗਤ ਵਧੇਰੇ ਲੱਗਦੇ ਹਨ, ਜੋ ਉਸਨੇ ਆਪਣੇ ਕਿੱਸੇ ਨੂੰ ਪ੍ਰਮਾਣਿਕਤਾ ਦੇਣ ਦੇ ਲਿਹਾਜ਼ ਨਾਲ ਵਰਤੇ ਹਨ। **ਮੌਲਾ ਬਖ਼ਸ਼ ਕੁਸ਼ਤਾ** ਅਨੁਸਾਰ, ਹੀਰ ਰਾਂਝੇ ਦੀ ਕਥਾ ਬਹਿਲੋਲ ਲੋਧੀ ਦੇ ਰਾਜ ਸਮੇਂ (1450-1488) ਵਾਪਰੀ। ਉਹ ਲਿਖਦਾ ਹੈ ਕਿ 'ਤਾਰੀਖ਼ ਝੰਗ ਸਿਆਲ' ਵਿੱਚ ਹੀਰ ਦੇ ਮਰਨ ਦਾ ਸਾਲ 1452 ਈ. ਲਿਖਿਆ ਹੋਇਆ ਹੈ। ਇਸ ਤੋ ਬਿਨਾਂ ਸਰ ਰਿਚਰਡ ਟੈਂਪਲ ਨੇ ਆਪਣੀ ਪੁਸਤਕ 'ਲੀਜ਼ੈਂਡਸ ਆਫ਼ ਦੀ ਪੰਜਾਬ' (1884-1889 ਈ.) ਵਿੱਚ ਇਸ ਕਿੱਸੇ ਜ਼ਿਕਰ ਕੀਤਾ ਹੈ ਤੇ ਇਸ ਵਿੱਚ ਦਮੋਦਰ ਨੂੰ ਹੀਰ ਦੇ ਪਿੰਡ ਦਾ 'ਪਟਵਾਰੀ' ਲਿਖਿਆ ਗਿਆ ਹੈ।

ਸੋ ਸਿੱਧ ਹੈ 'ਹੀਰ ਦਮੋਦਰ' ਵਿੱਚ ਆਏ ਸਾਰੇ ਹਵਾਲੇ ਦਮੋਦਰ ਦੀ 'ਕਾਵਿ-ਜੁਗਤ' ਵੱਲ ਹੀ ਇਸ਼ਾਰਾ ਕਰਦੇ ਹਨ। ਇਸ ਸੰਬੰਧੀ **ਡਾ. ਕੁਲਬੀਰ ਸਿੰਘ ਕਾਂਗ** (ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ) ਵਿੱਚ ਨਿਸ਼ਕਰਸ਼ ਕੱਢਦੇ ਹੋਏ ਲਿਖਦੇ ਹਨ ਕਿ,

" ਦਮੋਦਰ ਦਾ ਇਹ ਦਾਅਵਾ ਬਿਲਕੁਲ ਨਿਰਮੂਲ ਹੈ। ਇੱਕ ਕਵੀ ਆਪਣੇ ਪਾਤਰਾਂ ਨਾਲ ਥਾਂ-



Downloaded from https:// www.studiestoday.com

Downloaded from https:// www.studiestoday.com

ਥਾਂ ਘੁੰਮ ਰਿਹਾ ਹੈ। ਹੈਰਾਨੀ ਹੈ ਕਿ ਉਸ ਨੂੰ ਕੋਈ ਹੋਰ ਕੰਮ ਨਹੀਂ। ਉਹ ਤਖ਼ਤ ਹਜ਼ਾਰੇ ਰਾਂਝੇ ਦਾ ਹੁਸਨ ਵੀ ਵੇਖਣ ਗਿਆ, ਹੀਰ ਦੀ ਬਾਲ-ਲੀਲ੍ਹਾ ਵੀ ਵੇਖਦਾ ਰਿਹਾ, ਫੇਰ ਮੁਕੱਦਮੇ ਵੇਲੇ ਕੋਟ ਕਬੂਲੇ ਵੀ ਪਹੁੰਚ ਗਿਆ। ਜੇ ਉਹ (ਆਪਣੇ ਕਥਨ ਅਨੁਸਾਰ) ਦੁਕਾਨਦਾਰ ਸੀ ਤਾਂ ਉਹ ਦੁਕਾਨਦਾਰੀ ਕਾਹਦੀ ਕਰਦਾ ਸੀ।" ਇਸ ਤਰ੍ਹਾਂ ਡਾ. ਕੁਲਬੀਰ ਸਿੰਘ ਕਾਂਗ, ਦਮੋਦਰ ਦੇ ਕਿੱਸੇ ਦਾ ਰਚਨਾਕਾਲ 1605 ਈ. ਦੇ ਨੇੜੇ - ਤੇੜੇ ਦਾ ਮੰਨਦੇ ਹਨ।

ਦਮੋਦਰ ਦਾ ਕਿੱਸਾ 'ਦਵੱਈਆ' ਛੰਦ ਵਿੱਚ ਹੈ, ਜਿਸ ਦੀਆਂ 28 ਮਾਤਰਾਵਾਂ ਹਨ। ਇਸ ਦੀ ਬੋਲੀ ਝਾਂਗੀ ਜਾਂ

ਲਹਿੰਦੀ ਪੰਜਾਬੀ ਹੈ, ਜਿਸ ਵਿੱਚ ਫ਼ਾਰਸੀ ਦੇ ਤਤਸਮ ਸ਼ਬਦਾਂ ਦਾ ਵੀ ਪ੍ਰਯੋਗ ਹੈ। ਪ੍ਰਸ਼ਨੋਤਰੀ/ਨਾਟਕੀ ਸ਼ੈਲੀ ਦੀ ਵਰਤੋਂ ਹੈ। ਕਲਾ ਪੱਖੋਂ ਕਿੱਸਾ ਵਰਣਨਯੋਗ ਹੈ। ਕਿੱਸਾ ਸੰਜਮ, ਸੰਕੋਚ, ਸੰਖੇਪਤਾ ਅਤੇ ਕਾਵਿ ਸੁਹਜ ਪੱਖੋਂ ਸ੍ਰੇਸ਼ਟ ਹੈ। ਕਿੱਸੇ ਵਿੱਚ ਪਾਤਰਾਂ ਦੀ ਉਸਾਰੀ ਮਨੋਵਿਗਿਆਨਕ ਢੰਗ ਨਾਲ ਕੀਤੀ ਗਈ ਹੈ। ਪੰਜਾਬ ਦੀ ਪੇਂਡੂ ਸੱਭਿਅਤਾ ਤੇ ਸਭਿਆਚਾਰ, ਰੀਤਾਂ, ਰਸਮਾਂ, ਜ਼ਾਤਾਂ, ਗੋਤਾਂ ਅਤੇ ਕਿੱਤਿਆਂ ਆਦਿ ਦੀ ਪੇਸ਼ਕਾਰੀ ਵਿੱਚ ਸਜੀਵਤਾ ਵਿੱਦਮਾਨ ਹੈ।

'ਹੀਰ-ਦਮੋਦਰ' ਦੀ ਸ਼ੁਰੂਆਤ 'ਮੰਗਲਾਚਰਨ' ਨਾਲ ਹੁੰਦੀ ਹੈ। ਜਿਸ ਵਿੱਚ ਇਸਲਾਮੀ ਕਿੱਸਾ ਪਰੰਪਰਾ ਤੋਂ ਛੁੱਟ ਸਭ ਦੇ ਸਾਂਝੇ ਰੱਬ 'ਸਾਹਿਬ' ਦੀ ਉਪਮਾ ਹੀ ਕੀਤੀ ਗਈ ਹੈ-

"ਅਵਲ ਨਾਮ ਸਾਹਿਬ ਦਾ ਲਈਏ ਜਿਨ ਏਹ ਜਗਤ ਉਪਾਯਾ।"

ਦਮੋਦਰ ਨੇ ਮੰਗਲਾਚਰਨ ਤੋਂ ਬਾਅਦ ਕਿੱਸੇ ਦੀ ਕਹਾਣੀ ਨੂੰ ਬੜੇ ਵੇਗਮਈ ਅੰਦਾਜ਼ ਵਿੱਚ ਸਮੇਟਿਆ ਹੈ-

ਦੋ ਵਰ੍ਹਿਆਂ ਦੀ ਛੋਹਿਰ ਹੋਈ, ਢੁੱਕ ਰਹੀਆਂ ਕੁੜਮਾਈਆਂ।  
ਚੌਂਹ ਵਰ੍ਹਿਆਂ ਦੀ ਛੋਹਿਰ ਹੋਈ, ਗੱਲ੍ਹਾਂ ਕਰੇ ਸਚਿਆਈਆਂ।  
ਛੇਆਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਦਰ ਦਰ ਕੂਕਾਂ ਪਾਈਆਂ।  
ਦਸਾਂ ਵਰ੍ਹਿਆਂ ਦੀ ਛੋਹਿਰ ਹੋਈ, ਚਾਰੇ ਨਈਂ ਨਿਵਾਈਆਂ।  
ਬਾਰ੍ਹਾਂ ਵਰ੍ਹਿਆਂ ਦੀ ਛੋਹਿਰ ਹੋਈ, ਤਾਂ ਰਾਂਝੇ ਅੱਖੀਆਂ ਲਾਈਆਂ।

ਇਸ ਵਿੱਚ ਕਹਾਣੀ ਦੀ ਸੰਖੇਪਤਾ ਦੇ ਨਾਲ-ਨਾਲ ਹੀਰ ਦੀ ਸੁੰਦਰਤਾ ਦਾ ਵੀ ਬੜਾ ਢੁਕਵਾਂ ਵਰਣਨ ਹੈ। ਕਿੱਸਾਕਾਰ ਨੇ ਹੀਰ ਦਾ ਰਾਂਝੇ ਉੱਤੇ ਮੋਹਿਤ ਹੋਣ ਦਾ ਚਿਤਰਨ ਬੜਾ ਮਨੋ ਵਿਗਿਆਨਕ ਢੰਗ ਨਾਲ ਚਿਤਰਿਆ ਹੈ-

ਤਾਂ ਚੋਰੀ ਵੇਖੇ ਹੀਰ ਸਿਆਲੀ ਮੂੰਹੋਂ ਨ ਕੁਝ ਅਲਾਏ।  
ਧਰਤੀ ਉੱਤੇ ਲੀਕਾਂ ਖੱਟੇ ਆਖ ਨ ਮੂੰਹੋਂ ਸੁਣਾਏ।  
ਅੰਦਰ ਗੱਲ ਹੰਢਾਏ ਨੀਂਗਰ ਦਿਲ ਵਿੱਚ ਫਿਕਰ ਟਿਕਾਏ।  
ਜੇ ਸਚ ਜਾਣਾ ਸਿਰਜਣਹਾਰਾ ਤਾਂ ਪੀਰਾਂ ਇਹ ਪੱਲੂ ਪਾਏ।

ਰਾਂਝੇ ਤੇ ਹੀਰ ਦੇ ਪਿਆਰ ਦੀ ਗੱਲ ਫੈਲਣ ਦੀ ਖ਼ਬਰ ਨੂੰ ਵੀ ਦਮੋਦਰ ਨੇ ਬੜੇ ਕਲਾਤਮਿਕ ਅੰਦਾਜ਼ ਵਿੱਚ ਸਿਰਜਿਆ ਹੈ-

ਹੁੱਲੇ ਹੀਰੇ ਹੁੱਲੀ ਭੈਣੇ ਗੱਲ ਤੁਸਾਡੀ ਹੁੱਲੀ।  
ਹੁਣੇ ਤਾਂ ਚੂਚਕ ਬਾਪ ਸੁਣੇਂਦਾ ਤਾਮ ਪੱਕੇ ਨਾ ਚੁਲ੍ਹੀ।  
ਚਾਕਾਂ ਨਾਲ ਕਰੇਂ ਅਸ਼ਨਾਈ ਫਿਰਨੀ ਏਂ ਕੇਸੋਂ ਖੁੱਲ੍ਹੀ।



Downloaded from https:// www.studiestoday.com

Downloaded from https:// www.studiestoday.com

ਸੁਣ ਤੂੰ ਸਚ ਸਿਆਣੀ ਕੁੜੀਏ ਚਾਕਾਂ ਉੱਤੇ ਡੁਲ੍ਹੀ।

ਇਸ ਤੋਂ ਬਿਨਾਂ ਦਮੋਦਰ ਨੇ ਰਾਂਝੇ ਦੀ ਸੁੰਦਰਤਾ ਵੀ ਬੜੀ ਰੀਝ ਨਾਲ ਚਿਤਰੀ ਹੈ ਉਸ ਨੂੰ ਵੇਖਣ ਵਾਲੇ ਸਭ ਇਸਤਰੀ-ਮਰਦ ਮੋਹਿਤ ਹੋ ਜਾਂਦੇ ਸਨ-

ਜੇ ਧੀਦੋ ਚੜ੍ਹੇ ਘੋੜੇ, ਬਾਹਰ ਪੰਖੀ ਨਾ ਠਹਿਰਾਹਿਣ।
ਨਰ ਨਾਰੀ ਜੋ ਕੋਈ ਦੇਖੇ, ਪਲ ਨ ਪਲਕਾ ਲਾਇਣ।
-- -- --
ਘਿੰਨ ਘੜਾ ਸਿਰ ਉੱਤੋਂ ਮਾਏ, ਨਹੀਂ ਤਾਂ ਭੋਇੰ ਮਰੇਂਦੀ।
ਵਿਚ ਮਸੀਤੇ ਚੰਦ ਫਥੋਈ, ਮੈਂ ਵਰ ਨਹੀਂਏ ਦੇਂਦੀ।

'ਹੀਰ-ਦਮੋਦਰ' ਵਿੱਚ ਕਿੱਸਾਕਾਰ ਨੇ ਹੀਰ ਦੇ ਰਾਂਝੇ ਪ੍ਰਤੀ ਪਿਆਰ ਨੂੰ 'ਸੂਫੀਆਨਾ ਅੰਦਾਜ਼' ਵਿੱਚ ਬਿਆਨ ਕੀਤਾ ਹੈ ਤੇ ਸਭ ਸਾਕ-ਸੰਬੰਧੀਆਂ ਤੋਂ ਬੇਸੁੱਧ ਹੋਈ ਹੀਰ ਨੂੰ ਇਸ਼ਕ ਦੇ ਰੰਗ ਵਿੱਚ ਰੰਗੀ ਨੂੰ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ-

ਨਾ ਕੋਈ ਆਖਹੁ 'ਹੀਰੇ' ਮੈਨੂੰ, ਨਾ ਕੋਈ ਆਖ ਸਲੇਟੀ।
ਜਾਤ ਸਨਾਤ ਪਛਾਣੋਂ ਨਾਹੀਂ, ਮੈਂ ਚਾਕੇ ਨਾਲ ਚਕੇਟੀ।
ਕਦੋਂ ਚੂਚਕ ਮਾਂ ਪਿਉ ਮੈਂਡਾ ਮੈਂ ਕਦਣ ਉਨ੍ਹਾਂ ਦੀ ਬੇਟੀ।
ਦਾਵਣ ਆਣ ਲਗੀ ਲੜ ਤੈਂਡੇ ਜੇ ਪਵਾਂ ਕਬੂਲ ਜਟੇਟੀ।

ਦਮੋਦਰ ਦੀ ਹੀਰ ਵਿੱਚ ਸ਼ਿੰਗਾਰ ਰਸ, ਕਰੁਣਾ ਰਸ ਤੇ ਬੀਰ-ਰਸ ਆਦਿ ਦੇ ਨਾਲ-ਨਾਲ ਅਲੰਕਾਰਿਕ ਵਰਤੋਂ ਵੀ ਬੇਮਿਸਾਲ ਹੈ। ਦਮੋਦਰ ਨੇ ਕਿੱਸੇ ਦਾ ਅੰਤ ਸੁਖਾਂਤਕ ਕੀਤਾ ਹੈ, ਜੋ ਕਿੱਸੇ ਨੂੰ ਹਿੰਦੂ ਮਿਥਿਹਾਸ ਤੇ ਭਾਰਤੀ ਪ੍ਰੇਮਾਖਿਆਨ ਪਰੰਪਰਾ ਨਾਲ ਜੋੜਦਾ ਪ੍ਰਤੀਤ ਹੁੰਦਾ ਹੈ। ਕਿੱਸੇ ਦੇ ਅਖ਼ੀਰ ਵਿੱਚ ਵੀ ਦਮੋਦਰ 'ਅੱਖੀ ਡਿੱਠੀ' ਜੁਗਤ ਰਾਹੀਂ ਇਸ ਦਾ ਹਵਾਲਾ ਪੇਸ਼ ਕਰਦਾ ਹੈ-

ਆਖ ਦਮੋਦਰ ਅੱਖੀਂ ਡਿੱਠਾ, ਜੋ ਲੰਮੀ ਤਰਫ਼ ਸਿਧਾਏ।
ਜਾਂ ਕੋਹ ਤ੍ਰੈ ਗਏ ਅਗੇਰੇ, ਤਾਂ ਅਸੀਂ ਵੀ ਨਾਲੇ ਆਹੇ।

**(ਅ) ਪੀਲੂ-**

'ਮਿਰਜ਼ਾ-ਸਾਹਿਬਾ' ਦਾ ਸਭ ਤੋਂ ਪਹਿਲਾ ਕਿੱਸਾ ਪੀਲੂ ਦੁਆਰਾ ਹੀ ਲਿਖਿਆ ਗਿਆ। ਪੀਲੂ ਦੇ ਜੀਵਨ ਸੰਬੰਧੀ ਕੋਈ ਵੀ ਜਾਣਕਾਰੀ ਉਪਲਬਧ ਨਹੀਂ, ਵਿਦਵਾਨਾਂ ਦੇ ਅਨੁਮਾਨਾਂ ਅਤੇ ਹੋਰ ਕਿੱਸਾ ਕਵੀਆਂ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਦੇ ਆਧਾਰ 'ਤੇ ਹੀ ਅਸੀਂ ਪੀਲੂ ਸੰਬੰਧੀ ਕੁਝ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

ਡਾ. ਜੀਤ ਸਿੰਘ ਸੀਤਲ (ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਇਤਿਹਾਸ) ਅਨੁਸਾਰ, ਪੀਲੂ ਕੌਮ ਦਾ ਮੁਸਲਮਾਨ ਜੱਟ ਸੀ ਅਤੇ ਪਿੰਡ ਵੈਰੋਵਾਲ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ। ਉਹ ਅਕਬਰ ਤੇ ਜਹਾਂਗੀਰ ਬਾਦਸ਼ਾਹ (1556-1627 ਈ.) ਦੇ ਰਾਜ ਸਮੇਂ ਹੋਇਆ।

ਪੀਲੂ ਦਾ ਪਾਰਕਾਲੀ ਕਿੱਸਾਕਾਰ ਹਾਫਿਜ਼ ਬਰਖ਼ੁਰਦਾਰ, ਜੋ 1676 ਈ. ਅਰਥਾਤ ਔਰੰਗਜ਼ੇਬ ਦੇ ਰਾਜ ਸਮੇਂ ਹੋਇਆ ਸੀ, ਪੀਲੂ ਦੀ ਤਾਰੀਫ਼ ਵਿੱਚ ਲਿਖਦਾ ਹੈ-

ਯਾਰੋਂ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਣ।
ਉਹਨੂੰ ਪੰਜਾਂ ਪੀਰਾਂ ਦੀ ਥਾਪਨਾ, ਕੰਧੀ ਦਸਤ ਧਰੇਣ।



Downloaded from https:// www.studiestoday.com

Downloaded from https:// www.studiestoday.com

ਕਿੱਸਾਕਾਰ ਅਹਿਮਦਯਾਰ, ਜੋ ਪੀਲੂ ਤੋਂ ਬਹੁਤ ਬਾਅਦ ਵਿੱਚ ਹੋਇਆ, ਉਹ ਵੀ ਪੀਲੂ ਦੀ ਵਡਿਆਈ ਵਿੱਚ ਲਿਖਦਾ ਹੈ-

ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿੱਚ ਸੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਹ ਪਾਸੇ, ਕਿਸੇ ਫ਼ਕੀਰ ਵਲ਼ੀ ਦੀ।

ਇਸੇ ਪ੍ਰਕਾਰ **ਸੈਫੂਲ ਮਲੂਕ** ਦਾ ਕਰਤਾ **ਮੁਹੰਮਦ ਬਖ਼ਸ਼** ਵੀ ਪੀਲੂ ਦੀ ਉਸਤਤ ਵਿੱਚ ਬਿਆਨ ਕਰਦਾ ਹੈ-

ਛੜੀ ਛਿੜੀ ਗੱਲ ਆਖੀ ਲੇਕਿਨ ਜੋ ਆਖੀ ਸੋ ਹੱਛੀ।
ਪੀਲੂ ਸੁਥਰਾ ਪਹਿਲੇ ਹੋਏ, ਬਹੁਤ ਜ਼ਿਮੀ ਕਦ ਕੱਛੀ।

ਇਸਦੇ ਨਾਲ ਹੀ ਸਾਹਿਤ ਦੇ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਸਮੇਂ ਇੱਕ ਪੀਲੂ ਭਗਤ ਆਪਣੀ ਰਚਨਾ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕਰਾਉਣ ਲਈ ਗਏ ਸਨ, ਪਰ ਉਸ ਵਿੱਚ ਇਸਤਰੀ ਨਿੰਦਿਆ ਹੋਣ ਅਤੇ ਗੁਰਮਤਿ ਦੇ ਆਸ਼ੇ ਦੇ ਅਨੁਕੂਲ ਨਾ ਹੋਣ ਕਰਕੇ ਉਸਨੂੰ ਸ਼ਾਮਿਲ ਨਹੀਂ ਕੀਤਾ ਗਿਆ। ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਪੀਲੂ ਭਗਤ ਹੀ ਕਿੱਸਾਕਾਰ ਪੀਲੂ ਹੈ।

ਪੀਲੂ ਦਾ ਇਕੋ ਇਕ ਕਿੱਸਾ 'ਮਿਰਜ਼ਾ ਸਾਹਿਬਾ' ਹੀ ਮਿਲਦਾ ਹੈ ਪਰੰਤੂ ਇਸਦਾ ਕੋਈ ਵੀ ਮੂਲ ਖ਼ਰੜਾ ਪ੍ਰਾਪਤ ਨਹੀਂ। ਇਹ ਢਾਡੀਆਂ, ਮਰਾਸੀਆਂ ਤੇ ਕਵੀਸ਼ਰਾਂ ਰਾਹੀਂ ਲੋਕ ਮੂੰਹਾਂ ਤੇ ਚੜ੍ਹ ਕੇ ਸੁਣੇ-ਸੁਣਾਏ ਰੂਪ ਵਿੱਚ ਹੀ ਵੀਹਵੀਂ ਸਦੀ ਤੱਕ ਪਹੁੰਚਿਆ। ਇਸ ਨੂੰ ਸਭ ਤੋਂ ਪਹਿਲਾਂ **ਸਵਿਨਰਟਨ** ਨੇ ਆਪਣੀ ਪੁਸਤਕ 'ਰੋਮਾਂਟਿਕ ਟੇਲਜ਼ ਆਫ ਦੀ ਪੰਜਾਬ' ਵਿੱਚ ਲਿਖਤੀ ਰੂਪ ਪ੍ਰਦਾਨ ਕੀਤਾ। ਇਸ ਦੇ ਨਾਲ ਹੀ **ਸਰ ਰਿਚਰਡ ਟੈਂਪਲ** ਨੇ ਵੀ ਆਪਣੀ ਪੁਸਤਕ 'ਲੀਜੈਂਡਸ ਆਫ਼ ਦੀ ਪੰਜਾਬ' ਵਿੱਚ ਪੀਲੂ ਦੇ ਕਿੱਸੇ ਦੇ ਕੁਝ ਅੰਸ਼ ਪ੍ਰਕਾਸ਼ਿਤ ਕੀਤੇ। ਪੀਲੂ ਦਾ ਇਹ ਕਿੱਸਾ ਅਧੂਰੇ ਰੂਪ ਵਿੱਚ ਹੀ ਪ੍ਰਾਪਤ ਹੈ, ਜਿਸ ਵਿੱਚ ਕਹਾਣੀ ਦੀ ਨਿਰੰਤਰਤਾ ਕਈਂ ਥਾਈਂ ਟੁੱਟਦੀ ਹੈ।

ਪੀਲੂ ਦਾ ਕਿੱਸਾ ਮਿਰਜ਼ਾ-ਸਾਹਿਬਾ ਵੀ ਹੀਰ-ਦਮੋਦਰ ਵਾਂਗ ਸੰਖੇਪਤਾ ਤੇ ਸੰਜਮਤਾ ਦੇ ਗੁਣਾਂ ਦਾ ਧਾਰਨੀ ਹੈ। ਕਹਾਣੀ ਦਾ ਬਿਆਨ ਸੰਕੇਤਮਈ ਹੈ। ਪੀਲੂ ਕਹਾਣੀ ਦੇ ਆਰੰਭ ਵਿੱਚ ਮਿਰਜ਼ਾ-ਸਾਹਿਬਾ ਦੇ ਪ੍ਰੇਮ ਦੀ ਤੰਦ ਬੜੇ ਥੋੜ੍ਹੇ ਸੰਕੇਤਕ ਲਫ਼ਜ਼ਾਂ ਵਿੱਚ ਹੀ ਬਿਆਨ ਕਰ ਜਾਂਦਾ ਹੈ-

ਸਾਹਿਬਾ ਪੜ੍ਹੇ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ।
ਵਿਚ ਮਸੀਤ ਦੇ ਲੱਗੀਆਂ ਜਾਣੇ ਕੁਲ ਜਹਾਨ।

ਘੱਟ ਤੋਂ ਘੱਟ ਸ਼ਬਦਾਂ ਵਿੱਚ ਬਹੁਤ ਕੁਝ ਕਹਿ ਜਾਣਾ ਹੀ ਸੂਤ੍ਰਿਕ ਸ਼ੈਲੀ ਦਾ ਕਮਾਲ ਹੈ ਤੇ ਪੀਲੂ ਇਸ ਵਿੱਚ ਪੂਰੀ ਤਰ੍ਹਾਂ ਸਮਰੱਥ ਜਾਪਦਾ ਹੈ। ਪੀਲੂ ਕਿੱਸੇ ਵਿੱਚ ਸਾਹਿਬਾ ਦੀ ਸੁੰਦਰਤਾ ਨੂੰ ਬੜੀ ਰੀਝ ਨਾਲ ਪੇਸ਼ ਕਰਦਾ ਹੈ-

ਸਾਹਿਬਾਂ ਗਈ ਤੇਲ ਨੂੰ ਗਈ ਪਸਾਰੀ ਦੀ ਹੱਟ।
ਫੜ ਨਾ ਜਾਣੇ ਤੱਕੜੀ, ਹਾੜ ਨਾ ਜਾਣੇ ਵੱਟ।
ਤੇਲ ਭੁਲਾਵੇਂ ਭੁਲਾ ਬਾਣੀਆਂ, ਦਿੱਤਾ ਸ਼ਹਿਦ ਉਲੱਟ।
ਵਣਜ ਗਵਾ ਲਏ ਬਾਣੀਆਂ, ਬਲ੍ਹਦ ਗੰਵਾਇ ਜੱਟ।
ਤਿੰਨ ਸੌ ਨਾਂਗਾ ਪਿੜ ਰਿਹਾ, ਹੋ ਗਏ ਚੌੜ ਚੁਪੱਟ।

ਸਾਹਿਬਾਂ ਦੀ ਤਾਰੀਫ਼ ਪੀਲੂ ਨੇ ਮਿਰਜ਼ੇ ਦੇ ਮੂੰਹੋਂ ਵੀ ਇੰਜ ਕਰਵਾਈ ਹੈ-



Downloaded from https:// www.studiestoday.com

Downloaded from https:// www.studiestoday.com

ਕੱਢ ਕਲੇਜਾ ਲੈ ਗਈ, ਖ਼ਾਨ ਖੀਵੇ ਦੀ ਧੀ।
ਗਜ਼ ਗਜ਼ ਲੰਮੀਆਂ ਮੀਢੀਆਂ, ਰੰਗ ਜੋ ਗੋਰਾ ਸੀ।
ਜੋ ਦੇਵੇ ਪਿਆਲਾ ਜ਼ਹਿਰ ਦਾ, ਮੈਂ ਮਿਰਜ਼ਾ ਲੈਂਦਾ ਪੀ।
ਜੇ ਮਾਰੇ ਬਰਛੀ ਕੱਸ ਕੇ, ਕਦੇ ਨਾ ਕਰਦਾ ਸੀ।

ਪੀਲੂ ਦਾ ਮਿਰਜ਼ਾ ਇਸ਼ਕ ਨੂੰ ਬਹਾਦਰੀ ਨਾਲ ਨੇਪਰੇ ਚਾੜ੍ਹਨਾ ਚਾਹੁੰਦਾ ਹੈ, ਇਸ ਲਈ ਉਹ ਸਾਹਿਬਾ ਲਈ ਉਸਦੇ ਮਾਪਿਆਂ ਦੀਆਂ ਮਿੰਨਤਾ-ਤਰਲੇ ਕਰਨ 'ਤੇ ਵਿਸ਼ਵਾਸ਼ ਨਹੀਂ ਕਰਦਾ ਹੈ। ਉਸਨੂੰ ਆਪਦੀ ਬਹਾਦਰੀ ਤੇ ਸੂਰਮਤਾਈ 'ਤੇ ਵਿਸ਼ਵਾਸ਼ ਹੈ। ਪੀਲੂ ਨੇ ਇਸੇ ਭਾਵ ਅਧੀਨ ਕਿੱਸੇ ਦੇ ਆਰੰਭ ਤੋਂ ਹੀ ਮਿਰਜ਼ੇ ਨੂੰ ਬਹਾਦਰੀ ਤੇ ਦਲੇਰੀ ਦੇ ਪ੍ਰਤੀਕ ਵਜੋਂ ਚਿਤਰਿਆ ਹੈ। ਕਵੀ ਦੁਆਰਾ 'ਮਿਰਜ਼ੇ ਦੀ ਸੁੰਦਰਤਾ' ਦਾ ਚਿਤਰਨ ਉਸਦੀ ਬਹਾਦਰੀ ਵੱਲ ਹੀ ਸੰਕੇਤ ਕਰਦਾ ਹੈ-

ਜਨਮ ਦਿੱਤਾ ਮਾਈ ਬਾਪ ਨੇ ਰੂਪ ਦਿੱਤਾ ਕਰਤਾਰ।
ਐਸਾ ਮਿਰਜ਼ਾ ਸੂਰਮਾ ਖਰਲਾਂ ਦਾ ਸਰਦਾਰ।

ਮਿਰਜ਼ੇ ਦੀ ਬੱਕੀ ਪ੍ਰਤੀ ਉਚਾਰੇ ਸ਼ਬਦ ਵੀ ਉਸਦੀ ਬਹਾਦਰੀ ਤੇ ਤਾਕਤ ਦਾ ਆਭਾਸ ਕਰਾਉਂਦੇ ਹਨ:-

ਦੋ ਮੱਝੀਆਂ ਦਾ ਘਿਉ ਦਿੱਤਾ ਬੱਕੀ ਦੇ ਢਿੱਡ ਪਾ।
ਮੇਰੀ ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ।

ਪੀਲੂ ਨੇ ਕਿੱਸਾ-ਕਾਵਿ ਦੀ ਪ੍ਰਚਲਿਤ ਰੂੜ੍ਹੀ ਮੁਤਾਬਿਕ 'ਇਸਤਰੀ-ਨਿੰਦਾਂ' ਵੀ ਆਪਣੇ ਕਿੱਸੇ ਵਿੱਚ ਪੇਸ਼ ਕੀਤੀ ਹੈ-

ਚੜ੍ਹਦੇ ਮਿਰਜ਼ੇ ਖ਼ਾਨ ਨੂੰ, ਜੱਟ ਵੰਝਲ ਦੇਂਦਾ ਮੱਤ।
ਭੱਠ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ।
ਹੱਸ-ਹੱਸ ਲਾਉਂਦੀਆ ਯਾਰੀਆਂ, ਰੋ-ਰੋ ਦੇਂਦੀਆਂ ਦੱਸ।
ਲੱਥੀਂ ਹੱਥ ਨਾ ਆਂਵਦੀ, ਦਾਨਸ਼ਮੰਦਾਂ ਦੀ ਪੱਤ।

ਇਸ ਤਰ੍ਹਾਂ ਪੀਲੂ ਦਾ ਕਿੱਸਾ ਜਿੱਥੇ ਮਿਰਜ਼ੇ ਨੂੰ ਬਹਾਦਰੀ ਦੇ ਪ੍ਰਤੀਕ ਵਜੋਂ ਸਿਰਜਦਾ ਹੈ, ਉੱਥੇ ਹੋਣੀ ਹੱਥੋਂ ਹੋਈ ਉਸ ਦੀ ਮੌਤ ਨੂੰ ਉਸਦੇ ਖ਼ੁਦੀ-ਗ਼ੁਮਾਨ ਨਾਲ ਜੋੜਦਾ ਹੋਇਆ ਦਾਰਸ਼ਨਿਕ ਅੰਦਾਜ਼ ਵਿੱਚ ਅੱਟਲ ਸੱਚਾਈਆਂ ਦਾ ਵੀ ਜ਼ਿਕਰ ਕਰਦਾ ਹੈ-

ਪੀਲੂ ਪੁੱਛੇ ਸ਼ਾਇਰਾਂ! ਕਿਤ ਵੱਲ ਗਿਆ ਜਹਾਨ।
ਲਗ ਲਗ ਗਈਆਂ ਮਜਲਸਾਂ ਬਹਿ ਬਹਿ ਗਏ ਦੀਵਾਨ।
ਮਿਰਜ਼ਾ ਮਾਰਿਆ ਮਲਕੁਲ ਮੌਤ ਨੇ ਕੁਝ ਮਾਰਿਆ ਖ਼ੁਦੀ ਗ਼ੁਮਾਨ।
ਵਿੱਚ ਕਬਰਾਂ ਦੇ ਖਪ ਗਿਆ ਮਿਰਜ਼ਾ ਸੋਹਣਾ ਛੈਲ ਜੁਆਨ।

ਪੀਲੂ ਨੇ ਆਪਣੀ ਰਚਨਾਂ ਵਿੱਚ ਕੇਂਦਰੀ ਪੰਜਾਬੀ ਦਾ ਸਫ਼ਲ ਪ੍ਰਯੋਗ ਕੀਤਾ ਹੈ। ਉਸਦੀ ਬੋਲੀ

ਸਿੱਧਪਧਰੀ, ਪੇਂਡੂ ਤੇ ਮਾਝੀ ਪ੍ਰਭਾਵ ਵਾਲੀ ਹੈ ਅਤੇ ਫ਼ਾਰਸੀ, ਸੰਸਕ੍ਰਿਤ ਤੇ ਬ੍ਰਜ ਭਾਸ਼ਾ ਜਾਂ ਸਾਧਭਾਸ਼ਾ ਤੋ ਬਿਲਕੁਲ ਕੋਰੀ ਹੈ। **ਬਾਵਾ ਬੁੱਧ ਸਿੰਘ**, ਪੀਲੂ ਦੇ ਕਿੱਸੇ ਨੂੰ "ਇੱਕ ਜਟਕੀ ਕਹਾਣੀ ਜਟਕੀ ਬੋਲੀ ਵਿੱਚ



Downloaded from https:// www.studiestoday.com

Downloaded from https:// www.studiestoday.com

ਸੁਣਾਈ ਹੋਈ" ਆਖਦੇ ਹਨ। ਇਸ ਦੇ ਨਾਲ **ਮੌਲਾ ਬਖ਼ਸ਼ ਕੁਸ਼ਤਾ** ਕਿੱਸੇ ਦੇ ਕਾਵਿ-ਗੁਣਾਂ ਦੀ ਤਾਰੀਫ਼ ਕਰਦਾ ਹੋਇਆ ਲਿਖਦਾ ਹੈ ਕਿ,

"ਉਸ ਵਿੱਚ ਸੋਜ਼ ਤੇ ਰਵਾਨੀ ਬੜੀ ਹੈ, ਤਸ਼ਬੀਹਾਂ, ਇਸ਼ਤਿਆਰੇ ਤੇ ਮੁਹਾਵਰੇ ਸੋਹਣੇ ਵਰਤੇ ਹਨ।"

ਪੀਲੂ ਦਾ ਕਿੱਸਾ ਪੰਜਾਬੀ ਦਾ ਪਹਿਲਾ ਦੁਖਾਂਤ ਕਿੱਸਾ ਹੈ ਅਤੇ ਸੱਦ ਕਾਵਿ ਰੂਪ ਵਿੱਚ ਲਿਖਿਆ ਪੰਜਾਬੀ ਦਾ ਪਹਿਲਾ ਤੇ ਆਖ਼ਰੀ ਕਿੱਸਾ ਵੀ ਹੈ। ਪੀਲੂ ਦੇ ਬਿਆਨ ਵਿੱਚ ਸਾਦਗੀ ਤੇ ਕਹਾਣੀ ਤਿੱਖੀ ਤੋਰ ਤੁਰਦੀ ਹੈ। ਅਤਿਕਥਨੀ ਅਲੰਕਾਰ ਤੇ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਪੱਛਮੀ ਪੰਜਾਬ ਵਿੱਚ ਜਿੱਥੇ 'ਹੀਰ' ਮਕਬੂਲ ਹੈ, ਉੱਥੇ ਪੂਰਬੀ ਪੰਜਾਬ ਵਿੱਚ 'ਮਿਰਜ਼ੇ' ਦੀ ਗੂੰਜ ਹੈ। ਹੀਰ ਦੀ ਤਰਜ਼ ਦੇ ਨਾਲ-ਨਾਲ ਮਿਰਜ਼ੇ ਦੀ ਤਰਜ਼ ਵੀ ਸੰਗੀਤ ਵਿੱਚ ਮਕਬੂਲ ਹੈ। ਮਿਰਜ਼ਾ ਤਾਂ ਗਾਇਕਾਂ ਦੀ ਕਸਵੱਟੀ ਹੈ। ਪੰਜਾਬੀ ਸਮਾਜ ਸਭਿਆਚਾਰ ਵਿੱਚ ਪੀਲੂ ਦੇ ਮਿਰਜ਼ੇ ਦੀਆਂ ਇਹ ਤੁਕਾਂ ਇਸ ਕਿੱਸੇ ਦੀ ਯਾਦ ਨੂੰ ਸਦਾ ਤਾਜ਼ਾ ਰੱਖਣਗੀਆਂ-

"ਬਾਝ ਭਰਾਵਾਂ ਜੱਟ ਮਾਰਿਆ, ਕੋਈ ਨਾ ਮਿਰਜ਼ੇ ਸੰਗ।"

**(ੲ) ਹਾਫ਼ਿਜ਼ ਬਰਖ਼ੁਰਦਾਰ-**

ਹਾਫ਼ਿਜ਼ ਬਰਖ਼ੁਰਦਾਰ ਇਸ ਕਾਲ ਦਾ ਇੱਕ ਹੋਰ ਕਿੱਸਾਕਾਰ ਹੋਇਆ ਹੈ। ਇਤਿਹਾਸਕਾਰ ਇਸ ਨਾਂ ਦੇ ਦੋ ਕਵੀਆਂ ਬਾਰੇ ਜ਼ਿਕਰ ਕਰਦੇ ਹਨ- ਇਕ ਮੁਸਲਮਾਨੀ ਪਿੰਡ ਦਾ ਰਹਿਣ ਵਾਲਾ ਸੀ ਤੇ ਦੂਜਾ ਤਖ਼ਤ ਹਜ਼ਾਰੇ ਦਾ। ਮੁਸਲਮਾਨੀ ਵਾਲਾ ਹਾਫ਼ਿਜ਼ ਬਰਖ਼ੁਰਦਾਰ ਔਰੰਗਜੇਬ ਦਾ ਸਮਕਾਲੀ ਸੀ ਤੇ ਦੂਜਾ ਵਾਰਿਸ ਸ਼ਾਹ ਦਾ। ਦੋਵੇਂ ਆਪਣੇ ਨਾਂ ਨਾਲ 'ਹਾਫ਼ਿਜ਼' ਸ਼ਬਦ ਵਰਤਦੇ ਹਨ। ਦੂਜੇ ਦਾ ਅਸਲ ਨਾਂ 'ਰਾਂਝਾ ਬਰਖੁਰਦਾਰ' ਸੀ, ਜੋ ਪਹਿਲੇ ਤੋਂ ਸਾਲ ਮਗਰੋਂ ਹੋਇਆ ਸੀ। ਦੋਹਾਂ ਨੇ ਕਿੱਸੇ ਅਤੇ ਇਸਲਾਮੀ ਸ਼ਰ੍ਹਾ ਨਾਲ ਸੰਬੰਧਿਤ ਪੁਸਤਕਾਂ ਲਿਖੀਆਂ ਸਨ ਤੇ ਦੋਹਾਂ ਦੀਆਂ ਰਚਨਾਵਾਂ ਆਪਸ ਵਿੱਚ ਮਿਸ਼ਰਤ ਹੋ ਗਈਆਂ ਹਨ। ਇਨ੍ਹਾਂ ਵਿੱਚ ਹਾਫ਼ਿਜ਼ ਬਰਖ਼ੁਰਦਾਰ ਤੇ ਰਾਂਝਾ ਬਰਖ਼ੁਰਦਾਰ ਦੋਹਾਂ ਦੀਆਂ ਕਿਹੜੀਆਂ-ਕਿਹੜੀਆਂ ਰਚਨਾਵਾਂ ਹਨ, ਇਨ੍ਹਾਂ ਬਾਰੇ ਨਿਰਨਾ ਅਜੇ ਤੱਕ ਨਹੀਂ ਹੋ ਸਕਿਆ। ਅਸੀ ਏਥੇ ਪਿੰਡ ਮੁਸਲਮਾਨੀ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਦੇ ਰਹਿਣ ਵਾਲੇ ਹਾਫ਼ਿਜ਼ ਬਰਖ਼ੁਰਦਾਰ (ਜੋ ਰਾਂਝਾ ਬਰਖ਼ੁਰਦਾਰ ਨਹੀਂ) ਬਾਰੇ ਚਰਚਾ ਕਰਾਂਗੇ। ਇਸ ਸੰਬੰਧੀ ਸੰਕੇਤ ਕਰਦਾ ਹੋਇਆ ਕਿੱਸਾਕਾਰ **ਅਹਿਮਦਯਾਰ** ਲਿਖਦਾ ਹੈ-

ਲੋਕਾਂ ਸੈ ਪਏ ਕਿੱਸੇ ਜੋੜੇ, ਪੜੇ ਜਿਨਾਂ ਰਿਸਾਲੇ।
ਪਰ ਰੀਣ ਵਲ ਨਾ ਡਿੱਠਾ, ਹਾਫ਼ਜ ਮੁਸਲਮਾਨੀ ਵਾਲੇ।

ਸੈਫ਼ਲ ਮਲੂਕ ਦਾ ਕਰਤਾ **ਮੁਹੰਮਦ ਬਖ਼ਸ਼** ਵੀ ਉਸਦੀ ਕਿੱਸਾਕਾਰੀ ਬਾਰੇ ਜ਼ਿਕਰ ਕਰਦਾ ਹੋਇਆ ਲਿਖਦਾ ਹੈ-

ਹਾਫ਼ਿਜ਼ ਬਰਖ਼ੁਰਦਾਰ ਮੁਸੱਨਿਫ਼, ਗ਼ੌਰ ਜਿਨ੍ਹਾਂ ਦੀ ਚਿੱਟੀ।
ਹਰ ਹਰ ਬੈਂਤ ਉਹਦਾ ਵੀ ਡਿੱਠਾ, ਜਿਉਂ ਮਿਸਰੀ ਦੀ ਖਿੱਟੀ।

ਹਾਫ਼ਿਜ਼ ਬਰਖ਼ੁਰਦਾਰ ਨੇ 'ਮਿਰਜ਼ਾ ਸਾਹਿਬਾ', 'ਸੱਸੀ ਪੁੰਨੂੰ' ਤੇ 'ਯੂਸਫ਼ ਜ਼ੁਲੈਖਾਂ' ਦੇ ਤਿੰਨ ਕਿੱਸੇ ਪੰਜਾਬੀ ਕਿੱਸਾ ਸਾਹਿਤ ਨੂੰ ਪ੍ਰਦਾਨ ਕੀਤੇ। ਉਸਦੇ ਕਿੱਸਿਆਂ ਸੰਬੰਧੀ ਚਰਚਾ ਕਰਦੇ ਹੋਏ ਪ੍ਰੋ. ਕਿਰਪਾਲ ਸਿੰਘ ਕਸੇਲ ਉਸਦੀਆਂ ਤਿੰਨ ਵਿਸ਼ੇਸ਼ਤਾਵਾਂ ਦਾ ਜ਼ਿਕਰ ਕਰਦੇ ਹਨ-

- ਮਿਰਜ਼ਾ-ਸਾਹਿਬਾ ਦੇ ਕਿੱਸੇ ਵਿੱਚ ਕੁਝ ਬੁਨਿਆਦੀ ਪਰਿਵਰਤਨ ਕਰਕੇ ਕਹਾਣੀ ਨੂੰ ਸੰਪੂਰਨ ਕਰਨ ਵਿੱਚ।

- ਸੱਸੀ ਪੁੰਨੂੰ ਦੇ ਕਿੱਸੇ ਨੂੰ ਪਹਿਲੀ ਵਾਰ ਏਨੇ ਵੇਰਵੇ ਵਿੱਚ ਬਿਆਨ ਕਰਨ ਵਿੱਚ।

- ਕਿੱਸਾ ਯੂਸਫ਼-ਜ਼ੁਲੈਖਾਂ ਨੂੰ ਪਹਿਲੀ ਵਾਰ ਪੰਜਾਬੀ ਰੂਪ ਦੇਣ ਵਿੱਚ।



Downloaded from https:// www.studiestoday.com

Downloaded from https:// www.studiestoday.com

'ਮਿਰਜ਼ਾ-ਸਾਹਿਬਾਂ' ਹਾਫ਼ਿਜ਼ ਬਰਖ਼ੁਰਦਾਰ ਦਾ ਪਹਿਲਾ ਕਿੱਸਾ ਹੈ। ਇਸ ਕਿੱਸੇ ਦੀ ਕਥਾ ਤੇ ਛੰਦ-ਸ਼ੈਲੀ ਪੀਲੂ ਵਾਲੀ ਹੀ ਹੈ। ਇਸ ਕਿੱਸੇ ਦੀ ਅਧੂਰੀ ਕਹਾਣੀ ਨੂੰ ਇਸ ਵਿੱਚ ਸੰਪੂਰਨ ਰੂਪ ਪ੍ਰਦਾਨ ਕੀਤਾ ਗਿਆ ਹੈ। ਕਈ ਪੰਗਤੀਆਂ ਪੀਲੂ ਦੇ ਕਿੱਸੇ ਦੀਆਂ ਹੀ ਅਦਲਾ-ਬਦਲੀ ਕਰਕੇ ਇਸ ਕਿੱਸੇ ਵਿੱਚ ਪੇਸ਼ ਕੀਤੀਆਂ ਗਈਆਂ ਹਨ। ਹਾਫ਼ਿਜ਼ ਨੇ ਇਸ ਵਿੱਚ ਪੰਜਾਬੀ ਕਿੱਸਾ ਜਗਤ ਵਿੱਚ ਪਹਿਲੀ ਵਾਰ ਕਿੱਸੇ ਦਾ ਆਰੰਭ ਨਾਇਕਾ ਦੀ ਸੁੰਦਰਤਾ ਦੇ ਵਰਣਨ ਤੋਂ ਕੀਤਾ ਹੈ। ਕੁਦਰਤ ਤੇ ਮਨੁੱਖੀ ਹਾਵਾਂ-ਭਾਵਾਂ ਦੀ ਇਕਸੁਰਤਾ, ਹੋਣੀ ਦੀ ਕਠੋਰਤਾ, ਇਸਤਰੀ ਦੀ ਬੇਵਫਾਈ ਅਤੇ ਪਰਾ-ਸ਼ਰੀਰਕ ਸ਼ਕਤੀਆਂ ਦਾ ਵਰਣਨ ਹਾਫ਼ਿਜ਼ ਦੇ ਮਿਰਜ਼ਾ ਸਾਹਿਬਾ ਦੀਆਂ ਹੋਰ ਵਿਸ਼ੇਸ਼ਤਾਵਾਂ ਹਨ। ਹਾਫ਼ਿਜ਼ ਨਖਸ਼ਿਖ ਵਰਣਨ ਵਿਧੀ ਨੂੰ ਬਾ-ਕਮਾਲ ਸਿਰਜਦਾ ਹੈ। ਸਾਹਿਬਾਂ ਦੀ ਸੁੰਦਰਤਾਂ ਦੇ ਵਰਣਨ ਸਮੇਂ ਇਸ ਦਾ ਬਾਖ਼ੂਬੀ ਚਿਤਰਨ ਕੀਤਾ ਗਿਆ ਹੈ-

ਸਾਹਿਬਾਂ ਰੰਗ ਮਜੀਠ ਦਾ, ਜਿਉਂ ਜਿਉਂ ਰੰਗ ਧਰੰਨ।
ਉਹਦੀ ਜੁੱਤੀ ਤੇ ਦੋ ਵਾਲੀਆਂ, ਦੋ ਬਤਖ਼ਾਂ ਚੋਗ ਚੁਗੰਨ।

-- -- --

ਸਾਹਿਬਾਂ ਦੇ ਤਿੱਖੇ ਨੈਣ ਕਟਾਰੀਆਂ, ਦੂਸਰ ਘਾਹ ਕਰੰਨ।
ਜਿਉਂ ਤੇਜ਼ੀ ਸੂਰਜ ਸਾਹਮਣੇ, ਲਾਟਾਂ ਨੈਣ ਮਚੰਨ।

'ਸੱਸੀ ਪੁੰਨੂੰ' ਹਾਫ਼ਿਜ਼ ਦੁਆਰਾ ਰਚਿਤ ਦੂਜਾ ਕਿੱਸਾ ਹੈ। ਪੰਜਾਬੀ ਕਿੱਸਾ ਸਾਹਿਤ ਵਿੱਚ ਸਭ ਤੋਂ ਪਹਿਲਾਂ 'ਸੱਸੀ ਪੁੰਨੂੰ' ਦੀ ਰਚਨਾ ਹਾਫ਼ਿਜ਼ ਬਰਖ਼ੁਰਦਾਰ ਦੁਆਰਾ ਕੀਤੀ ਗਈ। ਇਹ ਕਿੱਸਾ ਯਥਾਰਥਵਾਦੀ ਸ਼ੈਲੀ ਵਿੱਚ ਰਚਿਆ ਗਿਆ ਹੈ। ਵਿਦਵਾਨਾਂ ਅਨੁਸਾਰ ਇਹ ਕਿੱਸਾ ਪੂਰਾ ਨਹੀਂ ਤੇ ਇਸਦੇ ਕੁੱਲ 51 ਬੰਦ ਮਿਲਦੇ ਹਨ। **ਡਾ. ਪਿਆਰਾ ਸਿੰਘ ਭੋਗਲ** ਹਾਫ਼ਿਜ਼ ਦੇ ਇਸ ਕਿੱਸੇ ਨੂੰ 'ਰਵਾਇਤੀ ਜਿਹਾ ਬਿਆਨ' ਹੀ ਦੱਸਦੇ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ, ਸਰਲ ਤੇ ਠੇਠ ਭਾਸ਼ਾ ਵਿੱਚ ਲੋਕ ਉਕਤੀਆਂ ਨੂੰ ਲਿਖਣ ਕਰਕੇ ਹਾਫ਼ਿਜ਼ ਨੂੰ ਲੋਕ ਸ਼ੈਲੀ ਦਾ ਉਸਤਾਦ ਕਵੀ ਦੱਸਦਾ ਹੈ। ਹਾਫ਼ਿਜ਼ ਨੇ ਸੱਸੀ ਦੀ ਕਹਾਣੀ ਨੂੰ ਰੁਮਾਂਟਿਕ ਰੰਗ ਨਹੀਂ ਦਿੱਤਾ, ਪਰ ਦੋਹਾਂ ਪ੍ਰੇਮੀਆਂ ਦੀ ਮੌਤ ਉਤੇ ਪਸ਼ੂ-ਪੰਛੀਆਂ ਦਾ ਰੁਦਨ ਤੇ ਪ੍ਰਕਿਰਤੀ ਦਾ ਦ੍ਰਵਤ ਭਰਿਆ ਚਿਤਰਨ ਬੜਾ ਕਲਾਮਈ ਹੈ। ਕਿੱਸੇ ਦੀ ਵੰਨਗੀ ਵੇਖਣਯੋਗ ਹੈ-

ਹਾਫ਼ਿਜ਼ ਜੇ ਰੱਬ ਆਵੇ ਮਿਹਰ ਤੇ, ਕੱਲਰ ਕੌਣ ਕਰੇ।
ਸੁੱਕੇ ਢੀਂਗਰ ਕੁਦਰਤੀ, ਕਰਦਾ ਰੱਬ ਹਰੇ।
ਰੱਬ ਭਰਿਆਂ ਤੋਂ ਕਰਦਾ ਸੱਖਣੇ, ਖਾਲੀ ਢੇਰ ਭਰੇ।
ਯਾਰੋਂ ਜੇਡੀ ਕੁਦਰਤ ਰੱਬ ਨੂੰ, ਏਡਾ ਕੌਣ ਕਰੇ।

ਕਿੱਸਾ 'ਯੂਸਫ-ਜ਼ੁਲੈਖਾਂ' ਹਾਫ਼ਿਜ਼ ਦੀ ਸਭ ਤੋਂ ਉਤਕ੍ਰਿਸ਼ਟ ਰਚਨਾ ਹੈ। ਇਹ ਕਿੱਸਾ ਇਸਲਾਮੀ ਸੰਸਕ੍ਰਿਤੀ ਵਿੱਚ ਬੜਾ ਪ੍ਰਸਿੱਧ ਸੀ ਤੇ 'ਕੁਰਾਨ ਸ਼ਰੀਫ' ਵਿੱਚ 'ਸੂਰਤ ਯੂਸਫ਼' ਨਾਂ ਹੇਠ ਇਹ ਕਥਾ ਦਰਜ ਸੀ। ਇਸ ਨੂੰ 'ਅਹਿਨੁਲ ਕਸਿਸ' (ਸਾਰੀਆਂ ਕਥਾਵਾਂ ਤੋਂ ਸ਼੍ਰੇਸ਼ਠ) ਦੀ ਉਪਾਧੀ ਦਿੱਤੀ ਗਈ ਹੈ।

ਇਹ ਕਿੱਸਾ ਫ਼ਾਰਸੀ ਭਾਸ਼ਾ ਤੋਂ ਪੰਜਾਬੀ ਵਿੱਚ ਰੂਪਾਂਤਰਿਤ ਕੀਤਾ ਗਿਆ। ਇਹ ਕਿੱਸਾ ਸਭ ਤੋ ਪਹਿਲੀ ਵਾਰ ਪੰਜਾਬੀ ਕਿੱਸਾ ਕਾਵਿ ਵਿੱਚ ਫ਼ਾਰਸੀ ਦੀ 'ਮਸਨਵੀ' ਸ਼ੈਲੀ ਦਾ ਪ੍ਰਯੋਗ ਕਰਦਾ ਹੈ। ਪੰਜਾਬੀ ਸਾਹਿਤ ਵਿੱਚ ਸਭ ਤੋ ਪਹਿਲੀ ਵਾਰ ਇਸ ਕਿੱਸੇ ਤੇ ਕਿਸੇ ਵਿਦੇਸ਼ੀ ਕਥਾ ਨੂੰ ਬਿਆਨ ਕਰਨ ਦਾ ਸ਼ਿਹਰਾ ਹਾਫ਼ਿਜ਼ ਬਰਖ਼ੁਰਦਾਰ ਦੇ ਨਾਂ ਹੈ। ਇਸ ਕਿੱਸੇ ਤੋ ਬਾਅਦ ਪੰਜਾਬੀ ਕਿੱਸਿਆਂ ਉਤੇ ਫ਼ਾਰਸੀ ਕਿੱਸਾ ਪਰੰਪਰਾ ਦੇ ਪ੍ਰਭਾਵ ਪੈਣੇ ਸ਼ੁਰੂ ਹੋ ਜਾਂਦੇ ਹਨ। ਡਾ. ਮੋਹਨ ਸਿੰਘ ਦੀਵਾਨਾ ਅਤੇ ਡਾ. ਜੀਤ ਸਿੰਘ ਸ਼ੀਤਲ ਆਪੋ ਆਪਣੇ ਸਾਹਿਤ ਦੇ ਇਤਿਹਾਸਾਂ ਵਿੱਚ ਹਾਫ਼ਿਜ਼ ਦੇ ਕਿੱਸੇ 'ਯੂਸਫ਼ ਜ਼ੁਲੈਖਾਂ' ਨੂੰ 'ਨਿਪੁੰਨ ਕਾਵਿ ਦਾ ਨਮੂਨਾ' ਦੱਸਦੇ ਹਨ।

ਹਾਫ਼ਿਜ਼ ਨੂੰ ਇਸ ਕਿੱਸੇ ਨੂੰ ਪਹਿਲੀ ਵਾਰ ਪੰਜਾਬੀ ਵਿੱਚ ਰਚੇ ਜਾਣ ਦਾ ਮਾਣ ਤਾਂ ਪ੍ਰਾਪਤ ਹੈ, ਪਰ ਇਹ ਕਿੱਸਾ ਲੋਕ ਮਨਾਂ ਵਿੱਚ ਹਰਮਨ ਪਿਆਰਾ ਨਹੀਂ ਹੋ ਸਕਿਆ। ਹਾਫ਼ਿਜ਼ ਦੇ ਦੂਜੇ ਕਿੱਸਿਆਂ ਨਾਲੋਂ ਇਸ ਵਿੱਚ ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਸਭ ਤੋਂ ਵਧੇਰੇ ਹੈ। ਇਸ ਵਿੱਚ 'ਯੂਸਫ਼' ਤੇ 'ਜ਼ੁਲੈਖਾਂ' ਦੀ ਸੁੰਦਰਤਾ



Downloaded from https:// www.studiestoday.com

Downloaded from https:// www.studiestoday.com

ਦਾ ਬਿਆਨ ਬੜੇ ਕਲਾਤਮਿਕ ਅੰਦਾਜ਼ ਵਿੱਚ ਸਿਰਜਿਆ ਗਿਆ ਹੈ, ਜੋ ਵੇਖਣਯੋਗ ਹੈ–

ਯੂਸਫ਼ ਦੀ ਸੁੰਦਰਤਾ ਦਾ ਵਰਣਨ–

ਭੁਲ ਗਏ ਉਹ ਫ਼ਖ਼ਰ ਰੰਨਾਂ ਦੇ, ਲਾਫਾਂ ਵਿਸਰ ਗਈਆਂ।
ਯੂਸਫ਼ ਦੇ ਵਲ ਤਾਰਿਆਂ ਵਾਂਗੂੰ, ਤਰ ਤਰ ਵੇਖਣ ਪਈਆਂ।
(ਯੂਸਫ਼–ਜ਼ੁਲੈਖ਼ਾਂ)

ਜ਼ੁਲੈਖਾਂ ਦੀ ਸੁੰਦਰਤਾ ਬੇਮਿਸਾਲ ਹੈ–

ਸੂਰਤ ਏਸ ਹਿਸਾਬੋਂ ਬਾਹਰ ਕਿਆ ਕਿਆ ਸਿਫ਼ਤ ਕਜੀਵੇ।
ਮੂੰਹ ਮਹਿਤਾਬ, ਸਨੋਬਰ ਕਾਮਤ, ਅੱਖੀਂ ਰੋਸ਼ਨ ਦੀਵੇ।
ਪਲਕਾਂ ਤੀਰ, ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।
ਨਾਜ਼ਕ ਬਦਨ, ਸੁਰਾਹੀ ਗਰਦਨ, ਉਂਗਲੀਆਂ ਜਿਉਂ ਫ਼ਲੀਆਂ।
ਠੋਡੀ ਸੇਬ, ਅਲਫ਼ ਜੂੰ ਬੀਨੀ, ਲੌਂਗ ਨਵਾਬ ਸਮਾਵੇ।
ਗੁਲ ਲਾਲਾ ਤੋਂ ਰੰਗ ਸਵਾਇਆ, ਦੇਖ ਪਰੀ ਸ਼ਰਮਾਵੇ।
(ਯੂਸਫ਼–ਜ਼ੁਲੈਖ਼ਾਂ)

**ਡਾ. ਪਿਆਰ ਸਿੰਘ** ਹਾਫ਼ਿਜ਼ ਬਰਖ਼ੁਰਦਾਰ ਦੇ ਕਿੱਸੇ 'ਯੂਸਫ਼ ਜ਼ੁਲੈਖ਼ਾਂ' ਬਾਰੇ ਜ਼ਿਕਰ ਕਰਦੇ ਹੋਏ ਲਿਖਦੇ ਹਨ–

"ਬਰਖ਼ੁਰਦਾਰ ਦੇ ਕਲਾਮ ਵਿੱਚ, ਖ਼ਾਸ ਕਰਕੇ ਯੂਸਫ਼–ਜ਼ੁਲੈਖ਼ਾਂ ਵਿੱਚ ਜੋ ਸੋਜ਼, ਜੋ ਮਧੁਰਤਾ ਆਉਂਦੀ ਹੈ, ਉਹ ਪੰਜਾਬੀ ਦੀਆਂ ਬਹੁਤ ਘੱਟ ਰਚਨਾਵਾਂ ਦਾ ਵਿਰਸਾ ਹੈ।"

ਸੋ ਨਿਸ਼ਚੇ ਹੀ ਹਾਫ਼ਿਜ਼ ਬਰਖ਼ੁਰਦਾਰ ਪੰਜਾਬੀ ਕਿੱਸਾਕਾਰੀ ਦੇ ਨਵੇਂ ਦੌਰ ਵਿੱਚ ਪ੍ਰਵੇਸ਼ ਕਰਦਾ ਹੈ। ਉਸਦੇ ਪਾਏ ਪੂਰਨਿਆਂ ਨਾਲ ਪੰਜਾਬੀ ਕਿੱਸਾ ਸਾਹਿਤ ਵਿਸ਼ੇ ਤੇ ਰੂਪ ਪੱਖੋਂ ਹੋਰ ਅਮੀਰ ਹੁੰਦਾ ਹੈ।

**(ਸ) ਅਹਿਮਦ ਗੁੱਜਰ–**

ਅਹਿਮਦ ਗੁੱਜਰ ਔਰੰਗਜ਼ੇਬ ਦੇ ਰਾਜ ਸਮੇਂ ਹੋਇਆ। ਉਸਨੇ ਇਸ ਕਾਲ ਵਿੱਚ ਦਮੋਦਰ ਤੋਂ ਬਾਅਦ 'ਹੀਰ–ਰਾਂਝੇ' ਦੇ ਕਿੱਸੇ ਦੀ ਰਚਨਾ ਕੀਤੀ। ਉਸ ਦੇ ਕਿੱਸੇ ਦੀਆਂ ਵਿਸ਼ੇਸ਼ਤਾਵਾਂ ਇਸ ਤਰ੍ਹਾਂ ਹਨ–

– ਉਹ 'ਹੀਰ–ਕਾਵਿ' ਦਾ ਪਹਿਲਾ ਮੁਸਲਮਾਨ ਕਿੱਸਾਕਾਰ ਹੈ, ਜਿਸ ਕਾਰਨ ਕਿੱਸੇ ਵਿੱਚ ਇਸਲਾਮੀ ਰੰਗਤ ਭਰੀ ਗਈ ਹੈ। ਇਸ ਤੋਂ ਪਹਿਲਾਂ ਹੀਰ–ਦਮੋਦਰ ਹਿੰਦੂ ਇਤਿਹਾਸ ਮਿਥਿਹਾਸ ਨਾਲ ਸੰਬੰਧਿਤ ਸੀ।

– ਪੰਜਾਬੀ ਕਿੱਸਾ ਕਾਵਿ ਤੇ 'ਹੀਰ' ਦੇ ਕਿੱਸੇ ਵਿੱਚ ਸਭ ਤੋਂ ਪਹਿਲਾਂ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੈ।

– 'ਹੀਰ–ਰਾਂਝੇ' ਦੇ ਕਿੱਸੇ ਨੂੰ ਦੁਖਾਂਤਕ ਅੰਤ ਪ੍ਰਦਾਨ ਕੀਤਾ ਗਿਆ ਹੈ।

ਇਸ ਤਰ੍ਹਾਂ ਅਹਿਮਦ ਗੁੱਜਰ ਦਾ ਕਿੱਸਾ 'ਹੀਰ ਰਾਂਝਾ' ਪੰਜਾਬੀ ਦਾ ਮਹੱਤਵਪੂਰਨ ਕਿੱਸਾ ਸਿੱਧ ਹੁੰਦਾ ਹੈ। ਅਹਿਮਦ ਗੁੱਜਰ ਦੇ ਜੀਵਨ ਸੰਬੰਧੀ ਜਾਣਕਾਰੀ ਉਪਲਬਧ ਨਹੀਂ। ਪ੍ਰੋ. ਪਿਆਰਾ ਸਿੰਘ ਪਦਮ ਨੇ ਅਹਿਮਦ ਦੇ ਨਾਂ ਨਾਲ 'ਗੁੱਜਰ' ਸ਼ਬਦ ਜੋੜਿਆ ਹੈ, ਜੋ ਉਨ੍ਹਾਂ ਨੇ ਪਬਲਿਕ ਲਾਇਬ੍ਰੇਰੀ ਪਟਿਆਲਾ ਦੀ ਇੱਕ ਪੁਰਾਣੀ ਹੱਥ ਲਿਖੀ ਸਤਰ ਨੂੰ ਆਧਾਰ ਬਣਾ ਕੇ ਰੱਖਿਆ ਹੈ–

"ਕਥਾ ਹੀਰ ਤੇ ਰਾਂਝੇ ਦੀ ਕਬਿ ਅਹਿਮਦ ਗੁੱਜਰ ਕੀਤੀ।"

ਇਸ ਤੋ ਬਿਨਾਂ ਅਹਿਮਦ ਬਾਰੇ ਹੋਰ ਕੋਈ ਸਬੂਤ ਨਹੀਂ ਮਿਲਦਾ। ਅਹਿਮਦ ਨੇ ਆਪਣੇ ਕਿੱਸੇ



Downloaded from https:// www.studiestoday.com

Downloaded from https:// www.studiestoday.com

ਵਿੱਚ ਕਿੱਸੇ ਦੇ ਰਚਨਾ ਵਰ੍ਹੇ ਸੰਬੰਧੀ ਜ਼ਿਕਰ ਕੀਤਾ ਹੈ-

"ਸੰਨ ਬੀਸ ਤੇ ਚਾਰ ਅਉਰੰਗਸ਼ਾਹੀ, ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।"

ਇਸ ਤਰ੍ਹਾਂ ਉਕਤ ਹਵਾਲੇ ਮੁਤਾਬਿਕ ਔਰੰਗਜ਼ੇਬ ਦੇ ਰਾਜਗੱਦੀ ਉੱਪਰ ਬੈਠਣ ਤੋਂ 24 ਸਾਲ ਬਾਅਦ ਇਹ ਕਿੱਸਾ ਸੰਪੂਰਨ ਹੋਣ ਬਾਰੇ ਲਿਖਿਆ ਗਿਆ ਹੈ ਜੋ ਸੰਨ 1693 ਈ. ਬਣਦਾ ਹੈ।

ਅਹਿਮਦ ਦਾ ਇਹ ਕਿੱਸਾ ਬੈਂਤਾਂ, ਝੂਲਣਿਆਂ ਤੇ ਦੋਹਰਿਆਂ ਵਿੱਚ ਲਿਖਿਆ ਹੋਇਆ ਹੈ। ਅਤੇ ਇਸ ਦੇ ਕੁਲ 232 ਬੰਦ ਹਨ। ਬੋਲੀ ਠੇਠ ਤੇ ਕੇਂਦਰੀ ਪੰਜਾਬੀ ਹੈ, ਜਿਸ ਵਿੱਚ ਫ਼ਾਰਸੀ ਸ਼ਬਦਾਵਲੀ ਦਾ ਵੀ ਪ੍ਰਯੋਗ ਹੈ। ਅਹਿਮਦ ਨੇ ਹੀਰ-ਰਾਂਝੇ ਦੇ ਅੰਤ ਨੂੰ ਸਪਸ਼ਟ ਰੂਪ ਵਿੱਚ ਨਹੀਂ ਸਿਰਜਿਆ। ਰਾਂਝੇ ਦੀ ਮੌਤ ਤਾਂ ਦੱਸੀ ਪਰ 'ਹੀਰ' ਦੀ ਮੌਤ ਵੱਲ ਕੇਵਲ ਸੰਕੇਤ ਕੀਤਾ ਹੋਇਆ ਹੀ ਮਿਲਦਾ ਹੈ ਜਿਵੇ-

ਡਿੱਠੇ ਹਾਜੀਆਂ ਮੱਕੇ ਦੇ ਰਾਹ ਤਿੰਨੇ, ਰਾਂਝਾ, ਹੀਰ ਤੇ ਨਾਲ ਸੀ ਮੱਝ ਬੂਰੀ।
ਰਾਂਝਾ ਰਾਹ ਵਿਖਾਂਵਦਾ ਹਾਜ਼ੀਆਂ ਨੂੰ, ਹੀਰ ਵੰਡਦੀ ਲੰਗਰ ਦੇ ਵਿੱਚ ਚੂਰੀ।

ਜਦੋਂ ਰਾਂਝਾ ਜੋਗੀ ਬਣ ਕੇ ਰੰਗਪੁਰ ਖੇੜਿਆਂ ਵਿੱਚ ਹੀਰ ਨੂੰ ਲੱਭਦਾ ਫਿਰਦਾ ਹੈ, ਤਾਂ ਉਸ ਦ੍ਰਿਸ਼ ਦਾ ਚਿਤਰਨ ਅਹਿਮਦ ਦੀ ਹੀਰ ਵਿੱਚ ਵੇਖਣਯੋਗ ਹੈ-

ਨਜ਼ਰ ਬਾਜ਼ ਫਿਰਦਾ ਵਿੱਚ ਖੇੜਿਆਂ ਦੇ, ਅੰਤ ਤ੍ਰਿੰਝਣੀਂ ਪਾਉਂਦਾ ਝਾਤੀਆਂ ਨੀ।
ਇਕ ਹੱਸਦੀਆਂ, ਖੇਡਦੀਆਂ, ਗਾਂਵਦੀਆਂ ਨੀ, ਇੱਕ ਬੈਠੀਆਂ ਚੁਪ ਚੁਪਾਤੀਆਂ ਨੀ।
ਕੋਈ ਸਾਂਵਲੀਆਂ ਨੀ, ਕੋਈ ਗੋਰੀਆਂ ਨੀਂ, ਕੋਈ ਲੰਮੀਆਂ ਕੋਈ ਸੰਘਾਤੀਆਂ ਨੀ।
ਇਕ ਭਿੰਨੜੇ ਨੈਣ ਅਨੂਪ ਕੁੜੀਆਂ, ਕਈ ਸੋਹਣੀਆਂ ਨੀ, ਇਕ ਦਾਤੀਆਂ ਨੀ।

ਸੋ ਸਪੱਸ਼ਟ ਹੈ ਕਿ ਪੰਜਾਬੀ ਕਿੱਸਾ ਕਾਵਿ ਧਾਰਾ ਵਿੱਚ ਅਹਿਮਦ ਗੁੱਜਰ ਦਾ ਵਿਸ਼ੇਸ਼ ਯੋਗਦਾਨ ਹੈ, ਉਸਦੀ ਕਿੱਸਾ ਰਚਨਾ ਨੂੰ ਹੀ ਆਧਾਰ ਬਣਾ ਕੇ ਉਸ ਤੋਂ ਪਾਰਕਾਲੀ ਹੀਰ ਦੇ ਕਿੱਸਾਕਾਰ ਆਪਣੀ ਕਿੱਸਾ-ਰਚਨਾ ਕਰਦੇ ਹੋਏ ਇਸਦੀ ਵਿਰਾਸਤ ਨੂੰ ਹੋਰ ਅਮੀਰੀ ਬਖਸ਼ਦੇ ਹਨ।

ਇਸ ਤਰ੍ਹਾਂ ਇਸ ਕਾਲ ਦੇ ਕਿੱਸਾਕਾਰ ਆਪਣੇ ਕਿੱਸਿਆਂ ਦੀਆਂ ਵਿਸ਼ੇਗਤ ਤੇ ਰੂਪਗਤ ਜੁਗਤਾਂ ਰਾਹੀਂ ਪੰਜਾਬੀ ਕਿੱਸਾ ਕਾਵਿ ਧਾਰਾ ਨੂੰ ਪੰਜਾਬੀ ਸਾਹਿਤ ਵਿੱਚ ਸਥਾਪਿਤ ਕਰਦੇ ਹਨ, ਜੋ ਅੱਗੇ ਜਾ ਕੇ ਸਾਹਿਤ ਦੀ ਪ੍ਰਤੀਨਿਧ ਕਾਵਿ ਧਾਰਾ ਹੋ ਨਿਬੜਦੀ ਹੈ।

## 4. ਬੀਰ ਕਾਵਿ ਧਾਰਾ

ਗੁਰੂ ਨਾਨਕ ਕਾਲ ਵਿੱਚ ਬੀਰਕਾਵਿ ਧਾਰਾ ਅਧੀਨ 'ਵਾਰ' ਕਾਵਿ ਰੂਪ ਖੇਤਰ ਵਿੱਚ ਸਭ ਤੋਂ ਵੱਧ ਵਾਰਾਂ ਦੀ ਰਚਨਾ ਹੋਈ। ਜਿਸ ਵਿੱਚ ਅਧਿਆਤਮਕ ਤੇ ਲੌਕਿਕ ਵਾਰਾਂ ਦੋਵੇਂ ਸ਼ਾਮਲ ਹਨ। ਅਧਿਆਤਮਕ ਵਾਰਾਂ ਦੀ ਰਚਨਾ 'ਸ਼ਾਂਤਰਸ' ਤੇ ਲੌਕਿਕ ਵਾਰਾਂ ਦੀ ਰਚਨਾਂ 'ਬੀਰ-ਰਸ' ਦੀ ਪ੍ਰਧਾਨਤਾ ਵਾਲੀ ਹੁੰਦੀ ਹੈ। ਅਧਿਆਤਮਕ ਵਾਰਾਂ ਦੇ ਅੰਤਰਗਤ ਸ਼੍ਰੀ ਗੁਰੂ ਗ੍ਰੰਥ ਵਿੱਚ ਦਰਜ਼ 22 ਵਾਰਾਂ ਅਤੇ ਭਾਈ ਗੁਰਦਾਸ ਦੀਆਂ 39 ਵਾਰਾਂ ਆਉਂਦੀਆਂ ਹਨ, ਜਿਨ੍ਹਾਂ ਬਾਰੇ ਚਰਚਾ ਅਸੀਂ ਗੁਰਮਤਿ ਕਾਵਿ ਧਾਰਾ ਦੇ ਅਧਿਆਇ ਅੰਤਰਗਤ ਕਰ ਆਏ ਹਾਂ।

ਬੀਰ-ਰਸੀ ਵਾਰਾਂ ਵਿੱਚ ਸਭ ਤੋਂ ਵੱਧ ਸ਼੍ਰੇਸ਼ਟ ਤੇ ਪ੍ਰਤੀਨਿੱਧ ਵਾਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ' ਮੰਨੀ ਜਾਂਦੀ ਹੈ, ਜਿਸ ਦਾ ਜ਼ਿਕਰ ਵੀ ਪਿਛੇ ਕੀਤਾ ਜਾ ਚੁੱਕਾ ਹੈ। ਇਸ ਤੋਂ ਬਿਨਾਂ ਇਸ ਕਾਲ ਵਿੱਚ ਤਿੰਨ ਲੋਕਵਾਰਾਂ ਵੀ ਮਿਲਦੀਆਂ ਹਨ, ਜੋ ਆਦਿਕਾਲ ਦੀਆਂ ਛੇ ਲੋਕਵਾਰਾਂ ਵਾਂਗ ਹੀ ਰਚੀਆਂ ਗਈਆਂ ਹਨ। ਇਨ੍ਹਾਂ ਦੀਆਂ ਧੁਨੀਆਂ ਉੱਪਰ ਗੁਰੂ ਸਾਹਿਬਾਨਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੁਝ ਵਾਰਾਂ ਨੂੰ ਗਾਉਣ ਦਾ ਸੰਕੇਤ ਦਿੱਤਾ ਹੈ। ਇਸ ਲਈ ਇਨ੍ਹਾਂ 9 ਲੋਕਵਾਰਾਂ ਨੂੰ 'ਧੁਨੀਆਂ



Downloaded from https:// www.studiestoday.com

Downloaded from https:// www.studiestoday.com

ਵਾਲੀਆਂ ਵਾਰਾਂ' ਦਾ ਨਾਂ ਵੀ ਦਿੱਤਾ ਜਾਂਦਾ ਹੈ। ਗੁਰੂ ਨਾਨਕ ਕਾਲ ਵਿੱਚ ਰਚੀਆਂ ਇਹ ਤਿੰਨ ਲੋਕ ਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ–

**(ੳ) ਮਲਕ ਮੁਰੀਦ ਤਥਾ ਚੰਦਰਹੜਾ ਸੋਹੀਆ ਦੀ ਵਾਰ–**

ਇਹ ਵਾਰ ਅਕਬਰ ਦੇ ਰਾਜ ਸਮੇਂ ਦੇ ਦੋ ਬਹਾਦਰ ਰਾਜਪੂਤ ਸਰਦਾਰਾਂ ਨਾਲ ਸੰਬੰਧਿਤ ਹੈ। ਉਹ ਇੱਕ ਦੂਜੇ ਨਾਲ ਈਰਖ਼ਾ ਰੱਖਦੇ ਸਨ। ਇੱਕ ਵਾਰ ਜਦੋਂ ਅਕਬਰ ਨੇ ਮੁਰੀਦ ਨੂੰ ਕਿਸੇ ਇਲਾਕੇ ਵਿੱਚ ਅਮਨ–ਸ਼ਾਤੀ ਬਣਾਉਣ ਲਈ ਭੇਜਿਆ ਤਾਂ ਪਿਛੋਂ ਚੰਦਰਹੜਾ ਨੇ ਮੁਰੀਦ ਉੱਪਰ ਬਗਾਵਤ ਦਾ ਇਲਜ਼ਾਮ ਲਾ ਦਿੱਤਾ। ਅਕਬਰ ਨੇ ਮੁਰੀਦ ਨੂੰ ਦਬਾਉਣ ਵਾਸਤੇ ਚੰਦਰਹੜਾ ਨੂੰ ਭੇਜਿਆ। ਦੋਵੇਂ ਸਰਦਾਰ ਆਪਸ ਵਿੱਚ ਲੜਦੇ ਹੋਏ ਇਕ–ਦੂਜੇ ਦੇ ਹੱਥੋਂ ਮਾਰੇ ਗਏ। ਵਾਰ ਦਾ ਨਮੂਨਾ ਵੇਖਣ ਯੋਗ ਹੈ–

ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡ ਜ਼ੋਰ।
ਚੰਦ੍ਰਹੜਾ ਲੈ ਫ਼ੌਜ ਦੋ ਚੜ੍ਹਿਆ ਬਡ ਤੋਰ।
ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ।
ਸਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ।
ਹੋਲੀ ਖੇਲੇ ਚੰਦ੍ਰਹੜਾ ਰੰਗ ਲਗੇ ਸੌਰ।
ਦੋਵੇਂ ਤਰਫ਼ਾਂ ਜੁਟੀਆਂ ਸਰ ਵਗਨ ਕੌਰ।
ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ।
ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੀ 'ਮਾਝ' ਰਾਗ ਦੀ ਵਾਰ ਨੂੰ ਇਸ ਦੀ ਧੁਨੀ ਉੱਪਰ ਗਾਉਣ ਦਾ ਆਦੇਸ਼ ਹੈ।

**(ਅ) ਜੋਧੇ ਵੀਰੇ ਪੂਰਬਾਣੀ ਦੀ ਵਾਰ–**

ਇਸ ਵਾਰ ਦੀ ਕਹਾਣੀ ਇਸ ਤਰ੍ਹਾਂ ਹੈ ਕਿ ਪੂਰਬਾਣ ਨਾਂ ਦੇ ਰਾਜਪੂਤ ਸਰਦਾਰ ਦੇ ਦੋ ਪੁੱਤਰ ਸਨ– ਜੋਧਾ ਅਤੇ ਵੀਰਾ। ਉਹ ਜੰਗਲਾਂ ਵਿੱਚ ਰਹਿੰਦੇ ਸਨ ਤੇ ਡਾਕੇ ਮਾਰਦੇ ਸਨ। ਉਹ ਸ਼ਾਹੀ ਖ਼ਜ਼ਾਨੇ ਨੂੰ ਲੁੱਟ ਕੇ ਗਰੀਬਾਂ ਤੇ ਮਜ਼ਲੂਮਾਂ ਦੀ ਸਹਾਇਤਾ ਕਰਦੇ ਸਨ। ਅਕਬਰ ਕੋਲ ਇਨ੍ਹਾਂ ਦੋਹਾਂ ਨੌਜਵਾਨਾਂ ਦੀ ਬਹਾਦਰੀ ਦੇ ਕਿੱਸੇ ਪਹੁੰਚਦੇ ਹਨ ਤਾਂ ਅਕਬਰ ਉਨ੍ਹਾਂ ਨੂੰ ਫ਼ੌਜ਼ ਵਿੱਚ ਭਰਤੀ ਹੋ ਜਾਣ ਦਾ ਸੁਨੇਹਾ ਭੇਜਦਾ ਹੈ। ਪਰ ਦੋਵੇਂ ਰਾਜਪੂਤੀ ਅਣਖ ਕਾਰਨ ਅਕਬਰ ਦੀ ਗੁਲਾਮੀ ਤੋਂ ਇਨਕਾਰ ਕਰ ਦਿੰਦੇ ਹਨ। ਇਸ 'ਤੇ ਅਕਬਰ ਆਪਣੀ ਹੀਣਤਾ ਸਮਝ ਕੇ ਉਨ੍ਹਾਂ ਨੂੰ ਸਬਕ ਸਿਖਾਉਣ ਦਾ ਆਦੇਸ਼ ਦਿੰਦਾ ਹੈ। ਜੋਧਾ ਤੇ ਵੀਰਾ ਸ਼ਾਹੀ ਸੈਨਾ ਨਾਲ ਬੜੀ ਬਹਾਦਰੀ ਨਾਲ ਲੜਦੇ ਹੋਏ ਮਰ ਜਾਂਦੇ ਹਨ। ਵਾਰਕਾਰ ਨੇ ਆਪਣੀ ਵਾਰ ਵਿੱਚ ਅਕਬਰ ਦੀ ਸੈਨਾ ਅਤੇ ਦੋਹਾਂ ਰਾਜਪੂਤ ਨਾਇਕਾਂ ਵਿੱਚਕਾਰ ਹੋਏ ਸੰਘਰਸ਼ ਨੂੰ ਪ੍ਰਭਾਵਸ਼ਾਲੀ ਰੂਪ ਵਿੱਚ ਚਿਤਰਿਆ ਹੈ–

ਜੋਧੇ ਬੀਰ ਪੂਰਬਾਣੀਏ ਦੋ ਗੱਲਾਂ ਕਰੀ ਕਰਾਰੀਆਂ।
ਫ਼ੌਜ਼ ਚੜ੍ਹਾਈ ਬਾਦਸ਼ਾਹ ਅਕਬਰ ਰਣ ਭਾਰੀਆਂ।
ਸਨਮੁਖ ਹੋਏ ਰਾਜਪੂਤ ਸ਼ੁਤਰੀ ਰਣ ਕਾਰੀਆਂ।
ਧੂਹ ਮਿਆਨੋ ਕੱਢੀਆਂ ਬਿਜ਼ੁੱਲ ਚਮਕਾਰੀਆਂ।
ਇੰਦਰ ਸਣੇ ਅਪੱਛਰਾਂ ਮਿਲ ਕਰਨ ਜੁਹਾਰੀਆਂ।
ਏਹੀ ਕੀਤੀ ਜੋਧ ਵੀਰ ਪਾਤਸ਼ਾਹੀ ਗੱਲਾਂ ਸਾਰੀਆਂ।

ਇਸ ਵਾਰ ਦੀ ਧੁਨੀ ਉੱਪਰ ਗੁਰੂ ਅਮਰਦਾਸ ਜੀ ਦੀ ਰਾਮਕਲੀ ਰਾਗ ਦੀ ਵਾਰ ਨੂੰ ਗਾਉਣ ਲਈ ਆਖਿਆ ਗਿਆ ਹੈ।



Downloaded from https:// www.studiestoday.com

Downloaded from https:// www.studiestoday.com

**(ੲ) ਰਾਣੇ ਕੈਲਾਸ਼ ਤਥਾ ਮਾਲਦੇਵ ਦੀ ਵਾਰ–**

ਇਸ ਵਾਰ ਵਿੱਚ ਪੇਸ਼ ਕਥਾ ਅਨੁਸਾਰ ਜਹਾਂਗੀਰ ਬਾਦਸ਼ਾਹ ਦੇ ਸਮੇਂ ਕੈਲਾਸ਼ ਦੇਵ ਅਤੇ ਮਾਲਦੇਵ ਦੋਵੇਂ ਰਾਜਪੂਤ ਭਰਾ ਸਨ। ਕਾਂਗੜੇ ਦੇ ਇਲਾਕੇ ਵਿੱਚ ਉਨ੍ਹਾਂ ਕੋਲ ਆਪਣੀਆਂ–ਆਪਣੀਆਂ ਰਿਆਸਤਾਂ ਸਨ। ਦੋਵੇਂ ਬਾਦਸ਼ਾਹ ਨੂੰ ਕਰ ਅਦਾ ਕਰਦੇ ਸਨ ਪਰ ਬਾਦਸ਼ਾਹ ਦੋਹਾਂ ਨੂੰ ਪਸੰਦ ਨਹੀਂ ਸੀ ਕਰਦਾ। ਇਸ ਕਰਕੇ ਦੋਹਾਂ ਭਰਾਵਾਂ ਵਿੱਚ ਅਣਬਣ ਕਰਾ ਕੇ ਦੁਸ਼ਮਣੀ ਪੈਦਾ ਕੀਤੀ ਗਈ ਜਿਸਦੇ ਫਲਸਰੂਪ ਦੋਹਾਂ ਵਿੱਚ ਯੁੱਧ ਹੋਇਆ ਜਿਸ ਵਿੱਚ ਕੈਲਾਸ਼ ਦੇਵ ਦੀ ਹਾਰ ਹੋਈ, ਮਾਲਦੇਵ ਨੇ ਉਸਨੂੰ ਮਾਫ਼ ਕਰ ਦਿੱਤਾ ਤੇ ਉਸਦਾ ਅੱਧਾ ਰਾਜ ਵਾਪਸ ਕਰ ਦਿੱਤਾ, ਇਸ ਵਾਰ ਵਿੱਚ ਵਾਰਕਾਰ ਨੇ ਮਾਲਦੇਵ ਨੂੰ ਨਾਇਕ ਵਜੋਂ ਸਿਰਜਿਆ ਹੈ। ਵਾਰ ਦਾ ਨਮੂਨਾ ਇਸ ਤਰ੍ਹਾਂ ਹੈ–

ਧਰਤ ਘੋੜਾ ਪਰਬਤ ਪਲਾਨ ਸਿਰ ਟੱਟਰ ਅੰਬਰ।
ਨਉਂ ਸੈ ਸਦੀ ਨੜ੍ਹਿਨਵੇਂ ਰਾਣਾ ਜਲ ਕੰਬਰ।
ਢੁਕਾ ਰਾਏ ਅਮੀਰ ਦੇਵ ਕਰ ਮੇਘ ਅਡੰਬਰ।
ਆਨਤ ਖੰਡਾ ਰਾਣਿਆਂ, ਕੈਲਾਸ਼ੇ ਅੰਦਰ।
ਬਿਜਲੀ ਜਿਉਂ ਚਮਕਾਣੀਆਂ, ਤੇਗਾਂ ਵਿੱਚ ਅੰਬਰ।
ਮਾਲਦੇਵ ਕੈਲਾਸ਼ ਨੂੰ, ਬੰਨ੍ਹਿਆ ਕਰ ਸੰਬਰ।
ਫਿਰ ਅਧਾ ਧਨ ਮਾਲ ਦੇ ਛੱਡਿਆ ਗੜ੍ਹ ਅੰਦਰ।
ਮਾਲ ਦਿਓ ਜੱਸ ਖੱਟਿਆ ਵਾਂਗ ਸ਼ਾਹ ਸਿਕੰਦਰ।

ਇਨ੍ਹਾਂ ਲੋਕ ਵਾਰਾਂ ਤੋਂ ਇਲਾਵਾ ਇਸ ਕਾਲ ਵਿੱਚ ਹੋਰ ਧਾਰਮਿਕ/ਅਧਿਆਤਮਕ ਕਿਸਮ ਦੀਆਂ ਵਾਰਾਂ ਮਿਲਦੀਆਂ ਹਨ। ਜੋ ਗੁਰੂ ਸਾਹਿਬਾਨਾਂ ਦੇ ਨਾਲ ਸੰਬੰਧਿਤ ਕਵੀਆਂ ਦੁਆਰਾ ਰਚੀਆਂ ਗਈਆਂ ਹਨ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਤੋਂ ਵਾਰਾਂ ਗਾਉਣ ਦੀ ਪਰੰਪਰਾ ਆਰੰਭ ਕੀਤੀ ਸੀ। ਉਸ ਸਮੇਂ ਦੋ ਢਾਡੀ ਅਬਦੁਲ ਅਤੇ ਨੱਥੂ ਮੱਲ ਵਾਰਾਂ ਗਾਇਆ ਕਰਦੇ ਸਨ। ਇਨ੍ਹਾਂ ਦੁਆਰਾ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਬੰਧੀ ਇੱਕ ਵਾਰ 'ਪੱਗ ਤੇਰੀ ਕਿ ਜਹਾਂਗੀਰ ਦੀ' ਰਚੀ ਹੋਈ ਮਿਲਦੀ ਹੈ। ਨਮੂਨਾ ਵੇਖੋ–

ਦੋ ਤਲਵਾਰਾਂ ਬੱਧੀਆਂ, ਇੱਕ ਮੀਰੀ ਦੀ ਇੱਕ ਪੀਰ ਦੀ।
ਇੱਕ ਅਜ਼ਮਤ ਦੀ ਇੱਕ ਰਾਜ ਦੀ, ਇੱਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖੀਰ ਦੀ।
ਪੱਗ ਤੇਰੀ ਕਿ ਜਹਾਂਗੀਰ ਦੀ।

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਦਰਬਾਰੀ ਢਾਡੀਆਂ 'ਮੀਰ ਮੁਸ਼ਕੀ' ਅਤੇ 'ਮੀਰ ਛਬੀਲਾ' ਦੁਆਰਾ ਰਚਿਤ 'ਭੰਗਾਣੀ ਦੀ ਵਾਰ' ਵੀ ਇਸੇ ਕਾਲ ਦੀ ਹੋਰ ਵਾਰ–ਰਚਨਾ ਹੈ। ਨਮੂਨਾ ਵੇਖਣਯੋਗ ਹੈ–

ਤੂੰ ਮੁੱਛ ਅਕਾਸ਼ੋਂ ਆਇਆ ਪਰ ਧਨਖ ਚਲਾਈ।
ਨਾਨਕ, ਅੰਗਦ, ਅਮਰਦਾਸ, ਰਲਿ ਭਗਤ ਕਮਾਈ।
ਤੂੰ ਚਹੁੰ ਜੁਗਾਂ ਵਿੱਚ ਪੜ੍ਹਦਾ, ਚਾਰ ਵੇਦ ਉਗਾਹੀ।
ਤੇਗ ਬੱਧੀ ਗੁਰੂ ਗੋਬਿੰਦ ਸਿੰਘ ਦਸਵੀਂ ਪਾਤਸ਼ਾਹੀ।

ਇਸ ਕਾਲ ਵਿੱਚ ਇਨ੍ਹਾਂ ਵਾਰਾਂ ਤੋਂ ਬਿਨਾਂ ਹੋਰ ਵਾਰਾਂ ਵੀ ਲਿਖੇ ਜਾਣ ਦੀ ਸੰਭਾਵਨਾ ਪ੍ਰਗਟ ਕੀਤੀ ਜਾਂਦੀ ਹੈ। ਪਰੰਤੂ ਮੁਹੰਮਦ ਕਾਸਬੀ ਦੁਆਰਾ ਰਚਿਤ 'ਜੰਗਨਾਮਾ ਇਮਾਮ ਹੁਸੈਨ' ਹਾਫ਼ਿਜ਼ ਬਰਖੁਰਦਾਰ ਦਾ ਵੀ ਇਸੇ ਨਾਂ ਹੇਠ ਲਿਖਿਆ ਜੰਗਨਾਮਾ ਅਤੇ ਮਿਹਰਬਾਨ ਦੁਆਰਾ ਰਚਿਤ 'ਪੀਰਾਂ ਦੀ ਵਾਰ' ਦੇ ਹਵਾਲੇ ਵੀ ਮਿਲਦੇ ਹਨ। ਮੌਲਾ ਬਖ਼ਸ਼ ਕੁਸ਼ਤਾ ਨੇ ਦੀਵਾਨ ਨਿਆਮਤ ਖ਼ਾਨ ਜਾਨ ਦੁਆਰਾ ਲਿਖੀ 'ਦੀਵਾਨ ਅਲਿਫ਼ ਖ਼ਾਨ ਦੀ ਵਾਰ' ਨਾਂ ਦੀ ਇੱਕ ਵਾਰ ਦਾ ਜ਼ਿਕਰ ਕੀਤਾ। ਇਸ ਵਾਰ ਵਿੱਚੋਂ ਇੱਕ ਉਦਾਹਰਨ ਇਸ ਪ੍ਰਕਾਰ ਹੈ–



Downloaded from https:// www.studiestoday.com

Downloaded from https:// www.studiestoday.com

ਪਹਿਲੇ ਅੱਲਾ ਸਿਮਰੀਏ, ਜਿਨ ਸਭਸ ਉਪਾਇਆ।
ਬੇਲ ਜਲਾਵਣ ਕਾਰਨੇ, ਰੱਖੇ ਨਹੀਂ ਕਾਇਆ।
ਨਾਮ ਮੁਹੰਮਦ ਲੀਜੀਏ, ਸਭਨਾਂ ਸਰਦਾਰ।
ਪੰਥ ਵਿਖਾਲਿਆ ਦੀਨ ਦਾ ਸਗਲੇ ਸੰਸਾਰ।
ਜਿਨ੍ਹਾਂ ਕਲਮਾ ਆਖਿਆ, ਸੇ ਲਗੇ ਪਾਰ।
ਦਿਲ ਵਿੱਚ ਰੱਖੀ ਜਿਨ ਦਗ਼ਾ, ਤੇ ਸੱਟੀ ਮਾਰ।

## 5. ਵਾਰਤਕ ਸਾਹਿਤ

ਪੂਰਵ ਨਾਨਕ ਕਾਲ ਵਿੱਚ ਵਿਦਵਾਨਾਂ ਨੇ 'ਪ੍ਰਾਣਸੰਗਲੀ', 'ਇਕਾਦਸ਼ੀ ਮਹਾਤਮ' ਤੇ 'ਪੱਧਤੀਨਾਮਾ' ਨਾਂ ਦੀਆਂ ਵਾਰਤਕ ਰਚਨਾਵਾਂ ਬਾਰੇ ਜਿਕਰ ਕੀਤਾ ਹੈ, ਜਿਸ ਤੋਂ ਪੂਰਵ-ਨਾਨਕ ਕਾਲ ਵਿੱਚ ਪੰਜਾਬੀ ਵਾਰਤਕ ਸਾਹਿਤ ਰਚੇ ਜਾਣ ਦਾ ਹਵਾਲਾ ਪ੍ਰਾਪਤ ਹੁੰਦਾ ਹੈ। ਇਸੇ ਵਾਰਤਕ ਸਾਹਿਤ ਦੇ ਅਗਲੇ ਨਮੂਨੇ ਨਾਨਕ ਕਾਲ ਵਿੱਚ ਵੀ ਮਿਲਦੇ ਹਨ। ਇਸ ਕਾਲ ਵਿੱਚ ਪੁਰਾਤਨ ਪੰਜਾਬੀ ਵਾਰਤਕ ਦੇ ਭਿੰਨ-ਭਿੰਨ ਰੂਪ ਤੇ ਵੰਨਗੀਆਂ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

**(ੳ) ਸਾਖੀਆਂ ਤੇ ਜਨਮਸਾਖੀਆਂ-**

ਸਾਖੀ ਤੋਂ ਭਾਵ 'ਗਵਾਹੀ' ਤੋਂ ਲਿਆ ਜਾਂਦਾ ਹੈ। ਇਸ ਵਿੱਚ ਬਿਰਤਾਂਤਕਾਰ ਵਰਣਨ ਕੀਤੀ ਜਾ ਰਹੀ ਕਹਾਣੀ ਜਾਂ ਘਟਨਾਂ ਨੂੰ ਅਖੀਂ ਵੇਖੀ ਹੋਣ ਜਾਂ ਸੁਣੀ ਹੋਣ ਦਾ ਵਿਸ਼ਵਾਸ਼ ਦਿਲਾਉਂਦਾ ਹੈ। ਪੁਰਾਤਨ ਪੰਜਾਬੀ ਵਾਰਤਕ ਵਿੱਚ ਸਾਖੀਆਂ ਤੇ ਜਨਮਸਾਖੀਆਂ ਸਭ ਤੋਂ ਪ੍ਰਤੀਨਿਧ ਵੰਨਗੀ ਹੈ। ਸਾਖੀ ਤੇ ਜਨਮਸਾਖੀ ਵਿਚਲਾ ਅੰਤਰ ਸਪਸ਼ਟ ਕਰਾਉਂਦੇ ਹੋਏ ਵਿਦਵਾਨਾਂ ਦਾ ਮੱਤ ਹੈ ਕਿ ਸਾਖੀ ਵਿੱਚ ਕਿਸੇ ਇਕ ਕਹਾਣੀ ਜਾਂ ਕਿਸੇ ਸਾਧੂ, ਸੰਤ ਤੇ ਸਿੱਖ ਨਾਇਕ ਨਾਲ ਸੰਬੰਧਿਤ ਜੀਵਨ ਬਿਰਤਾਂਤ ਪੇਸ਼ ਕੀਤੇ ਹੁੰਦੇ ਹਨ। ਸਾਖੀਆਂ ਵਿੱਚ ਕਿਸੇ ਗੁਰੂ ਨਾਲ ਸੰਬੰਧਿਤ ਘਟਨਾਵਾਂ ਦਾ ਵਰਣਨ ਜਰੂਰੀ ਰੂਪ ਵਿੱਚ ਸ਼ਾਮਿਲ ਨਹੀਂ ਹੁੰਦਾ ਜਦੋਂ ਕਿ ਜਨਮਸਾਖੀ ਵਿੱਚ ਕਿਸੇ ਮਹਾਨ ਸ਼ਖ਼ਸ਼ੀਅਤ ਦੇ ਜੀਵਨ-ਸਮਾਚਾਰਾਂ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਵਰਣਨ ਕੀਤਾ ਗਿਆ ਹੁੰਦਾ ਹੈ। ਪੰਜਾਬੀ ਵਿੱਚ 'ਜਨਮਸਾਖੀ' ਸਾਹਿਤ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਘਟਨਾਵਾਂ ਨਾਲ ਹੀ ਸੰਬੰਧਿਤ ਹੋ ਚੁੱਕਿਆ ਹੈ। ਦੂਸਰੇ ਗੁਰੂ ਸਾਹਿਬਾਨਾਂ ਤੇ ਮਹਾਨ ਵਿਆਕਤੀਆਂ ਦੀਆਂ ਸਾਖੀਆਂ ਹੀ ਮਿਲਦੀਆਂ ਹਨ, ਜਨਮਸਾਖੀਆਂ ਨਹੀਂ। ਗੁਰੂ ਨਾਨਕ ਕਾਲ ਦੀ ਵਾਰਤਕ ਵਿੱਚ ਪੰਜਾਬੀ ਦੀਆਂ ਹੇਠ ਲਿਖੀਆਂ ਜਨਮਸਾਖੀਆਂ ਮਿਲਦੀਆਂ ਹਨ।

1. ਪੁਰਤਨ ਜਨਮ ਸਾਖੀ ਜਾਂ ਵਲਾਇਲ ਵਾਲੀ ਜਨਮਸਾਖੀ ਜਾਂ ਕੌਲਬਰੁਕ ਵਾਲੀ ਜਨਮਸਾਖੀ
2. ਸੋਢੀ ਮਿਹਰਬਾਨ ਵਾਲੀ ਜਨਮ ਸਾਖੀ
3. ਭਾਈ ਬਾਲੇ ਵਾਲੀ ਜਨਮ ਸਾਖੀ ਜਾਂ ਪੈੜ੍ਹੇ ਮੋਖੇ ਵਾਲੀ ਜਨਮ ਸਾਖੀ
4. ਬਿਧੀ ਚੰਦ ਜਾਂ ਹੰਦਾਲੀਆਂ ਵਾਲੀ ਜਨਮ ਸਾਖੀ
5. ਜਨਮ ਸਾਖੀ ਸ੍ਰੀ ਮਿਹਰਬਾਨ ਜੀ ਕੀ
6. ਆਦਿ ਸਾਖੀਆਂ ਬਾਬੇ ਕੀਆਂ
7. ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ
8. ਜਨਮ ਸਾਖੀ ਭਗਤ ਕਬੀਰ ਜੀ ਕੀ

ਇਸ ਕਾਲ ਦੀਆਂ ਜਨਮਸਾਖੀਆਂ ਵਿੱਚੋਂ ਸਭ ਤੋਂ ਪੁਰਾਣੀ ਤੇ ਸਭ ਤੋਂ ਛੋਟੀ 'ਪੁਰਾਤਨ ਜਨਮ ਸਾਖੀ' ਹੈ, ਜਿਸ ਵਿੱਚ 57 ਸਾਖੀਆਂ ਹੀ ਹਨ। 1926 ਈ: ਵਿੱਚ ਭਾਈ ਵੀਰ ਸਿੰਘ ਜੀ ਨੇ ਇਸ ਨੂੰ

ਸੰਪਾਦਿਤ ਅਤੇ ਪ੍ਰਕਾਸ਼ਿਤ ਕੀਤਾ। ਇਹ ਜਨਮ ਸਾਖੀ ਈਸਟ ਇੰਡੀਆ ਦੇ ਇਕ ਅਫਸ਼ਰ ਮਿਸਟਰ ਕੌਲਬਰੁਕ ਨੂੰ ਹੱਥ-ਲਿਖਤੀ ਖਰੜੇ ਦੇ ਰੂਪ ਵਿਚ ਲੱਭੀ ਸੀ, ਜੋ ਉਸਨੇ ਈਸਟ ਇੰਡੀਆ ਕੰਪਨੀ ਦੇ ਸਪੁਰਦ



Downloaded from https:// www.studiestoday.com

Downloaded from https:// www.studiestoday.com

ਕਰ ਦਿਤਾ। ਬਾਅਦ ਵਿੱਚ ਸੰਨ 1883 ਈ: ਨੂੰ ਸਿੱਖਾਂ ਦੀ ਮੰਗ 'ਤੇ ਇਸ ਖਰੜੇ ਦੀ ਇਕ ਕਾਪੀ 'ਲੰਡਨ ਇੰਡੀਆਂ ਆਫਿਸ ਲਾਈਬ੍ਰੇਰੀ' ਤੋਂ ਉਤਾਰਾ ਕਰਵਾ ਕੇ ਭੇਜੀ ਗਈ, ਜਿਸ ਨੂੰ 'ਵਲਾਇਤ ਵਾਲੀ ਜਨਮਸਾਖੀ' ਕਿਹਾ ਜਾਂਦਾ ਹੈ। ਪ੍ਰੋ੦ ਗੁਰਮੁਖ ਸਿੰਘ ਨੂੰ ਇਸ ਜਨਮ ਸਾਖੀ ਦਾ ਇਕ ਹੋਰ ਨੁਸ਼ਖਾ 'ਹਾਫੀਜ਼ਾਬਾਦ' ਤੋਂ ਮਿਲਿਆ ਸੀ, ਜਿਸ ਨੂੰ ਅੰਗਰੇਜ਼ ਅਫਸਰ ਮੈਕਾਲਫ਼ ਨੇ ਆਪਣੇ ਖਰਚ ਉੱਪਰ ਛਾਪਿਆ ਸੀ, ਇਸ ਨੂੰ 'ਮੈਕਾਲਫ਼ ਵਾਲੀ ਜਨਮ ਸਾਖੀ' ਕਿਹਾ ਜਾਂਦਾ ਹੈ। ਬਾਅਦ ਵਿੱਚ ਵਲਾਇਤ ਵਾਲੀ 'ਤੇ 'ਮੈਕਾਲਿਫ਼ ਵਾਲੀ' ਜਨਮਸਾਖੀਆਂ ਨੂੰ ਆਧਾਰ ਬਣਾ ਕੇ ਭਾਈ ਵੀਰ ਸਿੰਘ ਵੱਲੋਂ 'ਪੁਰਾਤਨ ਜਨਮਸਾਖੀ' ਤਿਆਰ ਕੀਤੀ ਗਈ, ਜਿਸ ਨੂੰ ਉਸ ਨੇ 1635 ਈ. ਦੀ ਪੁਰਾਤਨ ਰਚਨਾ ਮੰਨਿਆ ਹੈ।

'ਸੋਢੀ ਮਿਹਰਬਾਨ ਵਾਲੀ ਜਨਮਸਾਖੀ' ਦਾ ਇਕ ਖਰੜਾ ਖਾਲਸਾ ਕਾਲਜ, ਅਮ੍ਰਿਤਸਰ ਦੀ ਲਾਈਬ੍ਰੇਰੀ ਵਿੱਚ ਸਾਂਭਿਆ ਹੋਇਆ ਹੈ। ਇਸ ਵਿੱਚ 302 ਗੋਸ਼ਟਾਂ ਹਨ- 167 ਗੋਸ਼ਟਾਂ ਮਿਹਰਬਾਨ ਦੀਆਂ ਅਤੇ 135 ਗੋਸ਼ਟਾਂ ਮਿਹਰਬਾਨ ਦੇ ਪੁੱਤਰਾਂ (61 ਗੋਸ਼ਟਾਂ ਹਰਿਜੀ ਤੇ 74 ਗੋਸ਼ਟਾਂ ਚਤੁਰਭੁਜ ਦੀਆਂ) ਨਾਲ ਸੰਬੰਧਿਤ ਹਨ। ਇਸ ਦੇ ਮੂਲਰੂਪ ਵਿੱਚ 575 ਗੋਸ਼ਟਾਂ ਸਨ, ਜੋ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸ਼ੀਅਤ ਨਾਲ ਸੰਬੰਧਿਤ ਸਨ। ਇਸ ਜਨਮਸਾਖੀ ਦਾ ਆਧਾਰ 'ਪੁਰਾਤਨ ਜਨਮਸਾਖੀ' ਨੂੰ ਹੀ ਮੰਨਿਆ ਜਾਂਦਾ ਹੈ।

'ਭਾਈ ਬਾਲੇ ਜਾਂ ਪੈੜੇ ਮੋਖੇ ਵਾਲੀ ਜਨਮਸਾਖੀ' ਨੂੰ ਗੁਰੂਨਾਨਕ ਦੇਵ ਜੀ ਨਾਲ ਸੰਬੰਧਿਤ ਜਨਮਸਾਖੀਆਂ ਵਿੱਚੋ ਸਭ ਤੋਂ ਵੱਧ ਪ੍ਰਸਿੱਧੀ ਪ੍ਰਾਪਤ ਹੋਈ ਹੈ। ਇਸ ਵਿਚ ਦਰਜ ਸਾਖੀਆਂ ਦੀ ਗਿਣਤੀ ਹਰ ਛਾਪ ਸਮੇਂ ਵੱਧਦੀ ਗਈ ਹੈ। ਇਸ ਦੀਆਂ ਪਹਿਲੀਆਂ ਪੋਥੀਆਂ ਵਿੱਚ 75 ਤੋਂ 88 ਤੇ ਬਾਅਦ ਵਿੱਚ 90 ਅਤੇ ਹੁਣ ਨਵੀਨ ਸ਼ੰਸਕਰਣਾਂ ਵਿੱਚ ਸਾਖੀਆਂ ਦੀ ਗਿਣਤੀ 232 ਤੱਕ ਪਹੁੰਚ ਗਈ ਹੈ। ਜਿਸ ਕਾਰਨ ਇਸ ਦੀ ਪ੍ਰਮਾਣਿਕਤਾ ਵੀ ਹੋਰ ਖੋਜ ਦੀ ਮੰਗ ਕਰਦੀ ਹੈ । ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਾਕ-ਸੰਬੰਧੀਆਂ ਦੇ ਨਾਵਾਂ ਦਾ ਵੇਰਵਾ ਮਿਲਦਾ ਹੈ। ਜੋ ਇਸ ਦੀ ਇਕ ਪਛਾਣ ਤੇ ਮੁੱਖ ਵਿਸ਼ੇਸ਼ਤਾ ਹੈ। ਸਿੱਖ ਹਲਕਿਆਂ ਵਿੱਚ ਇਸੇ ਜਨਮਸਾਖੀ ਦਾ ਵੱਧ ਪ੍ਰਚਲਨ ਰਿਹਾ ਹੈ। 'ਹੰਦਾਲੀਆਂ ਜਾਂ ਬਿਧੀ ਚੰਦ ਵਾਲੀ ਜਨਮਸਾਖੀ' ਵੀ ਇਸੇ ਜਨਮਸਾਖੀ ਦਾ ਹੀ ਇਕ ਰੂਪ ਹੈ।

ਇਸ ਤੋਂ ਬਿਨਾਂ 'ਜਨਮਸਾਖੀ ਭਗਤ ਕਬੀਰ ਜੀ ਕੀ' ਵਿੱਚ ਭਗਤ ਕਬੀਰ ਜੀ ਦੇ ਜੀਵਨ ਨਾਲ ਸੰਬੰਧਿਤ 25 ਕਥਾਵਾਂ ਦਰਜ ਹਨ। 'ਸੈਂਟਰਲ ਪਬਲਿਕ ਲਾਈਬ੍ਰੇਰੀ, ਪਟਿਆਲਾ' ਵਿੱਚ ਇਸ ਜਨਮਸਾਖੀ ਦਾ ਸੰਨ 1683 ਈ. ਵਿੱਚ ਕੀਤਾ ਇਕ ਉਤਾਰਾ ਮਿਲਦਾ ਹੈ। ਇਸ ਜਨਮਸਾਖੀ ਦਾ ਬਿਆਨ ਢੰਗ 'ਸ੍ਰੀ ਮਿਹਰਬਾਨ ਵਾਲੀ ਪੋਥੀ' ਨਾਲ ਤਾਲ-ਮੇਲ ਖਾਂਦਾ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਜਨਮਸਾਖੀ ਵੀ ਮਿਹਰਬਾਨ ਜੀ ਦੀ ਲਿਖੀ ਜਾਂ ਲਿਖਵਾਈ ਹੋਈ ਹੋ ਸਕਦੀ ਹੈ। 'ਜਨਮਸਾਖੀ ਕਬੀਰ ਜੀ' ਨਾਲ ਸੰਬੰਧਿਤ 137 ਸਾਖੀਆਂ ਵੱਖ-ਵੱਖ ਖਰੜਿਆਂ ਤੋਂ ਪ੍ਰਾਪਤ ਹੁੰਦੀਆਂ ਹਨ।

ਇਸ ਦੇ ਨਾਲ ਹੀ ਇਸ ਕਾਲ ਵਿੱਚ 'ਜਨਮਸਾਖੀ ਸ੍ਰੀ ਮਿਹਰਬਾਨ ਜੀ ਕੀ' ਵਿੱਚ 47 ਗੋਸ਼ਟੀਆਂ, 'ਆਦਿ ਸਾਖੀਆਂ ਬਾਬੇ ਕੀਆਂ' ਵਿੱਚ 51 ਦੇ ਕਰੀਬ ਸਾਖੀਆਂ ਅਤੇ 'ਸਤਿਗੁਰੂ ਜੀ ਦੇ ਮੂੰਹ ਦੀਆਂ ਸਾਖੀਆਂ' ਵਿੱਚ 32-33 ਦੇ ਕਰੀਬ ਸਾਖੀਆਂ ਨਾਲ ਸੰਬੰਧਿਤ ਰਚਨਾਵਾਂ ਵੀ ਮਿਲਦੀਆਂ ਹਨ।

**(ਅ) ਟੀਕੇ (ਪਰਮਾਰਥ)**–

ਪੁਰਾਤਨ ਪੰਜਾਬੀ ਵਾਰਤਕ ਦੀ ਇਕ ਹੋਰ ਪ੍ਰਮੁੱਖ ਵੰਨਗੀ ਟੀਕੇ ਜਾਂ ਪਰਮਾਰਥ ਹਨ। ਪਰਮਾਰਥ ਦੀ ਰਚਨਾਂ ਸ਼ਬਦ 'ਪਰਮੈਂਅਰਥ' ਤੋਂ ਹੋਈ ਹੈ ਜਿਸ ਦਾ ਅਰਥ ਹੈ ਕਠਿਨ ਲਿਖ਼ਤਾਂ ਤੇ ਅਰਥਾਂ ਨੂੰ ਸਮਝਾਉਣਾ। ਇਹ ਰਚਨਾ ਦੇ ਅੰਤਰੀਵ ਅਰਥਾਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦੇ ਹਨ। ਇਸ ਪਰੰਪਰਾ ਦਾ ਆਰੰਭ ਮੀਣੇ ਗੁਰੂਆਂ ਸ੍ਰੀ ਮਿਹਰਬਾਨ ਅਤੇ ਹਰਿ ਜੀ ਨੇ ਕੀਤਾ। ਇਸ ਕਾਲ ਵਿਚ ਰਚੇ ਜਿਆਦਾਤਰ ਟੀਕੇ ਪਰਮਾਰਥ ਗੁਰੂਨਾਨਕ ਦੇਵ ਜੀ ਦੀ ਬਾਣੀ ਨਾਲ ਸੰਬੰਧਿਤ ਹਨ। ਪ੍ਰਮੁੱਖ ਟੀਕੇ ਇਸ ਤਰ੍ਹਾਂ ਹਨ –

1. ਜਪੁ ਪਰਮਾਰਥ (ਕ੍ਰਿਤ ਸੋਢੀ ਮਿਹਰਬਾਨ)
2. ਟੀਕਾ ਸਿਧ ਗੋਸ਼ਟਿ (ਕ੍ਰਿਤ ਸੋਢੀ ਮਿਹਰਬਾਨ)
3. ਟੀਕਾ ਦੱਖਣੀ ਓਅੰਕਾਰ (ਹਰਿ ਜੀ ਦੀ ਪੋਥੀ ਵਿੱਚ ਸੰਕਲਿਤ)
4. ਟੀਕਾ ਪੱਟੀ ਤੇ ਬਾਰਹਮਾਹ ਤੁਖ਼ਾਰੀ (ਪੋਥੀ ਮਿਹਰਬਾਨ ਵਿੱਚ ਸੰਕਲਿਤ)
5. ਸੁਖਮਨੀ ਸਹੰਸਾਰ ਨਾਮ (ਸੋਢੀ ਮਿਹਰਬਾਨ ਦੀ ਬਾਣੀ ਦਾ ਟੀਕਾ)



Downloaded from https:// www.studiestoday.com

Downloaded from https:// www.studiestoday.com

**(ੲ) ਗੋਸ਼ਟਾਂ –**

ਗੋਸ਼ਟ ਜਾ ਗੋਸ਼ਠ ਤੋਂ ਭਾਵ ਹੈ- ਚਰਚਾ ਕਰਨੀ, ਬਹਿਸ ਕਰਨੀ ਜਾਂ ਵਿਚਾਰ-ਵਟਾਂਦਰਾ ਕਰਨਾ। ਪੁਰਾਤਨ ਸਮੇਂ ਵਿੱਚ ਮਹਾਂਪੁਰਸ਼ ਜਾਂ ਵਿਦਵਾਨ ਲੋਕ ਆਪਣੇ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਪ੍ਰਸ਼ਨ- ਉੱਤਰ ਢੰਗ ਅਪਨਾਉਂਦੇ ਸਨ। ਪੁਰਾਤਨ ਵਾਰਤਕ ਵਿੱਚ ਧਾਰਮਿਕ ਜਾਂ ਸਿੱਧਾਂਤਕ ਸਮੱਸਿਆਵਾਂ ਨੂੰ ਸਪਸ਼ਟ ਕਰਨ ਲਈ ਕਲਪਿਤ ਪਾਤਰਾਂ ਜਾਂ ਕਿਸੇ ਹੋਰ ਵਿਅਕਤੀ ਜਾਂ ਖ਼ੁਦ ਹੀ ਕਿਸੇ ਵਿਸ਼ੇ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ ਜਿਹੜਾਂ ਢੰਗ ਵਰਤਿਆ ਜਾਂਦਾ ਸੀ, ਉਸ ਨੂੰ 'ਗੋਸ਼ਟਾਂ ਜਾਂ ਗੋਸ਼ਠਾਂ' ਕਿਹਾ ਜਾਂਦਾ ਹੈ। ਪੁਰਾਤਨ ਵਾਰਤਿਕ ਖੇਤਰ ਵਿੱਚ ਅਜਿਹੀਆਂ ਗੋਸ਼ਠਾਂ ਦਾ ਵੇਰਵਾ ਇਸ ਤਰ੍ਹਾਂ ਹੈ-

1. ਮੱਕੇ ਦੀ ਗੋਸ਼ਟਿ (ਸ਼ਾਹ ਸਰਫ਼ ਤੇ ਗੁਰੂ ਨਾਨਕ ਦੇਵ ਜੀ ਵਿਚਕਾਰ)
2. ਗੋਸ਼ਟਿ ਆਤਮੇ ਕੀ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
3. ਗੋਸ਼ਟਿ ਅਜਿਤੇ ਰੰਧਾਵੇ ਨਾਲ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
4. ਨਿਰੰਕਾਰ ਨਾਲ ਗੋਸ਼ਟਿ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
5. ਕਲਿਜੁਗ ਨਾਲ ਗੋਸ਼ਟਿ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
6. ਬੁੱਢਣ ਸ਼ਾਹ ਨਾਲ ਗੋਸ਼ਟਿ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
7. ਕਾਰੂੰ ਨਾਲ ਗੋਸ਼ਟਿ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
8. ਗੋਰਖ ਨਾਲ ਗੋਸ਼ਟਿ (ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ)
9. ਬਾਬੇ ਲਾਲ ਨਾਲ ਗੋਸ਼ਟਿ (ਬਾਬਾ ਲਾਲ ਤੇ ਦਾਰਾ ਸ਼ਿਕੋਹ ਵਿਚਕਾਰ)
10. ਗੋਸ਼ਟਿ ਗੋਰਖ ਭਰਥਰੀ (ਗੋਰਖਨਾਥ ਤੇ ਰਾਜਾ ਭਰਥਰੀ ਵਿਚਕਾਰ)
11. ਗੋਸ਼ਟਿ ਸ੍ਰੀ ਕ੍ਰਿਸ਼ਨ ਅਰ ਊਧੋ (ਸ੍ਰੀ ਕ੍ਰਿਸ਼ਨ ਜੀ ਤੇ ਊਧੋ ਵਿਚਕਾਰ)
12. ਪੋਥੀ ਸਚਖੰਡ(ਸੋਢੀ ਮਿਹਰਬਾਨ ਦੁਆਰਾ ਕਈ ਭਗਤਾਂ ਸੰਤਾਂ ਦੀਆਂ ਗੋਸ਼ਟਾਂ ਸੰਕਲਿਤ)
13. ਗੋਸ਼ਟਾਂ ਮਿਹਰਬਾਨ ਜੀ (ਹਰਿ ਜੀ ਦੁਆਰਾ ਰਚਿਤ)

ਇਨ੍ਹਾਂ ਗੋਸ਼ਟਾਂ ਦਾ ਮੁਹਾਂਦਰਾ ਧਾਰਮਿਕ ਤੇ ਉਪਦੇਸਾਤਮਕ ਹੈ। ਬੋਲੀ ਉੱਪਰ ਸਾਧੂਕੜੀ ਭਾਸ਼ਾ ਤੇ ਅਰਬੀ-ਫਾਰਸੀ ਸ਼ਬਦਾਵਲੀ ਦਾ ਪ੍ਰਭਾਵ ਹੈ। ਇਹ ਗੋਸ਼ਟਾਂ ਪੰਜਾਬੀ ਭਾਸ਼ਾ ਦੀ ਪ੍ਰਾਚੀਨਤਾ ਤੇ ਵਿਸ਼ਾਲਤਾ ਵੱਲ ਸੰਕੇਤ ਕਰਦੀਆਂ ਹਨ।

**(ਸ) ਵਚਨ ਜਾਂ ਬਚਨ-**

ਇਸ ਕਾਲ ਦੀ ਵਾਰਤਕ ਦਾ ਇਕ ਹੋਰ ਨਮੂਨਾ 'ਵਚਨ' ਜਾਂ 'ਬਚਨ' ਹਨ। ਮਹਾਂਪੁਰਖਾਂ ਜਾਂ ਗੁਰੂਆਂ ਦੇ ਬਚਨ ਸ਼ਰਧਾਲੂਆਂ ਲਈ ਵਿਸ਼ੇਸ ਮਹੱਤਵ ਰੱਖਦੇ ਹਨ, ਇਸ ਲਈ ਇਨ੍ਹਾਂ ਨੂੰ ਲਿਖਤੀ ਰੂਪ ਵਿੱਚ ਵੀ ਸੰਭਾਲਿਆ ਗਿਆ ਹੈ। ਇਹ ਬਚਨ ਇਕ ਪ੍ਰਕਾਰ ਦੇ ਰਹਿਤਨਾਮੇ ਹੀ ਸਨ। ਇਸ ਕਾਲ ਵਿੱਚ 'ਵਚਨ ਸਾਂਈਂ ਲੋਕਾਂ ਦੇ', 'ਵਚਨ ਫ਼ਕੀਰਾਂ ਦੇ' ਆਦਿ ਵਚਨ ਦੀਆਂ ਵੰਨਗੀਆਂ ਪ੍ਰਾਪਤ ਹੁੰਦੀਆਂ ਹਨ।

**(ਹ) ਹੁਕਮਨਾਮੇ –**

ਸਿੱਖ ਗੁਰੂ ਸਾਹਿਬਾਨਾਂ – ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸੰਗਤਾਂ ਨੂੰ ਲਿਖੇ ਗਏ ਪੱਤਰ, 'ਹੁਕਮਨਾਮੇ' ਅਖਵਾਉਂਦੇ ਹਨ। ਸੰਗਤਾਂ ਨੂੰ ਲੰਗਰ ਲਈ ਭੇਟਾਂ ਜਾਂ ਰਾਸ਼ਨ ਭੇਜਣ, ਸ਼ਸਤਰ ਤੇ ਘੋੜੇ ਭੇਜਣ ਜਾਂ ਕਿਸੇ ਹੋਰ ਮਨੋਰਥ ਲਈ ਅਜਿਹਾ ਕੀਤਾ ਜਾਂਦਾ ਸੀ। ਕਿਸੇ ਸੇਵਕ ਵੱਲੋਂ ਇਹ ਪੱਤਰ ਤਿਆਰ ਕੀਤਾ ਜਾਂਦਾ ਸੀ ਤੇ ਗੁਰੂ ਸਾਹਿਬ ਵੱਲੋਂ ਇਸ ਉੱਪਰ ਕੋਈ ਖ਼ਾਸ ਨਿਸ਼ਾਨ ਲਾਇਆ ਜਾਂਦਾ ਸੀ। ਇਸ ਕਾਲ ਵਿੱਚ ਇਸ ਦੀਆਂ ਲਿਖਤ ਵੰਨਗੀਆਂ ਪ੍ਰਾਪਤ ਹਨ।

**(ਕ) ਅਨੁਵਾਦ –**

ਇਸ ਕਾਲ ਵਿੱਚ ਮੌਲਿਕ ਵਾਰਤਿਕ ਰਚਨਾ ਦੇ ਨਾਲ-ਨਾਲ ਪ੍ਰਸਿੱਧ ਤੇ ਸ੍ਰੇਸਟ ਪੁਰਾਤਨ ਰਚਨਾਵਾਂ



Downloaded from https:// www.studiestoday.com

Downloaded from https:// www.studiestoday.com

ਦੇ ਅਨੁਵਾਦ ਵੀ ਹੋਏ ਹਨ। ਇਨ੍ਹਾਂ ਉੱਪਰ ਮੂਲ ਰਚਨਾ ਵਾਲਾ ਅਸਰ ਹੀ ਵੇਖਿਆ ਜਾ ਸਕਦਾ ਹੈ। ਇਸ ਕਾਲ ਦੇ ਪ੍ਰਮੁੱਖ ਅਨੁਵਾਦ ਧਿਆਨ ਦੇਣ ਯੋਗ ਹਨ –

1. ਟੀਕਾ ਵੇਦਾਂਤ ਸਾਰ
2. ਛੱਜੂ ਭਗਤ ਦਾ ਗੀਤਾ ਮਹਾਤਮ
3. ਬਿਬੇਕ ਸਾਰ ਜਾਂ ਗੀਤਾ ਸਾਰ
4. ਵਿਸ਼ਨੂੰ ਪੁਰਾਣ
5. ਭੋਗਲ ਪੁਰਾਣ
6. ਭਗਵਤ ਗੀਤਾ
7. ਆਦਿ ਰਾਮਾਇਣ

**(ਖ) ਫੁਟਕਲ –**

ਇਸ ਕਾਲ ਦੀਆਂ ਵਿਸ਼ੇਗਤ ਤੇ ਰੂਪਗਤ ਵੰਨਗੀਆਂ ਤੋਂ ਬਿਨਾਂ ਕੁਝ ਫੁਟਕਲ ਰਚਨਾਵਾਂ ਦਾ ਵੀ ਜ਼ਿਕਰ ਆਉਂਦਾ ਹੈ, ਜੋ ਇਸ ਤਰ੍ਹਾਂ ਹਨ –

1. ਸਿੰਘਾਸਨ ਬਤੀਸੀ
2. ਬਾਣੀ ਬਿਹੰਗਮ
3. ਪੰਦ ਨਾਮਾ (ਹਾਜ਼ਿਰ ਨਾਮਾ)
4. ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ
5. ਮਸਲੇ ਸੇਖ਼ ਫ਼ਰੀਦ ਕੇ

ਇਸ ਤਰ੍ਹਾਂ ਇਸ ਕਾਲ ਦੀ ਵਾਰਤਕ ਦੇ ਵਿਭਿੰਨ ਰੂਪਾਂ ਵਿੱਚ ਧਾਰਮਿਕ ਵਿਸ਼ਿਆਂ ਨੂੰ ਸਦਾਚਾਰਿਕ ਤੇ ਆਤਮਿਕ ਜੀਵਨ ਦੀ ਅਗਵਾਈ ਵਿੱਚ ਪੇਸ਼ ਕੀਤਾ ਗਿਆ ਹੈ। ਸ਼ੈਲੀਗਤ ਪੱਖ ਤੋਂ ਬਿਰਤਾਂਤ, ਵਰਣਨ, ਵਾਰਤਾਲਾਪ, ਕਾਰ-ਵਿਹਾਰ, ਵਿਆਖਿਆ ਤੇ ਦਾਰਸ਼ਨਿਕਤਾ ਆਦਿ ਸਭ ਤਰ੍ਹਾਂ ਦੀ ਵੰਨਗੀ ਮਿਲਦੀ ਹੈ। ਸਵਾਲ ਜੁਆਬ ਤੇ ਪ੍ਰਸ਼ਨੋਤਰੀ ਵਿਧੀ ਰਾਹੀਂ ਨਾਟਕੀ ਰਸ ਪੈਦਾ ਕੀਤਾ ਗਿਆ ਹੈ। ਸ਼ੁੱਧ ਤੇ ਠੇਠ ਪੰਜਾਬੀ ਦੀ ਥਾਂ ਸਾਧ-ਠਾਖਾ ਤੇ ਲਹਿੰਦੀ ਦੀ ਸ਼ਬਦਾਵਲੀ ਦਾ ਰੰਗ ਪ੍ਰਧਾਨ ਹੈ। ਵਾਕ ਬਣਤਰ ਵਿੱਚ ਵਿਆਕਰਨਿਕ ਨੇਮਾਂ ਦੀ ਵਰਤੋਂ, ਬਿਸ਼ਰਾਮ ਚਿੰਨ੍ਹਾਂ ਦੀ ਵਰਤੋਂ, ਸ਼ਬਦ-ਜੋੜ ਇਕਸਾਰਤਾ, ਸਾਹਿਤਕ ਸੁਹਜ ਆਦਿ ਦੀ ਕਮੀ ਹੈ। ਵਾਰਤਕ ਦਾ ਲਹਿਜਾ ਕਥਾਕਾਰੀ ਵਾਲਾ ਤੇ ਸਿੱਧੀ ਸਿਧਾਂਤਾ ਦੀ ਪੇਸ਼ਕਾਰੀ ਵਾਲਾ ਹੈ। ਪਰੰਤੂ ਫਿਰ ਵੀ ਇਸ ਕਾਲ ਦੀ ਵਾਰਤਕ ਤੋਂ ਗੁਰਮੁਖੀ ਲਿਪੀ ਦੀ ਪ੍ਰਾਚੀਨਤਾ ਦੇ ਨਾਲ-ਨਾਲ ਪੰਜਾਬੀ ਸਾਹਿਤ ਦੀ ਪੁਰਾਤਨਤਾ ਦਾ ਵੀ 'ਪ੍ਰਮਾਣ' ਮਿਲਦਾ ਹੈ, ਜੋ ਅੱਗੇ ਜਾ ਕੇ ਆਧੁਨਿਕ ਸਾਹਿਤ ਦੇ ਨਵੇਂ ਰੂਪਾਂ – ਜੀਵਨੀ, ਇਤਿਹਾਸਕਾਰੀ, ਨਿੱਕੀ ਕਹਾਣੀ ਅਤੇ ਆਲੋਚਨਾ ਆਦਿ ਲਈ ਰਾਹ ਪੱਧਰਾ ਕਰਦਾ ਹੈ।

ਸੋ, ਨਿਰਸੰਦੇਹ ਹੀ ਗੁਰੂ ਨਾਨਕ ਕਾਲ ਦਾ ਪੰਜਾਬੀ ਸਾਹਿਤ ਇਸ ਕਾਲ ਦੀਆਂ ਸਾਹਿਤ ਧਾਰਾਵਾਂ – ਗੁਰਮਤ, ਸੂਫੀ, ਕਿੱਸਾ, ਬੀਰ ਅਤੇ ਵਾਰਤਕ ਖੇਤਰ ਵਿੱਚ ਹੋਈਆਂ ਸਾਹਿਤ ਰਚਨਾਵਾਂ ਸਦਕਾ 'ਸੁਨਹਿਰੀ ਕਾਲ' ਅਖਵਾਉਂਦਾ ਹੈ। ਇਸ ਕਾਲ ਵਿੱਚ ਪੰਜਾਬੀ ਸਾਹਿਤ ਖੇਤਰ ਵਿੱਚ ਰਚਿਆ ਗਿਆ ਗੁਣਾਤਮਕ ਤੇ ਗਿਣਾਤਮਕ ਸਾਹਿਤ ਇਸ ਦੀ ਪ੍ਰਤੱਖ ਮਿਸਾਲ ਹੈ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਗੁਰਮਤਿ ਕਾਵਿ-ਧਾਰਾ ਉੱਪਰ ਨੋਟ ਲਿਖੋ।
2. ਨਾਨਕ ਕਾਲ ਦੇ ਸੂਫ਼ੀ ਕਵੀਆਂ ਦਾ ਵਰਣਨ ਕਰੋ।
3. ਨਾਨਕ ਕਾਲ ਵਿੱਚ ਹੋਏ ਪ੍ਰਮੁੱਖ ਕਿੱਸਾ ਕਵੀਆਂ ਉੱਪਰ ਚਾਨਣਾ ਪਾਉ।
4. ਬੀਰ ਕਾਵਿ-ਧਾਰਾ ਉੱਪਰ ਚਰਚਾ ਕਰੋ।
5. ਵਾਰਤਕ ਸਾਹਿਤ ਸੰਬੰਧੀ ਜਾਣਕਾਰੀ ਦਿਉ।



Downloaded from https:// www.studiestoday.com

Downloaded from https:// www.studiestoday.com

## (ੲ) ਉੱਤਰ-ਨਾਨਕ ਕਾਲ (1701 ਈ. - 1800 ਈ. ਤੱਕ)

ਇਸ ਕਾਲ ਦਾ ਪੰਜਾਬੀ ਸਾਹਿਤ ਆਦਿ ਕਾਲ ਤੋਂ ਇਸ ਕਾਲ ਤੱਕ ਨਿਰੰਤਰ ਵਿਕਾਸ ਕਰਦਾ ਹੋਇਆ ਅਪੜਦਾ ਹੈ। ਜਿਸਨੂੰ ਹੇਠ ਲਿਖੀਆਂ ਕਾਵਿ ਧਾਰਾਵਾਂ ਦੇ ਆਧਾਰ 'ਤੇ ਸਮਝਣ ਦਾ ਯਤਨ ਕਰਾਂਗੇ-

### 1. ਸੂਫ਼ੀ ਕਾਵਿ-ਧਾਰਾ

ਪੰਜਾਬੀ ਸਾਹਿਤ ਦੇ ਆਦਿ ਕਾਲ ਵਿੱਚ ਬਾਬਾ ਫ਼ਰੀਦ ਦੇ ਆਗਮਨ ਨਾਲ ਪੰਜਾਬੀ ਸੂਫੀ ਕਾਵਿ ਧਾਰਾ ਆਰੰਭ ਹੁੰਦੀ ਹੈ। ਨਾਨਕ ਕਾਲ ਵਿੱਚ ਸ਼ਾਹ ਹੁਸੈਨ, ਸੁਲਤਾਨ ਬਾਹੂ, ਮੀਆਂ ਵਜੀਦ, ਸ਼ਾਹ ਸ਼ਰਫ ਬਟਾਲਵੀ ਆਦਿ ਸੂਫੀ ਕਵੀ ਇਸ ਧਾਰਾ ਦਾ ਵਿਕਾਸ ਕਰਦੇ ਹਨ। ਇਸ ਕਾਲ (18ਵੀਂ ਸਦੀ) ਵਿੱਚ ਸੂਫ਼ੀ ਕਵਿਤਾ ਆਪਣੇ ਸ਼ਿਖ਼ਰ ਤੇ ਪਹੁੰਚ ਜਾਂਦੀ ਹੈ। ਇਸ ਕਾਲ ਵਿੱਚ ਹੋਏ ਸੂਫ਼ੀ ਕਵੀਆਂ ਦਾ ਵੇਰਵਾ ਇਸ ਤਰ੍ਹਾਂ ਹੈ-

**(ੳ) ਬੁਲ੍ਹੇਸ਼ਾਹ (1680-1758 ਈ.) -**

ਬੁਲ੍ਹੇਸ਼ਾਹ ਇਸ ਕਾਲ ਦਾ ਸਭ ਤੋਂ ਸ੍ਰੇਸ਼ਟ ਸੂਫ਼ੀ ਕਵੀ ਹੈ। ਉਸਨੂੰ ਪੰਜਾਬੀ ਸੂਫੀ ਕਾਵਿ ਦਾ ਸਿਖ਼ਰ ਵੀ ਕਿਹਾ ਜਾਂਦਾ ਹੈ। ਉਸਦਾ ਜਨਮ ਪਿੰਡ ਪਾਂਡੋਕੇ, ਤਹਿਸੀਲ ਕਸੂਰ, ਜਿਲਾ ਲਾਹੌਰ (ਪਾਕਿਸਤਾਨ) ਵਿੱਚ 1680 ਈ. (1130 ਹਿਜਰੀ) ਨੂੰ ਪਿਤਾ ਸਖੀ ਮੁਹੰਮਦ ਦੇ ਘਰ ਹੋਇਆ। ਉਹ ਮੁਸਲਮਾਨਾਂ ਦੇ 'ਸੱਯਦ' ਘਰਾਣੇ ਨਾਲ ਸੰਬੰਧਿਤ ਸੀ। ਉਸਦਾ ਬਚਪਨ ਦਾ ਨਾਂ 'ਅਬਦੁੱਲਾ' ਸੀ, ਜੋ ਉਸਦੀ 40ਵੀਂ ਗੰਢ ਦੇ ਅੰਤ ਵਿੱਚ ਵੀ ਦਰਜ ਹੈ-

'ਪੀਆ ਹੀ ਸਭ ਹੋ ਗਿਆ ਅਬਦੁੱਲਾ ਨਾਹੀਂ।'

ਬੁਲ੍ਹੇਸ਼ਾਹ ਦੇ ਪੂਰਵਜ਼ ਪਿੰਡ ਬਹਾਵਲਪੁਰ ਰਿਆਸਤ ਦੇ ਪਿੰਡ 'ਉੱਚ ਸ਼ਰੀਫ ਗ਼ੀਲਾਨੀਆਂ' ਦੇ ਰਹਿਣ ਵਾਲੇ ਸਨ। ਜੋ ਬਾਅਦ ਵਿੱਚ ਮਲਕਵਾਲ 'ਤੇ ਫਿਰ ਪਾਂਡੋਕੇ ਵਿੱਚ ਆ ਵਸਿਆ ਸੀ। ਮੌਲਵੀ ਗੁਲਾਮ ਮੁਰਤਜਾ ਪਾਸੋ ਉਸਨੇ ਮੁੱਢਲੀ ਵਿੱਦਿਆ ਪ੍ਰਾਪਤ ਕੀਤੀ ਤੇ ਬਆਦ ਵਿੱਚ ਉਨ੍ਹਾਂ ਨੇ ਕਾਦਰੀ ਸੰਪ੍ਰਦਾਇ ਦੇ ਉਸ ਸਮੇਂ ਦੇ ਪ੍ਰਸਿੱਧ ਸੂਫ਼ੀ **ਸ਼ਾਹ ਇਨਾਇਤ ਕਾਦਰੀ** ਦੀ ਲਾਹੌਰ ਜਾ ਕੇ ਮੁਰੀਦੀ ਧਾਰਨ ਕਰ ਲਈ। ਸ਼ਾਹ ਇਨਾਇਤ ਜਾਤ ਦੇ ਅਰਾਈਂ (ਨੀਵੀਂ ਜਾਤ) ਸੀ, ਬੁਲ੍ਹੇਸ਼ਾਹ ਨੇ ਉਨ੍ਹਾਂ ਦਾ ਪੱਕਾ ਸ਼ਰਧਾਲੂ ਬਣਨ ਲਈ ਪੂਰੀ ਵਾਹ ਲਾਈ ਤੇ ਕਿਹਾ ਜਾਂਦਾ ਹੈ ਕਿ ਜਦੋਂ ਬੁਲ੍ਹਾਂ ਉਨ੍ਹਾਂ ਪਾਸ ਗਿਆ ਤੇ ਰੱਬ ਨੂੰ ਪਾਉਣ ਦੀ ਵਿਧੀ ਪੁੱਛੀ ਤਾਂ ਸ਼ਾਹ ਇਨਾਇਤ ਨੇ ਪਹਿਲੀ ਗੱਲ ਵਿੱਚ ਹੀ ਡੂੰਘੀ ਰਮਜ਼ ਦੇ ਦਿੱਤੀ-

ਬੁੱਲਿਆ ਰੱਬ ਦਾ ਕੀ ਪਾਉਣਾ।
ਐਧਰੋਂ ਪੁਟਣਾ ਉਧਰ ਲਾਉਣਾ।

ਸ਼ਾਹ ਇਨਾਇਤ ਕਾਦਰੀ ਦੀ ਮੌਤ ਪਿੱਛੋਂ ਬੁਲ੍ਹੇਸ਼ਾਹ ਉਸਦੀ ਗੱਦੀ ਉੱਪਰ ਬਿਰਾਜਮਾਨ ਹੋਏ ਅਤੇ ਲੱਗਭਗ ਤੀਹ ਸਾਲਾਂ ਤੱਕ ਸੂਫੀ ਵਿਚਾਰਾਂ ਦਾ ਪ੍ਰਚਾਰ ਕੀਤਾ। ਅੰਤ 1758 ਈ. (1171 ਹਿਜਰੀ) ਵਿੱਚ ਕਸੂਰ ਵਿਖੇ ਬੁਲ੍ਹੇਸ਼ਾਹ ਫ਼ੌਤ ਹੋ ਗਿਆ। ਉਥੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਉਸਦੀ ਮਜ਼ਾਰ ਬਣੀ ਹੋਈ ਹੈ, ਜਿੱਥੇ ਹਰ ਵਰ੍ਹੇ ਮੁਹਰਮ ਦੇ ਮਹੀਨੇ ਉਸਦੀ ਯਾਦ ਵਿੱਚ ਮੇਲਾ ਭਰਦਾ ਹੈ। ਬਾਬਾ ਫਰੀਦ ਤੇ ਸ਼ਾਹ ਹੁਸੈਨ ਤੋਂ ਬਾਅਦ ਬੁਲ੍ਹੇਸ਼ਾਹ ਨੂੰ ਪੰਜਾਬੀ ਸੂਫ਼ੀ ਕਾਵਿ ਤੇ ਪੰਜਾਬ ਦੇ ਸੂਫ਼ੀਆਂ ਵਿੱਚ ਮਹੱਤਵਪੂਰਨ ਸਥਾਨ ਹਾਸਿਲ ਹੈ।

**ਡਾ. ਲਾਜਵੰਤੀ ਰਾਮਾਕ੍ਰਿਸ਼ਨਾ**, ਬੁੱਲੇਸ਼ਾਹ ਨੂੰ ਪੰਜਾਬੀ ਸੂਫ਼ੀ ਕਵੀਆਂ ਵਿੱਚੋਂ ਸੱਭ ਤੋਂ ਸ੍ਰੇਸ਼ਠ



Downloaded from https:// www.studiestoday.com

Downloaded from https:// www.studiestoday.com

ਮੰਨਦੀ ਹੋਈ ਉਸਦਾ ਦਰਜਾ ਜਗਤ ਪ੍ਰਸਿੱਧ ਸੂਫੀ ਸ਼ਮਸ ਤਬਰੇਜ਼ ਤੇ ਜਲਾਲੂਦੀਨ ਰੂਮੀ ਦੇ ਬਰਾਬਰ ਦਾ ਮੰਨਦੀ ਹੈ।

ਬੁਲ੍ਹੇਸ਼ਾਹ ਨੇ 156 ਕਾਫ਼ੀਆਂ, 48 ਦੋਹੜੇ, 40 ਗੰਢਾਂ, 03 ਸੀਹਰਫ਼ੀਆਂ, ਇਕ ਅਠਵਾਰਾਂ ਤੇ ਇੱਕ ਬਾਰਾਮਾਹ ਪੰਜਾਬੀ ਸੂਫੀ ਕਾਵਿ ਜਗਤ ਨੂੰ ਪ੍ਰਦਾਨ ਕੀਤਾ ਹੈ। ਉਸਦੀਆਂ ਕਾਫ਼ੀਆਂ ਨੇ ਬਹੁਤ ਪ੍ਰਸਿੱਧੀ ਹਾਸਿਲ ਕੀਤੀ ਹੈ। ਉਸਦੀ ਰਚਨਾ ਵਿੱਚ ਠੇਠ, ਸਾਦੀ ਤੇ ਲੋਕ ਪੱਧਰ ਦੀ ਬੋਲੀ ਤੇ ਸ਼ਬਦਾਵਲੀ ਦੀ ਵਰਤੋਂ ਹੈ। ਅਲੰਕਾਰਾਂ ਦੀ ਵਰਤੋਂ ਪੰਜਾਬੀ ਜੀਵਨ ਨਾਲ ਮੇਲ ਖਾਂਦੀ ਹੈ।

ਬੁਲ੍ਹੇਸ਼ਾਹ ਦੀ ਰਚਨਾ ਵਿੱਚ ਮੁਰਸ਼ੱਦ, ਭਗਤੀ, ਅਦਵੈਤਵਾਦ, ਧਾਰਮਿਕ ਪਾਖੰਡਾਂ, ਭਾਰਤੀ ਅਧਿਆਤਮਵਾਦ, ਸੂਫੀ ਸਿਧਾਂਤ ਅਤੇ ਸਮਕਾਲੀ ਅਵਸਥਾ ਦਾ ਬੜਾ ਸਹਿਜ ਭਾਵ ਵਿੱਚ ਚਿਤਰਨ ਕੀਤਾ ਗਿਆ ਹੈ। ਉਸਦੇ ਕਲਾਮ ਦੀ ਸਰੋਦੀ ਹੂਕ, ਬੇਬਾਕ ਸੁਰ ਤੇ ਸਰਲ ਭਾਸਾ ਉਸ ਨੂੰ ਪੰਜਾਬੀ ਦਾ ਹਰਮਨ ਪਿਆਰਾ ਸੂਫੀ ਕਵੀ ਬਣਾਉਂਦੀ ਹੈ। ਬੁਲ੍ਹੇਸ਼ਾਹ ਦੇ ਕਲਾਮ ਵਿੱਚੋਂ ਕੁਝ ਚੋਣਵੇ ਅੰਸ਼ ਇਸ ਤਰ੍ਹਾਂ ਹਨ–

– ਰਾਂਝਾ ਰਾਂਝਾ ਕਰਦੀ ਨੀ, ਮੈਂ ਆਪੇ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾਂਹ ਆਖੋ ਕੋਈ।
ਰਾਂਝਾ ਮੈ ਵਿਚ, ਮੈਂ ਰਾਂਝੇ ਵਿਚ, ਗੈਰ ਖ਼ਿਆਲ ਨਾਂਹ ਕੋਈ।
ਮੈਂ ਨਹੀਂ, ਉਹ ਆਪ ਹੈ, ਆਪਣੀ ਆਪ ਕਰੇ ਦਿਲਜੋਈ।

– ਬੁੱਲ੍ਹੇ ਨੂੰ ਲੋਕੀਂ ਮੱਤੀ ਦੇਂਦੇ, 'ਬੁਲ੍ਹਿਆ! ਤੂੰ ਜਾ ਬਹੁ ਮਸੀਤੀ।'
ਵਿੱਚ ਮਸੀਤਾਂ ਕੀ ਕੁਝ ਹੁੰਦਾ! ਜੇ ਦਿਲੋਂ ਨਮਾਜ਼ ਨਾਂਹ ਕੀਤੀ।
ਬਾਹਰੋਂ ਪਾਕ ਕੀਤੇ ਕੀ ਹੁੰਦਾ! ਜੇ ਅੰਦਰੋਂ ਨਾਂਹ ਗਈ ਪਲੀਤੀ।
ਬਿਨ ਮੁਰਸ਼ਦ ਕਾਮਿਲ ਬੁੱਲ੍ਹਿਆ, ਤੇਰੀ ਐਵੇਂ ਗਈ ਇਬਾਦਤ ਕੀਤੀ।
(ਦੋਹੜੇ)

– ਸ਼ਾਹ ਇਨਾਇਤ ਦੀਨ ਅਸਾਡਾ, ਦੀਨ ਦੁਨੀ ਮਕਬੂਲ ਅਸਾਡਾ।
ਖੁੱਥੀਂ ਮੀਂਢੀ ਦਸਤ ਪਰਾਂਦਾ, ਫਿਰਾਂ ਉਜਾੜ ਉਜਾੜ,
ਜੁਮੇ ਦੀ ਹੋਰੋ ਹੋਰ ਬਹਾਰ।
(ਅਠਵਾਰਾ)

– ਗੰਢ ਪਹਿਲੀ ਨੂੰ ਖੋਲ੍ਹ ਕੇ, ਮੈਂ ਬੈਠੀ ਬਿਰਲਾਵਾਂ।
ਓੜਕ ਜਾਵਣ ਜਾਵਣਾ, ਹੁਣ ਮੈਂ ਦਾਜ਼ ਰੰਗਾਵਾਂ।
ਦੇਖੂੰ ਤਰਫ਼ ਬਾਜ਼ਾਰ ਦੇ, ਸਭ ਰਸਤੇ ਲਾਗੇ।
ਪੱਲੇ ਨਾਹੀਂ ਰੋਕੜੀ, ਸਭ ਮੁਝ ਸੇ ਭਾਗੇ।
(ਗੰਢਾਂ)

– ਪੋਹ ਹੁਣ ਪੁੱਛੂੰ ਜਾ ਕੇ ਤੁਮ ਨਿਆਰੇ ਰਹੋ ਕਿਉਂ ਮੀਤ।
ਕਿਸ ਮੋਹਨ ਮਨ ਮੋਹ ਲਿਆ, ਜੋ ਪੱਥਰ ਕੀਨੋ ਚੀਤ।
(ਬਾਰ੍ਹਾਂ ਮਾਹ)

– ਜ਼ੇ– ਜ਼ੁਹਦ ਕਮਾਈ ਚੰਗੀ ਕਰੀਏ, ਜੇਕਰ ਮਰਨ ਤੋਂ ਅੱਗੇ ਮਰੀਏ।
ਫਿਰ ਮੋਹੇ ਭੀ ਉਸ ਤੋਂ ਡਰੀਏ, ਮਤ ਮੋਇਆਂ ਨੂੰ ਪਕੜ ਮੰਗਾਵੇ।
ਇਸ ਲਾਗੀ ਕੋ ਕੌਣ ਬੁਝਾਵੇ।
(ਸ਼ੀਹਰਫ਼ੀ)



Downloaded from https:// www.studiestoday.com

Downloaded from https:// www.studiestoday.com

**(ਅ) ਅਲੀ ਹੈਦਰ (1690 – 1751 ਈ.)–**

ਫ਼ਜ਼ਲਦੀਨ ਲਾਹੌਰੀ ਦੀ ਪੁਸਤਕ 'ਮਜਮੂਆਏ ਅਬਯਾਤੇ ਅਲੀ ਹੈਦਰ' (1898 ਈ.) ਅਨੁਸਾਰ ਅਲੀ ਹੈਦਰ ਦਾ ਜਨਮ 1690 ਈ. ਵਿੱਚ ਜ਼ਿਲ੍ਹਾ ਮੁਲਤਾਨ ਦੇ ਪਿੰਡ 'ਕਾਜ਼ੀਆਂ ਜਾਂ ਚੌਂਤਰਾ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਸੇਖ਼ ਮੁਹੰਮਦ ਅਮੀਨ ਸੀ। ਉਹ ਗੀਲਾਨੀ ਸੱਯਦ ਸਨ। ਅਲੀ ਹੈਦਰ ਨੇ 'ਖ਼ੁਆਜ਼ਾ ਫ਼ਖ਼ਰੁਦੀਨ ਦੇਹਲਵੀ' ਦੀ ਮੁਰੀਦੀ ਧਾਰਨ ਕੀਤੀ। ਇਨ੍ਹਾਂ ਤੋਂ ਹੀ ਉਸਨੇ ਅਰਬੀ ਭਾਸ਼ਾ ਦੀ ਸਿੱਖਿਆ ਪ੍ਰਾਪਤ ਕੀਤੀ ।

ਡਾ. ਗੁਰਦੇਵ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਸੂਫੀ ਕਾਵਿ ਦਾ ਇਤਿਹਾਸ' ਵਿੱਚ ਅਲੀਹੈਦਰ ਦੀਆਂ ਹੇਠ ਲਿਖੀਆਂ ਪੰਜਾਬੀ ਰਚਨਾਵਾਂ ਦਾ ਜ਼ਿਕਰ ਕੀਤਾ ਹੈ –

1. ਛੇ ਸੀਹਰਫ਼ੀਆਂ
2. ਇੱਕ ਨਜ਼ਮ
3. ਇੱਕ ਦੀਵਾਨ (ਸੀਹਰਫ਼ੀਆਂ ਵਿੱਚ)
4. ਫੁਟਕਲ ਸ਼ਿਅਰ (ਸੀਹਰਫ਼ੀਆਂ ਵਿੱਚ)
5. ਅੱਲਾਹ ਦੇ ਦਰਬਾਰ ਮੈਂ ਕੂਕਾਂ (ਨਾਅਤ ਦੇ ਰੂਪ ਵਿੱਚ)
6. ਕਿੱਸਾ ਹੀਰ–ਓ–ਰਾਂਝਾ (ਹੀਰ ਤੇ ਉਸਦੀ ਮਾਂ ਦਾ ਸੰਵਾਦ)

ਅਲੀ ਹੈਦਰ ਦੇ ਕਲਾਮ ਵਿੱਚ ਸੂਫੀਆਂ ਦੇ ਚਿਸ਼ਤੀ ਤੇ ਕਾਦਰੀ ਦੋਹਾਂ ਫ਼ਿਰਕਿਆਂ ਪ੍ਰਤੀ ਸ਼ਰਧਾ ਦੀ ਪੇਸ਼ਕਾਰੀ ਹੈ। ਜਿਸ ਤੋਂ ਇਸਦੇ ਦੋਹਾਂ ਫ਼ਿਰਕਿਆਂ ਨਾਲ ਜੁੜੇ ਹੋਣ ਦਾ ਸੰਕੇਤ ਮਿਲਦਾ ਹੈ। ਉਸਦਾ ਪੱਕੇ ਤੌਰ ਤੇ ਕਿਸੇ ਇਕ ਫਿਰਕੇ ਨਾਲ ਜੁੜੇ ਹੋਣ ਦਾ ਪਤਾ ਨਹੀਂ ਚੱਲਦਾ।

ਅਲੀ ਹੈਦਰ ਨੇ ਆਪਣੇ ਕਲਾਮ ਵਿੱਚ ਇਕ ਮੌਲਿਕ ਛੰਦ ਦੀ ਵਰਤੋਂ ਕੀਤੀ ਹੈ, ਜੋ 'ਵਰਨਿਕ ਸਵੱਈਏ' ਦਾ ਹੀ ਬਦਲਿਆ ਹੋਇਆ ਰੂਪ ਲੱਗਦਾ ਹੈ। ਉਸਦੀ ਬੋਲੀ ਉੱਪਰ ਪੱਛਮੀ ਪੰਜਾਬੀ ਦਾ ਪ੍ਰਭਾਵ ਹੈ। ਉਸਨੇ ਆਪਣੀਆਂ ਰਚਨਾਵਾਂ ਵਿੱਚ ਰਹੱਸਵਾਦੀ ਅਨੁਭਵ ਦੇ ਪ੍ਰਗਟਾਵੇ ਲਈ ਹੀਰ ਰਾਂਝੇ, ਸੱਸੀ–ਪੁਨੂੰ, ਮਿਰਜਾ–ਸਾਹਿਬਾਂ ਆਦਿ ਨੂੰ ਸੰਕੇਤਾਂ ਵਿੱਚ ਵਰਤਿਆ ਹੈ। ਜਿਵੇਂ–

ਦਾਲ ਦਿਲੇ ਦਾ ਮਹਰਮ ਰਾਂਝਾ, ਕੀਨੂੰ ਮੈਂ ਕੂਕ ਸੁਣਾਵਣਾ ਏਂ।
ਆ ਲਬਾਂ ਉਤੇ ਜਿੰਦ ਖਲੋਤੀ, ਆਓ ਪਿਆਰਿਆਂ ਜੇ ਆਵਣਾ ਏਂ।

ਉਸਨੇ ਸੂਫ਼ੀ ਸਾਧਨਾ ਦੇ ਬੁਨਿਆਦੀ ਤੱਤ 'ਇਸ਼ਕ' ਨੂੰ ਸ੍ਰਿਸ਼ਟੀ ਵਿੱਚ ਰੱਬ ਲਈ ਸਭ ਤੋਂ ਵਧੀਆਂ ਤੁਹਫ਼ਾ ਮੰਨਿਆ ਹੈ। ਜਿਸ ਦਾ ਵਰਣਨ ਕਰਦਾ ਹੋਇਆ ਉਹ ਲਿਖਦਾ ਹੈ–

ਭੈਣਾਂ ਪੁਛਿਆ ਮੈਂ ਉਸ ਕਾਸਿਦ ਕੋਲੋਂ, ਜੋ ਮਹਿਰਮ ਸਭ ਅਸਰਾਰ ਦਾ ਏ।
ਵੇਖਾਂ ਕਿਹੜੀ ਚੀਜ਼ ਅਜਾਇਬ ਤੁਹਫ਼ਾ, ਜੋ ਲਾਇਕ ਦਰਬਾਰ ਦਾ ਏ।
ਹੈਦਰ ਆਖਿਆ ਕਾਸਿਦ ਉੱਥੇ, ਬਹੁਤ ਪਿਆਰ ਪਿਆਰ ਦਾ ਏ।

ਅਲੀ ਹੈਦਰ ਸੂਫੀ ਸ਼ਰੀਅਤ ਪ੍ਰਤੀ ਪੂਰਾ ਸਤਿਕਾਰ ਰੱਖਦਾ ਸੀ। ਉਸਨੇ ਸੂਫੀ ਰਹਿਤ ਮਰਿਆਦਾ, ਫ਼ਜ਼ਲ, ਰਜ਼ਾ, ਭਾਣਾ, ਅਸਲ, ਤਲਾਬ, ਸਿਕ, ਸਦਾਚਾਰਿਕ ਪੱਖ ਆਦਿ ਉੱਤੇ ਆਪਣੇ ਕਲਾਮ ਵਿੱਚ ਪੂਰਾ ਜ਼ੋਰ ਦਿੱਤਾ ਹੈ। ਇਸਦੇ ਨਾਲ ਹੀ ਉਸਦੇ ਕਲਾਮ ਵਿੱਚ ਦੇਸ਼ ਪਿਆਰ ਦੀ ਭਾਵਨਾ ਵੀ ਪ੍ਰਗਟ ਹੋਈ ਹੈ। ਤੁਰਾਨੀਆਂ ਦੇ ਹਮਲੇ ਸਮੇਂ ਉਹ ਦੇਸ਼ਵਾਸੀਆਂ ਨੂੰ ਸੰਗਠਿਤ ਰਹਿਣ ਲਈ ਪ੍ਰੇਰਿਤ ਕਰਦਾ ਹੋਇਆ ਲਿਖਦਾ ਹੈ –

ਜੇ ਜ਼ਹਿਰ ਨਹੀਂ ਜੋ ਖਾਇ ਮਰਨ, ਕੁਝ ਸ਼ਰਮ ਨਾ ਹਿੰਦੁਸਤਾਨੀਆਂ ਨੂੰ।
ਕੀ ਹੋਇਆ ਇਨ੍ਹਾਂ ਰਾਜਿਆਂ ਨੂੰ, ਕੁਝ ਲੱਜ ਨਹੀਂ ਤੁਰਾਨੀਆਂ ਨੂੰ।



Downloaded from https:// www.studiestoday.com

Downloaded from https:// www.studiestoday.com

**(ੲ) ਫ਼ਰਦ ਫ਼ਕੀਰ** (1720 – 1780 **ਈ**.)–

ਫ਼ਰਦ ਫ਼ਕੀਰ ਦੇ ਜੀਵਨ ਵੇਰਵਿਆਂ ਸੰਬੰਧੀ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਉਹ ਪੁਰਾਤਨ ਪੰਜਾਬ ਦੇ ਪ੍ਰਸਿੱਧ ਸ਼ਹਿਰ ਗੁਜਰਾਤ (ਪਾਕਿਸਤਾਨ) ਦਾ ਜੰਮਪਲ ਦੱਸਿਆ ਜਾਂਦਾ ਹੈ। ਡਾ. ਗੁਰਦੇਵ ਸਿੰਘ ਉਸ ਦੁਆਰਾ ਰਚਿਤ ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਦਿੰਦੇ ਹਨ –

(ੳ) ਰੌਸ਼ਨ ਦਿਲ
(ਅ) ਸੀਹਰਫ਼ੀ ਨਸੀਹਤ
(ੲ) ਬਾਰਾਂ ਮਾਹ
(ਸ) ਕਸਬ ਨਸਾਹ ਬਾਫਿੰਦਗਾਂ ਆਦਿ

ਫ਼ਰਦ ਫ਼ਕੀਰ ਸ਼ਰੀਅਤ ਦੇ ਕਾਇਦੇ ਵਿੱਚ ਰਹਿਣ ਵਾਲਾ ਸੂਫੀ ਹੈ ਪਰ ਨਾਲ ਹੀ ਉਸਦੀ ਰਚਨਾ ਵਿੱਚ ਕਾਜ਼ੀਆਂ, ਮੁਲਾਣਿਆਂ ਦੇ ਪਾਖੰਡ ਦਾ ਵਿਰੋਧ ਵੀ ਹੈ।

**ਡਾ. ਲਾਜਵੰਤੀ ਰਾਮਾਕ੍ਰਿਸ਼ਨਾ** ਨੇ ਉਸਨੂੰ ਇਕ 'ਸਾਧਾਰਨ ਪੱਧਰ ਦਾ ਸੂਫੀ ਕਵੀ' ਮੰਨਿਆ ਹੈ। ਉਸ ਦੀ ਭਾਸ਼ਾ ਸਾਧਾਰਨ ਪੱਧਰ ਦੀ ਹੈ, ਪਰੰਤੂ ਅਰਬੀ–ਫਾਰਸੀ ਦੇ ਪ੍ਰਭਾਵ ਸਪੱਸ਼ਟ ਦਿਖਦੇ ਹਨ। ਕਿਤੇ–ਕਿਤੇ ਉਸਦੇ ਕਲਾਮ ਵਿੱਚ ਧਾਰਮਿਕ ਕੱਟੜਤਾ ਤੇ ਸੰਕੀਰਨ ਸੋਚ ਦਾ ਪ੍ਰਗਟਾਵਾ ਹੁੰਦਾ ਹੈ, ਜੋ ਉਸਨੂੰ ਸਾਧਾਰਨ ਪੱਧਰ ਦਾ ਸੂਫੀ ਕਵੀ ਬਣਾਉਂਦੇ ਹਨ। ਉਸਦੀ ਰਚਨਾ ਦਾ ਨਮੂਨਾ ਵੇਖਣ ਯੋਗ ਹੈ–

– ਹੁਣ ਸ਼ਰੀਅਤ ਚੱਲ ਤੂੰ, ਕਰ ਸੈਰ ਤਰੀਕਤ ਵੱਲ ਤੂੰ।
ਕੋਈ ਸਮਝ ਹਕੀਕਤ ਗੱਲ ਤੂੰ, ਫਿਰ ਮਾਰਫਤੋਂ ਲੈ ਫੱਲ ਤੂੰ।

– ਹਾਕਮ ਹੋ ਕੇ ਬਹਿਣ ਗਲੀਚੇ, ਬਹੁਤਾ ਜ਼ੁਲਮ ਕਮਾਂਦੇ।
ਮਿਹਨਤੀਆਂ ਨੂੰ ਕੰਮੀ ਆਖਣ, ਖ਼ੂਨ ਉਨ੍ਹਾਂ ਦਾ ਖਾਂਦੇ।
ਪਕੜ ਵਗਾਰੀਂ ਲੈ ਲੈ ਜਾਵਣ, ਖ਼ੌਫ਼ ਖ਼ੁਦਾ ਦਾ ਨਾਹੀਂ।
ਫ਼ਰਦ ਫ਼ਕੀਰ ਦਰਦ ਮੰਦਾਂ ਦੀਆਂ, ਇਕ ਦਿਨ ਪੌਂਸਣ ਆਹੀਂ।

– ਜਿਹੜੇ ਇਲਮ ਖੁਦਾਇਦੇ, ਲਿਖੇ ਅੰਦਰ ਨੱਸ।
ਉਹਨਾਂ ਨਾ ਤੁਲਾਵਣਾ ਰਾਮ, ਕ੍ਰਿਸ਼ਨ ਸਿਰ ਭੱਸ।

**(ਸ) ਸ਼ਾਹ ਮੁਰਾਦ** ( – 1702 **ਈ**.)–

'ਸ਼ਾਹ ਮੁਰਾਦ' ਇਸ ਕਾਲ ਦਾ ਇਕ ਹੋਰ ਸੂਫ਼ੀ ਕਵੀ ਹੋਇਆ ਹੈ। ਉਸਦਾ ਜਨਮ ਪਿੰਡ ਖ਼ਾਨਪੁਰ ਤਹਿਸੀਲ ਚਕਵਾਲ ਜ਼ਿਲਾ ਜਿਹਲਮ (ਪਾਕਿਸਤਾਨ) ਵਿੱਚ ਹੋਇਆ। ਉਸਦਾ ਪਿਤਾ ਜਾਨ ਮੁਹੰਮਦ ਸਿੱਦੀਕੀ ਸੀ, ਜੋ ਕੁਰੈਸ਼ੀ ਖ਼ਾਨਦਾਨ ਵਿੱਚ ਸੀ। ਸ਼ਾਹ ਮੁਰਾਦ ਕਾਦਰੀ ਸੂਫੀ ਸਿਲਸਿਲੇ ਨਾਲ ਸੰਬੰਧਿਤ ਸੀ। ਉਸਨੇ ਪੰਜਾਬੀ ਵਿੱਚ ਸਤਵਾਰਾ, ਬਾਰਾਮਾਹ, ਗ਼ਜ਼ਲ ਅਤੇ ਬੈਂਤ ਆਦਿ ਕਾਵਿ–ਰੂਪਾਂ ਵਿੱਚ ਆਪਣੇ ਕਲਾਮ ਨੂੰ ਸਿਰਜਿਆ। ਉਸਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ –

(1) ਅਬਯਾਤ ਮੁਰਾਦ
(2) ਚਰਖ਼ਾ ਸ਼ਾਹ ਮੁਰਾਦ
(3) ਨੂਰ ਨਾਮਹ
(4) ਗੁਲਜ਼ਾਰਿ ਸ਼ਾਹ ਮੁਰਾਦ

ਸ਼ਾਹ ਮੁਰਾਦ ਦੀਆਂ ਗ਼ਜ਼ਲਾਂ ਰਾਹੀਂ ਉਸ ਦੀ ਕਾਵਿ ਕਲਾ ਵਧੇਰੇ ਨਿੱਖਰ ਕੇ ਸਾਹਮਣੇ ਆਉਂਦੀ ਹੈ। ਡਾ. ਗੁਰਦੇਵ ਸਿੰਘ ਸ਼ਾਹ ਮੁਰਾਦ ਨੂੰ ਪੰਜਾਬੀ ਗ਼ਜ਼ਲ ਦਾ ਬਾਨੀ ਆਖਦੇ ਹਨ। ਉਸਦੀਆਂ ਗ਼ਜ਼ਲਾਂ ਦੇ ਕੁਝ ਨਮੂਨੇ ਵੇਖਣਯੋਗ ਹਨ–



Downloaded from https:// www.studiestoday.com

Downloaded from https:// www.studiestoday.com

ਖ਼ੁਦਾਵੰਤਾ ਮਿਲਾ ਮੈਨੂੰ ਸੱਜਣ ਇਤਨੀਆਂ ਉਡੀਕਾਂ ਕਿਉਂ।
ਉਡੀਕਾਂ ਮੈਂ ਗਿਣਾ ਤਾਰੇ ਤੇ ਸਿਰ ਨੂੰ ਲਾਈਆਂ ਲੀਕਾਂ ਕਿਉਂ।
ਤੇਰੀ ਹਾਲਤ ਤੁਈਂ ਜਾਣੇ ਮੁਰਾਦ ਆਪਣੀ ਦੁਆ ਈਹਾ,
ਖ਼ੁਦਾਵੰਤਾ ਮਿਲਾ ਮੈਨੂੰ ਸੱਜਣ ਇਤਨੀਆਂ ਉਡੀਕਾਂ ਕਿਉਂ।
ਜਾਂ
ਬੁਲਬੁਲ ਬਹਿ ਕੇ ਗੁਲ ਬਿਨ ਰੋਏ ਜ਼ਾਰੋ ਜ਼ਾਰ।
ਕੁਮਰੀ ਕੂਕੇ ਸਰੂ ਬਿਨ ਕਦ ਅਜਾਇਬ ਯਾਰ।

ਸ਼ਾਹ ਮੁਰਾਦ ਧਾਰਮਿਕ ਦੀਵਾਰਾਂ ਦੀ ਵਲਗਣ ਵਿੱਚੋਂ ਨਿੱਕਲ ਕੇ ਪ੍ਰਭੂ ਦੀ ਬੰਦਗੀ ਕਰਨ ਵਾਲਾ ਸੂਫ਼ੀ ਕਵੀ ਹੈ। ਉਹ ਆਪਣੇ ਕਲਾਮ ਰਾਹੀਂ ਇਸ਼ਕ ਹਕੀਕੀ ਤੱਕ ਪਹੁੰਚਣ ਦਾ ਪ੍ਰਗਟਾਵਾ ਕਰਦਾ ਹੈ। ਰਾਗ ਕਾਨੜਾ, ਦੇਵਗੰਧਾਰੀ, ਜੈਜਾਵੰਤੀ, ਬਸੰਤ, ਰਾਮਕਲੀ ਆਦਿ ਵਿੱਚ ਉਸਦਾ ਕਲਾਮ ਸਿਰਜਿਆ ਗਿਆ ਹੈ। ਆਪਣੀ ਰਚਨਾ 'ਤੌਬਾਨਾਮਾ' ਰਾਹੀਂ ਬਦੀਆਂ ਨੂੰ ਤਿਆਗ ਕੇ ਮੁੜ ਦੁਹਰਾਉਣ ਲਈ ਵਰਜਦਾ ਹੈ-

ਵਿਚ ਬਹਿਸ਼ਤ ਮੁਰਾਦਾਂ ਪਾਵੇ, ਜਿਸ ਹੱਥ ਨਾਲ ਗੌਹਰ ਤੌਬਾ।
ਕੀ ਦਿਲ ਵਿੱਚ ਗੁਨਾਹ ਤੇ ਮੂੰਹ ਤੌਬਾ, ਕਦੀ ਇਸ ਤੌਬਾ ਥੀਂ ਕਰ ਤੌਬਾ।

ਇਸ ਤੋਂ ਬਿਨਾ ਇਸ ਕਾਲ ਵਿੱਚ ਗੁਲਾਮ ਕਾਦਿਰਸ਼ਾਹ ਬਟਾਲਵੀ (1695- 1764 ਈ), ਮੀਆਂ ਜਾਨ ਮੁਹੰਮਦ (1731- 1805 ਈ), ਅਬਦੁਲ ਵਹਾਬ ਸੱਚਲ (1740- 1826 ਈ), ਗੁਲਾਮ ਜ਼ੀਲਾਨੀ ਰੋਹਤਕੀ (1749- 1819 ਈ) ਅਤੇ ਸ਼ਾਹ ਹਬੀਬ ਆਦਿ ਸੂਫ਼ੀ ਕਵੀਆਂ ਬਾਰੇ ਵੀ ਜ਼ਿਕਰ ਕੀਤਾ ਜਾਂਦਾ ਹੈ। ਇਸ ਤਰ੍ਹਾਂ ਇਸ ਕਾਲ ਦੀ ਸੂਫ਼ੀ ਕਵਿਤਾ ਬੁਲ੍ਹੇ ਸ਼ਾਹ ਦੇ ਆਉਣ ਨਾਲ ਸਿਖਰ ਤੇ ਪੁਜਦੀ ਹੈ ਤੇ ਦੂਜੇ ਕਵੀ ਇਸੇ ਪ੍ਰਭਾਵ ਅਧੀਨ ਆਪਣੀ ਰਚਨਾ ਰਚਦੇ ਹਨ।

## 2. ਕਿੱਸਾ ਕਾਵਿ ਧਾਰਾ

ਅਠਾਰਵੀਂ ਸਦੀ ਦੀ ਕਿੱਸਾ ਕਾਵਿ-ਧਾਰਾ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਕਾਲ ਵਿੱਚ ਹੋਏ ਕਿੱਸਾ ਕਵੀ ਪੰਜਾਬੀ ਕਾਵਿ ਦੀ ਵਿਰਾਸਤ ਨੂੰ ਅਪਨਾਉਂਦੇ ਹੋਏ ਉਸਨੂੰ ਬੁਲੰਦੀਆਂ ਤੱਕ ਪਹੁੰਚਾਉਂਦੇ ਹਨ। ਇਸ ਕਾਲ ਦੇ ਕਿੱਸਾ ਕਵੀਆਂ ਦਾ ਵੇਰਵਾ ਇਸ ਤਰ੍ਹਾ ਹੈ –

**(ੳ) ਮੁਕਬਲ –**

ਮੁਕਬਲ ਇਸ ਕਾਲ ਦਾ ਇਕ ਪ੍ਰਸਿੱਧ ਕਵੀ ਹੋਇਆ ਹੈ। ਉਸਦਾ ਪੂਰਾ ਨਾਂ ਸ਼ਾਹ ਜਹਾਨ ਸੀ ਅਤੇ 'ਮੁਕਬਲ' ਉਸਦਾ ਤਖ਼ੱਲਸ ਸੀ। ਉਹ ਨੇਤਰਹੀਣ ਸੀ। ਉਸਦੀ ਜਨਮ ਮਿਤੀ ਅਤੇ ਜਨਮ ਸਥਾਨ ਸੰਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ, ਪਰੰਤੂ ਉਸਨੇ ਆਪਣੇ 'ਜੰਗਨਾਮੇ' ਵਿੱਚ ਕੁਝ ਜਾਣਕਾਰੀ ਉਪਲਬਧ ਕਰਵਾਈ ਹੈ-

ਸ਼ੈਹਰ ਜ਼ਕੀਦੋ ਪੰਜਵੀਂ, ਰੋਜ਼ ਦੋ ਸ਼ੰਬਾ ਪੀਰ।
ਯਾਰਾਂ ਸੈ ਤੇ ਸੱਠਵੀਂ, ਹਿਜਰੀ ਕਰ ਤਹਿਰੀਰ।
ਅਹਿਦ ਮੁਹੰਮਦ ਸ਼ਾਹ ਦਾ, ਸੰਨ ਉਨੱਤੀ ਜਾਣ।
ਇਹ ਰਿਸਾਲਾਂ ਜੋੜਿਆ, ਮੁਕਬਲ ਸ਼ਾਹ ਜਹਾਨ।
ਤਖੱਲਸ ਏਸ ਫ਼ਕੀਰ ਦਾ, ਮੁਕਬਲ ਹੈ ਮਸ਼ਹੂਰ।
ਇਹ ਆਜਿਜ਼ ਹੈ ਭਾਈਓ, ਅੱਖਾਂ ਥੀਂ ਮਾਜ਼ੂਰ।



Downloaded from https:// www.studiestoday.com

Downloaded from https:// www.studiestoday.com

ਇਸ ਤਰ੍ਹਾਂ ਉਸਦੇ ਜੰਗਨਾਮੇ ਦਾ ਰਚਨਾਕਾਲ ਸੰਨ 1747-48 ਬਣਦਾ ਹੈ। ਮੁਕਬਲ ਨੇ ਇਕ ਜੰਗਨਾਮਾ, ਇਕ ਸੀਹਰਫੀ (ਪੀਰਾਨ ਪੀਰ ਅਬਦੁਲ ਕਾਦਰ ਜੀਲਾਨੀ ਦੀ ਸਿਫ਼ਤ ਵਿੱਚ) ਅਤੇ ਕਿੱਸਾ ਹੀਰ ਦੀ ਰਚਨਾ ਕੀਤੀ। ਮੁਕਬਲ ਦੀ ਸਿਫ਼ਤ ਉਸਦੀ ਰਚਨਾਂ 'ਕਿੱਸਾ ਹੀਰ' ਕਰਕੇ ਹੁੰਦੀ ਹੈ। ਉਸਦੇ ਕਿੱਸੇ ਹੀਰ ਦੇ ਰਚਨਾਕਾਲ ਸੰਬੰਧੀ ਕੋਈ ਜਾਣਕਾਰੀ ਉਪਲੱਬਧ ਨਹੀਂ, ਵਿਦਵਾਨਾਂ ਦਾ ਮੰਨਣਾ ਹੈ ਕਿ ਉਸਨੇ ਕਿੱਸਾ ਹੀਰ ਦੀ ਰਚਨਾ ਜੰਗਨਾਮੇ ਤੋਂ ਪਹਿਲਾਂ ਕੀਤੀ ਹੋਵੇਗੀ ਕਿਉਂਕਿ ਜੇਕਰ ਪਿਛੋਂ ਰਚਨਾ ਕੀਤੀ ਹੁੰਦੀ ਤਾਂ ਉਸ ਵਿੱਚ ਰਚਨਾਕਾਲ ਦਾ ਜ਼ਿਕਰ ਕਰਨਾ ਸੀ।

ਮੁਕਬਲ ਤੋਂ ਪਹਿਲਾਂ ਕਿੱਸਾ ਕਵੀ ਦਮੋਦਰ ਅਤੇ ਅਹਿਮਦ ਗੁੱਜਰ ਦੋਵਾਂ ਨੇ ਹੀਰ ਦੀ ਰਚਨਾ ਕੀਤੀ ਹੋਈ ਸੀ। ਮੁਕਬਲ ਆਪਣੇ 'ਕਿੱਸਾ ਹੀਰ' ਵਿੱਚ 'ਬੈਂਤ ਛੰਦ' ਦੀ ਵਰਤੋਂ ਕਰਦਾ ਹੈ। ਇਸ ਤੋਂ ਪਹਿਲਾਂ ਅਹਿਮਦ ਗੁੱਜਰ ਵੀ ਹੀਰ ਦੇ ਕਿੱਸੇ ਲਈ ਇਸ ਛੰਦ ਦੀ ਵਰਤੋਂ ਕਰ ਚੁੱਕਾ ਸੀ। ਮੁਕਬਲ ਦੀ ਹੀਰ ਦੇ ਕੁੱਲ 533 ਬੰਦ ਹਨ। ਬੋਲੀ ਸ਼ੁੱਧ, ਠੇਠ, ਮੁਹਾਵਰੇਦਾਰ ਤੇ ਲਹਿੰਦੀ ਪ੍ਰਭਾਵ ਵਾਲੀ ਹੈ। ਕਿੱਸੇ ਦਾ ਆਰੰਭ 'ਖ਼ੁਦਾ ਦੀ ਸਿਫ਼ਤ' ਨਾਲ ਕੀਤਾ ਗਿਆ ਹੈ। ਬਾਅਦ ਵਿੱਚ ਕਿੱਸਾ ਰਚਣ ਦਾ ਕਾਰਨ ਦੱਸਦੇ ਹੋਏ ਕਹਾਣੀ ਨੂੰ ਸੰਖੇਪ ਅਤੇ ਸੂਤਰਬੱਧ ਰੂਪ ਵਿੱਚ ਪੇਸ਼ ਕੀਤਾ ਗਿਆ ਹੈ-

ਮੌਜੂ ਜੱਟ ਦਾ ਲਾਡਲਾ ਨਾਮ ਧੀਦੋ ਵਿੱਚ ਤਖਤ ਹਜ਼ਾਰੇ ਦੇ ਵੱਸਦਾ ਏ।
ਮੂੰਹੋ ਝੜਨ ਗੁਲਾਬ ਦੇ ਫੁੱਲ ਤਾਜ਼ੇ ਜਦੋਂ ਖੁਲ੍ਹ ਕੇ ਸੋਹਣਾ ਹੱਸਦਾ ਏ।
ਨੈਣੀ ਹੀਰ ਖ਼ੁਆਬ ਵਿੱਚ ਜ਼ਿਬਹ ਹੋਇਆ ਭੇਤ ਮੂਲ ਨ ਕਿਸੇ ਨੂੰ ਦੱਸਦਾ ਏ।
ਦਿਨੇ ਰਾਤ ਮਾਸ਼ੂਕ ਦੇ ਦੇਖਣੇ ਨੂੰ ਪਿਆ ਮੁਕਬਲੇ ਵਾਂਗ ਤਰਸਦਾ ਏ।

ਮੁਕਬਲ ਨੇ ਵੀ ਪੰਜਾਂ ਪੀਰਾਂ ਤੇ ਇਸਤਰੀ ਨਿੰਦਿਆ ਦੀਆਂ ਕਥਾ-ਜੁਗਤਾਂ ਨੂੰ ਆਪਣੇ ਕਿੱਸੇ ਵਿੱਚ ਵਰਤਿਆ ਹੈ। ਇਸਤਰੀ ਨਿੰਦਿਆਂ ਦੀ ਕਥਾ-ਰੂੜੀ ਦਾ ਬਿਆਨ ਵੇਖਣ ਵਾਲਾ ਹੈ-

ਰਾਂਝਾ ਆਪਣਾ ਰੰਨਾ ਥੋਂ ਨਫ਼ਾ ਨਾਹੀਂ, ਰੰਨਾਂ ਨਾਲ ਨ ਦੋਸਤੀ ਲਾਈਏ ਜੀ।
ਮਰਦਾਂ ਸੱਚਿਆ ਨੂੰ ਚਾ ਕਰਨ ਝੂਠੇ, ਵਾਰੇ ਰੰਨਾਂ ਦੇ ਮੂਲ ਨਾ ਜਾਈਏ ਜੀ।
-- -- --
ਹੀਰ ਆਖਦੀ ਰੰਨਾਂ ਨੂੰ ਨਿੰਦ ਨਾਹੀਂ, ਮੀਆਂ ਸਭ ਰੰਨਾਂ ਬੁਰਿਆਰ ਨਾਹੀਂ।
ਰੰਨਾਂ ਕੀਤੀਆਂ ਔਲੀਆਂ ਅੰਬੀਆਂ ਨੇ, ਇਹਨਾਂ ਰੰਨਾਂ ਬਗੈਰ ਸੰਸਾਰ ਨਾਹੀਂ।

ਮੁਕਬਲ ਦੀ ਹੀਰ ਦੇ ਬੈਂਤ ਲੰਮੀਆਂ ਧਾਰਨਾਂ ਵਾਲੇ ਹਨ। ਮੁਕਬਲ ਤੇ ਵਾਰਿਸ ਦੀ ਬੋਲੀ ਤੇ ਬੈਂਤ ਆਪਸ ਵਿੱਚ ਬਹੁਤ ਮਿਲਦੇ ਹਨ। ਮੁਕਬਲ ਦੇ ਬੈਂਤ ਚਾਰ-ਚਾਰ ਤੁਕਾਂ ਵਾਲੇ ਹਨ, ਜਦੋਂ ਕਿ ਵਾਰਿਸ ਇਸ ਸੀਮਾ ਨੂੰ ਉਲੰਘ ਜਾਂਦਾ ਹੈ। ਮੁਕਬਲ ਨੇ ਵੀ ਦੂਜੇ ਕਿੱਸਾਕਾਰਾਂ ਵਾਂਗ ਹਰ ਅਖੀਰਲੀ ਤੁੱਕ ਵਿੱਚ ਅੱਟਲ ਸੱਚਾਈ ਨੂੰ ਪੇਸ਼ ਕੀਤਾ ਹੈ। ਜਿਵੇ-

- ਸੋਈ ਲੈਣਗੇ ਮੁਕਬਲਾ ਜਾ ਅੱਗੇ,
  ਜਿੰਨ੍ਹਾਂ ਇਸ ਜਹਾਨ 'ਤੇ ਬੀ ਬੋਇਆ।

- ਉਸੇ ਰੁਖ ਦਾ ਮੁਕਬਲਾ ਬੁਰਾ ਮੰਗੇ,
  ਜਿਸ ਦਾ ਖਾਏਂ ਮੇਵਾ, ਮਾਣੇ ਛਾਉਂ ਮੀਆਂ।

ਇਸ ਤਰ੍ਹਾਂ ਮੁਕਬਲ ਹੀਰ ਦਾ ਪ੍ਰਸਿੱਧ ਕਿੱਸਾਕਾਰ ਹੋਇਆ ਹੈ, ਜਿਸ ਦੇ ਕਿੱਸੇ ਨੂੰ ਆਧਾਰ ਬਣਾ ਕੇ ਅੱਗੋਂ ਵਾਰਿਸ ਸ਼ਾਹ ਨੇ ਆਪਣੇ ਸ੍ਰੇਸ਼ਟ ਹੀਰ ਦੇ ਕਿੱਸੇ ਦੀ ਰਚਨਾ ਕੀਤੀ। ਅਹਿਮਦ ਯਾਰ ਕਿੱਸਾਕਾਰ ਮੁਕਬਲ ਦੀ ਪ੍ਰਸੰਸਾ ਵਿੱਚ ਲਿਖਦਾ ਹੈ ਕਿ -



Downloaded from https:// www.studiestoday.com

Downloaded from https:// www.studiestoday.com

'ਮੁਕਬਲ ਵੀ ਹੋ ਚੁੱਕਾ ਮੁਕਬਲ ਆਪਣੇ ਵਿੱਚ ਜ਼ਮਾਨੇ।'

**(ਅ) ਵਾਰਿਸ ਸ਼ਾਹ** (1735–1784 **ਈ**.) –

ਵਾਰਿਸ ਸ਼ਾਹ ਦਾ ਕਿੱਸਾ 'ਹੀਰ' ਪੰਜਾਬੀ ਕਿੱਸਾ ਕਾਵਿ ਦੀ ਸਰਵੋਤਮ ਰਚਨਾ ਹੈ। ਜੋ ਇਸ ਕਾਲ ਵਿੱਚ ਰਚਿਆ ਗਿਆ। ਵਾਰਿਸ ਨੇ ਇਕੋ ਇੱਕ 'ਕਿੱਸਾ ਹੀਰ' ਦੀ ਰਚਨਾ ਹੀ ਕੀਤੀ । ਉਸਦੀ ਹੀਰ ਨੂੰ ਪੰਜਾਬੀ ਸਭਿਆਚਾਰ ਦਾ ਖ਼ਜ਼ਾਨਾ ਕਿਹਾ ਜਾਂਦਾ ਹੈ।

ਵਾਰਿਸ ਸ਼ਾਹ ਦਾ ਜਨਮ 1735 ਈ. ਵਿੱਚ ਪਿੰਡ ਜੰਡਿਆਲਾ ਸ਼ੇਰ ਖ਼ਾਂ, ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿੱਚ ਹੋਇਆ। ਉਸਦੇ ਪਿਤਾ ਦਾ ਨਾਂ ਸੱਯਦ ਗੁਲਸ਼ੇਰ ਸ਼ਾਹ ਸੀ। ਉਹ ਜਾਤ ਦਾ ਸੱਯਦ ਸੀ ਤੇ ਉਸਤਾਦ 'ਮਖ਼ਦੂਮ ਮੁਰਤਜ਼ਾ' ਦਾ ਚੇਲਾ ਸੀ। ਉਸਦੇ ਮਾਤਾ-ਪਿਤਾ ਬਚਪਨ ਵਿੱਚ ਹੀ ਫ਼ੌਤ ਹੋ ਗਏ ਸਨ। ਉਸਦੇ ਦੋ ਵੱਡੇ ਭਰਾ ਸਨ। ਕਾਦਰ ਸ਼ਾਹ ਤੇ ਬਹਾਦਰ। ਵਾਰਿਸ ਸ਼ਾਹ ਪੜ੍ਹਿਆ ਲਿਖਿਆ ਚੰਗਾ ਵਿਦਵਾਨ ਸੀ। ਉਸਦੇ ਗਿਆਨ ਦਾ ਘੇਰਾ ਵਿਸ਼ਾਲ ਸੀ ਤੇ ਪੰਜਾਬੀ, ਅਰਬੀ, ਫ਼ਾਰਸੀ ਆਦਿ ਭਾਸ਼ਾਵਾਂ ਦਾ ਚੰਗਾ ਜਾਣਕਾਰ ਸੀ। ਉਸਦੇ ਕਿੱਸੇ ਤੋਂ ਉਸ ਬਾਰੇ ਇਹ ਸਾਰੀਆਂ ਗੱਲਾਂ ਆਪਣੇ ਆਪ ਹੀ ਸਪਸ਼ਟ ਹੋ ਜਾਂਦੀਆਂ ਹਨ।

ਵਾਰਿਸ ਦੀ ਹੀਰ ਵਿੱਚ ਆਏ ਵੇਰਵੇ ਮੁਤਾਬਿਕ ਉਸਨੇ ਇਹ ਕਿੱਸਾ 1180 ਹਿਜਰੀ ਜਾਂ 1765 ਈ. ਵਿੱਚ ਰਚਿਆ। ਜੋ ਉਸਨੇ ਆਪਣੇ ਕਿੱਸੇ ਦੇ ਅਖ਼ੀਰ ਵਿੱਚ ਦਰਜ ਕੀਤਾ ਹੈ –

ਸਠ ਯਾਰਾਂ ਸੈ ਅੱਸੀਆਂ ਨਬੀ ਹਿਜਰਤ, ਲੰਮੇ ਦੇ ਵਿੱਚ ਤਿਆਰ ਹੋਈ।
ਅਠਾਰਾਂ ਸੈ ਬਾਈਆਂ ਸੰਮਤ, ਰਾਜੇ ਬਿਕਰਮਾਜੀਤ ਅਨੁਸਾਰ ਹੋਈ।

ਵਾਰਿਸ ਨੇ ਆਪਣਾ ਕਿੱਸਾ 'ਬੈਂਤ' ਛੰਦ ਵਿਚ ਰਚਿਆ। ਪੰਜਾਬੀ ਕਿੱਸਾ ਕਾਵਿ ਦੇ ਇਤਿਹਾਸ ਵਿੱਚ 'ਹੀਰ-ਵਾਰਿਸ' ਬੈਂਤ-ਛੰਦ ਦੇ ਪ੍ਰਯੋਗ ਦੀ ਸਰਵੋਤਮ ਮਿਸਾਲ ਹੈ। ਹੀਰ-ਵਾਰਿਸ ਵਿੱਚ ਕਥਾ ਦਾ ਅੰਤ ਦੁਖਾਂਤਕ ਭਾਵ ਵਾਲਾ ਹੈ। ਹੀਰ ਵਾਰਿਸ ਪੰਜਾਬੀ ਕਿੱਸਿਆਂ ਵਿੱਚੋਂ ਸਭ ਤੋਂ ਵਿਸਥਾਰਮਈ ਕਿੱਸਾ ਵੀ ਹੈ। ਇਸ ਵਿੱਚ ਵਾਰਿਸ ਨੇ ਹੀਰ ਰਾਂਝੇ ਦੀ ਕਹਾਣੀ ਦੇ ਨਾਲ ਉਸ ਸਮੇਂ ਦੇ ਪੰਜਾਬੀ ਸਮਾਜ ਸਭਿਆਚਾਰ ਦੀ ਤਸਵੀਰ ਵੀ ਉਲੀਕੀ ਹੈ। 'ਹੀਰ ਵਾਰਿਸ' ਦੇ ਕੁੱਲ 611 ਬੰਦ ਹਨ, ਜਿੰਨ੍ਹਾਂ ਨੂੰ ਵੱਖ ਵੱਖ ਸੰਪਾਦਕਾਂ ਤੇ ਪ੍ਰਕਾਸ਼ਕਾਂ ਨੇ ਵਧਾ ਕੇ ਹਜ਼ਾਰ ਦੀ ਗਿਣਤੀ ਤੱਕ ਪਹੁੰਚਾ ਦਿੱਤੇ ਹਨ।

ਵਾਰਿਸ ਦੀ ਹੀਰ ਵਿੱਚ ਪੰਜਾਬੀ ਸਭਿਆਚਾਰ, ਇਸਲਾਮੀ ਮਿਥਿਹਾਸ, ਇਤਿਹਾਸ, ਸਭਿਆਚਾਰ, ਪੀਰ, ਧਾਰਮਿਕ ਰਸਮਾਂ, ਵਿਆਹ-ਪ੍ਰਣਾਲੀ, ਰਸਮ-ਰਿਵਾਜ, ਖਾਣ-ਪੀਣ, ਭਾਸ਼ਾ, ਕਲਾ ਆਦਿ ਹਰ ਖੇਤਰ ਦਾ ਵਰਣਨ ਕੀਤਾ ਗਿਆ ਹੈ। ਕਾਵਿ ਤੇ ਨਾਟ ਦੇ ਸੁਮੇਲ ਰਾਹੀਂ ਪਾਤਰਾਂ ਦੇ ਆਕਰਸ਼ਕ ਨਾਟਕੀ ਸੰਬਾਦ ਸਿਰਜੇ ਗਏ ਹਨ, ਜੋ ਪਾਤਰਾਂ ਦੀ ਮਨੋਵਿਗਿਆਨਕ ਸਥਿਤੀ ਦੀ ਵੀ ਭਰਪੂਰ ਉਸਾਰੀ ਕਰਦੇ ਹਨ। ਵਾਰਿਸ ਨੇ ਪੰਜਾਬੀ ਜਨਜੀਵਨ ਨਾਲ ਸੰਬੰਧਿਤ ਵੇਰਵਿਆਂ ਦੀ ਬੜੀ ਕਲਾਤਮਿਕ ਪੇਸ਼ਕਾਰੀ ਕੀਤੀ ਹੈ-

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ,
ਪਈਆਂ ਦੁੱਧਾਂ ਦੇ ਵਿੱਚ ਮਧਾਣੀਆਂ ਨੀ।
ਹੋਈ ਸੁਬਹ ਸਾਦਿਕ ਜਦੋਂ ਆਣ ਰੋਸ਼ਨ,
ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।
ਲਈਆਂ ਕੱਢ ਹਰਨਾਲੀਆਂ ਹਾਲੀਆਂ ਨੇ,
ਸੈਆਂ ਭੁੰਇ ਨੂੰ ਜਿਨ੍ਹਾਂ ਨੇ ਲਾਣੀਆਂ ਨੀ।
ਘਰਬਾਰਨਾਂ ਚੱਕੀਆਂ ਝੋਤੀਆਂ ਨੀ,
ਜਿਨ੍ਹਾਂ ਤੌਣਾਂ ਗੁੰਨ ਪਕਾਣੀਆਂ ਨੀ।

ਇਸ ਦੇ ਨਾਲ ਹੀ ਵਾਰਿਸ ਨੇ ਹੀਰ ਦੀ ਸੁੰਦਰਤਾ ਦਾ ਵਰਣਨ ਵੀ ਬੜੀ ਕਲਾਤਮਿਕਤਾ ਨਾਲ ਕੀਤਾ ਹੈ, ਜੋ ਈਰਾਨੀ ਅੰਗ-ਪ੍ਰਤਿਅੰਗ ਵਰਣਨ ਵਿਧੀ ਦਾ ਅਨੁਸਰਨ ਜਾਪਦਾ ਹੈ-



Downloaded from https:// www.studiestoday.com

Downloaded from https:// www.studiestoday.com

ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਠੋਡੀ ਸਿਉ ਵਲਾਇਤੀ ਸਾਰ ਵਿੱਚੋਂ।
ਨਕ ਅਲਫ਼ ਹੁਸੈਨੀ ਦਾ ਪਿਪਲਾ ਈ,
ਜ਼ੁਲਫਾਂ ਨਾਗ ਖਜ਼ਾਨੇ ਦੀ ਬਾਰ ਵਿੱਚੋਂ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ,
ਦਾਣੇ ਨਿਕਲੇ ਹੁਸਨ ਅਨਾਰ ਵਿੱਚੋਂ।
ਲੱਕ ਚੀਨ ਕਸ਼ਮੀਰ ਤਸਵੀਰ ਜੱਟੀ,
ਕੱਦ ਸਰੂ ਬਹਿਸ਼ਤ ਗੁਲਜ਼ਾਰ ਵਿੱਚੋਂ।

ਵਾਰਿਸ ਨੇ ਆਪਣੇ ਕਿੱਸੇ ਨੂੰ ਸੂਫੀ ਰੰਗ ਵਿੱਚ ਰੰਗ ਕੇ ਪੇਸ਼ ਕੀਤਾ ਹੈ। ਕਿੱਸੇ ਵਿੱਚ ਮੰਗਲਾਚਰਨ ਤੋਂ ਲੈ ਕੇ ਅੰਤ ਤੱਕ ਥਾਂ-ਪੁਰ-ਥਾਂ ਸੂਫ਼ੀ-ਰੰਗ ਦੀਆਂ ਮਿਸਾਲਾਂ ਭਰੀਆਂ ਪਈਆਂ ਹਨ। ਕਿੱਸੇ ਦੇ ਅੰਤ ਵਿੱਚ 'ਹੀਰ' ਨੂੰ ਰੂਹ ਤੇ 'ਰਾਂਝੇ' ਨੂੰ 'ਸਰੀਰ' ਦੀ ਉਪਮਾ ਦੇ ਕੇ ਆਤਮਾ-ਪਰਮਾਤਮਾ ਦੇ ਮੇਲ ਨੂੰ ਸਾਕਾਰ ਕਰਨ ਦੀ ਸਫ਼ਲ ਕੋਸ਼ਿਸ਼ ਕੀਤੀ ਗਈ ਹੈ –

ਹੀਰ ਰੂਹ ਤੇ ਚਾਕ ਕਲਬੂਤ ਜਾਣੋ,
ਬਾਲਨਾਥ ਏਹ ਪੀਰ ਬਣਾਇਆ ਈ।

ਪੰਜ ਪੀਰ ਨੀ ਪੰਜ ਹਵਾਸ ਤੇਰੇ,
ਜਿਨ੍ਹਾਂ ਥਾਪਨਾ ਤੁਧ ਨੂੰ ਲਾਇਆ ਈ।

ਵਾਰਿਸ ਨੇ ਕਿੱਸਾ-ਕਾਵਿ ਦੀ ਪ੍ਰਚਲਿਤ ਕਥਾ ਰੂੜੀ 'ਇਸਤਰੀ-ਨਿੰਦਿਆਂ' ਨੂੰ ਵੀ ਆਪਣੇ ਕਿੱਸੇ ਵਿੱਚ ਸਥਾਨ ਦਿੱਤਾ ਹੈ। ਜਿਸ ਵਿੱਚ ਉਹ ਪੂਰਬਕਾਲੀ ਕਿੱਸਾਕਾਰਾਂ ਦਾ ਹੀ ਅਨੁਸਰਨ ਕਰਦਾ ਹੈ-

ਤੁਸਾਂ ਛੱਤਰੇ ਮਰਦ ਬਣਾ ਦਿੱਤੇ, ਸੱਪ ਰੱਸੀਆਂ ਦੇ ਕਰੋ ਡਾਰੀਓ ਨੀ।
ਰਾਜੇ ਭੋਜ ਦੇ ਮੂੰਹ ਲਗਾਮ ਦੇ ਕੇ, ਚੜ੍ਹ ਦੌੜੀਆਂ ਹੋ ਟੂਣੇ ਹਾਰੀਓ ਨੀ।
ਕੌਰੋਂ ਪਾਂਡਵਾਂ ਦੀ ਸਫ਼ਾ ਗਾਲ ਸੁੱਟੀ, ਜ਼ਰਾ ਗੱਲ ਦੇ ਨਾਲ ਬੁਰਿਆਰੀਓ ਨੀ।
ਰਾਵਣ ਲੰਕ ਲੁਟਾਇ ਕੇ ਗਰਕ ਹੋਇਆ, ਵਾਰਿਸ ਸ਼ਾਹ ਦੀਓ ਮਾਰੀਓ ਨੀ।

ਵਾਰਿਸ ਦੀ ਬੋਲੀ ਠੇਠ, ਸ਼ੁੱਧ ਅਤੇ ਮੁਹਾਵਰੇਦਾਰ ਪੰਜਾਬੀ ਹੈ। ਜਿਸ ਵਿੱਚ ਲਹਿੰਦੀ ਤੇ ਫ਼ਾਰਸੀ ਸ਼ਬਦਾਵਾਲੀ ਦਾ ਭਰਪੂਰ ਪ੍ਰਯੋਗ ਕੀਤਾ ਹੈ। ਵਾਰਿਸ ਦੀ ਭਾਸ਼ਾਈ ਸੰਜਮਤਾ ਅਤੇ ਸ਼ਬਦਾਂ ਦਾ ਸੁੰਦਰ ਸੰਯੋਜਨ ਉਸਦੀ ਭਾਸ਼ਾ ਪ੍ਰਬੀਨਤਾ ਦੀਆਂ ਉੱਤਮ ਮਿਸਾਲਾਂ ਹਨ। ਉਸ ਦੀ ਭਾਸ਼ਾ ਢੁੱਕਵੀਂ ਹੈ, ਜੋ ਥਾਂ-ਪੁਰ-ਥਾਂ ਮੁਹਾਵਰੇ ਤੇ ਅਖੌਤਾਂ ਵਿੱਚ ਤਬਦੀਲ ਹੋ ਗਈ ਹੈ। ਵਾਰਿਸ ਦੇ ਕਿੱਸੇ ਵਿੱਚ ਆਈਆਂ ਕਈ ਪੰਗਤੀਆਂ ਅਖਾਣ ਬਣਨ ਦੀ ਸਮਰੱਥਾ ਰੱਖਦੀਆਂ ਹਨ –

– ਵਾਰਿਸ ਸ਼ਾਹ ਨ ਆਦਤਾਂ ਜਾਂਦੀਆਂ ਨੇ,
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

– ਜਿਹੜੀਆਂ ਲੈਣ ਉਡਾਰੀਆਂ ਨਾਲ ਬਾਜ਼ਾਂ,
ਉਹੋ ਬੁਲਬੁਲਾਂ ਥਕ ਮਰੀਂਦੀਆਂ ਨੀ।

– ਵਾਰਿਸ ਸ਼ਾਹ ਛੁਪਾਈਏ ਖ਼ਲਕ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ।



Downloaded from https:// www.studiestoday.com

Downloaded from https:// www.studiestoday.com

– ਕੱਖਾਂ ਵਿੱਚ ਨਾ ਕਈ ਅੰਗਾਰ ਛੁਪਣ,
ਲੱਗੀ ਅੱਗ ਨਾ ਛੁਪਾਈ ਛੰਨ ਹੀਰੇ।

ਇਸੇ ਕਾਵਿ ਸਮੱਰਥਾ ਕਾਰਨ ਵਾਰਿਸ ਨੂੰ 'ਸ਼ਾਹਾਂ ਦਾ ਸ਼ਾਹ' ਕਿਹਾ ਜਾਂਦਾ ਹੈ ਤੇ ਇਸਦੀ ਰਚਨਾ ਹੀਰ ਨੂੰ ਪੰਜਾਬੀਆਂ ਦੀ 'ਅੰਜੀਲ' ਹੋਣ ਦਾ ਮਾਣ ਹਾਸਿਲ ਹੈ। ਵਾਰਿਸ ਤੇ ਉਸਦੇ ਕਿੱਸੇ ਹੀਰ ਦੀ ਪ੍ਰਸ਼ੰਸ਼ਾ ਕਰਦਾ ਹੋਇਆ ਮੁਹੰਮਦ ਬਖਸ਼ ਆਪਣੀ ਰਚਨਾ 'ਸੈਫੁਲ ਮਲੂਕ' ਵਿੱਚ ਵਾਰਿਸ ਨੂੰ 'ਸੁਖਨ ਦਾ ਵਾਰਿਸ' ਕਹਿ ਕੇ ਉਪਮਾਉਂਦਾ ਹੈ। ਉਹ ਲਿਖਦਾ ਹੈ–

ਵਾਰਿਸ ਸ਼ਾਹ ਸੁਖਨ ਦਾ ਵਾਰਿਸ, ਨਿੰਦੇ ਕੌਣ ਉਨ੍ਹਾਂ ਨੂੰ,
ਹਰਫ਼ ਉਹਦੇ ਤੇ ਉਂਗਲ ਧਰਨੀ, ਨਾਹੀਂ ਕਦਰ ਅਸਾਂ ਨੂੰ।

ਵਾਰਿਸ ਦੇ ਕਿੱਸੇ ਹੀਰ ਤੋਂ ਬਿਨਾਂ **ਡਾ. ਮੋਹਨ ਸਿੰਘ ਦੀਵਾਨਾ** ਨੇ ਉਸਦੀ ਲਿਖੀ ਹੋਈ ਇੱਕ 'ਸੀਹਰਫ਼ੀ' ਅਤੇ 'ਕਿੱਸਾ ਸੱਸੀ' ਬਾਰੇ ਵੀ ਜ਼ਿਕਰ ਕੀਤਾ ਹੈ। ਇਸ ਤੋਂ ਬਿਨਾਂ ਉਰਦੂ ਜ਼ੁਬਾਨ ਦੇ ਪ੍ਰਸਿੱਧ ਖੋਜੀ ਹਾਫ਼ਿਜ ਮਹਿਮੂਦ ਸੀਰਾਨੀ ਨੇ ਆਪਣੀ ਪੁਸਤਕ 'ਪੰਜਾਬ ਮੇਂ ਉਰਦੂ' ਵਿੱਚ ਵਾਰਿਸ ਸ਼ਾਹ ਦੀ ਇਕ ਉਰਦੂ ਗ਼ਜ਼ਲ ਵੀ ਪੇਸ਼ ਕੀਤੀ ਹੈ। ਪਰੰਤੂ ਵਾਰਿਸ ਸ਼ਾਹ ਦੀ ਮਕਬੂਲਤਾ ਉਸਦੇ 'ਕਿੱਸਾ ਹੀਰ' ਨਾਲ ਹੀ ਜੁੜੀ ਹੋਈ ਹੈ।

**(ੲ) ਮੀਆਂ ਚਿਰਾਗ ਅੱਵਾਨ –**

ਮੀਆਂ ਚਿਰਾਗ ਅੱਵਾਨ ਪਿੰਡ ਖੇਟੜ, ਜ਼ਿਲਾ ਡੇਰਾ ਗਾਜ਼ੀ ਖਾਂ (ਪਾਕਿਸਤਾਨ) ਦਾ ਵਸਨੀਕ ਸੀ। ਇਸ ਦਾ ਪੂਰਾ ਨਾਂ 'ਚਿਰਾਗਦੀਨ' ਸੀ ਤੇ ਉਪਨਾਮ ਵੱਜੋਂ 'ਚਿਰਾਗ' ਲਿਖਦਾ ਸੀ। ਇਸ ਦਾ ਜਨਮ ਅਵਾਣਾਂ ਦੇ ਘਰ ਹੋਇਆ ਸੀ। ਵਿਦਵਾਨਾਂ ਦਾ ਮੰਨਣਾ ਹੈ ਕਿ ਇਸਨੇ ਔਰੰਗਜ਼ੇਬ ਦੇ ਪੁੱਤਰ ਸ਼ਹਿਜਾਦਾ ਮੁਅੱਜ਼ਮ ਬਹਾਦਰ ਸ਼ਾਹ ਦੀ ਪ੍ਰੇਰਨਾ ਸਦਕਾ 'ਹੀਰ ਰਾਂਝੇ' ਦਾ ਕਿੱਸਾ 1709 –10 ਈ. (1121 ਹਿਜਰੀ) ਦੌਰਾਨ ਲਿਖਿਆ। ਇਸਦੇ ਕਿੱਸੇ ਵਿੱਚ ਲਹਿੰਦੀ ਉਪਭਾਸ਼ਾ ਤੇ ਅਰਬੀ–ਫਾਰਸ਼ੀ ਦੀ ਵਧੇਰੇ ਰੰਗਤ ਹੋਣ ਕਾਰਨ ਇਸਨੂੰ ਜਿਆਦਾ ਪ੍ਰਸਿੱਧੀ ਨਹੀਂ ਮਿਲੀ। ਉਸਨੇ ਕਿੱਸੇ ਵਿੱਚ 'ਦਵੈਯਾ ਛੰਦ' ਵਰਤਿਆ ਹੈ। ਕਵਿਤਾ ਸਿੱਧੀ–ਸਾਦੀ ਹੈ। ਕਹਾਣੀ ਪੂਰੀ ਹੈ, ਪਰ ਕਿੱਸਾ ਸੰਖੇਪ ਹੈ। ਆਪਣੇ ਸਮੇਂ ਦੇ ਸਮਾਜ ਸਭਿਆਚਾਰ ਦਾ ਵੀ ਭਰਪੂਰ ਚਿਤਰਨ ਹੈ। ਇਸ ਦੀ ਮਿਸਾਲ ਵੇਖਣਯੋਗ ਹੈ –

ਵਕਤ ਸੁਬਹ ਪਰਭਾਤ ਨੁਰਾਨੀ ਪੜਿਆ ਵਿਆਹ ਮੁਮਤਾਜ਼ੀ।
ਮੱਲ ਖੁਰੇ ਖਿਨ ਮੱਲ ਫਟੇ ਤਨ ਖ਼ਾਨ ਸਿਆਲ ਨਿਆਜ਼ੀ।
ਸ਼ਾਦੀ ਵਿੱਚ ਮੁਬਾਰਕਬਾਦੀ ਖੇੜੇ ਝੱਲਣ ਤਰਾਜ਼ੀ।
ਦੇਖ ਚਰਾਜ ਘਰਾਂ ਦੀ ਸ਼ਾਦੀ ਫਲਕ ਕਰੇਂਦਾ ਬਾਜ਼ੀ।

**(ਸ) ਆਡਤ ਕਵੀ –**

ਇਸ ਕਵੀ ਦੇ ਜੀਵਨ ਸੰਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ। ਡਾ. ਮੋਹਨ ਸਿੰਘ ਦੀਵਾਨਾ, ਇਸ ਨੂੰ ਮੁਸਲਮਾਨ ਕਵੀ ਮੰਨਦੇ ਹਨ। ਜਿਸਨੇ 1711 –12 ਈ. (1123 ਹਿਜਰੀ) ਵਿੱਚ 'ਸੱਸੀ ਪੁੰਨੂੰ' ਦੀ ਪ੍ਰੇਮ ਕਹਾਣੀ ਨੂੰ ਪਹਿਲੀ ਵਾਰ ਪੰਜਾਬੀ ਵਿੱਚ ਲਿਖਿਆ, ਉਹ ਅਸਲੋਂ ਆਡਤ ਹੀ ਹੈ। ਆਡਤ ਕਵੀ ਦੀਆਂ ਦੋ ਰਚਨਾਵਾਂ ਮਿਲਦੀਆਂ ਹਨ – ਇੱਕ 'ਦੋਹੜੇ ਸੱਸੀ ਕੇ' ਤੇ ਦੂਜੀ 'ਮਾਝਾਂ ਸੱਸੀ ਕੀਆਂ'। ਪਹਿਲੀ ਰਚਨਾ 90 ਬੰਦਾਂ ਤੇ ਦੂਜੀ ਰਚਨਾ 13 ਬੰਦਾਂ ਵਿੱਚ ਲਿਖੀ ਹੋਈ ਹੈ। ਦਮੋਦਰ ਤੋਂ ਬਾਅਦ ਆਡਤ ਕਵੀ ਹੀ ਲਹਿੰਦੀ ਉਪਭਾਸ਼ਾ ਵਿੱਚ ਆਪਣੀ ਕਵਿਤਾ ਰਚ ਕੇ ਉਸ ਨੂੰ ਮਾਨ ਬਖ਼ਸਦਾ ਹੈ। ਇਸ ਰਚਨਾ ਉੱਪਰ ਵੀ ਅਰਬੀ–ਫਾਰਸੀ ਦਾ ਬਹੁਤ ਪ੍ਰਭਾਵ ਹੈ। ਕਿਹਾ ਜਾਂਦਾ ਹੈ ਕਿ ਆਡਤ ਕਵੀ ਦੁਆਰਾ ਅਠਾਰ੍ਹਵੀਂ ਸਦੀ ਵਿੱਚ ਰਚਿਤ ਸੱਸੀ ਪੁੰਨੂੰ ਦੀ ਇਸੇ ਕਹਾਣੀ ਨੂੰ ਅੱਗੇ ਜਾ ਕੇ ਹਾਸ਼ਮ ਵਰਤਦਾ ਤੇ ਸਿਖ਼ਰ 'ਤੇ ਪਹੁੰਚਾਉਂਦਾ ਹੈ।



Downloaded from https:// www.studiestoday.com

Downloaded from https:// www.studiestoday.com

ਆਡਤ ਦੀਆਂ ਰਚਨਾਵਾਂ ਵਿੱਚ ਬਿਆਨ ਸਿੱਧਾ-ਸਾਦਾ ਤੇ ਸੰਖੇਪਤਾ ਭਰਪੂਰ ਹੈ, ਜੋ ਆਮ ਜੀਵਨ ਦੇ ਬਿਲਕੁਲ ਨਿਕਟ ਹੈ। ਪੁੰਨੂੰ ਨੂੰ ਭਰਾਵਾਂ ਦੁਆਰਾ ਸ਼ਰਾਬ ਪਿਲਾ ਕੇ ਲੈ ਜਾਣ ਤੋਂ ਬਆਦ ਸੱਸੀ ਨੂੰ ਪੱਤਾ ਲੱਗਣ 'ਤੇ ਜੋ ਉਸਦੀ ਮਨ ਦੀ ਅਵਸਥਾ ਹੁੰਦੀ ਹੈ, ਉਸਦਾ ਪ੍ਰਗਟਾਵਾ ਵੇਖਣ ਵਾਲਾ ਹੈ-

ਮੈਂ ਕੁ ਖ਼ਬਰ ਨਾ ਹੋਈ ਭੋਰਾ, ਹੋਤ ਡਿਵਾਲੇ ਆਏ।
ਪਿਲਵਾਏ ਸ਼ਰਾਬ ਕੀਤੇ ਨੇ ਖੀਵਾ, ਰਾਤੀ ਘਿਣ ਸਿਧਾਏ।
ਸੁੱਵੀ ਨਿੰਦ੍ਰ ਅਵੇਰੀ ਆਈਂ, ਮੈ ਕੂੰ ਕਉਣ ਜਗਾਏ।
ਆਡਤ ਉਠਿ ਕਰਾਹੁ ਡੇਖੋ, ਪੁਨਣ ਨਜ਼ਰ ਨ ਆਏ।

**(ਹ) ਹਾਮਦ ਸ਼ਾਹ ਅੱਬਾਸੀ –**

ਹੀਰ ਦੇ ਕਿੱਸਾਕਾਰਾਂ ਵਿੱਚ 'ਹਾਮਦ' ਦਾ ਨਾਂ ਵੀ ਵਰਣਨਯੋਗ ਹੈ। ਇਸ ਦਾ ਪੂਰਾ ਨਾਂ 'ਹਾਮਦ ਸ਼ਾਹ' ਸੀ ਤੇ ਜ਼ਾਤ ਦਾ ਅੱਬਾਸੀ ਸੱਯਦ ਸੀ। ਇਸ ਦੇ ਪਿਤਾ ਦਾ ਨਾ ਸੱਯਦ ਅਤਾਉਲਾ ਸੀ, ਜੋ ਈਰਾਨ ਤੋਂ ਪੰਜਾਬ ਵਿੱਚ ਧਰਮ ਪ੍ਰਚਾਰ ਦੇ ਉਦੇਸ਼ਹਿੱਤ ਆਏ ਸਨ। 'ਹਾਮਦ' ਉਸਦਾ ਕਾਵਿ ਤਖੱਲਸ਼ ਹੈ। ਉਹ ਆਪਣੀ ਰਚਨਾ 'ਜੰਗਿ ਹਾਮਦ' ਵਿੱਚ ਲਿਖਦਾ ਹੈ ਕਿ ਉਸਨੇ ਇਹ ਰਚਨਾ ਵੀਹਾਂ ਵਰ੍ਹਿਆਂ ਦੀ ਉਮਰ ਵਿੱਚ ਲਿਖਣੀ ਸ਼ੁਰੂ ਕੀਤੀ, ਜੋ 10 ਸਾਲਾਂ ਵਿੱਚ ਸੰਪੂਰਨ ਹੋਈ। ਇਸ ਸਮੇਂ 1191 ਹਿਜਰੀ ਦਾ ਸੰਨ ਸੀ, ਜਿਵੇਂ –

ਹਿਜਰਤ ਬਾਅਦ ਰਸੂਲ ਦੇ ਜਿਸ ਦਿਨ ਥੀਆਂ ਤਯਾਰ।
ਆਹਾ ਸੰਨ ਇਕਾਨਵੇਂ ਇਕ ਸੋ ਇਕ ਹਜ਼ਾਰ।

ਇਸ ਤੋਂ ਸਪੱਸ਼ਟ ਹੈ ਕਿ ਹਾਮਦ ਦਾ ਜਨਮ 1748 ਈ. (1161 ਹਿਜਰੀ) ਵਿੱਚ ਹੋਇਆ। ਇਸ ਨੂੰ ਆਪਣੇ ਪਿੰਡ ਚੌਂਤਾਂ ਤਹਿਸੀਲ ਪਠਾਨਕੋਟ ਵਿੱਚ ਹੀ ਇਮਾਮ ਦਾ ਕੰਮ ਮਿਲ ਗਿਆ। ਇਸ ਨੂੰ ਹਿੰਦੀ ਤੇ ਸੰਸਕ੍ਰਿਤ ਭਾਸ਼ਾਵਾਂ ਦੇ ਨਾਲ-ਨਾਲ ਜੋਤਿਸ਼-ਸ਼ਾਸਤ੍ਰ ਦਾ ਵੀ ਗਿਆਨ ਪ੍ਰਾਪਤ ਸੀ। ਇਸ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ-

1. ਜੰਗਿ ਹਾਮਦ
2. ਅਖਬਾਰਿ ਹਾਮਦ
3. ਗੁਲਜਾਰਿ ਹਾਮਦ
4. ਤਫ਼ਸੀਰਿ ਹਾਮਦ
5. ਫ਼ਕਰਨਾਮਾ
6. ਹੀਰ ਹਾਮਦ

ਇਸ ਵਿੱਚ ਪਹਿਲੀਆਂ ਪੰਜ ਰਚਨਾਵਾਂ ਇਸਲਾਮੀ ਧਰਮ ਤੇ ਰਹਿਣੀ-ਬਹਿਣੀ ਨਾਲ ਸੰਬੰਧਿਤ ਹਨ ਤੇ 'ਹੀਰ ਹਾਮਦ' ਉਸਦੀ ਸਾਹਿਤਕ ਦ੍ਰਿਸ਼ਟੀ ਤੋਂ ਪ੍ਰਸਿੱਧ ਰਚਨਾ ਹੈ। ਇਸਨੂੰ ਉਸਨੇ ਸੰਨ 1783 ਈ. ਤੋਂ ਲੈ ਕੇ 1805 ਈ. ਤੱਕ 22 ਸਾਲਾਂ ਵਿੱਚ ਪੂਰਾ ਕੀਤਾ। ਹਾਮਦ ਨੇ ਆਪਣੇ ਕਿੱਸੇ ਵਿੱਚ ਉਸ ਤੋਂ ਪਹਿਲਾਂ ਹੋਏ ਹੀਰ ਦੇ ਕਿੱਸਾਕਾਰਾਂ ਦਾ ਵੀ ਵਰਣਨ ਕੀਤਾ ਹੈ –

ਕਿੱਸਾ ਹੀਰ ਤੇ ਰਾਂਝੇ ਦਾ ਸ਼ਾਇਰਾਂ ਨੇ, ਬਹੁਤਾ ਵਿੱਚ ਪੰਜਾਬ ਬਣਾਇਆ ਹੈ।
ਇਕ ਚਾਲ ਨਾਹੀਂ ਰੰਗਾ ਰੰਗ ਕਿੱਸਾ, ਮੂਲ ਕਥਾ ਦਾ ਅੰਤ ਨਾ ਪਾਇਆ ਹੈ।
ਅਹਿਮਦ ਹੋਰ ਕਿਹਾ ਮੁਕਬਲ ਹੋਰ ਆਖੇ, ਬਾਗਾ ਕਾਦਰੀ ਹੋਰ ਸੁਣਾਇਆ ਹੈ।
ਰਾਮਾ ਅਤੇ ਗੁਰਦਾਸ ਕੁਝ ਹੋਰ ਆਖਣ, ਸਭ ਸ਼ਾਇਰਾਂ ਜ਼ੋਰ ਲਗਾਇਆ ਹੈ।

ਹਾਮਦ ਇਕ ਸਾਧਾਰਨ ਜਿਹਾ ਕਿੱਸਾਕਾਰ ਪ੍ਰਤੀਤ ਹੁੰਦਾ ਹੈ ਕਿਉਂਕਿ ਨਾ ਤਾਂ ਕਿੱਸੇ ਵਿਚ ਸੂਫ਼ੀਆਨਾ ਰੰਗਤ ਹੈ ਤੇ ਨਾ ਹੀ ਨਾਇਕ ਨਾਇਕਾਂ ਦੇ ਹੁਸਨ, ਪ੍ਰੇਮ ਸੰਯੋਗ-ਵਿਯੋਗ ਦੀਆਂ ਭਾਵਨਾਵਾਂ ਦੀ ਸਹੀ



Downloaded from https:// www.studiestoday.com

Downloaded from https:// www.studiestoday.com

ਉਸਾਰੀ ਕਰ ਸਕਿਆ ਹੈ। ਉਸ ਦੇ ਕਿੱਸੇ ਦੀ ਛੰਦਾ ਬੰਦੀ ਲਾਜਵਾਬ ਕਿਸਮ ਦੀ ਹੈ। ਕਵੀ ਨੇ ਪਹਿਲਾਂ ਦੋ ਦੋਹੜੇ ਦਿੱਤੇ ਹਨ ਤੇ ਬਾਅਦ ਵਿੱਚ ਚਾਰ ਪੰਗਤੀਆਂ ਦਾ ਇੱਕ ਬੈਂਤ ਹੈ। ਦੋਹੜੇ ਇਸ਼ਕ ਦੀ ਵਿਆਖਿਆ ਕਰਦੇ ਹਨ ਤੇ ਬੈਂਤ ਕਹਾਣੀ ਨੂੰ ਅੱਗੇ ਤੋਰਦੇ ਹਨ। ਉਸਦੀ ਬੋਲੀ ਸਰਬਸਾਧਾਰਨ ਪੇਂਡੂ ਤੇ ਜਟਕੀ ਹੈ। ਕਿੱਸੇ ਦਾ ਅੰਤ ਵੀ ਅਹਿਮਦ ਗੁੱਜਰ ਵਾਂਗ ਅਜੀਬ ਜਿਹਾ ਦੁਖਾਂਤਕ-ਸੁਖਾਂਤਕ ਹੈ। ਫਿਰ ਵੀ ਕਿੱਸਾ-ਕਾਵਿ ਦੇ ਇਤਿਹਾਸਕ ਕ੍ਰਮ ਵਿੱਚ ਉਸਦਾ ਆਪਣਾ ਸਥਾਨ ਹੈ।

**(ਕ) ਬਿਹਬਲ-**

ਬਿਹਬਲ ਜਾਂ ਬਹਿਬਲ ਧਾਰਮਿਕ ਪ੍ਰਵਿਰਤੀਆਂ ਵਾਲਾ ਕਿੱਸਾ ਕਵੀ ਹੈ। ਉਸ ਦਾ ਜਨਮ 1752 ਈ. ਵਿੱਚ ਹੋਇਆ। ਉਸਨੇ ਦੋ ਕਿੱਸਿਆਂ ਦੀ ਰਚਨਾ ਕੀਤੀ-

1. ਕਿੱਸਾ ਹੀਰ ਰਾਂਝਾ।
2. ਕਿੱਸਾ ਸੱਸੀ ਪੁੰਨੂੰ।

ਕਿੱਸਾ 'ਹੀਰ ਰਾਂਝਾ' ਉਸਨੇ 'ਮਸਨਵੀ' ਕਾਵਿ ਰੂਪ ਵਿੱਚ ਲਿਖਿਆ ਹੈ, ਜੋ 'ਸੀਹਰਫ਼ੀਆਂ' ਵਿੱਚ ਹੈ। ਦੂਸਰੇ ਕਿੱਸੇ 'ਸੱਸੀ ਪੁਨੂੰ' ਵਿੱਚ 550 ਬੰਦ ਹਨ। ਉਸਦੀ ਭਾਸ਼ਾ ਸਾਧਾਰਨ ਹੈ ਤੇ ਬਿਆਨ ਵਿੱਚ ਇਸਲਾਮੀ ਰੰਗਤ ਦਾ ਪ੍ਰਭਾਵ ਹੈ। ਉਸਦਾ ਇਹ ਕਿੱਸਾ ਦਵਈਆ ਛੰਦ ਵਿੱਚ ਹੈ। ਕਿੱਸਾ 'ਸੱਸੀ ਪੁੰਨੂੰ' ਵਿੱਚ ਕਵੀ ਨੇ ਸੱਸੀ ਦੇ ਦਰਦ, ਸੋਜ਼ ਤੇ ਪੀੜਾ ਨੂੰ ਚਿਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

**(ਖ) ਸਦੀਕ ਲਾਲੀ-**

ਇਸ ਕਵੀ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਨਹੀਂ। ਵਿਦਵਾਨਾਂ ਅਨੁਸਾਰ ਇਹ 'ਲਾਲੀਆਂ' ਨਾਂ ਦੇ ਪਿੰਡ ਦਾ ਵਸਨੀਕ ਸੀ, ਜੋ ਜ਼ਿਲ੍ਹਾ ਝੰਗ (ਪੱਛਮੀ ਪੰਜਾਬ) ਦੀ ਚਨਿਓਟ ਤਹਿਸੀਲ ਵਿੱਚ ਹੈ। ਇਸ ਦਾ ਪੂਰਾ ਨਾਂ ਮੁਹੰਮਦ ਸਦੀਕ ਤੇ ਉਪਨਾਮ 'ਸਦੀਕ' ਸੀ। ਸਦੀਕ ਲਾਲੀ ਦਾ "ਯੂਸਫ਼ ਜ਼ੁਲੈਖਾਂ" ਨਾਂ ਦਾ ਕਿੱਸਾ ਮਿਲਦਾ ਹੈ। ਕਿੱਸੇ ਦੀ ਅੰਦਰਲੀ ਗਵਾਹੀ ਮੁਤਾਬਿਕ ਜਦੋਂ ਮੁਹੰਮਦ ਸ਼ਾਹ ਚੌਗਤੇ ਨੂੰ ਦਿੱਲੀ ਦੇ ਤਖ਼ਤ ਉੱਪਰ ਬੈਠਿਆਂ 7 ਵਰ੍ਹੇ ਹੋ ਗਏ ਸਨ, ਉਦੋਂ ਇਹ ਕਿੱਸਾ ਲਿਖਿਆ ਗਿਆ। ਜਿਸ ਦਾ ਸਮਾਂ 1726 ਈ. (1138 ਹਿਜਰੀ) ਬਣਦਾ ਹੈ। ਇਸ ਦੇ ਕਿੱਸੇ ਦੀ ਬੋਲੀ ਲਹਿੰਦੀ ਰੰਗਤ ਵਾਲੀ ਹੈ। ਅਰਬੀ-ਫ਼ਾਰਸੀ ਸ਼ਬਦਾਵਲੀ ਦੀ ਆਮ ਵਰਤੋਂ ਹੈ। ਬਿਰਤਾਂਤ ਸੰਖੇਪ ਹੈ। ਸ਼ੈਲੀ ਸਿੱਧੀ-ਸਾਦੀ ਅਤੇ ਆਮ ਜੀਵਨ ਨਾਲ ਸੰਬੰਧਿਤ ਹੈ।

**(ਗ) ਸੁੰਦਰਦਾਸ ਆਰਾਮ –**

ਇਸ ਕਵੀ ਦਾ ਪੂਰਾ ਨਾਂ ਸੁੰਦਰਦਾਸ ਤੇ ਉਪਨਾਮ 'ਆਰਾਮ' ਸੀ। ਇਸਦੇ ਪਿਤਾ ਦਾ ਨਾਂ ਸੀਤਾ ਰਾਮ ਸੀ। ਮੀਰ ਮਨੂੰ ਦੇ ਸਮੇਂ ਇਹ ਝੰਗ ਦਾ ਮੀਰ ਮੁਨਸ਼ੀ ਸੀ। ਇਸਦੇ ਜੀਵਨ ਸੰਬੰਧੀ ਵਧੇਰੀ ਜਾਣਕਾਰੀ ਉਪਲਬਧ ਨਹੀਂ। ਇਸਨੇ 1759 ਈ. (1172 ਹਿਜਰੀ) ਵਿੱਚ ਸੱਸੀ ਪੁੰਨੂੰ ਦਾ ਕਿੱਸਾ ਲਿਖਿਆ ਜੋ ਮਸਨਵੀ ਸ਼ੈਲੀ ਵਿੱਚ ਸੀ ਤੇ ਇਸਦੇ ਪੰਜ ਭਾਗ ਸਨ। ਅਖ਼ੀਰ ਵਿੱਚ 28 ਬੰਦਾਂ ਦੀ ਇਕ ਸੀਹਰਫ਼ੀ ਲਿਖੀ ਹੋਈ ਹੈ। ਇਸ ਤੋਂ ਬਿਨਾਂ ਇਸਦੇ ਫਾਰਸੀ ਭਾਸ਼ਾ ਵਿੱਚ ਲਿਖੇ ਕਿੱਸੇ ਵੀ ਮਿਲਦੇ ਹਨ। ਉਸਦੇ ਕਿੱਸੇ ਵਿੱਚ 'ਸੱਸੀ ਦੀ ਸੁੰਦਰਤਾ' ਦਾ ਵਰਣਨ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ-

ਆਖਣ ਐਸੀ ਹੁਸਨ ਦੀ ਸੂਰਤ ਦੁਨੀਆਂ ਵਿੱਚ ਨਾ ਕਾਈ।
ਰਬ ਨੇ ਹੂਰ ਬਹਿਸ਼ਤ ਦੀ ਸਾਨੂੰ ਕਰਕੇ ਲੁਤਫ਼ ਭਿਜਾਈ।
ਆਪ ਜੋ ਲੁਤਫਿ ਕਰਮ ਤੇ ਆਵੇ ਖਰਿਓ ਬੂਟ ਵਸਾਂਦਾ।
ਸੁਕੇ ਬਲ ਆ ਕਰ ਹਰਿਆਵਲ ਮੇਲੇ ਨਾਲ ਲਗਾਂਦਾ।

**(ਘ) ਅਬਦੁੱਲ ਹਕੀਮ ਬਹਾਵਲਪੁਰੀ –**



Downloaded from https:// www.studiestoday.com

Downloaded from https:// www.studiestoday.com

ਇਸਦਾ ਜਨਮ ਪਾਕਿਸਤਾਨ ਦੀ ਬਹਾਵਲਪੁਰ ਰਿਆਸਤ ਵਿੱਚ ਸੰਨ 1747 ਈ. (1160 ਹਿਜਰੀ) ਵਿੱਚ ਹੋਇਆ। ਉਸ ਸਮੇਂ ਨਵਾਬ ਬਹਾਵਲ ਖਾਂ ਦਾ ਰਾਜ ਸੀ ਤੇ ਇਹ ਕਿੱਸਾਕਾਰ ਪਿੰਡ ਉੱਚ-ਸ਼ਰੀਫ਼ ਦੇ ਮਦਰਸੇ ਵਿੱਚ ਬੱਚਿਆਂ ਨੂੰ ਪੜ੍ਹਾ ਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ। ਉਸਦੀ ਇਕੋ ਰਚਨਾ 'ਕਿੱਸਾ ਯੂਸਫ਼ ਜ਼ੁਲੈਖ਼ਾਂ' ਮਿਲਦੀ ਹੈ, ਜੋ 1218 ਹਿਜਰੀ ਵਿੱਚ ਰਚੀ ਗਈ। ਕਿੱਸੇ ਵਿੱਚ ਦਰਜ ਗਵਾਹੀ ਅਨੁਸਾਰ ਉਸਨੇ ਆਪਣੀ ਬਿਰਧ ਅਵਸਥਾ ਵਿੱਚ ਇਸ ਕਿੱਸੇ ਦੀ ਰਚਨਾ ਕੀਤੀ। ਕਿੱਸਾ ਲਹਿੰਦੀ ਭਾਸ਼ਾ ਵਿੱਚ ਰਚਿਆ ਗਿਆ ਹੈ, ਜਿਸ ਉੱਤੇ ਅਰਬੀ-ਫਾਰਸੀ ਦਾ ਬਹੁਤ ਜਿਆਦਾ ਪ੍ਰਭਾਵ ਹੈ। ਇਸ ਕਿੱਸੇ ਦਾ ਆਧਾਰ ਸੂਫੀ ਕਵੀ ਜਾਮੀ ਦਾ ਕਿੱਸਾ 'ਯੂਸਫ਼ ਜ਼ੁਲੈਖ਼ਾਂ' ਹੈ, ਜਿਸ ਨਾਲ ਇਸ ਦਾ ਵਿਸਾ-ਵਸਤੂ ਤੇ ਰਚਨਾ ਮੇਲ ਖਾਂਦੀ ਹੈ। ਕਿੱਸੇ ਵਿੱਚ ਪ੍ਰਕਿਰਤੀ ਚਿਤਰਨ ਦੀ ਵੰਨਗੀ ਇਸ ਤਰ੍ਹਾਂ ਹੈ -

ਜਦੋਂ ਕਾਂ ਰਾਤ ਦੇ ਪਰਵਾਜ਼ ਕੀਤਾ।<br>
ਫ਼ਜ਼ਰ ਵੇਲੇ ਕੁਕੜ ਅਵਾਜ਼ ਕੀਤਾ।<br>
ਹੋਇਆ ਆਵਾਜ਼ ਖੁਸ਼ ਉਹ ਬੁਲਬੁਲਾਂ ਦਾ।<br>
ਪਿਛੇ ਜਾਹਿਰ ਹੋਇਆ ਜਲਵਾ ਗੁਲਾਂ ਦਾ।

ਇਨ੍ਹਾਂ ਕਿੱਸਾ ਕਵੀਆਂ ਤੋਂ ਛੁੱਟ ਲੁਤਫ ਅਲੀ ਦਾ ਕਿੱਸਾ 'ਸੈਫ਼ੁਲ ਮਲੂਕ' ਵੀ ਇਸ ਕਾਲ ਵਿੱਚ ਰਚਿਆ ਗਿਆ। ਇਸ ਤਰ੍ਹਾਂ ਅਠਾਰ੍ਹਵੀਂ ਸਦੀ ਦੀ ਕਿੱਸਾ ਕਾਵਿ-ਧਾਰਾ ਪੰਜਾਬੀ ਕਿੱਸਾ ਕਾਵਿ ਦੀਆਂ ਸਿਖ਼ਰਲੀਆਂ ਪ੍ਰਾਪਤੀਆਂ ਨਾਲ ਸੰਬੰਧ ਰੱਖਦੀ ਹੈ।

## 3. ਬੀਰ ਕਾਵਿ ਧਾਰਾ

18ਵੀਂ ਸਦੀ ਰਾਜਸੀ ਉੱਥਲ-ਪੁੱਥਲ ਵਾਲੀ ਸੀ, ਜਿਸ ਕਾਰਨ ਇਸ ਕਾਲ ਵਿੱਚ ਪਹਿਲਾਂ ਦੇ ਮੁਕਾਬਲੇ ਉਨੀ ਸਾਹਿਤਕ ਉੱਨਤੀ ਨਹੀਂ ਹੋਈ, ਜਿੰਨੀ ਇਸ ਤੋਂ ਪਹਿਲਾਂ ਵਾਲੀਆਂ ਸਦੀਆਂ ਵਿੱਚ ਸੀ। ਬੀਰ ਕਾਵਿ ਧਾਰਾ ਪੰਜਾਬੀ ਸਾਹਿਤ ਵਿੱਚ ਬੀਰ-ਰਸੀ ਭਾਵਾਂ ਨੂੰ ਪ੍ਰਗਟਾਉਣ ਵਾਲੀ ਪ੍ਰਤੀਨਿਧ ਸਾਹਿਤ ਧਾਰਾ ਹੈ। ਇਸ ਵਿੱਚ ਵਾਰਾਂ ਤੇ ਜੰਗਨਾਮੇ ਪ੍ਰਮੁੱਖ ਕਾਵਿ ਰੂਪ ਆਉਂਦੇ ਹਨ। ਇਸ ਕਾਲ ਵਿੱਚ ਕੁਝ ਇੱਕ ਪ੍ਰਸਿੱਧ ਵਾਰਾਂ ਤੇ ਜੰਗਨਾਮੇ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

**(1) ਵਾਰਾਂ-**

ਵਾਰ ਬੀਰ-ਰਸੀ ਸਾਹਿਤ ਦਾ ਪ੍ਰਮੁੱਖ ਕਾਵਿ-ਰੂਪ ਹੈ। ਇਸ ਕਾਲ ਦੀਆਂ ਪ੍ਰਮੁੱਖ ਵਾਰਾਂ ਇਸ ਤਰ੍ਹਾਂ ਹਨ:-

**(ੳ) ਵਾਰ ਭੇੜੇ ਕੀ ਪਾਤਸ਼ਾਹੀ ੧੦-**

ਇਸ ਵਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਵਾਰ ਜਾਂ 'ਭੇੜਾ ਗੁਰੂ ਗੋਬਿੰਦ ਸਿੰਘ' ਵੀ ਆਖਿਆ ਜਾਂਦਾ ਹੈ। ਇਹ ਵਾਰ ਕਿਸੇ ਅਗਿਆਤ ਕਵੀ ਦੁਆਰਾ ਲਿਖੀ ਗਈ ਹੈ। ਇਸ ਵਿੱਚ ਆਨੰਦਪੁਰ ਵਿਚਲੇ ਅੰਤਿਮ ਯੁੱਧ ਵਿੱਚ ਕਿਲ੍ਹੇ ਨੂੰ ਛੱਡਣ ਤੇ ਚਮਕੌਰ ਦੀ ਜੰਗ ਦਾ ਵਰਣਨ ਕੀਤਾ ਗਿਆ ਹੈ, ਜੋ 1704 ਈ. ਦੀ ਘਟਨਾ ਸੀ। ਵਿਦਵਾਨਾਂ ਮੁਤਾਬਿਕ ਇਹ ਵਾਰ 1700 ਈ. ਤੋਂ ਲੈ ਕੇ 1716 ਈ. ਦੇ ਦਰਮਿਆਨ ਲਿਖੀ ਗਈ ਹੈ। ਇਸ ਵਾਰ ਵਿੱਚ ਚਮਕੌਰ ਦੇ ਜੰਗ ਦਾ ਵਰਣਨ ਵੇਖਣ ਵਾਲਾ ਹੈ:-

ਭੇੜਾ ਪਿਆ ਚਮਕਾਉੜ ਵਿੱਚ ਵਜਨਿ ਘਣਨਾਟਾਂ।<br>
ਕਰਨਾਈ ਅਰਣਾਟਾਂ, ਭੇਰੀ ਗੱਜੀਆਂ।<br>
ਉੱਥੇ ਬਰਛੇ ਛੋਡਨਿ ਲਾਟਾਂ, ਸੂਰਜ ਸਾਮ੍ਹਣੇ।<br>
ਉੱਥੇ ਇੱਕ ਲਖ ਘੋੜਾ ਜਾਟਾਂ, ਦੋਇ ਲਖ ਮੋਗਲਾਂ।<br>
ਉੱਥੇ ਤੀਰੀਂ ਅੰਬਰ ਮਾਟਾਂ, ਲੜਦੇ ਸੂਰਮੇ।<br>
ਧਉਲੈ ਦੇ ਹੱਡ ਆਟਾ, ਹੋਈ ਇਛਦੇ।

ਇਸ ਵਾਰ ਦੀਆਂ 24 ਪਉੜੀਆਂ ਹਨ। ਅਲੰਕਾਰ ਵਰਤੋਂ ਦੁਆਰਾ ਯੁੱਧ ਖੇਤਰ ਦੇ ਮਾਹੌਲ ਨੂੰ



Downloaded from https:// www.studiestoday.com

Downloaded from https:// www.studiestoday.com

ਚਿਤਰਿਆ ਗਿਆ ਹੈ। 'ਚੰਡੀ ਦੀ ਵਾਰ' ਦਾ ਪ੍ਰਭਾਵ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ।

**(ਅ) ਵਾਰ ਪਾਤਸ਼ਾਹੀ ਦਸਵੀਂ ਕੀ–**

ਇਹ ਵਾਰ ਭਾਈ ਗੁਰਦਾਸ ਸਿੰਘ ਦੀ ਰਚਨਾ ਹੈ, ਜਿਸਨੂੰ ਕਈ ਵਾਰ ਭਾਈ ਗੁਰਦਾਸ ਭੱਲੇ (ਪਹਿਲੇ) ਦੀ ਰਚਨਾ ਵੀ ਮੰਨ ਲਿਆ ਜਾਂਦਾ ਹੈ। ਭਾਈ ਗੁਰਦਾਸ ਸਿੰਘ ਦੇ ਜੀਵਨ ਸੰਬੰਧੀ ਤੇ ਉਸਦੀ ਰਚਨਾ ਦੇ ਰਚਨਾਕਾਲ ਸੰਬੰਧੀ ਕੋਈ ਜਾਣਕਾਰੀ ਉਪਲਬਧ ਨਹੀ। ਇਸ ਵਿੱਚ ਖ਼ਾਲਸਾ ਪੰਥ ਦੀ ਸਾਜਨਾ (1699 ਈ.) ਦਾ ਵਰਣਨ ਹੈ ਤੇ ਬੋਲੀ ਤੇ ਸ਼ੈਲੀ ਪੱਖੋਂ ਵੀ ਇਹ ਵਾਰ 18ਵੀਂ ਸਦੀ ਦੀ ਰਚਨਾ ਮੰਨੀ ਜਾ ਸਕਦੀ ਹੈ।

ਇਸ ਵਾਰ ਦੀਆਂ 28 ਪਉੜੀਆਂ ਪ੍ਰਾਪਤ ਹਨ। ਜਿਸਦੀਆਂ ਪਹਿਲੀਆਂ 20 ਪਉੜੀਆਂ ਦੀ ਅਖੀਰਲੀ 20ਵੀਂ ਪਉੜੀ ਵਿੱਚ ਰਚਨਾ ਦਾ ਮਹਾਤਮ ਦਰਜ ਹੈ, ਇਸ ਦੀ ਰਚਨਾ ਢੰਗ ਤੇ ਲਹਿਜਾ ਵੀ ਅਗਲੀਆਂ 8 ਪਉੜੀਆਂ ਤੋਂ ਵੱਖਰਾ ਹੈ। ਇਸ ਲਈ ਇਨ੍ਹਾਂ 28 ਪਉੜੀਆਂ ਨੂੰ 20 ਅਤੇ 8 ਪਉੜੀਆਂ ਦੇ ਦੋ ਵੱਖ-ਵੱਖ ਭਾਗ ਮੰਨੇ ਜਾਂਦੇ ਹਨ। ਅਗਲੀਆਂ 8 ਪਉੜੀਆਂ ਗੁਰੂ ਸਾਹਿਬਾਨਾਂ ਸੰਬੰਧੀ ਜ਼ਿਕਰ ਕਰਦੀਆਂ ਹਨ। ਪਹਿਲੀਆਂ 20 ਪਉੜੀਆਂ ਦੇ ਹਰ ਪਉੜੀ ਦੀ ਅਖੀਰਲੀ ਸਤਰ–'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੇ ਰੂਪ ਵਿੱਚ ਦਰਜ ਹੈ। 20ਵੀਂ ਪਉੜੀ ਵਿੱਚ ਇਸਨੂੰ 'ਵਾਰ ਭਗਉਤੀ' ਨਾਂ ਦਿੱਤਾ ਗਿਆ ਹੈ।

ਯਹ ਵਾਰ ਭਗਾਉਤੀ ਜੋ ਪੜ੍ਹੇ ਅਮਰਾਪਦ ਪਾਏ॥

ਇਸ ਵਿੱਚ ਖ਼ਾਲਸਾ ਪੰਥ ਦੀ ਸਥਾਪਨਾ ਦਾ ਵਰਣਨ ਹੋਣ ਕਰਕੇ ਇਸਨੂੰ 'ਗੁਰੂ ਖ਼ਾਲਸੇ ਦੀ ਵਾਰ' ਵੀ ਕਿਹਾ ਜਾਂਦਾ ਹੈ। 'ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਦੀ' ਨਾਂ ਤੋਂ ਵੀ ਇਸਨੂੰ ਜਾਣਿਆ ਜਾਂਦਾ ਹੈ। ਇਸ ਵਾਰ ਦੇ ਨਮੂਨੇ ਵੇਖਣਯੋਗ ਹਨ:–

ਸੱਚਾ ਅਮਰ ਗੋਬਿੰਦ ਕਾ, ਸੁਣ ਗਰੂ ਪਿਆਰੇ॥
ਸਤਿ ਸੰਗਤ ਮੇਲਾਪ ਕਰ, ਪੰਚ ਦੂਤ ਸੰਘਾਰੇ॥
ਸਤਿ ਸੰਗਤ ਢੋਈ ਜੋ ਨਾ ਲਹਨਿ, ਤਿਨ ਖ਼ਸਮ ਵਿਸਾਰੇ॥
ਗੁਰਮੁਖਿ ਮਤੇ ਉਜਲੇ, ਸੱਚੇ ਦਰਬਾਰੇ॥
ਹਰਿ ਗੁਰੂ ਗੋਬਿੰਦ ਧਿਆਈਐ, ਸਦਾ ਅੰਮ੍ਰਿਤ ਵੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

**(ੲ) ਕਵੀ ਦੇਵੀ ਦਾਸ ਰਚਿਤ ਲਵ-ਕੁਸ਼ ਦੀ ਵਾਰ–**

ਇਸ ਵਾਰ ਦੀ ਰਚਨਾ ਸੰਬੰਧੀ ਤੇ ਕਵੀ ਦੇ ਜੀਵਨ ਸੰਬੰਧੀ ਕੋਈ ਜਾਣਕਾਰੀ ਨਹੀਂ ਮਿਲਦੀ। ਵਾਰ ਦੇ ਅੰਦਰਲੀ ਗਵਾਹੀ ਦੇ ਆਧਾਰ 'ਤੇ ਇਹ ਵਾਰ ਕਵੀ ਦੇਵੀ ਦਾਸ ਦੀ ਰਚਨਾ ਹੈ, ਬਾਰੇ ਪਤਾ ਚੱਲਦਾ ਹੈ–

'ਦੇਵੀ ਦਾਸ ਆਸ ਰਖ ਜੁਧ ਕੀ, ਅਸੁ ਫੇਰਿ ਲਿਆਏ।'

ਇਸ ਵਾਰ ਵਿੱਚ ਪਉੜੀਆਂ ਤੋਂ ਪਹਿਲਾਂ ਸੋਰਠੇ ਜਾਂ ਦੋਹਰੇ ਦੀ ਵਰਤੋਂ ਹੈ। ਪ੍ਰਿਥੀਚੰਦ ਦੀ ਸੰਤਾਨ ਦੁਆਰਾ ਵਾਰਾਂ ਦੇ ਰੂਪ ਵਿੱਚ ਕੱਚੀ ਬਾਣੀ ਰਚਨ ਸਮੇਂ ਇਸ ਤਰ੍ਹਾਂ ਵਰਤੋਂ ਕੀਤੀ ਗਈ ਹੈ। ਇਸ ਤੋਂ ਇਹ ਵਾਰ ਅਠਾਰਵੀਂ ਸਦੀ ਦੇ ਪਹਿਲੇ ਅੱਧ ਦੀ ਪ੍ਰਤੀਤ ਹੁੰਦੀ ਹੈ। ਇਸ ਵਾਰ ਦੀਆਂ ਕੁੱਲ 70 ਪਉੜੀਆਂ ਹਨ ਅਤੇ ਉਸ ਵਿੱਚੋਂ 65 ਪਉੜੀਆਂ ਦੇ ਆਰੰਭ ਵਿੱਚ ਸੋਰਠੇ ਤੇ 66ਵੀਂ ਪਉੜੀ ਤੋਂ 70ਵੀਂ ਪਉੜੀ ਤੱਕ ਦੋਹਰੇ ਦੀ ਵਰਤੋਂ ਕੀਤੀ ਗਈ ਹੈ। ਪਉੜੀਆਂ ਨਿਸ਼ਾਨੀ ਛੰਦ ਦੇ ਤੋਲ ਵਿੱਚ ਰਚੀਆਂ ਗਈਆਂ ਹਨ, ਜਿਸ ਦੀ ਕਈ ਥਾਈਂ ਅਸਮਾਨਤਾ ਵੀ ਨਜ਼ਰ ਆਉਂਦੀ ਹੈ। ਇਸ ਵਿੱਚ ਸੀਤਾ ਨੂੰ ਵਣ ਵਿੱਚ ਭੇਜਣ, ਅਸ਼ਵਮੇਧ ਯੱਗ ਦਾ ਘੋੜਾ ਫੜਣ ਕਰਕੇ ਲਵ-ਕੁਸ਼ ਦਾ ਰਾਮਚੰਦਰ ਦੇ ਭਰਾਵਾਂ ਨਾਲ ਯੁੱਧ, ਸੀਤਾ ਦਾ ਧਰਤੀ ਵਿੱਚ ਸਮਾਉਣਾ ਅਤੇ ਰਾਮ ਚੰਦਰ ਦਾ ਪੁੱਤਰਾਂ ਸਹਿਤ ਅਯੋਧਿਆ ਨੂੰ ਵਾਪਿਸ ਪਰਤਣਾ ਆਦਿ ਪ੍ਰਸੰਗਾਂ ਦੀ ਪੇਸ਼ਕਾਰੀ ਹੋਈ ਹੈ। ਯੁੱਧ ਵਰਣਨ ਵਿੱਚ ਵਾਤਾਵਰਨ ਉਸਾਰੀ ਕਮਜ਼ੋਰ ਹੈ। ਵਾਰ ਪੰਜਾਬੀ ਭਾਸ਼ਾ ਵਿੱਚ ਹੈ, ਪਰ ਬ੍ਰਜ ਭਾਸ਼ਾ ਤੇ ਲਹਿੰਦੀ ਉਪਭਾਖਾ ਦਾ ਪ੍ਰਭਾਵ ਸਪੱਸ਼ਟ ਦਿਖਦਾ ਹੈ। ਫ਼ਾਰਸੀ ਸ਼ਬਦਾਵਲੀ ਦੀ ਵਰਤੋਂ



Downloaded from https:// www.studiestoday.com

Downloaded from https:// www.studiestoday.com

ਘੱਟ ਹੈ। ਨਮੂਨਾ ਵੇਖੋ:-

ਸਨਮੁੱਖ ਆਇਆ ਕੁਸ਼ੁ ਕੇ ਲਛਮਣ ਕੁਮਾਰਾ।
ਐਸਾ ਰਥੁ ਸੁਣੀਐ ਗਰਜਤਾ ਪਾਵਤ ਧੁਨਕਾਰਾ।
ਜੜਤਾਕਾਰੀ ਕੁੰਡਲ ਮੁਕਟ ਤੜ ਚਮਤਕਾਰਾ।
ਬਾਣਾ ਕੀ ਬਰਖਾ ਭਈ ਸੂੰ ਸੂੰ ਸੂੰਕਾਰਾ।
ਮਾਣੋ ਫਣੀਅਰ ਉਜਦੇ ਫੂੰ ਫੂੰ ਫੂੰਕਾਰਾ।

**(ਸ) ਕਵੀ ਜਸੋਧਾ ਨੰਦਨ ਰਚਿਤ ਲਵ ਕੁਸ਼ ਦੀ ਵਾਰ-**

ਵਾਰਕਾਰ ਦਾ ਜੀਵਨ ਵੇਰਵਾ ਪ੍ਰਾਪਤ ਨਹੀਂ। ਵਾਰ ਦੀ ਬੋਲੀ, ਸ਼ੈਲੀ ਤੇ ਪੁਰਾਤਨ ਪੋਥੀਆਂ ਦੇ ਆਧਾਰ 'ਤੇ ਇਹ 18ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਮੰਨੀ ਜਾ ਸਕਦੀ ਹੈ। ਵਾਰ ਦੀਆਂ ਕੁੱਲ 88 ਪਉੜੀਆਂ ਹਨ। ਮੰਗਲਾਚਰਨ ਤੇ ਮਹਾਤਮ ਵੀ ਲਿਖਿਆ ਹੋਇਆ ਹੈ। ਇਸ ਵਿੱਚ ਰਾਮਚੰਦਰ ਜੀ ਦੁਆਰਾ ਸੀਤਾ ਨੂੰ ਤਿਆਗਣ ਤੋਂ ਬਾਅਦ ਦੀ ਕਹਾਣੀ ਦੀ ਪੇਸ਼ਕਾਰੀ ਹੈ। ਇਹ ਵਾਰ ਦੇਵੀ ਦਾਸ ਦੀ ਵਾਰ ਨਾਲੋਂ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਇਸ ਵਿੱਚ ਵਾਰ ਦੇ ਸੰਘਰਸ਼ ਪੱਖ ਦਾ ਵਰਣਨ ਵੱਧ ਸਜੀਵ ਤੇ ਖਿੱਚ ਭਰਪੂਰ ਹੈ। ਵਾਰਕਾਰ ਨੇ ਪਉੜੀ ਛੰਦ ਦੇ ਦੋਹਾਂ ਰੂਪਾਂ- ਨਿਸ਼ਾਨੀ ਤੇ ਸਿਰਖੰਡੀ ਵਿੱਚੋਂ ਸਿਰਖੰਡੀ ਦੀ ਵਰਤੋਂ ਜ਼ਿਆਦਾ ਕੀਤੀ ਹੈ। ਭਾਸ਼ਾ ਲਹਿੰਦੀ ਪ੍ਰਭਾਵ ਵਾਲੀ ਠੇਠ ਪੰਜਾਬੀ ਹੈ। ਭਾਵ- ਪ੍ਰਗਟਾਅ ਸਫ਼ਲ ਹੈ। ਰਸਾਂ ਤੇ ਅਲੰਕਾਰਾਂ ਦਾ ਵੀ ਸੁੰਦਰ ਸੰਯੋਜਨ ਹੈ। ਨਮੂਨਾ ਇਸ ਤਰ੍ਹਾਂ ਹੈ:-

ਆਖੇ ਮੁਰਚੇ ਜੋੜਾਂ, ਸੂਰੇ ਮਾਰਿ ਕਰਿ।
ਹਾਥੀ ਮਾਰਿ ਵਿਕੋੜਾਂ, ਜਿਉਂ ਝੱਖੜ ਬੱਦਲਾਂ।
ਸਵਾਰਾਂ ਦੇ ਸਿਰ ਤੋੜਾਂ, ਜਿਉਂ ਫਲ ਕੱਕੜੀ।
ਘੋੜੇ ਦਬਕਿ ਦਬੋੜਾ, ਭੁਇ ਵਿੱਚ ਪੂਰਿ ਕਰ।

**(ਹ) ਕਵੀ ਤੇਜਭਾਨ ਰਚਿਤ ਕਾਨ੍ਹ ਭਗਵਾਨ ਦੀ ਵਾਰ-**

ਇਹ ਵਾਰ ਭਗਵਾਨ ਕ੍ਰਿਸ਼ਨ ਦੀ ਕੰਸ ਨੂੰ ਸੰਘਾਰਨ ਦੀ ਕਥਾ ਨੂੰ ਬੀਰ ਰਸੀ ਛੰਦਾਂ ਵਿੱਚ ਬਿਆਨਦੀ ਹੈ। ਇਹ ਵਾਰ ਬੋਲੀ ਤੇ ਸ਼ੈਲੀ ਪੱਖੋਂ ਅਠਾਰਵੀਂ ਸਦੀ ਦੇ ਆਰੰਭ ਦੀ ਰਚਨਾ ਪ੍ਰਤੀਤ ਹੁੰਦੀ ਹੈ। ਇਸ ਵਿੱਚ 40 ਪਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਇੱਕ ਸ਼ਲੋਕ ਆਉਂਦਾ ਹੈ, ਜੋ ਦੋ ਪੰਗਤੀਆਂ ਦਾ ਹੈ। ਹਰ ਪਉੜੀ ਦੀਆਂ ਤੁਕਾਂ 6 ਤੋਂ 10 ਤੱਕ ਹਨ। ਇਸ ਵਾਰ ਵਿੱਚ ਯੁੱਧ ਵਰਣਨ ਘੱਟ ਹੈ, ਪਰ ਕਥਾ ਜਾਂ ਬਿਰਤਾਂਤ ਦੀ ਪ੍ਰਧਾਨਤਾ ਹੈ। ਇਸ ਦੀ ਬੋਲੀ ਸਰਲ ਪੰਜਾਬੀ ਹੈ, ਪਰ ਬ੍ਰਜ ਭਾਸ਼ਾ ਦਾ ਪ੍ਰਭਾਵ ਸਪੱਸ਼ਟ ਦਿਸਦਾ ਹੈ। ਵਾਰ ਦਾ ਨਮੂਨਾ ਇਸ ਪ੍ਰਕਾਰ ਹੈ:-

ਨਾਰਦ ਕਹਿੰਦਾ ਹੈ ਕੰਸ ਨੂੰ ਸੁਣ ਰਾਜਾ ਬਾਤ ਹਮਾਰੀ।
ਵਿਆਹੀ ਵਾਸਦੇਵ ਘਰਿ ਦੇਵਕੀ ਭੈਣ ਤੁਮਾਰੀ।
ਗਰਭ ਜੋ ਆਵੇ ਅਵਰਾ ਉਹ ਸਰਪਰ ਤੈਨੂੰ ਮਾਰੀ।
ਕਹਿ ਕੇ ਨਾਰਦਿ ਚਲਿਆ ਮਨਿ ਅੰਦਰੇ ਭਈ ਗੁਬਾਰੀ।

**(ਕ) ਸਰਬਲੋਹ ਦੀ ਵਾਰ-**

ਇਹ ਵਾਰ ਸਰਬਲੋਹ ਗ੍ਰੰਥ ਦੀਆਂ ਹੱਥ-ਲਿਖਤਾਂ ਵਿੱਚ ਦਰਜ ਹੈ। 'ਸਰਬਲੋਹ ਗ੍ਰੰਥ' ਦਾ ਦੂਜਾ ਨਾਂ 'ਮੰਗਲਾਚਰਨ ਪੁਰਾਣ' ਹੈ। ਇਸਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਕਿਹਾ ਜਾਂਦਾ ਹੈ। ਪਰ ਰਚਨਾ ਦੇ ਅੰਦਰਲੇ ਹਵਾਲਿਆਂ ਦੇ ਆਧਾਰ 'ਤੇ ਇਹ ਅਠਾਰਵੀਂ ਸਦੀ ਦੇ ਵਿਚਕਾਰ ਦੀ ਰਚਨਾ ਮੰਨੀ ਜਾਂਦੀ ਹੈ, ਜਿਸ ਦਾ ਰਚਨਾਕਾਰ ਕੋਈ ਅਗਿਆਤ ਹੈ। ਪੰਜ ਅਧਿਆਵਾਂ ਦੇ ਇਸ ਗ੍ਰੰਥ ਵਿੱਚ ਸਰਬਲੋਹ ਅਤੇ ਬ੍ਰਜਨਾਥ ਰਾਖਸ਼ ਦੇ ਯੁੱਧ ਦਾ ਵਰਨਣ ਹੈ। ਇਸ ਦੀ ਬੋਲੀ ਬ੍ਰਜ ਭਾਸ਼ਾ ਹੈ। ਵਾਰਕਾਰ ਇਸੇ ਗ੍ਰੰਥ ਦੀ ਕਥਾ



Downloaded from https:// www.studiestoday.com

Downloaded from https:// www.studiestoday.com

ਦੇ ਸਾਰ ਨੂੰ 65 ਪਉੜੀਆਂ ਰਾਹੀਂ 'ਸਰਬਲੋਹ ਦੀ ਵਾਰ' ਵਿੱਚ ਪੇਸ਼ ਕਰਦਾ ਹੈ। ਇਸ ਰਚਨਾ ਨੂੰ 'ਰਾਗ ਰਾਜਧਰ' ਅਧੀਨ ਲਿਖ ਕੇ 'ਸ਼੍ਰੀ ਅਸਕੇਤ ਕੀ ਧੁਨੀ' ਉੱਪਰ ਗਾਉਣ ਦਾ ਵੀ ਸੰਕੇਤ ਦਿੱਤਾ ਗਿਆ ਹੈ। ਮੰਗਲਾਚਰਨ ਤੇ ਮਹਾਤਮ ਵੀ ਸਿਰਜਿਆ ਹੋਇਆ ਹੈ। ਵਾਰ ਦਾ ਨਮੂਨਾ ਵੇਖਣਯੋਗ ਹੈ:-

ਇਹ ਲੀਲਾ ਜੋ ਸੁਨੈ ਹੋ ਲੀਲਾ ਯਾ ਜੋ ਸੁਨੈ, ਜਨਮ ਜਨਮ ਮਲ ਜਾਇ।
ਸ਼੍ਰੀ ਸਰਬਲੋਹ ਕੇ ਸਮਰ ਹੋ ਸ਼੍ਰੀ ਸਰਬਲੋਹ ਕੋ ਸਮਰਮਨ ਬਾਛਤ ਫਲ ਪਾਇ।

**(ਖ) ਨਜ਼ਾਬਤ ਰਚਿਤ ਵਾਰ ਨਾਦਰ ਸ਼ਾਹ–**

ਇਹ ਵਾਰ ਇਸ ਕਾਲ ਦੀ ਸਭ ਤੋਂ ਉੱਤਮ ਵਾਰ ਹੈ। 'ਚੰਡੀ ਦੀ ਵਾਰ' ਤੋਂ ਬਾਅਦ ਪੰਜਾਬੀ ਵਾਰ ਕਾਵਿ ਦੇ ਇਤਿਹਾਸ ਵਿੱਚ ਇਹ ਦੂਜੀ ਪ੍ਰਮੁੱਖ ਵਾਰ ਹੈ। ਇਸ ਨੂੰ ਵਾਰ ਨਾਦਰਸ਼ਾਹ, ਨਜ਼ਾਬਤ ਦੀ ਵਾਰ, ਨਜ਼ਾਬਤ ਦੀ ਪਉੜੀ ਦੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸੰਨ 1892 ਈ. ਵਿੱਚ ਲਾਰਡ ਮੈਕਲੈਗਨ ਨੇ ਪੰਡਿਤ ਹਰਿਕ੍ਰਿਸ਼ਨ ਕੌਲ ਨੂੰ ਇਹ ਵਾਰ ਇੱਕਤਰ ਕਰਨ ਦੀ ਜ਼ਿੰਮੇਵਾਰੀ ਦਿੱਤੀ। ਪੰਡਿਤ ਜੀ ਨੇ ਮਰਾਸੀਆਂ ਦੇ ਮੂੰਹੋਂ ਸੁਣ ਕੇ 854 ਤੁਕਾਂ ਵਾਲੀ ਇਸ ਵਾਰ ਨੂੰ ਤਰਤੀਬ ਦੇ ਕੇ ਪਹਿਲੀ ਵਾਰ **'ਜਨਰਲ ਆਫ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ'** ਵਿੱਚ ਪ੍ਰਕਾਸ਼ਿਤ ਕੀਤਾ। ਬਾਅਦ ਵਿੱਚ ਸੰਨ 1905 ਈ. ਵਿੱਚ ਸ. ਕਰਮ ਸਿੰਘ ਹਿਸਟੋਰੀਅਨ ਨੇ ਵੀ ਇਹ ਵਾਰ ਕਿਸੇ ਮਰਾਸੀ ਕੋਲੋਂ ਸੁਣ ਕੇ 'ਖ਼ਾਲਸਾ ਕੁਮਾਰ ਪੱਤਰ' ਵਿੱਚ ਪ੍ਰਕਾਸ਼ਿਤ ਕੀਤੀ। ਇਸ ਵਾਰ ਦਾ ਪੂਰਾ ਪਾਠ ਪ੍ਰਾਪਤ ਨਹੀਂ ਹੋਇਆ, ਕਈਆਂ ਥਾਵਾਂ ਤੋਂ ਲੜੀ ਟੁੱਟਦੀ ਹੈ।

ਇਸ ਵਾਰ ਦੇ ਆਧਾਰ 'ਤੇ ਹੀ ਪ੍ਰਾਪਤ ਹਵਾਲਿਆਂ ਵਿੱਚੋਂ ਕਵੀ ਦਾ ਨਾਂ 'ਨਜ਼ਾਬਤ' ਬਾਰੇ ਪਤਾ ਚੱਲਦਾ ਹੈ–

ਨਜ਼ਾਬਤ ਗਲਾਂ ਅਗਲੀਆਂ ਵਡੀ ਗੋਟ ਮਾਰੀ ਸ਼ਤਰੰਜ ਦੀ।

ਨਜ਼ਾਬਤ ਪਿੰਡ ਮਟੀਲਾਂ ਹਰਲਾਂ, ਜ਼ਿਲ੍ਹਾ ਸ਼ਾਹਪੁਰ ਦਾ ਰਹਿਣ ਵਾਲਾ ਹਰਲ ਰਾਜਪੂਤ ਸੀ। ਉਸਦੀ ਇਹ ਵਾਰ ਇਤਿਹਾਸਕ ਘਟਨਾ ਨਾਲ ਸੰਬੰਧਿਤ ਹੈ। ਨਾਦਰਸ਼ਾਹ ਵੱਲੋਂ 1738-39 ਈ. ਵਿੱਚ ਭਾਰਤ ਉੱਪਰ ਕੀਤੇ ਗਏ ਹਮਲੇ ਨੂੰ ਇਸ ਵਿੱਚ ਬਿਆਨ ਕੀਤਾ ਗਿਆ ਹੈ। ਇਸ ਵਿੱਚ ਵਾਰਕਾਰ ਨੇ ਨਾਦਰਸ਼ਾਹ ਦੇ ਹਮਲੇ ਨੂੰ ਇਤਿਹਾਸਕ ਰੂਪ ਵਿੱਚ ਰੱਖ ਕੇ ਭਾਰਤੀ ਵੀਰਾਂ ਦੀ ਵੀਰਤਾ ਨੂੰ ਸਲਾਹਿਆ ਹੈ। ਇਹ ਵਾਰ ਰਾਸ਼ਟਰੀਅਤਾ ਦੀ ਭਾਵਨਾ ਨੂੰ ਸਮਰਪਿਤ ਹੈ।

ਵਾਰ ਵਿੱਚ ਤਿੰਨ ਪੱਖ ਜ਼ਰੂਰੀ ਹੁੰਦੇ ਹਨ– ਮੰਗਲਾਚਰਨ, ਵਸਤੂ ਵਿਧਾਨ (ਸ਼ੰਕਾ, ਸੰਘਰਸ਼ ਤੇ ਸਮਾਧਾਨ) ਅਤੇ ਮਹਾਤਮ। ਨਜ਼ਾਬਤ ਦੀ ਇਹ ਵਾਰ ਮੰਗਲਾਚਰਨ ਨਾਲ ਸ਼ੁਰੂ ਹੁੰਦੀ ਹੈ। ਕਲ੍ਹ ਤੇ ਨਾਰਦ (ਪੌਰਾਣਿਕ ਪਾਤਰਾਂ) ਰਾਹੀਂ ਸ਼ੰਕਾ ਪੱਖ ਉਸਾਰਿਆ ਗਿਆ ਹੈ। ਇਸ ਵਾਰ ਵਿੱਚ ਕਾਬੁਲ ਤੋਂ ਲੈ ਕੇ ਕਰਨਾਲ ਤੱਕ ਦੀ ਲੜਾਈ ਦਾ ਵਰਣਨ ਹੈ। 'ਕਰਨਾਲ ਦੀ ਲੜਾਈ' ਸਿਰਲੇਖ ਅਧੀਨ ਵਾਰ ਦਾ ਸੰਘਰਸ਼ ਪੱਖ ਪੇਸ਼ ਕੀਤਾ ਗਿਆ ਹੈ। ਜੋ ਪਉੜੀ 24 ਤੋਂ ਲੈ ਕੇ 38 ਦੇ ਵਿਚਕਾਰ ਹੈ। ਦੋਹਾਂ ਧਿਰਾਂ ਨਾਦਰਸ਼ਾਹ ਅਤੇ ਮੁਹੰਮਦ ਸ਼ਾਹ ਰੰਗੀਲਾ ਦੀਆਂ ਸੈਨਾਵਾਂ ਵਿਚਕਾਰ ਪੁਰਜ਼ੋਰ ਸੰਘਰਸ਼ ਦਾ ਵਰਣਨ ਕੀਤਾ ਗਿਆ ਹੈ। ਸੰਘਰਸ਼ ਪੱਖ ਦੀ ਉਸਾਰੀ 'ਚੰਡੀ ਦੀ ਵਾਰ' ਤੋਂ ਪ੍ਰਭਾਵਿਤ ਹੈ। ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਨਜ਼ਾਬਤ ਨੇ ਚੰਡੀ ਦੀ ਵਾਰ ਪੜ੍ਹ ਕੇ ਇਹ ਵਾਰ ਰਚੀ ਹੁੰਦੀ ਹੈ। ਨਮੂਨੇ ਵਜੋਂ:-

ਦੋਹੀਂ ਦਲੀਂ ਮੁਕਾਬਲਾ ਰਣ ਸੂਰੇ ਗੜ੍ਹਕਣ,
ਚੜ੍ਹ ਤੋਪਾਂ ਗੱਡੀਂ ਢੁੱਕੀਆਂ ਲੱਖ ਸੰਗਲਾਂ ਖੜਕਣ।

ਇਸ ਵਾਰ ਵਿੱਚ ਮਹਾਤਮ ਪੱਖ ਦਰਜ ਨਹੀਂ ਹੈ, ਜੋ ਗੁੰਮ ਹੋ ਜਾਣ ਦਾ ਖ਼ਦਸ਼ਾ ਹੈ, ਕਿਉਂਕਿ ਨਜ਼ਾਬਤ ਇੱਕ ਸਮਰੱਥ ਵਾਰਕਾਰ ਹੈ, ਉਸਨੇ ਮੰਗਲਾਚਰਨ ਤੋਂ ਲੈ ਕੇ ਸੰਘਰਸ਼ ਪੱਖ ਤੱਕ ਉੱਤਮ ਵਾਰ ਦੀ



Downloaded from https:// www.studiestoday.com

Downloaded from https:// www.studiestoday.com

ਸਿਰਜਨਾ ਕੀਤੀ ਹੈ। ਇਸ ਲਈ ਇਹ ਮੰਨਣਾ ਅਸੰਭਵ ਲੱਗਦਾ ਹੈ ਕਿ ਉਸ ਨੇ ਵਾਰ ਦਾ ਮਹਾਤਮ ਉਸਾਰਿਆ ਹੀ ਨਹੀਂ।

ਨਜ਼ਾਬਤ ਨੇ ਉਪਮਾ, ਰੂਪਕ, ਦ੍ਰਿਸ਼ਟਾਂਤ ਆਦਿ ਅਲੰਕਾਰਾਂ ਦੀ ਸੁੰਦਰ ਵਰਤੋਂ ਕੀਤੀ ਹੈ। ਛੰਦ ਦੀ ਦ੍ਰਿਸ਼ਟੀ ਤੋਂ ਇਸ ਵਿੱਚ ਨਿਸ਼ਾਨੀ, ਸਿਰਖੰਡੀ, ਦਵੱਯਾ, ਸੱਦ ਆਦਿ ਦੀ ਸਫ਼ਲ ਵਰਤੋਂ ਕੀਤੀ ਹੈ। ਇਸ ਦੀ ਬੋਲੀ ਤੇ ਮੁਹਾਵਰੇ ਪੰਜਾਬੀ ਜਨਜੀਵਨ ਨਾਲ ਸੰਬੰਧਿਤ ਹਨ। ਪੰਜਾਬੀ ਵਾਰ ਕਾਵਿ ਵਿੱਚ ਇਸ ਵਾਰ ਦਾ ਅਹਿਮ ਸਥਾਨ ਹੈ।

(ਗ) **ਕਵੀ ਪੀਰ ਮੁਹੰਮਦ ਰਚਿਤ ਚੱਠਿਆਂ ਦੀ ਵਾਰ–**

ਇਹ ਵਾਰ ਵੀ ਇਸ ਕਾਲ ਦੀ ਇੱਕ ਪ੍ਰਮੁੱਖ ਵਾਰ ਹੈ। ਇਸ ਵਾਰ ਦੇ ਕਰਤਾ 'ਪੀਰ ਮੁਹੰਮਦ' ਸੰਬੰਧੀ ਪ੍ਰਮਾਣ ਵਾਰ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ–

– ਕਹਿ ਤੂੰ ਪੀਰ ਮੁਹੰਮਦਾ ਇੱਕ ਗੱਲ ਗਿਆਨ।

– ਕਹਿ ਤੂੰ ਪੀਰ ਮੁਹੰਮਦਾ ਕੀ ਹਾਲ ਸਵਾਰਾ।

ਦੂਜਾ ਪ੍ਰਮਾਣ ਕਿੱਸਾਕਾਰ **ਮੁਹੰਮਦ ਬਖ਼ਸ਼** ਦੀ ਰਚਨਾ 'ਸੈਫ਼ੂਲ ਮਲੂਕ' ਵਿੱਚ ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਦਾ ਜ਼ਿਕਰ ਆਉਂਦਾ ਹੈ–

ਦੂਜਾ ਪੀਰ ਮੁਹੰਮਦ ਚੱਠਾ ਮੌਜਅ ਨੂਨਾਵਾਲੀ।
ਚੱਠੇ ਦੀ ਇਸ ਵਾਰ ਬਣਾਈ, ਮੁਹਰੀਂ ਭਰੀਓਸ ਥਾਲੀ।

ਪੀਰ ਮੁਹੰਮਦ ਪਿੰਡ ਨੂਨਾਂਵਾਲੀ (ਜ਼ਿਲ੍ਹਾ ਗੁਜਰਾਤ) ਦਾ ਵਸਨੀਕ ਸੀ ਅਤੇ ਚੱਠੇ ਸਰਦਾਰਾਂ ਦਾ ਨੌਕਰ ਸੀ। ਪੀਰ ਮੁਹੰਮਦ ਦੀ ਸਿਰਫ਼ ਇੱਕੋ ਇੱਕ ਵਾਰ ਹੀ ਮਿਲਦੀ ਹੈ। ਉਸਦੀ ਇਹ ਰਚਨਾ ਸਿਰਫ਼ ਮੁਸਲਮਾਨਾਂ ਵਿੱਚ ਹੀ ਹਰਮਨ ਪਿਆਰੀ ਹੋਈ। ਪੀਰ ਮੁਹੰਮਦ ਇਸਲਾਮੀ ਸਾਹਿਤ, ਇਤਿਹਾਸ ਅਤੇ ਮਿਥਿਹਾਸ ਦਾ ਚੰਗਾ ਜਾਣਕਾਰ ਸੀ।

ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਦੀਆਂ ਸਿਰਫ਼ 91 ਪਉੜੀਆਂ ਹੀ ਉਪਲਬਧ ਹਨ। ਇਹ ਵਾਰ ਫ਼ਾਰਸੀ ਲਿਪੀ ਵਿੱਚ ਲਿਖੀ ਗਈ ਹੈ, ਜੋ ਲਾਹੌਰ ਦੇ ਕਾਜ਼ੀ ਫ਼ਜ਼ਲ ਹੱਕ ਨੇ ਕਿਸੇ ਅਧੂਰੇ ਖਰੜੇ ਤੋਂ ਪ੍ਰਾਪਤ ਕੀਤੀ। ਇਸ ਲਈ ਇਹ ਵਾਰ ਪੂਰੀ ਪ੍ਰਾਪਤ ਨਹੀਂ ਹੋ ਸਕੀ।

ਇਹ ਵਾਰ ਮਹਾਰਾਜਾ ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਤੇ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡਾਂ ਵਿੱਚ ਰਹਿ ਰਹੇ ਮੁਸਲਮਾਨ ਰਾਜਪੂਤਾਂ ਦੇ ਵਿਚਕਾਰ ਹੋਏ ਯੁੱਧ ਦਾ ਵਰਣਨ ਕਰਦੀ ਹੈ। ਇਹ ਯੁੱਧ ਰਸੂਲ ਨਗਰ ਤੇ ਮਨਚਾਰ ਵਿਖੇ ਹੋਇਆ ਸੀ। ਮੁਸਲਮਾਨ ਰਾਜਪੂਤਾਂ ਦੇ ਆਗੂ ਪੀਰ ਮੁਹੰਮਦ ਖਾਂ ਸਨ, ਉਨ੍ਹਾਂ ਦਾ ਪੁੱਤਰ ਚੱਠਾ ਸਰਦਾਰ ਗੁਲਾਮ ਮੁਹੰਮਦ ਚੱਠਾ ਮਨਚਾਰ ਦੀ ਗੜ੍ਹੀ ਉੱਪਰ ਕਾਬਿਜ਼ ਸੀ। 1790 ਈ. ਵਿੱਚ ਮਹਾਂ ਸਿੰਘ ਨੇ ਗੁਲਾਮ ਮੁਹੰਮਦ ਨੂੰ ਮਨਚਾਰ ਦੀ ਗੜ੍ਹੀ ਛੱਡਣ ਲਈ ਮਜ਼ਬੂਰ ਕੀਤਾ ਤੇ ਉਸਦੀ ਤੇ ਉਸਦੇ ਪਰਿਵਾਰ ਦੀ ਸੁਰੱਖਿਆ ਦਾ ਵੀ ਵਚਨ ਦਿੱਤਾ ਪਰ ਜੋ ਬਾਅਦ ਵਿੱਚ ਮਹਾਂ ਸਿੰਘ ਨੇ ਹਾਲਾਤ ਮੁਤਾਬਿਕ ਤੋੜ ਦਿੱਤਾ। ਇਸ ਲਈ ਪੀਰ ਮੁਹੰਮਦ ਮਹਾਂ ਸਿੰਘ ਦੀ ਵਾਦਾ ਖਿਲਾਫ਼ੀ ਕਾਰਨ ਇਸ ਵਾਰ ਵਿੱਚ ਉਸ ਪ੍ਰਤੀ ਰੋਸ ਦਾ ਬਿਆਨ ਕਰਦਾ ਹੈ। ਮਹਾਂ ਸਿੰਘ ਇਸ ਦੇ ਨਾਇਕ ਵਜੋਂ ਪੇਸ਼ ਹੋਇਆ ਹੈ ਪਰੰਤੂ ਸੋਹਲੇ ਤੇ ਪ੍ਰਸੰਸਾ ਚੱਠਿਆਂ ਦੀ ਕੀਤੀ ਗਈ ਹੈ, ਇੱਥੋਂ ਤੱਕ ਕਿ ਪ੍ਰਤੀਨਾਇਕ ਚੱਠੇ ਸਰਦਾਰਾਂ 'ਤੇ ਹੀ ਵਾਰ ਦਾ ਸਿਰਲੇਖ ਰੱਖਿਆ ਗਿਆ ਹੈ। ਵਾਰਕਾਰ ਇਸ ਵਾਰ ਵਿੱਚ ਕਾਵਿ-ਨਿਆਂ ਪੱਖੋਂ ਨਿਰਪੱਖ ਨਹੀਂ। ਉਹ ਨਾਇਕ ਨੂੰ ਪ੍ਰਤੀਨਾਇਕ ਤੇ ਪ੍ਰਤੀਨਾਇਕ ਨੂੰ ਨਾਇਕ ਵਿੱਚ ਤਬਦੀਲ ਕਰਨ ਦਾ ਦੋਸ਼ੀ ਬਣ ਜਾਂਦਾ ਹੈ। ਵਿਦਵਾਨਾਂ ਦਾ ਮੱਤ ਹੈ ਕਿ ਸ਼ਾਇਦ ਉਸਨੇ ਇਨਾਮ ਪ੍ਰਾਪਤ ਕਰਨ ਲਈ ਹੀ ਇਸ ਵਾਰ ਦੀ ਰਚਨਾ ਕੀਤੀ ਹੋਵੇ। ਜਿਸ ਬਾਰੇ ਮੁਹੰਮਦ ਬਖ਼ਸ਼ ਵੀ 'ਮੁਹਰੀਂ ਭਰੀ ਓਸ ਥਾਲੀ' ਵੱਲ ਸੰਕੇਤ ਕਰਦਾ ਹੈ। ਸੋ ਇਸ ਪੱਖੋਂ ਇਸ ਵਾਰ ਨੂੰ ਦਰਬਾਰੀ ਕਵੀ ਦੁਆਰਾ ਰਚਿਤ ਰਚਨਾ ਵੀ ਕਿਹਾ ਜਾ ਸਕਦਾ ਹੈ।



Downloaded from https:// www.studiestoday.com

Downloaded from https:// www.studiestoday.com

ਇਸ ਵਾਰ ਦੀਆਂ 98 ਪਉੜੀਆਂ ਹਨ। ਪਉੜੀਆਂ ਦੀਆਂ ਤੁਕਾਂ ਦੀ ਗਿਣਤੀ 2 ਤੋਂ 21 ਤੱਕ ਹੈ। ਵਾਰਕਾਰ ਦੀ ਯੁੱਧ ਚਿਤਰਨ ਕਲਾ ਨਜ਼ਾਬਤ ਨਾਲ ਮਿਲਦੀ ਜੁਲਦੀ ਹੈ–

ਲੱਗੀ ਸੱਟ ਨਗਾਰਿਆਂ ਪਏ ਮਾਰੂ ਵੱਜਣ।
ਤੋਪਾਂ ਹੋਰ ਜੰਬੂਰਚੇ ਜਿਉਂ ਬੱਦਲ ਗੱਜਣ।
ਘੋੜੇ ਕਰਨ ਸ਼ਿਤਾਬੀਆਂ ਉਠ ਕਟਕੋਂ ਭੱਜਣ।
ਤੇਗ਼ਾਂ ਬਹੁਤ ਪਿਆਸੀਆਂ ਨਾ ਰਤੋਂ ਰੱਜਣ।
ਸੁਲਹ ਕਰੇਂਦੇ ਮੌਤ ਦੀ ਨਾ ਮਿਲਦੇ ਸੱਜਣ।
ਪਰ ਦੁਸ਼ਮਣ ਦੁਸ਼ਮਣ ਵੇਖ ਕੇ ਨਾ ਪਰਦੇ ਕੱਜਣ।

ਵਾਰ ਦਾ ਉਦੇਸ਼ ਉਤਸ਼ਾਹ ਤੇ ਬੀਰ ਰਸ ਨੂੰ ਪੈਦਾ ਕਰਨਾ ਹੁੰਦਾ ਹੈ। ਜੋ ਨਾਇਕ ਦੀ ਮਹਾਨਤਾ, ਪ੍ਰਸੰਸਾ ਤੇ ਜਿੱਤ ਨਾਲ ਪੈਦਾ ਹੁੰਦਾ ਹੈ। ਪਰੰਤੂ ਇਹ ਵਾਰ ਆਪਣੇ ਨਾਇਕ (ਮਹਾਂ ਸਿੰਘ) ਨੂੰ ਹੀ ਜਦੋਂ ਧੋਖੇਬਾਜ ਸਿੱਧ ਕਰਦੀ ਹੈ ਤਾਂ ਉਹ ਵਾਰ ਦੇ ਮੂਲ ਮਨੋਰਥ ਤੋਂ ਭਟਕ ਜਾਂਦੀ ਹੈ। ਇਸੇ ਕਾਰਨ ਇਹ ਵਾਰ ਪੰਜਾਬੀ ਵਾਰ ਕਾਵਿ ਦੇ ਇਤਿਹਾਸ ਵਿੱਚ ਸ਼੍ਰੇਸ਼ਟ ਦਰਜੇ ਤੋਂ ਸੱਖਣੀ ਹੈ।

**(ਘ) ਕਵੀ ਸਿਧਾ ਜੀਉਣਾ ਦੀ ਚੌਧਰੀਆਂ ਦੀ ਵਾਰ–**

ਇਹ ਵਾਰ ਆਪਣੀ ਇੱਕ ਅੰਦਰਲੀ ਗਵਾਹੀ ਦੇ ਆਧਾਰ 'ਤੇ ਸਿਧਾ ਜੀਉਣ ਨਾਂ ਦੇ ਕਵੀ ਦੀ ਰਚਨਾ ਸਿੱਧ ਹੁੰਦੀ ਹੈ–

'ਬਾਬੇ ਸਿਧ ਜੀਉਣ ਨੇ ਗਾਵਿਆ ਪੀਰ ਕਾਲੇ ਮਹਿਰ ਨੂੰ ਪਿਆਰਾ।'

ਇਸ ਕਵੀ ਦੀ ਇੱਕੋ ਇੱਕ ਇਹੀ ਰਚਨਾ ਮਿਲਦੀ ਹੈ। ਇਹ ਰਚਨਾ 18ਵੀਂ ਸਦੀ ਦੇ ਅੰਤ ਦੀ ਰਚਨਾ ਮੰਨੀ ਜਾਂਦੀ ਹੈ। ਇਸ ਵਾਰ ਨੂੰ ਸ. ਕਰਮ ਸਿੰਘ ਹਿਸਟੋਰੀਅਨ ਨੇ ਸਭ ਤੋਂ ਪਹਿਲਾਂ ਕਿਸੇ ਮਰਾਸੀ ਕੋਲੋਂ ਸੁਣ ਕੇ ਲਿਖ਼ਤੀ ਰੂਪ ਪ੍ਰਦਾਨ ਕੀਤਾ। ਵਾਰ ਪਰੰਪਰਾ ਅਨੁਸਾਰ ਇਹ ਵਾਰ 'ਮੰਗਲਾਚਰਨ' ਤੋਂ ਸ਼ੁਰੂ ਹੁੰਦੀ ਹੈ:–

ਸਚੇ ਸਾਹਿਬ ਰਬ ਕਰੀਮਾਂ, ਸਾਹਿਬ ਧੁੰਦੂਕਾਰਾ।
ਨਗਰਕੋਟ ਦੀ ਦੁਰਗਾ ਤੁਠੀ, ਅਛਰ ਦੇਂਦੀ ਸਾਰਾ।
ਤੁੱਠਾ ਸਰਵਰ ਢੋਡਾ ਮੀਆਂ ਰਾਣਾ, ਪਾਕ ਸੱਯਦ ਦਾਤਾਰਾ।
ਤੁੱਠਾ ਲਹਿਰ ਖ਼ਵਾਜਾ ਦਰਯਾਵੀ, ਖੁਆਜਾ ਨਦੀਆਂ ਵਾਲਾ।
ਪੀਰ ਪੁਰਖ ਦਰਗਾਹੋਂ ਤੁੱਠੇ, ਬੰਦਾ ਨਾਲ ਵੰਚਾਰਾ।

ਇਸ ਵਾਰ ਦੇ ਕੁੱਲ ਨੌਂ ਬੰਦ ਹਨ। ਇਹ ਵਾਰ ਪੰਜਾਬ ਦੀਆਂ ਜੱਟ ਜਾਤੀਆਂ ਦੀ ਪ੍ਰਸੰਸਾ ਕਰਦੀ ਹੈ। ਮਾਲਵੇ, ਮਾਝੇ ਅਤੇ ਬਾਰ ਦੇ ਇਲਾਕੇ ਦੇ ਜੱਟਾਂ ਅਤੇ ਰਾਠਾਂ ਦਾ ਇਸ ਵਿੱਚ ਜ਼ਿਕਰ ਹੈ। ਇਹ ਵਾਰ 'ਚੱਠਿਆਂ ਦੀ ਵਾਰ' ਤੋਂ ਪ੍ਰਭਾਵਿਤ ਹੋ ਕੇ ਰਚੀ ਜਾਣ ਦਾ ਅਨੁਮਾਨ ਹੈ। ਇਸ ਵਿੱਚ ਪੂਰੀ ਜਾਤੀ ਨੂੰ ਨਾਇਕ ਵਜੋਂ ਪੇਸ਼ ਕੀਤਾ ਗਿਆ ਹੈ। ਇਹ ਵਾਰ ਬੜੀ ਸਰਲ ਤੇ ਰਵਾਨੀ ਭਰਪੂਰ ਹੈ। ਇਸ ਵਿੱਚ ਕਥਾ ਪ੍ਰਸੰਗ ਦੀ ਥਾਂ ਸਿਰਫ਼ ਜੱਟ ਜਾਤੀ ਦੀ ਪ੍ਰਸੰਸਾ ਦਾ ਹੀ ਵਰਣਨ ਹੈ। ਜਿਸ ਕਾਰਣ ਵਾਰ ਦੇ ਵਾਤਾਵਰਨ ਦੀ ਉਸਾਰੀ ਨਹੀਂ ਹੋ ਸਕੀ।

**(ਙ) ਕਵੀ ਅਗਰਾ ਰਚਿਤ ਵਾਰ ਹਕੀਕਤ ਰਾਇ–**

ਵਾਰ ਵਿੱਚ ਮੌਜੂਦ ਹਵਾਲਿਆਂ ਤੋਂ ਇਹ ਵਾਰ ਕਵੀ ਅਗਰਾ ਜਾਂ ਅਗਰ ਸਿੰਘ ਦੀ ਰਚਨਾ ਸਿੱਧ ਹੁੰਦੀ ਹੈ:–



Downloaded from https:// www.studiestoday.com

Downloaded from https:// www.studiestoday.com

'ਅਗਰ ਸਿੰਘ ਜੀ ਦੁਆਰੇ ਠਾਢੇ ਜੋ ਸੇਵੇ ਸੋ ਪਾਈ।'

ਮੌਲਾ ਬਖ਼ਸ਼ ਕੁਸ਼ਤਾ ਨੇ ਆਪਣੀ ਪੁਸਤਕ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਵਿੱਚ ਕਵੀ ਅਗਰਾ ਨੂੰ ਜਾਤ ਦਾ ਸੇਠੀ ਅਤੇ ਲਾਹੌਰ ਦਾ ਰਹਿਣ ਵਾਲਾ ਦੱਸਿਆ ਹੈ। ਅਗਰੇ ਦੇ ਆਪਣੇ ਕਥਨ ਮੁਤਾਬਿਕ ਇਹ ਵਾਰ ਉਸਨੇ 1784 ਈ. (1841 ਬਿਕਰਮੀ ਸੰਮਤ) ਵਿੱਚ ਲਿਖੀ ਪਰ ਵੀਰ ਹਕੀਕਤ ਰਾਇ ਨਾਲ ਸੰਬੰਧਿਤ ਇਹ ਘਟਨਾ 1734 ਈ. (1791 ਬਿਕਰਮੀ ਸੰਮਤ) ਵਿੱਚ ਵਾਪਰੀ ਸੀ। ਅਗਰੇ ਨੇ ਇਸ ਵਾਰ ਦੀ ਅੱਖੀ ਦੇਖੀ ਘਟਨਾ ਨੂੰ 50 ਵਰ੍ਹੇ ਬਾਅਦ ਵਿੱਚ ਲਿਖਿਆ।

ਇਸ ਵਾਰ ਵਿੱਚ ਵੀਰ ਹਕੀਕਤ ਰਾਇ ਦੀ ਸ਼ਹਾਦਤ ਨੂੰ ਬੜੇ ਪ੍ਰਭਾਵਪੂਰਨ ਤਰੀਕੇ ਨਾਲ ਚਿਤਰਿਆ ਗਿਆ ਹੈ। ਹਕੀਕਤ ਰਾਇ ਸਿਆਲਕੋਟ ਨਿਵਾਸੀ ਬਾਗਮਲਪੁਰੀ ਦਾ ਪੁੱਤਰ ਸੀ ਤੇ ਇਸ ਦੀ ਸ਼ਾਦੀ ਬਟਾਲੇ ਦੇ ਕਿਸ਼ਨ ਚੰਦ ਦੀ ਸਪੁੱਤਰੀ ਨਾਲ ਬਾਲ ਅਵਸਥਾ ਵਿੱਚ ਹੀ ਤੈਅ ਹੋ ਗਈ ਸੀ। ਬਾਰਾਂ ਸਾਲਾਂ ਦੀ ਉਮਰ ਵਿੱਚ ਇਸਨੂੰ ਮਸੀਤ ਵਿੱਚ ਪੜ੍ਹਨ ਲਈ ਭੇਜਿਆ ਗਿਆ, ਜਿੱਥੇ ਮੁਸਲਮਾਨ ਵਿਦਿਆਰਥੀਆਂ ਵੱਲੋਂ ਦੇਵੀ ਪ੍ਰਤਿ ਅਯੋਗ ਸ਼ਬਦ ਸੁਣ ਕੇ ਇਸਨੇ ਉਸਦਾ ਵਿਰੋਧ ਕੀਤਾ। ਇਸ ਤੇ ਮੌਲਵੀਆਂ ਨੇ ਉਸ ਨੂੰ ਮੁਸਲਮਾਨ ਬਣਨ ਲਈ ਕਿਹਾ। ਪਰੰਤੂ ਇਸਦੇ ਨਾ ਮੰਨਣ 'ਤੇ ਲਾਹੌਰ ਦੇ ਉਸ ਸਮੇਂ ਦੇ ਸ਼ਾਸਕ ਜ਼ਕਰੀਆਂ ਖ਼ਾਨ ਦੇ ਹੁਕਮ ਨਾਲ ਇਸਨੂੰ ਲਾਹੌਰ ਕੋਲ 1734 ਈ. ਵਿੱਚ ਸ਼ਹੀਦ ਕਰ ਦਿੱਤਾ। ਇਸ ਘਟਨਾ ਦਾ ਲਾਹੌਰ ਵਿੱਚ ਹਿੰਦੂਆਂ ਦੇ ਨਾਲ-ਨਾਲ ਮੁਸਲਮਾਨਾਂ ਨੇ ਵੀ ਸੋਗ ਮਨਾਇਆ। ਇਸ ਘਟਨਾ ਨੂੰ ਵਾਰ ਦੀ ਕਥਾ ਵਿੱਚ ਬਿਆਨਿਆ ਗਿਆ ਹੈ।

ਇਸ ਵਾਰ ਦੇ ਕੁੱਲ 212 ਬੰਦ ਹਨ। ਇਹ ਰਚਨਾ ਵਾਰ ਦੇ ਨਾਲ-ਨਾਲ ਕਿੱਸੇ ਦੇ ਗੁਣਾਂ ਨਾਲ ਵੀ ਸਰਾਬੋਰ ਹੈ। ਵਾਰ ਦੇ ਆਰੰਭ ਵਿੱਚ ਦੋਹਰਾ ਤੇ ਛੰਦ ਹੈ ਤੇ ਤੀਜੇ ਬੰਦ ਤੋਂ ਪਉੜੀਆਂ ਸ਼ੁਰੂ ਹੁੰਦੀਆਂ ਹਨ। ਵਾਰਕਾਰ ਨੇ ਦੇਵੀ ਤੇ ਮਹਾਂਦੇਵ ਪ੍ਰਤੀ ਸ਼ਰਧਾ ਅਰਪਨ ਕਰਨ ਤੋਂ ਬਿਨਾਂ ਗੁਰੂ ਨਾਨਕ ਦੇਵ ਜੀ ਤੇ ਉਸਦੀ ਚਲਾਈ ਧਾਰਮਿਕ ਪਰੰਪਰਾ ਪ੍ਰਤੀ ਵੀ ਸ਼ਰਧਾ ਦੇ ਫੁੱਲ ਪੇਸ਼ ਕੀਤੇ ਹਨ-

ਗੁਰੂ ਨਾਨਕ ਅਉਤਾਰ ਧਾਰਿ ਕੇ, ਕਲਿਜੁਗ ਅੰਦਰ ਆਇਆ।
ਵਿੱਚ ਦਸ ਅਉਤਾਰ ਜੋਤਿ ਧਾਰਿ ਕੇ, ਆਪਸ ਮਾਹਿ ਸਮਾਇਆ।
ਗ੍ਰੰਥ ਪੋਥੀਆਂ ਬਾਣੀ ਕਰਿ ਕੇ, ਸਾਹਿਬ ਦਾ ਨਾਮ ਧਿਆਇਆ।
ਅਗਰਾ ਕਲਿਜੁਗ ਖਤ੍ਰੀਆਂ ਦਾ ਜੰਞੂ, ਗੁਰੂ ਤੇਗ਼ ਬਹਾਦਰ ਰਖਾਇਆ।

ਇਹ ਵਾਰ ਸਿਰਫ਼ ਬਿਰਤਾਂਤ ਪੇਸ਼ਕਾਰੀ ਕਰਦੀ ਹੈ, ਬੀਰ-ਰਸ ਕਿਤੇ ਵੀ ਨੀ। ਪਰੰਤੂ ਵਾਰ ਵਿੱਚ ਧਾਰਮਿਕ ਪਾਲਣਾ ਹਿੱਤ ਲਾਸਾਨੀ ਸ਼ਹਾਦਤ ਦੀ ਮਿਸਾਲ ਜ਼ਰੂਰ ਵਰਨਣਯੋਗ ਹੈ। ਇਸ ਵਾਰ ਵਿੱਚ ਕਰੁਣ-ਰਸ ਰਾਹੀਂ ਸ਼ਹਾਦਤ ਦਾ ਵਰਣਨ ਹੈ। ਵਾਰ ਕੇਂਦਰੀ ਪੰਜਾਬੀ ਦੇ ਮੁਹਾਵਰੇ ਵਾਲੀ ਹੈ। ਵਾਰਕਾਰ ਦੀ ਸ਼ਬਦ-ਚੋਣ ਢੁਕਵੀਂ 'ਤੇ ਸੋਗ ਭਰਪੂਰ ਹੈ।

**(ਚ) ਕਵੀ ਜਵਾਹਰ ਸਿੰਘ ਰਚਿਤ ਵਾਰ ਸ੍ਰੀ ਰਾਮ ਚੰਦਰ ਜੀ ਕੀ-**

ਵਾਰ ਵਿੱਚ ਪ੍ਰਾਪਤ ਹਵਾਲਿਆਂ ਮੁਤਾਬਕ ਇਸ ਵਾਰ ਦੀ ਰਚਨਾ ਕਵੀ ਜਵਾਹਰ ਸਿੰਘ ਨੇ 1797 ਈ. (1854 ਬਿਕਰਮੀ) ਨੂੰ ਗੁਜਰਾਤ (ਪਾਕਿਸਤਾਨ) ਵਿੱਚ ਕੀਤੀ। ਕਵੀ ਪਿਸ਼ਾਵਰ (ਪਾਕਿਸਤਾਨ) ਦਾ ਰਹਿਣ ਵਾਲਾ ਸੀ-

ਮਨ ਚਿਤ ਲਾ ਜਵਾਹਰ ਸਿੰਘ, ਜਿਸ ਵਾਰੁ ਬਣਾਈ।
ਪ੍ਰਭੂ ਦੀਨ ਦਇਆਲ ਨੂੰ, ਹਰਿ ਜਨ ਸਰਨਾਈ।
ਰਾਮਾਇਣ ਪੂਰਾ ਕੀਤਿਆਂ, ਮਨ ਹੋਈ ਰੁਸ਼ਨਾਈ।
ਸੰਮਤ ਅਠਾਰਾਂ ਸੌ ਚੌਰੰਝਵੇਂ ਕਰਤੇ ਵਾਰ ਲਿਖਾਈ।
ਮਘਰ ਤੇਰ੍ਹਵੇਂ ਦੁਪਹਿਰ ਨੂੰ ਧਰਮ ਸੁਧ ਹੋਈ।
ਪਿਸ਼ੌਰ ਅਸੀਏ ਗੁਜਰਾਤ ਵਿੱਚ ਦੁਭਤਾ ਸਭ ਖੋਈ।



Downloaded from https:// www.studiestoday.com

Downloaded from https:// www.studiestoday.com

ਕਵੀ ਨੇ ਤੁਲਸੀ ਰਾਮਾਇਣ ਤੇ ਬਾਲਮੀਕਿ ਰਾਮਾਇਣ ਨੂੰ ਆਧਾਰ ਬਣਾ ਕੇ ਸਾਰੀ ਰਾਮ-ਕਥਾ ਦਾ ਵਰਣਨ ਇਸ ਵਾਰ ਵਿੱਚ ਕੀਤਾ ਹੈ। ਵਾਰ ਵਿੱਚ ਯੁੱਧ-ਵਰਣਨ ਕਵੀ ਨੇ ਕਾਵਿ-ਨਿਆਇ ਅਨੁਸਾਰ ਚਿਤਰਿਆ ਹੈ। ਇਸ ਵਿੱਚ ਕਵੀ ਨੇ 'ਪਉੜੀ ਛੰਦ' ਦੇ ਨਿਸ਼ਾਨੀ ਤੇ ਸਿਰਖੰਡੀ ਦੋਹਾਂ ਰੂਪਾਂ ਨੂੰ ਵਰਤਿਆ ਹੈ। ਉਪਮਾ ਅਤੇ ਦ੍ਰਿਸ਼ਟਾਂਤ ਅਲੰਕਾਰਾਂ ਦੇ ਨਮੂਨੇ ਵੇਖਣਯੋਗ ਹਨ:-

- ਬਿਜਲੀ ਵਾਂਗੂ ਤਰੁਟਣ, ਘੜਨ ਕੜਕੜਾਇ।
- ਡਾਰ ਵਿਛੁੰਨੀ ਕੂੰਜ ਜਿਉਂ ਸੀਤਾ ਕੁਰਾਲਾਵੈ।
- ਰਥ ਤਲੀ ਤੇ ਚਲਿਆ, ਕਰ ਆਪਣ ਵਾਲੀ।<br>ਜਿਉਂ ਧਨ ਚਲੀ ਦੇਹੁਰੇ, ਲੈ ਪੂਜਣ ਥਾਲੀ।

ਵਾਰ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ, ਜਿਸ ਉੱਤੇ ਲਹਿੰਦੀ ਦਾ ਪ੍ਰਭਾਵ ਹੈ। ਅਰਬੀ-ਫ਼ਾਰਸੀ ਦੇ ਨਾਲ-ਨਾਲ ਆਮ ਬੋਲਚਾਲ ਦੇ ਸ਼ਬਦਾਂ ਦੀ ਵਰਤੋਂ ਵੀ ਹੋਈ ਹੈ।

**(ਛ) ਕਵੀ ਕੇਸ਼ਵ ਦਾਸ ਰਚਿਤ ਵਾਰ ਰਾਜਾ ਅਮਰ ਸਿੰਘ ਕੀ–**

ਇਹ ਵਾਰ ਰਾਜਾ ਅਮਰ ਸਿੰਘ ਦੇ ਭੱਟੀ ਮੁਸਲਮਾਨ ਰਾਜਪੂਤਾਂ ਨਾਲ ਹੋਏ ਯੁੱਧ ਦਾ ਵਾਰ ਸ਼ੈਲੀ ਵਿੱਚ ਵਰਣਨ ਕਰਦੀ ਹੈ। ਇਸ ਦੇ ਕੁੱਲ 52 ਬੰਦ ਹਨ, ਜਿਸ ਵਿੱਚ ਸੋਰਠਾ, ਦੋਹਰਾ, ਕਬਿੱਤ ਆਦਿ ਕਈ ਛੰਦਾਂ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ, ਪਰ ਪਉੜੀ ਛੰਦ ਕਿਤੇ ਵੀ ਨਹੀਂ ਵਰਤਿਆ। ਇਸ ਵਾਰ ਦੀ ਬੋਲੀ ਬ੍ਰਜ ਭਾਸ਼ਾ ਹੋਣ ਕਰਕੇ ਪੰਜਾਬੀ ਵਾਰਾਂ ਵਿੱਚ ਇਸਨੂੰ ਬਹੁਤਾ ਗੌਲਿਆ ਨਹੀਂ ਗਿਆ।

ਇਹ ਵਾਰਾਂ ਇਸ ਕਾਲ ਦੇ ਬੀਰ ਰਸੀ ਸਾਹਿਤ ਵਿੱਚ ਪ੍ਰਮੁੱਖ ਸਥਾਨ ਰੱਖਦੀਆਂ ਹਨ। ਜੋ ਵਾਰ-ਕਾਵਿ ਨੂੰ ਵਿਸ਼ੇ ਤੇ ਰੂਪ ਪੱਖੋਂ ਨਵੀਆਂ ਵੰਨਗੀਆਂ ਪ੍ਰਦਾਨ ਕਰਦੀਆਂ ਹਨ। ਇਸ ਕਾਲ ਵਿੱਚ 'ਵਾਰ ਨਾਦਰਸ਼ਾਹ' ਪੰਜਾਬੀ ਵਾਰ ਕਾਵਿ ਦੀ ਉੱਤਮ ਮਿਸਾਲ ਮੰਨੀ ਜਾਂਦੀ ਹੈ।

**(2) ਜੰਗਨਾਮਾ–**

ਜੰਗਨਾਮਾ ਯੁੱਧ ਦੇ ਬਿਰਤਾਂਤ ਨਾਲ ਸੰਬੰਧਿਤ ਦੂਜਾ ਪ੍ਰਮੁੱਖ ਕਾਵਿ ਰੂਪ ਹੈ। ਇਹ ਫ਼ਾਰਸੀ ਦੇ ਮਸਨਵੀ ਕਾਵਿ-ਰੂਪ ਦੇ ਰਜ਼ਮੀਆਂ ਰੂਪ ਤੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਦੇ ਜ਼ਿਆਦਾਤਰ ਜੰਗਨਾਮੇ ਇਮਾਮ ਹਸਨ ਤੇ ਹੁਸੈਨ ਦੇ 'ਕਰਬਲਾ ਦੀ ਜੰਗ' ਵਿੱਚ ਸ਼ਹਾਦਤ ਨੂੰ ਲੈ ਕੇ ਸਿਰਜੇ ਗਏ ਹਨ। ਇਹ ਇਸਲਾਮੀ ਧਰਮ ਤੇ ਫ਼ਾਰਸੀ ਪ੍ਰਧਾਨ ਕਾਵਿ ਰੂਪ ਹੈ। ਇਸ ਵਿੱਚ ਬੀਰ-ਰਸ ਦੀ ਥਾਂ ਕਰੁਣਾ ਰਸ ਦੀ ਪ੍ਰਧਾਨਤਾ ਹੈ। ਜਿਸ ਕਾਰਨ ਇਹ ਜੰਗਨਾਮੇ ਪੰਜਾਬੀ ਜਨਮਾਨਸ ਵਿੱਚ ਵਾਰ ਜਿੰਨੇ ਹਰਮਨ ਪਿਆਰੇ ਨਹੀਂ ਹੋ ਸਕੇ। ਪੰਜਾਬੀ ਵਿੱਚ ਜੰਗਨਾਮਾ ਲਿਖਣ ਦਾ ਰਿਵਾਜ਼ ਸਤਾਰਵੀਂ ਸਦੀ ਵਿੱਚ ਪੀਰ ਮੁਹੰਮਦ ਕਾਸਬੀ ਦੇ 'ਜੰਗਨਾਮਾ ਇਮਾਮ ਹੁਸੈਨ' ਤੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ। ਇਸੇ ਕਾਲ ਵਿੱਚ ਹਾਫ਼ਿਜ ਬਰਖ਼ੁਰਦਾਰ ਰਾਂਝਾ ਦਾ ਵੀ 'ਜੰਗਨਾਮਾ ਇਮਾਮ ਹੁਸੈਨ' ਪ੍ਰਾਪਤ ਹੁੰਦਾ ਹੈ। ਇਹ ਦੋਵੇਂ ਜੰਗਨਾਮੇ ਬਹੁਤੀ ਪ੍ਰਸਿੱਧੀ ਪ੍ਰਾਪਤ ਨਹੀਂ ਕਰ ਸਕੇ। 18ਵੀਂ ਸਦੀ ਵਿੱਚ ਰਚਿਤ ਜੰਗਨਾਮਿਆਂ ਦਾ ਵੇਰਵਾ ਇਸ ਤਰ੍ਹਾਂ ਹੈ:-

**(ੳ) ਮੁਕਬਲ ਰਚਿਤ ਜੰਗਨਾਮਾ ਇਮਾਮ ਹੁਸੈਨ–**

ਹੀਰ ਦੇ ਪ੍ਰਸਿੱਧ ਕਿੱਸਾਕਾਰ ਮੁਕਬਲ ਨੇ 18ਵੀਂ ਸਦੀ ਵਿੱਚ ਜੰਗਨਾਮਾ ਲਿਖ਼ਣ ਦੀ ਪਹਿਲ ਕਦਮੀ ਕੀਤੀ। ਉਸਦਾ ਜੰਗਨਾਮਾ ਉਸਦੇ ਕਿੱਸੇ ਜਿੰਨੀ ਮਕਬੂਲਤਾ ਹਾਸਿਲ ਨਹੀਂ ਕਰ ਸਕਿਆ। ਉਸਨੇ 1159-60 ਈ. ਵਿੱਚ ਇਹ ਜੰਗਨਾਮਾ ਲਿਖਿਆ। ਇਸ ਵਿੱਚ ਕਵੀ ਨੇ 680 ਈ. ਵਿੱਚ ਹੋਈ 'ਕਰਬਲਾ ਦੀ ਜੰਗ' ਅਤੇ ਇਮਾਮ ਹੁਸੈਨ ਦੀ ਸ਼ਹਾਦਤ ਦਾ ਚਿਤਰਨ ਕੀਤਾ ਹੈ। ਇਸ ਘਟਨਾ ਤੋਂ ਬਾਅਦ ਵਿੱਚ ਵਾਪਰੀਆਂ ਘਟਨਾਵਾਂ ਨੂੰ ਵੀ ਜੰਗਨਾਮੇ ਦਾ ਵਿਸ਼ਾ ਬਣਾਇਆ ਗਿਆ ਹੈ। 'ਮਸਨਵੀ' ਕਾਵਿ-ਰੂਪ ਦੀ



Downloaded from https:// www.studiestoday.com

Downloaded from https:// www.studiestoday.com

ਪਰੰਪਰਾ ਵਿੱਚ ਲਿਖਿਆ ਇਹ ਜੰਗਨਾਮਾ ਦੋ-ਤੁਕੀਏ ਛੰਦ-ਪ੍ਰਬੰਧ ਵਿੱਚ ਨਿਭਾਇਆ ਗਿਆ ਹੈ। ਇਸ ਦਾ ਆਰੰਭ ਵੇਖਣ ਵਾਲਾ ਹੈ:-

ਲੱਖ ਲੱਖ ਸ਼ੁਕਰ ਖੁਦਾਇ ਨੂੰ, ਜ਼ੇਂਦਾ ਕੁਲ ਜਹਾਨ।
ਕਰਨ ਇਬਾਦਤ ਓਸ ਦੀ, ਹਿੰਦੂ ਮੁਸਲਮਾਨ।
ਖਾਲੀ ਸਿਤ ਜਿਹਾਤ ਥੀਂ, ਜਿੰਦੋਂ ਜਿਨਸੋਂ ਪਾਕ।
ਅੱਲ੍ਹਾ ਪਾਕੀ ਪਾਕ ਹੈ, ਬੰਦਾ ਖ਼ਾਕੀ ਖ਼ਾਕ।

ਇਸ ਜੰਗਨਾਮੇ ਦਾ ਸਾਰਾ ਬਿਰਤਾਂਤ ਰੌਚਕਤਾ ਭਰਪੂਰ ਹੈ ਤੇ ਬਿਰਤਾਂਤ ਨੂੰ ਵੱਖ-ਵੱਖ ਸਿਰਲੇਖਾਂ ਵਿੱਚ ਵੰਡਿਆ ਗਿਆ ਹੈ। ਇਸ ਜੰਗਨਾਮੇ ਦਾ ਸਭ ਤੋਂ ਪ੍ਰਭਾਵੀ ਭਾਗ ਇਮਾਮ ਹੁਸੈਨ ਦੀ ਸ਼ਹੀਦੀ ਵਾਲਾ ਹੈ। ਇੱਥੇ ਹਿਰਦੇ ਵੇਦਕ ਕਰੁਣਾਮਈ ਵਾਤਾਵਰਨ ਉਸਾਰਿਆ ਗਿਆ ਹੈ। ਇਸ ਦੀ ਬੋਲੀ ਠੇਠ ਪੰਜਾਬੀ ਹੈ ਤੇ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਵੀ ਭਰਪੂਰ ਪ੍ਰਯੋਗ ਕੀਤਾ ਗਿਆ ਹੈ। ਜੰਗਨਾਮੇ ਦੀਆਂ ਅਨੇਕ ਪੰਗਤੀਆਂ ਅੱਟਲ ਸੱਚਾਈਆਂ ਦਾ ਰੂਪ ਧਾਰਦੀਆਂ ਹਨ।

**(ਅ) ਹਾਮਦ ਰਚਿਤ ਜੰਗਨਾਮਾ ਇਮਾਮ ਹੁਸੈਨ-**

ਕਿੱਸਾਕਾਰ ਹਾਮਦ ਨੂੰ ਆਪਣੇ ਕਿੱਸੇ ਤੋਂ ਵੱਧ ਪ੍ਰਸਿੱਧੀ 'ਜੰਗਨਾਮਾ ਇਮਾਮ ਹੁਸੈਨ' ਵਿੱਚ ਮਿਲੀ ਹੈ। ਹਾਮਦ ਸ਼ਾਹ ਨੇ ਇਹ ਜੰਗਨਾਮਾ 1181 ਹਿਜ਼ਰੀ ਤੋਂ 1191 ਹਿਜ਼ਰੀ (1769-1779 ਈ.) ਦਰਮਿਆਨ 10 ਵਰ੍ਹਿਆਂ ਵਿੱਚ ਪੂਰਾ ਕੀਤਾ:-

ਹਿਜ਼ਰਤ ਬਾਦ ਰਸੂਲ ਦੇ ਜਿਸ ਦਿਲ ਥੀਆਂ ਤਯਾਰ।
ਆਹਾ ਸੰਨ ਇਕਾਨਵੇਂ ਇੱਕ ਸੋ ਇੱਕ ਹਜ਼ਾਰ।

ਇਹ ਜੰਗਨਾਮਾ ਉਸਨੇ ਸੁਪਾਤਰ ਮਹਾਂਪੁਰਸ਼ ਵਜੋਂ ਦੀਦਾਰੀ ਸਿੰਘ ਦੇ ਦਰਬਾਰੀ ਵਜ਼ੀਰ ਅੱਲ੍ਹਾ ਬਖ਼ਸ਼ ਮਿਨਹਾਸ ਨੂੰ ਸਮਰਪਿਤ ਕੀਤਾ ਹੈ। ਇਸ ਵਿੱਚ ਇਮਾਮ ਹਸਨ ਅਤੇ ਹੁਸੈਨ ਦੋਹਾਂ ਦੀ ਸ਼ਹਾਦਤ ਦਾ ਬੜਾ ਕਰੁਣਾਮਈ ਚਿਤਰਨ ਕੀਤਾ ਗਿਆ ਹੈ:-

ਪਹਿਲੋਂ ਮੈਂ ਹੁਸੈਨ ਦੀ ਕਹੀ ਸ਼ਹਾਦਤ ਜਾਣ।
ਕਿੱਸਾ ਮੂਲ ਨਾ ਆਖਿਆ ਆਹਾ ਵਿੱਚ ਪਛਾਣ।
ਮੈਂ ਵਿੱਚ ਡਿੱਠਾ ਖੁਆਬ ਦੇ ਹਜ਼ਰਤ ਹਸਨ ਹੁਸੈਨ।
ਜ਼ਿਗਰ ਰਸੂਲ ਅਲ੍ਹਾ ਦੇ ਸ਼ਰ ਅੰਦਰ ਸਕਲੈਨ।
ਦੋਹਾਂ ਨੇ ਫੁਰਮਾਇਆ ਆਜ਼ਿਜ਼ ਤਾਈਂ ਜਾਣ।
ਹਾਲਤ ਸਾਡੀ ਜੋ ਹੋਈ ਕਰ ਹੁਣ ਕੁਲ ਅਯਾਂ।
ਕਰਿਆ ਸ਼ਾਹ ਹੁਸੈਨ ਨੇ ਮੈਂ ਹੋਇਆ ਮਜ਼ਲੂਮ।
ਐਪਰ ਮੇਰੇ ਵੀਰ ਦਾ ਕਿੱਸਾ ਕਰੋ ਮਾਲੂਮ।

ਇਹ ਜੰਗਨਾਮਾ ਮੁੱਢਲੀ ਰਚਨਾ ਹੋਣ ਕਾਰਣ ਯੁੱਧ ਵਰਣਨ ਵਿੱਚ ਵੀਰਤਾ ਦੀ ਥਾਂ ਕਰੁਣਾਮਈ ਵਾਤਾਵਰਨ ਸਿਰਜਿਆ ਗਿਆ ਹੈ। ਉਸਦੇ ਜੰਗਨਾਮੇ ਬਾਰੇ ਲਿਖਦਾ ਹੋਇਆ 'ਮੁਹੰਮਦ ਬਖ਼ਸ਼' ਆਖਦਾ ਹੈ:-

ਹਾਮਿਦ, ਜਿਸ ਇਮਾਮ ਸਾਹਿਬ ਦਾ, ਵੱਡਾ ਜੰਗ ਬਣਾਇਆ।
ਹਿਕ-ਹਿਕ ਸੁਖਨ ਉਹਦੇ ਦਾ, ਮੁੱਲ ਨਾ ਜਾਂਦਾ ਪਾਇਆ।



Downloaded from https:// www.studiestoday.com

Downloaded from https:// www.studiestoday.com

**(ੲ) ਮੌਲਵੀ ਰੁਕਨਦੀਨ ਦਾ ਜੰਗਨਾਮਾ ਇਮਾਮ ਹੁਸੈਨ–**

ਇਸ ਕਾਲ ਦਾ ਇੱਕ ਹੋਰ ਜੰਗਨਾਮਾ 'ਇਮਾਮ ਹੁਸੈਨ' ਦੀ ਸ਼ਹਾਦਤ ਨੂੰ ਸ਼ਰਧਾ ਭਰਪੂਰ ਸ਼ੈਲੀ ਵਿੱਚ ਵਰਣਨ ਕਰਦਾ ਹੈ। ਇਸ ਜੰਗਨਾਮਾ ਨੂੰ 'ਰੋਜ਼ਾ ਤੁਲਸ਼ੁਹਦਾ' ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਕਵੀ ਲਾਹੌਰ ਦਾ ਵਸਨੀਕ ਸੀ। ਇਸ ਲਈ ਭਾਸ਼ਾ ਕੇਂਦਰੀ ਤੇ ਠੇਠ ਪੰਜਾਬੀ ਹੈ। 'ਮਸਨਵੀ' ਕਾਵਿ-ਰੂਪ ਵਿੱਚ ਰਚਿਤ ਜੰਗਨਾਮੇ ਵਿੱਚ ਕਰੁਣ-ਰਸ ਦੀ ਵਰਤੋਂ ਵਧੇਰੇ ਹੋਈ ਹੈ:-

ਸਨ ਹਥਿਆਰਾਂ ਕੜ ਕੜ ਕਰਦਾ ਵਿੱਚ ਮੈਦਾਨੇ ਆਇਆ।<br>
ਸਜੇ ਖਬੇ ਕਰ ਲਕਾਰਾਂ ਘੋੜਾ ਓਸ ਹਿਲਾਇਆ।<br>
ਜ਼ਹੀਰ ਹਸਾਨ ਆਹਿਆ ਉਸ ਵੇਲੇ ਪਾਸ ਇਮਾਮ ਖ਼ਲੋਤਾ।<br>
ਰੂਹ ਉਸ ਦਾ ਸੀ ਨਾਲ ਸ਼ਹਿਜ਼ਾਦੇ ਇਕਵਲੜੀ ਪਰੋਤਾ।

ਉਪਰੋਕਤ ਤਿੰਨਾਂ ਜੰਗਨਾਮਿਆਂ ਤੋਂ ਬਿਨਾਂ **ਡਾ. ਰਤਨ ਸਿੰਘ ਜੱਗੀ** ਆਪਣੀ ਪੁਸਤਕ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿੱਚ ਮੁਹੰਮਦ ਦੇ ਪੁੱਤਰ ਸੱਯਦ ਅਜ਼ੀਮ ਦੇ ਲਿਖੇ ਇੱਕ ਜੰਗਨਾਮੇ ਦਾ ਵੀ ਜ਼ਿਕਰ ਕਰਦੇ ਹਨ, ਜਿਸ ਵਿੱਚ ਹਜਰਤ ਅਲੀ ਸੰਬੰਧੀ ਬਿਰਤਾਂਤ ਦਰਜ ਹੈ।

ਸੋ ਅਠਾਰਵੀਂ ਸਦੀ ਵਿੱਚ ਬੀਰ ਕਾਵਿ ਧਾਰਾ ਅਧੀਨ ਰਚਿਤ ਵਾਰਾਂ ਤੇ ਜੰਗਨਾਮਿਆਂ ਵਿੱਚੋਂ 'ਵਾਰਾਂ' ਹੀ ਜ਼ਿਆਦਾ ਮਕਬੂਲ ਹੋਈਆਂ। 'ਜੰਗਨਾਮਾ ਸਾਹਿਤ' ਇਸਲਾਮੀ ਜੀਵਨ ਤੇ ਅਰਬੀ-ਫ਼ਾਰਸ਼ੀ ਸ਼ਬਦਾਵਲੀ ਕਾਰਨ ਤੇ ਪੰਜਾਬੀ ਸੁਭਾਅ ਦੇ ਪ੍ਰਤੀਕੂਲ ਕਰੁਣਾ ਰਸ ਵਿੱਚੋ ਰਚਿਤ ਹੋਣ ਕਾਰਨ ਜ਼ਿਆਦਾ ਗੌਲਿਆ ਨਹੀਂ ਗਿਆ। ਪਰੰਤੂ ਫਿਰ ਵੀ ਇਸ ਕਾਲ ਵਿੱਚ ਰਚਿਤ ਬੀਰ ਰਸੀ ਰਚਨਾਵਾਂ ਪੰਜਾਬੀ ਬੀਰ-ਕਾਵਿ ਨੂੰ ਵੰਨ-ਸੁਵੰਨਤਾ ਪ੍ਰਦਾਨ ਕਰਦੀਆਂ ਹਨ।

## 4. ਵਾਰਤਕ ਸਾਹਿਤ

ਇਸ ਕਾਲ ਵਿੱਚ ਦੂਜੀਆਂ ਸਾਹਿਤ ਧਾਰਾਵਾਂ ਦੇ ਨਾਲ-ਨਾਲ ਵਾਰਤਿਕ ਸਾਹਿਤ ਧਾਰਾ ਵੀ ਅੱਗੇ ਵੱਧਦੀ ਹੈ। ਇਸ ਧਾਰਾ ਅਧੀਨ ਰਚੇ ਗਏ ਸਾਹਿਤ ਦਾ ਵੇਰਵਾ ਇਸ ਤਰ੍ਹਾਂ ਹੈ:-

**(ੳ) ਜਨਮਸਾਖੀਆਂ–**

ਇਸ ਕਾਲ ਵਿੱਚ 'ਜਨਮਸਾਖੀ' ਵਾਰਤਕ ਰੂਪ ਦੇ ਅੰਤਰਗਤ ਇੱਕੋ ਇੱਕ ਪ੍ਰਮੁੱਖ ਰਚਨਾ **'ਭਾਈ ਮਨੀ ਸਿੰਘ ਵਾਲੀ ਜਨਮਸਾਖੀ'** ਪ੍ਰਾਪਤ ਹੁੰਦੀ ਹੈ। ਇਹ ਜਨਮਸਾਖੀ ਵੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਹੈ। ਇਸ ਨੂੰ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਕਥਾ ਵਾਰਤਾ ਦੇ ਭਾਈ ਮਨੀ ਸਿੰਘ ਦੁਆਰਾ ਕੀਤੇ ਗਏ ਟੀਕੇ ਨੂੰ ਸੁਣੇ ਸੁਣਾਏ ਰੂਪ ਵਿੱਚ 'ਭਾਈ ਸੂਰਤ ਸਿੰਘ ਚਨੀਓਟ' ਨੇ ਲਿਖ਼ਤੀ ਰੂਪ ਦਿੱਤਾ ਹੈ। **ਡਾ. ਤਰਲੋਚਨ ਸਿੰਘ ਬੇਦੀ** ਅਨੁਸਾਰ ਇਹ 18ਵੀਂ ਸਦੀ ਦੀ ਮਹੱਤਵਪੂਰਨ ਰਚਨਾ ਹੈ। ਭਾਈ ਗੁਰਦਾਸ ਦੀ ਪਹਿਲੀ ਵਾਰ 'ਗਿਆਨ ਰਤਨਾਵਲੀ' ਹੈ। ਇਸ ਲਈ ਇਸ ਜਨਮਸਾਖੀ ਨੂੰ ਵੀ 'ਗਿਆਨ ਰਤਨਾਵਲੀ' ਆਖਿਆ ਜਾਂਦਾ ਹੈ, ਜੋ ਭਾਈ ਮਨੀ ਸਿੰਘ ਦੇ ਨਾਂ ਉੱਤੇ ਪ੍ਰਸਿੱਧ ਹੈ। ਇਸ ਵਿੱਚ ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ ਪੇਸ਼ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਸੂਚਨਾਵਾਂ ਨੂੰ ਵਿਸਥਾਰ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਇਸ ਵਿੱਚ 225 ਦੇ ਕਰੀਬ ਪ੍ਰਸੰਗ ਜਾਂ ਸਾਖ਼ੀਆਂ ਹਨ, ਜਿਨ੍ਹਾਂ ਵਿੱਚ ਸੱਤ ਸਾਖ਼ੀਆਂ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਹੋਏ ਗੁਰੂਆਂ ਨਾਲ ਸੰਬੰਧਿਤ ਹੈ। ਇਹ ਸਾਖ਼ੀਆਂ ਭਾਈ ਬਾਲੇ ਵਾਲੀ ਜਨਮਸਾਖ਼ੀ ਉੱਪਰ ਅਧਾਰਿਤ ਹਨ।

ਇਸ ਜਨਮਸਾਖ਼ੀ ਤੋਂ ਬਿਨਾਂ ਇਸ ਕਾਲ ਵਿੱਚ ਕੋਈ ਹੋਰ ਮੌਲਿਕ ਸਾਖ਼ੀ ਨਹੀਂ ਰਚੀ ਹੋਈ ਮਿਲਦੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪੁਰਾਣੀਆਂ ਜਨਮ ਸਾਖ਼ੀਆਂ ਨੂੰ ਆਧਾਰ ਬਣਾ ਕੇ ਕੁਝ ਰਚਨਾਵਾਂ ਜਿਵੇਂ 'ਆਦਿ ਸਾਖ਼ੀਆਂ ਬਾਬੇ ਨਾਨਕ ਦੀਆਂ' (1758 ਬਿ.) 'ਪੁਰਾਤਨ ਜਨਮਸਾਖ਼ੀ' ਸ਼੍ਰੀ ਗੁਰੂ ਨਾਨਕ ਦੇਵ ਜੀ ਦੀ (1791 ਬਿ.) ਅਤੇ 'ਪ੍ਰਾਚੀਨ ਜਨਮਸਾਖ਼ੀ' ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਭਗਤ ਕਬੀਰ, ਰਵੀਦਾਸ, ਹਜ਼ਰਤ ਮੁਹੰਮਦ ਆਦਿ ਬਾਰੇ ਲਿਖੀਆਂ ਜਨਮ ਸਾਖੀਆਂ ਵੀ ਪ੍ਰਾਪਤ ਹੁੰਦੀਆ ਹਨ।



Downloaded from https:// www.studiestoday.com

Downloaded from https:// www.studiestoday.com

**(ਅ) ਸਾਖ਼ੀਆਂ ਅਤੇ ਪਰਚੀਆਂ–**

ਇਸ ਕਾਲ ਵਿੱਚ ਰਚੀਆਂ ਗਈਆਂ ਸਾਖ਼ੀਆਂ ਅਤੇ ਪਰਚੀਆਂ ਨਾਲ ਸੰਬੰਧਿਤ ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ:–

**1. ਸਿੱਖਾਂ ਦੀ ਭਗਤ-ਮਾਲਾ–**

ਇਸ ਨੂੰ 'ਭਗਤ ਰਤਨਾਵਲੀ' ਨਾਂ ਵੀ ਦਿੱਤਾ ਜਾਂਦਾ ਹੈ। ਇਹ ਭਾਈ ਗੁਰਦਾਸ ਦੀ ਗਿਆਰਵ੍ਹੀਂ ਵਾਰ ਉੱਪਰ ਅਧਾਰਿਤ ਰਚਨਾ ਹੈ। ਇਸਨੂੰ 18ਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਮੰਨਿਆ ਜਾਂਦਾ ਹੈ। ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਇਹ ਦੂਜੀ ਰਚਨਾ ਮੰਨੀ ਜਾਂਦੀ ਹੈ। ਪਰੰਤੂ ਰਚਨਾ ਦੀਆਂ ਅੰਦਰਲੀਆਂ ਗਵਾਹੀਆਂ ਦੇ ਆਧਾਰ 'ਤੇ ਇਹ ਭਾਈ ਮਨੀ ਸਿੰਘ ਦੀ ਰਚਨਾ ਸਿੱਧ ਨਹੀਂ ਹੁੰਦੀ, ਸਗੋਂ ਉਨ੍ਹਾਂ ਤੋਂ ਸੁਣੀਆਂ ਸਾਖ਼ੀਆਂ ਨੂੰ ਇੱਕਤਰ ਕਰਕੇ ਕਿਸੇ ਗੁਰਸਿੱਖ ਦੁਆਰਾ ਇਸਦੀ ਰਚਨਾ ਕੀਤੀ ਗਈ ਹੋਣ ਦਾ ਅੰਦਾਜ਼ਾ ਲਾਇਆ ਜਾਂਦਾ ਹੈ। ਇਸ ਵਿੱਚ ਪਹਿਲੇ ਗੁਰੂ ਸਾਹਿਬ ਤੋਂ ਲੈ ਕੇ ਛੇਵੇਂ ਗੁਰੂ ਸਾਹਿਬ ਤੱਕ ਦੇ 313 ਸਿੱਖਾਂ ਦਾ ਵੇਰਵਾ ਪ੍ਰਸਤੁਤ ਕੀਤਾ ਗਿਆ ਹੈ। ਜਿਸ ਵਿੱਚ ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ 209 ਸਿੱਖ ਸ਼ਾਮਿਲ ਹਨ। ਇਸ ਵਿੱਚ ਗੁਰਮਤਿ ਜੀਵਨ ਜਾਚ ਤੇ ਅਧਿਆਤਮ ਪੱਖ ਦੇ ਗੁਣਾਂ ਉੱਪਰ ਚਾਨਣਾ ਪਾਇਆ ਗਿਆ ਹੈ। ਇਸ ਰਚਨਾ ਦੀ ਭਾਸ਼ਾ 'ਗਿਆਨ ਰਤਨਾਵਲੀ' ਤੋਂ ਵੱਧ ਪੰਜਾਬੀ ਪ੍ਰਧਾਨ ਹੈ। ਇਸ ਵਿੱਚ ਸਾਖ਼ੀਆਂ ਨੂੰ ਤਰਤੀਬਵਾਰ ਇੱਕ ਲੜੀ ਵਿੱਚ ਪੇਸ਼ ਕਰਨ ਦੀ ਨਵੀਂ ਪਰੰਪਰਾ ਪੈਦਾ ਹੁੰਦੀ ਹੈ।

**2. ਪਰਚੀ ਭਾਈ ਘਨੱਈਆ ਜੀ–**

'ਪਰਚੀ' ਤੋਂ ਭਾਵ ਸਾਖ਼ੀ ਤੋਂ ਲਿਆ ਜਾਂਦਾ ਹੈ। ਇਹ ਸ਼ਬਦ ਇੱਕ ਸਾਖ਼ੀ ਜਾਂ ਅਨੇਕ ਸਾਖ਼ੀਆਂ ਦੇ ਸੰਗ੍ਰਹਿ ਲਈ ਵਰਤਿਆ ਜਾਂਦਾ ਹੈ। ਇਹ ਪਰਚੀ ਭਾਈ ਸਹਿਜ ਰਾਮ ਦੀ ਲਿਖੀ ਹੋਈ ਹੈ। ਇਸਦੇ 20 ਕਾਂਡਾਂ ਵਿੱਚ ਭਾਈ ਘਨੱਈਆ ਜੀ ਦੇ ਜੀਵਨ ਸੰਬੰਧੀ ਸਦਾਚਾਰਿਕ ਤੇ ਅਧਿਆਤਮਕ ਪੱਖਾਂ ਦਾ ਵਰਣਨ ਕੀਤਾ ਗਿਆ ਹੈ। ਇਹ ਰਚਨਾ ਸੰਖੇਪ ਸ਼ੈਲੀ ਵਿੱਚ ਰਚੀ ਗਈ ਹੈ। ਪੰਜਾਬੀ ਭਾਸ਼ਾ ਉੱਪਰ ਬ੍ਰਜ ਭਾਸ਼ਾ ਤੇ ਸਾਧ ਭਾਸ਼ਾ ਦਾ ਜ਼ਿਆਦਾ ਪ੍ਰਭਾਵ ਵਿਖਾਈ ਦਿੰਦਾ ਹੈ।

**3. ਪਰਚੀ ਪਾਤਸ਼ਾਹ ਦਸਵੀਂ ਕੀ–**

ਇਹ ਰਚਨਾ 18ਵੀਂ ਸਦੀ ਦੇ ਪਹਿਲੇ ਅੱਧ ਨਾਲ ਸੰਬੰਧਿਤ ਹੈ। ਇਸ ਵਿੱਚ 50 ਸਾਖ਼ੀਆਂ ਹਨ, ਜਿਸ ਵਿੱਚ ਅੱਠ ਸਾਖ਼ੀਆਂ ਪਹਿਲੇ ਅੱਠ ਗੁਰੂ ਸਾਹਿਬਾਨਾਂ ਨਾਲ, ਚਾਰ ਨੌਵੇਂ ਗੁਰੂ ਸਾਹਿਬਾਨ ਨਾਲ ਅਤੇ ਬਾਕੀ 38 ਦਸਵੇਂ ਗੁਰੂ ਸਾਹਿਬ ਦੇ ਜੀਵਨ-ਵੇਰਵਿਆਂ ਨਾਲ ਸੰਬੰਧਿਤ ਹੈ। ਇਸਨੂੰ 'ਪਰਚੀਆਂ ਗੁਰੂ ਗੋਬਿੰਦ ਸਿੰਘ' ਨਾਂ ਵੀ ਦਿੱਤਾ ਜਾਂਦਾ ਹੈ। ਇਸਦੀ ਸ਼ੈਲੀ ਬਿਰਤਾਂਤਕ ਤੇ ਵਿਆਖਿਆ ਪ੍ਰਧਾਨ ਹੈ। ਬੋਲੀ ਪੰਜਾਬੀ ਹੈ ਪਰ ਬ੍ਰਜ ਭਾਸ਼ਾ ਦਾ ਪ੍ਰਭਾਵ ਵਧੇਰੇ ਨਜ਼ਰ ਆਉਂਦਾ ਹੈ।

**4. ਸੌ ਸਾਖ਼ੀ (ਗੁਰ-ਰਤਨ-ਮਾਲ)–**

ਇਸ ਰਚਨਾ ਦਾ ਮੂਲ ਨਾਂ 'ਗੁਰ-ਰਤਨ-ਮਾਲ' ਹੈ, ਪਰ ਪਾਠਕਾਂ ਵਿੱਚ ਇਹ 'ਸੌ ਸਾਖ਼ੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਉਪਦੇਸ਼ਾਂ ਨਾਲ ਸੰਬੰਧਿਤ ਲਗਭਗ 100 ਸਾਖ਼ੀਆਂ ਦਰਜ ਹਨ। ਅੰਦਰਲੀ ਗਵਾਹੀ ਅਨੁਸਾਰ ਇਸ ਦਾ ਰਚਨਾਕਾਲ 1734 ਈ. (1791 ਬਿਕਰਮੀ) ਸਿੱਧ ਹੁੰਦਾ ਹੈ। ਇਸਦੀ ਭਾਸ਼ਾ ਆਧੁਨਿਕ ਭਾਸ਼ਾ ਦੇ ਬਹੁਤ ਨੇੜੇ ਹੈ। ਸਿੰਘ ਸਭਾ ਲਹਿਰ ਤੋਂ ਪਹਿਲਾਂ ਇਸ ਦੀ ਬੜੀ ਮਾਨਤਾ ਸੀ ਪਰੰਤੂ ਇਤਿਹਾਸਕ ਤੱਥਾਂ ਨਾਲ ਮੇਲ ਨਾ ਖਾਂਦੀ ਹੋਣ ਕਰਕੇ ਇਹ ਰਚਨਾ ਸਿਰਫ਼ ਨਾਮਧਾਰੀ ਸੰਪਰਦਾਇ ਅਤੇ ਨਿਹੰਗ ਸਿੰਘਾਂ ਤੱਕ ਹੀ ਸੀਮਤ ਰਹਿ ਗਈ ਹੈ। ਇਸ ਦਾ ਲੇਖਕ ਸਾਹਿਬ ਸਿੰਘ ਨਾਂ ਦਾ ਇੱਕ ਵਿਅਕਤੀ ਮੰਨਿਆ ਜਾਂਦਾ ਹੈ, ਜਿਸ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ।

**5. ਸਾਖੀਆਂ ਭਾਈ ਅੱਡਣ ਸ਼ਾਹ ਜੀ ਕੀਆਂ–**



Downloaded from https:// www.studiestoday.com

Downloaded from https:// www.studiestoday.com

ਭਾਈ ਅੱਡਣ ਸ਼ਾਹ ਭਾਈ ਘਨੱਈਆ ਜੀ ਦੁਆਰਾ ਚਲਾਏ 'ਸੇਵਾ ਪੰਥ' ਦੇ ਬੜੇ ਪ੍ਰਤਾਪੀ ਸੰਤ ਸਨ। ਉਹਨਾਂ ਦੀ ਪ੍ਰਸਿੱਧੀ ਕਾਰਨ ਹੀ ਬਾਅਦ ਵਿੱਚ 'ਸੇਵਾ ਪੰਥ' ਦਾ ਨਾਂ 'ਅੱਡਣ ਸ਼ਾਹੀ ਸੰਪਰਦਾਇ' ਪ੍ਰਸਿੱਧ ਹੋਇਆ। ਭਾਈ ਅੱਡਣ ਸ਼ਾਹ ਜੀ ਵਿਖਿਆਨ ਜਾਂ ਬਚਨ ਬਿਲਾਸ ਦੀਆਂ ਕਥਾ ਵਾਰਤਾਵਾਂ ਕਰਦੇ ਸਨ। ਜਿਨ੍ਹਾਂ ਨੂੰ ਉਨ੍ਹਾਂ ਦੇ ਕਿਸੇ ਨਜ਼ਦੀਕੀ ਸ਼ਰਧਾਲੂ ਨੇ ਲਿਖਤੀ ਰੂਪ ਵਿੱਚ 'ਸਾਖ਼ੀਆਂ ਭਾਈ ਅੱਡਣ ਸ਼ਾਹ ਜੀ ਕੀਆਂ' ਨਾਂ ਹੇਠ ਸੰਭਾਲ ਦਿੱਤਾ। ਇਸ ਵਿੱਚ ਅੱਡਣ ਸ਼ਾਹ ਦੇ ਨਾਲ-ਨਾਲ ਗੁਰੂਆਂ, ਸੰਤਾਂ, ਭਗਤਾਂ ਅਤੇ ਮਹਾਂਪੁਰਸ਼ਾਂ ਨਾਲ ਸੰਬੰਧਿਤ ਪ੍ਰਸੰਗ ਜਾਂ ਸਾਖ਼ੀਆਂ ਵੀ ਸ਼ਾਮਿਲ ਹਨ।

ਇਸ ਤੋਂ ਬਿਨਾਂ ਬਚਨ, ਸੁਖਨ ਤੇ ਗੋਸ਼ਟਾਂ ਆਦਿ ਵਾਰਤਿਕ ਰੂਪ ਵੀ ਹਨ, ਜੋ ਇਸੇ ਭਾਗ ਅੰਦਰ ਰੱਖੇ ਜਾਂਦੇ ਹਨ। ਇਸ ਕਾਲ ਵਿੱਚ ਬਚਨ ਗੋਬਿੰਦ ਲੋਕਾਂ ਦੇ, ਬਚਨ ਸਾਈਂ ਲੋਕਾਂ ਦੇ, ਪੱਕੀ ਰੋਟੀ, ਗੋਸ਼ਟਿ ਸ਼੍ਰੀ ਰਾਮ ਚੰਦਰ ਅਰ ਲਸ਼ਮਣ ਆਦਿ ਪ੍ਰਮੁੱਖ ਰੂਪ ਵਿੱਚ ਪ੍ਰਾਪਤ ਹੁੰਦੇ ਹਨ।

**(ਏ) ਟੀਕੇ-**

ਟੀਕੇ ਇਸ ਕਾਲ ਦੇ ਪ੍ਰਮੁੱਖ ਵਾਰਤਿਕ ਰੂਪ ਵਜੋਂ ਉਭਰਦੇ ਹਨ। ਇਹ ਟੀਕੇ ਗੁਰਬਾਣੀ ਦੀਆਂ ਚੋਣਵੀਆਂ ਰਚਨਾਵਾਂ ਨਾਲ ਸੰਬੰਧਿਤ ਹਨ। ਟੀਕੇ ਲਿਖਣ ਦੀ ਪਰੰਪਰਾ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਸੋਢੀ ਮਿਹਰਬਾਨ ਨਾਲ ਸ਼ੁਰੂ ਹੋਈ ਸੀ। ਪਰੰਤੂ ਟੀਕੇ ਲਿਖਣ ਦਾ ਵਿਕਾਸ 18ਵੀਂ ਸਦੀ ਵਿੱਚ ਹੀ ਆਰੰਭ ਹੋਇਆ। 'ਗਿਆਨ ਰਤਨਾਵਲੀ' ਤੇ 'ਸਿੱਖਾਂ ਦੀ ਭਗਤ ਮਾਲਾ' ਭਾਈ ਗੁਰਦਾਸ ਦੀਆਂ ਵਾਰਾਂ ਦੇ ਇੱਕ ਪ੍ਰਕਾਰ ਦੇ ਟੀਕੇ ਹੀ ਹਨ।

ਇਸ ਕਾਲ ਵਿੱਚ ਭਾਈ ਸੂਰਤ ਸਿੰਘ ਦੇ ਟੀਕੇ ਵਿਸ਼ੇਸ਼ ਮਹੱਤਵ ਰੱਖਦੇ ਹਨ। ਟੀਕਾ ਜਪੁ ਜੀ, ਟੀਕਾ ਆਸਾ ਦੀ ਵਾਰ, ਟੀਕਾ ਸਿੱਧ ਗੋਸ਼ਟਿ, ਟੀਕਾ ਪੱਟੀ ਆਦਿ ਉਨ੍ਹਾਂ ਦੇ ਪ੍ਰਸਿੱਧ ਗੁਰਬਾਣੀ ਟੀਕੇ ਹਨ। ਇਸ ਕਾਲ ਦਾ ਦੂਜਾ ਪ੍ਰਮੁੱਖ ਟੀਕਾਕਾਰ 'ਸੁਆਮੀ ਆਨੰਦਘਨ' ਹੈ। ਸੁਆਮੀ ਆਨੰਦਘਨ ਉਦਾਸੀ ਸਾਧ ਸੀ। ਉਸਦੇ ਜਪੁ ਜੀ, ਆਰਤੀ, ਓਅੰਕਾਰ, ਆਸਾ ਦੀ ਵਾਰ, ਸਿੱਧ ਗੋਸ਼ਟਿ ਅਤੇ ਆਨੰਦ ਬਾਣੀ ਦੇ ਕੁੱਲ ਛੇ ਟੀਕੇ ਮਿਲਦੇ ਹਨ।

ਇਸ ਤਰ੍ਹਾਂ ਕੁਝ ਹੋਰ ਟੀਕੇ ਜਿਵੇਂ- ਟੀਕਾ ਭਗਤ ਮਾਲਾ, ਟੀਕਾ ਸਪਤ ਸਲੋਕੀ ਗੀਤਾ, ਟੀਕਾ ਵਿਵੇਕ ਦੀਪਕਾ ਆਦਿ ਵੀ ਇਸ ਕਾਲ ਵਿੱਚ ਗੁਰਬਾਣੀ ਤੋਂ ਇਲਾਵਾ ਹੋਰ ਰਚਨਾਵਾਂ ਨਾਲ ਸੰਬੰਧਿਤ ਮਿਲਦੇ ਹਨ।

**(ਸ) ਉਥਾਨਿਕਾ-**

ਇਸ ਕਾਲ ਦੀ ਇੱਕ ਵਾਰਤਿਕ ਵੰਨਗੀ 'ਉਥਾਨਿਕਾ' ਹੈ। ਜਿਸ ਦਾ ਮੁੱਖ ਰੂਪ ਵਿੱਚ ਗੁਰਬਾਣੀ ਨਾਲ ਸੰਬੰਧ ਹੈ। ਇਹ ਟੀਕੇ ਜਾਂ ਪਰਮਾਰਥ ਤੋਂ ਵੱਖਰੀ ਕਿਸਮ ਦੀਆਂ ਹਨ। 18ਵੀਂ ਸਦੀ ਵਿੱਚ 'ਸ਼੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਂ ਨਾਲ ਸੰਬੰਧਿਤ ਦੋ ਅਣਛੱਪੀਆਂ ਉਥਾਨਿਕਾਵਾਂ ਮਿਲਦੀਆਂ ਹਨ। ਇਨ੍ਹਾਂ ਦੇ ਲੇਖਕਾਂ ਬਾਰੇ ਜਾਣਕਾਰੀ ਨਹੀਂ ਮਿਲਦੀ ਪਰ ਇਹ ਦੋਵੇਂ ਭਾਈ ਮਨੀ ਸਿੰਘ ਦੇ ਗਿਆਨ ਸੰਪਰਦਾਇ ਦੇ ਵਿਦਵਾਨਾਂ ਦੀਆਂ ਰਚਨਾਵਾਂ ਹੋਣ ਦਾ ਅਨੁਮਾਨ ਹੈ। ਇਨ੍ਹਾਂ ਦੀ ਬੋਲੀ ਸਾਧ ਭਾਖਾ ਵਾਲੀ ਪੰਜਾਬੀ ਹੈ।

**(ਹ) ਰਹਿਤਨਾਮੇ-**

ਰਹਿਤਨਾਮਿਆਂ ਵਿੱਚ ਸਿੱਖ ਧਰਮ ਦੀ ਮਰਿਯਾਦਾ ਨੂੰ ਚਿਤਰਿਆ ਗਿਆ ਹੁੰਦਾ ਹੈ। ਇਨ੍ਹਾਂ ਦੇ ਲਿਖਣ ਦੀ ਪਰੰਪਰਾ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਵਿੱਚ ਚੱਲੀ। ਇਹ ਦਸਮ ਗੁਰੂ ਦੇ ਨਿਕਟਵਰਤੀ ਸਿੱਖਾਂ ਵੱਲੋਂ ਰਚੇ ਗਏ, ਜਿਨ੍ਹਾਂ ਨੂੰ ਸਿੱਖ ਰਹਿਤ ਮਰਿਯਾਦਾ ਦਾ ਪੂਰਾ-ਪੂਰਾ ਗਿਆਨ ਸੀ। ਇਹ ਰਹਿਤਨਾਮੇ ਇਸ ਤਰ੍ਹਾਂ ਹਨ:-

1. ਭਾਈ ਪ੍ਰਹਿਲਾਦ ਸਿੰਘ ਰਚਿਤ ਰਹਿਤਨਾਮਾ (ਕਵਿਤਾ)
2. ਭਾਈ ਨੰਦ ਲਾਲ ਰਚਿਤ ਰਹਿਤਨਾਮਾ (ਕਵਿਤਾ)
3. ਭਾਈ ਦੇਸਾ ਸਿੰਘ ਰਚਿਤ ਰਹਿਤਨਾਮਾ (ਕਵਿਤਾ)
4. ਭਾਈ ਚੌਪਾ ਸਿੰਘ ਰਚਿਤ ਰਹਿਤਨਾਮਾ (ਵਾਰਤਿਕ)



Downloaded from https:// www.studiestoday.com

Downloaded from https:// www.studiestoday.com

5. ਭਾਈ ਦਯਾ ਸਿੰਘ ਰਚਿਤ ਰਹਿਤਨਾਮਾ (ਵਾਰਤਿਕ)

ਉਪਰੋਕਤ ਰਹਿਤਨਾਮਿਆਂ ਵਿੱਚ ਅੰਤਿਮ ਦੋ ਰਹਿਤਨਾਮੇ ਹੀ ਵਾਰਤਿਕ ਵਿੱਚ ਹਨ ਪਰੰਤੂ ਇਹ ਵਾਰਤਿਕ ਸਾਦ ਮੁਰਾਦੇ ਵਾਕਾਂ ਵਾਲੀ ਹੈ। ਇਨ੍ਹਾਂ ਤੋਂ ਬਿਨਾਂ 'ਪ੍ਰੇਮ ਸੁਮਾਰਗ' ਗ੍ਰੰਥ ਨਾਂ ਦੀ ਰਹਿਤਨਾਮਿਆਂ ਦੀ ਪੁਸਤਕ ਮਿਲਦੀ ਹੈ। ਜੋ 18ਵੀਂ ਸਦੀ ਦੇ ਮੱਧ ਦੀ ਰਚਨਾ ਦੱਸੀ ਜਾਂਦੀ ਹੈ। ਭਾਈ ਰਣਧੀਰ ਸਿੰਘ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਾਏ 'ਬੁਧਿ ਬਿਬੇਕ' ਰਹਿਤਨਾਮੇ ਉੱਪਰ ਆਧਾਰਿਤ ਰਚਨਾ ਮੰਨਦੇ ਹਨ। 'ਪਰਮ ਮਾਰਗ' ਗ੍ਰੰਥ ਇਸ ਕਾਲ ਦੀ ਦੂਜੀ ਰਹਿਤਨਾਮੇ ਵਰਗੀ ਰਚਨਾ ਹੈ। ਡਾ. ਤਰਲੋਚਨ ਸਿੰਘ ਬੇਦੀ ਇਸ ਨੂੰ 18ਵੀਂ ਸਦੀ ਦੇ ਮੱਧ ਦੀ ਰਚਨਾ ਮੰਨਦੇ ਹਨ। ਇਸ ਦੇ ਲੇਖਕ ਸੰਬੰਧੀ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਤਰ੍ਹਾਂ ਇੰਨ੍ਹਾਂ ਪੁਸਤਕਾਂ ਵਿੱਚ ਸਿੱਖ ਰਹਿਤ ਮਰਿਯਾਦਾ ਦੇ ਵੱਖ-ਵੱਖ ਪੱਖਾਂ ਉੱਪਰ ਚਾਨਣਾ ਪਾਇਆ ਗਿਆ ਹੈ।

**(ਕ) ਹੁਕਮਨਾਮੇ–**

ਇਸ ਕਾਲ ਵਿੱਚ 'ਹੁਕਮਨਾਮਿਆਂ' ਨਾਲ ਸੰਬੰਧਿਤ ਵਾਰਤਿਕ ਰੂਪ ਵੀ ਪ੍ਰਾਪਤ ਹੁੰਦੇ ਹਨ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬੰਦਾ ਸਿੰਘ ਬਹਾਦਰ, ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਮਾਤਾ ਦੇਵਾਂ ਵੱਲੋਂ ਜਾਰੀ ਕੀਤੇ ਹੁਕਮਨਾਮੇ ਵੀ ਪ੍ਰਾਪਤ ਹੁੰਦੇ ਹਨ। ਬਣਤਰ ਪੱਖੋਂ ਪਹਿਲਾ ਮੰਗਲ ਸੂਚਕ ਚਿੰਨ੍ਹ ਜਿਵੇਂ:- ੧ਓ, ਸ਼੍ਰੀ ਸਤਿਗੁਰ ਪ੍ਰਸਾਦਿ, ੧ਓ ਵਾਹਿਗੁਰੂ ਜੀ ਦੀ ਫਤਹਿ, ੧ਓ ਸਤਿਗੁਰ ਜੀ ਆਦਿ ਅੰਕਿਤ ਹੁੰਦੇ ਸਨ ਅਤੇ ਸੰਦੇਸ਼ ਲਿਖੇ ਜਾਣ ਤੋਂ ਬਾਅਦ ਗੁਰੂ ਸਾਹਿਬ ਦੇ ਨਿਸ਼ਾਣ, ਬੰਦਾ ਬਹਾਦਰ ਆਪਣੀ ਮੋਹਰ ਅਤੇ ਮਾਤਾ ਸਾਹਿਬ ਕੌਰ ਜਾਂ ਮਾਤਾ ਸੁੰਦਰੀ ਜੀ ਆਪਣੇ ਨਿਸ਼ਾਣ ਦੇ ਚਿੰਨ੍ਹ ਅੰਕਿਤ ਕਰਦੇ ਸਨ।

**(ਖ) ਅਨੁਵਾਦ–**

'ਅਨੁਵਾਦ' ਵਾਰਤਿਕ ਦੀ ਇੱਕ ਪ੍ਰਮੁੱਖ ਵੰਨਗੀ ਹੈ। ਅਧਿਆਤਮਕ, ਸਮਾਜਿਕ, ਰਾਜਨੈਤਿਕ ਆਦਿ ਵਿਸ਼ਿਆਂ ਨਾਲ ਸੰਬੰਧਿਤ ਰਚਨਾਵਾਂ ਦੇ ਹੋਰ ਭਾਸ਼ਾਵਾਂ ਜਿਵੇਂ- ਫ਼ਾਰਸੀ, ਸੰਸਕ੍ਰਿਤ ਆਦਿ ਤੋਂ ਕੀਤੇ ਹੋਏ ਅਨੁਵਾਦ ਵੀ ਮਿਲਦੇ ਹਨ। ਇਸ ਕਾਲ ਦੀਆਂ ਕੁਝ ਕੁ ਪ੍ਰਮੁੱਖ ਅਨੁਵਾਦਿਤ ਰਚਨਾਵਾਂ ਇਹ ਹਨ-

1. ਪਾਰਸ ਭਾਗ (ਫ਼ਾਰਸੀ ਤੋਂ)
2. ਸਿੰਘਾਸਨ ਬਤੀਸੀ (ਸੰਸਕ੍ਰਿਤ ਤੋਂ)
3. ਵਿਵੇਕ ਸਿੰਧੂ (ਪ੍ਰਾਕ੍ਰਿਤ ਤੋਂ)
4. ਗਿਆਨ ਪ੍ਰਬੋਧ ਉਦੇ ਚੰਦਰ ਨਾਟਕ (ਸੰਸਕ੍ਰਿਤ ਤੋਂ)
5. ਭਾਗਵਤ ਮਹਾਂ ਪੁਰਾਣ (ਸੰਸਕ੍ਰਿਤ ਤੋਂ)
6. ਵਿਸ਼ਨੂੰ ਪੁਰਾਣ (ਸੰਸਕ੍ਰਿਤ ਤੋਂ)
7. ਭਗਵਤ ਗੀਤਾ (ਸੰਸਕ੍ਰਿਤ ਤੋਂ)
8. ਯੋਗ ਵਸ਼ਿਸ਼ਟ (ਸੰਸਕ੍ਰਿਤ ਤੋਂ)
9. ਮਸਨਵੀ ਭਾਖਾ (ਫ਼ਾਰਸੀ ਤੋਂ)
10. ਮਾਰਕੰਡੇ ਪੁਰਾਣ (ਸੰਸਕ੍ਰਿਤ ਤੋ)
11. ਪੰਜਾਹ ਉਪਨਿਸ਼ਦਾਂ ਦੇ ਅਨੁਵਾਦ (ਸੰਸਕ੍ਰਿਤ ਤੋਂ)

ਇਸ ਕਾਲ ਦੀ ਵਾਰਤਕ ਮੁੱਖ ਤੌਰ 'ਤੇ ਵੱਖ-ਵੱਖ ਧਰਮਾਂ, ਸੰਪ੍ਰਦਾਵਾਂ ਤੇ ਸਾਧੂਆਂ ਦੀ ਦੇਣ ਹੈ। ਸਿੱਖ ਧਰਮ ਨਾਲ ਸੰਬੰਧਿਤ ਵਾਰਤਿਕ ਰਚਨਾ ਜ਼ਿਆਦਾ ਹੋਈ ਮਿਲਦੀ ਹੈ। ਪੰਜਾਬੀ ਵਾਰਤਿਕ ਦੇ ਵਿਕਾਸ ਵਿੱਚ ਇਸ ਕਾਲ ਦੀਆਂ ਵਾਰਤਿਕ ਵੰਨਗੀਆਂ ਅਹਿਮ ਰੋਲ ਅਦਾ ਕਰਦੀਆਂ ਹਨ।



Downloaded from https:// www.studiestoday.com

Downloaded from https:// www.studiestoday.com

## ਅਭਿਆਸ-ਪ੍ਰਸ਼ਨ

1. ਉੱਤਰ ਨਾਨਕ ਕਾਲ ਦੀਆਂ ਹੇਠ ਲਿਖੀਆਂ ਸਾਹਿਤ ਧਾਰਾਵਾਂ ਉਪਰ ਚਰਚਾ ਕਰੋ–
   (ੳ) ਕਿੱਸਾ ਕਾਵਿ-ਧਾਰਾ
   (ਅ) ਸੂਫ਼ੀ ਕਾਵਿ-ਧਾਰਾ
   (ੲ) ਬੀਰ ਕਾਵਿ-ਧਾਰਾ
   (ਸ) ਵਾਰਤਕ ਸਾਹਿਤ



Downloaded from https:// www.studiestoday.com

Downloaded from https:// www.studiestoday.com

## (ਸ) ਸਿੱਖ ਰਾਜ ਕਾਲ (1801 ਈ. – 1850 ਈ.)

ਇਸ ਕਾਲ ਨੂੰ 'ਮਹਾਰਾਜਾ ਰਣਜੀਤ ਸਿੰਘ ਕਾਲ' ਵੀ ਕਿਹਾ ਜਾਂਦਾ ਹੈ। ਮੁਗਲਾਂ ਦੀ ਅਧੋਗਤੀ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਆਉਣ ਨਾਲ ਲੱਗਭਗ ਅੱਧੀ ਸਦੀ ਪੰਜਾਬ ਵਿੱਚ ਸਾਂਤਮਈ ਮਾਹੌਲ ਦੀ ਸਿਰਜਨਾ ਹੁੰਦੀ ਹੈ। ਇਸ ਅਮਨ ਤੇ ਸ਼ਾਂਤੀ ਦੇ ਮਾਹੌਲ ਵਿੱਚ ਪੰਜਾਬੀ ਸਾਹਿਤ ਖੇਤਰ ਵਿੱਚ ਵੀ ਨਵੀਆਂ ਪੁਲਾਘਾਂ ਪੁੱਟੀਆਂ ਜਾਂਦੀਆਂ ਹਨ। ਇਸ ਕਾਲ ਵਿੱਚ ਪਹਿਲਾਂ ਤੋਂ ਚਲੀਆਂ ਆ ਰਹੀਆਂ ਸਾਹਿਤ ਧਾਰਾਵਾਂ ਵਿੱਚ ਵਿਸ਼ੇ ਅਤੇ ਰੂਪ ਪਖੋਂ ਨਵੀਆਂ ਸਿਰਜਨਾਵਾਂ ਪੇਸ਼ੇ ਨਜ਼ਰ ਹੁੰਦੀਆਂ ਹਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ –

### 1. ਕਿੱਸਾ ਕਾਵਿ–ਧਾਰਾ

ਇਸ ਕਾਲ ਵਿੱਚ ਹੋਏ ਪ੍ਰਮੁੱਖ ਕਿੱਸਾਕਾਰਾਂ ਦਾ ਵਰਣਨ ਇਸ ਤਰ੍ਹਾਂ ਹੈ–

**(ੳ) ਹਾਸ਼ਮ** (1753 –1823 ਈ.) –

ਹਾਸ਼ਮ ਇਸ ਕਾਲ ਦਾ ਸ਼੍ਰੋਮਣੀ ਸਾਹਿਤਕਾਰ ਸੀ। ਉਸਦਾ ਪੂਰਾ ਨਾਂ ਹਾਸ਼ਮ ਸ਼ਾਹ ਅਤੇ ਉਪ ਨਾਂ 'ਹਾਸ਼ਮ' ਸੀ। ਹਾਸ਼ਮ ਦੇ ਪਿਤਾ ਦੇ ਨਾਂ ਅਤੇ ਜਨਮ–ਮਰਨ ਦੀਆਂ ਤਰੀਕਾਂ ਸਬੰਧੀ ਵਿਦਵਾਨਾਂ ਵਿੱਚ ਮਤਭੇਦ ਹਨ। ਪਰੰਤੂ ਬਹੁਤੇ ਵਿਦਵਾਨ ਹਾਸ਼ਮ ਦਾ ਜੀਵਨ ਕਾਲ 1753–1823 ਈ. (1166–1237 ਹਿਜਰੀ) ਅਤੇ ਪਿਤਾ ਦਾ ਨਾਂ ਹਾਜ਼ੀ ਮੁਹੰਮਦ ਸਰੀਫ਼ ਦੱਸਦੇ ਹਨ। ਹਾਸ਼ਮ ਦਾ ਜਨਮ ਪਿੰਡ ਜਗਦੇਉ ਕਲਾਂ ਜਿਲ੍ਹਾ ਅਮ੍ਰਿਤਸਰ ਵਿੱਚ ਹੋਇਆ। ਹਾਸ਼ਮ ਦੇ ਪਿਤਾ ਸੂਫੀ ਰੁਚੀਆਂ ਵਾਲੇ ਸਨ। ਉਨ੍ਹਾਂ ਦੇ ਪ੍ਰਭਾਵ ਸਦਕਾ ਹੀ ਹਾਸ਼ਮ ਵੀ ਸੂਫੀ ਵਿਚਾਰਾਂ ਨਾਲ ਜੁੜਿਆ। ਹਾਸ਼ਮ ਦੀਆਂ ਰਚਨਾਵਾਂ ਵਿੱਚ ਸੂਫੀ ਰੰਗਤ ਸਪੱਸ਼ਟ ਵੇਖੀ ਜਾ ਸਕਦੀ ਹੈ। ਹਾਸ਼ਮ ਦੀ ਮੌਤ ਤੋਂ ਬਾਅਦ ਉਸਨੂੰ ਪਿੰਡ ਥਰਪਾਲ ਜਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਚ ਦਫ਼ਨਾਇਆ ਗਿਆ। ਇਹ ਪਿੰਡ ਉਸਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਨਾਮ ਵਿੱਚ ਪ੍ਰਾਪਤ ਹੋਇਆ ਸੀ। ਕੁਝ ਵਿਦਵਾਨ 'ਹਾਸ਼ਮ' ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਵੀ ਮੰਨਦੇ ਹਨ ਪਰੰਤੂ ਇਸ ਸਬੰਧੀ ਕੋਈ ਪੱਕਾ ਪ੍ਰਮਾਣ ਪ੍ਰਾਪਤ ਨਹੀਂ ਹੁੰਦਾ। ਹਾਸ਼ਮ ਦੀਆਂ ਮੁੱਖ ਰਚਨਾਵਾਂ ਇਸ ਤਰ੍ਹਾਂ ਹਨ –

1 ਕਿੱਸਾ ਸੱਸੀ ਪੁੰਨੂੰ।
2 ਕਿੱਸਾ ਸੋਹਣੀ ਮਹੀਂਵਾਲ।
3 ਸੀਰੀਂ ਫਰਹਾਦ ਦੀ ਵਾਰਤਾ।
4 ਹੀਰ ਰਾਂਝੇ ਦੀ ਬਿਰਤੀ।
5 ਦੋਹੜੇ ਅਤੇ ਡਿਉਢਾਂ।

1. **ਕਿੱਸਾ ਸੱਸੀ ਪੁੰਨੂੰ–**

ਇਹ ਹਾਸ਼ਮ ਦੀ ਸ਼ਾਹਕਾਰ ਰਚਨਾ ਹੈ। ਹਾਸ਼ਮ ਤੋਂ ਪਹਿਲਾਂ ਹਾਫ਼ਿਜ ਬਰਖ਼ੁਰਦਾਰ ਨੇ 'ਸੱਸੀ ਪੁੰਨੂੰ' ਦਾ ਕਿੱਸਾ ਪੰਜਾਬੀ ਵਿੱਚ ਲਿਖ ਕੇ ਪੰਜਾਬੀ ਪਾਠਕਾਂ ਨੂੰ ਇਸਦੀ ਕਹਾਣੀ ਨਾਲ ਜਾਣ–ਪਛਾਣ ਕਰਵਾ ਦਿੱਤੀ ਸੀ ਪਰੰਤੂ ਹਾਸ਼ਮ ਨੇ ਇਸ ਕਿੱਸੇ ਵਿਚ ਬਿਰਹੋਂ ਤੇ ਦਰਦ ਦੀ ਐਸੀ ਤਸਵੀਰ ਉਸਾਰੀ ਕਿ ਇਹ ਕਿੱਸਾ 'ਸੱਸੀ ਹਾਸ਼ਮ' ਕਰਕੇ ਹੀ ਜਾਣਿਆ ਜਾਣ ਲੱਗਾ ਹੈ। ਹਾਸ਼ਮ ਨੇ ਸਿੰਧ ਪ੍ਰਾਂਤ ਵਿੱਚ 'ਸੱਸਵੀ ਪੁਨੂੰ' ਨਾਂ ਹੇਠ ਪ੍ਰਚਲਿਤ ਵਾਰਤਿਕ ਕਥਾ ਨੂੰ ਕਾਵਿ–ਛੁਹਾਂ ਪ੍ਰਦਾਨ ਕੀਤੀਆਂ। ਸਿੰਧ ਪ੍ਰਾਂਤ ਦੀ ਇਹ ਕਹਾਣੀ ਪੰਜਾਬੀ ਸਭਿਆਚਾਰ ਦਾ ਪ੍ਰਮੁੱਖ ਅੰਗ ਬਣ ਗਈ। **ਬਾਵਾ ਬੁੱਧ ਸਿੰਘ** ਸੱਸੀ–ਹਾਸ਼ਮ ਦੀ ਸਿਫ਼ਤ ਕਰਦਾ ਹੋਇਆ ਲਿਖਦਾ ਹੈ ਕਿ 'ਹਾਸ਼ਮ ਨੇ ਸੱਸੀ ਕਾਹਦੀ ਆਖੀ ਘਰ–ਘਰ ਬਿਰਹੋਂ ਦਾ ਮੁਆਤਾ ਲਾ ਦਿੱਤਾ।'

ਸੱਸੀ ਹਾਸ਼ਮ ਦੇ ਕੁਲ 126 ਬੰਦ ਹਨ। ਜਿਸਨੂੰ ਚਾਰ ਤੁਕਾਂ ਵਾਲੇ ਦਵੱਈਆ ਛੰਦ ਵਿੱਚ ਨਿਭਾਇਆ ਗਿਆ ਹੈ। ਹਾਸ਼ਮ ਦੇ ਬਿਆਨ ਵਿੱਚ ਸੰਜਮਤਾ ਹੈ । ਬੋਲੀ ਠੇਠ ਤੇ ਮੁਹਾਵਰੇਦਾਰ ਪੰਜਾਬੀ ਹੈ। ਅਰਬੀ – ਫਾਰਸ਼ੀ ਸ਼ਬਦਾਵਲੀ ਦੀ ਵਰਤੋਂ ਆਮ ਹੈ। ਕਿੱਸੇ ਵਿੱਚ ਪੁਨੂੰ ਨੂੰ ਪੁਕਾਰਦੀ ਸੱਸੀ ਦੀ ਦਰਦ ਭਰੀ ਹਾਲਤ



Downloaded from https:// www.studiestoday.com

Downloaded from https:// www.studiestoday.com

ਕਵੀ ਨੇ ਬੜੀ ਸੁੰਦਰਤਾ ਨਾਲ ਉਸਾਰੀ ਹੈ। ਇਹ ਵੇਖਣ ਯੋਗ ਹੈ–

ਤੋੜ ਸਿੰਗਾਰ ਸੱਸੀ ਉਠ ਦੌੜੀ, ਖੋਲ੍ਹ ਲਿਟਾਂ ਘਰ ਬਾਰੋਂ।
ਘਿਰਿਆ ਆਣ ਗਿਰਹੁ ਸ਼ਿਤਾਬੀ, ਚੰਦ ਛੁੱਟਾ ਪਰਵਾਰੋਂ।
ਦੌੜੀ ਸਾਥ ਪੁੰਨੂੰ ਦਾ ਤਕਦੀ, ਤੇਗ ਹਿਜਰ ਦੀ ਮਾਰੋਂ।
ਹਾਸ਼ਮ ਸਹਿਣ ਮੁਹਾਲ ਜੁਦਾਈ, ਸਖਤ ਬੁਰੀਂ ਤਲਵਾਰੋਂ।

**2. ਕਿੱਸਾ ਸੋਹਣੀ ਮਹੀਂਵਾਲ –**

ਵਿਦਵਾਨਾਂ ਦਾ ਮੰਨਣਾ ਹੈ ਕਿ ਪੰਜਾਬੀ ਕਿੱਸਾ ਕਾਵਿ ਵਿੱਚ ਸੋਹਣੀ-ਮਹੀਂਵਾਲ ਦਾ ਕਿੱਸਾ ਸਭ ਤੋਂ ਪਹਿਲਾਂ ਹਾਸ਼ਮ ਨੇ ਰਚਿਆ। ਇਸਦੇ 151 ਬੰਦ ਹਨ ਤੇ ਦਵੈਯਾ ਛੰਦ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਕਵੀ ਨੇ ਸੋਹਣੀ ਦੇ ਦੁੱਖ ਦਾ ਬਿਆਨ ਬੜੀ ਕਲਾਤਮਿਕਤਾ ਨਾਲ ਕੀਤਾ ਹੈ। ਉਸਨੇ ਹੋਣੀ, ਮੌਤ ਅਤੇ ਦੁੱਖ ਦੇ ਸਾਹਮਣੇ ਸੋਹਣੀ ਦੀ ਲਾਚਾਰੀ ਦਾ ਚਿੱਤਰ ਉਲੀਕਿਆ ਹੈ। ਉਸਦਾ ਇਹ ਕਿੱਸਾ 'ਸੱਸੀ' ਦੇ ਮੁਕਾਬਲੇ ਦਾ ਨਹੀਂ, ਇਸ ਵਿੱਚ 'ਸੋਹਣੀ' ਦੀ ਪ੍ਰਭਾਵਸ਼ਾਲੀ ਪਾਤਰ ਉਸਾਰੀ ਨਹੀਂ ਹੋਈ ਅਤੇ ਨਾ ਹੀ ਕੋਈ ਪ੍ਰਭਾਵਸ਼ਾਲੀ ਦ੍ਰਿਸ਼ ਦਾ ਵਰਣਨ ਹੈ। ਬੋਲੀ ਸਾਦੀ ਤੇ ਸ਼ੁੱਧ ਪੰਜਾਬੀ ਹੈ। ਕਿੱਸੇ ਦੇ ਅੰਤਿਮ ਬੰਦ ਵਿਚ ਸੋਹਣੀ ਮਹੀਂਵਾਲ ਦੋਹਾਂ ਦੀ ਮੌਤ ਉਪਰੰਤ ਹੋਏ ਮੇਲ ਦਾ ਬਿਆਨ ਇਸ ਤਰ੍ਹਾਂ ਉਲੀਕਿਆ ਹੈ–

ਮਿਲਿਆ ਜਾਇ ਰੂਹਾਂ ਰਲ ਮੇਲਾ, ਵਿੱਚ ਦਰਗਾਹ ਰਬਾਨੀ।
ਇਕ ਤੇ ਜਾਇ ਸਮਾਣੇ ਨੈਂ ਵਿੱਚ, ਫੇਰ ਮਿਲੇ ਦਿਲ ਜਾਨੀ।
ਖੜ ਕੇ ਖਿਦਰ ਹਯਾਤ ਜਨਾਜ਼ਾ, ਦਫਨ ਕੀਤੇ ਵਿੱਚ ਪਾਣੀ।
ਹਾਸ਼ਮ ਇਸ਼ਕ ਸੋਹਣੀ ਦਾ ਜੁਗ ਵਿੱਚ, ਜੁਗ-ਜੁਗ ਰਹਗੁ ਕਹਾਣੀ।

**3. ਕਿੱਸਾ ਸ਼ੀਰੀਂ ਫ਼ਰਹਾਦ ਦੀ ਵਾਰਤਾ –**

ਇਸ ਵਿਦੇਸ਼ੀ ਕਹਾਣੀ ਨੂੰ ਆਧਾਰ ਬਣਾ ਕੇ ਸਭ ਤੋਂ ਪਹਿਲੀ ਵਾਰ ਹਾਸ਼ਮ ਨੇ ਕਿੱਸੇ ਦਾ ਰੂਪ ਦਿੱਤਾ। ਇਹ ਕਿੱਸਾ ਇਸਤੰਬੋਲ ਦੇ ਬਾਦਸ਼ਾਹ ਦੀ ਪ੍ਰੇਮ ਕਹਾਣੀ ਨਾਲ ਸੰਬੰਧਿਤ ਹੈ। ਇਹ 513 ਦੋ-ਤੁਕੀਏ ਛੰਦਾਂ ਵਿੱਚ ਰਚਿਆ ਗਿਆ ਹੈ। ਕਿੱਸੇ ਦੀ ਬੋਲੀ ਟਕਸਾਲੀ ਪੰਜਾਬੀ ਹੈ। ਅਰਬੀ-ਫਾਰਸ਼ੀ ਸਬਦਾਵਲੀ ਦੀ ਵਰਤੋਂ ਜਿਆਦਾ ਹੈ। 'ਸੱਸੀ' ਦੇ ਕਿੱਸੇ ਤੋਂ ਬਾਅਦ ਹਾਸ਼ਮ ਦਾ ਇਹ ਕਿੱਸਾ ਸਫ਼ਲ ਮੰਨਿਆ ਜਾ ਸਕਦਾ ਹੈ। ਇਸ ਵਿੱਚ ਕਵੀ ਨੇ ਪ੍ਰੇਮ ਤੇ ਬਿਰਹੋਂ ਦੇ ਭਾਵਾਂ ਨੂੰ ਸਫ਼ਲਤਾ ਨਾਲ ਚਿਤਰਿਆ ਹੈ। ਸ਼ੀਰੀਂ ਦੇ ਹੁਸਨ ਦੇ ਚਿਤਰਨ ਦੀ ਵੰਨਗੀ ਬੇਮਿਸਾਲ ਹੈ–

ਸ਼ੀਰੀਂ ਨਾਮ ਫਰਿਸਤੇ ਕੋਲੋਂ, ਸਾਫ਼ ਤਬੀਅਤ ਨੂਰੋਂ।
ਪਰੀਆਂ ਵੇਖ ਲਜਾਉਣ ਉਸ ਨੂੰ, ਹੁਸਨ ਜਿਆਦਾ ਹੂਰੋਂ।
ਉਸ ਨੂੰ ਵੇਖ ਫ਼ਰਿਸਤੇ ਜੀਵਣ, ਆਸ਼ਕ ਹੋਣ ਸਿਤਾਰੇ।
ਪੰਛੀ ਵੇਖ ਡਿਗਣ ਅਸਮਾਨੋਂ, ਆਦਮ ਕੌਣ ਵਿਚਾਰੇ।

**4. ਕਿੱਸਾ ਹੀਰ ਰਾਂਝੇ ਦੀ ਬਿਰਤੀ –**

ਇਹ ਕਿੱਸਾ 30 ਬੈਂਤਾਂ ਦੀ ਸੰਖੇਪ ਜਿਹੀ ਰਚਨਾ ਹੈ, ਜਿਸਨੂੰ ਸੀਹਰਫ਼ੀ ਕਾਵਿ-ਰੂਪ ਵਿੱਚ ਰਚਿਆ ਗਿਆ ਹੈ। ਇਸ ਵਿੱਚ ਹੀਰ ਦੀ ਕਹਾਣੀ ਨੂੰ ਸੁਖਾਂਤ ਰੂਪ ਵਿੱਚ ਚਿਤਰਿਆ ਗਿਆ ਹੈ। ਇਸ ਕਿੱਸੇ ਵਿੱਚ ਹਾਸ਼ਮ ਦੀ ਕਾਵਿ ਕਲਾ ਦੂਜੇ ਕਿੱਸਿਆਂ ਨਾਲੋਂ ਨਿਮਨ ਪੱਧਰ ਦੀ ਹੈ। ਬੋਲੀ ਵੀ ਸਾਦ ਮੁਰਾਦੀ ਹੈ। ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਵੀ ਆਮ ਹੈ। ਅਲੰਕਾਰਾਂ ਦੀ ਵਰਤੋਂ ਤੇ ਪ੍ਰਕਿਰਤੀ ਚਿਤਰਨ ਦੀ ਘਾਟ ਹੈ। ਇਹ ਰਚਨਾ ਹਾਸ਼ਮ ਦੀ ਮੁੱਢਲੀ ਰਚਨਾ ਪ੍ਰਤੀਤ ਹੁੰਦੀ ਹੈ। ਹੀਰ ਦੇ ਪਿਆਰ ਦੇ ਜਗਜਾਹਿਰ ਹੋਣ ਦੀ ਘਟਨਾ ਨੂੰ ਕਵੀ ਨੇ ਇੰਝ ਬਿਆਨਿਆ ਹੈ –

ਸੀਨ ਸਾਹੁਰੇ ਪੇਕੜੇ ਧੁੰਮਾਂ ਪਈਆਂ, ਹੀਰ ਚਾਕ ਦਾ ਨੇਹੁੰ ਕਮਾਉਂਦੀ ਹੈ।



Downloaded from https:// www.studiestoday.com

Downloaded from https:// www.studiestoday.com

ਚੂਰੀ ਕੁਟ ਕੇ ਨਾਲ ਬਹਾਨਿਆਂ ਦੇ, ਚਾਕ ਪਾਸ ਇਕੇਲੜੀ ਜਾਉਂਦੀ ਹੈ।
ਪਈ ਬਹੁਤ ਅਵਲੜੇ ਰਾਹ ਨੱਢੀ, ਪੱਗਾਂ ਦਾੜ੍ਹੀਆਂ ਲਾਜ ਲੁਆਉਂਦੀ ਹੈ।
ਹਾਸ਼ਮ ਸ਼ਾਹ ਇਹ ਬਹੁਤ ਅਚਰਜ ਹੋਈ, ਭੈੜੀ ਨੰਗ ਨਾਮੂਸ ਗਵਾਉਂਦੀ ਹੈ।

5. **ਦੋਹੜੇ ਅਤੇ ਡਿਉਢਾਂ –**

ਹਾਸ਼ਮ ਰਚਿਤ ਦੋਹੜੇ ਅਤੇ ਡਿਉਂਢਾਂ ਵਿੱਚ ਸੰਸਾਰਕ ਨਾਸ਼ਮਾਨਤਾ, ਸਦਾਚਾਰਕ ਜੀਵਨ ਮੁੱਲ, ਧਾਰਮਿਕ ਵਿਚਾਰ ਅਤੇ ਸੂਫੀ ਵਿਚਾਰਧਾਰਾ ਨੂੰ ਪ੍ਰਗਟਾਇਆ ਗਿਆ ਹੈ। ਇਹ ਗਿਣਤੀ ਵਿੱਚ 208 ਹਨ। ਹਾਸ਼ਮ ਦੇ ਦੋਹੜਿਆਂ ਅਤੇ ਡਿਉਢਾਂ ਕਾਰਨ ਹੀ ਉਸਨੂੰ ਇਸ ਕਾਲ ਦੇ ਸੂਫੀ ਕਵੀ ਵੱਜੋਂ ਵੀ ਤਵੱਜੋ ਦਿੱਤੀ ਜਾਂਦੀ ਹੈ। ਉਸਦੇ ਦੋਹੜਿਆਂ ਦੀ ਵੰਨਗੀ ਇਸ ਤਰ੍ਹਾਂ ਹੈ–

ਮੂਰਖ ਲੋਕ ਸਦਾ ਸੁੱਖ ਸੋਂਦੇ, ਤੇ ਰੋਜ਼ ਕਮਾਵਨ ਪੈਸਾ।
ਨਾ ਕੁਝ ਉਚ ਨਾ ਨੀਚ ਪਛਾਨਣ, ਅਤੇ ਪ੍ਰੇਮ ਨਾ ਜਾਨਣ ਕੈਸਾ।
ਸ਼ਾਲਾ ਨਿੰਜ ਹੋਵੇ ਚਤੁਰਾਈ, ਸਾਨੂੰ ਖੁਆਰ ਕੀਤਾ ਤੁੱਧ ਐਸਾ।
ਹਾਸ਼ਮ ਕਾਟ ਪ੍ਰੇਮ ਕਰੇਂਦਾ, ਜਿਸ ਹੋਸ਼ ਹੋਵੇ ਵਿੱਚ ਜੈਸਾ।

ਦੋਹੜਿਆਂ ਤੋਂ ਇਲਾਵਾ ਹਾਸ਼ਮ ਦੀਆਂ ਡਿਉਂਢਾਂ ਵੀ ਮਿਲਦੀਆਂ ਹਨ। ਡਿਉਢ ਤੋਂ ਭਾਵ ਅਜਿਹੇ ਕਾਵਿ ਰੂਪ ਤੋਂ ਹੈ, ਜਿਸ ਦੀ ਡੇਢ ਸਤਰ ਹੁੰਦੀ ਹੈ– ਇਕ ਸਤਰ ਪੂਰੀ ਤੇ ਦੂਜੀ ਸਤਰ ਅੱਧੀ। **ਡਾ. ਰਤਨ ਸਿੰਘ ਜੱਗੀ** ਅਨੁਸਾਰ,

"ਹਾਸ਼ਮ ਨੇ ਡਿਉਢਾਂ ਵਿੱਚ ਦਵੱਯੈ ਦੇ ਅੰਤ ਉੱਤੇ ਅੱਠ ਮਾਤਰਾਂ ਵਧਾ ਕੇ ਦੋਹਰਾ ਤੁਕਾਂਤ-ਮੇਲ ਕੀਤਾ ਹੈ।"

ਹਾਸ਼ਮ ਦੀਆਂ ਡਿਉਢਾਂ ਦੀ ਮਿਸਾਲ ਵੇਖਣ ਵਾਲੀ ਹੈ–

ਕਾਮਲ ਸ਼ੌਂਕ ਮਾਹੀ ਦਾ ਮੈਨੂੰ, ਨਿਤ ਰਹੇ ਜਿਗਰ ਵਿੱਚ ਵਸਦਾ, ਲੂੰ ਲੂੰ ਰਸਦਾ।
ਰਾਂਝਣ ਬੇਪ੍ਰਵਾਹੀਆਂ ਕਰਦਾ, ਕੋਈ ਗੁਨਾਹ ਨਾ ਦੱਸਦਾ, ਉਠ ਉਠ ਨੱਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ, ਵੇਖ ਤੱਤੀ ਵਲ ਹੱਸਦਾ, ਜ਼ਰਾ ਨਾ ਖਸਦਾ।
ਹਾਸ਼ਮ ਕੰਮ ਨਹੀ ਹਰ ਕਸ ਦਾ, ਆਸ਼ਕ ਹੋਣ ਦਰਸ ਦਾ, ਬਿਰਹੋਂ ਰਸ ਦਾ।

ਇਨਾਂ ਤੋਂ ਬਿਨਾ ਗੰਜੇ ਅਸਗਰ, ਸ਼ੀਹਰਫੀ ਵ ਮਦੇਹ, ਪੀਰਾਨ ਪੀਰ ਅਬਦੁਲ ਕਾਦਿਰ ਜੀਲਾਨੀ ਆਦਿ ਰਚਨਾਵਾਂ ਵੀ ਆਪ ਦੇ ਨਾਂ ਨਾਲ ਸੰਬੰਧਿਤ ਮੰਨੀਆ ਜਾਂਦੀਆਂ ਹਨ। ਇਸ ਤਰ੍ਹਾਂ ਹਾਸ਼ਮ ਦੇ ਕਿੱਸਿਆਂ ਨਾਲ ਇਸ ਕਾਲ ਦੀ ਕਿੱਸਾ ਪਰੰਪਰਾ ਅਮੀਰ ਹੁੰਦੀ ਹੈ ਤੇ ਦੋਹੜੇ ਤੇ ਡਿਉਢਾਂ ਸੂਫੀ ਕਾਵਿ ਦੀਆਂ ਉੱਤਮ ਮਿਸਾਲਾਂ ਹਨ। 'ਸੈਫੁਲ ਮਲੂਕ' ਦਾ ਕਰਤਾ **ਮੁਹੰਮਦ ਬਖ਼ਸ਼** ਉਸਦੀ ਸਿਫ਼ਤ ਕਰਦਾ ਹੋਇਆ ਲਿਖਦਾ ਹੈ–

ਹਾਸ਼ਮ ਸ਼ਾਹ ਦੀ ਹਸ਼ਮਤ, ਬਰਕਤ, ਗਿਣਤਰ ਵਿੱਚ ਨਾ ਆਵੇ।
ਦੁਰਰੇ-ਯਤੀਮ, ਜਵਾਹਰ ਲੜੀਆਂ ਜ਼ਾਹਿਰ ਕੱਢ ਲਿਆਵੇ।
ਮੁਖਤਸਰ ਕਲਾਮ ਉਹਨਾਂ ਦਾ, ਦਰਦੋਂ ਭੁੱਜੀ ਬੋਟੀ।
ਦਰਦ ਹੋਇਆ ਤਾਂ ਸਭ ਕਿਛ ਹੋਇਆ, ਕਿਆ ਲੰਮੀ ਕਿਆ ਛੋਟੀ।

**(ਅ) ਅਹਿਮਦਯਾਰ** (1768–1848 **ਈ**.)–

ਅਹਿਮਦਯਾਰ ਇਸ ਕਾਲ ਦਾ ਇੱਕ ਸਮੱਰਥ ਕਿੱਸਾਕਾਰ ਹੈ। ਉਸਨੇ ਪੰਜਾਬੀ ਕਿੱਸਾ ਕਾਵਿ ਵਿੱਚ



Downloaded from https:// www.studiestoday.com

Downloaded from https:// www.studiestoday.com

ਸੱਭ ਤੋ ਵੱਧ ਕਿੱਸਿਆਂ ਦੀ ਰਚਨਾ ਕੀਤੀ। ਇਸ ਬਾਰੇ ਉਹ ਆਪ ਲਿਖਦਾ ਹੈ –

ਜਿਤਨੇ ਕਿੱਸੇ ਅਤੇ ਕਿਤਾਬਾਂ ਉਮਰ ਸਾਰੀ ਮੈਂ ਜੋੜੇ।
ਗਿਣਨ ਲੱਗਾ ਤੇ ਯਾਦ ਨ ਆਵਣ, ਜੋ ਦਸਾਂ ਸੋ ਥੋੜੇ।

ਅਹਿਮਦਯਾਰ ਦੇ 35 ਦੇ ਕਰੀਬ ਕਿੱਸੇ ਲਿਖੇ ਹੋਣ ਬਾਰੇ ਕਿਹਾ ਜਾਂਦਾ ਹੈ। ਉਸਨੇ ਆਪਣੀ ਕਿੱਸਾ ਯਾਤਰਾ 'ਤਿੱਤਰ ਤੇ ਭਟਿੱਟਰ' ਕਿੱਸੇ ਤੋਂ ਆਰੰਭ ਕੀਤੀ ਅਤੇ 'ਅਹਿਸਨੁਲ ਕਸਿਸ' (ਯੂਸਫ਼ ਜੁਲੈਖਾਂ) ਉਸਦਾ ਆਖਰੀ ਕਿੱਸਾ ਸੀ। ਹੀਰ-ਰਾਂਝਾ, ਸੱਸੀ-ਪੁੰਨੂੰ, ਲੈਲਾ ਮਜਨੂੰ, ਸੋਹਣੀ ਮਹੀਂਵਾਲ, ਕਾਮਰੂਪ, ਚੰਦਰ ਬਦਨ, ਰਾਜਬੀਬੀ, ਸੈਫੁਲ ਮਲੂਕ, ਹਾਤਮ ਤਾਈ ਆਦਿ ਉਸਦੇ ਹੋਰ ਵਰਨਣਯੋਗ ਕਿੱਸੇ ਹਨ। ਉਸਨੇ ਪੰਜਾਬੀ, ਭਾਰਤੀ ਅਤੇ ਵਿਦੇਸ਼ੀ ਸਭ ਕਥਾਵਾਂ ਨੂੰ ਆਧਾਰ ਬਣਾ ਕੇ ਕਿੱਸਾ ਰਚਨਾ ਕੀਤੀ। ਪਰੰਤੂ ਉਸ ਨੂੰ ਪ੍ਰਸਿੱਧੀ ਕਿਸੇ ਕਿੱਸੇ ਵਿੱਚ ਵੀ ਪ੍ਰਾਪਤ ਨਹੀਂ ਹੋਈ। ਇਸ ਦਾ ਵਰਣਨ ਉਹ ਆਪਣੀਆਂ ਸਤਰਾਂ ਰਾਹੀਂ ਹੀ ਕਰਦਾ ਹੈ–

ਵਾਰਸ਼ ਸ਼ਾਹ ਜੰਡਿਆਲੇ ਵਾਲੇ, ਵਾਹ ਵਾਹ ਹੀਰ ਬਣਾਈ।
ਮੈਂ ਵੀ ਰੀਸ ਉਸੇ ਦੀ ਕਰਕੇ, ਲਿਖੀ ਤੋੜ ਨਿਭਾਈ।
ਜੋ ਅਟਕਲ ਮਜ਼ਮੂਨ ਬੰਨ੍ਹਣ ਦੀ, ਉਸ ਸੋ ਮੈਂ ਨਹੀਂ ਪਾਈ।
ਵੱਡਾ ਤੁਅਜ਼ਬ ਆਵੇ ਯਾਰੋ, ਵੇਖ ਉਸ ਦੀ ਵਡਿਆਈ।

ਅਹਿਮਦਯਾਰ ਦਾ ਜਨਮ ਪਿੰਡ ਇਸਲਾਮਗੜ੍ਹ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਵਿੱਚ ਹੋਇਆ। ਉਹ ਅਰਬੀ, ਫਾਰਸੀ ਅਤੇ ਇਸਲਾਮੀ ਸਾਹਿਤ ਦਾ ਚੰਗਾ ਵਿਦਵਾਨ ਸੀ। ਉਸਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਇਕ ਪਿੰਡ ਇਨਾਮ ਵਜੋਂ ਪ੍ਰਾਪਤ ਹੋਇਆ ਦੱਸਿਆ ਜਾਂਦਾ ਹੈ। ਉਸਨੂੰ ਰਾਜਿਆਂ ਅਤੇ ਜਾਗੀਰਦਾਰਾਂ ਦੀ ਸਰਪ੍ਰਸਤੀ ਹਾਸਿਲ ਸੀ। ਅਹਿਮਦਯਾਰ ਪੰਜਾਬੀ ਦਾ ਇਕੋ ਇਕ ਕਿੱਸਾਕਾਰ ਹੈ, ਜਿਹੜਾ ਸਿਰਫ ਕਿੱਸਾਕਾਰੀ ਦਾ ਕੰਮ ਹੀ ਕਰਦਾ ਸੀ। ਉਸਦੀ ਪ੍ਰਸਿੱਧੀ ਕਾਰਨ ਹੀ 1840 ਈ. ਵਿੱਚ ਰਾਜਾ ਗੁਲਾਬ ਸਿੰਘ ਨੇ ਉਸਨੂੰ ਲਾਹੌਰ ਬੁਲਾ ਕੇ ਸਿੱਖਾਂ ਦਾ ਇਤਿਹਾਸ ਲਿਖਣ ਲਈ ਕਿਹਾ। ਅਹਿਮਦਯਾਰ ਨੇ ਕਵੀ ਫਿਰਦੌਸੀ ਦੇ 'ਸ਼ਾਹਨਾਮੇ' ਦੇ ਆਧਾਰ 'ਤੇ ਫ਼ਾਰਸੀ ਕਵਿਤਾ ਵਿੱਚ 'ਫਤੂਹਾਤ ਖ਼ਾਲਸਾ' (ਸ਼ਹਿਨਸ਼ਾਹਨਾਮਾ) ਦੀ ਰਚਨਾ ਕੀਤੀ।

ਅਹਿਮਦਯਾਰ ਨੇ ਆਪਣੇ ਸਾਰੇ ਕਿੱਸੇ ਲਗਭਗ 'ਮਸਨਵੀ' ਕਾਵਿ ਰੂਪ ਵਿੱਚ ਹੀ ਲਿਖੇ ਹਨ। ਉਸਦੀ ਰਚਨਾ ਦਾ ਪ੍ਰਮੁੱਖ ਛੰਦ 'ਦਵੈਯਾ' ਹੈ। 'ਤਿੱਤਰ ਭਟਿੱਟਰ' ਲਈ ਉਸਨੇ 'ਦੋਹਰਾ' ਅਤੇ ਸੱਸੀ ਪੁੰਨੂੰ' ਲਈ 'ਬੈਂਤ ਛੰਦ' ਦੀ ਵਰਤੋਂ ਕੀਤੀ ਹੈ। ਅਹਿਮਦਯਾਰ ਨੂੰ ਪੰਜਾਬੀ ਕਿੱਸਾਕਾਵਿ ਦਾ ਪਹਿਲਾ ਆਲੋਚਕ ਵੀ ਮੰਨਿਆ ਜਾਂਦਾ ਹੈ। ਉਸਦੇ ਕਿੱਸੇ 'ਯੂਸਫ਼ ਜ਼ੁਲੈਖਾਂ' ਵਿੱਚ ਉਸਨੇ ਆਪਣੇ ਤੋਂ ਪਹਿਲਾਂ ਹੋਏ ਪੰਜਾਬੀ ਦੇ ਪ੍ਰਸਿੱਧ ਕਿੱਸਾਕਾਰਾਂ ਵਾਰਿਸ ਸ਼ਾਹ, ਪੀਲੂ, ਮੁਕਬਲ, ਹਾਫ਼ਿਜ਼ ਬਰਖੁਰਦਾਰ, ਹਾਸ਼ਮ ਆਦਿ ਸੰਬੰਧੀ ਆਪਣੇ ਵਿਚਾਰ ਵੀ ਪੇਸ਼ ਕੀਤੇ ਹਨ। ਕਈ ਵਿਦਵਾਨ ਤਾਂ ਉਸਨੂੰ ਕਿੱਸਾਕਾਰ ਨਾਲੋਂ ਆਲੋਚਕ ਦੇ ਰੂਪ ਵਿੱਚ ਵੱਧ ਸਵੀਕਾਰ ਕਰਦੇ ਹਨ –

ਸੁਥਰਾ ਸ਼ਿਅਰ ਨਾ ਹਾਫ਼ਜ ਜੇਹਾ, ਤੋਲ ਪੂਰਾ ਉਸ ਹੱਟੀ।
ਪਰ ਅਗਲਿਆਂ ਪਿਛਲਿਆਂ ਸ਼ਾਇਰਾਂ ਦੀ ਮੈਂ ਇਸ ਵੇਲੇ ਕਸਵੱਟੀ।
ਵਾਰਿਸ ਸ਼ਾਹ, ਸੁਖਨ ਦਾ ਵਾਰਸ ਕਿਤੋਂ ਨਾ ਅਟਕਿਆ ਵਲਿਆ।
ਪਰ ਮਿਨਰਾਹੀ ਚੱਕੀ ਵਾਂਗੂੰ, ਉਸ ਨਿੱਕਾ ਮੋਟਾ ਦਲਿਆ।
ਮੁਕਬਲ ਵੀ ਹੋ ਚੁੱਕਾ ਮੁਕਬਲ ਆਪਣੇ ਵਿੱਚ ਜ਼ਮਾਨੇ।
ਹਾਮਦ ਵੀ ਅਖਵਾਇਆ ਸ਼ਾਇਰ, ਆਪਣੀ ਨਾਲ ਜ਼ੁਬਾਨੇ।
ਹਾਸ਼ਮ ਸੱਸੀ ਸੋਹਣੀ ਲਿਖੀ ਸਦ ਰਹਿਮਤ ਉਸਤਾਦੋਂ।
ਪਰ ਦਿਲ ਵਿੱਚ ਵੱਡਾ ਤੁਅਜਬ ਆਵੇ ਸ਼ੀਰੀ ਤੇ ਫਰਹਾਦੋਂ।



Downloaded from https:// www.studiestoday.com

Downloaded from https:// www.studiestoday.com

**(ਣ) ਮੀਆਂ ਅਮਾਮ ਬਖ਼ਸ (1778-1863 ਈ.)**

ਮੀਆਂ ਅਮਾਮ ਬਖ਼ਸ ਦਾ ਜਨਮ 1778 ਈ. ਵਿੱਚ ਪਿੰਡ ਪਸੀਆਂਵਾਲਾ, ਜ਼ਿਲਾਂ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਉਹ ਜ਼ਾਤ ਦਾ ਕੁਰੈਸ਼ੀ ਸੀ ਅਤੇ ਤਰਖਾਣ ਦਾ ਕਿੱਤਾ ਕਰਦਾ ਸੀ। ਲਾਹੌਰ ਵਿੱਚ ਬੱਚਿਆਂ ਨੂੰ ਕੁਰਾਨ ਸ਼ਰੀਫ ਪੜ੍ਹਾਇਆ ਕਰਦਾ ਸੀ। ਉਸਦੀ ਮਿਰਤੂ 1863 ਈ. ਵਿੱਚ ਹੋਈ। ਮੀਆਂ ਅਮਾਮ ਬਖ਼ਸ ਦੀਆਂ ਪ੍ਰਮੁੱਖ ਕਿੱਸਾ ਰਚਨਾਵਾਂ ਇਸ ਤਰ੍ਹਾਂ ਹਨ-

1. ਸ਼ਾਹ ਬਹਿਰਾਮ
2. ਕਿੱਸਾ ਲੈਲਾ ਮਜਨੂੰ
3. ਕਿੱਸਾ ਚੰਦਰ ਬਦਨ
4. ਕਿੱਸਾ ਗੁਲ ਸਨੋਬਰ

ਇਸ ਤੋਂ ਬਿਨਾਂ 'ਮੁਨਾਜਾਤ ਮੀਆਂ ਵੱਡਾ' ਨਾਂ ਦੀ ਰਚਨਾ ਮੀਆਂ ਵੱਡ ਦੇ ਜੀਵਨ ਤੇ ਸਿਧਾਂਤਾਂ ਬਾਰੇ ਅਤੇ 'ਬਦੀਉਲ ਜਮਾਲ' ਇਸਲਾਮੀ ਸਿਧਾਂਤਾਂ ਨਾਲ ਸੰਬੰਧਿਤ ਉਸਦੀਆਂ ਹੋਰ ਪੁਸਤਕਾਂ ਹਨ।

ਮੀਆਂ ਅਮਾਮ ਬਖ਼ਸ ਦਾ ਕਿੱਸਾ 'ਸ਼ਾਹ ਬਹਿਰਾਮ' ( ਬਹਿਰਾਮ ਗੋਰ) ਉਸਦਾ ਸਭ ਤੋਂ ਮਸ਼ਹੂਰ ਕਿੱਸਾ ਹੈ । ਇਹ ਕਿੱਸਾ ਉਸਦਾ ਸੱਭ ਤੋਂ ਵੱਧ ਵਿਕਿਆ ਹੈ। **ਮੌਲਾ ਬਖ਼ਸ ਕੁਸ਼ਤਾ** ਅਨੁਸਾਰ ਸ਼ਾਇਦ ਹੀ ਕੋਈ ਘਰਾਣਾ ਹੋਵੇ ਜਿਥੇ ਇਹ ਕਿੱਸਾ ਨਾ ਪੁੱਜਾ ਹੋਵੇ। 'ਸ਼ਾਹ ਬਹਿਰਾਮ' ਦੇ ਕਿੱਸੇ ਦੀ ਕਹਾਣੀ ਦਾ ਆਧਾਰ ਕਵੀ ਫ਼ਿਰਦੌਸੀ ਦਾ ਸ਼ਾਹਨਾਮਾ ਹੈ। ਇਸ ਵਿੱਚ ਈਰਾਨ ਦੇਸ਼ ਦੇ ਬਾਦਸ਼ਾਹ ਬਹਿਰਾਮ ਦਾ ਹੁਸਨ ਬਾਨੋ ਨਾਂ ਦੀ ਇਕ ਪਰੀ ਨਾਲ ਪ੍ਰੇਮ ਹੋਣ ਦੀ ਕਥਾ ਦਾ ਵਰਣਨ ਹੈ। ਇਹ ਕਿੱਸਾ ਦਵੱਈਆ ਛੰਦ ਵਿੱਚ ਰਚਿਆ ਗਿਆ ਹੈ। ਇਸ ਕਿੱਸੇ ਦੀ ਵੰਨਗੀ ਦੇਖਣਯੋਗ ਹੈ-

ਖੁਸ਼ ਆਵਾਜ਼ ਜਨਾਵਰ ਬੋਲਣ, ਉੱਪਰ ਹਰ ਹਰ ਡਾਲੇ।
ਵੇਖ ਬਹਾਰ ਚਮਨ ਦੀ ਪੜ੍ਹਦੇ, ਸਿਫ਼ਤ ਖੁਦਾਵੰਦ ਤਾਰੇ।
ਸਾਇਆਦਾਰ ਦਰਖਤਾਂ ਵਿੱਚੋਂ, ਵਗਣ ਸਰਦ ਹਵਾਈਂ।
ਰੰਗ ਮਹਲ ਸੁਨਹਿਰੀ ਕੰਧਾਂ, ਵਾਂਗ ਬਹਿਸ਼ਤ ਬਣਾਈ।

ਕਿੱਸਾ ਲੈਲਾ ਮਜਨੂੰ ਨੂੰ ਕਵੀ ਆਪਣਾ ਦੀਵਾਨ ਦੱਸਦਾ ਹੈ। ਇਹ ਉਸਨੇ ਮੌਲਾਨਾ ਨਿਜ਼ਾਮੀ, ਮੁੱਲਾ ਹਾਤਫ਼ੀ, ਅਮੀਰ ਖੁਸਰੋ ਆਦਿ ਫ਼ਾਰਸੀ ਰਚਨਾਵਾਂ ਦੇ ਆਧਾਰ ਉੱਤੇ ਲਿਖਿਆ ਹੈ। ਇਸ ਦੀ ਮਿਸਾਲ ਇਸ ਤਰ੍ਹਾਂ ਹੈ –

ਚਾਵਲ ਲਏ ਨਜਾਮੀ ਪਾਸੋਂ, ਦਾਲ ਹਾਤਫ਼ ਨੇ ਪਾਈ।
ਰੋਗਨ ਖੁਸਰੋ ਨਮਕ ਅਸਾਡਾ, ਖਿਚੜੀ ਅਜਬ ਪਕਾਈ।
ਫ਼ਾਰਸੀ ਕਹੇ ਦੀਵਾਨ ਲੋਕਾਂ ਨੇ, ਹੋਰ ਇਸ਼ਕ ਸ਼ਤਾਬੀ।
ਇਹ ਦੀਵਾਨ ਅਮਾਮ ਬਖ਼ਸ ਦਾ ਵਿੱਚ ਜਬਾਨ ਪੰਜਾਬੀ।

ਕਵੀ ਦਾ ਤੀਜਾ ਕਿੱਸਾ 'ਚੰਦਰ ਬਦਨ' ਹੈ। ਇਸ ਵਿੱਚ ਕਵੀ ਨੇ ਨਵੀਨ ਕਥਾ ਨੂੰ ਪੇਸ਼ ਕੀਤਾ ਹੈ। ਇਸ ਵਿੱਚ ਮੁਸਲਮਾਨ ਸੌਦਾਗਰ ਮਈਆਰ ਅਤੇ ਹਿੰਦੂ ਰਾਜਕੁਮਾਰੀ ਚੰਦਰ ਬਦਨ ਦੀ ਪ੍ਰੇਮ ਕਹਾਣੀ ਨੂੰ ਬੈਂਤਾਂ ਵਿੱਚ ਨਿਭਾਇਆ ਗਿਆ ਹੈ। ਇਹ ਕਿੱਸਾ ਅਸੁਭਾਵਿਕ ਘਟਨਾਵਾਂ ਅਤੇ ਰਸ ਤੇ ਰਵਾਨੀ ਪੱਖੋਂ ਸੱਖਣਾ ਹੋਣ ਕਾਰਣ ਬਹੁਤਾ ਪ੍ਰਸਿੱਧ ਨਹੀਂ ਹੋਇਆ।

ਕਿੱਸਾ 'ਗੁਲ ਸਨੋਬਰ' ਫ਼ਾਰਸੀ ਮਸਨਵੀ ਦਾ ਅਨੁਵਾਦ ਹੈ। ਇਸ ਦਾ ਅਨੁਵਾਦ ਏਨਾ ਮੋਲਿਕ ਹੈ ਕਿ ਬਿਲਕੁਲ ਅਸਲ ਵਰਗਾ ਹੀ ਜਾਪਦਾ ਹੈ। ਅਮਾਮ ਬਖਸ਼ ਦੀ ਪ੍ਰਸੰਸਾ ਕਰਦਾ ਹੋਇਆ ਮੁਹੰਮਦ ਬਖਸ਼ ਲਿਖਦਾ ਹੈ-



Downloaded from https:// www.studiestoday.com

Downloaded from https:// www.studiestoday.com

ਮੀਆਂ ਇਕ ਅਮਾਮ ਬਖਸ਼ ਸੀ, ਰਹਿੰਦਾ ਪਸੀਆਂ ਵਾਲੇ।
ਸ਼ਿਅਰ ਉਹਦਾ ਭੀ ਵਾਂਗ ਸਬੂਣੇ, ਮੈਲ ਦਿਲਾਂ ਥੋਂ ਲਾਭੇ।

**(ਸ) ਕਾਦਰਯਾਰ** (1800 –1892 **ਈ**.)

ਕਾਦਰਯਾਰ ਦਾ ਅਸਲ ਨਾਂ ਕਾਦਰਬਖ਼ਸ਼ ਸੀ। ਇਹ ਜ਼ਾਤ ਦਾ ਸੰਧੂ ਜੱਟ ਸੀ ਅਤੇ ਪਿੰਡ ਮਾਛੀ ਕੇ, ਜਿਲ੍ਹਾ ਸੇਖ਼ੂਪੁਰਾ (ਪਾਕਿਸਤਾਨ) ਦਾ ਵਸਨੀਕ ਸੀ। ਉਸਨੇ ਸਭ ਤੋਂ ਪਹਿਲਾਂ 'ਰੋਜ਼ਨਾਮਾ' ਲਿਖਿਆ ਅਤੇ ਬਾਅਦ ਵਿੱਚ 'ਮਿਆਰਾਜਨਾਮਾ'। ਇਹ ਦੋਵੇਂ ਰਚਨਾਵਾਂ ਇਸਲਾਮੀ ਰਹੁ-ਰੀਤ ਅਤੇ ਅਧਿਆਤਮਿਕਤਾ ਨਾਲ ਸੰਬੰਧਿਤ ਹਨ। ਉਸ ਦੀਆਂ ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ –

1. ਰੋਜ਼ਨਾਮਾ
2. ਮਿਆਰਾਜਨਾਮਾ
3. ਕਿੱਸਾ ਪੂਰਨ ਭਗਤ
4. ਕਿੱਸਾ ਸੋਹਣੀ ਮਹੀਂਵਾਲ
5. ਵਾਰ ਰਾਜਾ ਰਸਾਲੂ ਰਾਣੀ ਕੋਕਿਲਾਂ
6. ਵਾਰ ਹਰੀ ਸਿੰਘ ਨਲਵਾ

'ਪੂਰਨ ਭਗਤ' ਅਤੇ 'ਰਾਜਾ ਰਸਾਲੂ' ਨਾਲ ਸੰਬੰਧਿਤ ਕਥਾਵਾਂ ਨੂੰ ਕਾਵਿ ਵਿੱਚ ਪੇਸ਼ ਕਰਨ ਦਾ ਸਿਹਰਾ ਕਾਦਰਯਾਰ ਦੇ ਸਿਰ ਹੀ ਹੈ। 'ਕਿੱਸਾ ਪੂਰਨ ਭਗਤ' ਉਸਦੀ ਸ਼ਾਹਕਾਰ ਰਚਨਾ ਹੈ, ਜੋ ਸੀਹਰਫ਼ੀ ਕਾਵਿ ਰੂਪ ਤੇ ਬੈਂਤ ਛੰਦ ਵਿੱਚ ਰਚੀ ਹੋਈ ਹੈ। ਸਰਲ ਅਤੇ ਠੇਠ ਪੰਜਾਬੀ ਦੀ ਵਰਤੋਂ ਹੈ ਤੇ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਬੜਾ ਘੱਟ ਪ੍ਰਯੋਗ ਹੈ। ਕਾਦਰਯਾਰ ਦੇ 'ਕਿੱਸਾ ਪੂਰਨ ਭਗਤ' ਉਪਰ ਖ਼ੁਸ਼ ਹੋ ਕੇ ਇਕ ਸਰਦਾਰ ਨੇ ਖੂਹ ਇਨਾਮ ਵਿੱਚ ਦਿੱਤਾ ਸੀ। ਕਿੱਸਾ ਪੂਰਨ-ਭਗਤ ਦੀ ਵੰਨਗੀ ਇਸ ਤਰ੍ਹਾਂ ਹੈ-

ਜ਼ਾਲ ਜਰਾ ਵੀ ਨ ਤਾਕਤ ਰਹੀ ਤਨ ਵਿੱਚ, ਰਾਣੀ ਗਾਂਵਦੀ ਗਮਾਂ ਦੇ ਗੀਤ ਲੋਕੋ।
ਮੈਂ ਭੁੱਲੀ ਹਾਂ ਤੁਸੀਂ ਨ ਭੁਲਿਯੋ ਜੇ, ਲਾਇਓ ਜੋਗੀਆਂ ਨਾਲ ਨ ਪ੍ਰੀਤ ਲੋਕੋ।
ਜੰਗਲ ਗਏ ਨ ਬਹੁੜੇ ਸੁੰਦਰਾਂ ਨੂੰ, ਜੋਗੀ ਨਹੀਂ ਕਿਸੇ ਦੇ ਮੀਤ ਲੋਕੋ।
ਕਾਦਰਯਾਰ ਪੁਛੇ ਕਿਹੜਾ ਦੁਖ ਮੇਰਾ, ਓਸੇ ਵਕਤ ਹੋਇਆ ਪਥਰਚੀਤ ਲੋਕੋ।

ਕਾਦਰਯਾਰ ਨੇ 'ਕਿੱਸਾ ਸੋਹਣੀ ਮਹੀਂਵਾਲ' ਦੋਹਿਰਾ ਛੰਦ ਵਿੱਚ ਰਚਿਆ ਹੈ। ਜਿਸਦੇ ਹਰ ਬੰਦ ਦੀਆਂ ਦੋ ਤੁਕਾਂ ਦੀ ਥਾਂ ਚਾਰ-ਚਾਰ ਤੁਕਾਂ ਹਨ। ਬੋਲੀ ਸਾਦੀ ਤੇ ਠੇਠ ਪੰਜਾਬੀ ਹੈ। ਬਿਰਹੋਂ ਦੀ ਭਾਵਨਾ, ਦ੍ਰਿਸ਼ ਵਰਣਨ ਅਤੇ ਪ੍ਰਾਕ੍ਰਿਤਿਕ ਵਾਤਾਵਰਨ ਦੀ ਉਸਾਰੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ ਹੈ। ਇਸ ਕਿੱਸੇ ਵਿੱਚ ਸੋਹਣੀ ਦੀ ਸੁੰਦਰਤਾ ਦਾ ਬਿਆਨ ਵੇਖਣਯੋਗ ਹੈ-

ਲਾਇਕ ਸੋਹਣੀ ਸਿਫ਼ਤ ਦੇ, ਅੰਦਰ ਹੁਸਨ ਕਮਾਲ।
ਚੰਦ ਮੱਥੇ ਵਿੱਚ ਡਲ੍ਹਕਦਾ, ਜੋਸ਼ ਹੁਸਨ ਦੇ ਨਾਲ।
ਠੋਡੀ ਕਦਰ ਬਦਾਮ ਦੀ, ਵਾਂਗੂ ਮੀਮ ਦਹਾਨ।
ਬਾਜੂ ਘੜੇ ਖਰਾਦੀਆਂ, ਖ਼ਾਸ ਖਰਾਦ ਉਤਾਰ।
ਉਂਗਲੀਆਂ ਵਿੱਚ ਨਾਜ਼ਕੀ, ਫ਼ਲੀਆਂ ਦੇ ਮਿਕਦਾਰ।
ਸੋਹਣੀ ਉੱਤੇ ਰੱਬ ਨੇ ਦਿੱਤਾ ਏਡਾ ਹੁਸਨ ਖਿਲਾਰ।

'ਵਾਰ ਰਾਜਾ ਰਸਾਲੂ ਰਾਣੀ ਕੋਕਿਲਾਂ' ਅਤੇ 'ਵਾਰ ਹਰੀ ਸਿੰਘ ਨਲਵਾ' ਉਸਦੀਆਂ ਬੀਰ ਕਾਵਿ ਧਾਰਾ ਅਧੀਨ ਰਚੀਆਂ ਰਚਨਾਵਾਂ ਹਨ।



Downloaded from https:// www.studiestoday.com

Downloaded from https:// www.studiestoday.com

**(ਹ) ਵੀਰ ਸਿੰਘ ਅਤੇ ਜੋਗਾ ਸਿੰਘ (ਕਿੱਸਾ ਹੀਰ-ਰਾਂਝਾ)**

ਵੀਰ ਸਿੰਘ ਅਤੇ ਜੋਗਾ ਸਿੰਘ ਅਜਿਹੇ ਕਿੱਸਾਕਾਰ ਹਨ। ਜਿਨ੍ਹਾਂ ਨੇ ਕਿੱਸਾ ਕਾਵਿ ਵਿੱਚ ਸਿੱਖ ਕਵੀਆਂ ਵੱਜੋਂ ਪਹਿਲ ਕੀਤੀ।

ਵੀਰ ਸਿੰਘ ਪਟਿਆਲੇ ਦਾ ਰਹਿਣ ਵਾਲਾ ਸੀ। ਉਸਨੇ 284 ਕਾਵਿ-ਬੰਦਾਂ ਵਿੱਚ 'ਹੀਰ ਰਾਂਝੇ' ਦਾ ਕਿੱਸਾ ਲਿਖਿਆ। ਇਸ ਵਿੱਚ 283 ਝੂਲਣੇ ਅਤੇ ਇਕ ਕਬਿੱਤ ਹੈ। ਇਸ ਕਿੱਸੇ ਨੂੰ ਭਾਰਤੀ ਮਿਥਿਹਾਸ ਨਾਲ ਜੋੜ ਕੇ ਲਿਖਿਆ ਗਿਆ ਹੈ। ਇਸ ਵਿੱਚ ਹੀਰ ਰਾਂਝੇ ਦਾ ਵਿਆਹ ਵੀ ਕਰਵਾ ਦਿੱਤਾ ਗਿਆ ਹੈ। ਇਸ ਤਰ੍ਹਾਂ ਮੂਲ ਕਥਾ ਨੂੰ ਹੀ ਬਦਲ ਕੇ ਪੇਸ਼ ਕੀਤਾ ਗਿਆ ਹੈ। ਹੀਰ ਨਾਲੋਂ ਰਾਂਝੇ ਦੇ ਵਿਛੋੜੇ ਨੂੰ ਇਸ ਤਰ੍ਹਾਂ ਬਿਆਨਿਆ ਗਿਆ ਹੈ -

ਰਾਂਝਾ ਕੂਕਦਾ ਹੀਰ ਦਾ ਨਾਉਂ ਲੈ ਕੇ,
ਨਾਰੇ ਮਾਰਦਾ ਸੁਣਿਆ ਸੀ ਜੱਗ ਮੀਆਂ।
ਜਿੱਥੇ ਹੀਰ ਰਾਂਝਾ ਮਿਲ ਕੇ ਖੇਡਦੇ ਸੀ,
ਰੌਂਦੇ ਬੂਟਿਆਂ ਦੇ ਗਲ ਲੱਗ ਮੀਆਂ।

ਜੋਗਾ ਸਿੰਘ ਨੇ ਵੀ ਕਿੱਸਾ 'ਹੀਰ ਰਾਂਝਾ' ਦੀ ਰਚਨਾ ਕੀਤੀ। ਉਸਨੇ ਇਹ ਰਚਨਾ ਕਬਿੱਤ ਛੰਦ ਵਿੱਚ ਕੀਤੀ। ਇਸਦੇ 260 ਕਾਵਿ ਬੰਦ ਹਨ। ਉਹ ਕਿੱਸੇ ਦੇ ਅਖੀਰ ਵਿੱਚ ਹੀਰ ਤੇ ਰਾਂਝੇ ਨੂੰ ਮੱਕੇ ਦੀ ਬਜਾਏ ਸਵਰਗ ਵਿੱਚ ਭੇਜ ਦਿੰਦਾ ਹੈ। ਜਿਥੇ ਦੇਵਤੇ ਉਨ੍ਹਾਂ ਦੀ ਜੈ-ਜੈ ਕਾਰ ਕਰਦੇ ਹਨ। ਉਸਦੇ ਕਿੱਸੇ ਤੋਂ ਕਿੱਸਾਕਾਰ ਭਗਵਾਨ ਸਿੰਘ ਪ੍ਰਭਾਵਿਤ ਹੋਇਆ ਜਾਪਦਾ ਹੈ। ਇਹ ਦੋਵੇਂ ਕਿੱਸਾਕਾਰ ਕਹਾਣੀ ਨੂੰ ਭਾਰਤੀ ਮਿਥਿਹਾਸ ਨਾਲ ਜੋੜਦੇ ਹਨ।

ਇਸ ਕਾਲ ਦੇ ਹੋਰ ਕਿੱਸਾਕਾਰਾਂ ਵਿੱਚ ਸ਼ਾਹ ਮੁਹੰਮਦ ਰਚਿਤ 'ਸੱਸੀ ਪੁੰਨੂੰ', ਸੁਲਤਾਨ ਅਹਿਮਦ ਰਚਿਤ 'ਸੱਸੀ ਪੁਨੂੰ', ਨਿਹਾਲ ਰਚਿਤ 'ਸਖੀ ਸਰਵਰ ਦਾ ਵਿਆਹ' ਅਤੇ 'ਸਖੀ ਸਰਵਰ ਤੇ ਜਤੀ', ਮੌਲਵੀ ਨੂਰ ਮੁਹੰਮਦ ਦਾ 'ਕਿੱਸਾ ਚੰਦਰ ਬਦਨ', ਗੰਗਾਰਾਮ ਦਾ 'ਕਿੱਸਾ ਗੋਪੀਚੰਦ' ਅਤੇ 'ਕਿੱਸਾ ਮੈਨਾਵੰਤੀ' ਆਦਿ ਵਰਣਨ ਯੋਗ ਨਾਂ ਹਨ। ਪਰੰਤੂ ਇਹ ਸਾਰੇ ਕਿੱਸਾਕਾਰ ਸਾਧਾਰਣ ਪੱਧਰ ਦੇ ਕਿੱਸਿਆਂ ਦੀ ਹੀ ਰਚਨਾ ਕਰਦੇ ਹਨ, ਜਿਹੜੇ ਕਾਵਿ ਸੁਹਜ ਦੀ ਥਾਂ ਲਕੀਰ ਦੇ ਫ਼ਕੀਰ ਵੱਧ ਪ੍ਰਤੀਤ ਹੁੰਦੇ ਹਨ। ਇਨ੍ਹਾਂ ਵਿੱਚੋਂ ਸ਼ਾਹ ਮੁਹੰਮਦ ਰਚਿਤ 'ਕਿੱਸਾ ਸੱਸੀ ਪੁਨੂੰ' ਵਿਸ਼ੇਸ਼ ਸਥਾਨ ਰੱਖਦਾ ਹੈ, ਪਰੰਤੁ ਇਹ ਸ਼ਾਹ ਮੁਹੰਮਦ ਦੇ ਜੰਗਨਾਮੇ ਜਿਤਨਾ ਪ੍ਰਪੱਕ ਨਹੀਂ। 'ਸੀਹਰਫ਼ੀ' ਕਾਵਿ ਰੂਪ ਵਿੱਚ ਰਚਿਤ ਇਸ ਕਿੱਸੇ ਦੀ ਵੰਨਗੀ ਇਸ ਤਰ੍ਹਾਂ ਹੈ -

ਖੇ-ਖੁਦੀ ਗੁਮਾਨ ਨਾ ਰਿਹਾ ਕੋਈ, ਮੈ ਤਾਂ ਡੁੱਬੀ ਵਿੱਚ ਇਸ਼ਕ ਦੀ ਲਹਿਰ ਮਾਏ।
ਮੇਰੀ ਪ੍ਰੀਤ ਚਕੋਰ ਪਤੰਗ ਵਾਲੀ, ਸਹਾਂ ਆਪਣੇ ਸਿਰ ਤੇ ਕਹਿਰ ਮਾਏ।
ਚਸ਼ਮਾਂ ਆਬੇ ਹਿਆਤ ਦਾ ਹੋਤ ਪੁੰਨੂੰ, ਹੋਰ ਸਭ ਜਹਾਨ ਹੈ ਕਹਿਰ ਮਾਏ।
ਸ਼ਾਹ ਮੁਹੰਮਦਾ ਰਬ ਜੇ ਮਿਹਰ ਕਰਸੀ, ਚਲ ਵੇਖਸਾਂ ਪੁੰਨੂੰ ਦਾ ਸ਼ਹਿਰ ਮਾਏ।

## ਪਰਿਵਰਤਨ ਕਾਲ ਦੇ ਪ੍ਰਸਿੱਧ ਕਿੱਸਾਕਾਰ (1850 ਈ. - 1900 ਈ.)

19ਵੀਂ ਸਦੀ ਦੇ ਪਹਿਲੇ ਅੱਧ ਤੋਂ ਬਾਅਦ ਵੀ ਕਈ ਕਿੱਸਾਕਾਰ ਪਰੰਪਰਾਗਤ ਰਚਨਾਵਾਂ ਨਾਲ ਜੁੜੇ ਹੋਏ ਸਨ। ਇਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਕਿੱਸਾ ਕਾਵਿ ਵਿੱਚ ਵਿਸ਼ੇਸ ਸਥਾਨ ਰੱਖਦੀਆਂ ਹਨ। ਇਨ੍ਹਾਂ ਪ੍ਰਮੁੱਖ ਕਿੱਸਾਕਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ-

**(ੳ) ਫ਼ਜ਼ਲ ਸ਼ਾਹ (1820 - 1890 ਈ.)**

ਫ਼ਜ਼ਲ ਸ਼ਾਹ ਇਨ੍ਹਾਂ ਵਿੱਚ ਸਭ ਤੋਂ ਪ੍ਰਮੁੱਖ ਕਿੱਸਾ ਕਵੀ ਹੈ। ਉਸਦਾ ਜਨਮ ਪਿੰਡ ਨਵਾਂ ਕੋਟ, ਜਿਲ੍ਹਾ ਲਾਹੌਰ (ਪਾਕਿਸਤਾਨ) ਵਿੱਚ ਹੋਇਆ। ਉਸਨੇ ਆਪਣੀ ਸਾਰੀ ਜਿੰਦਗੀ ਲਾਹੌਰ ਵਿੱਚ ਸਰਕਾਰੀ



Downloaded from https:// www.studiestoday.com

Downloaded from https:// www.studiestoday.com

ਨੌਕਰੀ ਕਰਦਿਆਂ ਬਤੀਤ ਕੀਤੀ। ਉਸਨੇ ਪੰਜ ਕਿੱਸਿਆਂ ਦੀ ਰਚਨਾ ਕੀਤੀ-

1. ਸੋਹਣੀ ਮਹੀਂਵਾਲ (1848)
2. ਸੱਸੀ ਪੁੰਨੂੰ (1862)
3. ਹੀਰ ਰਾਂਝਾ (1866)
4. ਲੈਲਾ ਮਜਨੂੰ (1870)
5. ਯੂਸਫ਼ ਜ਼ੁਲੈਖਾਂ (1870)

ਫ਼ਜ਼ਲ ਸ਼ਾਹ ਦਾ ਕਿੱਸਾ 'ਸੋਹਣੀ ਮਹੀਵਾਲ' ਸਭ ਤੋਂ ਵੱਧ ਲੋਕਪ੍ਰਿਯਤਾ ਹਾਸਿਲ ਕਰਦਾ ਹੈ। ਉਸਦੀ ਇਹ ਰਚਨਾ ਪੰਜਾਬੀ ਕਿੱਸਾ ਕਾਵਿ ਵਿੱਚ 'ਸੋਹਣੀ - ਫ਼ਜ਼ਲ ਸ਼ਾਹ' ਦੇ ਨਾਂ ਵੱਜੋਂ ਮਕਬੂਲ ਹੈ। ਉਸਨੇ ਕਿੱਸੇ ਦੀ ਕਹਾਣੀ ਨੂੰ ਬੈਂਤ ਛੰਦ ਵਿੱਚ ਬੜੀ ਕਾਮਯਾਬੀ ਨਾਲ ਚਿਤਰਿਆ ਹੈ। ਡਾ. ਮੋਹਨ ਸਿੰਘ ਦੀਵਾਨਾ ਉਸਨੂੰ 'ਸ਼ਬਦ ਅਲੰਕਾਰਾਂ ਦਾ ਮਾਹਿਰ' ਕਵੀ ਮੰਨਦੇ ਹਨ। 'ਕਿੱਸਾ ਸੋਹਣੀ ਮਹੀਂਵਾਲ' ਦੇ ਅੰਤ ਵਿੱਚ ਉਹ ਆਪਣੇ ਬਾਰੇ ਇੰਝ ਬਿਆਨ ਕਰਦਾ ਹੈ-

ਮੇਰੇ ਮਿਲਣ ਸੰਦੀ ਜੇਕਰ ਸਿੱਕ ਤੈਨੂੰ,
ਦੱਸਾਂ ਆਪਣਾ ਥਾਂ ਮਕਾਨ ਬੇਲੀ।
ਨਵਾਂ ਕੋਟ ਲਾਹੌਰ ਦੀ ਤਰਫ਼ ਦੱਖਣ,
ਪੈਂਡਾ ਨੀਮ ਫਰਸੰਗ ਦਾ ਜਾਨ ਬੇਲੀ।
ਉਸ ਜਗ੍ਹਾ ਤੇ ਮੈਂ ਵਸਨੀਕ ਕੀਤੀ,
ਗੱਲ ਇਸ਼ਕ ਦੀ ਕੁੱਲ ਬਿਆਨ ਕੀਤੀ।
ਵੀਹਵੇਂ ਸਾਲ ਅੰਦਰ ਮੇਰਾ ਪੈਰ ਆਹਾ,
ਕੀਤੀ ਖ਼ਿਜ਼ਰ ਮੈਨੂੰ ਖ਼ੈਰ ਦਾਨ ਬੇਲੀ।

**(ਅ) ਮੀਆਂ ਮੁਹੰਮਦ ਬਖ਼ਸ਼ (1829 - 1904 ਈ.)**

ਮੀਆਂ ਮੁਹੰਮਦ ਬਖਸ਼ ਪਿੰਡ ਠਾਕਰ ਜ਼ਿਲ੍ਹਾ ਜਿਹਲਮ (ਪਾਕਿਸਤਾਨ) ਦਾ ਵਸਨੀਕ ਸੀ। ਉਸਦੇ ਪਿਤਾ ਦਾ ਨਾਂ ਮੀਆਂ ਸ਼ਮਸਦੀਨ ਸੀ, ਜੋ ਸ਼ਾਹ ਗਾਜ਼ੀ ਕਲੰਦਰ ਦੀ ਗੱਦੀ ਉੱਪਰ ਬਿਰਾਜਮਾਨ ਹੋਇਆ। ਮੁਹੰਮਦ ਬਖ਼ਸ਼ ਨੇ ਆਪਣੀ ਪਿਤਰੀ ਗੱਦੀ ਆਪਣੇ ਭਰਾ ਨੂੰ ਸੌਂਪ ਦਿੱਤੀ ਤੇ ਵੈਰਾਗ ਧਾਰਨ ਕਰ ਲਿਆ। ਕਈ ਪੀਰਾਂ-ਫ਼ਕੀਰਾਂ ਦੇ ਡੇਰਿਆਂ ਤੇ ਫਿਰ - ਫਿਰ ਕੇ ਇਸਲਾਮੀ ਧਾਰਮਿਕ ਅਤੇ ਸਾਹਿਤਿਕ ਵਿੱਦਿਆ ਗ੍ਰਹਿਣ ਕੀਤੀ। ਉਸਨੂੰ ਪੰਜਾਬੀ ਦੇ ਨਾਲ-ਨਾਲ ਅਰਬੀ-ਫ਼ਾਰਸੀ ਦਾ ਵੀ ਚੰਗਾ ਗਿਆਨ ਸੀ। ਉਸ ਦੁਆਰਾ ਰਚਿਤ ਜ਼ਿਆਦਾਤਰ ਰਚਨਾਵਾਂ ਪੰਜਾਬੀ ਵਿੱਚ ਹਨ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ -

1. ਸੈਫ਼ੁਲ ਮਲੂਕ
2. ਸੀਰੀਂ ਫਰਹਾਦ
3. ਸੋਹਣੀ ਮਹੀਂਵਾਲ
4. ਗਲਜ਼ਾਰੇ ਫ਼ਕਰ
5. ਤੁਹਫਾ ਮੀਰ
6. ਬਦਰ ਅਲਜਮਾਲ
7. ਮਿਰਜ਼ਾ ਸਾਹਿਬਾ
8. ਕਿੱਸਾ ਸ਼ਾਹ ਮਨਸੂਰ
9. ਕਿੱਸਾ ਸ਼ੇਖ ਸਨਿਆ

ਇਨ੍ਹਾਂ ਤੋਂ ਬਿਨਾ ਉਸਦੀਆਂ ਕੁਝ ਸੀਹਰਫ਼ੀਆਂ, ਗ਼ਜ਼ਲਾਂ ਤੇ ਦੋਹਿਰੇ ਆਦਿ ਵੀ ਮਿਲਦੇ ਹਨ। ਉਸਦਾ ਕਿੱਸਾ 'ਸੈਫ਼ਲ-ਮਲੂਕ' ਉਸਦੀ ਸ਼ਾਹਕਾਰ ਰਚਨਾ ਹੈ। ਇਸਦੇ ਕੁੱਲ 9128 ਬੈਂਤ ਹਨ। ਇਹ ਇਕ ਵੱਡੇ ਆਕਾਰ ਵਾਲੀ ਰਚਨਾ ਹੈ। ਇਸ ਵਿੱਚ ਮਿਸਰ ਦੇ ਰਾਜਕੁਮਾਰ ਸੈਫ਼ੁਲ ਮਲੂਕ ਅਤੇ ਸ਼ਾਹਪਾਲ ਦੀ



Downloaded from https:// www.studiestoday.com

Downloaded from https:// www.studiestoday.com

ਪੁੱਤਰੀ ਸ਼ਾਹ ਪਰੀ ਦੀ ਪ੍ਰੇਮ ਕਹਾਣੀ ਦਾ ਵਰਣਨ ਹੋਇਆ ਹੈ। ਕਿੱਸੇ ਦੀ ਭਾਸ਼ਾ ਸਰਲ ਹੈ। ਅਰਬੀ – ਫਾਰਸ਼ੀ ਸਬਦਾਵਲੀ ਦੀ ਵਰਤੋਂ ਵੀ ਕੀਤੀ ਗਈ ਹੈ। ਕਵੀ ਨੇ ਅਹਿਮਦਯਾਰ ਵਾਂਗ ਇਸ ਕਿੱਸੇ ਵਿੱਚ ਵੀ ਆਪਣੇ ਤੋਂ ਪਹਿਲਾਂ ਹੋਏ ਕਿੱਸਾਕਾਰਾਂ ਦੀ ਕਾਵਿ-ਆਲੋਚਨਾ ਪੱਖੋਂ ਪੰਜਾਹ ਦੇ ਕਰੀਬ ਸ਼ਿਅਰਾਂ ਦੀ ਸਿਰਜਨਾ ਕੀਤੀ ਹੈ ਜਿਵੇਂ-

ਵਾਰਿਸ ਸ਼ਾਹ ਸੁਖਨ ਦਾ ਵਾਰਿਸ, ਨਿੰਦੇ ਕੌਣ ਇੰਨ੍ਹਾਂ ਨੂੰ।
ਹਰਫ ਉਹਦੇ ਤੇ ਉਂਗਲ ਧਰਨੀ, ਨਾਹੀਂ ਕਦਰ ਅਸਾਂ ਨੂੰ।
ਮੁਕਬਲ ਦੀ ਗੱਲ ਸਿਧੀ ਸਾਦੀ, ਹੈ ਮਕਬੂਲ ਪਿਆਰੀ।
ਲਫ਼ਜ ਮਹੀਨ ਤੇ ਮੈਅਨੇ ਬਹੁਤੇ, ਯਾਦ ਰੱਖਣ ਦੇ ਕਾਰੀ।

ਮੀਆਂ ਮੁਹੰਮਦ ਬਖ਼ਸ਼ ਆਪਣੀ ਇੱਕੋ ਰਚਨਾ 'ਸੈਫ਼ੁਲ ਮਲੂਕ' ਕਾਰਣ ਹੀ ਪ੍ਰਸਿੱਧੀ ਹਾਸਿਲ ਕਰਦਾ ਹੈ। ਉਹ ਆਪਣੇ ਬਾਰੇ ਕਿੱਸੇ ਵਿੱਚ ਲਿਖਦਾ ਹੈ –

ਸ਼ਾਇਰ ਨਾਮ ਧਰਾਵਣ ਲਾਇਕ, ਕਦਰ ਨਹੀਂ ਕੁਝ ਮੇਰਾ।
ਉਹ ਖੇਤਾਂ ਦੇ ਸਾਈਂ, ਮੇਰਾ ਖਾਲ ਬੰਨੇ ਪਰ ਡੇਰਾ।

(ੲ) **ਕਿਸ਼ਨ ਸਿੰਘ ਆਰਿਫ਼** (1836 – 1900 ਈ.)

ਕਿਸ਼ਨ ਸਿੰਘ ਆਰਿਫ਼ ਇਸ ਕਾਲ ਦਾ ਪਹਿਲਾ ਸਿੱਖ ਕਿੱਸਾਕਾਰ ਹੈ। ਇਸ ਦੇ ਪਿਤਾ ਦਾ ਨਾਂ ਨਰੈਣ ਸਿੰਘ ਤੇ ਜਨਮ ਸਥਾਨ ਅੰਮ੍ਰਿਤਸਰ (ਪੰਜਾਬ) ਸੀ। ਉਸਦੇ ਪਿਤਾ ਦੀ ਕਿਤਾਬਾਂ ਦੀ ਦੁਕਾਨ ਹੋਣ ਕਾਰਨ ਉੱਥੋਂ ਹੀ ਇਸਨੂੰ ਪੁਸਤਕਾਂ ਪੜ੍ਹਣ ਦੀ ਪ੍ਰੇਰਨਾਂ ਮਿਲੀ। ਗੁਲਾਬਦਾਸੀ ਸੰਪ੍ਰਦਾਇ ਨਾਲ ਜੁੜਿਆ ਹੋਣ ਕਾਰਣ ਇਹ ਵੇਦਾਂਤ, ਗੁਰਮਤਿ ਤੇ ਸੂਫੀ ਕਾਵਿ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਿਆ। ਉਸ ਦੁਆਰਾ ਰਚਿਤ ਕਿੱਸਿਆਂ ਵਿੱਚੋਂ ਹੀਰ ਰਾਂਝਾ, ਸ਼ੀਰੀ ਫਰਹਾਦ, ਪੂਰਨ ਭਗਤ, ਰਾਜਾ ਭਰਥਰੀ, ਰਾਜਾ ਰਸਾਲੂ ਵਿਸ਼ੇਸ਼ ਵਰਣਨਯੋਗ ਨਾਂ ਹਨ। ਪੰਜਾਬੀ ਕਿੱਸਾ ਕਾਵਿ ਅੰਤਰਗਤ ਉਸਨੇ ਸਭ ਤੋਂ ਪਹਿਲਾਂ 'ਦੁੱਲਾ ਭੱਟੀ' ਨਾਂ ਦੇ ਬੀਰ ਰਸੀ ਕਿੱਸੇ ਦੀ ਰਚਨਾ ਕੀਤੀ। ਇਸ ਤੋਂ ਬਿਨਾਂ ਉਸ ਦੇ ਸੁਧਰਮੀ ਕਿਸ਼ਨ ਸਿੰਘ, ਬਬੇਕ ਬਾਣ, ਜੀਉ ਸਿਆਪਾ, ਕੋਰੜੇ, ਕੁੰਡਲੀਏ, ਬੁਝਾਰਤਾਂ, ਕਾਫੀਆਂ ਅਤੇ ਬਾਰਾਮਾਂਹ ਵੀ ਲਿਖੇ ਹੋਏ ਮਿਲਦੇ ਹਨ। ਉਸਦੀ ਰਚਨਾ ਵਿੱਚ ਉਸ ਸਮੇਂ ਦੇ ਅੰਗ੍ਰੇਜੀ ਸ਼ਾਸਨ ਦਾ ਗੁਣਗਾਣ ਗਾਇਆ ਹੋਣ ਕਾਰਨ ਕਵੀ ਰਾਸ਼ਟਰੀ ਚੇਤਨਾ ਪ੍ਰਤੀ ਕੋਰਾ ਪ੍ਰਤੀਤ ਹੁੰਦਾ ਹੈ।

ਕਿਸ਼ਨ ਸਿੰਘ ਆਰਿਫ਼ ਦਾ ਕਿੱਸਾ 'ਹੀਰ ਰਾਂਝਾ' ਕਲੀ ਛੰਦ ਵਿੱਚ ਰਚਿਆ ਹੋਣ ਕਾਰਨ, ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸਨੂੰ 'ਕਲੀਆਂ ਵਾਲੀ ਹੀਰ' ਦੀ ਉਪਮਾ ਵੀ ਦਿੱਤੀ ਜਾਂਦੀ ਹੈ। ਇਹ ਉਸਦੀ ਸਰਵੋਤਮ ਰਚਨਾ ਹੈ। ਹੀਰ ਦੀ ਸੁੰਦਰਤਾ ਬਾਰੇ ਉਸਦਾ ਬਿਆਨ ਬੜਾ ਸੁੰਦਰ ਹੈ –

ਬਾਹਾਂ ਸੁੰਦਰ ਕੂਲੀਆਂ ਪਿਸਤਾਂ ਜਿਵੇਂ ਅਨਾਰ।
ਫਲੀਆਂ ਵਾਂਗੂ ਉਂਗਲਾਂ ਹੁਸਨ ਖਿੜੀ ਗੁਲਜ਼ਾਰ।
ਪੇਟ ਸਰਾਣਾ ਮਖਮਲੀ ਨਾਫਾ ਮੁਸ਼ਕ ਤਾਤਾਰ।
ਨਾਜ਼ਕ ਲਕ ਪਲੰਘ ਜਿਉਂ ਚਾਲ ਚਕੋਰ ਵਿਚਾਰ।

(ਸ) **ਮੀਆਂ ਮੁਹੰਮਦ ਬੂਟਾ ਗੁਜਰਾਤੀ** (1836-1919 ਈ.)

ਕਵੀ ਗੁਜਰਾਤ (ਪਾਕਿਸਤਾਨ) ਦਾ ਰਹਿਣ ਵਾਲਾ ਸੀ ਤੇ ਚੰਗਾ ਵਿਦਵਾਨ ਸੀ। ਉਹ ਆਪਣੇ ਇਸ਼ਕੀਆਂ ਕਿੱਸੇ ਲਿਖਣ ਦੀ ਪ੍ਰੇਰਨਾਂ ਯਾਰਾਂ ਦੀ ਫ਼ਰਮਾਇਸ਼ ਨੂੰ ਮਨੰਦਾ ਹੈ। ਉਸਦੇ ਨਾਂ ਨਾਲ ਸੰਬੰਧਿਤ 22 ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਉਸ ਦੀਆਂ ਪ੍ਰਮੁਖ ਰਚਨਾਵਾਂ ਇਸ ਤਰ੍ਹਾਂ ਹਨ-

1. ਸ਼ੀਰੀਂ ਫਰਹਾਦ (1872 ਈ.)
2. ਪੰਜ ਗੰਜ (1874 ਈ.)



Downloaded from https:// www.studiestoday.com

Downloaded from https:// www.studiestoday.com

3. ਚੰਦਰ ਬਦਨ (1887 ਈ.)
4. ਰੋੜਾ ਜਲਾਲੀ (1888 ਈ.)
5. ਮਿਰਜ਼ਾ ਸਹਿਬਾ (1898 ਈ.)
6. ਕਿੱਸਾ ਸੁਲਤਾਨ ਮਹਿਮੂਦ (1900 ਈ.)

ਉਸਦੇ ਇਨ੍ਹਾਂ ਕਿੱਸਿਆਂ ਵਿਚੋਂ 'ਚੰਦਰ ਬਦਨ' ਅਤੇ 'ਸੁਲਤਾਨ ਮਹਿਮੂਦ' ਕਿੱਸੇ ਹੀ ਵਿਸ਼ੇਸ਼ ਗੌਲੇ ਜਾਂਦੇ ਹਨ। ਉਸਦਾ ਕਿੱਸਾ 'ਚੰਦਰ ਬਦਨ' ਬੈਂਤ ਛੰਦ ਵਿੱਚ ਰਚਿਆ ਕਲਾ ਪੱਖੋਂ ਨਿਪੁੰਨ ਕਿੱਸਾ ਹੈ। ਉਸਦਾ ਦੂਜਾ ਕਿੱਸਾ 'ਸੁਲਤਾਨ ਮਹਿਮੂਦ' ਮੌਲਿਕ ਵਿਸ਼ੇ ਦੀ ਉਸਾਰੀ ਕਰਦਾ ਹੈ। ਇਸਨੂੰ ਇਸਲਾਮੀ ਜੀਵਨ ਉੱਪਰ 'ਪੂਰਨ ਭਗਤ' ਅਧਿਐਨ ਪਰੰਪਰਾ ਨੂੰ ਆਰੋਪਿਤ ਕਰਕੇ ਰਚਿਆ ਗਿਆ ਹੈ। ਇਸ ਦੀ ਭਾਸਾ ਸਰਲ ਅਤੇ ਕੇਂਦਰੀ ਪੰਜਾਬੀ ਹੈ।

'ਪੰਜ ਗੰਜ' ਸੀਹਰਫ਼ੀ ਕਾਵਿ-ਰੂਪ ਵਿੱਚ ਰਚੀ ਉਸਦੀ ਪ੍ਰਮੁੱਖ ਰਚਨਾ ਹੈ। ਇਸ ਵਿੱਚ 'ਇਸ਼ਕ' ਦੀ ਮਹੱਤਤਾ ਨੂੰ ਇੰਝ ਦਰਸਾਇਆ ਗਿਆ ਹੈ-

ਅਲਫ਼: ਇਲਮ ਇਸਲਾਮ ਦਾ ਬਹੁਤ ਚੰਗਾ ਏ,
ਪਰ ਇਸ਼ਕ ਦਾ ਸ਼ਾਨ ਕੁਝ ਹੋਰ ਸੁਣਿਆ।
ਮਥੇ ਮੋਮਨਾਂ ਦੇ ਮਹਿਰਾਬ ਚੰਗਾ ਏ,
ਪਰ ਤਿਲਕ ਲਗਾਨ ਕੁਝ ਹੋਰ ਸੁਣਿਆ।
ਦੋਹਾਂ ਆਲਮਾਂ ਵਿੱਚ ਈਮਾਨ ਚੰਗਾਂ ਏ,
ਪਰ ਇਸ਼ਕ ਬਿਆਨ ਕੁਝ ਹੋਰ ਸੁਣਿਆ।
ਕਰਨ ਬੁਟਿਆ ਵਰਜ਼ ਉਲਮਾ ਚੰਗਾ ਏ,
ਪਰ ਯਾਰ ਦਾ ਪਾਨ ਕੁਝ ਹੋਰ ਸੁਣਿਆ।

(ਹ) **ਹਦਾਇਤੁਲਾ (1838 -1929 ਈ.)**

ਲਾਹੌਰ ਵਿੱਚ ਪੈਦਾ ਹੋਏ ਇਸ ਕਿੱਸਾਕਾਰ ਨੇ ਪੰਜਾਬੀ ਸਟੇਜੀ ਕਵਿਤਾ ਨੂੰ ਵਿਕਸਿਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਉਸਦੀਆਂ ਗਿਆਰਾਂ ਸ਼ੀਹਰਫ਼ੀਆਂ, ਇਕ ਬਾਰਾਮਾਹ, ਕੁਝ ਦੋਹੜੇ, ਮੁਅਜਜ਼ਾਤ ਅਤੇ ਮਦਹ ਲਿਖੇ ਹੋਏ ਮਿਲਦੇ ਹਨ। ਉਸਦੀ ਕਵਿਤਾ ਵਿੱਚ ਇਤਨੀ ਪਕਿਆਈ ਸੀ ਕਿ ਉਸਨੇ ਆਪਣੇ ਲਿਖੇ ਸ਼ਿਅਰ ਵਾਰਿਸ ਦੀ ਹੀਰ ਵਿੱਚ ਸ਼ਾਮਿਲ ਕਰ ਦਿੱਤੇ ਹਨ। ਜਿਨ੍ਹਾਂ ਨੂੰ ਵੱਖਰਾ ਕਰਨਾ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ। ਉਸਦੀਆਂ ਸੀਹਰਫ਼ੀਆਂ ਬੈਂਤ ਛੰਦ ਵਿੱਚ ਲਿਖੀਆਂ ਗਈਆਂ ਹਨ। ਭਾਸ਼ਾ ਸਰਲ ਹੈ ਪਰੰਤੂ ਅਰਬੀ-ਫਾਰਸੀ ਸ਼ਬਦਾਵਲੀ ਦਾ ਉਪਯੋਗ ਵਧੇਰੇ ਹੈ। ਨਮੂਨਾ ਵੇਖਣ ਯੋਗ ਹੈ -

ਬੇਦਰਦ ਨੂੰ ਹੋਵੇ ਦਰਦ ਪੈਦਾ, ਸ਼ੇਅਰ ਸੁਣੇ ਜੇ ਨਾਲ ਧਿਆਨ ਮੇਰਾ।
ਮੈਂ ਵੀਂ ਇਸ਼ਕ ਦੀ ਅੱਗ ਦੇ ਵਿੱਚ ਸੜਿਆ, ਖਾਲੀ ਨਹੀਂ ਇਹ ਫਰਮਾਨ ਮੇਰਾ।

(ਕ) **ਭਗਵਾਨ ਸਿੰਘ (1842- 2002 ਈ.)**

ਭਗਵਾਨ ਸਿੰਘ ਮਾਲਵੇ ਦਾ ਜੰਮਪਲ ਪ੍ਰਮੁੱਖ ਕਿੱਸਾਕਾਰ ਹੈ। 'ਹੀਰ ਰਾਂਝਾ', 'ਸੋਹਣੀ ਮਹੀਵਾਲ', 'ਮਿਰਜਾ ਸਾਹਿਬਾ', 'ਜਿਉਣਾ ਮੌੜ', ਆਦਿ ਪ੍ਰਸਿਧ ਕਿੱਸੇ ਹਨ। ਕਿੱਸਾ 'ਹੀਰ ਰਾਂਝਾ' ਵਿੱਚ ਹੀਰ ਦੀ ਕਥਾ ਨੂੰ 'ਕਬਿੱਤ ਛੰਦ' ਵਿੱਚ ਲਿਖਿਆ ਗਿਆ ਹੈ। ਕਿੱਸਾ 'ਸੋਹਣੀ ਮਹੀਵਾਲ' ਵੀ ਕਬਿੱਤਾਂ ਵਿੱਚ ਹੈ। 'ਮਿਰਜਾ ਸਾਹਿਬਾ' ਨੂੰ 'ਦੋਹਿਰਾ ਛੰਦ' ਵਿੱਚ ਰਚਿਆ ਗਿਆ ਹੈ। ਜੋਗਾ ਸਿੰਘ ਦੀ ਹੀਰ ਦੇ ਆਧਾਰ 'ਤੇ ਹੀ ਉਸਨੇ ਵੀ ਇਹ ਕਿੱਸਾ ਕਬਿੱਤ ਛੰਦ ਵਿੱਚ ਰਚਿਆ। 'ਜਿਉਣਾ ਮੌੜ' ਕਿੱਸੇ ਦੀ ਰਚਨਾ ਸਭ ਤੋਂ ਪਹਿਲਾਂ ਭਗਵਾਨ ਸਿੰਘ ਦੁਆਰਾ ਹੀ ਕੀਤੀ ਗਈ। 'ਜੰਞ ਭਗਵਾਨ ਸਿੰਘ', 'ਚੌਤੀਏ ਦੀ ਅੱਗ' ਅਤੇ 'ਪਚੀਏ ਦਾ ਕਾਲ' ਉਸ ਦੀਆਂ ਹੋਰ ਰਚਨਾਵਾਂ ਹਨ। ਆਪਣੇ ਬਾਰੇ ਕਵੀ ਆਪ ਹੀ ਬਿਆਨ ਕਰਦਾ ਹੈ-

ਬਹੁਤ ਕਿਤਾਬਾਂ ਛਾਪੀਆਂ ਜੱਗ ਵਿੱਚ ਸਾਰੇ ਨਾਮ।



Downloaded from https:// www.studiestoday.com

Downloaded from https:// www.studiestoday.com

ਮੇਰੀ ਕਾਰ ਕਵੀਸ਼ਰੀ, ਹਰਦਮ ਸੁਬ੍ਹਾ ਸ਼ਾਮ।

(ਖ) **ਮੌਲਵੀ ਗੁਲਾਮ ਰਸੂਲ (1849– 1892 ਈ.)**

ਗੁਲਾਮ ਰਸੂਲ ਪਿੰਡ ਆਲਮਪੁਰ ਕੋਟਲਾ, ਜ਼ਿਲਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਸੀ। ਉਹ ਅਰਬੀ, ਫਾਰਸੀ ਤੇ ਉਰਦੂ ਦਾ ਚੰਗਾ ਵਿਦਵਾਨ ਸੀ। ਉਸਨੇ 22 ਸਾਲਾਂ ਦੀ ਉਮਰ ਵਿੱਚ ਹੀ ਵੱਡੇ ਆਕਾਰ ਦੀ ਰਚਨਾ 'ਦਾਸਤਾਨਿ ਅਮੀਰ ਹਮਜ਼ਾ' ਨੂੰ ਲਿਖ ਦਿੱਤਾ ਸੀ। 'ਚਿੱਠੀ ਗੁਲਾਮ ਰਸੂਲ' ਤੇ 'ਚਿੱਠੀ ਹੀਰੇ ਸ਼ਾਹ' ਉਸਦੀਆਂ ਕਾਵਿ–ਛੰਦਾਂ ਵਿੱਚ ਲਿਖੀਆਂ ਚਿੱਠੀਆਂ ਹਨ। ਇਸ ਤੋਂ ਬਿਨ੍ਹਾਂ ਉਸਦੀਆਂ 'ਸ਼ੀਹਰਫ਼ੀਆਂ ਵੀ ਮਿਲਦੀਆਂ ਹਨ।

ਮੌਲਵੀ ਗੁਲਾਮ ਰਸੂਲ ਦੀ ਪ੍ਰਸਿੱਧ ਰਚਨਾ 'ਅਹਿਸਨੁਲ ਕਸਿਸ' ਹੈ। ਜਿਸ ਵਿਚ 'ਯੂਸਫ਼–ਜੁਲੈਖਾਂ' ਦੀ ਪ੍ਰੇਮ ਕਥਾ ਨੂੰ ਮਸਨਵੀ ਕਾਵਿ–ਰੂਪ ਵਿੱਚ ਨਿਭਾਇਆ ਗਿਆ ਹੈ। ਇਸ ਕਿੱਸੇ ਦੀ ਭਾਸ਼ਾ ਸਰਲ ਤੇ ਅਲੰਕਾਰ ਪ੍ਰਧਾਨ ਹੈ। ਵਸਤੂ ਵਰਣਨ ਤੇ ਪ੍ਰਕਿਰਤੀ ਚਿਤਰਨ ਲਾਜ਼ਵਾਬ ਹੈ। ਮਨੁੱਖੀ ਭਾਵਨਾਵਾਂ ਉਸਨੇ ਬੜੀ ਸਫਲਤਾ ਨਾਲ ਸਿਰਜੀਆਂ ਹਨ। ਜ਼ੁਲੈਖਾਂ ਦੇ ਇਸ਼ਕ ਦੇ ਗੁੱਝੇ ਭੇਤ ਸੰਬੰਧੀ ਜ਼ਿਕਰ ਕਰਦਾ ਹੋਇਆ ਉਹ ਲਿਖਦਾ ਹੈ –

ਇਸ਼ਕੋ ਤੀਰ ਵੱਜੇ ਜਿੱਥੇ ਕਾਰੀ, ਰਹੇ ਨ ਜਖ਼ਮ ਲੁਕਾਇਆ।
ਤਦਬੀਰਾਂ ਦੇ ਪਰਦੇ ਅੰਦਰ, ਇਹ ਦੁੱਖ ਕਦੇ ਨਾ ਆਇਆ।
ਇਸ਼ਕ ਏਹਾ ਵਿਚ ਕੱਖਾਂ ਆਤਿਸ਼, ਭਖ ਭਖ ਲਾਟਾਂ ਮਾਰੇ।
ਇਸ਼ਕ ਲੁਕਾਇਆ ਲੁਕਦਾ ਨਾਹੀਂ, ਆਖਿਰ ਜੋਸ਼ ਖਿਲਾਰੇ।

ਇਸ ਤੋਂ ਬਿਨਾ ਇਸ ਸਮੇਂ ਬਾਰੇ ਹੋਰ ਕਿੱਸਾਕਾਰਾਂ ਦੀਆਂ ਕਿੱਸਾ ਰਚਨਾਵਾਂ ਵੀ ਮਿਲਦੀਆਂ ਹਨ। ਗੰਗਾਰਾਮ (1835–1907 ਈ.) ਰਚਿਤ ਕਿੱਸਾ 'ਹਕੀਕਤ ਰਾਇ', 'ਰੂਪ ਬਸੰਤ', 'ਗੋਪੀ ਚੰਦ' ਅਤੇ 'ਰਾਜਾ ਭਰਥਰੀ ਹਰੀ'; ਮੀਰਾਂ ਸ਼ਾਹ ਜਲੰਧਰੀ (1830 – 1913 ਈ.) ਰਚਿਤ ਕਿੱਸਾ 'ਹੀਰ ਰਾਂਝਾ', 'ਸੋਹਣੀ ਮਹੀਵਾਲ' ਅਤੇ 'ਮਿਰਜ਼ਾ ਸਾਹਿਬਾ'; ਸਾਧੂ ਸਦਾ ਰਾਮ (1861– 1932 ਈ.) ਦਾ ਕਿੱਸਾ 'ਸੱਸੀ ਪੁੰਨੂੰ' ਅਤੇ 'ਸੋਹਣੀ ਮਹੀਵਾਲ'; ਪੰਡਿਤ ਗੋਕੁਲ ਚੰਦ (1861– 1932 ਈ.) ਰਚਿਤ 'ਕਿੱਸਾ ਹੀਰ', 'ਕਾਕਾ ਪਰਤਾਪੀ' ਅਤੇ 'ਜੈਮਲ ਫੱਤਾ'; ਕਾਲੀਦਾਸ ਗੁੱਜਰਾਂਵਾਲੀਆਂ (1882– 1944 ਈ.) ਰਚਿਤ 'ਰਾਜਾ ਹਰੀ ਚੰਦ', 'ਰਾਜਾ ਰਸਾਲੂ', 'ਗੋਪੀ ਚੰਦ- ਮੈਨਾਵੰਤੀ', 'ਰੂਪ ਬਸੰਤ' ਅਤੇ 'ਪੂਰਨ ਭਗਤ', ਮੌਲਵੀ ਅਬਦੁਸਤਾਰ ਰਚਿਤ ਕਿੱਸਾ 'ਯੂਸਫ ਜ਼ੁਲੈਖਾਂ', 'ਬਾਰਾਮਾਹ' ਤੇ 'ਸ਼ੀਹਰਫ਼ੀਆਂ'; ਹਾਸ਼ਮ ਮੁਖਲਿਸ ਰਚਿਤ ਕਿੱਸਾ 'ਸੱਸੀ ਪੁਨੂੰ; ਗੋਪਾਲ ਸਿੰਘ ਗੋਪਾਲ ਰਚਿਤ ਕਿੱਸਾ 'ਸ਼ਾਹ ਬਹਿਰਾਮ', 'ਬਿਸ਼ਨੋ ਬਗਾ ਮੱਲ' ਅਤੇ 'ਸੱਸੀ ਪੁੰਨੂੰ' ਅਤੇ ਕਾਨ੍ਹ ਸਿੰਘ ਰਚਿਤ 'ਕਿੱਸਾ ਹੀਰ ਰਾਂਝਾ' ਆਦਿ ਕਿੱਸਾ ਕਵੀ ਤੇ ਕਿੱਸਾ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ। ਪੰਜਾਬੀ ਕਿੱਸਾ ਕਾਵਿ ਦੇ ਇਹ ਅੰਤਲੇ ਕਵੀ ਜਿੱਥੇ ਕਿੱਸਾ ਕਾਵਿ ਦੀਆਂ ਰਚਨਾਵਾਂ ਦੇ ਭੰਡਾਰ ਵਿੱਚ ਵਾਧਾ ਕਰਦੇ ਹਨ ਉਥੇ ਪੰਜਾਬੀ ਕਵਿਤਾ ਨੂੰ ਨਵੇਂ ਕਾਲ ਦੇ ਸਨਮੁੱਖ ਸੁਰਜੀਤ ਵੀ ਰਖਦੇ ਹਨ। ਇਹ ਕਿੱਸਾ ਕਵੀ ਹੀ ਪੰਜਾਬੀ ਦੀ ਸਟੇਜੀ ਕਵਿਤਾ ਨੂੰ ਜਨਮ ਦਿੰਦੇ ਹੋਏ ਕਵੀਸ਼ਰੀ–ਪਰੰਪਰਾ ਦਾ ਮੁੱਢ ਬੰਨ੍ਹਦੇ ਹਨ। ਇਥੋਂ ਹੀ ਇਤਿਹਾਸਕ ਕ੍ਰਮ ਵਿੱਚ ਆਧੁਨਿਕ ਪੰਜਾਬੀ ਕਾਵਿ ਦਾ ਨਿਕਾਸ ਹੁੰਦਾ ਹੈ।

## 2. **ਬੀਰ ਕਾਵਿ–ਧਾਰਾ**

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੰਜਾਬ ਵਿੱਚ ਅਮਨ ਤੇ ਸ਼ਾਂਤੀ ਲੈ ਕੇ ਆਇਆ ਸੀ। ਇਸ ਕਾਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਵੀਰਤਾ ਦੇ ਨਾਲ ਨਾਲ ਉਸਦੇ ਜਰਨੈਲਾਂ ਦੀ ਬੀਰਤਾ ਦਾ ਵਰਣਨ ਵੀ ਵਾਰਾਂ ਤੇ ਜੰਗਨਾਮਿਆਂ ਵਿੱਚ ਵਰਣਨ ਕੀਤਾ ਹੋਇਆ ਮਿਲਦਾ ਹੈ। ਕੁਝ ਮੁਸਲਮਾਨ ਕਵੀਆਂ ਨੇ ਇਸਲਾਮ ਧਰਮ ਨਾਲ ਸੰਬੰਧਿਤ ਰਚਨਾਵਾਂ ਵੀ ਸਿਰਜੀਆਂ ਹਨ। ਇਸ ਕਾਲ ਦੀਆਂ ਬੀਰ–ਰਸੀ ਰਚਨਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ–

(ੳ) **ਸੋਢੀਆਂ ਦੀ ਵਾਰ –**

ਇਸ ਦਾ ਕਰਤਾ ਭਾਈ ਰਾਮ ਸਿੰਘ ਹੈ ਜੋ ਆਨੰਦਪੁਰ ਦੇ ਸੋਢੀ ਸੁਰਜਨ ਸਿੰਘ ਦਾ ਸ਼ਰਧਾਲੂ ਤੇ



Downloaded from https:// www.studiestoday.com

Downloaded from https:// www.studiestoday.com

ਨੌਕਰ ਸੀ। ਬਿਲਾਸਪੁਰ ਰਿਆਸਤ ਦੇ ਰਾਜੇ ਮਹਾਚੰਦ ਨੇ ਸੋਢੀ ਸੁਰਜਨ ਸਿੰਘ ਤੋਂ ਮਾਮਲੇ ਦੀ ਮੰਗ ਕੀਤੀ ਤੇ ਸੋਢੀ ਹੋਰਾਂ ਦੇ ਮਨਾ ਕਰਨ ਤੇ ਰਾਜਾ ਮਹਾਚੰਦ ਨੇ ਹਮਲਾ ਕਰ ਦਿੱਤਾ। 1812 ਈ. ਵਿੱਚ ਹੋਈ ਇਸ ਲੜਾਈ ਵਿੱਚ ਮਹਾਚੰਦ ਹਾਰ ਗਿਆ ਤੇ ਸੋਢੀਆਂ ਦੀ ਜਿੱਤ ਹੋਈ। ਇਸ ਵਾਰ ਦੀਆਂ 38 ਪਉੜੀਆਂ ਹਨ। ਇਨ੍ਹਾਂ ਵਿੱਚ 9 ਤੋਂ ਲੈ ਕੇ 19 ਤੱਕ ਤੁਕਾਂ ਮਿਲਦੀਆਂ ਹਨ। ਤੁਕਾਂਤ ਅੰਤ ਉੱਤੇ ਮੇਲ ਖਾਂਦਾ ਹੈ, ਜੋ ਬੈਂਤ ਦੀ ਧਾਰਨਾ 'ਤੇ ਉਸਾਰਿਆ ਗਿਆ ਹੈ। ਕਵੀ ਦੀ ਰਚਨਾ ਉੱਪਰ 'ਚੰਡੀ ਦੀ ਵਾਰ' ਤੇ 'ਭਾਈ ਗੁਰਦਾਸ ਸਿੰਘ ਦੀਆਂ ਵਾਰਾਂ' ਦਾ ਪ੍ਰਭਾਵ ਸਪੱਸ਼ਟ ਦਿਖਦਾ ਹੈ। ਵਾਰ ਦਾ ਵਰਣਨ ਬੜਾ ਸਜੀਵ ਤੇ ਰਵਾਨੀ ਭਰਪੂਰ ਹੈ। ਵਾਰ ਦੀ ਵੰਨਗੀ ਵੇਖਣਯੋਗ ਹੈ–

ਸਿੰਘਾਂ ਤੇ ਰਣ ਰਾਜਿਆਂ, ਤਲਵਾਰੀਂ ਛਹਿਬਰ ਮਾਰਦਾ।
ਵਡ ਜੋਧੇ ਆਏ ਇਛ ਨਾਲ, ਹੰਕਾਰ ਖੜੋਤਾ ਨਚਦਾ।
ਨਾਰਦ ਘੁਮਰ ਪਾਂਵਦਾ, ਸਿਉ ਡੋਰੂ ਡਗ ਡਗਚਦਾ।
ਚੌਂਸਠ ਜੋਗਣਿ ਸੰਗ ਲੈ, ਬੀਰ ਬਾਵਨ ਖਿੜ ਖਿੜ ਹਸਦਾ।

(ਅ) **ਸੀਹਰਫ਼ੀ ਗੁਰੂ ਖ਼ਾਲਸੇ ਸ਼ਾਹ ਕੀ –**

ਇਸ ਦਾ ਕਰਤਾ ਕਵੀ ਹਾਕਮ ਸਿੰਘ 'ਦਰਵੇਸ਼' ਹੈ, ਜੋ ਜ਼ਿਲ੍ਹਾ ਲੁਧਿਆਣੇ ਦੇ ਰਾਇਪੁਰ ਕਸਬੇ ਦਾ ਵਸਨੀਕ ਸੀ। ਉਹ ਮਹਾਰਾਜਾ ਰਣਜੀਤ ਸਿੰਘ ਸਮੇਂ ਸਰਦਾਰ ਗੁਲਾਬ ਸਿੰਘ ਦੇ ਡੇਰੇ ਦਾ ਸੈਨਿਕ ਸੀ। ਕਵੀ ਨੇ 1818 ਈ. ਵਿੱਚ ਮੁਲਤਾਨ ਜਿੱਤ ਦਾ ਸੁਨੇਹਾ ਮਹਾਰਾਜਾ ਰਣਜੀਤ ਸਿੰਘ ਨੂੰ ਦਿੱਤਾ ਸੀ। ਮਹਾਰਾਜੇ ਦੀਆਂ ਜਿੱਤਾਂ ਤੋਂ ਪ੍ਰਭਾਵਿਤ ਹੋ ਕੇ ਹੀ ਉਸਨੇ ਇਸ ਸੀਹਰਫ਼ੀ ਦੀ ਰਚਨਾ ਕੀਤੀ। ਬੈਂਤ ਛੰਦ ਵਿੱਚ ਰਚੀ ਸੀਹਰਫ਼ੀ ਵਿੱਚ ਉਸਨੇ ਮਹਾਰਾਜੇ ਦੀ ਬੜੀ ਪ੍ਰਸ਼ੰਸ਼ਾ ਕੀਤੀ ਹੈ–

ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧੇ, ਤੈਨੂੰ ਜ਼ੋਰ ਗੋਬਿੰਦ ਸਿੰਘ ਪੀਰ ਦਾ ਜੀ।
ਹਾਕਮ ਸਿੰਘ ਦੀ ਸੀਸ ਹਮੇਸ਼ ਰਹੇ, ਸਦਾ ਅਟਲ ਹੈ ਬਚਨ ਫ਼ਕੀਰ ਦਾ ਜੀ।

(ੲ) **ਜੰਗਨਾਮਾ ਸਰਦਾਰ ਹਰੀ ਸਿੰਘ–**

ਇਸ ਦਾ ਕਰਤਾ ਕਵੀ ਰਾਮ ਦਿਆਲ ਹੈ। ਇਹ ਜ਼ਾਤ ਦਾ ਅਣਦ ਖੱਤਰੀ ਤੇ ਨਵਾਂ ਸ਼ਹਿਰ ਦਾ ਰਹਿਣ ਵਾਲਾ ਸੀ। ਆਪਣੇ ਆਪ ਨੂੰ ਉਹ ਸ੍ਰੀ ਕ੍ਰਿਸ਼ਨ ਜੀ ਦਾ ਸ਼ਰਧਾਲੂ ਮੰਨਦਾ ਸੀ। ਉਹ ਸਰਦਾਰ ਹਰੀ ਸਿੰਘ ਨਲਵੇ ਦੀ ਜਾਗੀਰ ਦਾ ਕਾਰਦਾਰ ਸੀ ਅਤੇ ਨਲਵੇ ਸਰਦਾਰ ਪ੍ਰਤੀ ਉਸਦੀ ਚੰਗੀ ਸ਼ਰਧਾ ਸੀ। ਉਸਨੇ ਸਰਦਾਰ ਹਰੀ ਸਿੰਘ ਨਲਵੇ ਦੀ ਸੁਰਮਗਤੀ ਤੋਂ ਬਾਅਦ ਆਪਣੀ ਇਹ ਰਚਨਾ ਲਿਖੀ। ਇਸ ਵਿਚ ਜਮਰੌਦ ਦੀ ਲੜਾਈ ਸਮੇਂ ਉਸ ਦੀ ਮਿਰਤੂ ਅਤੇ ਮਹਾਰਾਜੇ ਉੱਤੇ ਉਸ ਦਾ ਅਸਰ, ਸਰਦਾਰ ਮਹਾਂ ਸਿੰਘ ਦੀ ਬਹਾਦਰੀ 'ਤੇ ਰਾਜ ਪ੍ਰਬੰਧ ਦੀ ਪ੍ਰਸ਼ੰਸਾ ਕੀਤੀ ਗਈ ਹੈ। ਇਸ ਜੰਗਨਾਮੇ ਨੂੰ 'ਬੈਂਤ ਛੰਦ' ਵਿੱਚ ਲਿਖਿਆ ਗਿਆ ਹੈ ਪਰ ਕਿਤੇ – ਕਿਤੇ 'ਦੋਹਿਰੇ' ਅਤੇ 'ਕਬਿੱਤ' ਦਾ ਰੂਪ ਵੀ ਮਿਲਦਾ ਹੈ ਅਤੇ ਨਾਲ ਹੀ 'ਸ਼ੀਹਰਫ਼ੀ' ਕਾਵਿ ਰੂਪ ਦੀ ਵੀ ਵਰਤੋਂ ਹੈ। ਇਸਦੇ ਕੁੱਲ 89 ਬੰਦ ਹਨ ਅਤੇ ਹਰ ਬੰਦ ਚਾਰ–ਚਾਰ ਤੁਕਾਂ ਦਾ ਹੈ। ਬੋਲੀ ਠੇਠ ਤੇ ਸਰਲ ਪੰਜਾਬੀ ਹੈ, ਅਰਬੀ–ਫਾਰਸੀ ਦਾ ਪ੍ਰਭਾਵ ਵੀ ਦਿਖਦਾ ਹੈ। ਸਰਦਾਰ ਹਰੀ ਸਿੰਘ ਨਲਵੇ ਦੇ ਯੁੱਧ ਕੌਸ਼ਲ ਨੂੰ ਬਹੁਤ ਸਲਾਹਿਆ ਗਿਆ ਹੈ–

ਹਰੀ ਸਿੰਘ ਸਰਦਾਰ ਨੇ ਯੁੱਧ ਕੀਤਾ,
ਜਿਉਂ ਕਰ ਪਾਡਵਾਂ ਕੌਰਵਾਂ ਅੰਤ ਕੀਤਾ।
ਦੇਖ ਜੁਧ ਸਰਦਾਰ ਦਾ ਖੁਸ਼ੀ ਹੁੰਦੇ,
ਇਸ ਵਾਰ ਬੈਕੁੰਠ ਤੋਂ ਆਇ ਲੀਤਾ।

(ਸ) **ਵਾਰ ਸਰਦਾਰ ਹਰੀ ਸਿੰਘ ਨਲਵਾ –**

ਇਹ ਵਾਰ ਇਸ ਕਾਲ ਦੇ ਪ੍ਰਸਿੱਧ ਕਿੱਸਾਕਾਰ ਕਾਦਰਯਾਰ ਦੀ ਰਚਨਾ ਹੈ। ਇਸ ਵਿੱਚ ਸਰਦਾਰ ਹਰੀ ਸਿੰਘ ਨਲਵਾ ਦੀ ਜਮਰੌਦ ਦੀ ਲੜਾਈ ਦਾ ਵਰਣਨ ਹੈ। ਕਵੀ ਆਪਣੀ ਰਚਨਾ ਵਿੱਚ ਸਰਦਾਰ ਹਰੀ



Downloaded from https:// www.studiestoday.com

Downloaded from https:// www.studiestoday.com

ਸਿੰਘ ਪ੍ਰਤੀ ਅਗਾਧ ਸ਼ਰਧਾ ਪ੍ਰਗਟ ਕਰਦਾ ਹੈ। ਬੀਰ ਰਸ ਦੇ ਨਾਲ ਨਾਲ ਕਰੁਣ-ਰਸ ਦੀ ਵੀ ਸਿਰਜਨਾ ਹੋਈ ਹੈ। ਫ਼ੌਜੀ ਅਤੇ ਫ਼ਾਰਸੀ ਸ਼ਬਦਾਵਲੀ ਦਾ ਆਮ ਪ੍ਰਯੋਗ ਹੈ। ਬੋਲੀ ਸਰਲ ਤੇ ਠੇਠ ਹੈ। ਇਹ ਵਾਰ ਬੈਂਤ ਛੰਦ ਵਿੱਚ ਰਚੀ ਗਈ ਹੈ। ਹਰ ਬੈਂਤ ਦੀਆਂ ਚਾਰ-ਚਾਰ ਤੁਕਾਂ ਹਨ। ਕੁੱਲ 30 ਬੰਦਾਂ ਦੀ ਕਾਵਿ ਸਿਰਜਣਾ ਹੈ। ਸਰਦਾਰ ਹਰੀ ਸਿੰਘ ਨਲਵੇ ਦੀ ਚਰਿੱਤਰ ਉਸਾਰੀ ਦਾ ਵਰਣਨ ਵੇਖਣ ਵਾਲਾ ਹੈ-

> ਅਲਫ ਆਫਰੀਂ ਜੰਮਣਾ ਕਹਿਣ ਸਾਰੇ, ਹਰੀ ਸਿੰਘ ਦੂਲੇ ਸਰਦਾਰ ਤਾਈਂ।
> ਜਮਾਦਾਰ ਬਲੀ ਰਾਜੇ ਸਾਹਿਬ ਕੋਲੋਂ, ਕਦ ਉੱਚਾ ਬਲੰਦ ਸਰਦਾਰ ਤਾਈਂ।
> ਧਨੀ ਤੇਗ ਦਾ ਮਰਦ ਨਸੀਬ ਵਾਲਾ, ਸਾਯਾ ਉਸ ਦਾ ਕੁਲ ਸੰਸਾਰ ਤਾਈਂ।
> ਕਾਦਰਯਾਰ ਪਹਾੜਾਂ ਨੂੰ ਸੋਧਿਓ ਸੂ, ਕਾਬਲ ਕੰਬਿਆ ਖੌਫ਼ ਕੰਧਾਰ ਤਾਈਂ।

ਡਾ. ਗੰਡਾ ਸਿੰਘ ਦੁਆਰਾ ਕਿਸੇ ਹੋਰ ਕਾਦਰਯਾਰ ਵੱਲੋਂ ਸਰਦਾਰ ਹਰੀ ਸਿੰਘ ਨਲਵੇ ਬਾਰੇ ਲਿਖੀਆਂ ਛੇ ਸੀਹਰਫ਼ੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਅੰਤਿਮ ਸੀਹਰਫੀ ਵਿੱਚ ਅਕਾਲੀ ਫੂਲਾ ਸਿੰਘ ਦੀ ਸੂਰਬੀਰਤਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬੀਰਤਾ ਦਾ ਵੀ ਵਰਣਨ ਮਿਲਦਾ ਹੈ।

ਇਸ ਤੋਂ ਬਿਨਾਂ ਕਵੀ ਸਹਾਈ ਸਿੰਘ ਨੇ ਵੀ ਸਰਦਾਰ ਹਰੀ ਸਿੰਘ ਦੀ ਇਕ ਵਾਰ ਲਿਖੀ ਹੈ। ਇਸਦੇ ਸਿਰਫ਼ 26 ਬੰਦ ਮਿਲਦੇ ਹਨ। ਬੈਂਤ ਛੰਦ ਵਿਚ ਲਿਖੀ ਇਸ ਵਾਰ ਵਿੱਚ ਸਰਦਾਰ ਹਰੀ ਸਿੰਘ ਨਲਵੇ ਦੀ ਮੌਤ ਤੋਂ ਪਹਿਲਾਂ ਦੀਆਂ ਘਟਨਾਵਾਂ ਦਾ ਹੀ ਵਰਣਨ ਮਿਲਦਾ ਹੈ। ਇਸ ਦੀ ਬੋਲੀ ਮਾਝੇ ਦੇ ਇਲਾਕੇ ਦੀ ਠੇਠ ਪੰਜਾਬੀ ਨਾਲ ਮੇਲ ਖਾਂਦੀ ਹੈ।

(ਹ) **ਬੈਂਤਾਂ ਸ਼ੇਰ ਸਿੰਘ ਕੀਆਂ** –

ਇਸ ਦਾ ਕਰਤਾ ਕਵੀ ਨਿਹਾਲ ਸਿੰਘ ਹੈ। ਉਸਦੇ ਜੀਵਨ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਉਸ ਦੀ ਰਚਨਾ ਦੀ ਅੰਦਰਲੀ ਗਵਾਹੀ ਦੇ ਆਧਾਰ ਤੇ ਪਤਾ ਚੱਲਦਾ ਹੈ ਕਿ ਕਵੀ ਲਾਹੌਰ ਦਰਬਾਰ ਦਾ ਨਾਂ ਨਜ਼ਦੀਕੀ ਸੀ ਅਤੇ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦਾ ਸਾਰਾ ਸਾਕਾ ਉਸਨੇ ਆਪਣੇ ਅੱਖੀਂ ਵੇਖਿਆ ਸੀ। ਇਸ ਰਚਨਾ ਵਿੱਚ ਸੰਧਾਵਾਲੀਏ ਸਰਦਾਰ ਅਜੀਤ ਸਿੰਘ ਅਤੇ ਲਹਿਣਾ ਸਿੰਘ ਦੁਆਰਾ ਸ਼ੇਰ ਸਿੰਘ ਤੇ ਪ੍ਰਤਾਪ ਸਿੰਘ ਨੂੰ ਕਤਲ ਕੀਤੇ ਜਾਣ ਦੀ ਘਟਨਾ ਦਾ ਵਰਣਨ ਹੈ। ਇਹ ਰਚਨਾ ਸੀਹਰਫ਼ੀ ਕਾਵਿ ਰੂਪ ਵਿੱਚ ਹੈ ਤੇ ਇਸਦੇ ਕੁੱਲ 34 ਬੰਦ ਹਨ, ਜਿਸਦੇ ਹਰ ਬੰਦ ਦੀਆਂ ਚਾਰ ਚਾਰ ਤੁਕਾਂ ਹਨ। ਇਹ ਰਚਨਾ ਸਾਧਾਰਨ ਪੱਧਰ ਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਇਸ ਰਚਨਾ ਦਾ ਜ਼ਿਆਦਾ ਮਹੱਤਵ ਹੈ।

(ਕ) **ਜੰਗਨਾਮਾ ਸਿੰਘਾਂ ਅਤੇ ਫ਼ਰੰਗੀਆਂ (ਸ਼ਾਹ ਮੁਹੰਮਦ)** –

'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਸ਼ਾਹ ਮੁਹੰਮਦ ਦੀ ਰਚਨਾ ਹੈ। ਉਸਦੇ ਜੀਵਨ ਸੰਬੰਧੀ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਨਹੀਂ ਪਰੰਤੂ ਵਿਦਵਾਨਾਂ ਦੇ ਅਨੁਮਾਨ ਅਨੁਸਾਰ ਉਹ ਪਿੰਡ ਵਡਾਲਾ ਵੀਰਮ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ। ਉਸ ਦਾ ਜਨਮ 1780-82 ਦੇ ਕਰੀਬ ਮੰਨਿਆ ਜਾਂਦਾ ਹੈ। ਉਹ ਕੁਰੈਸ਼ੀ ਖ਼ਾਨਦਾਨ ਨਾਲ ਸੰਬੰਧਿਤ ਸੀ ਅਤੇ ਮੁਗਲ ਸਾਮਰਾਜ ਸਮੇਂ ਉਸਦੇ ਵਡੇਰੇ ਕਾਜ਼ੀ ਅਤੇ ਕਾਰਦਾਰ ਸਨ। ਉਸਦੇ ਜੰਗਨਾਮੇ 'ਜੰਗਨਾਮਾ ਸਿੰਘਾਂ ਤੇ ਫਰੰਗੀਆਂ' ਵਿੱਚ ਮਹਾਰਾਜਾ ਰਣਜੀਤ ਸਿੰਘ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਅੰਦਰੂਨੀ ਖ਼ਾਨਾਜੰਗੀ ਦਾ ਸ਼ਿਕਾਰ ਹੋਈ ਸਿੱਖ ਰਾਜ ਵਿਵਸਥਾ ਦਾ ਉਸਨੇ ਇਤਿਹਾਸਕ ਤੱਥਾਂ ਸਹਿਤ ਵਰਣਨ ਕੀਤਾ ਹੈ। ਉਸਦੀ ਰਚਨਾ ਵਿੱਚ ਦਰਜ ਹਵਾਲਿਆਂ ਦੇ ਆਧਾਰ 'ਤੇ ਉਸਦੀ ਰਚਨਾ ਦਾ ਰਚਨਾਕਾਲ 1848 ਈ. ਤੋਂ ਪਹਿਲਾਂ ਦਾ ਮੰਨਿਆ ਜਾਂਦਾ ਹੈ।

ਇਸ ਰਚਨਾ ਵਿੱਚ ਕੁੱਲ 105 ਬੰਦ ਹਨ, ਜਿਨ੍ਹਾਂ ਨੂੰ ਬੈਂਤ ਛੰਦ ਵਿਚ ਨਿਭਾਇਆ ਗਿਆ ਹੈ। ਹਰ ਬੰਦ ਦੀਆਂ ਚਾਰ-ਚਾਰ ਤੁਕਾਂ ਹਨ। ਜੰਗਨਾਮੇ ਦੀ ਬੋਲੀ ਕੇਂਦਰੀ ਤੇ ਬੋਲੀਚਾਲੀ ਪੰਜਾਬੀ ਹੈ। ਉਰਦੂ, ਫਾਰਸੀ ਸ਼ਬਦਾਵਲੀ ਦੇ ਨਾਲ-ਨਾਲ ਯੂਰਪੀ ਭਾਸ਼ਾਵਾਂ ਦੇ ਸ਼ਬਦਾਂ ਨੂੰ ਵੀ ਤਤਸਮ-ਤਦਭਵ ਰੂਪਾਂ ਵਿੱਚ ਵਰਤਿਆ ਗਿਆ ਹੈ। ਜੰਗਨਾਮੇ ਵਿੱਚ ਮੰਗਲਾਚਰਨ, ਲਿਖਣ ਦੀ ਪ੍ਰੇਰਨਾ, ਨਾਇਕ ਦੀ ਉਸਾਰੀ ਤੇ ਜੰਗ



Downloaded from https:// www.studiestoday.com

Downloaded from https:// www.studiestoday.com

ਦੀ ਵਾਰਤਾ ਦਾ ਵਰਣਨ ਆਦਿ ਸਭ ਪੱਖਾਂ ਦੀ ਪ੍ਰਭਾਵਸ਼ਾਲੀ ਰੂਪ ਵਿੱਚ ਉਸਾਰੀ ਕੀਤੀ ਗਈ ਹੈ। ਜੰਗਨਾਮੇ ਵਿੱਚ ਥਾਂ-ਪੁਰ-ਥਾਂ ਮਹਾਰਾਜਾ ਰਣਜੀਤ ਸਿੰਘ ਦੇ ਸੋਹਿਲੇ ਗਾਏ ਗਏ ਹਨ –

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।

ਮਹਾਰਾਜੇ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੀ ਅੰਦਰੂਨੀ ਖ਼ਾਨਾ ਜੰਗੀ ਤੇ ਕਤਲੋਗਾਰਤ ਦੀ ਦਰਦਨਾਕ ਵਾਰਤਾ ਨੂੰ ਲਗਭਗ 40 ਕਾਵਿ-ਬੰਦਾਂ ਵਿੱਚ ਚਿਤਰਿਆ ਗਿਆ ਹੈ। ਇਸਦੇ ਨਾਲ ਹੀ ਉਸਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਵਰਗੇ ਸਿੱਖ ਜਰਨੈਲਾਂ ਪ੍ਰਤੀ ਵਿਸ਼ੇਸ ਆਦਰ ਦੇ ਭਾਵ ਵਿਅਕਤ ਕੀਤੇ ਹਨ –

ਆਈਆਂ ਪਲਟਨਾਂ ਬੀੜ ਕੇ ਤੋਪਖਾਨੇ, ਅਗੋਂ ਸਿੰਘਾਂ ਨੇ ਪਾਸੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ, ਹਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ, ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਹਿਮਾ, ਯੁੱਧ ਦਾ ਵਰਣਨ ਅਤੇ ਸਿੰਘ ਸਿਪਾਹੀਆਂ ਦੇ ਜੂਝਣ ਦੀ ਤਸਵੀਰ ਨੂੰ ਬਾ-ਕਮਾਲ ਉਘਾੜਿਆ ਹੈ। ਉਸ ਨੇ ਪੰਜਾਬੀ ਸਮਾਜ ਅੰਦਰ ਅੰਗਰੇਜਾਂ ਨੂੰ ਤੀਸਰੀ ਜਾਤ ਕਹਿ ਕੇ ਦੁਤਕਾਰਿਆ ਹੈ। ਸ਼ਾਹ ਮੁਹੰਮਦ ਵੀ ਆਪਣੇ ਪੂਰਬਕਾਲੀ ਲੇਖਕਾਂ ਦਾ ਅਨੁਸਰਨ ਕਰਦਾ ਹੋਇਆ ਸਿੱਖ ਰਾਜ ਦੀ ਅੰਦਰੂਨੀ ਖਾਨਾਜੰਗੀ ਦਾ ਠੀਕਰਾ ਮਹਾਰਾਣੀ ਜਿੰਦਾ ਸਿਰ ਫੋੜ ਕੇ 'ਇਸਤਰੀ ਨਿੰਦਿਆ' ਦੀ ਰੂੜ੍ਹੀ ਨੂੰ ਆਪਣੇ ਜੰਗਨਾਮੇ ਦਾ ਹਿੱਸਾ ਬਣਾਉਂਦਾ ਹੈ। ਇਸ ਤਰ੍ਹਾਂ ਸ਼ਾਹ ਮੁਹੰਮਦ ਇਸ ਕਾਲ ਦਾ ਸਰਬ ਪ੍ਰਮੁੱਖ ਜੰਗਨਾਮਾ ਲੇਖਕ ਹੈ। ਉਸਦਾ ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਪੰਜਾਬੀ ਜੰਗਨਾਮਾ ਸਾਹਿਤ ਦਾ ਸ਼ਾਹਕਾਰ ਮੰਨਿਆ ਜਾਂਦਾ ਹੈ। ਉਸ ਦੀਆਂ ਕਈ ਤੁਕਾਂ ਅਟਲ ਸੱਚਾਈਆਂ ਦਾ ਰੂਪ ਧਾਰ ਗਈਆਂ ਹਨ–

– ਸਫ਼ਾ ਪਿਛਲੀਆਂ ਸਭ ਲਪੇਟ ਲੈਂਦਾ,
ਅੱਗੋਂ ਹੋਰ ਹੀ ਹੋਰ ਵਛਾਂਵਦਾ ਈ।
ਸ਼ਾਹ ਮੁਹੰਮਦਾ ਉਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਤੋਂ ਭੀਖ ਮੰਗਾਂਵਦਾ ਈ।

– ਸਦਾ ਨਹੀਂ ਦੌਲਤਾਂ ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ਼ ਮੀਆਂ।
ਸ਼ਾਹ ਮੁਹੰਮਦਾ ਸਦਾ ਨ ਰੂਪ ਦੁਨੀਆ,
ਸਦਾ ਰਹਿਣ ਨ ਕਾਲੜੇ ਕੇਸ ਮੀਆਂ।

**(ਖ) ਜੰਗਨਾਮਾ ਸਿੰਘ ਤੇ ਫ਼ਰੰਗੀਆਂ (ਕਵੀ ਮਟਕ)**

ਇਹ ਜੰਗਨਾਮਾ ਕਵੀ ਮਟਕ ਦੀ ਰਚਨਾ ਹੈ। ਉਸਦੇ ਜੀਵਨ ਸੰਬੰਧੀ ਕੋਈ ਜਾਣਕਾਰੀ ਉਪਲਬਧ ਨਹੀਂ ਹੁੰਦੀ। ਇਹ ਜੰਗਨਾਮਾ ਵੀ ਉਸਨੇ ਸਿੰਘਾਂ ਅਤੇ ਫਰੰਗੀਆਂ ਵਿਚਕਾਰ ਹੋਏ ਜੰਗਾਂ ਨੂੰ ਆਧਾਰ ਬਣਾ ਕੇ ਲਿਖਿਆ ਹੈ। ਇਸ ਜੰਗਨਾਮੇ ਦੇ ਪਹਿਲੇ ਦੋ ਬੰਦ ਅਤੇ 35 ਵੇਂ ਬੰਦ ਤੋਂ ਬਾਅਦ ਦਾ ਪਾਠ ਗੁੰਮ ਹੈ। ਇਹ ਅਪੂਰਨ ਰਚਨਾ ਪ੍ਰਾਪਤ ਹੁੰਦੀ ਹੈ। ਇਸ ਵਿੱਚ ਕਵੀ ਨੇ 'ਡਿਉਢ ਛੰਦ' ਵਰਤਿਆ ਹੈ। ਜਿਸਦੇ ਹਰ ਬੰਦ ਵਿੱਚ ਚਾਰ-ਚਾਰ ਡਿਉਢਾਂ ਹਨ। ਅੰਤਿਮ ਬੰਦਾਂ ਵਿੱਚ 'ਕੁੰਡਲੀਏ' ਅਤੇ 'ਸਵੈਯੇ' ਛੰਦ ਦਾ ਵੀ ਪ੍ਰਯੋਗ



Downloaded from https:// www.studiestoday.com

Downloaded from https:// www.studiestoday.com

ਦ੍ਰਿਸ਼ਟੀਗੋਚਰ ਹੁੰਦਾ ਹੈ। ਬੋਲੀ ਕੇਂਦਰੀ ਪੰਜਾਬੀ ਹੈ, ਜਿਸ ਉੱਤੇ ਬ੍ਰਜ ਭਾਸ਼ਾ ਦੀ ਰੰਗਤ ਵੀ ਵੇਖੀ ਜਾ ਸਕਦੀ ਹੈ। ਕਵੀ ਨੇ ਮੁਦਕੀ, ਫੇਰੂ ਸ਼ਹਿਰ, ਅਲੀਵਾਲ ਅਤੇ ਸਭਰਾਵਾਂ ਵਿੱਚ ਹੋਈਆਂ ਲੜਾਈਆਂ ਦਾ ਪ੍ਰਭਾਵਸ਼ਾਲੀ ਚਿਤਰਨ ਕੀਤਾ ਹੈ। ਲਾਲ ਸਿੰਘ ਅਤੇ ਤੇਜ ਸਿੰਘ ਦੀ ਨਮਕਹਰਾਮੀ ਨੂੰ ਵੀ ਲਾਹਨਤਾਂ ਪਾਈਆਂ ਹਨ –

ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।
ਰਣਿ ਵਿਚਿ ਪਿਠ ਵਿਖਾਇ ਕੇ, ਮੋਢਾ ਆਏ ਫੇਰ।

ਇਸ ਤੋਂ ਬਿਨਾਂ ਇਸ ਕਾਲ ਵਿੱਚ ਹੋਰ ਵੀ ਬੀਰ-ਰਸੀ ਰਚਨਾਵਾਂ ਦਾ ਜ਼ਿਕਰ ਮਿਲਦਾ ਹੈ। ਜਿਨ੍ਹਾਂ ਵਿੱਚ ਮੁਹੰਮਦ ਬਖ਼ਸ ਰਚਿਤ 'ਜੰਗਨਾਮਾ ਉਮਰ', ਹਾਤਮ ਅਲੀ ਰਚਿਤ 'ਜੰਗਨਾਮਾ ਇਮਾਮ ਅਲੀ ਉਲਹਕ', ਮੀਆਂ ਮੁਸਤਫ਼ਾ ਰਚਿਤ 'ਜੰਗਨਾਮਾ ਇਮਾਮ ਅਲੀ', ਅਹਿਮਦਯਾਰ ਰਚਿਤ 'ਜੰਗ ਬਦਰ', 'ਜੰਗਿ ਉਹਦੂ', 'ਜੰਗਿ ਖੰਦਕ; ਸੋਭਾ ਸਿੰਘ ਰਚਿਤ 'ਮੁਲਤਾਨ ਦੀ ਵਾਰ' ਆਦਿ ਪ੍ਰਮੁੱਖ ਹਨ। ਇਸ ਕਾਲ ਦੀਆਂ ਬੀਰ-ਰਸੀ ਰਚਨਾਵਾਂ ਪੰਜਾਬੀ ਬੀਰ-ਕਾਵਿ ਦੀਆਂ ਅਮੁੱਲ ਪ੍ਰਾਪਤੀਆਂ ਕਹੀਆਂ ਜਾ ਸਕਦੀਆਂ ਹਨ।

## 3. ਸੂਫੀ ਅਤੇ ਧਾਰਮਿਕ ਸਾਹਿਤ ਧਾਰਾ

19 ਵੀਂ ਸਦੀ ਦੇ ਪਹਿਲੇ ਅੱਧ ਵਿੱਚ ਸਭ ਤੋਂ ਵੱਧ ਕਿੱਸਿਆਂ ਦੀ ਰਚਨਾਂ ਹੋਈ। ਸੂਫੀ ਕਾਵਿ ਧਾਰਾ ਵਿੱਚ ਹਾਸ਼ਮ ਤੋਂ ਬਿਨਾਂ ਕੋਈ ਵਿਸ਼ੇਸ਼ ਸੂਫੀ ਕਵੀ ਨਹੀਂ ਹੋਇਆ। ਹੋਰ ਧਾਰਮਿਕ ਕਾਵਿ ਅੰਦਰ ਵੀ ਕੋਈ ਵਿਸ਼ੇਸ਼ ਪ੍ਰਗਤੀ ਨਹੀਂ ਹੋਈ। ਇਸ ਕਾਲ ਦੀਆਂ ਪ੍ਰਮੁੱਖ ਧਾਰਮਿਕ ਕਾਵਿ ਧਾਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ-

**(ੳ) ਸੂਫੀ ਕਾਵਿ ਧਾਰਾ**–

ਇਸ ਕਾਲ ਵਿੱਚ ਸਿੱਖ ਰਾਜ ਦੀ ਸਥਾਪਨਾ ਕਾਰਨ ਸੂਫੀ ਕਾਵਿ ਦੀ ਸਿਰਜਨਾ ਵੀ-ਰੁਕ ਜਾਂਦੀ ਹੈ। ਰਾਜ ਦੀ ਬਦਲੀ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਵੀ ਬਦਲ ਦਿੰਦੀ ਹੈ। ਮੁਸਲਮਾਨੀ ਸਭਿਆਚਾਰ ਅਤੇ ਧਾਰਮਿਕਤਾ ਦਾ ਪ੍ਰਭਾਵ ਵੀ ਮੱਠਾ ਪੈ ਜਾਂਦਾ ਹੈ। ਇਸ ਕਾਲ ਦੇ ਸੂਫੀ ਕਵੀਆਂ ਦਾ ਵੇਰਵਾ ਇਸ ਤਰ੍ਹਾਂ ਹੈ-

**ਹਾਸ਼ਮ ਸ਼ਾਹ**-(1753-1823)

ਹਾਸ਼ਮ ਸ਼ਾਹ ਇਸ ਕਾਲ ਦਾ ਪ੍ਰਮੁੱਖ ਕਿੱਸਾ ਕਵੀ ਹੈ। ਪਰੰਤੂ ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਉਸਨੂੰ ਇਸ ਕਾਲ ਦੇ ਸੂਫ਼ੀ ਕਵੀਆਂ ਵਿੱਚ ਸਥਾਨ ਦਿੰਦੀ ਹੈ। ਉਸਨੇ ਕਿੱਸਿਆਂ ਦੇ ਨਾਲ-ਨਾਲ 208 ਦੋਹੜੇ ਅਤੇ ਡਿਉਢਾਂ ਦੀ ਵੀ ਰਚਨਾ ਕੀਤੀ ਹੈ। ਜਿਸ ਵਿੱਚ ਸੂਫੀ ਅਨੁਭਵ ਤੇ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਉਸਦੇ ਦੋਹੜੇ ਚੌਤੁਕੀਏ ਦਵੈਯੇ ਦੇ ਤੋਲ ਵਾਲੇ ਹਨ ਅਤੇ ਡਿਉਢਾਂ ਵਿੱਚ ਦਵੈਯੇ ਦੇ ਅੰਤ ਉੱਤੇ ਅੱਠ ਸਤਰਾਂ ਵਧਾ ਕੇ ਦੋਹਰਾ ਤੁਕਾਂਤ-ਮੇਲ ਕੀਤਾ ਗਿਆ ਹੈ। ਉਸਦੇ ਦੋਹੜੇ ਬਿਰਹੋਂ ਦੇ ਤੀਬਰ ਭਾਵਾਂ ਦੀ ਪੇਸ਼ਕਾਰੀ ਕਰਦੇ ਹਨ। ਉਸਦੇ ਦੋਹੜਿਆਂ ਕਰਕੇ **ਡਾ. ਮੋਹਨ ਸਿੰਘ ਦੀਵਾਨਾ** ਹਾਸ਼ਮ ਨੂੰ 'ਉਮਰ ਖ਼ਿਆਮ' ਦੇ ਪੱਧਰ ਦਾ ਕਵੀ ਮੰਨਦਾ ਹੈ। ਹੀਰ-ਰਾਂਝੇ ਦੀ ਕਥਾ ਨੂੰ ਪ੍ਰਤੀਕ ਵਜੋਂ ਲੈ ਕੇ ਉਹ ਪ੍ਰੀਤਮ ਦੇ ਪਿਆਰ ਦਾ ਸੁਨੇਹਾ ਭੇਜਦਾ ਹੋਇਆ ਕਹਿੰਦਾ ਹੈ-

ਵਗ ਵਾਏ ਪਰਸਵਾਰਥ ਭਰੀਏ, ਤੂੰ ਜਾਵੀਂ ਤਖ਼ਤ ਹਜ਼ਾਰੇ।
ਆਖ਼ੀ ਯਾਰ ਰਾਂਝਣ ਨੂੰ ਮਿਲਕੇ, ਅਸੀਂ ਤੂੰ ਕਿਉਂ ਮਨੋ ਵਿਸਾਰੇ।

ਉਸਦੇ ਦੋਹੜੇ ਸਰੋਦੀ ਕਾਵਿ ਦੇ ਸ਼੍ਰੇਸ਼ਠ ਨਮੂਨੇ ਹਨ। ਸੰਖੇਪਤਾ, ਸੰਗੀਤਾਤਮਕਤਾ, ਆਤਮ ਅਨੁਭਵ, ਸਰਲ ਅਤੇ ਸੁਬੋਧ ਭਾਸ਼ਾ ਉਸਦੇ ਦੋਹਿੜਆਂ ਦੇ ਵਿਸ਼ੇਸ਼ ਗੁਣ ਹਨ। ਉਹ ਦੀਪਕ ਤੇ ਪਰਵਾਨੇ



Downloaded from https:// www.studiestoday.com

Downloaded from https:// www.studiestoday.com

ਵਾਂਗ ਆਪਣੀ ਹਾਲਤ ਇੰਝ ਬਿਆਨ ਕਰਦਾ ਹੈ–

ਤਨ ਦੀ ਚਿਖਾ ਬਣਾਵੇ ਦੀਪਕ, ਤਾਂ ਆਣ ਜਲਣ ਪਰਵਾਨੇ।
ਭਾਂਬੜ ਹੋਰ ਹਜ਼ਾਰਾਂ ਦਿਸਦੇ, ਪਰ ਓਸ ਪਤੰਗ ਦੀਵਾਨੇ।
ਆਪਣਾ ਆਪ ਬਣਾਵੇ ਕੋਲੇ, ਸੋ ਕਰੇ ਕਬਾਬ ਬੇਗਾਨੇ।
ਹਾਸ਼ਮ ਰਾਹ ਦਿਲਾਂ ਦੀ ਦਿਲ ਵਿੱਚ, ਹੋਰ ਜਾਦੂ ਸਿਹਰ ਬਹਾਨੇ।

ਹਾਸ਼ਮ ਸ਼ਾਹ ਤੋਂ ਬਾਅਦ ਉਨੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਮੁਹੰਮਦ ਦੀਨ, ਮੁਹੰਮਦ ਅਸ਼ਰਫ, ਹਦਾਇਤੁਲਾ, ਮਸਤਕ, ਮੀਆਂ ਬਖ਼ਸ਼, ਨੌਰੋਜ਼, ਮੁਹੰਮਦ ਬਖਸ਼ ਆਦਿ ਸੂਫੀ ਕਵੀ ਵੀ ਵਰਣਨਯੋਗ ਹਨ। **ਨੌਰੋਜ਼** ਰਚਿਤ ਡਿਉਢ ਦਾ ਨਮੂਨਾ ਇਸ ਤਰ੍ਹਾਂ ਹੈ:–

ਮਾਹੀ ਮਿਠੜਾ ਕੋਲ ਹੋਵੇ, ਤਾਂ ਮੈਂ ਦੋੜੇ ਵੇਸ ਕਰੈਸਾਂ, ਕਰ ਵਿਖਲੇਸਾਂ।
ਮੈਲੇ ਵੇਸ ਰਹੇਸਾਂ ਦਹੁਸਰ, ਜਦੋਂ ਪੁਛਸਨ ਬੈਸਾਂ, ਕਰ ਡਿਖਲੇਸਾਂ।

ਦੂਸਰੇ ਸੂਫੀ ਕਵੀ **ਮੀਆਂ ਬਖ਼ਸ਼** ਰਚਿਤ ਕਾਫ਼ੀ ਦੀ ਵੰਨਗੀ ਵੇਖਣ ਵਾਲੀ ਹੈ –

ਜੋਗੀ ਵੇਖ ਕਿਵੇਂ ਉਠ ਆਂਦਾ ਸਈਆਂ।
ਮਿਠੜੇ ਮਿਠੜੇ ਬੈਨ ਵਜਾਵੇ ਠੁਮਕ ਠੁਮਕਾਂਦਾ ਸਈਆਂ।
ਮਦਵੇ ਮਦਵੇ ਨੈਣ ਬਣਾ ਕੇ ਜੋਗੀ ਜੋਗੀ ਮਨ ਭਾਂਦਾ ਸਈਆਂ।

## ਪਰਿਵਰਤਨ ਕਾਲ (1850–1900 ਈ.) ਦੇ ਸੂਫੀ ਕਵੀ

ਇਸ ਕਾਲ ਨੂੰ ਸੂਫੀ ਕਾਵਿ ਦੀ ਅਧੋਗਤੀ ਦਾ ਸਮਾਂ ਕਿਹਾ ਜਾ ਸਕਦਾ ਹੈ। ਕਿਉਂਕਿ ਇਸ ਕਾਲ ਵਿੱਚ ਕੋਈ ਪ੍ਰਤਿਭਾਵਾਨ ਸੂਫ਼ੀ ਕਵੀ ਨਹੀਂ ਮਿਲਦਾ ਅਤੇ ਸੂਫ਼ੀ ਡੇਰਿਆਂ ਵਿੱਚ ਲਕੀਰ ਦੀ ਫ਼ਕੀਰੀ ਹੀ ਰਹਿ ਗਈ ਸੀ। ਪਰੰਤੂ ਕੁਝ ਕੁ ਸੂਫ਼ੀ ਕਵੀਆਂ ਬਾਰੇ ਜ਼ਰੂਰ ਜ਼ਿਕਰ ਕਰਨਾ ਬਣਦਾ ਹੈ, ਜਿਹਨਾਂ ਨੇ ਸੂਫ਼ੀ ਕਾਵਿ ਧਾਰਾ ਅਧੀਨ ਰਚਨਾ ਕਰਕੇ ਇਸਨੂੰ ਸਜੀਵਤਾ ਪ੍ਰਦਾਨ ਕੀਤੀ। ਇਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:–

**(ੳ) ਮੀਰਾਂ ਸ਼ਾਹ ਜਲੰਧਰੀ** (1830–1913 **ਈ**.)–

ਇਹ ਜਲੰਧਰ ਦਾ ਵਸਨੀਕ ਸੀ। ਉਸਦੇ ਪਿਤਾ ਦਾ ਨਾਂ ਸੱਯਦ ਵਲੀ ਮੁਹੰਮਦ ਅਤੇ ਮੁਰਸ਼ਦ ਪੀਰ ਮਸਤਾਨ ਸ਼ਾਹ ਕਾਬਲੀ ਸੀ। ਜੋ ਸੂਫ਼ੀਆਂ ਦੇ ਚਿਸ਼ਤੀ ਸੰਪ੍ਰਦਾਇ ਨਾਲ ਸੰਬੰਧਿਤ ਸੀ। ਉਸਨੂੰ ਇਸ ਕਾਲ ਦੇ ਕਿੱਸਾਕਾਰਾਂ ਵਿੱਚ ਵੀ ਸਥਾਨ ਦਿੱਤਾ ਜਾਂਦਾ ਹੈ। ਉਸਨੇ ਤਿੰਨ ਕਿੱਸਿਆਂ–ਹੀਰ ਰਾਂਝਾਂ, ਮਿਰਜਾ ਸਾਹਿਬਾਂ ਅਤੇ ਸੋਹਣੀ ਮਹੀਂਵਾਲ ਵੀ ਰਚਨਾ ਕੀਤੀ। ਪਰੰਤੂ ਉਸਦੀ ਪ੍ਰਸਿੱਧੀ ਸੂਫ਼ੀ ਕਵੀ ਵਜੋਂ ਹੋਈ। 'ਕੁਲੀਅਤ ਮੀਰਾ ਸ਼ਾਹ' ਉਸਦੀ ਸੂਫ਼ੀ ਅਨੁਭਵ ਨਾਲ ਸੰਬੰਧਿਤ ਰਚਨਾ ਹੈ। ਇਸ ਵਿੱਚ ਉਸਨੇ ਇਸ਼ਕ–ਹਕੀਕੀ ਦੀ ਉੱਚਤਾ ਅਤੇ ਰੱਬ ਦੇ ਗੁੱਝੇ ਅਨੁਭਵ ਦੀ ਪੇਸ਼ਕਾਰੀ ਕੀਤੀ ਹੈ:–

ਜਾਂ ਮੈਂ ਆਇਆ ਇਸ਼ਕ ਮੈਦਾਨ, ਭੁੱਲ ਗਿਆ ਸਭ ਨਾਮੋ ਨਿਸ਼ਾਨ।
ਹੁਣ ਮੈਂ ਪਿਆਰਿਆ ਲਿਆ ਪਛਾਣ, ਆਪੇ ਲੁਕ ਛਿਪ ਖਿਚਦਾ ਡੋਰ।
ਮਹਿਲ ਇਸ਼ਕ ਵਿੱਚ ਤਾੜੀ ਲਾਈ, ਜਾਤ ਸਫ਼ਾਤ ਨਾ ਰਹੀਆਂ ਕਾਈ।
ਜਾਂ ਦਿਲ ਅੰਦਰ ਝਾਤੀ ਪਾਈ, ਆਪੀ ਆਪ ਨਹੀਂ ਕੋਈ ਹੋਰ।

**(ਅ) ਖ਼ਵਾਜਾ ਗ਼ੁਲਾਮ ਫ਼ਰੀਦ** (1845–1901 **ਈ**.)–

ਖ਼ਵਾਜਾ ਗ਼ੁਲਾਮ ਫ਼ਰੀਦ ਇਸ ਕਾਲ ਦਾ ਪ੍ਰਸਿੱਧ ਸੂਫ਼ੀ ਹੋਇਆ ਹੈ। ਉਸਦਾ ਜਨਮ ਬਹਾਵਲਪੁਰ



Downloaded from https:// www.studiestoday.com

Downloaded from https:// www.studiestoday.com

ਰਿਆਸਤ ਦੇ ਚਾਚੜਾਂ ਨਾਂ ਦੇ ਕਸਬੇ ਵਿੱਚ ਹੋਇਆ। ਉਸਦਾ ਖ਼ਾਨਦਾਨ ਸਰਕਾਰੀ ਦਰਬਾਰੀ ਪੱਧਰ ਤੇ ਬੜਾ ਪ੍ਰਸਿੱਧ ਸੀ। ਗ਼ੁਲਾਮ ਫ਼ਰੀਦ ਅਰਬੀ, ਫ਼ਾਰਸੀ, ਉਰਦੂ, ਹਿੰਦੀ, ਸਿੰਧੀ ਅਤੇ ਪੰਜਾਬੀ ਭਾਸ਼ਾਵਾਂ ਦਾ ਚੰਗਾ ਜਾਣਕਾਰ ਸੀ। ਬਚਪਨ ਵਿੱਚ ਉਸਦੇ ਮਾਤਾ ਪਿਤਾ ਦੀ ਮੌਤ ਅਤੇ 27 ਵਰ੍ਹਿਆਂ ਵਿੱਚ ਭਰਾ ਦੀ ਮੌਤ ਕਾਰਨ ਉਸਨੂੰ ਆਪਣੀ ਪਿੱਤਰੀ ਗੱਦੀ ਉੱਪਰ ਬੈਠਣਾ ਪੈਂਦਾ ਹੈ। ਕਿਹਾ ਜਾਂਦਾ ਹੈ ਕਿ ਬਹਾਵਲਪੁਰ ਰਿਆਸਤ ਦਾ ਨਵਾਬ ਉਸਦਾ ਮੁਰੀਦ ਸੀ।

ਗ਼ੁਲਾਮ ਫ਼ਰੀਦ ਨੇ ਕਾਫ਼ੀਆਂ ਅਤੇ ਦੋਹੜਿਆਂ ਵਿੱਚ ਹੀ ਆਪਣੀ ਰਚਨਾ ਕੀਤੀ। '**ਕੁਲੀਆਤ ਖ਼ਵਾਜਾ ਫ਼ਰੀਦ**' ਵਿੱਚ ਉਸਦੀਆਂ 271 ਕਾਫ਼ੀਆਂ ਦਰਜ ਹਨ। **ਅਬਦੁਲ ਗਫ਼ੂਰ ਕੁਰੈਸ਼ੀ**, ਉਸਨੂੰ ਕਾਫ਼ੀ ਦਾ ਬਾਦਸ਼ਾਹ ਦੱਸਦਾ ਹੈ। ਉਸਦੀ ਕਾਫ਼ੀ ਕਲਾਤਮਿਕ ਪੱਖੋਂ ਉੱਚ ਦਰਜੇ ਦੀ ਹੈ। ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਦੀ ਕਾਫ਼ੀ ਪਰੰਪਰਾਂ ਨੂੰ ਉਹ ਸਫ਼ਲਤਾ ਪੂਰਵਕ ਅਪਣਾਉਂਦਾ ਅਤੇ ਅੱਗੇ ਵਧਾਉਂਦਾ ਹੈ। ਵਿਦਵਾਨਾਂ ਨੇ ਉਸਦੇ ਕਲਾਮ ਨੂੰ ਤਿੰਨ ਪੱਖਾਂ- ਇਸ਼ਕ, ਪ੍ਰਕਿਰਤੀ ਚਿਤਰਨ ਰਾਹੀਂ ਰੱਬੀ ਇਕਸੁਰਤਾ ਅਤੇ ਸੂਫ਼ੀ ਰਹੱਸ ਅਨੁਭਵ ਦੀ ਪੇਸ਼ਕਾਰੀ ਨਾਲ ਜੋੜਿਆ ਹੈ। **ਡਾ. ਜੀਤ ਸਿੰਘ ਸ਼ੀਤਲ** ਅਨੁਸਾਰ ਪੰਜਾਬੀ ਸੂਫ਼ੀ ਕਾਵਿ ਦੇ ਇਤਿਹਾਸ ਵਿੱਚ ਖ਼ਵਾਜਾ ਗ਼ੁਲਾਮ ਫ਼ਰੀਦ ਨੇ ਸਭ ਤੋਂ ਵੱਧ ਕਲਾਮ ਰਚਿਆ ਹੈ। ਸਭ ਤੋਂ ਵਧੇਰੇ ਕਾਫ਼ੀਆਂ ਲਿਖੀਆਂ ਹਨ। ਸਭ ਤੋਂ ਚੰਗੇਰੇ ਇਸ ਵਿੱਚ ਰੰਗ ਭਰੇ ਹਨ। ਸਭ ਤੋਂ ਵੱਧ ਬਹਿਰ ਵਰਤੇ ਹਨ। ਅਲੰਕਾਰਾਂ, ਬਿੰਬਾਂ, ਚਿੰਨ੍ਹਾਂ ਦਾ ਕੋਈ ਅੰਤ ਨਹੀਂ। ਸਾਰੀਆਂ ਕਾਫ਼ੀਆਂ ਵਿੱਚ ਸੂਫ਼ੀ ਰੰਗ ਕਿਧਰੇ ਫਿੱਕਾ ਨਹੀਂ ਪੈਂਦਾ। ਬੋਲੀ ਪੁਖਤਾ ਤੇ ਰਚਨਹਾਰਾ ਉੱਤਮ ਫ਼ਨਕਾਰ ਹੈ।

ਗ਼ੁਲਾਮ ਫ਼ਰੀਦ ਨੇ ਸੋਹਣੀ ਮਹੀਂਵਾਲ, ਰੂਪ ਬਸੰਤ, ਗੋਪੀਚੰਦ, ਹਕੀਕਤ ਰਾਇ ਆਦਿ ਕਿੱਸਾ ਰਚਨਾਵਾਂ ਵੀ ਰਚੀਆਂ ਹਨ। ਪਰੰਤੂ ਇੱਕ ਸੂਫ਼ੀ ਕਵੀ ਵਜੋਂ ਹੀ ਉਸਨੂੰ ਪ੍ਰਸਿੱਧੀ ਪ੍ਰਾਪਤ ਹੁੰਦੀ ਹੈ। ਉਸਦੇ ਸੂਫ਼ੀ ਕਲਾਮ ਦੀ ਵੰਨਗੀ ਇਸ ਪ੍ਰਕਾਰ ਹੈ:-

ਇਸ਼ਕ ਤੈਂਡੇ ਦੀ ਨਹਿਰ ਵਗੇ,
ਕਈ ਤਾਰੀਆਂ ਕਰਮਾ ਵਾਲੜੀਆਂ।
ਕਈ ਕੋਝੀਆਂ ਲੰਘ ਪਾਰ ਹੋਈਆਂ,
ਤੇ ਰੋਵਣ ਸ਼ਕਲਾਂ ਵਾਲੜੀਆਂ।

ਇਨ੍ਹਾਂ ਦੋ ਸੂਫ਼ੀ ਕਵੀਆਂ ਤੋਂ ਬਿਨਾਂ ਗ਼ੁਲਾਮ ਮੁਸਤਫ਼ਾ ਮਾਸੂਮ, ਗੁਲਾਮ ਹੁਸੈਨ ਕੈਲੀਆਂ ਵਾਲਾ, ਮੁਹੰਮਦ ਦੀਨ, ਮੁਹੰਮਦ ਅਸ਼ਰਫ਼ ਆਦਿ ਸੂਫ਼ੀ ਕਵੀ ਇਸ ਕਾਲ ਦੇ ਗਿਣਨਯੋਗ ਨਾਂ ਹਨ।

**(ਅ) ਇਸਲਾਮੀ ਕਾਵਿ-**

ਇਸਲਾਮੀ ਕਾਵਿ ਅਧੀਨ ਰਚਨਾ ਕਰਨ ਵਾਲੇ ਕਵੀਆਂ ਨੂੰ **ਡਾ. ਜੀਤ ਸਿੰਘ ਸੀਤਲ** ਅਨੁਸਾਰ ਦੋ ਕਿਸਮਾ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਕਿਸਮ ਵਿੱਚ ਉਹ ਕਵੀ ਹਨ, ਜਿਹੜੇ ਮੂਲ ਰੂਪ ਵਿੱਚ ਕਿੱਸਾਕਾਰ ਜਾਂ ਵਾਰਕਾਰ ਹਨ ਤੇ ਪਰੰਪਰਾ ਵਜੋਂ ਉਨ੍ਹਾਂ ਨੇ ਇਸਲਾਮੀ-ਕਾਵਿ ਦੀ ਰਚਨਾ ਕੀਤੀ ਹੈ, ਜਿਵੇਂ ਅਹਿਮਦਯਾਰ (ਜੰਗਿ ਉਹਦੁ, ਜੰਗਿ ਬਦਰ, ਵਫ਼ਾਤਨਾਮਾ), ਕਾਦਰਯਾਰ (ਮਿਆਰਾਜਨਾਮਾ), ਮੌਲਵੀ ਰੌਸ਼ਨਦੀਨ (ਸਮਾਂ ਮੁਹੰਮਦੀ, ਸਿਰਾਜਿ ਮੁਹੰਮਦੀ), ਇਮਾਮ ਬਖ਼ਸ਼ (ਬਦੀ-ਉਲ-ਜਮਾਲ) ਆਦਿ। ਦੂਜੀ ਕਿਸਮ ਵਿੱਚ ਸਿਰਫ਼ ਇਸਲਾਮੀ ਕਾਵਿ ਲਿਖਣ ਵਾਲੇ ਕਵੀ ਹੀ ਰੱਖੇ ਜਾ ਸਕਦੇ ਹਨ, ਜਿਵੇਂ ਹਾਫ਼ਿਜ਼ ਪਸਰੂਰੀ, ਅਬਦੁਲ ਨਬੀ, ਮੌਲਵੀ ਮੁਹੰਮਦ ਮੁਸਲਿਮ, ਮੌਲਵੀ ਮੁਹੰਮਦ ਬਾਰਕ ਅੱਲ੍ਹਾ, ਨੂਰ ਮੁਹੰਮਦ ਨੂਰ ਆਦਿ। ਇਨ੍ਹਾਂ ਦੀ ਕਵਿਤਾ ਸਿਰਫ਼ ਤੁਕਬੰਦੀ ਰੂਪ ਵਿੱਚ ਹੈ। ਜਿਸਦਾ ਮੁੱਖ ਨਿਸ਼ਚਾ ਇਸਲਾਮੀ ਪ੍ਰਚਾਰ ਪ੍ਰਸਾਰ ਕਰਨਾ ਹੀ ਹੈ। ਮੌਲਵੀ ਨੂਰ ਮੁਹੰਮਦ ਦੀ ਰਚਨਾ 'ਸਾਹਿਬਾਜ਼ਿ ਸ਼ਰੀਅਤ' ਦੀ ਵੰਨਗੀ ਇਸ ਤਰ੍ਹਾਂ ਹੈ:-

ਤੂੰ ਰਖਵਾਲਾ ਫ਼ਜਲੋਂ ਉਸਦਾ, ਜੇ ਸਿਰ ਸਫ਼ਰ ਬਲਾਈ।
ਕੁਝ ਥੋੜਾ ਪਲੇ ਰਾਹ ਅਵੱਲੇ, ਲੁਤਫੋਂ ਪਾਰ ਲੰਘਾਈ।
ਬੇਪਰਵਾਹ ਤੂੰ ਐਬ ਲੁਕਾਵੀਂ, ਤੈਨੂੰ ਕੁਝ ਪਲੀਆਈਆਂ।
ਤੂੰ ਏਸ ਨਿਮਾਨੇ ਤੇ ਕਰ ਰਹਿਮਤ, ਅਰਸ਼ ਤਖ਼ਤ ਦਿਆ ਸਾਈਆਂ।

**(ੲ) ਹਿੰਦੂ ਕਾਵਿ-**



Downloaded from https:// www.studiestoday.com

Downloaded from https:// www.studiestoday.com

ਇਸ ਕਾਲ ਵਿੱਚ ਹਿੰਦੂ ਕਾਵਿ ਪਰੰਪਰਾ ਅਧੀਨ ਸ਼੍ਰੀ ਰਾਮ ਅਤੇ ਸ਼੍ਰੀ ਕ੍ਰਿਸ਼ਨ ਜੀ ਨਾਲ ਸੰਬੰਧਿਤ ਰਚਨਾਵਾਂ ਹੀ ਮਿਲਦੀਆਂ ਹਨ। ਸ਼੍ਰੀ ਰਾਮ ਚੰਦਰ ਬਾਰੇ 'ਬਿਸ਼ਨਪਦੇ ਰਾਮਾਇਣ ਦੇ' ਰਚਨਾ ਮਿਲਦੀ ਹੈ। **ਡਾ. ਰਵਿੰਦਰ ਸਿੰਘ** ਅਨੁਸਾਰ ਭਾਸ਼ਾ ਸ਼ੈਲੀ ਦੇ ਆਧਾਰ 'ਤੇ ਇਹ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਹੈ ਅਤੇ ਇਸ ਦਾ ਕਵੀ ਕੋਈ ਤੁਲਸੀਦਾਸ ਹੈ। ਪਰ ਤੁਲਸੀਦਾਸ 'ਰਾਮਚਰਿਤਮਾਨਸ' ਦਾ ਕਵੀ ਗੋਸੁਆਮੀ ਤੁਲਸੀਦਾਸ ਨਹੀਂ, ਕੋਈ ਹੋਰ ਹੈ। ਪੰਜਾਬੀ ਮੁਹਾਵਰੇ ਅਤੇ ਰੀਤਾਂ-ਰਿਵਾਜਾਂ ਦੀ ਸਹੀ ਵਰਤੋਂ ਕਰਨ ਕਰ ਕੇ ਇਹ ਕਵੀ ਪੰਜਾਬ ਦਾ ਜੰਮਪਲ ਪ੍ਰਤੀਤ ਹੁੰਦਾ ਹੈ।

ਕ੍ਰਿਸ਼ਣ-ਕਾਵਿ ਅਧੀਨ ਸ਼੍ਰੀ ਕ੍ਰਿਸ਼ਨ ਦੇ ਚਰਿੱਤਰ ਸੰਬੰਧੀ ਬਾਰਾਮਾਹੇ, ਮਿਠੜੇ ਅਤੇ ਲੀਲਾ ਵਰਣਨ ਦੀਆਂ ਵੰਨਗੀਆਂ ਮਿਲਦੀਆਂ ਹਨ। ਕਵੀ ਦਸੌਂਦਾ ਰਾਮ, ਕਵੀ ਸਾਹਿਬ ਸਿੰਘ 'ਮ੍ਰਿਗਿੰਦ', ਕਵੀ ਰਲਿਆ ਰਾਮ ਤੇ ਦੇਵੀ ਦਾਸ, ਕਵੀ ਦਿਆਲ ਸਿੰਘ ਅਤੇ ਕਵੀ ਬਾਲਮੁਕੰਦ ਦੇ ਬਾਰਾਮਾਹੇ, ਕਵੀ ਰਾਮ ਸਿੰਘ ਦੇ 'ਮਿੱਠੜੇ' ਅਤੇ ਕਵੀ ਰਾਮਦਾਸ ਕ੍ਰਿਤ 'ਮੁੰਦਰੀ ਲੀਲਾ' ਕ੍ਰਿਸ਼ਣ ਕਾਵਿ ਅਧੀਨ ਰਚੀਆਂ ਪ੍ਰਮੁੱਖ ਰਚਨਾਵਾਂ ਹਨ।

**(ਸ) ਸਿੱਖ ਕਾਵਿ-**

ਇਸ ਕਾਲ ਵਿੱਚ ਪਿਛਲੀ ਸਦੀ ਵਿੱਚ ਗੁਰ-ਇਤਿਹਾਸਾਂ ਅਤੇ ਗੁਰ-ਬਿਲਾਸਾਂ ਦੀ ਪਰੰਪਰਾ ਹੀ ਜਾਰੀ ਰਹਿੰਦੀ ਹੈ। ਇਸ ਕਾਲ ਦੀਆਂ ਸਿੱਖ ਕਾਵਿ ਅਧੀਨ ਰਚੀਆਂ ਪ੍ਰਮੁੱਖ ਰਚਨਾਵਾਂ ਇਸ ਤਰ੍ਹਾਂ ਹਨ:-

1. ਗੁਰੂ ਪਦ ਪ੍ਰੇਮ ਪ੍ਰਕਾਸ਼ ਕਰਤਾ ਸੁਮੇਰ ਸਿੰਘ (1815 ਈ./ 1872 ਬਿ.)
2. ਗੁਰੂ ਨਾਨਕ ਪ੍ਰਕਾਸ਼ ਕਰਤਾ ਸੰਤੋਖ ਸਿੰਘ (1823 ਈ./ 1880 ਬਿ.)
3. ਸਿੰਘ ਸਾਗਰ ਕਰਤਾ ਵੀਰ ਸਿੰਘ ਬਲ (1827 ਈ./ 1884 ਬਿ.)
4. ਗੁਰ ਕੀਰਤ ਪ੍ਰਕਾਸ਼ ਕਰਤਾ ਵੀਰ ਸਿੰਘ ਬਲ (1834 ਈ./ 1891 ਬਿ.)
5. ਗੁਰ ਪ੍ਰਤਾਪ ਸੂਰਜ ਕਰਤਾ ਸੰਤੋਖ ਸਿੰਘ (1843 ਈ./ 1900 ਬਿ.)

ਇਨ੍ਹਾਂ ਰਚਨਾਵਾਂ ਦੀ ਬੋਲੀ ਬ੍ਰਜ ਭਾਸ਼ਾ ਹੈ, ਪਰ ਕਿਤੇ-ਕਿਤੇ ਪੰਜਾਬੀ ਦਾ ਪ੍ਰਭਾਵ ਵੀ ਦਿਖਾਈ ਦਿੰਦਾ ਹੈ। ਛੰਦਾਬੰਦੀ ਪੱਖੋਂ ਇਹ ਰਚਨਾਵਾਂ ਸਫ਼ਲ ਹਨ।

ਇਸ ਤੋਂ ਬਿਨ੍ਹਾਂ **ਪਰਿਵਰਤਨ ਕਾਲ** (1850-1900 ਈ.) ਵਿੱਚ ਸਿੱਖ ਕਾਵਿ ਦੇ ਅੰਤਰ-ਗਤ **ਗਿਆਨੀ ਦਿੱਤ ਸਿੰਘ** ਵੱਲੋਂ ਲਿਖੇ 'ਸ਼ਹੀਦੀ ਪ੍ਰਸੰਗ' ਵਿਸ਼ੇਸ਼ ਸਥਾਨ ਰੱਖਦੇ ਹਨ।

## 4. ਵਾਰਤਕ ਸਾਹਿਤ

ਇਸ ਕਾਲ ਵਿੱਚ ਕੋਈ ਮਹੱਤਵਪੂਰਨ ਵਾਰਤਕ ਸਿਰਜਨ ਪ੍ਰਾਪਤ ਨਹੀਂ ਹੁੰਦੀ। ਪਰੰਤੂ ਜੋ ਵਾਰਤਿਕ ਵੰਨਗੀਆਂ ਇਸ ਕਾਲ ਵਿੱਚ ਰਚੀਆਂ ਗਈਆਂ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

**(ੳ) ਸਾਖੀਆਂ-**

ਸੰਨ 1823 ਈ. ਦੇ ਕਰੀਬ ਲਿਖੀ ਗਈ 'ਮਾਲਵੇ ਦੇਸ਼ਾਟਨ ਦੀ ਸਾਖੀ ਪੋਥੀ' ਇਸ ਕਾਲ ਵਿੱਚ ਵਿਸ਼ੇਸ਼ ਥਾਂ ਰੱਖਦੀ ਹੈ। ਇਸਦੇ ਲੇਖਕ ਸੰਬੰਧੀ ਕੋਈ ਜਾਣਕਾਰੀ ਨਹੀਂ ਮਿਲਦੀ। ਪਰੰਤੂ **ਡਾ. ਹਰਨਾਮ ਸਿੰਘ ਸ਼ਾਨ** ਅਨੁਸਾਰ ਇਹ ਸਾਧੂ ਦਿਆਲ ਦਾਸ ਦੀ ਰਚਨਾ ਹੈ। ਭਾਈ ਵੀਰ ਸਿੰਘ ਨੇ ਇਸਨੂੰ ਪਹਿਲੀ ਵਾਰ ਸੰਪਾਦਿਤ ਕਰਕੇ ਸੰਨ 1950 ਈ. ਵਿੱਚ 'ਖ਼ਾਲਸਾ ਸਮਾਚਾਰ' ਵਿੱਚ ਪ੍ਰਕਾਸ਼ਿਤ ਕੀਤਾ। ਇਸ ਵਿੱਚ ਕੁੱਲ 118 ਸਾਖੀਆਂ ਹਨ, ਜਿਨ੍ਹਾਂ ਵਿੱਚੋਂ 38 ਸਾਖੀਆਂ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਬਾਕੀ ਸਾਖੀਆਂ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ। ਇਸ ਵਿੱਚ ਗੁਰੂ ਸਾਹਿਬਾਨਾਂ ਦੀ ਮਾਲਵੇ ਖੇਤਰ ਨਾਲ ਸੰਬੰਧਿਤ ਯਾਤਰਾਵਾਂ ਦਾ ਵਰਣਨ ਕੀਤਾ ਗਿਆ ਹੈ। ਦੋਹਾਂ ਗੁਰੂ ਸਾਹਿਬਾਨਾਂ ਦੇ ਚਰਿੱਤਰ ਨੂੰ ਬੜੇ ਆਦਰ ਸਹਿਤ



Downloaded from https:// www.studiestoday.com

Downloaded from https:// www.studiestoday.com

ਉਘਾੜਿਆ ਗਿਆ ਹੈ। ਇਸ ਦੀ ਭਾਸ਼ਾ ਆਮ ਬੋਲਚਾਲ ਵਾਲੀ ਮਲਵਈ ਉਪਭਾਸ਼ਾ ਹੈ।

**(ਅ) ਟੀਕੇ–**

ਇਸ ਕਾਲ ਵਿੱਚ ਬਾਣੀ ਦੇ ਟੀਕੇ ਵੀ ਪ੍ਰਾਪਤ ਹੁੰਦੇ ਹਨ। ਪਹਿਲਾ ਮਹੱਤਵਪੂਰਨ ਟੀਕਾ ਅਨੰਦ ਸਾਹਿਬ ਦਾ ਹੈ, ਜੋ 1802 ਈ. (1859 ਬਿ.) ਵਿੱਚ **ਸੁਆਮੀ ਆਨੰਦਘਣ** ਦੁਆਰਾ ਕਾਸ਼ੀ ਵਿਖੇ ਲਿਖਿਆ ਗਿਆ ਸੀ। ਇਸ ਕਾਲ ਦਾ ਦੂਜਾ ਪ੍ਰਮੁੱਖ ਟੀਕਾ **ਮਹਾਂਕਵੀ ਸੰਤੋਖ ਸਿੰਘ** ਰਚਿਤ ਜਪੁਜੀ ਸਾਹਿਬ ਦਾ ਹੈ। ਜੋ ਉਸਨੇ 1829 ਈ. (1886 ਬਿ.) ਵਿੱਚ ਕੈਥਲ ਦੇ ਰਾਜਾ ਭਾਈ ਉਦੈ ਸਿੰਘ ਦੀ ਪ੍ਰੇਰਨਾ ਉੱਤੇ ਲਿਖਿਆ ਸੀ। ਜੋ 1795 ਈ. (1852 ਬਿ.) ਵਿੱਚ ਸੁਆਮੀ ਆਨੰਦਘਨ ਦੇ ਲਿਖੇ ਜਪੁਜੀ ਦੇ ਟੀਕੇ ਦੀਆਂ ਅਯੋਗ ਸਥਾਪਨਾਵਾਂ ਦੇ ਜੁਆਬ ਵਿੱਚ ਲਿਖਿਆ ਹੋਇਆ ਹੈ। ਇਸ ਲਈ ਇਸ ਟੀਕੇ ਦਾ ਨਾਂ 'ਗਰਬ ਗੰਜਨੀ' ਰਖਿਆ ਗਿਆ ਹੈ। ਇਸ ਰਾਹੀਂ ਸੁਆਮੀ ਆਨੰਦਘਨ ਦਾ ਅਹੰਕਾਰ ਤੋੜਿਆ ਗਿਆ ਹੈ। ਜਪੁਜੀ ਦੀਆਂ ਪਉੜੀਆਂ ਦੀ ਦਾਰਸ਼ਨਿਕ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਇਸ ਵਿੱਚ ਟੀਕਾ ਵਾਰਤਿਕ ਵਿੱਚ ਅਤੇ ਅਲੰਕਾਰ ਲੱਛਣਾਂ ਦੀ ਪੜਚੋਲ ਕਵਿਤਾ ਵਿੱਚ ਕੀਤੀ ਗਈ ਹੈ।

ਇਸ ਤੋਂ ਬਿਨਾਂ ਇਸ ਕਾਲ ਵਿੱਚ **ਸੁਖਮਨੀ** ਅਤੇ **ਸਹਿਸਕ੍ਰਿਤੀ** ਬਾਣੀ ਦੇ ਟੀਕੇ ਵੀ ਰਚੇ ਗਏ ਹੋਣ ਦਾ ਅਨੁਮਾਨ ਲਾਇਆ ਜਾਂਦਾ ਹੈ, ਜੋ ਪ੍ਰਕਾਸ਼ਿਤ ਨਹੀਂ ਹੋਏ। ਇਸ ਕਾਲ ਦੇ ਟੀਕਿਆਂ ਵਿੱਚ ਬ੍ਰਜ ਭਾਸ਼ਾ ਦੇ ਪ੍ਰਭਾਵ ਵਾਲੀ ਪੰਜਾਬੀ ਵਰਤੀ ਗਈ ਹੈ।

**(ੲ) ਅਨੁਵਾਦ–**

ਇਸ ਕਾਲ ਵਿੱਚ ਪ੍ਰਾਪਤ ਅਨੁਵਾਦਾਂ ਦਾ ਵੇਰਵਾ ਇਸ ਤਰ੍ਹਾਂ ਹੈ–

**1. ਸੁਮਤਿ ਪ੍ਰਕਾਸ਼–**

ਇਹ ਰਚਨਾ ਅਬਲ ਫ਼ਜ਼ਲ ਦੇ 'ਅਕਬਰਨਾਮਾ' ਦਾ ਪੰਜਾਬੀ ਅਨੁਵਾਦ ਹੈ। ਜਿਸਨੂੰ 1823 ਈ. (1880 ਬਿ.) ਵਿੱਚ **ਕਵੀ ਰਾਮ** ਨੇ ਅਨੁਵਾਦ ਕੀਤਾ। ਕਪੂਰਥਲਾ ਦੇ ਮਹਾਰਾਜਾ ਫ਼ਤਹਿ ਸਿੰਘ ਦੀ ਪ੍ਰੇਰਨਾ ਨਾਲ ਇਹ ਅਨੁਵਾਦ ਕਾਰਜ ਕੀਤਾ ਗਿਆ। ਇਹ ਰਚਨਾ 600 ਤੋਂ ਵੱਧ ਪੰਨਿਆਂ ਦੀ ਹੈ, ਜੋ ਅਣਪ੍ਰਕਾਸ਼ਿਤ ਹੀ ਹੈ। ਪੰਜਾਬੀ ਉੱਪਰ ਫ਼ਾਰਸੀ ਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਸਪੱਸ਼ਟ ਦਿਖਦਾ ਹੈ। ਵਾਰਤਕ ਕਾਵਿਕ ਸਰੂਪ ਵਾਲੀ ਹੈ ਤੇ ਰਚਨਾ ਨੂੰ ਤਿੰਨ ਖੰਡਾਂ ਵਿੱਚ ਵਿਭਾਜਿਤ ਕੀਤਾ ਹੋਇਆ ਹੈ। ਵਾਧੂ ਵਿਸਤਾਰ ਵਾਲੇ ਪ੍ਰਸੰਗਾਂ ਨੂੰ ਛੱਡਿਆ ਗਿਆ ਹੈ।

**2. ਸੁਨੀਤਿ ਪ੍ਰਕਾਸ਼–**

ਇਹ ਅਨੁਵਾਦ ਇਸ ਕਾਲ ਦਾ ਦੂਜਾ ਪ੍ਰਮੁੱਖ ਅਨੁਵਾਦ ਰੂਪ ਹੈ। ਇਸ ਵਿੱਚ ਫ਼ਾਰਸੀ ਦੀ ਪ੍ਰਸਿੱਧ ਰਚਨਾ 'ਇਖਲਾਕਿ ਮੋਹਸਨੀਨ' ਦਾ ਪੰਜਾਬੀ ਉਲੱਥਾ ਹੈ। ਇਸ ਦੇ ਅਨੁਵਾਦਕ ਸੰਬੰਧੀ ਕੋਈ ਜਾਣਕਾਰੀ ਪ੍ਰਾਪਤ ਨਹੀਂ। ਪਰੰਤੂ ਅਨੁਵਾਦਕ ਪੰਜਾਬੀ ਤੇ ਫ਼ਾਰਸੀ ਦਾ ਚੰਗਾ ਵਿਦਵਾਨ ਮਾਲੂਮ ਹੁੰਦਾ ਹੈ। ਉਸਦਾ ਇਹ ਅਨੁਵਾਦ 1820 ਈ. (1877 ਬਿ.) ਵਿੱਚ ਸੰਪੂਰਨ ਹੋਇਆ। 150 ਪੰਨਿਆਂ ਦੀ ਇਹ ਰਚਨਾ ਅਣਪ੍ਰਕਾਸ਼ਿਤ ਹੈ। ਇਸ ਦੇ ਕੁੱਲ 40 ਅਧਿਆਇ ਹਨ। ਬੜੀ ਸਰਲ ਅਤੇ ਸਪਸ਼ਟ ਪੰਜਾਬੀ ਦੀ ਵਰਤੋਂ ਹੈ। ਵਾਕ ਨਿੱਕੇ ਤੇ ਇਕਹਿਰੇ ਹਨ। ਮੂਲ ਰਚਨਾ ਦੀ ਬਿਰਤੀ ਅਨੁਸਾਰ ਇਸ ਵਿੱਚ ਵੀ ਬਾਦਸ਼ਾਹ ਨੂੰ ਨੈਤਿਕਤਾ ਸੰਬੰਧੀ ਸਿਧਾਂਤ ਸਮਝਾਉਣ ਲਈ ਇਸਲਾਮਿਕ ਮਿਥਿਹਾਸ ਤੇ ਨੈਤਿਕ ਕਦਰਾਂ-ਕੀਮਤਾਂ ਦੀ ਮਦਦ ਲਈ ਗਈ ਹੈ।

**3. ਭਗਵਤ ਗੀਤਾ–**

ਇਹ ਇਸ ਕਾਲ ਦਾ ਤੀਜਾ ਅਨੁਵਾਦ ਹੈ। ਇਸਨੂੰ ਸੰਸਕ੍ਰਿਤ ਤੋਂ ਫ਼ਾਰਸੀ ਵਿੱਚ ਪਹਿਲਾਂ ਹੋਏ ਅਨੁਵਾਦ ਤੋਂ ਹੀ ਪੰਜਾਬੀ ਵਿੱਚ ਉਲਥਾਇਆ ਗਿਆ ਹੈ। ਸਿਆਲਕੋਟ ਦੇ ਵਸਨੀਕ ਫ਼ਕੀਰ ਨੂਰ ਸ਼ਾਹ ਨੇ ਇਹ ਅਨੁਵਾਦ ਜਰਨੈਲ ਮਹਿਤਾਬ ਸਿੰਘ ਦੇ ਕਹੇ ਅਨੁਸਾਰ ਕੀਤਾ। 1830-35 ਈ. ਇਸਦਾ ਰਚਨਾਕਾਲ ਮੰਨਿਆ ਜਾਂਦਾ ਹੈ। ਇਹ ਰਚਨਾ ਵੀ ਅਣਪ੍ਰਕਾਸ਼ਿਤ ਹੈ। ਪੰਜਾਬੀ ਉੱਪਰ ਫ਼ਾਰਸੀ, ਉਰਦੂ ਤੇ ਖੜ੍ਹੀ ਬੋਲੀ ਦਾ ਪ੍ਰਭਾਵ ਹੈ। ਵਿਆਕਰਨ ਉੱਪਰ ਵੀ ਉਰਦੂ ਦਾ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ।



Downloaded from https:// www.studiestoday.com

Downloaded from https:// www.studiestoday.com

**4. ਜ਼ਫ਼ਰਨਾਮਾ–**

ਇਹ ਇਸ ਕਾਲ ਦਾ ਚੌਥਾ ਗਿਣਨਯੋਗ ਅਨੁਵਾਦ ਹੈ। 'ਜ਼ਫ਼ਰਨਾਮਾ' ਦਾ ਫ਼ਾਰਸੀ ਤੋਂ ਪੰਜਾਬੀ ਵਿੱਚ ਉਲਥਾ ਕੀਤਾ ਗਿਆ ਹੈ। ਇਸਦੇ ਅਨੁਵਾਦਕ **ਪੰਜਾਬ ਸਿੰਘ ਬਹਿਲੋ** ਹਨ। ਆਰੰਭ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕੀਤੀ ਗਈ ਹੈ ਤੇ ਬਾਅਦ ਵਿੱਚ ਹਕਾਇਤ ਵਾਰ ਅਨੁਵਾਦ ਕੀਤਾ ਗਿਆ ਹੈ। ਫ਼ਾਰਸੀ ਦਾ ਪਾਠ ਦੇ ਕੇ ਬਾਅਦ ਵਿੱਚ ਪੰਜਾਬੀ ਰੂਪਾਂਤਰਨ ਲਿਖਿਆ ਗਿਆ ਹੈ। ਬੋਲੀ ਸਰਲ ਪੰਜਾਬੀ ਹੈ, ਜਿਸ ਉੱਤੇ ਮਲਵਈ ਉਪ-ਭਾਸ਼ਾ ਦਾ ਅਸਰ ਹੈ।

**5. ਆਇਨੇ ਅਕਬਰੀ–**

ਇਸ ਦਾ ਅਨੁਵਾਦ 1828 ਈ. (1885 ਬਿ.) ਵਿੱਚ **ਭਾਈ ਮਹਿਤਾਬ ਸਿੰਘ ਸ਼ੇਰੂਵਾਲਾ** ਨੇ ਕੀਤਾ। ਕਈ ਵਿਦਵਾਨ ਇਸਦਾ ਅਨੁਵਾਦਕ ਕਿਸੇ ਅਗਿਆਤ ਲੇਖਕ ਨੂੰ ਮੰਨਦੇ ਹਨ ਤੇ ਭਾਈ ਮਹਿਤਾਬ ਸਿੰਘ ਨੂੰ ਸਿਰਫ਼ ਇਸ ਪੋਥੀ ਦਾ ਉਤਾਰਾ ਕਰਨ ਵਾਲਾ ਹੀ ਮੰਨਦੇ ਹਨ। ਇਹ ਰਚਨਾ ਵੀ ਅਜੇ ਤਕ ਪ੍ਰਕਾਸ਼ਿਤ ਨਹੀਂ। 'ਆਇਨੇ ਅਕਬਰੀ' ਅਬੁਲ ਫ਼ਜ਼ਲ ਦੀ ਰਚਨਾ 'ਅਕਬਰਨਾਮਾ' ਦਾ ਤੀਜਾ ਖੰਡ ਹੀ ਹੈ। ਇਸ ਵਿੱਚ ਅਕਬਰ ਬਾਦਸ਼ਾਹ ਦੇ ਪ੍ਰਬੰਧਕੀ ਢਾਂਚੇ ਬਾਰੇ ਹੀ ਵਰਣਨ ਕੀਤਾ ਹੋਇਆ ਮਿਲਦਾ ਹੈ।

ਇਸ ਕਾਲ ਵਿੱਚ ਫ਼ਾਰਸੀ ਦੇ ਨਾਲ-ਨਾਲ ਸੰਸਕ੍ਰਿਤ ਪੁਸਤਕਾਂ ਦੇ ਵੀ ਪੰਜਾਬੀ ਵਿੱਚ ਅਨੁਵਾਦ ਹੋਏ ਮਿਲਦੇ ਹਨ। ਕਿਸ਼ੋਰਦਾਸ ਨੇ 'ਭਗਵਤ ਗੀਤਾ' ਤੇ ਉਸਦਾ ਮਹਾਤਮ, ਭਾਈ ਪਰਤਾਪ ਸਿੰਘ ਨੇ 'ਰਾਧਾ ਗੋਬਿੰਦ ਸੰਮਤੀ' ਅਤੇ ਇੱਕ ਅਗਿਆਤ ਲੇਖਕ ਦੁਆਰਾ 'ਵਿਸ਼ਨੂ ਪੁਰਾਣ' ਦੇ ਪੰਜਾਬੀ ਵਿੱਚ ਹੋਏ ਅਨੁਵਾਦ ਵੀ ਪ੍ਰਾਪਤ ਹੁੰਦੇ ਹਨ। ਇਸਦੇ ਨਾਲ ਹੀ ਅੰਗਰੇਜ਼ੀ ਤੋਂ ਵੀ ਅਨੁਵਾਦ ਕਰਨ ਦੀ ਪਰੰਪਰਾ ਆਰੰਭ ਹੁੰਦੀ ਹੈ। ਵਿਲੀਅਮ ਕੇਰੀ ਦੁਆਰਾ 'ਨਵੇਂ ਨੇਮ' (ਨਿਊ ਟੈਸਟਾਮੈਂਟ) ਦਾ ਪੰਜਾਬੀ ਅਨੁਵਾਦ '**ਪਰਮੇਸਰੁ ਦੇ ਸ਼ੁੱਭ ਬਚਨ**' ਨਾਂ ਹੇਠ ਛੱਪ ਕੇ 1811 ਈ. ਵਿੱਚ ਸਾਹਮਣੇ ਆਉਂਦਾ ਹੈ ਤੇ ਇਸਦੇ ਨਾਲ ਹੀ ਇਸ ਕਾਲ ਵਿੱਚ ਈਸ਼ਾਈ ਮਿਸ਼ਨਰੀਆਂ ਦੁਆਰਾ ਪੰਜਾਬੀ ਵਿਆਕਰਨ ਅਤੇ ਕੋਸ਼ਾਂ ਨੂੰ ਤਿਆਰ ਕਰਵਾਉਣਾ ਸ਼ੁਰੂ ਕੀਤਾ ਜਾਂਦਾ ਹੈ ਅਤੇ ਗੁਰਮੁਖੀ ਟਾਈਪ ਤਿਆਰ ਕਰ ਕੇ ਪੰਜਾਬੀ ਪੁਸਤਕਾਂ ਦੀ ਛਪਾਈ ਵੀ ਆਰੰਭ ਕਰਵਾਈ ਜਾਂਦੀ ਹੈ। ਵਿਲੀਅਮ ਕੇਰੀ ਨੇ 1812 ਈ. ਪੰਜਾਬੀ ਦਾ ਪਹਿਲਾ ਵਿਆਕਰਨ ਤਿਆਰ ਕੀਤਾ। ਇਸਦੇ 99 ਪੰਨੇ ਸੀ। ਵਿਆਕਰਨ ਅੰਗਰੇਜ਼ੀ ਵਿੱਚ ਲਿਖਿਆ ਸੀ ਅਤੇ ਉਦਾਹਰਨ ਪੰਜਾਬੀ (ਗੁਰਮੁਖੀ ਲਿਪੀ) ਵਿੱਚ ਸਨ। 1837 ਈ. ਨੂੰ ਪੰਜਾਬ ਵਿੱਚ ਪਹਿਲੀ ਵਾਰ ਈਸਾਈ ਮਿਸ਼ਨ ਦੀ ਸਥਾਪਨਾ ਲੁਧਿਆਣੇ ਵਿਖੇ ਹੋਈ। ਲੁਧਿਆਣਾ ਮਿਸ਼ਨ ਵੱਲੋਂ 1836 ਈ. ਤੋਂ ਲੈ ਕੇ 1849 ਈ. ਤੱਕ ਦੋ ਦਰਜਨ ਦੇ ਕਰੀਬ ਪੁਸਤਕਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਟ੍ਰੈਕਟ ਛਾਪੇ ਗਏ। 1851 ਈ. ਵਿੱਚ ਲੁਧਿਆਣਾ ਮਿਸ਼ਨ ਪ੍ਰੈੱਸ ਵੱਲੋਂ ਸਭ ਤੋਂ ਵੱਡੀ ਉਪਲਬਧੀ, ਜੌਹਨ ਨਿਊਟਨ ਦੀ ਪੁਸਤਕ 'ਏ ਗ੍ਰਾਮਰ ਆਫ਼ ਦੀ ਪੰਜਾਬੀ ਲੈਂਗੁਏਜ਼' ਛਾਪੀ ਗਈ। ਜਿਸਦੇ 1893 ਈ. ਤੱਕ ਤਿੰਨ ਸੰਸਕਰਨ ਛੱਪ ਚੁੱਕੇ ਸਨ। 1898 ਈ. ਵਿੱਚ ਜੌਹਨ ਨਿਊਟਨ ਦੇ ਪੁੱਤਰ ਈ. ਪੀ. ਨਿਊਟਨ ਨੇ ਇਸ ਗ੍ਰਾਮਰ ਨੂੰ ਸੋਧ ਕੇ 'ਤੇ ਕੁਝ ਵਧਾ ਕੇ 'ਪੰਜਾਬੀ ਗ੍ਰਾਮਰ ਵਿਦ ਐਕਸਰਸਾਈਜ਼ ਐਂਡ ਵੁਕੈਬੁਲਰੀ' ਨਾਂ ਹੇਠ ਇਸਦਾ ਨਵਾਂ ਸੰਸਕਰਨ ਛਾਪਿਆ। ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿੱਚ ਸਭ ਤੋਂ ਪਹਿਲਾ ਕੋਸ਼ 1854 ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ ਸ਼ਬਦਾਂ ਦੀ ਗਿਣਤੀ 28000 ਦੇ ਕਰੀਬ ਸੀ। ਇਨ੍ਹਾਂ ਸ਼ਬਦਾਂ ਦੀ ਤਰਤੀਬ ਗੁਰਮੁਖੀ ਲਿਪੀ ਅਨੁਸਾਰ ਸੀ। 1898 ਈ. ਵਿੱਚ ਵਿਲਸਨ ਵੱਲੋਂ ਛਾਪੇ ਗਏ 'ਗ੍ਰਾਮਰ ਐਂਡ ਡਿਕਸ਼ਨਰੀ ਔਫ਼ ਵੈਸਟਰਨ ਪੰਜਾਬੀ' ਕੋਸ਼ ਵਿੱਚ ਪੰਜਾਬੀ ਲੋਕਗੀਤ ਤੇ ਮੁਹਾਵਰੇ ਵੀ ਸੰਗ੍ਰਹਿਤ ਕੀਤੇ ਗਏ। ਇਸ ਤਰ੍ਹਾਂ ਈਸਾਈ ਮਿਸ਼ਨਰੀਆਂ ਨੇ ਅੰਗਰੇਜ਼ੀ ਰਾਜ ਪ੍ਰਬੰਧ ਤੇ ਈਸਾਈਅਤ ਦੇ ਪ੍ਰਚਾਰ ਹਿੱਤ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਜਾਣਨ, ਸਮਝਣ ਅਤੇ ਉਪਯੋਗ ਕਰਨ ਲਈ ਜੋ ਰਚਨਾਵਾਂ ਕੀਤੀਆਂ ਤੇ ਕਰਵਾਈਆਂ ਉਨ੍ਹਾਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਲਈ ਪਰੋਖ ਜਾਂ ਅਪਰੋਖ ਰੂਪ ਵਿੱਚ ਅਹਿਮ ਯੋਗਦਾਨ ਵੀ ਪਾਇਆ।

## ਪਰਿਵਰਤਨ ਕਾਲ (1850-1900 ਈ.) ਦਾ ਵਾਰਤਕ ਸਾਹਿਤ–



Downloaded from https:// www.studiestoday.com

Downloaded from https:// www.studiestoday.com

ਇਸ ਕਾਲ ਦਾ ਰਾਜ ਪ੍ਰਬੰਧ ਅੰਗਰੇਜ਼ੀ ਸ਼ਾਸਨ ਦੇ ਅਧੀਨ ਸੀ। ਈਸ਼ਾਈ ਮਿਸ਼ਨਰੀਆਂ ਧਰਮ ਪ੍ਰਚਾਰ ਲਈ ਵਾਰਤਿਕ ਨੂੰ ਆਧਾਰ ਬਣਾ ਰਹੀਆਂ ਸਨ। ਉਸਦੇ ਵਿਰੋਧ ਵਜੋਂ ਉਪਜੀ ਸਿੰਘ ਸਭਾ ਲਹਿਰ ਵੀ ਵਾਰਤਕ ਨੂੰ ਹੀ ਅਪਨਾਉਂਦੀ ਹੈ। ਇਸ ਕਾਲ ਦੇ ਕੁਝ ਵਾਰਤਿਕਕਾਰ ਈਸ਼ਾਈ ਮਿਸ਼ਨਰੀਆਂ ਦੇ ਪ੍ਰਭਾਵ ਅਧੀਨ ਕੁਝ ਸਿੰਘ ਸਭਾ ਲਹਿਰ ਅਤੇ ਕੁਝ ਇੱਕ ਸੁਤੰਤਰ ਰੂਪ ਵਿੱਚ ਵੀ ਵਾਰਤਿਕ ਰਚਨਾ ਕਰ ਰਹੇ ਸਨ। ਇਸ ਕਾਲ ਦੇ ਵਾਰਤਿਕਕਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ:-

**(ੳ) ਪੰ. ਸ਼ਰਧਾ ਰਾਮ ਫ਼ਲੌਰੀ (1837-1881 ਈ.)-**

ਪੰ. ਸ਼ਰਧਾ ਰਾਮ ਫ਼ਲੌਰ ਦਾ ਰਹਿਣ ਵਾਲਾ ਸੀ। ਸੰਸਕ੍ਰਿਤ, ਹਿੰਦੀ, ਉਰਦੂ ਅਤੇ ਪੰਜਾਬੀ ਦਾ ਲੇਖਕ, ਅਨੁਵਾਦਕ ਅਤੇ ਕਥਾਕਾਰ ਸੀ। ਹਿੰਦੂ ਧਰਮ ਦੇ ਸਨਾਤਨੀ ਰੂਪ ਦੀ ਸਥਾਪਨਾ ਕਰਨਾ ਉਸਦਾ ਮੁੱਖ ਮੰਤਵ ਸੀ। ਇਸ ਲਈ ਉਹ ਸੁਆਮੀ ਦਯਾਨੰਦ ਨਾਲ ਵੀ ਭੇਂਟ ਕਰ ਚੁੱਕਾ ਸੀ। ਹਿੰਦੂ ਧਰਮ ਦੇ ਪ੍ਰਚਾਰ ਹਿੱਤ ਉਹ ਕਈ ਵਾਰ ਦੂਜੇ ਧਰਮਾਂ ਪ੍ਰਤੀ ਕਠੋਰ ਸ਼ਬਦਾਂ ਦਾ ਵੀ ਪ੍ਰਯੋਗ ਕਰ ਜਾਂਦਾ ਸੀ। ਉਹ ਈਸਾਈ ਮਿਸ਼ਨਰੀਆਂ ਦੀ ਸਰਪ੍ਰਸਤੀ ਹੇਠ ਕਈ ਪੁਸਤਕਾਂ ਅਨੁਵਾਦਿਤ ਤੇ ਮੌਲਿਕ ਰੂਪ ਵਿੱਚ ਤਿਆਰ ਕਰ ਚੁੱਕਾ ਸੀ। ਪੰਜਾਬੀ ਵਾਰਤਕ ਵਿੱਚ ਉਸਦੀਆਂ ਦੋ ਪੁਸਤਕਾਂ ਵਿਸ਼ੇਸ਼ ਰੂਪ ਵਿੱਚ ਪ੍ਰਸਿੱਧ ਹਨ।

1. ਸਿੱਖਾਂ ਦੇ ਰਾਜ ਦੀ ਵਿਥਿਆ (1866 ਈ.)
2. ਪੰਜਾਬੀ ਬਾਤਚੀਤ (1875 ਈ.)

ਪਹਿਲੀ 'ਸਿੱਖਾਂ ਦੇ ਰਾਜ ਦੀ ਵਿਥਿਆ' ਪੁਸਤਕ ਲਿਖਣ ਦੀ ਪ੍ਰੇਰਨਾ ਉਸ ਵਕਤ ਦੇ ਲੈਫ. ਗਵਰਨਰ ਮਿ. ਮੈਕਲੋਡ ਨੇ ਦਿੱਤੀ। ਇਸਦੇ ਲਿਖਣ ਦਾ ਮੁੱਖ ਮਕਸਦ ਅੰਗਰੇਜ਼ ਹਾਕਮਾਂ ਅਤੇ ਈਸਾਈ ਪਾਦਰੀਆਂ ਨੂੰ ਸਿੱਖ ਇਤਿਹਾਸ ਧਰਮ ਅਤੇ ਰਹੁ-ਰੀਤ ਬਾਰੇ ਜਾਣਕਾਰੀ ਉਪਲਬਧ ਕਰਾਉਣਾ ਸੀ। ਇਸ ਵਿੱਚ ਲੇਖਕ ਨੇ ਕਥਾਕਾਰਾਂ ਵਾਲੀ ਸ਼ੈਲੀ ਵਰਤੀ ਹੈ। ਲੇਖਕ ਨੇ ਗੁਰੂ ਸਹਿਬਾਨਾਂ ਤੇ ਸਿੱਖ ਸ਼ਖ਼ਸੀਅਤਾਂ ਪ੍ਰਤੀ ਕੋਈ ਆਦਰਸੂਚਕ ਨਜ਼ਰੀਆਂ ਨਹੀਂ ਅਪਣਾਇਆ ਅਤੇ ਨਾ ਹੀ ਢੁੱਕਵੀਂ ਭਾਸ਼ਾ ਵਰਤੀ ਹੈ। ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਜੋ ਉਸਦੀ ਕੱਟੜਤਾ ਭਰਪੂਰ ਤੇ ਸਿੱਖ ਧਰਮ ਪ੍ਰਤੀ ਸੰਕੀਰਨ ਸੋਚ ਬਾਰੇ ਜਾਣੂ ਕਰਾਉਂਦਾ ਹੈ। ਪਰੰਤੂ ਫਿਰ ਵੀਂ ਉਸਦੀ ਵਾਰਤਿਕ ਪੰਜਾਬੀ ਸਭਿਆਚਾਰ ਦੇ ਅਨੇਕ ਪੱਖਾਂ ਦੀ ਪੇਸ਼ਕਾਰੀ ਕਰਦੀ ਹੋਈ ਗਿਆਨ ਵਿੱਚ ਵਾਧਾ ਕਰਦੀ ਹੈ।

ਦੂਜੀ ਪੁਸਤਕ 'ਪੰਜਾਬੀ ਬਾਤ-ਚੀਤ' ਦਾ ਮਨੋਰਥ ਅੰਗ੍ਰੇਜ਼ਾਂ ਨੂੰ ਪੰਜਾਬੀ ਭਾਸ਼ਾ ਤੋਂ ਜਾਣੂ ਕਰਾਉਣਾ ਸੀ। ਇਸ ਪੁਸਤਕ ਨੂੰ ਪੜ੍ਹਣ ਨਾਲ ਬੋਲਣ ਦਾ ਢੰਗ ਸਿੱਖਿਆ ਜਾ ਸਕਦਾ ਹੈ। ਇਸਦੇ ਤਿੰਨ ਭਾਗ ਹਨ। ਪਹਿਲੇ ਭਾਗ ਵਿੱਚ ਮਾਝੇ ਅਤੇ ਦੂਜੇ ਭਾਗ ਵਿੱਚ ਦੁਆਬੇ ਦੇ ਲੋਕਾਂ ਦੇ ਕੰਮਾਂ-ਕਾਰਾਂ, ਰਹਿਣ-ਸਹਿਣ ਅਤੇ ਨਿੱਤ ਦੇ ਜੀਵਨ ਦਾ ਵਰਣਨ ਹੈ। ਤੀਜੇ ਭਾਗ ਵਿੱਚ ਦੁਆਬੇ ਦੇ ਮੁਸਲਮਾਨਾਂ, ਕਾਂਗੜੇ ਦੇ ਪਹਾੜੀ ਲੋਕਾਂ ਅਤੇ ਮਾਲਵੇ ਦੇ ਜੱਟਾਂ ਦੀ ਬੋਲੀ, ਰਸਮਾਂ-ਰਿਵਾਜਾਂ ਦਾ ਵਰਣਨ ਕੀਤਾ ਹੋਇਆ ਹੈ। ਇਹ ਪੁਸਤਕ ਪੰਜਾਬੀ ਬੋਲਚਾਲ ਤੇ ਪੰਜਾਬੀ ਸਭਿਆਚਾਰ ਦੀ ਤਸਵੀਰ ਉਘਾੜਦੀ ਹੈ। ਪੰਜਾਬ ਦੇ ਹਰ ਜਾਤ ਦੇ ਲੋਕਾਂ ਦੇ ਰਹਿਣ-ਸਹਿਣ ਮੇਲਿਆਂ, ਤਿਉਹਾਰ ਆਦਿ ਦਾ ਵਰਣਨ ਹੈ। ਇਹ ਪੁਸਤਕ ਆਧੁਨਿਕ ਪੰਜਾਬੀ ਵਾਰਤਕ ਦੀ ਨੀਂਹ ਉਸਾਰਦੀ ਪ੍ਰਤੀਤ ਹੁੰਦੀ ਹੈ।

ਸ਼ਰਧਾ ਰਾਮ ਫ਼ਲੌਰੀ ਠੇਠ ਤੇ ਮੁਹਾਵਰੇਦਾਰ ਪੰਜਾਬੀ ਦੀ ਵਾਰਤਿਕ ਰਚਦਾ ਹੈ। ਵਿਆਕਰਨ ਨੇਮਾਂ, ਵਾਕ-ਬਣਤਰ, ਪੈਰਾਂ ਵੰਡ, ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਆਦਿ ਢੁੱਕਵੀਂ ਹੈ। ਪੰਜਾਬੀ ਵਾਰਤਕ ਦੇ ਇਤਿਹਾਸ ਵਿੱਚ ਉਸਦਾ ਕਾਫੀ ਮਹੱਤਵ ਹੈ।

**(ਅ) ਲਾਲਾ ਬਿਹਾਰੀ ਲਾਲ ਪੁਰੀ (1830-1886 ਈ.)-**

ਬਿਹਾਰੀ ਲਾਲ ਪੁਰੀ ਦਾ ਜਨਮ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਬਹਿਰਾਮਪੁਰ ਵਿੱਚ ਹੋਇਆ। ਉਹ ਪੰਜਾਬੀ ਦੇ ਨਾਲ-ਨਾਲ ਸੰਸਕ੍ਰਿਤ, ਉਰਦੂ, ਫ਼ਾਰਸੀ, ਹਿੰਦੀ ਅਤੇ ਅੰਗ੍ਰੇਜ਼ੀ ਦਾ ਵੀ ਚੰਗਾ ਵਿਦਵਾਨ ਸੀ। ਪੰਜਾਬੀਆਂ ਦੀ ਸਰਬ ਪੱਖੀਂ ਉੱਨਤੀ ਦਾ ਉਹ ਮੁੱਦਈ ਸੀ। ਉਸਨੇ 'ਪੰਜਾਬੀ ਪਰਚਾਰਨੀ ਸਭਾ' ਅਤੇ 'ਸੱਤ ਸਭਾ' ਦੁਆਰਾ ਪੰਜਾਬੀ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਬਹੁਤ ਜਤਨ ਕੀਤੇ। ਪੰਜਾਬੀ ਦੇ ਵਿਕਾਸ



Downloaded from https:// www.studiestoday.com

Downloaded from https:// www.studiestoday.com

ਲਈ ਉਸ ਦੀਆਂ ਢਾਈ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ ਹੋਈਆਂ ਪ੍ਰਾਪਤ ਹੁੰਦੀਆਂ ਹਨ। ਜੋ ਜ਼ਿਆਦਾਤਰ ਵਿੱਦਿਅਕ ਪ੍ਰਣਾਲੀ ਨਾਲ ਅਤੇ ਕੁਝ ਇੱਕ ਦਾਰਸ਼ਨਿਕ ਵਿੱਦਿਆ ਨਾਲ ਸੰਬੰਧਿਤ ਹਨ। ਪੰਜਾਬੀ ਵਾਰਤਕ ਨੂੰ ਵਿਗਿਆਨਕ ਰੂਪ ਪ੍ਰਦਾਨ ਕਰਨ ਵਿੱਚ ਉਹ ਮੁੱਢਲੇ ਵਾਰਤਿਕਕਾਰ ਹਨ। ਸਹੀ ਪੈਰਾ-ਵੰਡ, ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ, ਸਰਲ ਅਤੇ ਸਾਦਾ ਬਿਆਨ ਢੰਗ ਆਦਿ ਉਨ੍ਹਾਂ ਦੀ ਵਾਰਤਕ ਰਚਨਾਂ ਦੀਆਂ ਖ਼ੂਬੀਆਂ ਹਨ।

**(ੲ) ਪ੍ਰੋ. ਗੁਰਮੁਖ ਸਿੰਘ** (1849-1898 ਈ.)

ਪ੍ਰੋ.ਗੁਰਮੁਖ ਸਿੰਘ ਦਾ ਜਨਮ ਸੰਨ 1849 ਈ. ਨੂੰ ਭਾਈ ਬਸਾਵਾ ਸਿੰਘ ਦੇ ਘਰ ਕਪੂਰਥਲੇ ਵਿੱਚ ਹੋਇਆ। ਕਪੂਰਥਲੇ ਦੇ ਰਾਜ ਪਰਿਵਾਰ ਦੀ ਉਨ੍ਹਾਂ ਨੂੰ ਸਰਪ੍ਰਸਤੀ ਹਾਸਿਲ ਸੀ। ਗੌਰਮਿੰਟ ਕਾਲਜ, ਲਾਹੌਰ ਤੋਂ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਓਰੀਐਂਟਲ ਕਾਲਜ, ਲਾਹੌਰ ਵਿਖੇ ਨੌਕਰੀ ਕੀਤੀ। ਉਹ ਸਿੱਖ ਧਰਮ ਦੀ ਪ੍ਰਗਤੀ, ਸਰਬ ਪੱਖੀ ਵਿਕਾਸ ਅਤੇ ਪੱਛਮੀ ਢੰਗ ਦੀ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਬੜੇ ਜਤਨਸ਼ੀਲ ਰਹੇ। 1873 ਈ. ਵਿੱਚ ਈਸਾਈ ਮਿਸ਼ਨਰੀਆਂ ਦੇ ਵਿਰੋਧ ਵਜੋਂ ਸ਼੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਵਿੱਚ ਸਹਿਯੋਗ ਕੀਤਾ। ਉਸਨੇ ਭਾਈ ਆਇਆ ਸਿੰਘ ਅਤੇ ਸ. ਠਾਕਰ ਸਿੰਘ ਸੰਧਾਵਾਲੀਆ ਦੇ ਸਹਿਯੋਗ ਨਾਲ ਪੰਜਾਬ ਯੂਨੀਵਰਸਿਟੀ ਅਤੇ ਓਰੀਐਂਟਲ ਕਾਲਜ ਵਿੱਚ ਪੰਜਾਬੀ ਦੀ ਪੜਾਈ ਸ਼ੁਰੂ ਕਰਵਾਈ। 1879 ਈ. ਵਿੱਚ ਸਿੰਘ ਸਭਾ ਲਾਹੌਰ ਦੀ ਸਥਾਪਨਾ ਕਰਨ ਤੋਂ ਬਾਅਦ ਪੰਜਾਬ ਦੇ ਕਈ ਸ਼ਹਿਰਾ ਵਿੱਚ ਸਿੰਘ ਸਭਾਵਾਂ ਸਥਾਪਿਤ ਹੋਈਆਂ। ਇਸਦੇ ਫਲਸਰੂਪ ਲਾਲਾ ਬਿਹਾਰੀ ਲਾਲ ਪੁਰੀ, ਗਿਆਨੀ ਦਿੱਤ ਸਿੰਘ ਅਤੇ ਜਵਾਹਰ ਸਿੰਘ ਵਰਗੇ ਨਾਮਵਰ ਸਾਹਿਤਕਾਰ ਵਿਦਵਾਨ ਇਸ ਲਹਿਰ ਨਾਲ ਜੁੜੇ। ਪੰਜਾਬੀ ਪੱਤਰਕਾਰੀ ਦੇ ਵਿਕਾਸ ਵਿੱਚ ਵੀ ਮੁੱਢਲੇ ਜਤਨ ਪ੍ਰੋ. ਗੁਰਮੁਖ ਸਿੰਘ ਦੁਆਰਾ ਕੀਤੇ ਗਏ ਹਨ।

ਉਸਨੇ 'ਗੁਰਮੁਖੀ ਅਖਬਾਰ' (1880 ਈ.), 'ਵਿਦਿਆਰਕ ਪੰਜਾਬ' (1881 ਈ.), 'ਖਾਲਸਾ ਗਜਟ' (1885 ਈ.) ਅਤੇ 'ਸੁਧਾਰਾਰਕ' (1886 ਈ.) ਆਦਿ ਪੰਜਾਬੀ ਪੱਤਰ ਕੱਢਣੇ ਸ਼ੁਰੂ ਕੀਤੇ ਅਤੇ ਹੋਰ ਪੰਜਾਬੀ ਪੱਤਰਾਂ ਨੂੰ ਜਾਰੀ ਰੱਖਣ ਵਿੱਚ ਵੀ ਸਹਿਯੋਗ ਪ੍ਰਦਾਨ ਕੀਤਾ।

ਪ੍ਰੋ. ਗੁਰਮੁਖ ਸਿੰਘ ਨੈ 'ਜੋਤਿਸ਼ ਵਿਗਿਆਨ', 'ਤ੍ਰਿਕੋਨ ਮਿਤੀ', 'ਰਾਜਨੀਤਿਕ ਅਰਥ-ਵਿਗਿਆਨ', 'ਇੰਗਲੈਂਡ ਦਾ ਇਤਿਹਾਸ' ਆਦਿ ਪਾਠ-ਪੁਸਤਕਾਂ ਦੀ ਰਚਨਾ ਕੀਤੀ। 'ਖਾਲਸਾ ਧਰਮ ਦਾ ਉਪਦੇਸ਼' ਪੁਸਤਕ ਵਿੱਚ ਉਸਦੇ ਗੁਰਮਤਿ ਅਤੇ ਸਿੱਖ ਧਰਮ ਸੰਬੰਧੀ ਵਿਆਖਿਆਨ ਦਰਜ ਹਨ। ਆਕਾਰ ਅਤੇ ਸ਼ੈਲੀ ਪੱਖੋਂ ਉਸਦੀ ਵਾਰਤਿਕ ਕੋਈ ਵਿਸ਼ੇਸ਼ ਸਥਾਨ ਨਹੀਂ ਰੱਖਦੀ ਪਰੰਤੂ ਪੰਜਾਬੀ ਪੱਤਰਕਾਰੀ ਦੇ ਵਿਕਾਸ ਨਾਲ ਉਸਨੇ ਪੰਜਾਬੀ ਵਾਰਤਿਕ ਦੀ ਉੱਨਤੀ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ।

**(ਸ) ਗਿਆਨੀ ਦਿੱਤ ਸਿੰਘ** (1852-1901 ਈ.)

ਗਿਆਨੀ ਦਿੱਤ ਸਿੰਘ ਪਟਿਆਲ ਰਿਆਸਤ ਦੇ ਪਿੰਡ ਨੰਦਪੁਰ ਕਲੌੜ ਦੇ ਜੰਮਪਲ ਸਨ। ਆਰੰਭਿਕ ਵਿੱਦਿਆ ਗੁਲਾਬਦਾਸੀਆਂ ਦੇ ਡੇਰੇ ਤੋਂ ਪ੍ਰਾਪਤ ਕਰਕੇ ਉਚੇਰੀ ਪੜਾਈ ਲਈ ਸੰਤ ਦੇਸਾ ਸਿੰਘ ਗੁਲਾਬਦਾਸੀ ਦੇ ਕੋਲ ਲਾਹੌਰ ਚਲੇ ਗਏ। ਉਸਨੇ ਭਾਰਤੀ ਦਰਸ਼ਨ, ਮਿਥਿਹਾਸ ਅਤੇ ਕਾਵਿਸ਼ਾਸਤਰ ਦਾ ਗਿਆਨ ਪ੍ਰਾਪਤ ਕੀਤਾ। ਛੋਟੀ ਉਮਰ ਵਿੱਚ ਹੀ ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਹੋ ਕੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ। ਲਾਹੌਰ ਵਿਖੇ ਹੀ ਉਹ ਪ੍ਰੋ. ਗੁਰਮੁਖ ਸਿੰਘ ਦੇ ਸੰਪਰਕ ਵਿੱਚ ਆਏ ਅਤੇ ਸਿੰਘ ਸਭਾ ਲਾਹੌਰ ਵਿਚ ਸਰਗਰਮ ਹੋਏ। ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਸਹੀ ਸਰੂਪ ਨੂੰ ਸਾਹਮਣੇ ਲਿਆਉਣ ਲਈ ਇਨ੍ਹਾਂ ਨੇ ਪੰਜਾਬੀ ਪੱਤਰਕਾਰੀ ਨੂੰ ਮਾਧਿਅਮ ਵਜੋਂ ਚੁਣਿਆ। ਇਨ੍ਹਾਂ ਦੀਆਂ ਜ਼ਿਆਦਾਤਰ ਰਚਨਾਵਾਂ 'ਖਾਲਸਾ ਅਖ਼ਬਾਰ' ਵਿੱਚ ਹੀ ਛਪਦੀਆਂ ਰਹੀਆਂ ਹਨ। ਉਹ ਪ੍ਰਭਾਵਸ਼ਾਲੀ ਵਕਤਾ ਅਤੇ ਸ਼ਾਸ਼ਤ੍ਰਾਰਥ ਵਿੱਚ ਨਿਪੁੰਨ ਸਨ। ਕਵਿਤਾ ਵਿੱਚ ਉਨ੍ਹਾਂ ਦੇ ਭਾਈ ਸੁਬੇਗ ਸਿੰਘ, ਭਾਈ ਤਾਰੂ ਸਿੰਘ, ਭਾਈ ਬੋਤਾ ਸਿੰਘ ਆਦਿ ਨਾਲ ਸੰਬੰਧਿਤ ਸ਼ਹੀਦੀ ਪ੍ਰਸੰਗ ਲਿਖੇ ਹੋਏ ਮਿਲਦੇ ਹਨ। ਗੁਰੂ ਸਾਹਿਬਾਨਾਂ ਦੇ ਜੀਵਨ ਚਰਿੱਤਰਾਂ ਉੱਪਰ ਵੀ ਇਨ੍ਹਾਂ ਨੇ ਕਲਮ ਚਲਾਈ। ਉਨ੍ਹਾਂ ਦੀ ਵਾਰਤਕ ਪੱਤਰਕਾਰੀ ਅਤੇ ਸਮਕਾਲੀ ਸਮੱਸਿਆਵਾਂ ਦੇ ਸਮਾਧਾਨ ਲਈ ਲਿਖੀ ਹੋਣ ਕਾਰਨ ਸੰਬੋਧਨੀ ਤੇ ਪ੍ਰਚਾਰਾਤਮਕ ਸ਼ੈਲੀ ਵਾਲੀ ਹੈ। ਵਿਸ਼ਾਲ ਗਿਆਨ ਤੇ ਭਾਸ਼ਣ ਬਿਰਤੀ ਦੀ ਪ੍ਰਧਾਨਤਾ ਹੈ। ਵਿਅੰਗ ਤੇ ਕਟਾਖ਼ਸ਼ ਵੀ ਹਨ। ਪਰੰਤੂ ਸਾਹਿਤਕ ਸੁਹਜ ਦੀ ਘਾਟ ਹੈ। ਦੋ ਦਰਜਨ ਦੇ ਕਰੀਬ ਉਨ੍ਹਾਂ



Downloaded from https:// www.studiestoday.com

Downloaded from https:// www.studiestoday.com

ਦੀਆਂ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ।

**(ਹ) ਭਾਈ ਵੀਰ ਸਿੰਘ** (1872-1957 ਈ.)–

ਭਾਈ ਵੀਰ ਸਿੰਘ ਦੀਵਾਨ ਕੌੜਾ ਮਲ ਦੇ ਖ਼ਾਨਦਾਨ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਦੇ ਦਾਦਾ ਭਾਈ ਕਾਹਨ ਸਿੰਘ, ਨਾਨਾ ਗਿਆਨੀ ਹਜ਼ਾਰਾ ਸਿੰਘ ਅਤੇ ਪਿਤਾ ਡਾ. ਚਰਨ ਸਿੰਘ ਉਸ ਸਮੇਂ ਦੇ ਪ੍ਰਸਿੱਧ ਸਿੱਖ ਵਿਦਵਾਨ ਸਨ। ਗੁਰਸਿਖੀ ਜੀਵਨ ਅਤੇ ਵਿਦਵਤਾ ਉਨ੍ਹਾਂ ਨੂੰ ਵਿਰਸੇ ਵਿਚੋਂ ਹੀ ਪ੍ਰਾਪਤ ਹੋਈ ਸੀ। ਦਸਵੀਂ ਤੱਕ ਦੀ ਵਿੱਦਿਆ ਗ੍ਰਹਿਣ ਕਰਕੇ ਉਹ ਦਰਸ਼ਨ ਅਤੇ ਸਾਹਿਤ ਦਾ ਸਵੈ-ਅਧਿਅਨ ਕਰਨ ਲਗ ਗਏ। ਅੰਗਰੇਜ਼ੀ ਭਾਸ਼ਾ ਦਾ ਵੀ ਗਿਆਨ ਪ੍ਰਾਪਤ ਕੀਤਾ। 20 ਸਾਲਾਂ ਦੀ ਛੋਟੀ ਉਮਰ ਵਿੱਚ ਲਿਖਣਾ ਆਰੰਭ ਕਰ ਦਿੱਤਾ। ਸਿੰਘ ਸਭਾ ਲਹਿਰ ਕਾਰਨ ਸਿੱਖ ਇਤਿਹਾਸ ਅਤੇ ਸਿਧਾਂਤਾ ਦੀ ਪੁਨਰ ਉਸਾਰੀ ਵੱਲ ਰੁਚਿਤ ਹੋਏ। ਪੰਜਾਬੀ ਭਾਸ਼ਾ ਤੇ ਸਾਹਿਤ ਦਾ ਸਰਬ ਪੱਖੀ ਵਿਕਾਸ ਕੀਤਾ। 1894 ਈ. ਵਿੱਚ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕਰਕੇ ਨਿੱਕੇ-ਨਿੱਕੇ ਟ੍ਰੈਕਟਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੀਤਾ। 1899 ਈ. ਵਿੱਚ ਇਨ੍ਹਾਂ ਨੇ 'ਖਾਲਸਾ ਸਮਾਚਾਰ' ਪੱਤਰ ਸ਼ੁਰੂ ਕੀਤਾ। ਇਸ ਵਿੱਚ ਦਰਜ ਸੰਪਾਦਕੀ ਲੇਖ ਸੁੰਦਰ ਵਾਰਤਿਕ ਦੇ ਨਮੂਨੇ ਹਨ। ਭਾਈ ਸਾਹਿਬ ਦੀਆਂ ਸਾਰੀਆਂ ਵਾਰਤਿਕ ਰਚਨਾਵਾਂ ਪਹਿਲਾਂ ਟ੍ਰੈਕਟਾਂ ਦੇ ਰੂਪ ਵਿੱਚ ਹੀ ਛਪੀਆਂ ਹਨ। 'ਗੁਰੂਨਾਨਕ ਚਮਤਕਾਰ', 'ਕਲਗੀਧਰ ਚਮਤਕਾਰ', 'ਅਸ਼ਟਗੁਰੂ ਚਮਤਕਾਰ' ਉਨ੍ਹਾਂ ਦੀਆਂ ਸਿੱਖ ਗੁਰੂ ਸਹਿਬਾਨਾਂ ਨਾਲ ਸੰਬੰਧਿਤ ਪ੍ਰਮੁੱਖ ਵਾਰਤਿਕ ਰਚਨਾਵਾਂ ਹਨ। 'ਸੁੰਦਰੀ', 'ਬਿਜੈ ਸਿੰਘ' ਅਤੇ 'ਸਤਵੰਤ ਕੌਰ' ਤਿੰਨ ਅੱਧ-ਇਤਿਹਾਸਿਕ ਨਾਵਲਾਂ ਦੀ ਰਚਨਾ ਕੀਤੀ। ਇਸ ਤਰ੍ਹਾਂ ਪੰਜਾਬੀ ਵਾਰਤਿਕ ਨੂੰ ਵਿਕਸਿਤ ਕਰਨ ਅਤੇ ਆਧੁਨਿਕ ਲੀਹਾਂ ਉੱਪਰ ਲਿਜਾਣ ਦਾ ਸਿਹਰਾ ਭਾਈ ਵੀਰ ਸਿੰਘ ਦੇ ਸਿਰ ਹੀ ਦਿੱਤਾ ਜਾਂਦਾ ਹੈ।

ਉਪਰੋਕਤ ਵਾਰਤਕ ਕਾਰਾਂ ਤੋਂ ਬਿਨਾਂ ਪੰਡਿਤ ਤਾਰਾ ਸਿੰਘ ਨਰੋਤਮ (1822-1891) ਰਚਿਤ 'ਗੁਰਮਤਿ ਨਿਰਣਯ ਸਾਗਰ', 'ਟੀਕਾ ਜਪੁਜੀ ਸਾਹਿਬ', 'ਗੁਰੂ ਗਿਰਾਰਥ ਕੋਸ਼' ਅਤੇ 'ਗੁਰ ਤੀਰਥ ਸੰਗ੍ਰਹਿ', ਗਿਆਨੀ ਗਿਆਨ ਸਿੰਘ (1822-1926) ਰਚਿਤ ਗੁਰੂ ਸਾਹਿਬਾਨਾਂ ਦਾ ਪਹਿਲਾ ਇਤਿਹਾਸ 'ਤਵਾਰੀਖ਼ ਗੁਰੂ ਖਾਲਸਾ' (ਸ਼੍ਰੀ ਗੁਰੂ ਗ੍ਰੰਥ ਪੰਥ ਪ੍ਰਕਾਸ਼-ਤਿੰਨ ਭਾਗ), ਭਾਈ ਸੰਤੋਖ ਸਿੰਘ ਰਚਿਤ 'ਗੁਰੂ ਨਾਨਕ ਪ੍ਰਕਾਸ਼' (1823 ਈ.), ਡਾ. ਚਰਨ ਸਿੰਘ, ਗਿਆਨੀ ਹਜ਼ਾਰਾ ਸਿੰਘ ਆਦਿ ਵਿਦਵਾਨਾਂ ਦੇ ਨਾਂ ਵੀ ਗਿਣੇ ਜਾ ਸਕਦੇ ਹਨ।

ਇਸ ਤਰ੍ਹਾਂ ਪੰਜਾਬੀ ਵਾਰਤਿਕ ਆਰੰਭ ਤੋਂ ਨਿਰੰਤਰ ਵਿਕਾਸ ਕਰਦੀ ਹੋਈ ਦੂਜੇ ਸਾਹਿਤ ਰੂਪਾਂ ਵਾਂਗ ਆਧੁਨਿਕ ਕਾਲ ਵਿੱਚ ਪ੍ਰਵੇਸ਼ ਕਰਦੀ ਹੈ।

## ਅਭਿਆਸ-ਪ੍ਰਸ਼ਨ

1. ਸਿੱਖ ਰਾਜ ਕਾਲ ਦੀਆਂ ਸਾਹਿਤ ਧਾਰਾਵਾਂ ਦਾ ਵੇਰਵਾ ਦਿਉ।
   (ੳ) ਕਿੱਸਾ ਕਾਵਿ-ਧਾਰਾ
   (ਅ) ਸੂਫ਼ੀ ਕਾਵਿ-ਧਾਰਾ
   (ੲ) ਵਾਰਤਕ ਸਾਹਿਤ
2. ਪਰਿਵਰਤਨ ਕਾਲ ਦੇ ਪ੍ਰਮੁੱਖ ਕਿੱਸਾ ਕਵੀਆਂ ਬਾਰੇ ਚਰਚਾ ਕਰੋ।
3. ਪਰਿਵਰਤਨ ਕਾਲ ਦੀ ਸੂਫ਼ੀ ਕਾਵਿ-ਧਾਰਾ ਉੱਪਰ ਨੋਟ ਲਿਖੋ।



Downloaded from https:// www.studiestoday.com

Downloaded from https:// www.studiestoday.com

# ਸਹਾਇਕ ਪੁਸਤਕ ਸੂਚੀ


| | | |
|---|---|---|
| ਸੰਪਾਦਕੀ ਮੰਡਲ | – | ਪੰਜਾਬੀ ਭਾਸ਼ਾ ਦਾ ਅਧਿਆਪਨ (ਬੀ. ਐਸ. ਟੀ. ਸੀ. ਦੂਜਾ ਸਾਲ), ਰਾਜਸਥਾਨ ਰਾਜ ਪਾਠ ਪੁਸਤਕ ਮੰਡਲ, ਜੈਪੁਰ, 2016ਪ |
| ਸੀਤਲ, ਜੀਤ ਸਿੰਘ (ਡਾ.) | – | ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪਟਿਆਲਾ, 1974 |
| ਸੇਖੋਂ, ਰਾਜਿੰਦਰ ਸਿੰਘ (ਡਾ.) | – | ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 2014 |
| ਕਰਨਜੀਤ ਸਿੰਘ | – | ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2004 |
| ਕਾਂਗ, ਕੁਲਬੀਰ ਸਿੰਘ | – | ਪੰਜਾਬੀ ਕਿੱਸਾ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005 |
| ਕਸੇਲ, ਕਿਰਪਾਲ ਸਿੰਘ (ਪ੍ਰੋ.) ਅਤੇ ਡਾ. ਪਰਮਿੰਦਰ ਸਿੰਘ | – | ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, ਲਾਹੌਰ ਬੁਕ ਸ਼ਾਪ, ਲੁਧਿਆਣਾ, 2015 |
| ਕੈਰੋਂ, ਜੋਗਿੰਦਰ ਸਿੰਘ | – | ਪੰਜਾਬੀ ਸਾਹਿਤ ਦਾ ਲੋਕਧਾਰਾਈ ਪਿਛੋਕੜ, ਪੰਜਾਬੀ ਅਕਾਦਮੀ, ਦਿੱਲੀ, 2006 |
| ਗੁਰਦੇਵ ਸਿੰਘ | – | ਪੰਜਾਬੀ ਸੂਫੀ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005 |
| ਜਗਬੀਰ ਸਿੰਘ | – | ਗੁਰਮਤਿ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2004 |
| ਜੱਗੀ, ਰਤਨ ਸਿੰਘ (ਡਾ.) | – | ਪੰਜਾਬੀ ਸਾਹਿਤ ਦਾ ਇਤਿਹਾਸ-ਭਾਗ ਦੂਜਾ (1701-1900 ਈ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007 |
| | – | ਸਾਹਿਤ ਦੇ ਰੂਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007 |
| ਜੋਸ਼ੀ, ਜੀਤ ਸਿੰਘ (ਡਾ.) | – | ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2006 |
| ਪਰਮਿੰਦਰ ਸਿੰਘ(ਡਾ.) | – | ਪੰਜਾਬੀ ਸਾਹਿਤ ਦਾ ਇਤਿਹਾਸ (ਆਦਿਕਾਲ ਤੋਂ 1700 ਈ. ਤੱਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 |
| ਪ੍ਰੇਮ ਪ੍ਰਕਾਸ਼ ਸਿੰਘ (ਡਾ.) | – | ਸਾਹਿਤ ਬੋਧ, ਪੰਜਾਬ ਸਕੂਲ ਸਿੱਖਿਆ ਬੋਰਡ, 2010 |
| ਬ੍ਰਹਮਜਗਦੀਸ਼ ਸਿੰਘ (ਪ੍ਰੋ.) ਅਤੇ ਪ੍ਰੋ ਰਾਜਬੀਰ ਕੌਰ | – | ਪੰਜਾਬੀ ਸਾਹਿਤ ਦਾ ਇਤਿਹਾਸ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2007 |
| ਭੋਗਲ, ਪਿਆਰਾ ਸਿੰਘ | – | ਪੰਜਾਬੀ ਸਾਹਿਤ ਦਾ ਇਤਿਹਾਸ, ਜਲੰਧਰ, 1969 |
| ਭਾਸ਼ਾ ਵਿਭਾਗ | – | ਪੰਜਾਬੀ ਸਾਹਿਤ ਦਾ ਇਤਿਹਾਸ (ਮੱਧਕਾਲ), ਪਟਿਆਲਾ, 1963 |
| ਨੂਰ, ਸੁਤਿੰਦਰ ਸਿੰਘ | – | ਪੰਜਾਬੀ ਵਾਰ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005 |
| **ਖੋਜ ਪਤ੍ਰਿਕਾ** | – | ਸੂਫੀ ਕਾਵਿ ਅੰਕ |
| | – | ਕਿੱਸਾ ਕਾਵਿ ਅੰਕ |
| | – | ਪੁਰਾਤਨ ਪੰਜਾਬੀ ਵਾਰਤਕ ਅੰਕ |
| | – | ਬੀਰ ਕਾਵਿ ਅੰਕ |




Downloaded from https:// www.studiestoday.com